# ਸਮਾਜਿਕ ਵਿਗਿਆਨ

## (ਭਾਗ-I)

( ਦਸਵੀਂ ਸ਼੍ਰੇਣੀ ਲਈ)

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ : 2023-24 ........................... 0,00,000 ਕਾਪੀਆਂ

All rights, including those of translation, reproduction
and annotation etc., are reserved by the
Punjab Government.

ਕੋ-ਆਰਡੀਨੇਟਰ ਅਤੇ ਸੰਪਾਦਕ :

ਭੂਗੋਲ : ਸ. ਰਮਿੰਦਰਜੀਤ ਸਿੰਘ ਵਾਸੂ, ਵਿਸ਼ਾ ਮਾਹਿਰ
ਪੰਜਾਬ ਸਕੂਲ ਸਿੱਖਿਆ ਬੋਰਡ

ਅਰਥਸ਼ਾਸਤਰ : ਸ਼੍ਰੀਮਤੀ ਪ੍ਰੀਤੀ ਪੁਰੀ, ਪ੍ਰਾਜੈਕਟ ਅਫਸਰ,
ਪੰਜਾਬ ਸਕੂਲ ਸਿੱਖਿਆ ਬੋਰਡ

## ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ????????????, ਦੁਆਰਾ ਛਾਪੀ ਗਈ।

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਏਸ ਪ੍ਰਿੰਟਰ, ਜਲੰਧਰ ਰਾਹੀਂ ਛਾਪੀ ਗਈ।

# ਮੁੱਖ ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਸਿੱਖਿਆ ਪੱਧਰ 'ਤੇ ਸਮੂਹ ਸ਼੍ਰੇਣੀਆਂ ਲਈ ਵੱਖ-ਵੱਖ ਵਿਸ਼ਿਆਂ ਦੀਆਂ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਆ ਰਿਹਾ ਹੈ। ਇਸ ਸਿਲਸਿਲੇ ਅਧੀਨ ਹੱਥਲੀ ਪਾਠ-ਪੁਸਤਕ ਇਸੇ ਲੜੀ ਵਿੱਚੋਂ ਇੱਕ ਹੈ ਅਤੇ ਇਹ ਦਸਵੀਂ ਸ਼੍ਰੇਣੀ ਦੇ ਸਮਾਜਿਕ ਵਿਗਿਆਨ ਦੇ ਵਿਦਿਆਰਥੀਆਂ ਲਈ ਵਿਦਿਆਰਥੀ ਕੇਂਦਰਿਤ ਸਿੱਖਿਆ-ਸਿਧਾਂਤ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਹੈ। ਇਹ ਪਾਠ-ਪੁਸਤਕ ਰਾਸ਼ਟਰੀ ਪਾਠ-ਕ੍ਰਮ ਦੀ ਰੂਪ-ਰੇਖਾ 2005 'ਤੇ ਅਧਾਰਤ ਪੰਜਾਬ ਪਾਠ-ਕ੍ਰਮ ਦੀ ਰੂਪ-ਰੇਖਾ 2013 ਦੀਆਂ ਸਿਫਾਰਸ਼ਾਂ ਅਨੁਸਾਰ ਵਿਦਿਆਰਥੀ ਦੀ ਸਕੂਲ ਦੀ ਜ਼ਿੰਦਗੀ ਨੂੰ ਸਕੂਲ ਤੋਂ ਬਾਹਰੀ ਦੁਨੀਆਂ ਨਾਲ ਜੋੜਨ ਦੇ ਲਈ 'ਪੁਸਤਕ ਅਧਾਰਤ ਸਿੱਖਿਆ' ਦੀ ਪਰੰਪਰਾ ਤੋਂ 'ਗਤੀਵਿਧੀ ਅਧਾਰਤ ਸਿੱਖਿਆ ਵੱਲ ਵਧਣ ਦਾ ਇੱਕ ਉਪਰਾਲਾ ਹੈ।

ਹੱਥਲੀ ਪੁਸਤਕ ਲਈ ਕੀਤੇ ਯਤਨਾਂ ਦੀ ਸਫ਼ਲਤਾ ਸਕੂਲ ਮੁਖੀਆਂ ਅਤੇ ਅਧਿਆਪਕਾਂ ਤੇ ਬਹੁਤ ਹੱਦ ਤੱਕ ਨਿਰਭਰ ਕਰਦੀ ਹੈ, ਜਿਹੜੇ ਵਿਦਿਆਰਥੀਆਂ ਦੀਆਂ ਸਵੈ-ਅਧਿਐਨ ਅਤੇ ਰਚਨਾਤਮਿਕ ਰੁਚੀਆਂ ਨੂੰ ਉਜਾਗਰ ਕਰਨ ਲਈ ਪ੍ਰੇਰਿਤ ਕਰਨਗੇ ਤਾਂ ਜੋ ਉਹਨਾਂ ਅੰਦਰ ਰਚਨਾਤਮਕਤਾ ਦਾ ਗੁਣ ਪੈਦਾ ਹੋ ਸਕੇ। ਇਹ ਪਹਿਲ ਕਦਮੀ ਤਾਂ ਹੀ ਲੋੜੀਂਦੇ ਮੰਤਵ ਤੱਕ ਪੁੱਜ ਸਕੇਗੀ ਜੇਕਰ ਅਸੀਂ ਵਿਦਿਆਰਥੀਆਂ ਨੂੰ ਕੇਵਲ ਨਿਸਚਿਤ ਗਿਆਨ ਪ੍ਰਾਪਤ ਕਰਨ ਦੀ ਥਾਂ ਅਧਿਆਪਨ-ਸਿੱਖਣ ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਭਾਗੀਦਾਰ ਬਣਾ ਸਕੀਏ। ਪੁਸਤਕ ਦੀ ਸਾਰਥਿਕਤਾ, ਅਧਿਆਪਨ ਤੋਂ ਇਲਾਵਾ, ਇਸ ਦੀ ਮੁਲੰਕਣ ਵਿਧੀ ਤੇ ਵੀ ਨਿਰਭਰ ਕਰੇਗੀ, ਜੋ ਸਕੂਲ ਪੱਧਰ ਅਤੇ ਵਿਦਿਆਰਥੀਆਂ ਦੀ ਸਿੱਖਣ ਸ਼ੈਲੀ ਨੂੰ ਬੋਝਲ ਅਤੇ ਉਦਾਸੀਨ ਬਣਾਉਣ ਦੀ ਥਾਂ ਤੇ ਖੁਸ਼ਗਵਾਰ ਅਤੇ ਵਿਹਾਰਕ ਬਣਾਏਗੀ। ਪਾਠ ਪੁਸਤਕ ਨੂੰ ਮਨੋਰੰਜਕ ਬਣਾਉਣ ਲਈ ਚਾਰਟ, ਚਿੱਤਰਾਂ, ਨਕਸ਼ਿਆਂ ਅਤੇ ਗਤੀਵਿਧੀਆਂ ਆਦਿ ਨੂੰ ਇਸ ਪੁਸਤਕ ਦੀ ਵਿਸ਼ੇਸ਼ਤਾ ਬਣਾਇਆ ਗਿਆ ਹੈ।

ਪੁਸਤਕ ਦਾ ਭੂਗੋਲ ਭਾਗ, ਸਥਾਨਕ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਦੇ ਵਾਤਾਵਰਨ, ਸਾਧਨਾਂ ਤੇ ਵਿਕਾਸ ਨਾਲ ਸਬੰਧਤ ਮਸਲਿਆਂ ਨੂੰ ਸਮਝ ਕੇ ਸਾਵੀਂ ਸੂਝ ਪੈਦਾ ਕਰਨ ਵਿੱਚ ਸਹਾਈ ਸਿੱਧ ਹੋਵੇਗਾ। ਭੂਗੋਲ ਦੀ ਸਿੱਖਿਆ ਹੀ ਇਸ ਤਰ੍ਹਾਂ ਦਿੱਤੀ ਜਾਣੀ ਹੁੰਦੀ ਹੈ ਕਿ ਬੱਚੇ ਦੇ ਮਨ ਵਿੱਚ ਵਾਤਾਵਰਨ ਤੇ ਉਸਦੇ ਬਚਾਅ ਸਬੰਧੀ ਸਾਰਥਕ ਸੋਚ ਉਤਪੰਨ ਹੋ ਸਕੇ ਜੋ ਵਿਕਾਸਮੁਖੀ ਮੁੱਦਿਆਂ ਦਾ ਆਧਾਰ ਬਣੇ, ਖਾਸਕਰ ਉਸ ਖੇਤਰ ਬਾਰੇ ਜਿਸ ਵਿੱਚ ਉਹ ਨਿਵਾਸ ਕਰਦਾ ਹੈ।

ਅਰਥ ਸ਼ਾਸਤਰ ਭਾਗ ਵਿਦਿਆਰਥੀਆਂ ਨੂੰ ਪਰਿਵਾਰ, ਬਾਜ਼ਾਰ ਤੇ ਰਾਜ ਵਰਗੀਆਂ ਸੰਸਥਾਵਾਂ ਤੇ ਗੁੱਟਾਂ ਨੂੰ ਆਰਥਕ ਪੱਖੋਂ ਵਾਚਣ ਦੇ ਯੋਗ ਬਣਾਵੇਗਾ। ਅਰਥ-ਸ਼ਾਸਤਰ, ਸੈਕੰਡਰੀ ਪੱਧਰ 'ਤੇ ਵਿਸ਼ੇ ਵਜੋਂ ਪਹਿਲੀ ਵਾਰ ਵਿਦਿਆਰਥੀ ਦੀ ਸਿੱਖਿਆ ਦਾ ਹਿੱਸਾ ਬਣ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਵਿਸ਼ੇ ਦੇ ਮਹੱਤਵਪੂਰਨ ਪੱਖ ਨੂੰ ਲੋਕ ਪਹਿਲੂ ਤੋਂ ਨਿਰਖਿਆ-ਪਰਖਿਆ ਜਾਵੇ।

ਬੋਰਡ ਪੁਸਤਕ ਦੇ ਭਵਿੱਖਤ ਸੁਧਾਰ ਲਈ ਮਸ਼ਵਰਿਆਂ ਦਾ ਹਮੇਸ਼ਾਂ ਸਵਾਗਤ ਕਰਦਾ ਹੈ।

ਚੇਅਰਮੈਨ

ਪੰਜਾਬ ਸਕੂਲ ਸਿੱਖਿਆ ਬੋਰਡ

# ਪਾਠ-ਪੁਸਤਕ ਰਚਨਾ ਅਤੇ ਸੋਧਕ ਕਮੇਟੀ

## ਮੈਂਬਰ (ਭੂਗੋਲ)

1. ਸ੍. ਤਜਿੰਦਰ ਸਿੰਘ, ਲੈਕਚਰਾਰ, ਸ੍ਰੀ ਗੁਰੂ ਅਰਜਨ ਦੇਵ ਸਰਕਾਰੀ (ਕੰ) ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਤਰਨ ਤਾਰਨ।

## ਨਕਸ਼ੇ ਅਤੇ ਗਰਾਫਿਕਸ

1. ਸ੍. ਤਜਿੰਦਰ ਸਿੰਘ, ਲੈਕਚਰਾਰ, ਸ੍ਰੀ ਗੁਰੂ ਅਰਜਨ ਦੇਵ ਸਰਕਾਰੀ (ਕੰ) ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਤਰਨ ਤਾਰਨ।
2. ਡਾ. ਅਮਨਦੀਪ ਕੌਰ, ਲੈਕਚਰਾਰ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਫ਼ੀਲਖਾਨਾ, ਪਟਿਆਲਾ

## ਅਨੁਵਾਦਕ

1. ਡਾ. ਆਸ਼ਾ ਕਿਰਨ, ਲੈਕਚਰਾਰ, ਸਰਕਾਰੀ ਕੋ-ਐਡ ਮਲਟੀਪਰਪਜ਼, ਸੀਨੀ. ਸੈਕੰਡਰੀ ਸਕੂਲ, ਪਟਿਆਲਾ
2. ਸ਼੍ਰੀਮਤੀ ਅਰੁਨਾ ਡੋਗਰਾ ਸ਼ਰਮਾ, ਸਮਾਜਿਕ ਸਿੱਖਿਆ ਮਿਸਟ੍ਰੈਸ (ਰਿਟਾ.) ਐੱਸ.ਏ.ਐੱਸ ਨਗਰ

## ਮੈਂਬਰ (ਅਰਥ ਸ਼ਾਸਤਰ)

1. ਡਾ.ਆਰ.ਕੇ ਉੱਪਲ, ਹੈੱਡ, ਡਿਪਾਰਟਮੈਂਟ ਆਫ ਇਕੋਨੋਮਿਕਸ, ਡੀ. ਏ. ਵੀ. ਕਾਲਜ, ਮਲੋਟ
2. ਡਾ. ਵਿਨੋਦ ਕੁਮਾਰ, ਸਹਾਇਕ ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ ਰਿਜਨਲ ਸੈਂਟਰ, ਸ਼੍ਰੀ ਮੁਕਤਸਰ ਸਾਹਿਬ
3. ਡਾ. ਅਮਿਤ ਜੁਨੇਜਾ, ਇਕੋਨੋਮਿਕਸ ਲੈਕਚਰਾਰ, ਸ.ਸ.ਸ.ਸ. ਸਕੂਲ, ਸਾਬੂਆਣਾ (ਫਾਜ਼ਿਲਕਾ)
4. ਡਾ. ਰਣਜੋਧ ਸਿੰਘ, ਇਕੋਨੋਮਿਕਸ ਲੈਕਚਰਾਰ, ਸ.ਸ.ਸ.ਸ. ਸਕੂਲ, ਤੁੰਗਵਾਲੀ (ਬਠਿੰਡਾ)
5. ਸ. ਬਲਦੇਵ ਸਿੰਘ, ਲੈਕਚਰਾਰ, ਸਰਕਾਰੀ ਸੀਨੀ.ਸੈਕੰਡਰੀ ਸਕੂਲ, ਹੁਸ਼ਿਆਰਪੁਰ (ਐਸ.ਏ.ਐਸ ਨਗਰ)
6. ਸ਼੍ਰੀਮਤੀ ਗੁਰਸ਼ਰਨ ਕੌਰ, ਇਕੋਨੋਮਿਕਸ ਲੈਕਚਰਾਰ, ਸ.ਸ.ਸ.ਸ ਸਕੂਲ, ਦਿਆਲਪੁਰ ਸੋਢੀਆਂ, (ਐਸ.ਏ.ਐਸ ਨਗਰ)
7. ਸ਼੍ਰੀਮਤੀ ਰਜਵੰਤ ਕੌਰ, ਪੰਜਾਬੀ ਮਿਸਟ੍ਰੈਸ, ਸ.ਸ.ਸ.ਸ., ਮਾੜੀ ਬੱਚਿਆਂ (ਗੁਰਦਾਸਪੁਰ)
8. ਡਾ. ਵਨਿਤਾ ਬੱਬਰ, ਅੰਗਰੇਜ਼ੀ ਮਿਸਟ੍ਰੈਸ, ਸ.ਸ.ਸ.ਸ., ਬੂਟਾ ਸਿੰਘ ਵਾਲਾ (ਐਸ.ਏ.ਐਸ. ਨਗਰ)

## ਅਨੁਵਾਦਕ

1. ਡਾ. ਅਮਿਤ ਜੁਨੇਜਾ, ਲੈਕਚਰਾਰ, ਸਰਕਾਰੀ ਸੀਨੀ. ਸੈਕੰਡਰੀ ਸਕੂਲ, ਸਾਬੂਆਣਾ (ਫਾਜ਼ਿਲਕਾ)
2. ਡਾ. ਰਣਜੋਧ ਸਿੰਘ, ਇਕੋਨੌਮਿਕਸ ਲੈਕਚਰਾਰ, ਸ.ਸ.ਸ.ਸ. ਸਕੂਲ, ਤੁੰਗਵਾਲੀ (ਬਠਿੰਡਾ)
3. ਸ. ਬਲਦੇਵ ਸਿੰਘ, ਲੈਕਚਰਾਰ, ਸਰਕਾਰੀ ਸੀਨੀ.ਸੈਕੰਡਰੀ ਸਕੂਲ, ਹੁਸ਼ਿਆਰਪੁਰ (ਐਸ.ਏ.ਐਸ ਨਗਰ)
4. ਸ਼੍ਰੀਮਤੀ ਗੁਰਸ਼ਰਨ ਕੌਰ, ਇਕੋਨੌਮਿਕਸ ਲੈਕਚਰਾਰ, ਸ.ਸ.ਸ.ਸ. ਸਕੂਲ, ਦਿਆਲਪੁਰ ਸੋਢੀਆਂ (ਐਸ.ਏ.ਐਸ ਨਗਰ)

# ਤਤਕਰਾ


| ਲੜੀ ਨੰ. | ਅਧਿਆਇ ਦਾ ਨਾਂ | ਪੰਨਾ ਨੰ. |
|---|---|---|
| | **ਭੂਗੋਲ** | |
| 1. | ਸੋਮੇ ਅਤੇ ਵਿਕਾਸ | 3-26 |
| 2. | ਜੈਵਿਕ ਭੂਗੋਲ | 27-46 |
| 3. | ਜਲ ਸਾਧਨ | 47-64 |
| 4. | ਖੇਤੀਬਾੜੀ | 65-82 |
| 5. | ਖਣਿਜ ਪਦਾਰਥ ਤੇ ਊਰਜਾ ਦੇ ਸਰੋਤ | 83-96 |
| 6. | ਨਿਰਮਾਣ ਸਨਅਤਾਂ | 97-114 |
| 7. | ਆਵਾਜਾਈ ਤੇ ਸੰਚਾਰ : ਭਾਰਤ ਦੀ ਜਿੰਦ-ਜਾਨ | 115-136 |
| | **ਅਰਥਸ਼ਾਸਤਰ** | |
| 1. | ਅਰਥਸ਼ਾਸਤਰ - ਇੱਕ ਜਾਣ ਪਛਾਣ | 139-154 |
| 2. | ਵਿਕਾਸ ਅਤੇ ਇਸਦਾ ਮਾਪ | 155-173 |
| 3. | ਮੁਦਰਾ ਅਤੇ ਵਿੱਤੀ ਪ੍ਰਣਾਲ਼ੀ | 174-189 |
| 4. | ਭਾਰਤੀ ਅਰਥਵਿਵਸਥਾ ਵਿੱਚ ਸੇਵਾ ਖੇਤਰ | 190-204 |
| 5. | ਵਿਸ਼ਵੀਕਰਨ | 205-216 |
| 6. | ਉਪਭੋਗਤਾ ਸੋਸ਼ਣ ਅਤੇ ਸਰੰਖਣ | 217-228 |
| 7. | ਵਿੱਤੀ ਜਾਗਰੂਕਤਾ | 229-234 |

# ਸੋਮੇ ਅਤੇ ਵਿਕਾਸ

1

# (RESOURCES AND DEVELOPMENT)

ਧਰਤੀ 'ਤੇ ਰਹਿਣ ਵਾਲੇ ਸਾਰੇ ਜੀਵ ਕੁਦਰਤੀ ਸੋਮਿਆਂ ਉੱਤੇ ਨਿਰਭਰ ਕਰਦੇ ਹਨ ਅਤੇ ਜੀਵਨ ਦੀ ਹੋਂਦ ਨੂੰ ਬਰਕਰਾਰ ਰੱਖਣ ਵਿੱਚ ਕੁਦਰਤੀ ਸੋਮਿਆਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਇਸ ਲਈ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਕੁਦਰਤੀ ਵਾਤਾਵਰਣ ਨੂੰ ਸੰਭਾਲ ਕੇ ਰੱਖੀਏ ਤੇ ਇਸ ਨੂੰ ਬਰਬਾਦ ਹੋਣ ਤੋਂ ਬਚਾਈਏ ਵੀ, ਤਾਂ ਕਿ ਸਾਧਨ (ਸੋਮੇ) ਕੁਦਰਤੀ ਤੌਰ 'ਤੇ ਖ਼ੁਦ ਨੂੰ ਨਵਿਆ ਸਕਣ।

ਭੂਗੋਲਿਕ ਤੌਰ 'ਤੇ ਹਰ ਉਹ ਵਸਤੂ ਤੇ ਊਰਜਾ ਜੋ ਸਾਨੂੰ ਕੁਦਰਤ ਤੋਂ ਮਿਲਦੀ ਹੈ ਤੇ ਮਨੁੱਖ ਸਮੇਤ ਸਾਰੇ ਜੀਵ-ਜੰਤੂ ਜਿਸ ਨੂੰ ਆਪਣੇ ਫ਼ਾਇਦੇ ਲਈ ਵਰਤਦੇ ਹਨ, ਸੋਮਾ (resource) ਅਖਵਾਉਂਦੀ ਹੈ। ਦੂਸਰੇ ਸ਼ਬਦਾਂ ਹਰ ਉਹ ਚੀਜ਼ ਜੋ ਸਾਡੀਆਂ ਜ਼ਰੂਰਤਾਂ ਪੂਰੀਆਂ ਕਰਦੀ ਹੋਵੇ, ਤਕਨੀਕੀ ਤੌਰ 'ਤੇ ਆਸਾਨੀ ਨਾਲ ਮਿਲਣ ਯੋਗ ਹੋਵੇ, ਆਰਥਿਕ ਤੌਰ 'ਤੇ ਵਿਹਾਰਕ ਹੋਵੇ, ਭੂਗੋਲਿਕ ਤੌਰ 'ਤੇ ਮਿਲਣੀ ਸੰਭਵ ਹੋਵੇ ਤੇ ਸਭਿਆਚਾਰਕ ਤੌਰ 'ਤੇ ਸਾਰਿਆਂ ਨੂੰ ਮਨਜ਼ੂਰ ਹੋਵੇ, ਸੋਮਾ ਅਖਵਾਉਂਦੀ ਹੈ।

ਸੋਮਿਆਂ ਨੂੰ ਮੁੱਖ ਤੌਰ 'ਤੇ ਹੇਠ ਲਿਖੇ ਅਨੁਸਾਰ ਵੰਡਿਆ ਜਾ ਸਕਦਾ ਹੈ:-

(1) ਉਪਲੱਬਧਤਾ ਦੇ ਆਧਾਰ 'ਤੇ, ਨਵਿਆਉਣ ਯੋਗ ਅਤੇ ਨਾ-ਨਵਿਆਉਣਯੋਗ ਸੋਮੇ

(2) ਵਿਕਾਸ ਤੇ ਵਰਤੋਂ ਦੇ ਆਧਾਰ 'ਤੇ, ਅਸਲ ਸੋਮੇ ਤੇ ਲੁਕੇ ਹੋਏ ਸੋਮੇ

(3) ਉਤਪਤੀ ਦੇ ਆਧਾਰ 'ਤੇ, ਜੈਵਿਕ ਸੋਮੇ ਤੇ ਅਜੈਵਿਕ ਸੋਮੇ

(4) ਵੰਡ ਦੇ ਆਧਾਰ 'ਤੇ, ਹਰ ਜਗ੍ਹਾਂ ਮਿਲਣ ਵਾਲੇ ਸੋਮੇ ਤੇ ਸਥਾਨਕ ਤੌਰ 'ਤੇ ਮਿਲਣ ਵਾਲੇ ਸੋਮੇ

(5) ਬ੍ਰਹਿਮੰਡ ਤੋਂ ਧਰਤੀ ਤੱਕ ਪਹੁੰਚਣ ਵਾਲੇ ਸੋਮੇ।

(6) ਹਰ ਜੀਵੰਤ ਤੇ ਹਰ ਬੇਜਾਨ ਵਸਤੂ ਜੋ ਕੁਦਰਤ ਤੋਂ ਮਿਲਦੀ ਹੈ ਤੇ ਤਕਨੀਕ ਦੇ ਬਦਲਣ ਨਾਲ ਧਰਤੀ 'ਤੇ ਰਹਿਣ ਵਾਲੇ ਮਨੁੱਖਾਂ ਤੇ ਜੀਵ ਜੰਤੂਆਂ ਨੂੰ ਫ਼ਾਇਦਾ ਪੁਚਾ ਸਕੇ ਸੋਮਾ ਕਹਾਉਂਦੀ ਹੈ।

ਸੋ ਅਸੀਂ ਕਹਿ ਸਕਦੇ ਹਾਂ ਕਿ ਸੋਮਿਆਂ ਦਾ ਸਿਧਾਂਤ ਗਤੀਸ਼ੀਲ ਹੈ। ਸਾਡੇ ਵਾਤਾਵਰਨ ਵਿੱਚ ਆਉਣ ਵਾਲੇ ਬਦਲਾਅ ਕੁਦਰਤ ਤੇ ਤਕਨਾਲੋਜੀ (Technology) ਵਿਚਾਲੇ ਆਪਸੀ ਸੰਬਧਾਂ ਕਾਰਨ ਹੁੰਦੇ ਹਨ। ਮਨੁੱਖ ਆਪਣੀ ਤਕਨੀਕ ਨਾਲ ਸੋਮਿਆਂ ਨੂੰ ਵਰਤ ਕੇ ਵੱਧ ਤੋਂ ਵੱਧ ਆਰਥਿਕ ਵਿਕਾਸ ਕਰਨ ਦੀ ਕੋਸ਼ਿਸ਼ ਕਰਦਾ ਹੈ।

ਕੀ ਤੁਹਾਨੂੰ ਲੱਗਦਾ ਹੈ ਕਿ ਸੋਮੇ ਕੁਦਰਤ ਵੱਲੋਂ ਸਾਨੂੰ ਮੁਫ਼ਤ ਦਿੱਤੇ ਗਏ ਤੋਹਫ਼ੇ ਹਨ ? ਬਿਲਕੁਲ ਨਹੀਂ! ਧਰਤੀ ਸਾਡੇ ਕੋਲੋਂ ਸੋਮਿਆਂ ਨੂੰ ਨਵਿਆਉਣ ਲਈ ਸਮਾਂ ਮੰਗਦੀ ਹੈ। ਕੁਝ ਸੋਮੇ ਜਲਦੀ ਹੀ ਖੁਦ ਨੂੰ ਨਵਿਆਂ ਸਕਦੇ ਹਨ ਪਰ ਕੁੱਝ ਸੋਮਿਆਂ ਨੂੰ ਭੂ-ਵਿਗਿਆਨਕ ਤਰੀਕੇ ਨਾਲ ਲੱਖਾਂ-ਕਰੋੜਾਂ ਸਾਲਾਂ ਵਿੱਚ ਹੀ ਨਵਿਆਇਆਂ ਜਾ ਸਕਦਾ ਹੁੰਦਾ ਹੈ।

ਕਰਦਸ਼ੇਵ (Kardashev) ਸਕੇਲ ਅਨੁਸਾਰ ਸਭਿਆਤਾਵਾਂ ਦਾ ਵਰਗੀਕਰਨ ਪੰਜ ਪੱਧਰਾਂ 'ਤੇ ਕੀਤਾ ਜਾਂਦਾ ਹੈ—

ਪੱਧਰ—I; ਸਭਿਅਤਾ ਜੋ ਸਿਰਫ਼ ਗ੍ਰਹਿ ਦੇ ਸਾਧਨਾਂ ਨੂੰ ਹੀ ਵਰਤਦੀ ਹੈ।

ਪੱਧਰ—II; ਸਭਿਅਤਾ ਜੋ ਸਾਰੇ ਸੂਰਜ ਮੰਡਲ ਦੇ ਸਾਧਨਾਂ ਨੂੰ ਵਰਤਦੀ ਹੈ।

ਪੱਧਰ—III; ਸਭਿਅਤਾ ਜੋ ਆਪਣੀ ਅਕਾਸ਼ ਗੰਗਾ ਦੇ ਸਾਧਨਾਂ ਨੂੰ ਵਰਤਦੀ ਹੈ।

ਪੱਧਰ—IV; ਸਭਿਅਤਾ ਜੋ ਵੱਖੋ-ਵੱਖ ਤਰਾ ਸਮੂਹਾਂ ਦੇ ਸਾਧਨਾਂ ਨੂੰ ਵਰਤਦੀ ਹੈ।

ਪੱਧਰ—V; ਸਭਿਅਤਾ ਜੋ ਸਾਰੇ ਪੁਲਾੜ ਦੇ ਸਾਧਨਾਂ ਨੂੰ ਵਰਤਦੀ ਹੈ।

ਅਸੀਂ ਧਰਤੀ ਦੇ ਵਾਸੀ ਪਹਿਲੇ ਪੱਧਰ ਦੀ ਸਭਿਅਤਾ ਹਾਂ ਤੇ ਨੇੜ ਭਵਿੱਖ ਵਿੱਚ ਦੂਸਰੇ ਪੱਧਰ ਦੀ ਸਭਿਅਤਾ ਬਣਨ ਵਾਲੇ ਹਾਂ ਕਿਉਂਕਿ ਅਸੀਂ ਮੰਗਲ ਤੇ ਬ੍ਰਹਿਸਪਤੀ ਦੇ ਵਿਚਾਲ ਮਿਲਦੇ ਪੁਲਾੜੀ ਟੁਕੜਿਆਂ ਵਿੱਚੋਂ ਲੋਹ ਧਾਤ ਤੇ ਚੰਨ ਉਤੇ ਲੀਥੀਅਮ ਦੇ ਭੰਡਾਰ ਖੋਜ ਲਏ ਹਨ। ਇਹ ਸਕੇਲ ਰੂਸੀ ਸਾਇੰਸਦਾਨ ਨਿਕੋਲਾਇ ਕਰਦਸ਼ੇਵ (Nikolai Kardashev) ਨੇ ਸੰਨ 1964 ਵਿੱਚ ਰਚੀ ਸੀ।




ਕੀ ਤੁਸੀਂ ਆਪਣੇ ਪਿੰਡ ਦਾਂ ਸ਼ਹਿਰ ਵਿੱਚ ਅਜਿਹੀਆਂ ਵਸਤੂਆਂ ਦੀ ਸੂਚੀ ਬਣਾ ਸਕਦੇ ਹੋ ਜੋ ਸਾਡੀ ਜ਼ਿੰਦਗੀ ਨੂੰ ਆਰਾਮਦਾਇਕ ਬਣਾਉਂਦੀਆਂ ਹਨ? ਇਹ ਕਿਸ ਤੋਂ ਬਣੀਆਂ ਹੁੰਦੀਆਂ ਹਨ?

## ਸੋਮਿਆਂ ਦਾ ਵਰਗੀਕਰਨ :

### ਉਤਪਤੀ ਦੇ ਆਧਾਰ 'ਤੇ: ਜੈਵ ਅਤੇ ਅਜੈਵ ਸੋਮੇ (On the basis of origin : Biotic and Abiotic Resources)

ਇਹ ਉਹ ਸੋਮੇ ਹੁੰਦੇ ਹਨ ਜਿਨ੍ਹਾਂ ਦੀ ਪ੍ਰਾਪਤੀ ਸਾਨੂੰ ਜੈਵ ਮੰਡਲ ਤੋਂ ਹੁੰਦੀ ਹੈ, ਜੈਵ ਸੋਮਿਆਂ ਵਿੱਚ ਜਾਨ ਹੁੰਦੀ ਹੈ, ਜਿਵੇਂ ਮਨੁੱਖ, ਜੀਵ-ਜੰਤੂ, ਪੰਛੀ, ਮੱਛੀਆਂ, ਜੰਗਲ ਆਦਿ। ਅਜੈਵ ਜਾਂ ਅਜੈਵਿਕ ਸੋਮੇ ਉਹ ਸੋਮੇ ਹੁੰਦੇ ਹਨ, ਜਿਨ੍ਹਾਂ ਵਿੱਚ ਜਾਨ ਨਹੀਂ ਹੁੰਦੀ, ਜਿਵੇਂ ਚੱਟਾਨਾਂ, ਧਾਤਾਂ ਆਦਿ।




*ਕੁਦਰਤ, ਤਕਨੀਕ ਤੇ ਸੰਸਥਾਵਾਂ ਦਾ ਆਪਸੀ ਰਿਸ਼ਤਾ*

### ਉਪਲਭਤਾ ਦੇ ਆਧਾਰ 'ਤੇ : (On the basis of exaustibility) :

ਨਵਿਆਉਣ ਯੋਗ ਸੋਮੇ (Renewable resources) ਉਹ ਸੋਮੇ ਹੁੰਦੇ ਹਨ, ਜੋ ਤੈਅ ਸਮੇਂ ਵਿੱਚ ਖ਼ੁਦ ਨੂੰ ਨਵਿਆਂ ਸਕਦੇ ਹਨ। ਇਹ ਸੋਮੇ ਕੁਦਰਤੀ ਤੌਰ 'ਤੇ ਮਨੁੱਖ ਨੂੰ ਲਗਾਤਾਰ ਮਿਲਦੇ ਹਨ ਤੇ ਮਨੁੱਖੀ ਗਤੀਵਿਧੀਆਂ ਦਾ ਇਹਨਾਂ 'ਤੇ ਕੋਈ ਖਾਸ ਅਸਰ ਨਹੀਂ ਪੈਂਦਾ। ਉਦਾਹਰਨ ਲਈ ਸੌਰ ਊਰਜਾ, ਜਵਾਰੀ ਊਰਜਾ, ਪੌਣ ਊਰਜਾ ਆਦਿ। ਕੁਝ ਸੋਮੇਂ ਵਰਤਣ ਦੇ ਨਾਲ ਜਲਦੀ ਖ਼ਤਮ ਹੋ ਜਾਂਦੇ ਹਨ। ਪਰ ਅਜਿਹੇ ਸੋਮੇ ਜੇ ਜ਼ਰੂਰਤ ਤੋਂ ਜ਼ਿਆਦਾ ਵਰਤੇ ਜਾਣ ਤਾਂ ਇਹ ਖ਼ਤਮ ਵੀ ਹੋ ਸਕਦੇ ਹਨ ਕਿਉਂਕਿ ਇਹਨਾਂ ਨੂੰ ਖ਼ੁਦ ਨੂੰ ਨਵਿਆਉਣ ਲਈ ਵਕਤ ਲਗਦਾ ਹੈ ਜਿਵੇਂ ਪਾਣੀ, ਜੰਗਲ, ਤੇ ਜੀਵ ਜੰਤੂ ਆਦਿ। ਭਾਰਤ ਦਾ ਨਵਿਆਉਣ ਯੋਗ ਊਰਜਾ ਖੇਤਰ ਤੇਜ਼ੀ ਨਾਲ ਵੱਧ ਰਿਹਾ ਹੈ। ਭਾਰਤ ਵਿੱਚ ਪੌਣ ਊਰਜਾ (wind energy) ਦਾ ਸੰਸਾਰ ਦਾ 5.8 ਪ੍ਰਤੀਸ਼ਤ ਹਿੱਸਾ ਪੈਦਾ ਕੀਤਾ ਜਾਂਦਾ ਹੈ। ਭਾਰਤ ਚੀਨ, ਸੰਯੁਕਤ ਰਾਜ ਅਮਰੀਕਾ ਤੇ ਜਰਮਨੀ ਤੋਂ ਬਾਅਦ ਚੌਥਾ ਸਭ ਤੋਂ ਵੱਡਾ ਪੌਣ ਊਰਜਾ ਉਤਪਾਦਨ ਕਰਨ ਵਾਲਾ ਮੁਲਕ ਹੈ। ਸਾਲ 2022 ਤੱਕ ਭਾਰਤ ਵਿੱਚ ਨਵਿਆਉਣਯੋਗ ਸੋਮਿਆਂ ਦਾ ਹਿੱਸਾ 26.53 ਪ੍ਰਤੀਸ਼ਤ ਹੋ ਜਾਵੇਗਾ। ਪਣ-ਬਿਜਲੀ ਪ੍ਰੋਜੈਕਟ 12.3 ਪ੍ਰਤੀਸ਼ਤ ਊਰਜਾ ਪੈਦਾ ਕਰ ਰਹੇ ਹਨ।

**ਮਨੁੱਖ ਲਈ ਵਰਤੋਂ ਯੋਗਤਾ** : ਸੋਮੇ ਮਨੁੱਖਤਾ ਦੀਆਂ ਲੋੜਾਂ ਪੂਰੀਆਂ ਕਰਦੇ ਹਨ।

**ਆਰਥਿਕ ਵਿਹਾਰਿਕਤਾ** : ਸੋਮੇ ਸਸਤੇ ਆਮ ਆਦਮੀ ਦੀ ਜੇਬ ਦੀ ਪਹੁੰਚ ਵਿੱਚ ਹੋਣੇ ਚਾਹੀਦੇ ਹਨ।

**ਭੂਗੋਲਿਕ ਸੰਭਾਵਨਾ** : ਸੋਮੇਂ ਮਨੁੱਖ ਦੀ ਪਹੁੰਚ ਵਿੱਚ ਹੋਣੇ ਚਾਹੀਦੇ ਹਨ। ਭੂਗੋਲਿਕ ਧਰਾਤਲ ਉਸਦੇ ਰਾਹ ਵਿੱਚ ਨਹੀਂ ਆਉਣੇ ਚਾਹੀਦੇ।

**ਸਮਾਜਿਕ ਮੰਜ਼ੂਰੀ**: ਸੋਮਿਆਂ ਦੀ ਵਰਤੋਂ 'ਤੇ ਸਮਾਜ ਦੀ 'ਕੀ ਕਰੋ' ਤੇ 'ਕੀ ਨਾ ਕਰੋ' ਦੀ ਮੰਜ਼ੂਰੀ ਹੋਣੀ ਲਾਜ਼ਮੀ ਹੈ।

**ਸੋਮੇ** : ਮਨੁੱਖਤਾ ਦੀਆਂ ਸਮੂਹ ਲੋੜਾਂ ਪੂਰੀਆਂ ਕਰਦੇ ਹਨ, ਅਤੇ ਮਨੁੱਖੀ ਵਾਤਾਵਰਨ 'ਤੇ ਉਸ ਦੇ ਵਿਕਾਸ ਦੀ ਪੂਰਨ ਸਮਰੱਥਾ ਰੱਖਦੇ ਹਨ।

**ਨੈਤਿਕ ਮੰਜ਼ੂਰੀ** : ਸੋਮਿਆਂ ਦੀ ਵਰਤੋਂ ਦੀ ਸਮਾਜਿਕ ਤੌਰ ਤੇ ਨੈਤਿਕ ਮੰਜ਼ੂਰੀ ਵੀ ਜ਼ਰੂਰੀ ਹੈ।

**ਵਾਤਾਵਰਨ ਦੇ ਤੌਰ ਤੇ ਜਾਇਜ਼ ਹੋਣ** : ਹਰ ਉਹ ਸ਼ੈਅ ਜੋ ਵਾਤਾਵਰਨ ਲਈ ਘਾਤਕ ਹੈ, ਸੋਮਾਂ ਨਹੀਂ ਅਖਵਾ ਸਕਦੀ।

**ਭਵਿੱਖੀ ਹੰਢਣਸਾਰਤਾ** : ਸੋਮਿਆਂ ਨੂੰ ਬਚਾ ਕੇ ਰੱਖਣ ਲਈ ਉਹਨਾਂ ਦੀ ਵਾਰ-ਵਾਰ ਵਰਤੋਂ ਕੀਤੀ ਜਾਂਦੀ ਹੈ।

ਯਾਨੀ ਉਹ ਬਦਲੇ ਹੋਏ ਰੂਪ ਵਿੱਚ ਵੀ ਪਰਿਸਥਿਤਿਕ ਤੰਤਰ ਦਾ ਹਿੱਸਾ ਬਣਿਆ ਰਹਿੰਦਾ ਹੈ।


**ਗਤੀਸ਼ੀਲਤਾ :** ਸੋਮਿਆਂ ਦੀ ਪਰਿਭਾਸ਼ਾ ਸਮੇਂ ਨਾਲ ਬਦਲਦੀ ਰਹਿੰਦੀ ਹੈ।

**ਗਣਿਤਿਕ ਤੌਰ ਤੇ ਗਿਣਤੀਯੋਗ ਹੋਣਾ :** ਸੋਮਿਆਂ ਨੂੰ ਗਣਿਤਿਕ ਤੌਰ 'ਤੇ ਸਰਾਣੀਬੱਧ ਕੀਤਾ ਜਾ ਸਕਦਾ ਹੈ, ਅਤੇ ਭਵਿੱਖ ਵਿੱਚ ਯੋਜਨਾਵਾਂ ਦੇ ਮੰਤਵ ਲਈ ਵਰਤਿਆ ਜਾ ਸਕਦਾ ਹੈ।

**ਨੈਤਿਕ ਸੰਵੇਦਸ਼ੀਲਤਾ :** ਸੋਮੇ ਮਨੁੱਖ ਦੀਆਂ ਲੋੜਾਂ ਨੂੰ ਸੰਤੁਸ਼ਟ ਕਰਦੇ ਹਨ।

**ਕਾਲ ਅਵਧੀ ਅਨੁਸਾਰ ਵਰਤਣ ਦੀ ਸਮੱਰਥਾ ;** ਸੋਮੇ ਕਾਲ ਅਵਧੀ ਵਿੱਚ ਵਰਤੇ ਜਾਣ ਦੀ ਸਮਰੱਥਾ ਰੱਖਦੇ ਹਨ।

**ਤਕਨਾਲੋਜੀ ਦੀ ਪਹੁੰਚ :** ਜੇ ਮਨੁੱਖ ਦੀ ਤਕਨੀਕ ਬੇਹਤਰ ਹੋਵੇ ਤਾਂ ਸੋਮਿਆਂ ਨੂੰ ਹੋਰ ਬਿਹਤਰ ਢੰਗ ਨਾਲ ਵਰਤਿਆ ਜਾ ਸਕਦਾ ਹੈ, ਅਤੇ ਇਹ ਤਕਨੀਕ ਵੀ ਦਿਨ-ਬ-ਦਿਨ ਬਿਹਤਰ ਹੁੰਦੀ ਜਾਂਦੀ ਹੈ।




ਸੌਰ ਊਰਜਾ ਦੇ 2030 ਤੱਕ ਦੇ ਟੀਚੇ

## ਇੱਕ ਸੂਰਜ ਇੱਕ ਵਿਸ਼ਵ ਇੱਕ ਗਰਿੱਡ

ਕੌਮਾਂਤਰੀ ਸੌਰ ਗੱਠਜੋੜ (I.S.A.), 121 ਅਜਿਹੇ ਦੇਸ਼ਾਂ ਦਾ ਇੱਕ ਗੱਠਜੋੜ ਹੈ ਜਿਹਨਾਂ ਵਿੱਚੋਂ ਬਹੁਤਿਆਂ ਦੀ ਭੂਗੋਲਿਕ ਸਥਿਤੀ ਕਰਕ ਰੇਖਾ ਅਤੇ ਮਕਰ ਰੇਖਾ ਦੇ ਦਰਮਿਆਨ ਹੈ। ਇਹਨਾਂ ਦੇਸ਼ਾਂ ਵਿੱਚ ਸੌਰ ਊਰਜਾ ਵੱਡੀ ਮਾਤਰਾ ਵਿੱਚ ਉਪਲਬਧ ਹੁੰਦੀ ਹੈ। ਇਸ ਗੱਠਜੋੜ ਦਾ ਮੁੱਢਲਾ ਮੰਤਵ ਸੌਰ-ਊਰਜਾ ਦੀ ਮਨਾਸਿਬ ਵਰਤੋਂ ਹੈ ਤਾਂ ਜੋ ਪਥਰਾਟ ਬਾਲਣਾ ਉੱਪਰ ਨਿਰਭਰਤਾ ਨੂੰ ਘਟਾਇਆ ਜਾ ਸਕੇ। ਇਸ ਤਰ੍ਹਾਂ 'ਇੱਕ ਸੂਰਜ, ਇੱਕ ਵਿਸ਼ਵ, ਇੱਕ ਗਰਿੱਡ' ਵਿਸ਼ਵ ਪੱਧਰ ਤੇ ਅੰਤਰ ਸੰਬੰਧਤ (Inter Connected), ਸੌਰ-ਊਰਜਾ ਮੁੱਢਲਾ ਢਾਂਚਾ ਵਿਕਸਿਤ ਕਰਨ ਦਾ ਇੱਕ ਉੱਦਮ ਹੈ। ਇਸ ਕਾਰਜ ਨੂੰ ਅੱਗੇ ਤੋਰਦਿਆਂ ਬਰਤਾਨੀਆ, ਭਾਰਤ ਸਰਕਾਰ ਅਤੇ ਕੌਮਾਂਤਰੀ ਸੌਰ ਗੱਠਜੋੜ, ਵਿਸ਼ਵ ਬੈਂਕ ਦੀ ਸਹਾਇਤਾ ਨਾਲ 'ਗਰੀਨ ਗਰਿਡਜ਼ ਇਨਿਸ਼ਿਏਟਿਵ-ਇੱਕ ਸੂਰਜ, ਇੱਕ ਵਿਸ਼ਵ, ਇੱਕ ਗਰਿੱਡ ਸ਼ੁਰੂ ਕਰਨ ਜਾ ਰਹੇ ਹਨ ਜਿਸਦਾ ਅਰੰਭ COP 26 (ਸੰਯੁਕਤ ਰਾਸ਼ਟਰ ਦੀ 2026 ਵਿੱਚ ਗਲਾਸਗੋ ਵਿਖੇ ਹੋ ਰਹੀ ਜਲਵਾਯੂ ਬਦਲਾਅ ਸੰਬੰਧੀ ਕਾਨਫਰੰਸ) ਤੋਂ ਹੋਵੇਗਾ।

**ਮੁਕੱਣਯੋਗ ਜਾਂ ਨਾ ਨਵਿਆਉਣਯੋਗ ਸੋਮੇ (Non renewable resources) :** ਮੁਕੱਣਯੋਗ ਸੋਮਿਆਂ ਨੂੰ ਬਣਨ 'ਤੇ ਬਹੁਤ ਜ਼ਿਆਦਾ ਲੰਬਾ ਭੂ-ਗਰਭੀ ਸਮਾਂ (Geological time) ਲਗਦਾ ਹੈ। ਖਣਿਜ ਤੇ ਖਣਿਜ ਤੇਲ ਇਸ ਦੀ ਉਦਾਹਰਨ ਹਨ। ਇਹਨਾਂ ਨੂੰ ਬਣਨ 'ਤੇ ਕਰੋੜਾਂ ਸਾਲ ਲੱਗ ਜਾਂਦੇ ਹਨ। ਖਣਿਜ ਪਦਾਰਥਾਂ ਵਿੱਚ ਧਾਤੂਆਂ ਨੂੰ ਪਿਘਲਾ ਕੇ (Recycle) ਨਵਾਂ ਰੂਪ ਦਿੱਤਾ ਜਾ ਸਕਦਾ ਹੈ ਪਰ ਖਣਿਜ ਤੇਲ ਇੱਕ ਵਾਰ ਵਰਤਣ 'ਤੇ ਖ਼ਤਮ ਹੋ ਜਾਂਦੇ ਹਨ।

## ਮਲਕੀਅਤ ਦੇ ਆਧਾਰ 'ਤੇ ਸੋਮੇਂ (On the basis of ownership) :

**ਵਿਅਕਤੀਗਤ ਸੋਮੇ (Individual resources) :-** ਵਿਅਕਤੀਗਤ ਸੋਮੇ ਵਿਅਕਤੀਆਂ ਦੀ ਨਿੱਜੀ ਮਲਕੀਅਤ ਦੇ ਹੁੰਦੇ ਹਨ। ਬਹੁਤ ਸਾਰੇ ਕਿਸਾਨਾਂ ਕੋਲ ਵਾਹੀਯੋਗ ਜ਼ਮੀਨ ਹੁੰਦੀ ਹੈ, ਜਿਸਦੀ ਮਲਕੀਅਤ ਦੇ ਬਦਲੇ ਉਹ ਸਰਕਾਰਾਂ ਨੂੰ ਟੈਕਸ ਦਿੰਦੇ ਹਨ। ਸ਼ਹਿਰਾਂ ਵਿੱਚ ਮਕਾਨਾਂ ਕਿਸਾਨਾਂ ਦੀਆਂ ਜ਼ਮੀਨਾਂ ਆਦਿ ਵਿਅਕਤੀਗਤ ਸੋਮਿਆਂ ਦੀਆਂ ਉਦਾਹਰਨਾਂ ਹਨ।

ਉਹਨਾਂ ਸੋਮਿਆਂ ਦੀ ਸੂਚੀ ਬਣਾਓ ਜੋ ਤੁਹਾਡੇ ਪਰਿਵਾਰ ਦੇ ਕੋਲ ਹਨ। ਉਹ ਕਿਸ ਕਿਸਮ ਦੇ ਹਨ ? ਇਸ ਬਾਰੇ ਸੰਖੇਪ ਵਿੱਚ ਲਿਖੋ।

**ਸਮਾਜਿਕ ਸੋਮੇ (Community based resources):-** ਇਹ ਸੋਮੇ ਸਮਾਜ ਦੇ ਸਮੂਹ ਵਰਗਾਂ ਨਾਲ ਸੰਬੰਧਿਤ ਹੁੰਦੇ ਹਨ। ਪਿੰਡ ਦੀ ਸ਼ਾਮਲਾਟ ਜ਼ਮੀਨ, ਚਰਾਗਾਹਾਂ, ਸ਼ਮਸ਼ਾਨ ਘਾਟ, ਛੱਪੜ, ਪਾਰਕ, ਪਿਕਨਿਕ ਵਾਲੀਆਂ ਥਾਵਾਂ, ਖੇਡ ਦੇ ਮੈਦਾਨ ਆਦਿ ਸਮਾਜਿਕ ਸੋਮਿਆਂ ਦੀਆਂ ਉਦਾਹਰਨਾਂ ਹਨ।

**ਰਾਸ਼ਟਰੀ ਜਾਂ ਕੌਮੀ ਸੋਮੇ (National Resources):-** ਤਕਨੀਕੀ ਤੌਰ 'ਤੇ ਸਾਰੇ ਸੋਮੇ ਮੁਲਕ ਦੇ ਅਧੀਨ ਹੁੰਦੇ ਹਨ। ਮੁਲਕ ਕੋਲ ਕਨੂੰਨੀ ਅਖ਼ਤਿਆਰ ਹਨ ਕਿ ਉਹ ਲੋਕ ਭਲਾਈ ਦੇ ਕੰਮਾਂ ਲਈ ਕੋਈ ਵੀ ਜ਼ਮੀਨ ਵਰਤ ਸਕਣ। ਸੜਕਾਂ, ਰੇਲ ਲਾਈਨਾਂ, ਵਿਅਕਤੀਗਤ ਜ਼ਮੀਨਾਂ ਨੂੰ ਖਰੀਦ ਕੇ ਹੀ ਬਣੀਆਂ ਹੁੰਦੀਆਂ ਹਨ। ਸ਼ਹਿਰੀ ਵਿਕਾਸ ਅਥਾਰਟੀ ਨੂੰ ਜ਼ਮੀਨ ਐਕੁਆਇਰ ਕਰਨ ਦਾ ਅਧਿਕਾਰ ਸਰਕਾਰ ਦੁਆਰਾ ਮਿਲਿਆ ਹੁੰਦਾ ਹੈ। ਸਭ ਤਰ੍ਹਾਂ ਦੇ ਖਣਿਜ ਪਦਾਰਥ, ਜਲ ਸੋਮੇ, ਜੰਗਲ, ਜੰਗਲੀ ਜੀਵ-ਜੰਤੂ, ਜ਼ਮੀਨਾਂ, 200 ਨਾਟੀਕਲ ਮੀਲ ਦਾ ਸੰਮੁਦਰੀ ਖੇਤਰ (1 ਨਾਟੀਕਲ ਮੀਲ = 1.852 ਕਿਲੋਮੀਟਰ) ਜੋ ਕਿ 350 ਨਾਟੀਕਲ ਮੀਲ ਤੱਕ ਵਧਾਇਆ ਜਾ ਸਕਦਾ ਹੈ। ਸਮੁੰਦਰੀ ਤੱਟ ਜਾਂ ਬੇਸ ਲਾਈਨ ਤੋਂ 12 ਨਾਟੀਕਲ ਮੀਲ ਦਾ ਖੇਤਰ, ਖੇਤਰੀ ਜਲ ਹੁੰਦਾ ਹੈ ਤੇ ਇਸ ਉਪਰ ਹਵਾਈ ਜਹਾਜ਼ਾਂ ਦਾ ਹਵਾਈ ਖੇਤਰ ਵੀ ਉਸ ਦੇਸ਼ ਨਾਲ ਸੰਬੰਧ ਰੱਖਦਾ ਹੈ।

**ਕੀ ਤੁਸੀਂ ਜਾਣਦੇ ਹੋ?**

ਕੋਈ ਵੀ ਦੇਸ਼ ਆਪਣੇ ਸਮੁੰਦਰੀ ਤੱਟ ਜਾਂ ਬੇਸ ਲਾਈਨ ਤੋਂ 12 ਨਾਟੀਕਲ ਮੀਲ (22.2 ਕਿਲੋਮੀਟਰ; ਜਾਂ 13.8 ਮੀਲ) ਦੇ ਖੇਤਰ ਲਈ ਆਪਣਾ ਕਨੂੰਨ ਬਣਾ ਸਕਦਾ ਹੈ, ਸਮੁੰਦਰੀ ਇਲਾਕੇ ਨੂੰ ਵਰਤ ਸਕਦਾ ਹੈ। ਇਸ ਵਿੱਚ ਜਹਾਜ਼ਾਂ ਨੂੰ ਲੰਘਣ ਦੀ ਖੁੱਲ੍ਹ ਹੁੰਦੀ ਹੈ ਪਰ ਇਸ ਲਈ ਸਰਕਾਰਾਂ ਕੋਲੋਂ ਆਗਿਆ ਲੈਣੀ ਪੈਂਦੀ ਹੈ। ਮਲਟੀਨੈਸ਼ਨਲ ਜਲਡਮਰੂਆਂ ਵਿੱਚ (Straits) ਇਜਾਜ਼ਤ ਦੀ ਲੋੜ ਨਹੀਂ ਹੁੰਦੀ।

**ਨਿਵੇਕਲਾ ਆਰਥਿਕ ਖੇਤਰ (Exclusive economic zone-EEZ):-** ਬੇਸ ਲਾਈਨ ਜਾਂ ਤੱਟ ਰੇਖਾ ਤੋਂ 200 ਨਾਟੀਕਲ ਮੀਲ (370 ਕਿਲੋਮੀਟਰ; 230 ਮੀਲ) ਦਾ ਇਲਾਕਾ ਨਿਵੇਕਲਾ ਆਰਥਿਕ ਖੇਤਰ ਹੁੰਦਾ ਹੈ। ਸ਼ਰਤਾਂ ਨਾਲ ਇਸਨੂੰ 350 ਨਾਟੀਕਲ ਮੀਲ (637 ਕਿਲੋਮੀਟਰ) ਤੱਕ ਵਧਾਇਆ ਜਾ ਸਕਦਾ ਹੁੰਦਾ ਹੈ। ਸਮੁੰਦਰ ਦੇ ਤੱਟ ਨਾਲ ਲਗਦੇ ਦੇਸ਼ਾਂ ਕੋਲ ਇਸ ਵਿੱਚ ਪਾਈਪਾਂ ਵਿਛਾਉਣ, ਤਾਰਾਂ ਵਿਛਾਉਣ ਦਾ ਅਧਿਕਾਰ ਹੁੰਦਾ ਹੈ। ਅੰਤਰਰਾਸ਼ਟਰੀ ਸਮੁੰਦਰੀ ਅਥਾਰਟੀ ਦੇਸ਼ਾਂ ਨੂੰ ਜ਼ਰੂਰਤ ਦੇ ਹਿਸਾਬ ਨਾਲ ਸਮੁੰਦਰੀ ਸੋਮਿਆਂ ਦੀ ਵਰਤੋਂ ਦੀ ਇਜਾਜ਼ਤ ਦੇ ਦਿੰਦੀ ਹੈ। ਭਾਰਤ ਨੂੰ ਨਿਵੇਕਲੇ ਆਰਥਿਕ ਖੇਤਰ ਤੋਂ ਦੂਰ ਮੈਗਨੀਜ਼ ਦੀਆਂ ਖਾਣਾ ਵਿੱਚੋਂ ਖਣਿਜ ਦੀਆਂ ਗੰਢਾਂ ਕੱਢਣ ਦਾ ਅਧਿਕਾਰ ਮਿਲਿਆ ਹੋਇਆ ਹੈ।

**ਅੰਤਰਰਾਸ਼ਟਰੀ ਜਾਂ ਕੌਮਾਂਤਰੀ ਸੋਮੇ (International resources):-** ਕਈ ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ ਸੰਯੁਕਤ ਰਾਸ਼ਟਰ ਸੰਘ ਅੰਤਰਰਾਸ਼ਟਰੀ ਸੋਮਿਆਂ ਨੂੰ ਨਿਯਮਿਤ ਕਰਦਾ ਹੈ। ਸਮੁੰਦਰ ਵਿੱਚ 200 ਨਾਟੀਕਲ ਮੀਲ ਦਾ ਨਿਵੇਕਲਾ ਆਰਥਿਕ ਖੇਤਰ ਤੋਂ ਬਾਹਰ ਵਾਲਾ ਸਮੁੰਦਰੀ ਖੇਤਰ ਕਿਸੇ ਇੱਕ ਮੁਲਕ ਦਾ ਨਹੀਂ, ਸਗੋਂ ਅਜਿਹੀਆਂ ਅੰਤਰਰਾਸ਼ਟਰੀ ਸੰਸਥਾਵਾਂ ਅਧੀਨ ਹੁੰਦਾ ਹੈ। ਸੰਨ 1967 ਵਿੱਚ ਬ੍ਰਹਿਮੰਡ ਦੇ ਸੋਮਿਆਂ ਨੂੰ ਮਨੁੱਖਤਾ ਦੀ ਭਲਾਈ ਲਈ ਵਰਤਣ ਲਈ ਸਪੇਸ ਸੰਧੀ 'ਤੇ ਹਸਤਾਖ਼ਰ ਕੀਤੇ ਗਏ ਸਨ।

## ਵਿਕਾਸ ਦੇ ਪੱਧਰ ਦੇ ਆਧਾਰ 'ਤੇ (On the basis of status of growth)

**ਸੰਭਾਵੀ ਸੋਮੇ (Potential resources)** ਇਹ ਉਹ ਸੋਮੇ ਹੁੰਦੇ ਹਨ, ਜੋ ਕਿਸੇ ਇਲਾਕੇ ਵਿੱਚ ਹੁੰਦੇ ਤਾਂ ਹਨ, ਪਰ ਵਰਤੇ ਨਹੀਂ ਗਏ ਹੁੰਦੇ। ਇਹ ਸੰਭਾਵੀ ਸੋਮੇ ਭਵਿੱਖ ਵਿੱਚ ਵਿਕਾਸ ਲਈ ਵਰਤੇ ਜਾਣੇ ਹੁੰਦੇ ਹਨ। ਉਦਾਹਰਨ ਲਈ ਭਾਰਤ ਦੇ ਪੱਛਮੀ ਤੱਟੀ ਖੇਤਰ, ਜੰਮੂ ਕਸ਼ਮੀਰ (ਕੇਂਦਰ ਸ਼ਾਸਤ ਪ੍ਰਦੇਸ਼), ਰਾਜਸਥਾਨ, ਗੁਜਰਾਤ ਵਿੱਚ ਸੌਰ ਤੇ ਪੌਣ ਊਰਜਾ ਦੀਆਂ ਕਾਫੀ ਸੰਭਾਵਨਾਵਾਂ ਹਨ, ਪਰ ਉਹਨਾਂ ਦਾ ਪੂਰਾ ਲਾਭ ਹਾਲੇ ਤੱਕ ਨਹੀਂ ਲਿਆ ਗਿਆ।

**ਵਿਕਸਿਤ ਸੋਮੇ (Developed resources)** ਇਹ ਉਹ ਸੋਮੇ ਹੁੰਦੇ ਹਨ, ਜਿਨ੍ਹਾਂ ਦਾ ਸਰਵੇਖਣ ਭਾਵ ਮੁਲਾਂਕਣ ਹੋ ਚੁੱਕਾ ਹੈ, ਉਹਨਾਂ ਦੇ ਗੁਣਾਂ ਤੇ ਮਾਤਰਾ ਤੇ ਵਰਤੋਂ ਦੇ ਢੰਗ ਤਰੀਕੇ ਈਜਾਦ ਹੋ ਚੁੱਕੇ ਹੁੰਦੇ ਹਨ, ਪਰ ਇਹਨਾਂ ਦਾ ਵਿਕਾਸ ਤੇ ਵਰਤੋਂ ਤਕਨਾਲੋਜੀ ਦੇ ਵਿਕਾਸ 'ਤੇ ਨਿਰਭਰ ਕਰਦਾ ਹੈ।

**ਭੰਡਾਰ (Stock)** ਵਾਤਾਵਰਨ ਵਿੱਚ ਮੌਜੂਦ ਉਹ ਸੋਮੇ ਜੋ ਮਨੁੱਖ ਦੀਆਂ ਲੋੜਾਂ ਪੂਰੀਆਂ ਕਰ ਸਕਦੇ ਹੋਣ ਪਰ ਤਕਨੀਕ ਦੀ ਕਮੀ ਕਾਰਨ ਸਾਡੀ ਪਹੁੰਚ ਤੋਂ ਦੂਰ ਹਨ, ਭੰਡਾਰ ਕਹਾਂਉਦੇ ਹਨ। ਉਦਾਹਰਨ ਲਈ ਪਾਣੀ ਦੋ ਬੇਹੱਦ ਬਲਣਸ਼ੀਲ ਗੈਸਾਂ ਹਾਈਡਰੋਜਨ ਤੇ ਆਕਸੀਜਨ ਦਾ ਯੋਗਿਕ ਹੈ ਤੇ ਊਰਜਾ ਦਾ ਮੁੱਖ ਸੋਮਾ ਬਣ ਸਕਦਾ ਹੈ। ਪਰ! ਤਕਨੀਕ ਦੀ ਕਮੀ ਕਾਰਨ ਫਿਲਹਾਲ ਅਜੇ ਇਸ ਦਾ ਇਸ ਪੱਖੋਂ ਉਪਯੋਗ ਨਹੀਂ ਕੀਤਾ ਜਾ ਸਕਦਾ।

**ਰਿਜ਼ਰਵ (Reserve)** ਰਿਜ਼ਰਵ ਸੋਮੇ ਭੰਡਾਰ ਦਾ ਹਿੱਸਾ ਹੀ ਹੁੰਦੇ ਹਨ। ਇਹਨਾਂ ਨੂੰ ਮੌਜੂਦਾ ਤਕਨੀਕ ਤੇ ਗਿਆਨ ਦੀ ਸਹਾਇਤਾ ਨਾਲ ਵਰਤਿਆ ਜਾ ਸਕਦਾ ਹੈ, ਪਰ ਅਜੇ ਉਹਨਾਂ ਦੀ ਵਰਤੋਂ ਨਹੀਂ ਕੀਤੀ ਜਾ ਰਹੀ। ਉਦਾਹਰਨ ਲਈ ਨਦੀਆਂ ਤੇ ਬੰਨ੍ਹ ਬਣਾ ਕੇ ਪਣ-ਬਿਜਲੀ ਉਤਪਾਦਨ ਬਹੁਤ ਸੀਮਿਤ ਹੱਦ ਤੱਕ ਹੈ।

**ਗ਼ੈਬੀ ਸੋਮੇ (Terrestrial resources)** ਧਰਤੀ 'ਤੇ ਮਿਲਣ ਵਾਲੇ ਸਾਰੇ ਬੇਜਾਨ ਤੇ ਜਾਨਦਾਰ ਸੋਮੇ ਜ਼ਮੀਨ, ਸਮੁੰਦਰੀ ਸੋਮੇ, ਹਵਾ ਵਿੱਚ ਮੌਜੂਦ ਸੋਮੇ, ਤੇ ਬ੍ਰਹਿਮੰਡ ਵਿੱਚ ਪਾਏ ਜਾਣ ਵਾਲੇ ਸੋਮੇ ਜਿਸ ਵਿੱਚ ਸੌਰ ਮੰਡਲ, ਅਕਾਸ਼ ਗੰਗਾ, ਨੈਬੁਲਾ ਵੀ ਮਨੁੱਖ ਦੀ ਭਲਾਈ ਲਈ ਵਰਤੇ ਜਾ ਸਕਦੇ ਹਨ। ਜਾਪਾਨ ਦੀ ਸਪੇਸ ਕਰਾਫ਼ਟ 'ਹਾਇਆਬੇਸਾ' ਨੇ 2010 ਵਿੱਚ ਪੁਲਾੜੀ ਪਿੰਡਾਂ ਦੇ ਟੁਕੜੇ ਲੈ ਕੇ ਆਉਂਦੇ ਸਨ। ਪੁਲਾੜ ਵਿੱਚ ਨਿਕੱਲ, ਲੋਹਾ ਆਦਿ ਮੌਜੂਦ ਹਨ, ਜਿਸ ਦੀ ਵਰਤੋਂ ਕੀਤੀ ਜਾ ਸਕਦੀ ਹੈ।

## ਸੋਮਿਆਂ ਦਾ ਵਿਕਾਸ (Development of resources)

ਸੋਮੇ ਜੀਵਨ ਅਤੇ ਜੀਵਨ ਦੀ ਗੁਣਵੱਤਾ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹਨ। ਅਕਸਰ ਬੇਸਮਝੀ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਸੋਮੇ ਕੁਦਰਤ ਵਲੋਂ ਬਖਸ਼ੇ ਹੋਏ ਮੁਫ਼ਤ ਤੋਹਫ਼ੇ ਹਨ, ਜਿਸਦੇ ਨਤੀਜੇ ਵਜੋਂ ਮਨੁੱਖ ਨੇ ਸੋਮਿਆਂ ਦੀ ਬੇਦਰਦੀ ਨਾਲ ਲੁੱਟ-ਖਸੁੱਟ ਕੀਤੀ ਹੈ ਤੇ ਖੁਦ ਲਈ ਕਈ ਮੁਸੀਬਤਾਂ ਸਹੇੜ ਲਈਆਂ ਹਨ।

- ਕੁਝ ਖ਼ੁਦਗਰਜ਼ ਇਨਸਾਨਾਂ ਦੇ ਨਿੱਜਪ੍ਰਸਤੀ ਲਾਲਚ ਕਰਕੇ ਸੋਮਿਆਂ ਦੀ ਲੁੱਟ ਹੋਈ ਹੈ।
- ਜ਼ਿਆਦਾ ਸੋਮੇ ਕੁਝ ਕੁ ਲੋਕਾਂ ਦੇ ਹੀ ਹੱਥਾਂ ਵਿੱਚ ਹਨ ਜਿਸ ਕਾਰਨ ਪੂਰਾ ਸਮਾਜ ਅਮੀਰ ਤੇ ਗ਼ਰੀਬ ਵਰਗਾਂ ਵਿੱਚ ਵੰਡਿਆ ਗਿਆ ਹੈ।
- ਸੋਮਿਆਂ ਦੀ ਬੇਤਹਾਸ਼ਾ ਲੁੱਟ ਕਾਰਨ ਆਲਮੀ ਤਪਸ਼, ਓਜ਼ੋਨ ਪਰਤ ਦਾ ਬਰਬਾਦ ਹੋਣਾ, ਸਮੁੰਦਰ ਦੇ ਪਾਣੀ ਦੇ ਤੱਲ ਦਾ ਉੱਚਾ ਹੋਣਾ, ਪ੍ਰਦੂਸ਼ਨ, ਮਿੱਟੀ ਦਾ ਖ਼ਰਾਬ ਹੋਣ ਵਰਗੀਆਂ ਕਈ ਖ਼ਤਰਨਾਕ ਮੁਸੀਬਤਾਂ ਪੈਦਾ ਹੋ ਗਈਆਂ ਹਨ।
- ਮਨੁੱਖੀ ਜੀਵਨ ਦੀ ਗੁਣਵਤੱਾ ਤੇ ਸੰਸਾਰ ਵਿੱਚ ਸ਼ਾਤੀ ਤੇ ਆਪਸੀ ਭਾਈਚਾਰਕ ਸਹਿਯੋਗ ਬਣਾਈ ਰੱਖਣ ਲਈ ਸੋਮਿਆਂ ਦੀ ਇੱਕੋ ਜਿਹੀ ਵੰਡ ਜ਼ਰੂਰੀ ਹੋ ਗਈ ਹੈ। ਜੇ ਕੁਝ ਕੁ ਵਿਅਕਤੀਆਂ ਦੁਆਰਾ ਸੋਮਿਆਂ ਦੀ ਲੁੱਟ ਜਾਰੀ ਰਹੀ ਤਾਂ ਸਾਡੀ ਧਰਤੀ ਦਾ ਭਵਿੱਖ ਹੀ ਖ਼ਤਰੇ ਵਿੱਚ ਪੈ ਜਾਵੇਗਾ। ਗਾਂਧੀ ਜੀ ਨੇ ਕਿਹਾ ਸੀ ਕਿ, "ਸਾਡੀ ਇਸ ਧਰਤੀ 'ਤੇ ਸਾਰਿਆਂ ਦੀਆਂ ਲੋੜਾਂ ਲਈ ਤਾਂ ਬਹੁਤ ਕੁਝ ਹੈ ਪਰ ਲਾਲਚੀਆਂ ਦਾ ਲਾਲਚ ਪੂਰਨ ਲਈ ਕੁੱਝ ਨਹੀਂ ਹੈ"। ਯਾਦ ਰੱਖਣ ਦੀ ਲੋੜ ਹੈ ਕਿ ਅਸੀਂ ਧਰਤੀ ਆਪਣੇ ਪੂਰਵਜਾਂ ਤੋਂ, ਵਡੇਰਿਆਂ ਤੋਂ ਵਿਰਸੇ ਵਿੱਚ ਨਹੀਂ ਲਈ ਸਗੋਂ ਆਪਣੇ ਬੱਚਿਆਂ ਲਈ ਉਧਾਰੀ ਲਈ ਹੈ।

1. ਕਲਪਨਾ ਕਰੋ ਕਿ ਜੇ ਖਣਿਜ ਤੇਲ ਖ਼ਤਮ ਹੋ ਜਾਵੇ, ਤਾਂ ਇਸਦਾ ਸਾਡੀ ਰੋਜ਼ਾਨਾ ਜ਼ਿੰਦਗੀ ਤੇ ਕੀ ਪ੍ਰਭਾਵ ਪਵੇਗਾ।
2. ਆਪਣੇ ਮੁੱਹਲੇ/ਪਿੰਡ ਦੇ ਲੋਕਾਂ ਨਾਲ ਗੱਲਬਾਤ ਕਰਕੇ ਇਕ ਸਰਵੇਖਣ ਕਰੋ ਤੇ ਉਹਨਾਂ ਤੋਂ ਜਾਨਣ ਦੀ ਕੋਸ਼ਿਸ਼ ਕਰੋ ਕਿ ਘਰੇਲੂ ਤੇ ਖੇਤੀਬਾੜੀ ਨਾਲ ਸੰਬਧਿਤ ਰਹਿੰਦ-ਖੂੰਹਦ ਨੂੰ ਰੀਸਾਈਕਲ ਕਰਨ ਬਾਰੇ ਉਹਨਾਂ ਦੇ ਕੀ ਵਿਚਾਰ ਹਨ?

(ੳ) ਰੋਜ਼ਾਨਾ ਜ਼ਿੰਦਗੀ ਵਿੱਚ ਵਰਤ ਰਹੇ ਸੋਮਿਆਂ ਬਾਰੇ ਉਹ ਕੀ ਜਾਣਦੇ ਹਨ।
(ਅ) ਇਸ ਸਰਵੇ ਦਾ ਇੱਕ ਕੋਲਾਜ ਆਪਣੀ ਕਾਪੀ ਵਿੱਚ ਬਣਾਓ।

**ਸਦੀਵੀ ਵਿਕਾਸ (Sustainable Development)** ਦਾ ਅਰਥ ਅਜਿਹਾ ਆਰਥਿਕ ਵਿਕਾਸ ਹੈ ਜੋ ਵਾਤਾਵਰਨ ਨੂੰ ਬਿਲਕੁਲ ਨੁਕਸਾਨ ਨਾ ਪੁਚਾਵੇ ਅਤੇ ਵਰਤਮਾਨ ਆਰਥਿਕ ਦਾ ਵਿਕਾਸ ਕਰਦੇ ਹੋਏ ਭਵਿੱਖਤ ਪੀੜੀਆਂ ਲਈ ਵੀ ਸੋਮੇ ਬਚਾ ਕੇ ਰੱਖੇ।

## ਸੋਮਿਆਂ ਦੀ ਯੋਜਨਾਬੰਦੀ (Resource planning)

ਯੋਜਨਾਬੰਦੀ ਜਾਂ ਪਲੈਨਿੰਗ ਦਾ ਅਰਥ ਹੈ ਕਿ, ਕਿਸੇ ਵੀ ਸਮੱਸਿਆ ਬਾਰੇ ਅਗਾਊਂ ਸੋਚਣਾ। ਕੀ ਕੀਤਾ ਜਾਵੇ, ਕਦੋਂ ਕੀਤਾ ਜਾਵੇ, ਕਿਵੇਂ ਕੀਤਾ ਜਾਵੇ ਤੇ ਕੌਣ ਕਰੇ ? ਸਾਧਾਰਨ ਸ਼ਬਦਾਂ ਵਿੱਚ ਯੋਜਨਾਬੰਦੀ ਸਾਨੂੰ ਇਹ ਦਸਦੀ ਹੈ, ਕਿ ਅਸੀਂ ਕਿੱਥੇ ਖੜ੍ਹੇ ਹਾਂ ਤੇ ਕਿੱਥੇ ਅਸੀਂ ਪਹੁੰਚਣਾ ਹੈ। ਯੋਜਨਾਬੰਦੀ ਦੇ ਤਿੰਨ ਪ੍ਰਕਾਰ ਹੁੰਦੇ ਹਨ। ਚਾਲੂ ਯੋਜਨਾ, ਜੁਗਤ ਲਗਾਉਣੀ ਤੇ ਰਣਨੀਤਕ ਯੋਜਨਾ। ਸੋ ਸੋਮਿਆਂ ਦੀ ਸਹੀ ਵਰਤੋਂ ਸਿਰਫ ਯੋਜਨਾਬੰਦੀ ਨਾਲ ਹੀ ਸੰਭਵ ਹੋ ਸਕਦੀ ਹੈ।

ਯੋਜਨਾਬੰਦੀ ਦੀਆਂ ਕਿਸਮਾਂ:-

1. ਪ੍ਰਕਿਰਿਆ ਨਾਲ ਸੰਬੰਧਤ ਯੋਜਨਾ

2. ਨੀਤੀਗਤ ਯੋਜਨਾਬੰਦੀ

3. ਰਣਨੀਤਕ ਯੋਜਨਾਬੰਦੀ

ਭਾਰਤ ਵਰਗੇ ਵਿਸ਼ਾਲ ਦੇਸ਼ ਜਿਥੇ ਸੋਮਿਆਂ ਦੀ ਉਪਲੱਭਧਤਾ ਵਿੱਚ ਬਹੁਤ ਜ਼ਿਆਦਾ ਭਿੰਨਤਾ ਹੈ, ਯੋਜਨਾਬੰਦੀ ਬਹੁਤ ਹੀ ਜ਼ਰੂਰੀ ਹੈ। ਭਾਰਤ ਦੇ ਕੁਝ ਰਾਜ ਸੋਮਿਆਂ ਨਾਲ ਭਰਪੂਰ ਹਨ ਜਦ ਕਿ ਦੂਸਰੇ ਕਈ ਰਾਜਾਂ ਵਿੱਚ ਸੋਮਿਆਂ ਦੀ ਭਾਰੀ ਕਮੀ ਹੈ। ਉਦਾਹਰਨ ਲਈ ਝਾਰਖੰਡ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਰਾਜਾਂ ਵਿੱਚ ਖਣਿਜ ਤੇ ਕੋਲਾ ਬਹੁਤਾਤ ਵਿੱਚ ਹਨ। ਰਾਜਸਥਾਨ ਵਿੱਚ ਸੌਰ ਤੇ ਪੌਣ ਊਰਜਾ ਦੀ ਕਾਫੀ ਸਮਰੱਥਾ ਹੈ, ਪਰ ਪਾਣੀ ਦੀ ਕਮੀ ਹੈ। ਇਸ ਲਈ ਰਾਸ਼ਟਰੀ, ਰਾਜ ਤੇ ਸਥਾਨਕ ਪੱਧਰ 'ਤੇ ਸੋਮਿਆਂ ਦੀ ਵਰਤੋਂ ਬਾਰੇ ਯੋਜਨਾਬੰਦੀ ਜ਼ਰੂਰੀ ਹੈ।



ਕੀ ਤੁਸੀਂ ਸੋਮਿਆਂ ਨਾਲ ਭਰਪੂਰ ਤੇ ਆਰਥਿਕ ਤੌਰ ਤੇ ਪੱਛੜੇ ਖੇਤਰ ਅਤੇ ਘੱਟ ਸੋਮੇ ਪਰ ਆਰਥਿਕ ਤੌਰ ਤੇ ਵਿਕਸਿਤ ਰਾਜਾਂ ਬਾਰੇ ਦੱਸ ਸਕਦੇ ਹੋ? ਅਜਿਹੀ ਸਥਿਤੀ ਦਾ ਕਾਰਨ ਦਸੋ।

ਸਨਅਤੀ ਜਾਂ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਯੂਰਪ ਮਹਾਂਦੀਪ ਵਿੱਚ ਵਸੋਂ ਦਾ ਅਪਾਰ ਵਾਧਾ ਹੋਇਆ ਜਿਸ ਕਾਰਨ ਸਾਧਨਾਂ ਦੀ ਕਮੀ ਮਹਿਸੂਸ ਹੋਣ ਲੱਗੀ ਤੇ ਯੂਰਪ ਦੇ ਸਾਰੇ ਤਾਕਤਵਰ ਦੇਸ਼ਾਂ ਨੇ ਦੁਨੀਆਂ ਭਰ ਵਿੱਚ, ਆਪਣੇ ਲਈ ਸਾਧਨਾਂ ਦੀ ਪੂਰਤੀ ਦੀ ਖਾਤਰ ਕਲੋਨੀਆਂ ਬਨਾਉਣੀਆਂ ਅਰੰਭ ਦਿੱਤੀਆਂ। ਇਤਿਹਾਸ ਗਵਾਹ ਹੈ ਕਿ ਦੂਸਰੇ ਦੇਸ਼ਾਂ ਉੱਤੇ ਕਬਜ਼ੇ ਕਰਨੇ ਭਾਵ ਕਲੋਨੀਆਂ ਬਨਾਉਣ ਦੀ ਇਹ ਦੌੜ ਅਸਲ ਵਿੱਚ ਉਨ੍ਹਾਂ ਦੇਸ਼ਾਂ ਵਿੱਚ ਮੌਜੂਦ ਸਾਧਨਾਂ ਪ੍ਰਤੀ ਖਿੱਚ ਤੋਂ ਹੀ ਅਰੰਭ ਹੋਈ ਸੀ ਜੋ ਤਾਕਤ ਤੇ ਸਰਦਾਰੀ ਦੀ ਦੌੜ ਵਿੱਚ ਤਬਦੀਲ ਹੋ ਗਈ।

ਇਸ ਤਰ੍ਹਾਂ ਕੁਦਰਤੀ ਸਾਧਨ, ਸਰੋਤ ਜਾਂ ਸੋਮੇ ਨਵੀਂ ਤਕਨੀਕ ਨਾਲ ਰੱਲ ਕੇ ਕਿਸੇ ਵੀ ਇਲਾਕੇ ਦੇ ਵਿਕਾਸ ਲਈ ਵੱਡਾ ਯੋਗਦਾਨ ਪਾ ਸਕਦੇ ਹਨ, ਭਾਰਤ ਨੂੰ ਵੀ ਇਹ ਤੱਥ ਬਰਤਾਨਵੀਂ ਕਲੋਨੀ ਬਣਨ ਤੋਂ ਬਾਅਦ ਹੀ ਸਮਝ ਪਏ। ਇਸੇ ਲਈ ਭਾਰਤ ਵਿੱਚ ਵਿਕਾਸ ਦੀ ਸਾਰੀ ਕਥਾ ਸਿਰਫ਼ ਸਾਧਨਾਂ ਦੀ ਹੋਂਦ ਦੀ ਕਥਾ ਨਹੀਂ ਹੈ ਸਗੋਂ ਤਕਨੀਕੀ ਵਿਕਾਸ, ਮਨੁਖੀ ਸਾਧਨਾਂ ਦਾ ਮਿਆਰ ਤੇ ਇਤਿਹਾਸਕ ਤਜ਼ਰਬਾ ਆਦਿ ਵੀ ਇਸ ਵਿੱਚ ਸ਼ਾਮਲ ਹੈ।

ਰੀਓ ਡੀ ਜਨੈਰਿਓ (ਬ੍ਰਾਜ਼ੀਲ) ਦੀ ਧਰਤ ਸੰਮੇਲਨ 1992 ਵਿੱਚ ਹੋਇਆ 'ਤੇ 2012 ਵਿੱਚ ਸੰਯੁਕਤ ਰਾਸ਼ਟਰ ਨੇ ਸਦੀਵੀ ਵਿਕਾਸ ਸੰਮੇਲਨ ਵੀ ਰੀਓ ਵਿਖੇ ਹੀ ਕਰਵਾਇਆ। ਇਨ੍ਹਾਂ ਦੋਹੇਂ ਸੰਮੇਲਨਾਂ ਨੂੰ ਰੀਓ+20 ਜਾਂ ਰੀਓ ਧਰਤ ਸੰਮੇਲਨ-2012 ਵਜੋਂ ਵੀ ਜਾਣਿਆਂ ਜਾਂਦਾ ਹੈ। ਜਿਸਦੇ ਪ੍ਰਮੁੱਖ ਨੁਕਤੇ ਇੰਜ ਹਨ—

- ਉਤਪਾਦਨ ਦੇ ਢੰਗ-ਤਰੀਕਿਆਂ ਦੀ ਨਜ਼ਰਸਾਨੀ ਕਰਨੀ-ਖਾਸਕਰ ਜ਼ਹਿਰੀਲੇ ਪਦਾਰਥ; ਜਿਵੇਂ ਕਿ ਗੈਸੋਲੀਨ ਵਿੱਚ ਸਿੱਕਾ, ਰੇਡੀਓਐਕਟਿਵ ਰਸਾਇਣ ਆਦਿ ਦੇ ਉਤਪਾਦਨਾਂ ਦਾ ਉਚੇਚਾ ਧਿਆਨ ਕਰਨਾ।
- ਆਲਮੀ ਵਾਤਾਵਰਨ ਤਬਦੀਲੀ ਦੇ ਮੱਦੇਨਜ਼ਰ ਪਥਰਾਟ ਅਧਾਰਤ ਬਾਲਣਾਂ ਦੇ ਬਦਲ ਵਜੋਂ ਊਰਜਾ ਦੇ ਹੋਰ ਸਾਧਨ ਲੱਭਣੇ।
- ਵਾਹਨਾਂ ਆਦਿ ਦੇ ਧੂੰਏਂ ਤੇ ਟਾਇਰਾਂ ਦੀ ਰਗੜ ਕਾਰਨ ਪੈਦਾ ਹੁੰਦੇ ਮਹੀਨ ਬੂਰੇ ਤੋਂ ਬਚਾਅ ਲਈ ਵੱਧ ਤੋਂ ਵੱਧ ਲੋਕ ਵਾਹਨਾਂ ਦੀ ਵਰਤੋਂ ਨੂੰ ਉਤਸ਼ਾਹਤ ਕਰਨਾ ਤੇ ਹਵਾ ਸ਼ੁੱਧ ਰੱਖਣ ਦੇ ਯਤਨ ਕਰਨੇ।
- ਪਾਣੀ ਦੀ ਵਰਤੋਂ ਦੀ ਵਧਦੀ ਮੰਗ ਵੇਖਦਿਆਂ, ਇਸਦੀ ਵਰਤੋਂ ਨੂੰ ਅਨੁਸ਼ਾਸਤ ਕਰਨਾ।

## ਭਾਰਤ ਵਿੱਚ ਸੋਮਿਆਂ ਦੀ ਯੋਜਨਾਬੰਦੀ (Planning of resources in India)

ਸੋਮਿਆਂ ਦੀ ਯੋਜਨਾਬੰਦੀ ਇੱਕ ਗੁੰਝਲਦਾਰ ਪ੍ਰਕਿਰਿਆ ਹੈ। ਇਸ ਵਿੱਚ ਸ਼ਾਮਲ ਹੈ:

1. ਦੇਸ਼ ਦੇ ਅਲੱਗ-ਅਲੱਗ ਪ੍ਰਦੇਸ਼ਾਂ (ਰਾਜਾਂ) ਵਿੱਚ ਸੋਮਿਆਂ ਦੀ ਪਛਾਣ ਕਰਕੇ ਇਸ ਦੀ ਸੂਚੀ ਬਣਾਉਣਾ। ਇਸ ਕੰਮ ਵਿੱਚ ਖੇਤਰੀ ਸਰਵੇਖਣ, ਨਕਸ਼ੇ ਬਨਾਉਣਾ, ਸੋਮਿਆਂ ਦੀ ਗੁੱਣਵੱਤਾ ਤੇ ਮਾਤਰਾ ਦੇ ਅਸਾਸੇ ਲਗਾਉਣੇ ਤੇ ਸੋਮਿਆਂ ਦੀ ਗਿਣਤੀ-ਮਿਣਤੀ ਕਰਨੀ ਹੁੰਦੀ ਹੈ।

2. ਸੋਮਿਆਂ ਦੇ ਵਿਕਾਸ ਦੀ ਯੋਜਨਾਬੰਦੀ ਦੇ ਅਨੁਸਾਰ ਸੰਸਥਾਵਾਂ, ਤਕਨੀਕ ਤੇ ਨਿਪੁੰਨਤਾ ਲਾਗੂ ਕਰਕੇ ਯੋਜਨਾ ਸਰੂਪ ਨੂੰ ਅਸਲੀ ਰੂਪ ਦੇਣਾ ਹੁੰਦਾ ਹੈ।

3. ਸੋਮਿਆਂ ਦੇ ਵਿਕਾਸ ਦੀ ਯੋਜਨਾ ਨੂੰ ਦੇਸ਼ ਦੇ ਵਿਕਾਸ ਦੀ ਯੋਜਨਾ ਦੇ ਅਨੁਰੂਪ ਕਰਨਾ ਹੁੰਦਾ ਹੈ। ਭਾਰਤ ਨੇ ਦੇਸ਼ ਦੀ ਅਜ਼ਾਦੀ ਤੋਂ ਬਾਅਦ 5 ਸਾਲਾਂ ਯੋਜਨਾਵਾਂ ਰਾਹੀਂ ਇਹ ਸਾਰੀ ਯੋਜਨਾਬੰਦੀ ਬੜੇ ਨਿੱਗਰ ਤਰੀਕੇ ਨਾਲ ਲਾਗੂ ਕੀਤੀ ਹੈ।

### ਭੂਮੀ ਸੋਮੇ ਦੇ ਤੌਰ 'ਤੇ (Land as a resource):

ਭੂਮੀ ਇੱਕ ਅਜਿਹਾ ਸੋਮਾ ਹੈ ਜਿਸਦਾ ਵਰਤੋਂ ਸਦੀਆਂ ਤੋਂ ਸਾਡੇ ਵਡੇਰੇ ਪੀੜ੍ਹੀ ਦਰ ਪੀੜ੍ਹੀ ਕਰਦੇ ਆਏ ਹਨ। ਅਸੀਂ ਵੀ ਕਈ ਆਰਥਿਕ ਗਤੀਵਿਧੀਆਂ ਲਈ ਇਸਦੀ ਵਰਤੋਂ ਕਰਦੇ ਹਾਂ। ਸੋ ਸਾਡੇ ਲਈ ਜ਼ਮੀਨ ਬਹੁਤ ਮਹਤੱਵਪੂਰਨ ਸੋਮਾ ਹੈ। ਕੁਦਰਤੀ ਬਨਸਪਤੀ ਜੰਗਲੀ ਜੀਵ, ਮਨੁੱਖੀ ਜੀਵਨ, ਆਰਥਿਕ ਗਤੀਵਿਧੀਆਂ, ਆਵਾਜਾਈ ਅਤੇ ਸੰਚਾਰ ਸਹੂਲਤਾਂ ਜ਼ਮੀਨ 'ਤੇ ਹੀ ਆਧਾਰਤ ਹਨ। ਪਰ ਜ਼ਮੀਨ ਇੱਕ ਸੀਮਿਤ ਸੋਮਾ ਹੈ ਤੇ ਇਸ ਲਈ ਇਸਦੀ ਵਰਤੋਂ ਬਹੁਤ ਸਾਵਧਾਨੀ ਨਾਲ ਕਰਨੀ ਜ਼ਰੂਰੀ ਹੈ। ਭਾਰਤ ਵਿੱਚ ਧਰਾਤਲ ਉਪਰ ਕਈ ਤਰਾਂ ਦੀਆਂ ਭੂ-ਆਕ੍ਰਿਤਿਆਂ ਮਿਲਦੀਆਂ ਹਨ। ਜਿਵੇਂ, ਪਹਾੜ, ਪਠਾਰ, ਮੈਦਾਨ ਅਤੇ ਟਾਪੂ ਹਨ। ਲਗਪਗ 43 ਪ੍ਰਤੀਸ਼ਤ ਖੇਤਰ ਮੈਦਾਨ ਹਨ ਜੋ ਖੇਤੀ ਅਤੇ ਉਦਯੋਗਿਕ ਵਿਕਾਸ ਲਈ ਸਹੂਲਤਾਂ ਮੁੱਹਈਆ ਕਰਾਉਂਦੇ ਹਨ। ਦੇਸ਼ ਦੇ 30 ਪ੍ਰਤੀਸ਼ਤ ਖੇਤਰਫ਼ਲ ਵਿੱਚ ਪਹਾੜ ਹਨ ਜੋ ਸਾਰਾ ਸਾਲ ਨਦੀਆਂ ਨੂੰ ਪਾਣੀ ਮੁੱਹਈਆ ਕਰਾਉਂਦੇ ਹਨ, ਸੈਲਾਨੀਆਂ ਦਾ ਪਸੰਦੀਦਾ ਸਥਾਨ ਹਨ ਤੇ ਪਾਰਿਸਥਿਤਿਕ ਤੰਤਰ ਨੂੰ ਸਿਹਤਮੰਦ ਰਖਦੇ ਹਨ। ਦੇਸ਼ ਦਾ ਲਗਭਗ 27 ਪ੍ਰਤੀਸ਼ਤ ਹਿੱਸਾ ਪਠਾਰੀ ਹੈ ਜੋ ਖਣਿਜ ਪਦਾਰਥਾਂ ਅਤੇ ਜੰਗਲਾਂ ਨਾਲ ਭਰਪੂਰ ਹਨ।

**ਉਦਯੋਗਿਕ ਜਾਂ ਸਨਅਤੀ ਕ੍ਰਾਂਤੀ (Industrial revolution 4.0):-** ਉਦਯੋਗਿਕ ਜਾਂ ਸਨਅਤੀ ਕ੍ਰਾਂਤੀ 4.0 ਤੋਂ ਭਾਵ ਹੈ, ਸਮਾਰਟ ਮਸ਼ੀਨਾਂ ਵਾਲੀ ਸਾਇਬਰ ਕਿਰਿਆਵਾਂ ਉੱਤੇ ਅਧਾਰਤ ਸਨਅਤੀ ਵਿਕਾਸ ਦੀ ਗਾਥਾ। ਇਸ ਪ੍ਰਬੰਧ ਵਿੱਚ ਅਜੋਕੇ ਕੰਟਰੋਲ ਸਿਸਟਮ ਵਰਤੇ ਜਾਂਦੇ ਹਨ ਜੋ ਸਾਫ਼ਟਵੇਅਰ ਸਿਸਟਮ ਤੇ ਇੰਟਰਨੈੱਟ ਐਡਰੈਸ ਰਾਹੀਂ ਇੰਟਰਨੈੱਟ ਪ੍ਰਕਿਰਿਆਵਾਂ ਨਾਲ ਹੀ ਜੁੜੇ ਹੁੰਦੇ ਹਨ ਤੇ ਉਸਦੇ ਜ਼ਰੀਏ ਹੀ ਕਾਰਜ ਕਰਦੇ ਹਨ। ਇਸੇ ਨੂੰ IoT (Internet of Things) ਆਖਦੇ ਹਨ।

ਭਾਰਤ ਵਿੱਚ ਸਰਵੋਤਮ ਉਤਪਾਦਕ ਢਾਂਚਾ ਤਿਆਰ ਕਰਨ ਵੱਲ ਕਦਮ ਪੁੱਟਦਿਆਂ 'ਮੇਕ ਇਨ ਇੰਡੀਆ' ਦੇ ਨਾਅਰੇ ਅਧੀਨ 'ਇੰਡਸਟਰੀ4.0' ਦੇ ਨਾਂ ਦੇ ਕੇ ਦੇਸ਼ ਦੀਆਂ ਸਨਅਤਾਂ ਨੂੰ ਆਈ ਓ ਟੀ (Internet of Things) ਤਕਨੀਕ ਨਾਲ ਜੋੜ ਦਿੱਤਾ ਗਿਆ ਹੈ। 'ਇੰਡਸਟਰੀ 4.0' ਦਾ ਸਿਧਾਂਤ ਭਾਰਤ ਦੇ ਉਤਪਾਦਾਂ, ਡਿਜ਼ਾਈਨਾਂ ਤੇ ਉਤਪਾਦਨਾਂ ਦੀ ਸਾਰੀ ਦਿੱਖ ਆਦਿ ਨੂੰ ਤਬਦੀਲ ਕਰਨ ਦੀ ਸਮਰਥਾ ਰੱਖਦਾ ਹੈ। ਉਤਪਾਦਨ ਖੇਤਰ ਨੂੰ ਇਸੇ ਸਿਧਾਂਤ ਹੇਠ ਪੂਰੀ ਤਰ੍ਹਾਂ ਡਿਜੀਟਲ ਬਣਾ ਕੇ, ਕੰਪਿਊਟਰੀ ਸੂਝ ਰਾਹੀਂ ਕਈ ਗੁਣਾਂ ਵਧੇਰੇ ਸਮਰੱਥ ਬਨਾਉਣਾ ਇਸ ਉੱਦਮ ਦਾ ਟੀਚਾ ਹੈ।

- ਪਹਿਲਾ ਸਨਅਤੀ ਇਨਕਲਾਬ (17 ਵੀਂ ਤੇ 18 ਵੀਂ ਸਦੀ); ਨਿਰੀ ਮਨੁਖੀ ਕਿਰਤ ਦੀ ਥਾਂ ਮਸ਼ੀਨਾਂ ਨੇ ਲਈ।
- ਦੂਸਰਾ ਸਨਅਤੀ ਇਨਕਲਾਬ (1920 ਵਿਆਂ ਤੋਂ 30 ਵਿਆਂ 'ਚ); ਬਿਜਲਈ ਊਰਜਾ ਤੇ ਇਸਪਾਤ ਨੇ ਤੇਜ਼ੀ ਤੇ ਤਾਕਤ ਵਿੱਚ ਵਾਧਾ ਕੀਤਾ।
- ਤੀਸਰਾ ਸਨਅਤੀ ਇਨਕਲਾਬ (1950 ਵਿਆਂ 'ਚ); ਡਿਜੀਟਲ ਤਕਨੀਕ ਤੇ ਸਾਫ਼ਟਵੇਅਰ ਔਟੋਮੇਸ਼ਨ ਅਰੰਭੀ।
- ਚੌਥਾ ਸਨਅਤੀ ਇਨਕਲਾਬ (2000 ਵਿਆਂ 'ਚ); IoT ਤੇ ਸਾਇਬਰ ਫ਼ਿਜ਼ੀਕਲ ਸਿਸਟਮ।

ਸੂਚਨਾ ਤਕਨੀਕ ਦੇ ਖੇਤਰ ਵਿੱਚ ਭਾਰਤ ਦੀ ਤਾਕਤ ਅਤੇ ਇਸੇ ਖੇਤਰ ਦੇ ਮਾਹਿਰਾਂ ਦੀ ਵੱਡੀ ਗਿਣਤੀ ਦੇ ਸਹਾਰੇ 'ਇੰਡਸਟਰੀ 4.0' ਜ਼ਰੀਏ ਉਤਪਾਦਨ ਦਾ ਸਫ਼ਰ ਦੇਸ਼ ਵਿੱਚ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ। ਬੋਇੰਗ ਕੰਪਨੀ ਦੀ ਮਾਲੀ ਮਦਦ ਨਾਲ ਇੰਡੀਅਨ ਇੰਸੀਚਿਊਟ ਆਫ਼ ਸਾਇੰਸ (IISc) ਬੜੀ ਤੇਜ਼ੀ ਨਾਲ ਬੇਂਗਲੂਰੂ ਵਿੱਚ ਭਾਰਤ ਦੀ ਪ੍ਰਥਮ ਸਮਾਰਟ ਫ਼ੈਕਟਰੀ ਸਥਾਪਤ ਕਰ ਰਿਹਾ ਹੈ।


## ਸੋਮਿਆਂ ਦੀ ਸੰਭਾਲ (Conservation of Resources)

ਸੋਮੇ ਹਰ ਤਰਾਂ ਦੇ ਵਿਕਾਸ ਲਈ ਜ਼ਰੂਰੀ ਹਨ। ਪਰ! ਬਿਨਾਂ ਸੋਚੇ ਸਮਝੇ ਤੇ ਬੇਤਹਾਸ਼ਾ ਲੁੱਟ ਨਾਲ ਕਈ ਤਰਾਂ ਦੀਆਂ ਆਰਥਿਕ-ਸਮਾਜਿਕ ਤੇ ਵਾਤਾਵਰਨ ਨਾਲ ਸੰਬਧਤ ਸਮੱਸਿਆਵਾਂ ਖੜ੍ਹੀਆਂ ਹੋ ਸਕਦੀਆਂ ਹਨ। ਇਹਨਾਂ ਦੇ ਹੱਲ ਲਈ ਹਰ ਪੱਧਰ ਤੇ ਸੋਮਿਆਂ ਦੀ ਸੰਭਾਲ ਬਹੁਤ ਜ਼ਰੂਰੀ ਹੈ। ਧਰਤੀ ਦੇ ਸਾਰੇ ਕੁਦਰਤੀ ਸੋਮੇ ਜਿਵੇਂ, ਹਵਾ, ਜਲ, ਮਿੱਟੀ, ਖਣਿਜ, ਖਣਿਜ ਤੇਲ, ਪੌਦੇ, ਜੀਵ ਜੰਤੂ ਆਦਿ ਨੂੰ ਸੰਭਾਲ ਕੇ ਰੱਖਣਾ ਬੇਹੱਦ ਜ਼ਰੂਰੀ ਹੈ ਤਾਂ ਕਿ ਹਰ ਪ੍ਰਾਣੀ ਨੂੰ ਅੱਜ ਅਤੇ ਭਵਿੱਖ ਵਿੱਚ ਇਸਦਾ ਫ਼ਾਇਦਾ ਹੋ ਸਕੇ। ਲੋਕ ਅਕਸਰ ਕੁਦਰਤੀ ਸੋਮਿਆਂ ਨੂੰ ਬਰਬਾਦ ਕਰਦੇ ਹਨ। ਜੇ ਇਹ ਬੇਪਰਵਾਹੀ ਜਾਰੀ ਰਹੀ ਤਾਂ ਸਾਧਨ ਹਮੇਸ਼ਾਂ ਲਈ ਖ਼ਤਮ ਹੋ ਜਾਣਗੇ, ਤੇ ਜੇ ਅਸੀਂ ਸਮਝਦਾਰੀ ਨਾਲ ਸੰਭਾਲ ਕੇ ਵਰਤਾਂਗੇ ਤਾਂ ਇਹ ਲੰਮਾ ਸਮਾਂ ਚੱਲ ਸਕਦੇ ਹਨ।

ਸੋਮਿਆਂ ਜਾਂ ਸਾਧਨਾਂ ਦੀ ਬੇਤਹਾਸ਼ਾ ਲੁੱਟ ਨੂੰ ਸਮਝਣਾਂ ਹੀ ਇਸਦੀ ਸੰਭਾਲ ਦਾ ਪਹਿਲਾ ਕਦਮ ਹੈ। ਜਾਨਵਰਾਂ ਦਾ ਅੰਨ੍ਹੇਵਾਹ ਸ਼ਿਕਾਰ, ਜੰਗਲਾਂ ਨੂੰ ਬੇਦਰਦੀ ਨਾਲ ਸਾਫ਼ ਕਰਨਾ ਤੇ ਧਰਤੀ ਨੂੰ ਹਵਾ ਤੇ ਪਾਣੀ ਦੇ ਅਪਰਦਨ ਲਈ ਖੁੱਲ੍ਹਾ ਛੱਡ ਦੇਣਾ, ਉਪਜਾਊ ਮਿੱਟੀ ਦੇ ਇਲਾਕਿਆਂ ਨੂੰ ਰਿਹਾਇਸ਼ੀ ਤੇ ਵਪਾਰਕ ਕਾਰਜਾ ਲਈ ਵਰਤਣਾ, ਬਾਲਣਾਂ ਨੂੰ ਫਜ਼ੂਲ ਫੂਕਣਾਂ ਆਦਿ ਬੇਤਹਾਸ਼ਾ ਲੁੱਟ ਦੇ ਅਧੀਨ ਆਉਂਦੇ ਹਨ। ਪਿਛਲੀਆਂ ਦੋ ਸਦੀਆਂ ਵਿਚ ਮਾਨਵ ਜਾਤੀ ਖ਼ੂਬ ਪ੍ਰਫ਼ਲਤ ਹੋਈ ਹੈ ਤੇ ਭੋਜਨ ਪਦਾਰਥਾਂ, ਰਿਹਾਇਸ਼ੀ ਸਹੂਲਾਂ, ਵਸਤਾਂ ਦੇ ਉਤਪਾਦਨ, ਊਰਜਾ ਉਤਪਾਦਨ ਦੇ ਆਵਾਜਾਈ ਸਹੂਲਤਾਂ ਆਦਿ ਦੀਆਂ ਲੋੜਾਂ ਸੋਮਿਆਂ ਤੇ ਸਾਧਨਾਂ ਦੀ ਵਰਤੋਂ ਰਾਹੀਂ ਹੀ ਪੂਰੀਆਂ ਕੀਤੀਆਂ ਗਈਆਂ ਹਨ। ਮਨੁੱਖ ਨੇ ਇਹ ਲੋੜਾਂ ਭਵਿੱਖ ਨੂੰ ਜ਼ਰਾ ਵੀ ਧਿਆਨ ਵਿੱਚ ਰੱਖ ਕੇ ਨਹੀਂ ਪੂਰੀਆਂ ਕੀਤੀਆਂ ਤੇ ਇਹੀ ਸਭ ਤੋਂ ਵੱਡਾ ਖੱਪਾ ਪੈਦਾ ਕਰ ਗਿਆ ਹੈ। ਮਨੁੱਖ ਨੇ ਸਾਧਨਾਂ ਦੀ ਵਰਤੋਂ ਵਿੱਚ ਜ਼ਰਾ ਵੀ ਸੂਝ ਤੇ ਸੰਜਮ ਨਹੀਂ ਵਿਖਾਏ।

ਆਪਣੇ ਆਲੇ-ਦੁਆਲੇ ਵਿੱਚ ਸੋਮਿਆਂ ਦੀ ਸੂਚੀ ਬਣਾਓ ਜੋ ਕਿ ਮਹਤੱਵਪੂਰਨ ਹਨ ਪਰ ਤੁਹਾਡੇ ਰਾਜ ਵਿੱਚ ਉਹਨਾਂ ਦੀ ਕਮੀਂ ਹੈ। ਤੁਹਾਡੇ ਪਿੰਡ ਦੀ ਪੰਚਾਇਤ ਜਾਂ ਮੁੱਹਲੇ ਦੇ ਲੋਕ ਕਿਹੋ ਜਿਹੇ ਸੋਮੇਂ ਬਣਾਉਣ ਵਿੱਚ ਮਦਦ ਕਰ ਰਹੇ ਹਨ।

**ਭੂਮੀ ਦੀ ਵਰਤੋਂ (Land ultilisation)** ਭੂਮੀ ਦੀ ਵਰਤੋਂ ਤੋਂ ਭਾਵ ਹੈ ਕਿ ਕੋਈ ਭੂਮੀ ਕਿਸ ਕਾਰਜ ਲਈ ਤੇ ਕਿਵੇਂ ਵਰਤੀ ਜਾ ਰਹੀ ਹੈ, ਇਸ ਤੱਥ ਨੂੰ ਰਿਕਾਰਡ ਕਰਨਾ। ਸੰਯੁਕਤ ਰਾਜ ਅਮਰੀਕਾ ਦੇ 2017 ਦੇ ਭੂ-ਭਾਰਤੀ ਸਰਵੇਖਣ ਅਨੁਸਾਰ ਭਾਰਤ ਵਿੱਚ ਸਭ ਤੋਂ ਜ਼ਿਆਦਾ ਵਾਹੀਯੋਗ ਭੂਮੀ ਹੈ ਜੋ ਸੰਸਾਰ ਦੀ ਕੁੱਲ ਵਾਹੀਯੋਗ ਭੂਮੀ ਦਾ ਲਗਪਗ 9.6% ਹੈ ਅਤੇ ਕੁੱਲ 179.8 ਮਿਲੀਅਨ (17 ਕਰੋੜ 98 ਲੱਖ) ਹੈਕਟੇਅਰ ਹੈ। ਭਾਰਤ ਵਿੱਚ ਖੇਤੀਬਾੜੀ ਵਿੱਚ ਵੰਨ-ਸੁਵੰਨਤਾ, ਕਈ ਤਰਾਂ ਦੇ ਵੱਖਰੇ-ਵੱਖਰੇ ਕਾਰਕਾਂ ਜਿਵੇਂ, ਜਲਵਾਯੂ, ਖੇਤੀਬਾੜੀ ਜੋਤਾਂ ਦੇ ਅਕਾਰ, ਕੀਮਤਾਂ, ਸਰਕਾਰੀ ਨੀਤੀਆਂ ਤੇ ਕਿਸਾਨ ਦੀ ਆਮਦਨੀ 'ਤੇ ਨਿਰਭਰ ਕਰਦੀ ਹੈ। ਭਾਰਤ ਦੀ ਪੂਰੀ ਆਰਥਿਕਤਾ ਖੇਤੀਬਾੜੀ ਦੇ ਆਲੇ-ਦੁਆਲੇ ਘੁੰਮਦੀ ਹੈ। ਦੇਸ਼ ਦੀ 58 ਪ੍ਰਤੀਸ਼ਤ ਅਬਾਦੀ ਸਿੱਧੇ ਜਾਂ ਅਸਿੱਧੇ ਤੌਰ ਤੇ ਖੇਤੀਬਾੜੀ ਨਾਲ ਜੁੜੀ ਹੋਈ ਹੈ। ਭਾਰਤ ਦੇ ਕੁੱਲ ਘਰੇਲੂ ਉਤਪਾਦਨ (Gross Domestic Product) ਦਾ 20.2% (NSO 2021) ਖੇਤੀ ਖੇਤਰ ਤੋਂ ਆਉਂਦਾ ਹੈ। ਖੇਤੀਬਾੜੀ ਵਿੱਚ ਫ਼ਸਲਾਂ ਉਗਾਉਣ ਤੋਂ ਇਲਾਵਾ ਪਸ਼ੂ ਪਾਲਣਾ, ਬਾਗਵਾਨੀ, ਮੱਛੀ ਪਾਲਣ, ਰੇਸ਼ਮ ਦੇ ਕੀੜੇ ਪਾਲਣ, ਜੰਗਲ ਵਿਗਿਆਨ, ਫੁੱਲ ਉਗਾਉਣਾ ਆਦਿ ਵੀ ਸਹਾਇਕ ਕਾਰਜਾਂ ਵਜੋਂ ਸ਼ਾਮਲ ਹਨ। ਭਾਰਤ ਦੀ ਭੂਗੋਲਿਕ ਸਥਿਤੀ ਦਾ ਊਸ਼ਣ ਤੇ ਉਪਊਸ਼ਣ ਹੋਣਾ ਭਾਰਤ ਨੂੰ ਲਾਹੇਵੰਦ ਸਥਿਤੀ ਪ੍ਰਦਾਨ ਕਰਦਾ ਹੈ ਤੇ ਭਾਰਤ ਦੇ ਖੇਤੀਬਾੜੀ ਖੇਤਰ ਵਿੱਚ ਇੱਕ ਸਾਲ ਦੌਰਾਨ ਦੋ ਜਾਂ ਦੋ ਤੋਂ ਜ਼ਿਆਦਾ ਫ਼ਸਲਾਂ ਲਈਆਂ ਜਾ ਸਕਦੀਆਂ ਹਨ।




*ਭਾਰਤ-ਭੂਮੀ ਦੀ ਨੁਹਾਰ*

ਭਾਰਤ ਵਿੱਚ ਭੂਮੀ ਦੀ ਵਰਤੋਂ ਸੰਬਧੀ 93% ਭੂਗੋਲਿਕ ਰਕਬੇ (ਲਗਪਗ 3 ਕਰੋੜ 28 ਲੱਖ 75 ਹਜ਼ਾਰ ਹੈਕਟੇਅਰ) ਦੇ ਅੰਕੜੇ ਉਪਲਬੱਧ ਹਨ ਜਿਸ ਵਿੱਚ ਭਾਰਤ ਦੇ ਕੁੱਲ ਭੂਗੋਲਿਕ ਖੇਤਰ ਦਾ 46.15% ਪ੍ਰਤੀਸ਼ਤ ਰਕਬਾ ਕੁੱਲ ਬੀਜਿਆ ਗਿਆ ਰਕਬਾ (Net Sown Area) ਹੈ ਜੋ ਕਿ ਸੰਸਾਰ ਦੇ ਔਸਤ 32 ਪ੍ਰਤੀਸ਼ਤ ਤੋਂ ਕਿਤੇ ਜ਼ਿਆਦਾ ਹੈ। ਹੇਠਾਂ ਦਰਸਾਏ ਚਿੱਤਰ ਵਿੱਚ ਇਸ ਨੂੰ ਇੰਝ ਸਪੱਸ਼ਟ ਕੀਤਾ ਗਿਆ ਹੈ :-


ਭੂਮੀ ਦਾ ਉਪਯੋਗ ਜਾਂ ਭੂਮੀ ਦੀ ਵਰਤੋਂ ਹੇਠਾਂ ਦਿੱਤੇ ਮੰਤਵਾਂ ਲਈ ਕੀਤੀ ਜਾਂਦੀ ਹੈ :

1. ਜੰਗਲਾਂ ਹੇਠ ਭੂਮੀ
2. ਖੇਤੀਬਾੜੀ ਲਈ ਅਣਉਪਲੱਬਧ ਜ਼ਮੀਨ ; (i) ਬੰਜਰ ਭੂਮੀ (ii) ਗ਼ੈਰ-ਖੇਤੀ ਕਾਰਜਾਂ ਲਈ ਭੂਮੀ ਜਿਵੇਂ ਇਮਾਰਤਸਾਜ਼ੀ, ਸੜਕਾਂ, ਸਨਅਤਾਂ ਆਦਿ।
3. ਪਰਤੀ ਭੂਮੀ ਤੋਂ ਇਲਾਵਾ ਗੈਰ ਵਾਹੀਯੋਗ ਕਾਰਜਾਂ ਹੇਠ ਭੂਮੀ; (i) ਸਥਾਈ ਚਰਾਗਾਹਾਂ (ii)ਬਿਜਾਈ ਹੇਠ ਨਾ ਆਉਂਦੇ ਰਕਬੇ ਵਿੱਚ ਉੱਗੇ ਰੁੱਖਾਂ ਦੀ ਭੂਮੀ (iii) ਬੰਜਰ ਛੱਡੀ ਭੂਮੀ ਜਿੱਥੇ 5 ਸਾਲਾਂ ਤੋਂ ਵੱਧ ਮਿਆਦ ਤੱਕ ਖੇਤੀ ਨਹੀਂ ਕੀਤੀ ਗਈ।
4. ਪਰਤੀ ਭੂਮੀ; (i) ਹਾਲੀਆ ਪਰਤੀ ਭੂਮੀ (ii) ਹੋਰ ਪਰਤੀ ਭੂਮੀ
5. ਬਿਜਾਈ ਹੇਠ ਕੁੱਲ ਰਕਬਾ

ਚਰਾਗਾਹਾਂ ਦੇ ਅਧੀਨ ਭੂਮੀ ਲਗਾਤਾਰ ਘੱਟ ਰਹੀ ਹੈ। ਭਾਰਤ ਦੇ ਵਿਸ਼ਾਲ ਪਸ਼ੂਧਨ (ਜੋ ਕਿ ਸੰਸਾਰ ਵਿੱਚ ਸਭ ਤੋਂ ਜ਼ਿਆਦਾ ਹੈ) ਅਸੀ ਬੜੀ ਮਿਹਨਤ ਤੇ ਔਖ ਨਾਲ ਚਾਰਾ ਮੁਹੱਈਆ ਕਰਵਾ ਸਕਦੇ ਹਾਂ ਅਤੇ ਇਸਦਾ ਕੀ ਹੋਵੇਗਾ ? ਵਰਤਮਾਨ ਪਰਤੀ ਭੂਮੀ ਤੋਂ ਇਲਾਵਾ ਜ਼ਿਆਦਾਤਰ ਘੱਟ ਭੂਮੀ ਉਪਜਾਊ ਹੈ ਤੇ ਇਸ ਉਪਰ ਖੇਤੀ ਦੀ ਲਾਗਤ ਬਹੁਤ ਜ਼ਿਆਦਾ ਹੈ। ਸੋ ਇਸ ਭੂਮੀ ਤੇ ਦੋ ਤੋਂ ਤਿੰਨ ਸਾਲਾਂ ਵਿੱਚ ਇਕ ਜਾਂ ਦੋ ਫਸਲਾਂ ਹੀ ਲਈਆਂ ਜਾ ਸਕਦੀਆਂ ਹਨ। ਜੇ ਇਸ ਖੇਤਰ ਨੂੰ ਜੋੜ ਦੀ ਲਿਆ ਜਾਵੇ, ਤਾਂ ਵੀ ਭਾਰਤ ਦਾ ਕੁਲ ਬੀਜਿਆ ਗਿਆ ਰਕਬਾ 54 ਪ੍ਰਤੀਸ਼ਤ ਹੀ ਬਣਦਾ ਹੈ। ਇਹ ਰਕਬਾ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਹੈ। ਪੰਜਾਬ ਅਤੇ ਹਰਿਆਣਾ ਵਿੱਚ ਇਹ 80 ਪ੍ਰਤੀਸ਼ਤ ਤੋਂ ਵੱਧ ਹੈ, ਜਦਕਿ ਅਰੁਣਾਚਲ ਪ੍ਰਦੇਸ਼, ਮਿਜ਼ੋਰਮ, ਮਨੀਪੁਰ ਅਤੇ ਅੰਡੇਮਾਨ ਵਿੱਚ ਇਹ 10 ਪ੍ਰਤੀਸ਼ਤ ਤੋਂ ਵੀ ਘੱਟ ਹੈ।

## ਭੂਮੀ ਦਾ ਡਿੱਗਦਾ ਮਿਆਰ (Degradation) ਅਤੇ ਇਸ ਤੋਂ ਬਚਾਅ ਲਈ ਚੁੱਕੇ ਜਾਣ ਵਾਲੇ ਕਦਮ :


ਭਾਰਤ ਵਿੱਚ ਹੁਣ ਤੱਕ 13 ਕਰੋੜ ਹੈਕਟੇਅਰ ਭੂਮੀ ਦਾ ਮਿਆਰ ਡਿਗ ਚੁੱਕਾ ਹੈ। ਇਸ ਤੋਂ ਭਾਵ ਹੈ ਕਿ ਭੂਮੀ ਦੇ ਗੁਣਾਂ ਵਿੱਚ ਕਮੀ ਆਈ ਹੈ। ਇਸ ਵਿੱਚ 28 ਪ੍ਰਤੀਸ਼ਤ ਜੰਗਲਾਂ ਅਧੀਨ ਖੇਤਰ, 56 ਪ੍ਰਤੀਸ਼ਤ ਜਲ ਦੁਆਰਾ ਅਪਰਦਿਤ





*ਭਾਰਤ : ਜੰਗਲਾਂ ਹੇਠ ਰਕਬਾ - 2021*

ਭੌਂ ਦਾ ਰਕਬਾ ਹੈ ਬਾਕੀ ਬਚਦਾ ਖੇਤਰ ਤੇਜ਼ਾਬੀਪਣ ਅਤੇ ਖ਼ਾਰ ਨਾਲ ਗ੍ਰਸਤ ਹੈ। ਕੁੱਝ ਖੇਤਰ ਮਨੁੱਖੀ ਕਾਰਨਾਂ ਜਿਵੇਂ ਜੰਗਲਾਂ ਦੀ ਕਟਾਈ, ਪਸ਼ੂ ਚਾਰਨ, ਖਾਣਾਂ ਵਿਚੋਂ ਖਣਿਜ ਕੱਢਣ ਕਾਰਨ ਬਰਬਾਦ ਹੋਇਆ ਹੈ।

ਭੂਮੀ ਦੀ ਵਰਤੋਂ ਖੇਤੀ ਤੇ ਹੋਰ ਕੰਮਾਂ ਲਈ ਸਦੀਆਂ ਤੋਂ ਸਾਡੇ ਵਡੇਰੇ ਕਰਦੇ ਆਏ ਹਨ ਤੇ ਭਵਿੱਖ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਵੀ ਕਰਦੀਆਂ ਰਹਿਣਗੀਆਂ। ਮਨੁੱਖ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ ਮਕਾਨ ਦਾ 90 ਪ੍ਰਤੀਸ਼ਤ ਜ਼ਮੀਨ ਤੋਂ ਹੀ ਮਿਲਦਾ ਹੈ। ਮਨੁੱਖੀ ਗਤੀਵਿਧੀਆਂ ਨੇ ਨਾ ਸਿਰਫ਼ ਭੂਮੀ ਦਾ ਮਿਆਰ ਡੇਗਿਆ ਹੈ, ਸਗੋਂ ਭੂਮੀ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਕੁਦਰਤੀ ਸ਼ਕਤੀਆਂ ਨੂੰ ਵੀ ਤਾਕਤ ਪ੍ਰਦਾਨ ਕੀਤੀ ਹੈ। ਕੁਝ ਮਨੁੱਖੀ ਗਤੀਵਿਧੀਆਂ ਜਿਵੇਂ ਰੁੱਖਾਂ ਦੀ ਕਟਾਈ, ਖਣਨ, ਆਦਿ ਨੇ ਭੂਮੀ ਨੂੰ ਨੁਕਸਾਨ ਪੰਹੁਚਾਇਆ ਹੈ। ਖਾਣਾਂ ਵਿਚੋਂ ਖਣਿਜ ਕੱਢਣ ਤੋਂ ਬਾਅਦ ਖਾਲੀ ਛੱਡੀ




*ਸ੍ਰੋਤ : ਵਣ ਸਰਵੇਖਣ ਪੰਜਾਬ - 2019*




*ਭਾਰਤ : ਪ੍ਰਮੁੱਖ ਮਿੱਟੀਆਂ*

ਜ਼ਮੀਨ ਦਾ ਮਿਆਰ ਡਿੱਗਦਾ ਹੈ। ਝਾਰਖੰਡ, ਛੱਤੀਸਗੜ੍ਹ ਮੱਧ ਪ੍ਰਦੇਸ਼, ਤੇ ਓਡੀਸ਼ਾ ਵਿੱਚ ਖਾਣਾਂ ਵਿਚੋਂ ਖਣਿਜ ਕੱਢਣ ਲਈ ਅੰਨੇਵਾਹ ਰੁੱਖਾਂ ਦੀ ਕਟਾਈ ਕਾਰਨ ਭੂਮੀ ਦੀ ਮਿਆਰ ਡਿੱਗਿਆ ਹੈ। ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਵਿੱਚ ਪਸ਼ੂਆਂ ਦੇ ਚਰਾਓਣ ਕਾਰਨ, ਪੰਜਾਬ, ਹਰਿਆਣਾ, ਪਛੱਮੀ ਉੱਤਰ ਪ੍ਰਦੇਸ਼ ਵਿੱਚ ਜ਼ਰੂਰਤ ਤੋਂ ਜ਼ਿਆਦਾ ਸਿੰਚਾਈ ਕਰਨ ਕਰਕੇ ਭੂਮੀ ਦਾ ਮਿਆਰ ਡਿੱਗਿਆ ਹੈ। ਖੇਤਾਂ ਵਿੱਚ ਪਾਣੀ ਖੜਾ ਰਹਿਣ ਕਾਰਨ ਸੇਮ, ਤੇਜ਼ਾਬੀਪਣ, ਤੇ ਖਾਰ ਦੀ ਸਮੱਸਿਆ ਵੱਧ ਗਈ ਹੈ। ਸੀਮਿੰਟ ਉਦਯੋਗ ਵਿੱਚ ਵਰਤੇ ਜਾਣ ਵਾਲੇ ਪਦਾਰਥ ਚੂਨਾ ਪੱਥਰਾ ਕੈਲਸਾਈਟ ਤੇ

ਹੋਰ ਚੱਟਾਨਾਂ ਦੇ ਪੀਸਣ ਦੀ ਪ੍ਰਕਿਰਿਆ ਕਾਰਨ ਵੱਡੀ ਮਾਤਰਾ ਵਿੱਚ ਧੂੜ ਵਾਯੂਮੰਡਲ ਵਿੱਚ ਪਹੁੰਚਦੀ ਹੈ ਤੇ ਮਿੱਟੀ ਤੇ ਜੰਮ ਕੇ ਉਸ ਵਿੱਚ ਪਾਣੀ ਦੇ ਸੋਖਣ ਦੀ ਪ੍ਰਕਿਰਿਆ ਨੂੰ ਖ਼ਤਮ ਕਰ ਦਿੰਦੀ ਹੈ। ਉਦਯੋਗਾਂ ਤੋਂ ਨਿਕਲਦਾ ਜ਼ਹਿਰੀਲਾ ਪ੍ਰਦੂਸ਼ਿਤ ਪਾਣੀ ਭੂਮੀ ਤੇ ਜਲ ਪ੍ਰਦੂਸ਼ਣ ਦਾ ਵੱਡਾ ਕਾਰਨ ਹੈ।

ਭੂਮੀ ਦਾ ਮਿਆਰ ਡਿੱਗਣ ਤੋਂ ਬਚਾਉਣ ਦੇ ਕਈ ਤਰੀਕੇ ਹਨ। ਵੱਧ ਤੋਂ ਵੱਧ ਰੁੱਖ ਲਗਾਉਣਾ, ਪਸ਼ੂਆਂ ਦੇ ਚਾਰੇ ਦਾ ਠੀਕ ਪ੍ਰਬੰਧ ਕਰਨਾ, ਰੇਤਲੇ ਇਲਾਕੇ ਨੂੰ ਵਧਣ ਤੋਂ ਰੋਕ ਲਾਉਣ ਲਈ ਦਰੱਖਤਾਂ ਦੀਆਂ ਕਤਾਰਾਂ ਲਗਾਉਣੀਆਂ, ਖਾਲੀ ਪਈਆਂ ਜ਼ਮੀਨਾਂ ਦਾ ਸਹੀ ਪ੍ਰਬੰਧ ਕਰਨਾ, ਉਦਯੋਗਾਂ ਤੋਂ ਨਿਕਲਣ ਵਾਲੇ ਗੰਦੇ ਪਾਣੀ ਤੇ ਰੋਕ ਲਗਾਉਣਾ, ਆਦਿ ਕੁੱਝ ਤਰੀਕੇ ਹਨ ਜਿਨ੍ਹਾ ਨੂੰ ਆਪਣਾ ਕੇ ਅਸੀਂ ਮਿੱਟੀ ਤੇ ਪਾਣੀ ਦੇ ਡਿੱਗਦੇ ਮਿਆਰ ਨੂੰ ਠੀਕ ਕਰ ਸਕਦੇ ਹਾਂ।

ਭਾਰਤ ਵਿੱਚ ਸੰਨ 1952 ਵਿੱਚ ਬਣਾਈ ਗਈ ਰਾਸ਼ਟਰੀ (ਕੌਮੀ) ਵਣ ਨੀਤੀ ਮੁਤਾਬਕ ਭਾਰਤ ਦੇ ਕੁੱਲ ਰਕਬੇ ਦਾ ਲਗਪਗ 33 ਪ੍ਰਤੀਸ਼ਤ ਭੂ-ਭਾਗ ਜੰਗਲਾਂ ਹੇਠ ਹੋਣਾ ਚਾਹੀਦਾ ਹੈ। ਇਹ ਪਰਿਸਿਥਿਤਕ ਤੰਤਰ (Ecosystem) ਨੂੰ ਠੀਕ ਰੱਖਣ ਲਈ ਵੀ ਜ਼ਰੂਰੀ ਹੈ। ਦੇਸ਼ ਵਿੱਚ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਜੰਗਲ ਜਾਂ ਉਸ ਦੇ ਉਤਪਾਦਾਂ ਤੇ ਨਿਰਭਰ ਕਰਦੀ ਹੈ। ਸੰਨ 2017 ਵਿੱਚ ਹੋਏ ਜੰਗਲਾਤ ਸਰਵੇਖਣ ਮੁਤਾਬਕ ਭਾਰਤ ਦੇ ਕੁੱਲ ਭੂਗੋਲਿਕ ਰਕਬੇ ਦਾ 21.54 ਪ੍ਰਤੀਸ਼ਤ (ਲਗਪਗ 7,08,273 ਵਰਗ ਕਿਲੋਮੀਟਰ) ਰਕਬਾ ਜੰਗਲਾਂ ਅਧੀਨ ਸੀ। ਜੇ ਖੇਤੀਬਾੜੀ ਜੰਗਲਾਤ ਅਧੀਨ ਰਕਬਾ ਜੋੜ ਲਿਆ ਜਾਵੇ ਤਾਂ ਕੁੱਲ ਰਕਬਾ 24.39 ਪ੍ਰਤੀਸ਼ਤ (8,02,688 ਵਰਗ ਕਿਲੋਮੀਟਰ) ਬਣਦਾ ਸੀ। ਸੂਬਿਆਂ ਦੇ ਜੰਗਲਾਂ ਹੇਠਾਂ ਰਕਬੇ ਵਿੱਚ ਮੱਧ ਪ੍ਰਦੇਸ਼ ਵਿੱਚ ਸਾਲ 2021 ਦੇ ਫ਼ੌਰੈਸਟ ਸਟੇਟਸ (ਜੰਗਲਾਤ ਸਰਵੇਖਣ) ਰਿਪੋਰਟ ਮੁਤਾਬਕ ਦੇਸ਼ ਵਿੱਚ ਕੁਲ 7,13,789 ਵਰਗ ਕਿਲੋਮੀਟਰ ਖੇਤਰ ਵਿੱਚ ਜੰਗਲ ਮਿਲਦੇ ਹਨ। ਜੋ ਕਿ ਕੁੱਲ ਭੂਗੋਲਿਕ ਖੇਤਰ ਦਾ 21.71 ਪ੍ਰਤੀਸ਼ਤ ਬਣਦਾ ਹੈ। ਜੰਗਲ ਤੇ ਜੰਗਲਾਂ ਅਧੀਨ ਰਕਬਾ 8,07276 ਵਰਗ ਕਿਲੋਮੀਟਰ ਯਾਨੀ 24.68 ਪ੍ਰਤੀਸ਼ਤ ਬਣਦਾ ਹੈ। ਮੱਧ ਪ੍ਰਦੇਸ਼ ਵਿੱਚ (77,492,60 ਵਰਗ ਕਿਲੋਮੀਟਰ) ਸਭ ਤੋਂ ਵੱਧ ਰਕਬਾ ਜੰਗਲਾਂ ਹੇਠ ਹੈ। ਅਰੁਣਾਚਲ ਪ੍ਰਦੇਸ਼ (51,540 ਵਰਗ ਕਿਲੋਮੀਟਰ) ਤੇ ਛੱਤੀਸਗੜ (59,816 ਵਰਗ ਕਿਲੋਮੀਟਰ) ਕ੍ਰਮਵਾਰ ਦੂਸਰੇ ਤੇ ਤੀਸਰੇ ਨੰਬਰ 'ਤੇ ਹਨ। ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਲਕਸ਼ਦੀਪ (90.33%) ਮਿਜ਼ੋਰਮ ਰਾਜ (84.53%) ਅੰਡੇਮਾਨ ਨਿਕੋਬਾਰ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ 81.74% ਭੂਗੋਲਿਕ ਖੇਤਰ ਜੰਗਲਾਂ ਹੇਠ ਹੈ। ਪੰਜਾਬ ਵਿੱਚ ਮਹਿਜ਼ (ਸਿਰਫ਼) 1,846,65 ਵਰਗ ਕਿਲੋਮੀਟਰ ਜਾਂ 3.67 ਪ੍ਰਤੀਸ਼ਤ ਰਕਬਾ ਹੀ ਜੰਗਲਾਂ ਹੇਠ ਹੈ।

## ਮਿੱਟੀ, ਸੋਮੇ ਵਜੋਂ (Soil as Resource)

ਮਿੱਟੀ ਸਭ ਤੋਂ ਮਹੱਤਵਪੂਰਨ ਨਵਿਆਉਣਯੋਗ ਕੁਦਰਤੀ ਸੋਮਾ ਹੈ। ਇਹ ਪੌਦੇ ਉਗਾਉਣ ਦਾ ਮਾਧਿਅਮ ਹੈ ਤੇ ਕਈ ਸੂਖਮ ਜੀਵਾਂ ਦਾ ਘਰ ਵੀ ਹੈ। ਖਣਨ ਮਗਰੋਂ ਖਾਲੀ ਛੱਡੇ ਸਥਾਨ ਕਿਸੇ ਭੂਮੀ ਦੇ ਮਿੱਟੀ ਸਾਧਨ ਉੱਤੇ ਹੀ ਸਭ ਤੋਂ ਵੱਡਾ ਧੱਬਾ ਛੱਡਦੇ ਹਨ। ਝਾਰਖੰਡ, ਛੱਤੀਸਗੜ੍ਹ, ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਵਿੱਚ ਪਸ਼ੂਆਂ ਨੂੰ ਚਰਾਉਣ ਲਈ ਭੂਮੀ ਦੇ ਸਰੋਤ ਦੇ ਮਿਆਰ ਦਾ ਧਿਆਨ ਨਹੀਂ ਰੱਖਿਆ ਗਿਆ। ਪੰਜਾਬ, ਹਰਿਆਣਾ ਤੇ ਪੱਛਮ ਉੱਤਰ ਪ੍ਰਦੇਸ਼ ਵਿੱਚ ਵਾਧੂ ਸਿੰਜਾਈ ਨਾਲ ਧਰਤੀ (ਭੌਂ) ਦਾ ਮਿਆਰ ਡੇਗਿਆ ਗਿਆ ਹੈ। ਇਨ੍ਹਾਂ ਸਾਰੀਆਂ ਕਿਰਿਆਵਾਂ ਨਾਲ ਅਸਲ ਨੁਕਸਾਨ ਮਿੱਟੀ ਦਾ ਹੋਇਆ ਹੈ ਜਿਸਦੀ ਉਪਰੀ ਪਰਤ ਮੌਸਮੀਕਰਨ ਲਈ ਨੰਗੀ ਹੋ ਗਈ ਹੈ ਕਿਉਂਕਿ ਪਰਤ ਦੀ ਸਭ ਤੋਂ ਉੱਪਰੀ ਪਰਤ ਮਿੱਟੀ ਹੀ ਹੈ। ਕੁਝ ਕੁ ਸੈਂਟੀਮੀਟਰ ਮਿੱਟੀ ਬਣਨ ਵਿੱਚ ਵੀ ਕਰੋੜਾਂ ਸਾਲ ਲਗਦੇ ਹਨ। ਧਰਾਤਲ, ਮੁੱਢਲੀ ਚਟਾਨ, ਜਲਵਾਯੂ, ਬਨਸਪਤੀ, ਅਤੇ ਸਮਾਂ ਆਦਿ ਕਾਰਕ ਮਿੱਟੀ ਦੇ ਬਣਨ ਵਿੱਚ ਮਦਦ ਕਰਦੇ ਹਨ। ਕਈ ਕੁਦਰਤੀ ਸ਼ਕਤੀਆਂ ਜਿਵੇਂ, ਤਾਪਮਾਨ ਵਿੱਚ ਬਦਲਾਅ ਵਗਦਾ ਹੋਇਆ ਜਲ, ਪੌਣਾਂ, ਗਲੇਸ਼ੀਅਰ ਅਤੇ ਬੈਕਟੀਰੀਆ ਆਦਿ ਵੀ ਆਪਣਾ ਰੋਲ ਅਦਾ ਕਰਦੇ ਹਨ।

ਮਿੱਟੀ ਵਿੱਚ ਮੌਜੂਦ ਰਾਸਾਇਣ ਤੇ ਸਜੀਵੀ ਪਦਾਰਥ ਜਿਵੇਂ (ਹਿਊਮਸ, Humus) ਮੱਲੜ੍ਹ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਪ੍ਰਭਾਵਿਤ ਕਰਦੇ ਹਨ। ਮਿੱਟੀ ਦੀ ਬਨਾਵਟ, ਰੰਗ, pH ਮੁੱਲ, ਪਾਣੀ ਨੂੰ ਸੋਖਣ ਦੀ ਸਮਰੱਥਾ ਆਦਿ ਦੇ ਆਧਾਰ 'ਤੇ ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰਿਸਰਚ ਨੇ ਭਾਰਤ ਵਿੱਚ ਹੇਠ ਲਿਖੇ ਅਨੁਸਾਰ ਮਿੱਟੀਆਂ ਦੀ ਵੰਡ ਕੀਤੀ ਹੈ:-

| ਮਿੱਟੀ ਦੀ ਕਿਸਮ | ਖ਼ਾਸੀਅਤ | ਖੇਤਰ (ਇਲਾਕੇ) | ਫ਼ਸਲਾਂ |
|---|---|---|---|
| ਜਲੋਢੀ ਮਿੱਟੀ (Alluvial Soil) | ਇਸ ਵਿੱਚ ਕਾਫੀ ਮਾਤਰਾ ਵਿੱਚ ਪੋਟਾਸ਼ ਤੇ ਫ਼ਾਸਫ਼ੋਰਿਕ ਐਸਿਡ ਹੁੰਦਾ ਹੈ, ਪਰ ਫ਼ਾਸਫ਼ੋਰਸ ਤੇ ਚੂਨੇ ਦੀ ਕਮੀ ਹੁੰਦੀ ਹੈ। ਮੁੱਲ ਪਹਾੜ ਪੈਰ ਦੇ ਇਲਾਕਿਆਂ ਤੋਂ ਪੱਛਮ ਵੱਲ ਜਾਂਦਿਆਂ ਵੱਧਦਾ ਹੈ। | ਸਿੰਧ ਗੰਗਾ, ਬ੍ਰਹਮਪੁੱਤਰ ਦੇ ਮੈਦਾਨ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਆਸਾਮ ਤੱਟੀ ਪੱਛਮੀ ਤੇ ਪੂਰਬੀ ਮੈਦਾਨ। | ਕਣਕ, ਝੋਨਾ (ਚੌਲ) |
| ਕਾਲੀ ਮਿੱਟੀ (Black Soil) | ਇਸ ਵਿੱਚ ਕਾਫ਼ੀ ਮਾਤਰਾ ਵਿੱਚ ਲੋਹਾ, ਕੈਲਸ਼ੀਅਮ ਕਾਰਬੋਨੇਟ, ਪੋਟਾਸ਼, ਅਤੇ ਮੈਗਨੀਸ਼ੀਅਮ ਹੁੰਦਾ ਹੈ, ਪਰ ਫ਼ਾਸਫ਼ੋਰਸ, ਨਾਈਟਰੋਜਨ ਤੇ ਸਜੀਵ ਤੱਤਾਂ ਦੀ ਕਮੀ ਹੁੰਦੀ ਹੈ। | ਮਹਾਰਾਸ਼ਟਰ, ਗੁਜਰਾਤ ਦਾ ਸੌਰਾਸ਼ਟਰ, ਮੱਧ ਪ੍ਰਦੇਸ਼ ਦੇ ਕੁੱਝ ਹਿੱਸੇ ਕਰਨਾਟਕ, ਤੇਲੰਗਾਨਾ, ਝਾਰਖੰਡ ਤੇ ਤਾਮਿਲਨਾਡੂ | ਕਪਾਹ ਤੇ ਗੰਨਾ |
| ਲਾਲ ਮਿੱਟੀ (Red Soil) | ਇਸ ਮਿੱਟੀ ਵਿੱਚ ਨਾਈਟਰੋਜਨ, ਫ਼ਾਸਫ਼ੋਰਸ ਤੇ ਮਲੜ੍ਹ ਦੀ ਭਾਰੀ ਕਮੀ ਹੁੰਦੀ ਹੈ। | ਤਾਮਿਲਨਾਡੂ, ਕਰਨਾਟਕ, ਆਂਧਰਾ ਪ੍ਰਦੇਸ਼, ਤੇਲੰਗਾਨਾ, ਛਤੀਸਗੜ੍ਹ, ਓਡੀਸ਼ਾ ਉਤਰ ਪੂਰਬੀ ਰਾਜਾਂ ਦੇ ਕੁੱਝ ਹਿੱਸੇ | ਤੰਮਾਕੂ ਅਤੇ ਮੂੰਗਫ਼ਲੀ |
| ਲੈਟਰਾਈਟ ਮਿੱਟੀ (Laterite Soil) | ਇਹ ਇੱਟ ਰੰਗੀ ਮਿੱਟੀ ਹੁੰਦੀ ਹੈ। ਇਸ ਵਿੱਚ ਆਇਰਨ ਆਕਸਾਈਡ, ਪੋਟਾਸ਼, ਤੇ ਐਲੂਮੀਨੀਅਮ ਦੀ ਭਰਪੂਰ ਮਾਤਰਾ ਹੁੰਦੀ ਹੈ ਪਰ ਇਸ ਵਿੱਚ ਸਜੀਵੀ ਤੱਤ, ਨਾਈਟਰੋਜਨ ਫ਼ਾਸਫ਼ੇਟ ਅਤੇ ਕੈਲਸ਼ੀਅਮ ਦੀ ਕਮੀ ਹੁੰਦੀ ਹੈ। | ਕਰਨਾਟਕ, ਕੇਰਲ, ਤਾਮਿਲਨਾਡੂ, ਆਸਾਮ ਅਤੇ ਮੇਘਾਲਿਆ ਦੇ ਕੁੱਝ ਪਹਾੜੀ ਹਿੱਸੇ, ਓਡੀਸ਼ਾ ਤੇ ਮੱਧ ਪ੍ਰਦੇਸ਼ | ਰੋਪਣ ਫ਼ਸਲਾਂ |
| ਪਹਾੜੀ ਅਤੇ ਜੰਗਲੀ ਮਿੱਟੀ (Mountain/ Forest Soil) | ਇਹ ਮੋਟੀ ਮਿੱਟੀ ਹੁੰਦੀ ਹੈ। ਇਸ ਵਿੱਚ ਸਜੀਵੀ ਤੱਤ ਤੇ ਨਾਈਟਰੋਜਨ ਭਰਪੂਰ ਮਾਤਰਾ ਵਿੱਚ ਹੁੰਦੇ ਹਨ। | ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਉਤਰਾਖੰਡ, ਸਿੱਕਿਮ, ਅਤੇ ਉੱਤਰਪੂਰਬੀ ਰਾਜ। | ਸ਼ੀਤ ਊਸ਼ਣ ਜਲਵਾਯੂ ਵਿੱਚ ਪੈਦਾ ਹੋਣ ਵਾਲੇ ਫ਼ਲ |
| ਰੇਤਲੀ ਮਿੱਟੀ (Sandy Soil) | ਇਸ ਮਿੱਟੀ ਵਿੱਚ ਨਮੀ ਦੀ ਕਮੀ ਹੁੰਦੀ ਹੈ ਅਤੇ ਨਾਲ ਹੀ ਸਜੀਵੀ ਤੱਤਾਂ ਨਾਈਟਰੋਜਨ ਅਤੇ ਫ਼ਾਸਫ਼ੇਟ ਦੀ ਕਮੀ ਹੁੰਦੀ ਹੈ। | ਰਾਜਸਥਾਨ, ਪੱਛਮੀ ਹਰਿਆਣਾ, ਦੱਖਣੀ ਪੱਛਮੀ ਪੰਜਾਬ, ਅਤੇ ਉੱਤਰੀ ਗੁਜਰਾਤ | ਮੋਟੇ ਅਨਾਜ, ਮੂੰਗਫ਼ਲੀ, ਦਾਲ੍ਹਾਂ ਅਤੇ ਤੇਲਾਂ ਦੇ ਬੀਜ |
| ਖ਼ਾਰੀ ਮਿੱਟੀ ਰੇਹ (Saline Soil) | ਰੇਹ ਜਾਂ ਖਾਰੀ ਮਿੱਟੀ ਵਿੱਚ ਕਾਫ਼ੀ ਮਾਤਰਾ ਵਿੱਚ ਸੋਡੀਅਮ, ਪੋਟਾਸ਼ੀਅਮ, ਤੇ ਮੈਗਨੀਸ਼ੀਅਮ ਹੁੰਦਾ ਹੈ, ਪਰ ਨਾਈਟਰੋਜਨ ਅਤੇ ਕੈਲਸ਼ੀਅਮ ਦੀ ਕਮੀ ਹੁੰਦੀ ਹੈ। | ਬੰਗਾਲ ਵਿੱਚ ਸੁੰਦਰਬਨ 'ਤੇ ਗੁਜਰਾਤ ਦੇ ਕੱਛ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਜ਼ਿਆਦਾ ਸਿੰਚਾਈ ਵਾਲੇ ਇਲਾਕੇ | ਬਾਜਰਾ, ਕਪਾਹ, ਤੇਲਾਂ ਦੇ ਬੀਜ ਆਦਿ |
| ਦਲਦਲੀ ਮਿੱਟੀ | ਇਸ ਮਿੱਟੀ ਵਿੱਚ ਕਾਫ਼ੀ ਮਾਤਰਾ ਵਿੱਚ ਸਜੀਵੀ ਤੱਤ ਅਤੇ ਨਾਈਟਰੋਜਨ ਹੁੰਦੇ ਹਨ। | ਉਤਰੀ ਬਿਹਾਰ, ਉੱਤਰਾਖੰਡ ਪੱਛਮੀ ਬੰਗਾਲ, ਓਡੀਸ਼ਾ, ਤਾਮਿਲਨਾਡੂ | ਝੋਨਾ (ਚਾਵਲ) ਅਤੇ ਪਟਸਨ |



ਜਲੋਢੀ ਮਿੱਟੀ




ਰੇਤਲੀ ਮਿੱਟੀ



ਲੈਟਰਾਈਟ ਮਿੱਟੀ

ਮੌਸਮੀਕਰਨ ਤੇ ਗ੍ਰੇਡੇਸ਼ਨ ਹਜ਼ਾਰਾਂ ਸਾਲਾਂ ਵਿੱਚ ਚੱਟਾਨਾਂ ਨੂੰ ਤੋੜ ਕੇ ਮਿੱਟੀ ਦੀ ਪਤਲੀ ਪਰਤ ਬਣਾਉਂਦੇ ਹਨ। ਪ੍ਰਾਚੀਨ ਕਾਲ ਵਿੱਚ ਮਿੱਟੀ ਨੂੰ ਮੋਟੇ ਤੌਰ 'ਤੇ ਉਰਵਰਾ ਜਾਂ ਉਪਜਾਊ ਤੇ ਊਸਰ ਜਾਂ ਬੰਜਰ ਮਿੱਟੀਆਂ ਵਿੱਚ ਵੰਡਿਆ ਜਾਂਦਾ ਸੀ। ਚੱਟਾਨਾਂ ਦੇ ਪ੍ਰਕਾਰ, ਤਰਤੀਬ, ਤੇ ਗੁਣ ਮਿੱਟੀ ਦੀ ਬਣਤਰ 'ਤੇ ਅਸਰ ਪਾਉਂਦੇ ਹਨ। ਜਲਵਾਯੂ ਤੇ ਧਰਤੀ ਦੀਆਂ ਬਾਹਰਲੀਆਂ ਤਾਕਤਾਂ ਮਿੱਟੀ ਦੀ ਬਨਾਵਟ 'ਤੇ ਅਸਰ ਪਾਉਂਦੀਆਂ ਹਨ। ਇੱਕ ਫੁੱਟ ਮਿੱਟੀ ਬਣਨ ਤੇ 20,000 ਸਾਲ ਤੱਕ ਲੱਗ ਜਾਂਦੇ ਹਨ।

ਧਰਾਤਲੀ ਕਾਰਕ, ਢਲਾਨ, ਤੇ ਮਲਬੇ ਦਾ ਟੁੱਟ ਕੇ ਡਿਗਣਾ (Mass Movement) ਮਿੱਟੀ ਬਨਾਉਣ ਵਿੱਚ ਮਦਦ ਕਰਦੇ ਹਨ। ਢਲਾਨ ਜਿੰਨੀ ਜ਼ਿਆਦਾ ਤਿੱਖੀ ਹੋਵੇਗੀ, ਅਪਰਵਤਨ (Erosion) ਦੀ ਕਿਰਿਆ ਓਨੀ ਹੀ ਜ਼ਿਆਦਾ ਹੋਵੇਗੀ। ਮਿੱਟੀ ਦੀ ਬਣਤਰ ਦਾ ਅਰਥ ਹੈ ਕਿ ਮਿੱਟੀ ਦੇ ਕਣ ਕਿਸ ਤਰੀਕੇ ਨਾਲ ਇੱਕ ਦੂਸਰੇ ਨਾਲ ਜੁੜੇ ਹੋਏ ਹਨ। ਮਿੱਟੀ ਦੇ ਕਣਾਂ ਵਿੱਚ ਹਵਾ, ਨਮੀ, ਤਾਪਮਾਨ, ਪਾਣੀ ਸੋਖਣ ਤੇ ਲੰਘਾਉਣ ਦੀ ਪ੍ਰਕਿਰਿਆ ਮਿੱਟੀ ਦੇ ਗੁਣ ਤੈਅ ਕਰਦੀਆਂ ਹਨ। ਖੁਸ਼ਕ ਤੇ ਅਰਧ ਖੁਸ਼ਕ ਖੇਤਰਾਂ ਵਿੱਚ ਕੈਲਸ਼ੀਅਮ ਕਾਰਬੋਨੇਟ ਮਿੱਟੀ ਦੇ ਹੇਠਲੀ ਪਰਤ (B-Horizon) ਵਿੱਚ ਜਜ਼ਬ ਹੋ ਜਾਂਦੇ ਹਨ। ਇਸ ਨੂੰ ਕੈਲਸੀਫਿਕੇਸ਼ਨ (Classification) ਕਿਹਾ ਜਾਂਦਾ ਹੈ। ਮਿੱਟੀ ਵਿੱਚ ਲੂਣ ਦੀ ਮਾਤਰਾ ਵੱਧ ਜਾਣ ਨੂੰ ਮਿੱਟੀ ਦਾ ਖਾਰਾਪਣ ਜਾਂ ਸੈਲੇਨਾਈਜ਼ੇਸ਼ਨ (Salanisation), ਮਿੱਟੀ ਦੇ ਤੇਜ਼ੀ ਨਾਲ ਖੁਰਨ ਨੂੰ ਲੀਚਿੰਗ (Leaching), ਲੈਸੀਵੀਏਸ਼ਨ (Lessiviation) ਤੇ ਲੈਟਰਾਈਟ ਹੋ ਜਾਣ ਨੂੰ ਚੈਲਿਊਵਿਏਸ਼ਨ (Cheluviation) ਕਿਹਾ ਜਾਂਦਾ ਹੈ। ਮਿੱਟੀ ਦੀ pH ਤੋਂ ਭਾਵ ਹੈ, ਕਿ ਮਿੱਟੀ ਵਿੱਚ ਹਾਈਡਰੋਜਨ ਦੇ ਅਣੂਆਂ ਦੀ ਮਾਤਰਾ। ਧਨਾਤਮਕ ਹਾਈਡਰੋਜਨ ਅਣੂ ਮਿੱਟੀ ਨੂੰ ਤੇਜ਼ਾਬੀ (Acidic) ਤੇ ਰਿਣਾਤਮਕ ਅਣੂ ਮਿੱਟੀ ਨੂੰ ਖ਼ਾਰ (Alkaline) ਬਣਾਉਂਦੇ ਹਨ। ਨਿਰਪੱਖ ਮਿੱਟੀ ਵਿੱਚ ਹਾਈਡਰੋਜਨ ਦੇ ਅਣੂਆਂ ਦੀ ਮਾਤਰਾ 6.5 ਤੋਂ 7.5 ਤੱਕ ਹੁੰਦੀ ਹੈ। ਖਾਰੀਆਂ ਮਿੱਟੀਆਂ ਉਪਜਾਊ ਤੱਤ ਸੋਖਣ ਵਿੱਚ ਸਮਾਂ ਲਗਾਉਂਦੀਆਂ ਹਨ, ਜਿਸ ਨਾਲ ਪੌਦਿਆਂ ਦੇ ਵਾਧੇ 'ਤੇ ਮਾੜਾ ਅਸਰ ਪੈਂਦਾ ਹੈ। ਤੇਜ਼ਾਬੀ ਮਿੱਟੀਆਂ ਵਿੱਚ ਤੇਜ਼ ਭੌਂ ਖੋਰ ਨਾਲ ਉਪਜਾਊ ਤੱਤਾਂ ਦੀ ਕਮੀ ਹੋ ਜਾਂਦੀ ਹੈ ਉਹ ਵੀ ਪੌਦਿਆਂ ਦੇ ਵਾਧੇ 'ਤੇ ਅਸਰ ਪਾਉਂਦੀਆਂ ਹਨ।




ਮਿੱਟੀ ਦੀਆਂ ਪਰਤਾਂ

ਪਾਣੀ ਤੇ ਪੌਣਾਂ ਭੌਂ-ਖੋਰ ਲਈ ਜ਼ਿੰਮੇਵਾਰ ਕਾਰਕ ਹਨ। ਇਹ ਅਬਰੇਸ਼ਨ ਭਾਵ ਘਸੜਨ, ਐਟਰੀਸ਼ਨ ਭਾਵ ਦਬਾਅ ਕਾਰਨ ਅਪਰਦਨ, ਖਾਰੇਪਣ, ਰੇਤ ਦੇ ਕਣਾਂ ਦੇ ਟਕਰਾਉਣ (Sand Blasting) ਡਿਫਲੇਸ਼ਨ ਜਾਂ ਅਪਵਾਦਨ, ਤੇ ਮਿੱਟੀ ਦੇ ਜਮਾਂ ਕਰਨ ਨਾਲ ਭੌਂ-ਖੋਰ ਕਰਦੇ ਹਨ। ਸਥਾਨਅੰਤਰੀ ਖੇਤੀ, ਢਲਾਨ ਦੀ ਖਰਾਬੀ, ਸਿੰਜਾਈ ਦੇ ਗ਼ਲਤ ਤਰੀਕੇ, ਜ਼ਰੂਰਤ ਤੋਂ ਜ਼ਿਆਦਾ ਫ਼ਸਲਾਂ ਦੀ ਕਾਸ਼ਤ, ਖਣਿਜਾਂ ਦਾ ਖਣਨ, ਜੰਗਲਾਂ ਦੀ ਅੰਨੇਵਾਹ ਕਟਾਈ, ਵਿਦੇਸ਼ੀ ਬੂਟਿਆਂ ਦੀਆਂ ਕਿਸਮਾਂ ਉਗਾਉਣਾ ਤੇ ਰਸਾਇਣਾਂ ਦਾ ਪ੍ਰਯੋਗ ਮਿੱਟੀ ਨੂੰ ਬੰਜਰ ਤੇ ਅਣਉਪਜਾਊ ਬਣਾ ਦਿੰਦੇ ਹਨ। ਥਾਰ ਤੇ ਥਾਲੀ ਰੇਗਿਸਤਾਨਾਂ ਦਾ ਵਾਧਾ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਜਲੋਢੀ ਮੈਦਾਨਾਂ ਨੂੰ ਖਾ ਰਿਹਾ ਹੈ। ਮਿੱਟੀ ਦੇ ਪ੍ਰਦੂਸ਼ਣ ਕਾਰਨ ਮਿੱਟੀ ਦੀ ਗੁਣਵੱਤਾ ਘੱਟ ਹੋ ਰਹੀ ਹੈ। ਮਿੱਟੀ ਵਿੱਚ ਜੈਵਿਕ ਪਦਾਰਥਾਂ ਦਾ ਵਾਧਾ, ਰਸਾਇਣਾ ਦਾ ਰਿਸਾਅ, ਕੂੜਾ ਕਰਕਟ ਆਦਿ ਮਿੱਟੀ ਨੂੰ ਬਰਬਾਦ ਕਰ ਰਹੇ ਹਨ। ਇਸ ਤੋਂ ਬਚਾਅ ਲਈ ਮਿੱਟੀ ਦੀ ਸਾਂਭ-ਸੰਭਾਲ ਬਹੁਤ ਹੀ ਜ਼ਰੂਰੀ ਹੈ।

## ਮਿੱਟੀ ਤੇ ਭੂਮੀ ਦੀ ਸਾਂਭ-ਸੰਭਾਲ (Conservation of Soil and Soil Erosion)

ਇਸ ਤਰਾਂ ਉਪਰ ਦੱਸਿਆ ਜਾ ਚੁੱਕਾ ਹੈ ਕਿ ਪੌਣਾਂ, ਗਲੇਸ਼ੀਅਰ ਤੇ ਪਾਣੀ ਮਿੱਟੀ ਨੂੰ ਖੋਰਦੇ ਹਨ। ਅਜਿਹੇ ਅਪਰਦਨ ਦੀਆਂ ਪੰਜ-ਛੇ ਕਿਸਮਾਂ ਹੋ ਸਕਦੀਆਂ ਹਨ। ਵਗਦਾ ਪਾਣੀ ਮਿੱਟੀ ਵਿੱਚ ਘਰਨਾਲਾਂ (Gullies) ਤੇ ਖੱਡਾਂ ਪਾ ਦਿੰਦਾ ਹੈ।




ਗਲੀ ਅਪਰਦਨ



ਘਰਨਾਲਾਂ ਅਪਰਦਨ



ਭੌਂ ਅਪਰਦਨ

ਅਜਿਹੀ ਭੂਮੀ ਵਿੱਚ ਡੂੰਘੀਆਂ ਘਾਟੀਆਂ ਬਣ ਜਾਂਦੀਆਂ ਹਨ, ਜਿਨ੍ਹਾਂ ਨੂੰ ਡੂੰਘੀਆਂ ਘਾਟੀਆਂ ਜਾਂ ਵਾਦੀਆਂ (Ravines Badlands) ਕਿਹਾ ਜਾਂਦਾ ਹੈ। ਭਾਰਤ ਵਿੱਚ ਚੰਬਲ ਦਾ ਖੇਤਰ ਅਜਿਹੀਆਂ ਵਾਦੀਆਂ ਲਈ ਪ੍ਰਸਿੱਧ ਉਦਾਹਰਨ ਹੈ।



ਪੌੜੀਨੁਮਾ ਖੇਤ

ਮੀਂਹ ਜਾਂ ਸਿੰਚਾਈ ਦਾ ਪਾਣੀ ਮਿੱਟੀ ਦੇ ਬਿਲਕੁਲ ਉਪਰਲੀ ਪਰਤ ਨੂੰ ਖੋਰਦਾ ਹੈ ਇਸਨੂੰ ਉਪਰਲੀ ਪਰਤ ਦਾ ਖੁਰਨਾ (Sheet Erosion) ਕਿਹਾ ਜਾਂਦਾ ਹੈ। ਪੌੜੀਨੁਮਾਂ ਖੇਤ ਬਣਾ ਕੇ ਭੌਂ-ਖੋਰ ਨੂੰ ਰੋਕਿਆ ਜਾ ਸਕਦਾ ਹੈ। ਪੱਛਮੀ ਤੇ ਕੇਂਦਰੀ ਹਿਮਾਲਿਆ ਵਿੱਚ ਪੌੜੀਦਾਰ ਖੇਤ ਬਣਾ ਕੇ ਭੌਂ-ਖੋਰ ਨੂੰ ਰੋਕਣ ਦੇ ਯਤਨ ਕੀਤੇ ਜਾ ਰਹੇ ਹਨ। ਖੇਤਾਂ ਨੂੰ ਛੋਟੇ-ਛੋਟੇ ਟੁਕੜਿਆਂ ਜਾਂ ਕਿਆਰੀਆਂ ਬਣਾ ਕੇ ਮਿੱਟੀ ਦੀ ਉਪਰਲੀ ਪਰਤ ਖੁਰਨੋਂ ਬਚਾਈ ਜਾ ਸਕਦੀ ਹੈ। ਇਸ ਨਾਲ ਪੌਣਾ ਦੇ ਵੇਗ ਦਾ ਅਸਰ ਘੱਟ ਜਾਂਦਾ ਹੈ। ਕਤਾਰਾਂ ਨਾਲ ਲਗਾਏ ਗਏ ਦਰੱਖਤ ਵੀ ਭੌਂ-ਖੋਰ ਨੂੰ ਰੋਕਦੇ ਹਨ। ਰੇਗਿਸਤਾਨ ਨੂੰ ਹੋਰ ਅੱਗੇ ਵੱਧਣ ਤੋਂ ਵੀ ਰੋਕਦੇ ਹਨ।

**ਮਿੱਟੀ ਦੀ ਸਾਂਭ ਸੰਭਾਲ ਦੇ ਕੁੱਝ ਤਰੀਕੇ:**

(i) ਘਰਨਾਲਾਂ ਜਾਂ ਵਾਦੀਆਂ ਨੂੰ ਕੰਕਰੀਟ ਨਾਲ ਭਰ ਦੇਣਾ
(ii) ਵਾਦੀਆਂ (ravines) ਨੂੰ ਚੈੱਕ ਡੈਮ ਬਣਾ ਕੇ ਵਧਣ ਤੋਂ ਬਚਾਉਣਾ।
(iii) ਮਿੱਟੀ ਨੂੰ ਬੰਨ੍ਹੀ ਰੱਖਣ ਲਈ ਪੌਦਿਆਂ ਦੀਆਂ ਕਤਾਰਾਂ ਲਗਾਉਣਾ।
(iv) ਪੌੜੀਨੁਮਾ ਖੇਤ ਬਨਾਉਣਾ
(v) ਰੇਤਲੇ ਟਿੱਬੇ ਵਧਣ ਤੋਂ ਰੋਕਣਾ
(vi) ਸ਼ੈਲਟਰ ਪੇਟੀਆਂ (ਰੁੱਖਾਂ ਦੀਆਂ ਕਤਾਰਾਂ) ਬਨਾਉਣਾ
(vii) ਪੌਣਾਂ ਦਾ ਵੇਗ ਰੋਕਣ ਲਈ ਕਦਮ ਚੁੱਕਣੇ
(viii) ਪੌਣਾਂ ਦੀ ਦਿਸ਼ਾ ਵਿੱਚ ਸਮ ਕੋਣ 'ਤੇ ਖੇਤੀ ਕਰਨਾ
(ix) ਪਿਛਲੀ ਫ਼ਸਲ ਦੇ ਰਹਿੰਦ-ਖੂੰਦ ਹਰੀ ਖਾਦ ਵਾਂਗ ਖੇਤ ਵਿੱਚ ਹੀ ਛੱਡਣੇ
(x) ਕਿਆਰੀਆਂ ਬਣਾਉਣਾ, ਜੈਵਿਕ ਖੇਤੀ, ਜ਼ੀਰੋ ਟਿਲੇਜ
(xi) ਜੰਗਲ ਉਗਾਉਣੇ ਤੇ ਸਥਾਨਕ ਦਰੱਖਤਾਂ ਨੂੰ ਤਰਜੀਹ ਦੇਣਾ
(xii) ਘਾਹ ਲਗਾਉਣਾ।

**ਕੁਝ ਹੋਰ ਕਦਮ :-**

(1) ਮਿੱਟੀ ਵਿੱਚ ਜੈਵਿਕ ਗਤੀਵਿਧੀਆਂ ਵਧਾਉਣਾ
(2) ਮਿੱਟੀ ਵਿੱਚ ਹਵਾ ਦੀ ਮਾਤਰਾ ਵਧਾਉਣਾ
(3) ਮਿੱਟੀ ਵਿਚਲੇ ਸੂਖਮ ਜੈਵਿਕ ਤੱਤਾਂ ਵਿੱਚ ਵਾਧਾ ਕਰਨਾ

## ਆਫ਼ਤਾਂ ਪ੍ਰਬੰਧਨ (Disaster Management)

ਆਫ਼ਤਾਂ ਪ੍ਰਬੰਧਨ ਦਾ ਅਰਥ ਹੈ, ਕਿ ਮੁਲਕ ਅੰਦਰ ਕਿਸੇ ਵੀ ਆਫ਼ਤ ਸਮੇਂ ਉਸ ਦਾ ਸਾਹਮਣਾ ਕਿਵੇਂ ਕੀਤਾ ਜਾ ਸਕਦਾ ਹੈ। ਭਾਰਤ ਕਈ ਭੂ-ਜਲਵਾਯੂ ਹਾਲਤਾਂ ਕਾਰਨ ਕਈ ਤਰਾਂ ਦੀਆਂ ਕੁਦਰਤੀ ਤੇ ਮਾਨਵੀ ਆਫ਼ਤਾਂ ਦਾ ਸ਼ਿਕਾਰ




ਕੁਦਰਤੀ ਆਫ਼ਤਾਂ

ਹੁੰਦਾ ਹੈ। ਆਮ ਕਰ ਕੇ, ਆਫ਼ਤਾਂ ਨੂੰ 8 ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:

(1) ਪਾਣੀ ਦਾ ਜਲਵਾਯੂ ਨਾਲ ਸੰਬੰਧਤ ਆਫ਼ਤਾਂ
(2) ਭੂ-ਗਰਭੀ ਆਫ਼ਤਾਂ (Geological Disaster)
(3) ਉਦਯੋਗਿਕ (ਸਨਅਤੀ), ਰਸਾਇਣਕ ਤੇ ਪ੍ਰਮਾਣੂ ਆਫਤਾਂ
(4) ਜੀਵ ਵਿਗਿਆਨਕ ਕਿਸਮ ਦੀਆਂ ਆਫ਼ਤਾ
(5) ਦੁਰਘਟਨਾਵਾਂ ਨਾਲ ਸੰਬਧਤ ਆਫ਼ਤਾਂ
(6) ਸਮੁੰਦਰੀ ਆਫ਼ਤਾਂ
(7) ਫ਼ੌਜ ਨਾਲ ਸੰਬਧਤ ਆਫ਼ਤਾਂ
(8) ਨਸਲੀ ਜਾਂ ਕਤਲੇਆਮ, ਨਸਲਕੁਸ਼ੀ ਸੰਬਧੀ ਆਫ਼ਤਾਂ

| | ਸੰਸਾਰ/ਭਾਰਤ ਵਿੱਚ ਆਫ਼ਤਾਂ | ਪ੍ਰਤੀਸ਼ਤ (ਫ਼ੀਸਦ) |
|---|---|---|
| 1. | ਆਫ਼ਤਾਂ ਨਾਲ ਸੰਸਾਰ ਵਿੱਚ ਬਰਬਾਦ ਹੋਣ ਵਾਲੀ ਭੂਮੀ | 2.26% |
| 2. | ਭਾਰਤ ਵਿੱਚ ਹੜਾਂ ਦੀ ਮਾਰ ਹੇਠ ਕੁਲ ਖੇਤਰਫ਼ਲ | 12% |
| 3. | ਜ਼ਮੀਨ ਖਿਸਕਣ ਦੇ ਨੁਕਸਾਨ ਹੇਠ ਖੇਤਰ | 14% |
| 4. | ਬਦੱਲ ਫਟਣ ਤੇ ਹੜ੍ਹਾਂ ਦੀ ਮਾਰ ਹੇਠ ਖੇਤਰ | 16% |
| 5. | ਆਫ਼ਤਾਂ ਕਾਰਨ ਮਾਲੀ ਤੌਰ 'ਤੇ ਬਰਬਾਦ ਹੋਣ ਵਾਲੇ ਕੁੱਲ ਲੋਕਾਂ ਦੀ ਤਾਦਾਦ | 2 ਕਰੋੜ 60 ਲੱਖ ਹਰ ਸਾਲ |
| 6. | ਊਸ਼ਣ ਖੰਡੀ ਚੱਕਰਵਾਤਾਂ ਤੋਂ ਪ੍ਰਭਾਵਿਤ ਖੇਤਰ | 28 ਪ੍ਰਤੀਸ਼ਤ |
| 7. | ਰੇਗਿਸਤਾਨ ਬਣਨ ਤੋਂ ਪ੍ਰਭਾਵਿਤ ਖੇਤਰ | 30 % |
| 8. | ਕੁਦਰਤੀ ਆਫ਼ਤਾਂ ਤੇ ਹੋਰ ਆਫ਼ਤਾਂ ਦੇ ਅਸਰ ਹੇਠ ਜ਼ਿਲ੍ਹੇ | 34% |
| 9. | ਆਸਮਾਨੀ ਬਿਜਲੀ ਡਿੱਗਣ, ਤੂਫਾਨਾਂ, ਹਨੇਰੀਆਂ, ਪੌਣਾਂ ਦੀਆਂ ਘੁੰਮਣ ਘੇਰੀਆਂ ਤੇ ਗੜਿਆਂ ਨਾਲ ਹੋਣ ਵਾਲੀਆਂ ਕੁੱਲ ਮੌਤਾਂ ਦਾ ਪ੍ਰਤੀਸ਼ਤ | 39% |
| 10. | ਸਰਦੀਆਂ ਵਿੱਚ ਜ਼ਿਆਦਾ ਠੰਢ ਤੋਂ ਪੀੜਤ ਖੇਤਰ | 40% |
| 11. | ਭੂਚਾਲਾਂ ਤੋਂ ਨੁਕਸਾਨਿਆਂ ਖੇਤਰ | 58% |
| 12. | ਬਹੁਤ ਜ਼ਿਆਦਾ ਗਰਮੀ ਤੇ ਲੂ ਮਾਰਿਆ ਖੇਤਰ (ਤਾਪਮਾਨ 45 ਤੋਂ 47 ਡਿਗਰੀ ਸੈਲਸੀਅਸ ਤੱਕ) | 60% |
| 13. | ਜੰਗਲਾਂ ਨੂੰ ਲੱਗਣ ਵਾਲੀ ਅੱਗ ਤੋਂ ਨੁਕਸਾਨਿਆਂ ਜੰਗਲੀ ਖੇਤਰ | 64% |
| 14. | ਪਾਣੀ ਦੀ ਕਮੀ ਤੋਂ ਜੂਝ ਰਿਹਾ ਖੇਤਰ | 68% |
| 15. | ਮੌਸਮ ਤੇ ਜਲਵਾਯੂ ਕਾਰਨ ਹੋਣ ਵਾਲੀਆਂ ਆਫ਼ਤਾਂ ਤੋਂ ਨੁਕਸਾਨਿਆਂ ਖੇਤਰ | 77% |

ਮੰਨਿਆ ਜਾਂਦਾ ਹੈ ਕਿ ਸੰਸਾਰ ਨੂੰ ਦਰਪੇਸ਼ ਆਫ਼ਤਾਂ ਵਿੱਚੋਂ 90 ਪ੍ਰਤੀਸ਼ਤ ਆਫ਼ਤਾਂ ਵਿਕਾਸਸ਼ੀਲ ਮੁਲਕਾਂ ਵਿੱਚ ਹੀ ਸਾਹਮਣੇ ਆਉਂਦੀਆਂ ਹਨ।




ਆਫ਼ਤਾਂ ਪ੍ਰਬੰਧਨ ਬਾਰੇ ਭਾਰਤ ਦਾ ਇਤਿਹਾਸ, ਦੇਸ਼ ਨੂੰ ਆਤਮ ਨਿਰਭਰ ਬਨਾਉਣ ਦਾ ਹੈ। ਇਸ ਯੋਜਨਾ ਤਹਿਤ ਭਾਰਤ ਨੇ ਇਨਸਾਨੀ ਜ਼ਿੰਦਗੀਆਂ ਦੇ ਨੁਕਸਾਨ, ਤੇ ਜਾਨ-ਮਾਲ ਦੇ ਨੁਕਸਾਨ ਦੀ ਵਿੱਚ ਭਾਰੀ ਕਮੀ ਲੈ ਕੇ ਆਉਂਦੀ ਹੈ। ਰਾਸ਼ਟਰੀ ਆਫ਼ਤਾਂ ਪ੍ਰਬੰਧਨ ਅਥਾਰਿਟੀ, ਭਾਰਤ ਸਰਕਾਰ, ਪੰਚਾਇਤਾਂ ਤੇ ਲੋਕਲ ਬਾਡੀਜ਼ ਦੇ ਪੱਧਰ 'ਤੇ ਇਸਦੀ ਯੋਜਨਾਬੰਦੀ ਕਰਦੀ ਹੈ। ਇਸ ਵਿੱਚ ਆਫ਼ਤਾਂ ਦੀ ਪਛਾਣ, ਅਗਾਂਊ ਇਤਲਾਹ ਦੇਣਾ, ਜਾਣਕਾਰੀ ਦੇਣਾ, ਮੈਡੀਕਲ ਸੇਵਾਵਾਂ, ਬਾਲਣ, ਆਫ਼ਤ ਵੇਲੇ ਫ਼ਸੇ ਲੋਕਾਂ ਨੂੰ ਲੱਭਣਾ, ਬਾਹਰ ਕੱਢਣਾ, ਆਦਿ ਕੰਮ ਕਰਦੀ ਹੈ।




ਇਹ ਯੋਜਨਾ ਆਫ਼ਤਾਂ ਪ੍ਰਬੰਧਨ ਬਾਰੇ ਸੇਂਡਾਈ ਫ਼ਰੇਮਵਰਕ ਜੋ ਕਿ ਸੰਯੁਕਤ ਰਾਸ਼ਟਰ ਸੰਘ ਦੁਆਰਾ ਸਾਲ 2015 ਤੋਂ 2030 ਤੱਕ ਲਈ

ਆਫ਼ਤਾਂ ਬਾਰੇ ਕਾਨਫਰੰਸ ਵਿੱਚ ਬਣਾਈ ਗਈ ਸੀ। ਇਹ ਚਾਰ ਪੱਧਰ 'ਤੇ ਆਧਾਰਤ ਹੈ।

(1) ਆਫ਼ਤਾਂ ਨਾਲ ਜੂਝਣ ਦੀ ਤਿਆਰੀ ਕਰਨਾ (Preparedness)

(2) ਆਫ਼ਤਾਂ ਨੂੰ ਰੋਕਣਾ (Mitigation)

(3) ਆਫ਼ਤ ਆਉਣ 'ਤੇ ਉਸਦਾ ਟਾਕਰਾ ਕਰਨਾ (Response)

(4) ਮੁੜ ਖੜ੍ਹੇ ਹੋਣਾ (Recovery)

ਰਾਸ਼ਟਰੀ ਆਫ਼ਤਾਂ ਪ੍ਰਬੰਧਨ ਅਥਾਰਿਟੀ ਸਮੇਂ-ਸਮੇਂ ਤੇ ਆਪਣੀ ਕਾਰਜ ਸ਼ੈਲੀ ਵਿੱਚ ਸੁਧਾਰ ਲਿਆਉਂਦੀ ਰਹਿੰਦੀ ਹੈ। ਇਸ ਨੇ ਭਾਰਤ ਵਿੱਚ ਛੇ ਭੂਗੋਲਿਕ ਖਿੱਤਿਆਂ ਦੀ ਪਛਾਣ ਕੀਤੀ ਹੈ, ਜਿਹਨਾਂ ਵਿੱਚ ਆਫ਼ਤਾਂ ਜ਼ਿਆਦਾ ਆਉਂਦੀਆਂ ਹਨ। ਇਹ ਖਿੱਤੇ ਜਾਂ ਇਲਾਕੇ ਹਨ:-

(1) ਹਿਮਾਲਿਆ ਪਰਬਤੀ ਲੜੀ

(2) ਤੱਟ ਦੇ ਮੈਦਾਨ

(3) ਦਰਿਆਈ ਇਲਾਕੇ

(4) ਉੱਤਰ-ਪੂਰਬੀ ਰਾਜ

(5) ਖੁਸ਼ਕ ਤੇ ਅਰਧ ਖੁਸ਼ਕ ਇਲਾਕੇ

(6) ਸਮੁੰਦਰੀ ਟਾਪੂ, ਤੇ ਸਾਗਰੀ ਇਲਾਕੇ

ਉਪਰੋਕਤ ਸਮੂਹ ਇਲਾਕਿਆਂ ਵੱਲ ਖਾਸ (ਉਚੇਚਾ) ਧਿਆਨ ਦਿੱਤਾ ਜਾਂਦਾ ਹੈ।

ਹਿਮਾਲਿਆ ਖੇਤਰ ਵਿੱਚ ਹਾਦਸੇ ਜਾਂ ਆਫ਼ਤਾਂ ਦਾ ਮੁੱਖ ਕਾਰਨ ਮਨੁੱਖੀ ਗਤੀਵਿਧੀਆਂ ਹਨ। ਸਮੁੰਦਰੀ ਤੱਟੀ ਖੇਤਰ ਚੱਕਰਵਾਤ, ਪਾਣੀ ਦੇ ਪੱਧਰ ਦੇ ਉੱਚਾ ਉੱਠਣ, ਹੜ੍ਹ ਆਉਣ ਤੇ ਸੁਨਾਮੀਂ ਤੋਂ ਪ੍ਰਭਾਵਿਤ ਰਹਿੰਦੇ ਹਨ। ਦਰਿਆਵਾਂ ਵਿੱਚ ਵੀ ਜ਼ਿਆਦਾ ਮੀਂਹ ਕਾਰਨ ਹੜ੍ਹ ਆਉਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਖੁਸ਼ਕ ਤੇ ਅਰਧ ਖੁਸ਼ਕ ਇਲਾਕਿਆਂ ਵਿੱਚ ਮੌਸਮ ਸਬੰਧੀ ਅਗਾਊਂ ਜਾਣਕਾਰੀ ਬਹੁਤ ਜ਼ਰੂਰੀ ਹੈ।

ਧਰਤੀ 'ਤੇ ਆਫ਼ਤਾਂ ਆਉਣ ਦੀ ਤਦਾਦ ਦਿਨ-ਬ-ਦਿਨ ਵੱਧ ਰਹੀ ਹੈ ਤੇ ਆਫ਼ਤਾਂ ਹੋਰ ਜ਼ਿਆਦਾ ਭਿਆਨਕ ਤੇ ਮਾਰੂ ਹੋ ਰਹੀਆਂ ਹਨ। ਕੁਦਰਤੀ ਆਫਤਾਂ ਸਾਨੂੰ ਇਹਨਾਂ ਨਾਲ ਲੜਨਾ ਤਾਂ ਸਿਖਾਉਂਦੀਆਂ ਹਨ ਪਰ ਆਫ਼ਤਾਂ ਨਾਲ ਆਰਥਿਕ ਤੇ ਜਾਨ-ਮਾਲ ਦਾ ਭਾਰੀ ਨੁਕਸਾਨ ਹੁੰਦਾ ਹੈ। ਮਨੁੱਖ ਦੁਆਰਾ ਪੈਦਾ ਕੀਤੀਆਂ ਗਈਆਂ ਆਫ਼ਤਾਂ ਵੀ ਦਿਨ-ਬ-ਦਿਨ ਵੱਧ ਰਹੀਆਂ ਹਨ।

ਮਨੁੱਖ ਦੁਆਰਾ ਪੈਦਾ ਕੀਤੀਆਂ ਗਈਆਂ ਆਫ਼ਤਾਂ ਵਿਕਸਿਤ ਦੇਸ਼ਾਂ ਵਿੱਚ ਵੱਧ ਆਉਦੀਆਂ ਹਨ, ਜਦਕਿ ਵਿਕਾਸਸ਼ੀਲ ਦੇਸ਼ਾ ਵਿੱਚ ਕੁਦਰਤੀ ਆਫ਼ਤਾਂ ਦੀ ਆਮਦ ਜ਼ਿਆਦਾ ਹੁੰਦੀ ਹੈ। ਭੂਚਾਲ, ਹੜ੍ਹ, ਤੇਲ ਦਾ ਰਿਸਣਾ, ਜੰਗਲਾਂਦੀ ਅੱਗ, ਕਤਲੇ ਆਮ, ਉਦਯੋਗਿਕ ਹਾਦਸੇ ਇਹਨਾਂ ਵਿੱਚੋ ਪ੍ਰਮੁੱਖ ਹਨ।

| ਆਫ਼ਤ | ਸਾਲ | ਨੁਕਸਾਨ (ਅੰਦਾਜ਼ਨ) |
|---|---|---|
| 1. ਟੋਹਾਕੂ ਜਾਪਾਨ ਸੁਨਾਮੀ ਤੇ ਭੂਚਾਲ | 2011 | 300 ਅਰਬ ਅਮਰੀਕੀ ਡਾਲਰ |
| 2. ਸਿਚੁਆਨ-ਚੀਨ ਵਿੱਚ ਭੂਚਾਲ | 2008 | 148 ਅਰਬ ਅਮਰੀਕੀ ਡਾਲਰ |
| 3. ਹਾਨਸ਼ਿੱਨ (ਜਾਪਾਨ) | 1995 | 102 ਅਰਬ ਅਮਰੀਕੀ ਡਾਲਰ |
| 4. ਮੈਕਸੀਕੋ ਦੀ ਪਾਣੀ ਵਿੱਚ ਤੇਲ ਦਾ ਰਿਸਾਅ | 2010 | 60 ਤੋਂ 100 ਅਰਬ ਅਮਰੀਕੀ ਡਾਲਰ |
| 5. ਥਾਈਲੈਂਡ ਦੇ ਹੜ੍ਹ | 2011 | 45 ਅਰਬ ਅਮਰੀਕੀ ਡਾਲਰ |
| 6. ਅਮਰੀਕਾ ਵਿੱਚ ਵਰਲਡ ਟਰੇਡ ਸੈਂਟਰ 'ਤੇ ਹਮਲਾ | 2001 | 20.1 ਅਰਬ ਅਮਰੀਕੀ ਡਾਲਰ |
| 7. ਚਰਨੋਬੇਲ (ਯੂਕਰੇਨ) ਵਿੱਚ ਪ੍ਰਮਾਣੂ ਹਾਦਸਾ | 1996 | 05 ਅਰਬ ਅਮਰੀਕੀ ਡਾਲਰ |

## ਨੈਸ਼ਨਲ ਡਿਜ਼ਾਸਟਰ (ਆਫ਼ਤਾਂ) ਰਿਸਪਾਂਸ ਫ਼ੋਰਸ (NDRF)

ਭਾਰਤ ਸਰਕਾਰ ਨੇ ਸਾਲ 2005 ਦੇ ਵਿੱਚ ਆਫ਼ਤਾਂ ਪ੍ਰਬੰਧਨ ਕਾਨੂੰਨ ਪਾਸ ਕਰਕੇ ਉਚੇਚੀ ਸੈਨਾ ਬਣਾਈ ਸੀ, ਜਿਸ ਨੂੰ ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫ਼ੋਰਸ ਜਾਂ ਜ਼ਿਆਦਾਤਰ ਐਨ.ਡੀ.ਆਰ.ਐਫ (N.D.R.F.) ਕਿਹਾ ਜਾਂਦਾ ਹੈ। ਇਹ ਸੈਨਾ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਅਧੀਨ ਆਉਂਦੀ ਹੈ।

ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫ਼ੋਰਸ ਦੀਆਂ ਸਾਲ 2019 ਤੱਕ 1119 ਸੈਨਿਕਾਂ ਦੀਆਂ 16 ਬਟਾਲੀਅਨ ਤਿਆਰ ਹੋ ਚੁਕੀਆਂ ਹਨ। ਇਹਨਾਂ ਵਿੱਚ 45 ਮਾਹਿਰਾਂ ਦੀਆਂ 18 ਟੀਮਾਂ ਬਣਾਈਆਂ ਗਈਆਂ ਹਨ। ਹਰ ਬਟਾਲੀਅਨ ਵਿੱਚ 1149 ਸੈਨਿਕ ਹੁੰਦੇ ਹਨ।

| ਪੈਰਾ ਮਿਲਟਰੀ ਗਰੁੱਪ ਦਾ ਨਾਮ | ਬਟਾਲੀਅਨਾਂ ਦੀ ਗਿਣਤੀ |
|---|---|
| 1. ਸੀਮਾ ਸੁਰੱਖਿਆ ਬੱਲ (Border Security force) | 4 |
| 2. ਇੰਡੋ-ਤਿੱਬਤੀਅਨ ਬਾਰਡਰ ਪੁਲਿਸ (I.T.B.P) | 4 |
| 3. ਕੇਂਦਰੀ ਰਿਜ਼ਰਵ ਪੁਲਿਸ ਫ਼ੋਰਸ (CRPF) | 3 |
| 4. ਸੈਂਟਰਲ ਇੰਡਸਟਰੀਅਲ ਸਕਿਓਰਟੀ ਫ਼ੋਰਸ (CISF) | 2 |
| 5. ਸੁਸ਼ੱਸਤਰ ਸੀਮਾਂ ਬੱਲ (SSB) | 2 |
| 6. ਆਸਾਮ ਰਾਈਫ਼ਲਜ਼ (AR) | 1 |

ਪੰਜਾਬ ਵਿੱਚ ਕਿਸੇ ਵੀ ਕਿਸਮ ਦੀ ਆਫ਼ਤ ਸਮੇਂ ਇੰਡੋ-ਤਿਬੱਤਨ ਬਾਰਡਰ ਪੁਲਿਸ (I.T.B.P) ਜਿਸਦਾ ਹੈਡਕੁਆਟਰ ਬਠਿੰਡਾ ਵਿਖੇ ਹੈ, ਫ਼ੌਰੀ ਕਾਰਵਾਈ ਕਰ ਕੇ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਹਰਕਤ ਵਿੱਚ ਆਉਂਦੀ ਹੈ।

ਕੁਦਰਤੀ ਆਫਤਾਂ ਦੇ ਜ਼ੋਖ਼ਿਮ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਕੁਦਰਤੀ ਆਫਤਾਂ ਲਈ ਤਿਆਰੀ ਤੇ ਰੋਕਥਾਮ ਆਫ਼ਤਾਂ ਕਾਰਨ ਹੋਣ ਵਾਲੇ ਨੁਕਸਾਨ ਨੂੰ ਘਟਾ ਸਕਦੇ ਹਨ। ਜੋਖ਼ਿਮ ਦਾ ਪ੍ਰਬੰਧਨ ਤੇ ਵਿਕਾਸ ਯੋਜਨਾਵਾਂ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਆਫ਼ਤਾਂ ਨੂੰ ਚੰਗੀ ਤਰਾਂ ਨਾਲ ਸਮਝ ਲੈਣ ਨਾਲ ਉਸ 'ਤੇ ਕਾਬੂ ਪਾਉਣਾ ਸੌਖਾ ਹੋ ਜਾਂਦਾ ਹੈ। ਸਥਾਨਕ ਲੋਕਾਂ ਦੀ ਹਿੱਸੇਦਾਰੀ ਬਹੁਤ ਮਹੱਤਵਪੂਰਨ ਹੈ। ਮੁੱਢਲੇ ਢਾਂਚੇ ਦੇ ਨਿਰਮਾਣ ਸਮੇਂ ਭੂ-ਵਿਗਿਆਨ, ਭੂ-ਆਕ੍ਰਿਤੀ ਵਿਗਿਆਨ ਤੇ ਭੂਗੋਲ ਨੂੰ ਧਿਆਨ ਵਿੱਚ ਰੱਖਣਾ ਬਹੁਤ ਹੀ ਜ਼ਰੂਰੀ ਹੈ। ਅੰਤਰਰਾਸ਼ਟਰੀ ਜਾਣਕਾਰੀਆਂ ਨੂੰ ਸਾਂਝਾ ਕਰਦੇ ਰਹਿਣਾ ਚਾਹੀਦਾ ਹੈ। ਸਦੀਵੀ ਵਿਕਾਸ (Sustainable development) ਤੇ ਗਰੀਬੀ ਦੂਰ ਕਰਨ ਨਾਲ ਆਫਤਾਂ ਦੇ ਨੁਕਸਾਨ ਨੂੰ ਘੱਟ ਕੀਤਾ ਜਾ ਸਕਦਾ ਹੈ। ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ ਵਿਚ 100 ਤੋਂ ਵੱਧ ਔਰਤਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ, ਆਉਣ ਵਾਲੇ ਸਮੇਂ ਵਿਚ ਇਹ 200 ਦੀ ਗਿਣਤੀ ਤੱਕ ਪਹੁੰਚ ਜਾਣਗੇ।


## ਆਫ਼ਤਾਂ ਦੇ ਜ਼ੋਖ਼ਿਮ ਨੂੰ ਘਟਾਉਣ ਬਾਰੇ ਸੇਂਡਾਈ ਢਾਂਚਾ ਜਾਂ ਫ਼ਰੇਮਵਰਕ
## (Sendai framework for disaster risk reduction)

ਸੇਂਡਾਈ ਫ਼ਰੇਮਵਰਕ ਇੱਕ ਅੰਤਰਰਾਸ਼ਟਰੀ (ਕੌਮਾਂਤਰੀ) ਦਸਤਾਵੇਜ਼ ਹੈ ਇਸ ਵਿੱਚ 2015 ਤੋਂ 2030 ਤੱਕ ਆਫ਼ਤਾਂ ਦੇ ਅਸਰ ਨੂੰ ਘਟਾਉਣ ਬਾਰੇ ਯੋਜਨਾ ਉਲੀਕੀ ਗਈ ਹੈ। ਇਹ ਦਸਤਾਵੇਜ਼, 14 ਤੋਂ 18 ਮਾਰਚ 2015 ਦੌਰਾਨ ਜਾਪਾਨ ਦੇ ਸ਼ਹਿਰ ਸੇਂਡਾਈ ਵਿਖੇ ਵਿਸ਼ਵ ਕਾਨਫਰੰਸ ਵਿੱਚ ਤਿਆਰ ਕੀਤਾ ਗਿਆ ਸੀ। ਇਸ ਨੂੰ ਜੂਨ 2015 ਵਿੱਚ ਸੰਯੁਕਤ ਰਾਸ਼ਟਰ ਨੇ ਲਾਗੂ ਕਰ ਦਿੱਤਾ ਸੀ। ਇਹ ਦਸਤਾਵੇਜ਼ 2005-15 ਦੇ ਹਿਊਗੋ ਸਮਝੌਤੇ 'ਤੇ ਆਧਾਰਤ ਹੈ। ਇਸ ਵਿੱਚ 4 ਜ਼ਰੂਰੀ ਕੰਮ ਪਹਿਲ ਦੇ ਅਧਾਰ ਤੇ ਕਰਨਾ, 7 ਨਿਸ਼ਾਨੇ (Targets) ਤੇ 13 ਸਿਧਾਂਤ ਕੁਦਰਤੀ ਤੇ ਮਨੁੱਖੀ ਆਫ਼ਤਾਂ ਨੂੰ ਘਟਾਉਣ ਲਈ ਬਣਾਏ ਗਏ ਹਨ।




ਪਹਿਲ ਦੇ ਆਧਾਰ 'ਤੇ ਕਰਨ ਵਾਲੇ ਚਾਰ ਕੰਮ ਇਸ ਪ੍ਰਕਾਰ ਹਨ:

1. ਆਫ਼ਤਾਂ ਦੇ ਜ਼ੋਖ਼ਿਮ ਨੂੰ ਸਮਝਣਾ
2. ਸਰਕਾਰਾਂ ਨੂੰ ਆਫ਼ਤਾਂ ਦੇ ਪ੍ਰਬੰਧ ਬਾਰੇ ਤਿਆਰ ਕਰਨਾ
3. ਆਫਤਾਂ ਦੇ ਜ਼ੋਖ਼ਿਮ ਘਟਾਉਣ ਲਈ ਪੈਸਾ ਖਰਚ ਕਰਨਾ
4. ਆਫ਼ਤਾਂ ਦੀ ਤਿਆਰੀ ਤੇ ਜੁਆਬ ਬਿਹਤਰ ਬਣਾਉਣਾ ਜਿਸ ਲੋਕਾਂ ਨੂੰ ਸੁਰੱਖਿਤ ਬਚਾ ਕੇ ਮੁੜ ਵਸਾਉਣਾ ਸ਼ਾਮਲ ਹੈ।




*ਭਾਰਤ : ਐਨ. ਡੀ. ਆਰ. ਐਫ. ਬਟਾਲੀਅਨਾਂ*

## ਜਲਵਾਯੂ ਪਰਿਵਰਤਨ/ਬਦਲਾਅ (Climate change)

ਸਾਡੀ ਦੁਨੀਆਂ ਬਦਲ ਰਹੀ ਹੈ। ਪਹਿਲਾਂ ਬਦਲਾਅ ਹੌਲੀ-ਹੌਲੀ ਆਉਂਦੇ ਸਨ ਪਰ ਹੁਣ ਇਹ ਬਦਲਾਅ ਤੇਜ਼ੀ ਨਾਲ ਆ ਰਹੇ ਹਨ। ਤੁਸੀ ਆਪ ਇਨ੍ਹਾਂ ਨੂੰ ਆਪਣੀਆਂ ਅੱਖਾਂ ਨਾਲ ਵੇਖ ਸਕਦੇ ਹੋ ਤੇ ਮਹਿਸੂਸ ਕਰ ਸਕਦੇ ਹੋ। ਪਹਿਲਾਂ ਦੁਸਹਿਰੇ ਤੇ ਦੀਵਾਲੀ 'ਤੇ ਉੱਤਰ ਭਾਰਤ ਵਿੱਚ ਸਰਦੀਆਂ ਦਾ ਆਗਮਨ ਹੋ ਜਾਂਦਾ ਸੀ। ਕੰਬਲ ਰਜ਼ਾਈਆਂ ਨੂੰ ਅਲਮਾਰੀਆਂ 'ਚੋਂ ਕੱਢ ਕੇ ਧੁੱਪ ਲਵਾ ਕੇ ਅਸੀਂ ਵਰਤਣਾ ਵੀ ਸ਼ੁਰੂ ਕਰ ਦਿੰਦੇ ਸੀ ਪਰ ਹੁਣ ਅਜਿਹਾ ਨਹੀਂ ਹੈ। ਯਖ਼ ਠੰਡੀਆਂ ਸਰਦੀਆਂ ਹੁਣ ਪੁਰਾਣੀ ਗੱਲ ਹੋ ਚੁੱਕੀ ਹੈ, ਤੇ ਜ਼ਿਆਦਾ ਸਰਦੀ ਹੁਣ ਦਸੰਬਰ ਦੇ ਮੱਧ ਵਿੱਚ ਹੀ ਪੈਣੀ ਸ਼ੁਰੂ ਹੁੰਦੀ ਹੈ। ਇਸ ਦਾ ਕਾਰਨ ਆਲਮੀ ਪੱਧਰ 'ਤੇ ਤਾਪਮਾਨ ਦਾ ਵਧੱਣਾ ਹੈ ਜਿਸ ਨਾਲ ਸਮੁੰਦਰਾਂ ਦਾ ਤਾਪਮਾਨ ਵੱਧ ਰਿਹਾ ਹੈ, ਗਲੇਸ਼ੀਅਰ ਪਿਘਲ ਰਹੇ ਹਨ, ਵਰਖਾ ਪੈਣ ਦੀ ਤੀਬਰਤਾ ਤੇ ਦਿਨਾਂ ਵਿੱਚ ਫਰਕ ਪੈ ਰਿਹਾ ਹੈ।

ਆਓ ਮੌਸਮ ਬਾਰੇ ਜਾਣਕਾਰੀ ਦੇਣ ਵਾਲੇ ਨਾਮਾਨਿਗ਼ਾਰ ਬਣੀਏ!

ਭਾਰਤ ਦੇ ਮੌਸਮ ਵਿਗਿਆਨੀ ਹੈਰਾਨ ਹਨ, ਕਿਉਂਕਿ ਹੇਠਾਂ ਦਿੱਤੀਆਂ ਤਰੀਕਾਂ ਦੌਰਾਨ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿੱਚ ਅਸਾਧਾਰਨ ਮੀਂਹ ਪਿਆ ਹੈ। ਅਜਿਹੇ ਮੀਂਹ ਨੂੰ ਵੇਖ ਕੇ ਪੂਰੀ ਦੁਨੀਆਂ ਹੈਰਾਨ ਹੈ। ਕੀ ਤੁਸੀਂ ਇਹਨਾਂ ਤਰੀਕਾਂ ਨੂੰ ਵੇਖ ਕੇ ਮੀਂਹ ਪੈਣ ਵਾਲੇ ਸ਼ਹਿਰਾਂ ਦੇ ਨਾਮ ਦੱਸ ਸਕਦੇ ਹੋ?

5 ਜੁਲਾਈ, 2005 .......... 13 ਤੋਂ 16 ਜੂਨ 2013 .......... 14 ਅਕਤੂਬਰ, 2020 ...........

ਸੰਸਾਰ ਵਿੱਚ ਜਲਵਾਯੂ ਵਿੱਚ ਕਈ ਬਦਲਾਅ ਆਉਣਗੇ। ਧਰੁਵਾਂ 'ਤੇ ਜੰਮੀ ਬਰਫ਼ ਪਿਘਲ ਜਾਵੇਗੀ ਤੇ ਸਮੁੰਦਰ ਵਿੱਚ ਪਾਣੀ ਦਾ ਪੱਧਰ ਹੋਰ ਵਧੇਗਾ। ਆਰਕਟਿਕ ਤੇ ਅੰਟਾਰਕਟਿਕਾ ਤੇ ਜੰਮੀ ਬਰਫ਼ ਪਿਘਲਣ ਨਾਲ ਕਈ ਤੱਟੀ ਸ਼ਹਿਰ ਦੇ ਸਮੁੰਦਰੀ ਦੀਪ/ਟਾਪੂ ਪਾਣੀ ਵਿੱਚ ਡੁੱਬ ਜਾਣ ਦਾ ਖਦਸ਼ਾ ਹੈ।

ਗਣਨਾ ਕਰੋ:—

ਮਨੁੱਖੀ ਗਤੀਵਿਧੀਆਂ ਕਾਰਨ 1850 ਤੋਂ 2006 ਤੱਕ ਵਾਯੂਮੰਡਲ ਵਿੱਚ 488 ਅਰਬ ਟੱਨ ਕਾਰਬਨ ਸੁੱਟੀ ਗਈ

1. ਅਰਬ ਟੱਨ ਕਾਰਬਨ = 3.67 ਅਰਬ ਟੱਨ ਦੀ ਕਾਰਬਨ ਡਾਈਆਕਸਾਈਡ ($Co_2$)

## ਜਲਵਾਯੂ ਸ਼ਰਨਾਰਥੀ ਜਾਂ ਰਫ਼ਿਊਜੀ (Climate refugees)

ਜਲਵਾਯੂ ਰਫ਼ਿਊਜੀ ਉਹ ਲੋਕ ਹਨ, ਜੋ ਆਲਮੀ ਤਪਸ਼ ਤੇ ਜਲਵਾਯੂ ਬਦਲਾਅ ਦੀ ਵਜ੍ਹਾ ਨਾਲ ਆਪਣਾ ਘਰ-ਬਾਰ ਛੱਡਣ ਲਈ ਮਜਬੂਰ ਹੋ ਜਾਂਦੇ ਹਨ। ਕੁਦਰਤੀ ਆਫ਼ਤਾਂ ਜਿਵੇਂ ਜਵਾਲਾਮੁਖੀ ਵਿਸਫੋਟ ਤੇ ਮਨੁੱਖੀ ਕਾਰਵਾਈਆਂ ਕਾਰਨ ਜਲਵਾਯੂ ਵਿੱਚ ਬਦਲਾਅ ਦੇ ਮੁੱਖ ਕਾਰਨ ਬਣਦੇ ਹਨ। ਧਰਤੀ ਦੇ ਨਿਰਮਾਣ ਤੋਂ ਲੈ ਕੇ ਅਰਬਾਂ ਵਰ੍ਹਿਆਂ ਵਿੱਚ ਧਰਤੀ ਤੇ ਕਈ ਵਾਰ ਜਲਵਾਯੂ ਪਰਿਵਰਤਨ ਹੋਏ ਹਨ। ਆਲਮੀ ਤਪਸ਼ ਕਾਰਨ ਤਾਪਮਾਨ ਵਧਣ ਨਾਲ਼ ਰੇਗਿਸਤਾਨ ਦੇ ਹਾਲਾਤ ਬਣ ਸਕਦੇ ਹਨ। ਇਸ ਨਾਲ ਵਾਹੀਯੋਗ ਜ਼ਮੀਨ ਰੇਗਿਸਤਾਨ ਵਿੱਚ ਤਬਦੀਲ ਹੋ ਸਕਦੀ ਹੈ। ਸਮੁੰਦਰ ਵਿੱਚ ਪਾਣੀ ਦਾ ਪੱਧਰ ਉੱਚਾ ਹੋਣ ਨਾਲ ਨੀਵੇਂ ਤੱਟੀ ਖੇਤਰ ਪਾਣੀ ਵਿੱਚੇ ਡੁੱਬ ਜਾਂਦੇ ਹਨ ਜਿਸ ਕਾਰਨ ਉਹ ਵਸੋਂ ਦੇ ਕਾਬਿਲ ਨਹੀਂ ਰਹਿੰਦੇ। ਜਲਵਾਯੂ ਰਫਿਊਜੀਆਂ ਨੂੰ ਵਾਤਾਵਰਨ ਰਫ਼ਿਊਜੀ ਵੀ ਕਿਹਾ ਜਾਂਦਾ ਹੈ। ਜੋ ਕੁਦਰਤੀ ਆਫਤਾਂ ਕਾਰਨ ਸ਼ਰਨਾਰਥੀ ਬਣ ਜਾਂਦੇ ਹਨ। ਜਿਵੇਂ ਕਿ ਜਵਾਲਾਮੁਖੀ ਵਿਸਫ਼ੋਟ ਤੇ ਸੁਨਾਮ ਆਦਿ।



ਜਲਵਾਯੂ ਰਫ਼ਿਊਜੀ

ਅੰਤਰਰਾਸ਼ਟਰੀ ਰੈੱਡ ਕਰਾਸ ਸੋਸਾਇਟੀ ਮੁਤਾਬਿਕ ਪੂਰੇ ਸੰਸਾਰ ਵਿੱਚ ਜੰਗੀ ਹਾਲਾਤ (ਜਿਵੇਂ ਸੀਰੀਆ, ਅਜ਼ਰਬਾਇਜਾਨ-ਅਰਮੇਨੀਆਂ ਦਰਮਿਆਨ ਲੜਾਈ) ਕਾਰਨ ਰਾਜਨੀਤਿਕ ਸ਼ਰਨਾਰਥੀਆਂ ਦੀ ਗਿਣਤੀ ਨਾਲੋਂ ਵਾਤਾਵਰਨ ਰਫਿਊਜੀਆਂ ਦੀ ਗਿਣਤੀ ਕਿਤੇ ਜ਼ਿਆਦਾ ਹੈ। ਰਫਿਊਜੀਆਂ ਬਾਰੇ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ ਮੁਤਾਬਕ 3 ਕਰੋੜ 60 ਲੱਖ ਲੋਕ ਕੁਦਰਤੀ ਆਫ਼ਤਾਂ ਕਾਰਨ ਸਾਲ 2009 ਤੱਕ ਸ਼ਰਨਾਰਥੀ ਬਣ ਚੁੱਕੇ ਸਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਸੰਨ 2050 ਤੱਕ ਇਹ ਅੰਕੜਾ 5 ਕਰੋੜ ਤੱਕ ਤੇ ਕੁਝ ਸਾਇੰਸਦਾਨਾਂ ਮੁਤਾਬਕ ਇਹ ਗਿਣਤੀ 20 ਕਰੋੜ ਤੱਕ ਹੋ ਜਾਵੇਗੀ।

## ਸਮੁੰਦਰ ਵਿੱਚ ਪਾਣੀ ਦੇ ਪੱਧਰ ਦਾ ਵਧਣਾ

ਜਲਵਾਯੂ ਪਰਵਿਰਤਨ ਬਾਰੇ ਅੰਤਰਸਰਕਾਰੀ ਪੈਨਲ (IPCC) ਨੇ ਖਦਸ਼ਾ ਪ੍ਰਗਟਾਇਆ ਹੈ ਕਿ 1990 ਤੋਂ 2100 ਤੱਕ ਸਮੁੰਦਰ ਵਿੱਚ ਪਾਣੀ ਦਾ ਪੱਧਰ 0.18 ਤੋਂ 0.6 ਮੀਟਰ ਜਾਂ 7 ਇੰਚ ਤੋਂ 2 ਫੁੱਟ ਤੱਕ ਵੱਧ ਸਕਦਾ ਹੈ। ਉਦਾਹਰਨ ਲਈ ਬੰਗਲਾਦੇਸ਼ ਦਾ ਟਾਪੂ ਭੋਲਾ ਅੱਧੇ ਦੇ ਕਰੀਬ-ਕਰੀਬ ਸਮੁੰਦਰ ਵਿੱਚ ਡੁੱਬ ਚੁੱਕਾ ਹੈ। ਇਸ ਕਾਰਨ ਲੱਗਭਗ ਪੰਜ ਲੱਖ ਦੇ ਕਰੀਬ ਲੋਕ ਬੇਘਰ ਹੋ ਚੁੱਕੇ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ 2050 ਤੱਕ ਬੰਗਲਾਦੇਸ਼ ਦੀ 17 ਪ੍ਰਤੀਸ਼ਤ ਜ਼ਮੀਨ ਪਾਣੀ ਵਿੱਚ ਡੁੱਬ ਜਾਵੇਗੀ ਜਿਸ ਨਾਲ ਬੰਗਲਾਦੇਸ਼ ਵਿੱਚ 2 ਕਰੋੜ ਲੋਕ ਜਲਵਾਯੂ ਰਫਿਊਜੀ ਬਣ ਜਾਣਗੇ।



*ਸਮੁੰਦਰ ਤੱਲ ਦਾ ਉੱਚਾ ਹੋਣਾ*

### ਪ੍ਰੋਜੈਕਟ/ਕਿਰਿਆਵਾਂ

(i) ਆਪਣੇ ਰਿਹਾਇਸ਼ੀ ਇਲਾਕੇ ਵਿੱਚ ਸੋਮਿਆਂ ਦੇ ਬਚਾਅ ਸਬੰਧੀ ਇੱਕ ਪ੍ਰੋਜੈਕਟ ਤਿਆਰ ਕਰੋ।

(ii) ਸਕੂਲ ਵਿੱਚ ਵਰਤੇ ਜਾਣ ਵਾਲੇ ਸੋਮਿਆਂ ਦੇ ਬਚਾਅ ਲਈ ਜਮਾਤ 'ਚ ਚਰਚਾ ਕਰੋ।

(iii) ਕਲਪਨਾ ਕਰੋ, ਖਣਿਜ ਤੇਲ ਮੁੱਕ ਜਾਵੇ ਤਾਂ ਸਾਡੀ ਜ਼ਿੰਦਗੀ ਵਿੱਚ ਕੀ-ਕੀ ਔਕੜਾਂ ਪੇਸ਼ ਆਉਣਗੀਆਂ, ਚਰਚਾ ਕਰੋ ਤੇ ਨੋਟ ਕਰੋ।

(iv) ਕਿਸੇ ਥਾਂ ਦੀ ਮਿੱਟੀ ਦੇ ਗੁਣ ਉਸ ਇਲਾਕੇ ਦੇ ਰਹਿਣ ਵਾਲੇ ਲੋਕਾਂ ਦੇ ਕੁਦਰਤ ਪ੍ਰਤੀ ਪਿਆਰ ਨੂੰ ਦਰਸਾਉਂਦੇ ਹਨ, ਚਰਚਾ ਕਰੋ ਤੇ ਨੋਟ ਕਰੋ।

## ਅਭਿਆਸ

1. ਬਹੁ-ਚੋਣਵੇਂ ਪ੍ਰਸ਼ਨ—

(ੳ) ਕੱਚਾ ਲੋਹਾ ਹੇਠ ਲਿਖਿਆਂ ਵਿੱਚੋਂ ਕਿਸ ਪ੍ਰਕਾਰ ਦਾ ਸੋਮਾ ਹੈ?

(i) ਨਵਿਆਉਣ ਯੋਗ (ii) ਲਗਾਤਾਰ ਰਹਿਣ ਵਾਲਾ

(iii) ਜੈਵਿਕ ਸੋਮਾ (iv) ਨਾ-ਨਵਿਆਉਣਯੋਗ

(ਅ) ਜਵਾਰੀ ਊਰਜਾ ਨੂੰ ਕਿਹੜੇ ਸੋਮੇ ਦੀ ਕਿਸਮ ਮੰਨਿਆ ਜਾਵੇਗਾ?

(i) ਮੁੜ-ਨਵਿਆਉਣਯੋਗ (ii) ਅਜੈਵਿਕ

(iii) ਮਾਨਵ ਨਿਰਮਿਤ (iv) ਨਾ-ਨਵਿਆਉਣਯੋਗ

(ੲ) ਪੰਜਾਬ ਵਿੱਚ ਜ਼ਮੀਨ ਦੇ ਬੰਜਰ ਹੋਣ ਦਾ ਮੁੱਖ ਕਾਰਨ ਕੀ ਹੈ?

(i) ਸੰਘਣੀ ਖੇਤੀ (ii) ਜ਼ਰੂਰਤ ਤੋਂ ਜ਼ਿਆਦਾ ਸਿੰਜਾਈ

(iii) ਜੰਗਲਾਂ ਦੀ ਕਟਾਈ (iv) ਪਸ਼ੂਆਂ ਦੇ ਚਰਨ ਕਾਰਨ

(ਸ) ਪੰਜਾਬ ਵਿੱਚ ਜ਼ਿਆਦਾਤਰ ਕਿਸ ਕਿਸਮ ਦੀ ਆਫ਼ਤ ਆਉਂਦੀ ਹੈ?

(i) ਸੋਕਾ (ii) ਚੱਕਰਵਾਤ

(iii) ਭੂਚਾਲ (iv) ਹੜ੍ਹ

(ਹ) ਹੇਠ ਲਿਖਿਆਂ ਵਿੱਚੋਂ ਕਿਹੜੇ ਰਾਜ ਵਿੱਚ ਪੌੜੀਨੁਮਾ ਖੇਤੀ ਕੀਤੀ ਜਾਂਦੀ ਹੈ?

(i) ਪੰਜਾਬ (ii) ਹਰਿਆਣਾ

(iii) ਉਤਰ ਪ੍ਰਦੇਸ਼ ਦੇ ਮੈਦਾਨੀ ਇਲਾਕੇ (iv) ਉੱਤਰਾਖੰਡ

(ਕ) ਹੇਠ ਲਿਖੀਆਂ ਵਿੱਚੋਂ ਕਿਹੜੇ ਇਲਾਕੇ ਵਿੱਚ ਕਾਲੀਆਂ ਮਿੱਟੀਆਂ ਪਾਈਆ ਜਾਂਦੀਆਂ ਹਨ

(i) ਜੰਮੂ ਅਤੇ ਕਸ਼ਮੀਰ (ii) ਰਾਜਸਥਾਨ

(iii) ਗੁਜਰਾਤ (iv) ਝਾਰਖੰਡ

(ਖ) ਬੇਤਰਤੀਬੇ ਉਪਭੋਗ ਤੇ ਸਾਧਨਾਂ ਦੀ ਅੰਨ੍ਹਵਾਹ ਵਰਤੋਂ ਕਾਰਨ ..................

(i) ਸਮਾਜੀ-ਆਰਥਿਕ ਤੇ ਵਾਤਾਵਰਨੀ ਔਕੜਾਂ ਉਤਪੰਨ ਹੁੰਦੀਆਂ ਹਨ।

(ii) ਆਰਥਿਕਤਾ ਨੂੰ ਹੁਲਾਰਾ ਮਿਲਦਾ ਹੈ।

(iii) ਸਾਧਨਾਂ ਦੀ ਬਹਾਲੀ ਹੁੰਦੀ ਹੈ।

(iv) ਵਸੋਂ ਵਿੱਚ ਕਮੀ ਹੁੰਦੀ ਹੈ।

(ਗ) ਕਾਸ਼ਤਕਾਰੀ ਲਈ ਅਯੋਗ ਹੋਈ ਭੂਮੀ ਨੂੰ ਕੀ ਆਖਿਆ ਜਾਂਦਾ ਹੈ?

(i) ਪਰਤੀ ਭੂਮੀ (ii) ਬੰਜਰ ਭੂਮੀ

(iii) ਕਟੀ-ਫ਼ਟੀ ਭੂਮੀ (iv) ਬਿਜਾਈ ਹੇਠ ਰਕਬਾ

(ਘ) ਚਰਨੋਬੇਲ ਪ੍ਰਮਾਣੂ ਕਾਂਡ ਕਿੱਥੇ ਵਾਪਰਿਆ ਸੀ?

(i) ਅਮਰੀਕਾ (ii) ਭਾਰਤ

(iii) ਜਪਾਨ (iv) ਯੁਕਰੇਨ

(ਙ) ਕਿਸਨੇਂ ਕਿਹਾ ਸੀ, "ਧਰਤੀ ਉਤੇ ਸਾਰਿਆਂ ਦੀਆਂ ਲੋੜਾਂ ਪੂਰਨ ਲਈ ਬਹੁਤ ਕੁਝ ਹੈ ਪਰ ਲਾਲਚੀਆਂ ਦਾ ਲਾਲਚ ਪੂਰਨ ਲਈ ਕੁਝ ਵੀ ਨਹੀਂ।"

(i) ਜਵਾਹਰ ਲਾਲ ਨਹਿਰੂ (ii) ਬੁਤਰੱਸ ਬੁਤਰੱਸ ਘਾਲੀ

(iii) ਬਰਾਕ ਓਬਾਮਾ (iv) ਮਹਾਤਮਾਂ ਗਾਂਧੀ

**2. ਹੇਠ ਲਿਖਿਆਂ ਵਾਕਾਂ ਬਾਰੇ ਇੱਕ ਸ਼ਬਦ ਲਿਖੋ**

(i) ਮਿੱਟੀ, ਪਾਣੀ, ਬਨਸਪਤੀ ਤੇ ਖਣਿਜਾਂ ਬਾਰ ਕੁਦਰਤ ਦੀਆਂ ਰਹਿਮਤਾਂ

(ii) ਨਾ-ਨਵਿਆਉਣ ਯੋਗ ਸੋਮੇ ਦੀ ਇੱਕ ਕਿਸਮ

(iii) ਵੱਧ ਪਾਣੀ ਸੋਖਣ ਦੀ ਸਮੱਰਥਾ ਵਾਲੀ ਮਿੱਟੀ ਦੀ ਕਿਸਮ

(iv) ਮੌਨਸੂਨੀ ਜਲਵਾਯੂ ਦੀ ਖੁਰੀ ਹੋਈ ਮਿੱਟੀ ਦੀ ਕਿਸਮ

(v) ਭੌਂ-ਖੋਰ ਰੋਕਣ ਲਈ ਲਗਾਏ ਜਾਣ ਵਾਲੀ ਜੰਗਲਾਂ ਦੀ ਕਤਾਰ

(vi) ਭਾਰਤ ਦੇ ਉੱਤਰ ਦੇ ਮੈਦਾਨ ਇਸ ਕਿਸਮ ਦੀ ਮਿੱਟੀ ਦੇ ਬਣੇ ਹਨ

3. ਹੇਠ ਲਿਖਿਆਂ ਪ੍ਰਸ਼ਨਾਂ ਦੇ ਉੱਤਰ 30 ਸ਼ਬਦਾਂ ਵਿੱਚ ਦਿਓ:-

(i) ਉਹਨਾਂ ਤਿੰਨ ਰਾਜਾਂ ਦੇ ਨਾਮ ਦਸੋ ਜਿਨ੍ਹਾਂ ਵਿੱਚ ਕਾਲੀ ਮਿੱਟੀ ਮਿਲਦੀ ਹੈ। ਇਥੇ ਉਪਜਣ ਵਾਲੀ ਮੁੱਖ ਫਸਲ ਦਾ ਨਾਮ ਵੀ ਦੱਸੋ।

(ii) ਭਾਰਤ ਦੇ ਪੂਰਬੀ ਤੱਟ ਤੇ ਨਦੀਆਂ ਦੇ ਡੈਲਟਾਈ ਭਾਗਾਂ ਵਿੱਚ ਕਿਹੜੀ ਕਿਸਮ ਦੀਆਂ ਮਿੱਟੀਆਂ ਮਿਲਦੀਆਂ ਹਨ?

(iii) ਪਹਾੜੀ ਖੇਤਰਾਂ ਵਿੱਚ ਭੌਂ-ਖੋਰ (Soil Erosion) ਨੂੰ ਰੋਕਣ ਲਈ ਕਿਹੜੇ-ਕਿਹੜੇ ਕਦਮ ਚੁੱਕੇ ਜਾ ਸਕਦੇ ਹਨ?

(iv) ਜੈਵਿਕ ਤੇ ਅਜੈਵਿਕ ਸੋਮੇ ਕੀ ਹੁੰਦੇ ਹਨ? ਉਦਾਹਰਨਾਂ ਦਿਓ।

(v) ਆਫ਼ਤਾਂ ਦੇ ਪ੍ਰਬੰਧਨ ਤੋਂ ਕੀ ਭਾਵ ਹੈ?

(vi) ਭੌਂ-ਖੋਰ ਕੀ ਹੁੰਦਾ ਹੈ? ਉਦਾਹਰਣਾ ਵੀ ਦਿਓ।

(vii) ਚਲੰਤ ਪਰਤੀ ਭੂਮੀ ਤੇ ਕਿਸੇ ਹੋਰ ਕਿਸਮ ਦੀ ਪਰਤੀ ਭੂਮੀ ਵਿੱਚ ਕੀ ਅੰਤਰ ਹੈ?

(viii) ਹੇਠ ਦਿੱਤਿਆਂ 'ਤੇ ਨੋਟ ਲਿਖੋ—

(ੳ) ਜ਼ੋਨਲ ਤੇ ਅਜ਼ੋਨਲ ਮਿੱਟੀਆਂ (ਅ) ਮਿੱਟੀ ਦੀ ਬਣਤਰ

(ੲ) ਸਾਧਨ (ਸਰੋਤ) (ਸ) ਮਿੱਟੀ ਦਾ ਆਰਥਿਕ ਮਹੱਤਵ

(ਹ) ਭੌਂ-ਖੋਰ ਤੇ ਮਿੱਟੀ ਦੀ ਸੁਰੱਖਿਆ

4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 120 ਸ਼ਬਦਾਂ ਵਿੱਚ ਦਿਓ :-

(i) ਭਾਰਤ ਵਿੱਚ ਭੂਮੀ ਦੀ ਵਰਤੋ ਬਾਰੇ ਦੱਸੋ। ਇਹ ਵੀ ਦੱਸੋ ਕਿ ਭਾਰਤ ਵਿੱਚ 1960-61 ਤੋਂ ਬਾਅਦ ਜੰਗਲਾਂ ਹੇਠ ਰਕਬੇ ਵਿੱਚ ਕੋਈ ਜ਼ਿਆਦਾ ਵਾਧਾ ਕਿਉਂ ਨਹੀਂ ਹੋਇਆ?

(ii) ਤਕਨੀਕ ਅਤੇ ਆਰਥਿਕ ਵਿਕਾਸ ਨਾਲ ਸੋਮਿਆਂ ਦਾ ਉਪਭੋਗ ਕਿਵੇਂ ਵੱਧ ਜਾਂਦਾ ਹੈ?

(iii) ਆਲਮੀ ਤਪਸ਼ (Global Warming) ਕਿਸ ਨੂੰ ਕਹਿੰਦੇ ਹਨ? ਵਿਆਖਿਆ ਕਰੋ।

(iv) ਜਲਵਾਯੂ ਪਰਿਵਰਤਨ ਨਾਲ ਸ਼ਰਣਾਰਥੀਆਂ 'ਤੇ ਕੀ ਪ੍ਰਭਾਵ ਪੈਂਦਾ ਹੈ?

(v) ਆਫ਼ਤਾਂ ਪ੍ਰਬੰਧਨ ਬਾਰੇ ਸੈਂਡਾਈ ਫਰੇਮਵਰਕ ਬਾਰੇ ਸੰਖੇਪ ਵਿੱਚ ਲਿਖੋ।

(vi) 'ਸਾਧਨਾਂ' ਦੀ ਪਰਿਭਾਸ਼ਾ ਦਿਓ ਤੇ ਇਨ੍ਹਾਂ ਦਾ ਵਰਗੀਕਰਨ ਕਰੋ। ਕੋਈ ਦੋ ਕਿਸਮ ਦੇ ਸਾਧਨਾਂ ਦੀ ਵਿਆਖਿਆ ਵੀ ਕਰੋ?

(vii) ਸਾਧਨਾਂ ਦੀ ਯੋਜਨਾਕਾਰੀ ਤੋਂ ਕੀ ਭਾਵ ਹੈ? ਯੋਜਨਾਕਾਰੀ ਦੀਆਂ ਕਿਸਮਾਂ ਉਤੇ ਵਿਸਤ੍ਰਿਤ ਨੋਟ ਲਿਖੋ।

(viii) ਧਰਤੀ ਦੀ ਵਰਤੋਂ ਤੋਂ ਕੀ ਭਾਵ ਹੈ? ਧਰਤੀ ਦੀ ਵੱਖੋ-ਵੱਖ ਮੰਤਵਾਂ ਲਈ ਵਰਤੋਂ ਦਾ ਚਿਤਰਨ ਕਰੋ ਤੇ ਵਿਆਖਿਆ ਵੀ ਕਰੋ।

**ਨੋਟ :** ਅਧਿਆਪਕ ਸਾਹਿਬਾਨ ਅਧਿਆਇ ਨਾਲ ਸਬੰਧਤ ਨਕਸ਼ਾ ਕਾਰਜ ਦਾ ਅਭਿਆਸ (ਅਧਿਆਇ ਦੇ ਆਧਾਰ 'ਤੇ) ਸ਼੍ਰੇਣੀ ਵਿੱਚ ਜ਼ਰੂਰ ਕਰਵਾਉਣ।

# ਜੈਵਿਕ ਭੂਗੋਲ 2
## (Bio Geography)

ਜੈਵਿਕ ਭੂਗੋਲ ਜਾਨਦਾਰ ਧੜਕਦੀਆਂ ਤੇ ਵੱਧਦੀਆਂ ਜ਼ਿੰਦਗੀਆਂ ਦਾ ਅਧਿਐਨ ਹੈ। ਇਸ ਵਿੱਚ ਜੈਵਿਕ ਸੰਸਾਰ ਦੀ ਸਥਾਨਕ ਵੰਡ ਸ਼ਾਮਲ ਹੈ। ਜੈਵਿਕ ਭੂਗੋਲ ਨੂੰ ਭੌਤਿਕ ਸਰੂਪ ਵਿੱਚ ਜੰਗਲ, ਪਸ਼ੂ-ਪੰਛੀ, ਜੀਵ ਜੰਤੂ, ਜ਼ਮੀਨ, ਪਾਣੀ ਤੇ ਹਵਾ ਦੇ ਇਲਾਵਾ ਸਾਡੀ ਭੋਜਨ ਲੜੀ ਤੇ ਭੋਜਨ ਵੈੱਬ (ਤੰਤਰ) ਦੇ ਵਿਸਥਾਰਤ ਵਿਗਿਆਨ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਜਾ ਸਕਦਾ ਹੈ।

ਪੈਂਗੁਇਨ ਡਿਕਸ਼ਨਰੀ ਦੀ ਪਰਿਭਾਸ਼ਾ : ਜੈਵਿਕ ਭੂਗੋਲ, ਪੌਦਿਆਂ ਤੇ ਜਾਨਵਰਾਂ ਦੀ ਵੰਡ ਦਾ ਸਮੇਂ-ਸਮੇਂ 'ਤੇ ਭੂਗੋਲ ਤੇ ਉਸ ਦੇ ਵਾਤਾਵਰਨ ਨਾਲ ਰਿਸ਼ਤੇ ਦਾ ਅਧਿਐਨ ਹੈ। -ਜੌਹਨ ਵਿੱਟੋ ਪੈਂਗੁਇਨ ਡਿਕਸ਼ਨਰੀ

ਜੈਵ ਵਿਭਿੰਨਤਾ ਦੀ ਸੁਰੱਖਿਆ ਤੇ ਵਰਤੋਂ ਭਾਰਤੀ ਸੱਭਿਆਚਾਰ ਤੇ ਜੀਵਨ ਜਾਚ ਦਾ ਅਟੁੱਟ ਹਿੱਸਾ ਹੈ। ਸੰਸਾਰ ਦੇ ਕੁੱਲ ਖੇਤਰਫਲ ਦੇ 2.4% ਹਿੱਸੇ ਵਿੱਚ ਸੰਸਾਰ ਦੀਆਂ 7-8% ਪ੍ਰਜਾਤੀਆਂ ਰਹਿੰਦੀਆਂ ਹਨ। ਦੁਨੀਆਂ ਦੀ 40% ਆਰਥਿਕਤਾ ਤੇ ਗ਼ਰੀਬਾਂ ਦੀਆਂ 80% ਪ੍ਰਤੀਸ਼ਤ ਜ਼ਰੂਰਤਾਂ ਜੈਵਿਕ ਸੋਮਿਆਂ ਤੋਂ ਪੂਰੀਆਂ ਹੁੰਦੀਆਂ ਹਨ।

ਜੈਵ ਵਿਭਿੰਨਤਾ ਬਾਰੇ ਇਹ ਸਮਝਣਾ ਗ਼ਲਤ ਹੈ ਕਿ ਇਹ ਆਰਥਿਕ ਵਿਕਾਸ ਦੇ ਨਾਲ-ਨਾਲ ਚਲਦੀ ਹੈ, ਮਨੁੱਖੀ ਦਖ਼ਲਅੰਦਾਜ਼ੀ ਤੇ ਵੱਧਦੀ ਹੋਈ ਜੰਨਸੰਖਿਆ ਤੇ ਉਸਦੇ ਵੱਧਦੇ ਹੋਏ ਲਾਲਚ ਨੇ ਵੱਖਰੇ-ਵੱਖਰੇ ਹਾਂ-ਪੱਖੀ ਪੱਧਰ 'ਤੇ ਵੇਖਿਆ ਪਤਾ ਲਗਦਾ ਹੈ ਕਿ ਨਾ ਸਿਰਫ਼ ਊਰਜਾ ਦੇ ਪ੍ਰਵਾਹ ਵਿੱਚ ਖਲਲ ਪਾਇਆ ਹੈ, ਸਗੋਂ ਇਸ ਨੇ ਜਲਵਾਯੂ, ਧਰਾਤਲ ਤੇ ਸਮੁੰਦਰੀ ਵਾਤਾਵਰਨ ਨੂੰ ਬੁਰੀ ਤਰਾਂ ਨਾਲ ਤਹਿਸ-ਨਹਿਸ ਕੀਤਾ ਹੈ। ਜੈਵ ਵਿਭਿੰਨਤਾ ਵਿੱਚ ਸਮੁੱਚੀਆਂ ਪ੍ਰਜਾਤੀਆਂ, ਵਸੋਂ, ਭਾਈਚਾਰਾਂ, ਪ੍ਰਾਸਥਿਤਿਕ ਤੰਤਰ ਜਿਸ ਵਿੱਚ ਜੰਗਲੀ ਤੇ ਪਾਲਤੂ ਪਸ਼ੂ ਵੀ ਸ਼ਾਮਲ ਹਨ ਤੇ ਧਰਤੀ ਉੱਤੇ ਪਾਈ ਜਾਣ ਵਾਲੀ ਹਰ ਜ਼ਿੰਦਗੀ ਸ਼ਾਮਲ ਹੈ। ਇਸ ਨੂੰ ਜੀਵਾਂ ਤੇ ਉਹਨਾਂ ਦੇ ਨਿਵਾਸ ਦੇ ਵਖਰੇਵੇਂ ਦੇ ਅਧਿਐਨ ਦੇ ਤੌਰ 'ਤੇ ਪ੍ਰਭਾਸ਼ਤ ਕੀਤਾ ਜਾ ਸਕਦਾ ਹੈ।

### ਜੈਵ-ਹੱਕ (Bio Rights)

ਜੈਵਿਕ ਹੱਕ ਦਾ ਅਰਥ ਹੈ ਕਿ ਖ਼ਤਮ ਹੋਣ ਦੇ ਕੰਢੇ 'ਤੇ ਪੁੱਜੀਆਂ ਪ੍ਰਜਾਤੀਆਂ ਨੂੰ ਇਸ ਧਰਤੀ 'ਤੇ ਰਹਿਣ ਤੇ ਜਿਊਣ ਦਾ ਹੱਕ।

ਜੈਵ ਵਿਭਿੰਨਤਾ ਵਿੱਚ ਪ੍ਰਜਾਤੀਆਂ ਦੇ ਵਖਰਵੇਂ ਜਿਸ ਵਿੱਚ ਫ਼ਸਲਾਂ, ਜੀਵ ਜੰਤੂਆਂ ਵੀ ਸ਼ਾਮਿਲ ਹਨ, ਬਾਰੇ ਵੀ ਪੜ੍ਹਿਆ ਜਾਂਦਾ ਹੈ। ਕ੍ਰੋਮੋਸੋਮ, ਜੀਨ ਤੇ ਡੀ.ਐਨ.ਏ. ਜੀਵਨ ਨੂੰ ਸਰੂਪ ਬਖ਼ਸ਼ਦੇ ਹਨ ਤੇ ਹਰੇਕ ਪ੍ਰਾਣੀ ਅੰਦਰ ਖਾਸ ਗੁਣ ਬਣਾਉਂਦੇ ਹਨ। ਇਸ ਨੂੰ ਸਥਾਨ ਅਤੇ ਸਮੇਂ ਦੇ ਵਖਰੇਵੇ ਦੇ ਸੰਦਰਭ ਵਿੱਚ ਸਮਝਿਆ ਜਾ ਸਕਦਾ ਹੈ, ਜਿਸ ਵਿੱਚ ਰੇਗਿਸਤਾਨ, ਜੰਗਲ, ਜਲਗਾਹਾਂ, ਪਹਾੜ, ਝੀਲਾਂ, ਨਦੀਆਂ ਤੇ ਖੇਤੀਬਾੜੀ ਥਲ ਸਰੂਪ ਆਉਂਦੇ ਹਨ।

ਕੁਦਰਤ ਵਿੱਚ ਕਈ ਪ੍ਰਜਾਤੀਆਂ ਇੱਕੋ ਜਿਹਾ ਨਿਵਾਸ ਸਥਾਨ ਸਾਂਝਾ ਕਰਦੀਆਂ ਹਨ ਤੇ ਇੱਕ ਦੂਜੇ ਨਾਲ ਇੱਕ-ਮਿੱਕ ਹੋ ਕੇ ਰਹਿੰਦੀਆਂ ਹਨ। ਜਦੋਂ ਇਹ ਨਿਵਾਸ ਸਥਾਨ ਜੀਵ-ਜੰਤੂਆਂ ਦੇ ਰਹਿਣ ਦੇ ਕਾਬਿਲ ਨਾ ਰਹਿਣ ਜਾਣ ਉਹਨਾਂ ਦਾ ਰਹਿਣਾ ਨਾ-ਮੁਮਕਿਨ ਹੋ ਜਾਂਦਾ ਹੈ। ਇਸ ਕਾਰਨ ਪ੍ਰਜਾਤੀਆਂ ਅਲੋਪ ਹੋ ਜਾਂਦੀਆਂ ਹਨ। ਭੂਗੋਲਿਕ ਖੇਤਰ ਦਾ ਵਿਕਾਸ ਰੁੱਕ ਜਾਂਦਾ ਹੈ। ਖਾਸ ਕਿਸਮ ਦੇ ਜੀਵਾਂ ਦੀ ਜਨਸੰਖਿਆ ਵਿੱਚ ਵਾਧਾ ਹੋ ਜਾਂਦਾ ਹੈ, ਤੇ ਕਿਸੇ ਖਾਸ ਪ੍ਰਜਾਤੀ ਦੀ ਵਸੋਂ ਘੱਟ ਜਾਂਦੀ ਹੈ। ਜਿਸ ਨਾਲ ਬੇਸ਼ਕੀਮਤੀ ਪ੍ਰਜਾਤੀਆਂ ਮੁੱਕ ਜਾਂਦੀਆਂ ਹਨ। ਸਿੱਟੇ ਵੱਜੋਂ ਖੇਤੀ, ਮੱਛੀ ਪਾਲਣ ਤੇ ਦਵਾਈਆਂ ਵਾਲੀਆਂ ਪ੍ਰਜਾਤੀਆਂ ਤੇ ਬੁਰਾ ਅਸਰ ਪੈਂਦਾ ਹੈ। ਪੰਜਾਬ ਵਿੱਚੋਂ ਚਿੜੀਆਂ ਦਾ ਲੋਪ ਹੋ ਜਾਣਾ ਤੇ ਬਿੱਲੀਆਂ ਦੀ ਕਮੀ ਇਸਦੀਆਂ ਉਦਾਹਰਨਾਂ ਹਨ।

**ਨਵੀਂ ਜਾਣਕਾਰੀ :**

ਰੇਗਿਸਤਾਨ ਵਿੱਚ ਕਿੱਕਰ ਦੇ ਪੱਤੇ ਖੁਦ ਨੂੰ ਊਠਾਂ ਦੁਆਰਾ ਖਾਧੇ ਜਾਣ ਤੋਂ ਬਚਾਉਣ ਲਈ ਆਪਣੇ ਵਿੱਚ ਇੱਕ ਖਾਸ ਕਿਸਮ ਦਾ, ਸਾਈਨੋਜੈਨਿਕ ਜ਼ਹਿਰ ਪੈਦਾ ਕਰ ਲੈਂਦੇ ਹਨ।

ਵਾਤਾਵਰਨ ਤੇ ਪੈਣ ਵਾਲੇ ਅਸਰ (Environment Impact Assessment -EIA) ਦਾ ਮੁਲਾਂਕਣ ਤੇ ਸਮਾਜ 'ਤੇ ਪੈਣ ਵਾਲੇ ਅਸਰ ਦਾ ਮੁਲਾਂਕਣ (Social Impact Asessment-SIA) ਮਨੁੱਖੀ ਗਤੀਵਿਧੀਆਂ ਦੇ ਜੈਵ ਵਿਭਿੰਨਤਾ 'ਤੇ ਪੈਣ ਵਾਲੇ ਮਾੜੇ ਅਸਰ ਕਾਰਨ ਹਕੀਕਤ ਬਣ ਗਏ ਹਨ। ਸਾਡੇ ਪ੍ਰਸਥਿਤਿਕ ਤੰਤਰ ਨੂੰ ਬਚਾਈ ਰੱਖਣ ਲਈ ਸਖ਼ਤ ਕਾਨੂੰਨ ਬਣਾਉਣੇ ਬਹੁਤ ਜ਼ਰੂਰੀ ਹਨ। ਇਸਦਾ ਮੁਲਾਂਕਣ ਵਿਕਾਸ ਦੀ ਕੋਈ ਵੀ ਯੋਜਨਾ ਬਣਾਉਣ ਤੋਂ ਪਹਿਲਾਂ ਕੀਤਾ ਜਾਂਦਾ ਹੈ। ਉਸ ਤੋਂ ਬਾਅਦ ਹੀ ਉਸ ਨੂੰ ਸਰਕਾਰ ਵੱਲੋਂ ਮਨਜ਼ੂਰੀ ਦਿੱਤੀ ਜਾਂਦੀ ਹੈ।

ਜੈਵ ਵਿਭਿੰਨਤਾ ਨੂੰ ਮੁੜ ਸੁਰਜੀਤ ਕਰਨ ਦੀ ਪ੍ਰਕਿਰਿਆ ਬਹੁਤ ਹੀ ਜ਼ਿਆਦਾ ਲੰਬੀ ਤੇ ਗੁੰਝਲਦਾਰ ਹੈ। ਮਨੁੱਖ ਦੀ ਹੋਂਦ ਲਈ ਵਾਤਵਾਰਨ ਦੀ ਸਿਹਤ, ਤੇ ਕੁਦਰਤੀ ਨਿਵਾਸਾਂ ਦਾ ਰੱਖ-ਰਖਾਓ ਬਰਕਰਾਰ ਰਹਿਣਾ ਚਾਹੀਦਾ ਹੈ। ਜੈਵ ਵਿਭਿੰਨਤਾ ਨੂੰ ਅਸੀਂ ਤਿੰਨ ਪੱਧਰਾਂ 'ਤੇ ਵੰਡਦੇ ਹਾਂ—

| ਕਿਸਮ | ਪਰਿਭਾਸ਼ਾ |
|---|---|
| ਜਮਾਂਦਰੂ ਵਿਭਿੰਨਤਾ (Genetic Diversity) | ਜੈਵਿਕ ਵਿਭਿੰਨਤਾ ਤੋਂ ਭਾਵ ਹੈ, ਕਿ ਪ੍ਰਜਾਤੀਆਂ ਵਿਚਲਾ ਜੀਨ ਵਖਰੇਵਾਂ। ਇਸ ਪੱਖ ਵਿੱਚ ਇਕੋ ਪ੍ਰਜਾਤੀ ਵਿੱਚ ਵੀ ਵਖਰੇਵੇਂ ਮਿਲਦੇ ਹਨ। |
| ਪ੍ਰਜਾਤੀ ਵਿਭਿੰਨਤਾ (Species Diversity) | ਇਸ ਨੂੰ ਇੱਕ ਖਾਸ ਖੇਤਰ ਵਿੱਚ, ਪ੍ਰਜਾਤੀਆਂ ਦੇ ਵਖਰੇਵੇਂ ਵਜੋਂ ਮਾਪਿਆ ਜਾਂਦਾ ਹੈ। ਅਰਥਾਤ ਇੱਕ ਖੇਤਰ ਵਿੱਚ ਕਿੰਨੇ ਕੁ ਕਿਸਮਾਂ ਦੀਆਂ ਪ੍ਰਜਾਤੀਆਂ ਮਿਲਦੀਆਂ ਹਨ। |
| ਪਾਰਿਸਥਿਕ ਤੰਤਰ ਵਿਭਿੰਨਤਾ (Ecosystem Diversity) | ਇਸ ਵਿੱਚ ਵੱਖਰੇ-ਵੱਖਰੇ ਪਾਰਿਸਥਿਤਕ ਤੰਤਰਾਂ ਦੇ ਵਖਰੇਵੇਂ, ਉਹਨਾਂ ਦੇ ਨਿਵਾਸ ਸਥਾਨਾਂ ਦੇ ਵਖਰੇਵੇਂ ਸ਼ਾਮਿਲ ਹੁੰਦੇ ਹਨ। |




*ਭਾਰਤ : ਜੈਵ ਵਿਭਿੰਨਤਾ ਜ਼ੋਨ*

ਧਰਤੀ ਤੇ ਪਾਣੀ ਦੇ ਪਾਰਿਸਥਿਤਿਕ ਤੰਤਰ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ।

1. ਊਸ਼ਣ ਖੰਡੀ ਵਰਖਾ ਵਾਲੇ ਖੇਤਰਾਂ ਦੇ ਜੰਗਲ (Topical Rain Forests)
2. ਘਾਹ ਦੇ ਮੈਦਾਨ (Grasslands)
3. ਜਲਗਾਹਾਂ (Wetlands)
4. ਕੋਰਲ ਜਾਂ ਮੂੰਗਾ ਦੀਪ ਤੇ ਮੈਨਗਰੂਵ (Coral Reefs and Mangroves)

## ਕੁਝ ਜ਼ਰੂਰੀ ਪਰਿਭਾਸ਼ਾਵਾਂ (Some Important Definitions)

(1) **ਈਕੋਟੋਨ (Ecotone)** — ਦੋ ਅਲੱਗ-ਅਲੱਗ ਕਿਸਮ ਦੀਆਂ ਪ੍ਰਜਾਤੀਆਂ ਦਰਮਿਆਨ ਤਬਦੀਲੀ (Transition) ਦੀ ਜ਼ੋਨ ਨੂੰ ਈਕੋਟੋਨ ਕਿਹਾ ਜਾਂਦਾ ਹੈ। ਜਿਵੇਂ ਐਲਪਾਈਨ ਤੇ ਸ਼ੀਤ ਊਸ਼ਣ ਘਾਹਦੇ ਮੈਦਾਨਾਂ ਤੇ ਜੰਗਲਾਂ ਵਿੱਚ ਤਬਦੀਲੀ ਵਾਲਾ ਹਿੱਸਾ ਜਾਂ ਜ਼ੋਨਾਂ 'ਤੇ ਉਚਾਈ ਵਾਲੇ ਠੰਡੇ ਰੇਗਿਸਤਾਨ ਈਕੋਟੋਨ ਬਣਾਉਂਦੇ ਹਨ।

(2) **ਜੈਵ-ਭੂਗੋਲਿਕ ਜ਼ੋਨ (Biogeographic zone)**— ਜੈਵ ਭੂਗੋਲ ਜ਼ੋਨ ਇਕੋ ਜਿਹੇ ਪਾਰਿਸਥਿਤਿਕ ਤੰਤਰ ਵਿੱਚ ਜੈਵ ਨੁਮਾਇੰਦਗੀ, ਭਾਈਚਾਰੇ ਤੇ ਪ੍ਰਜਾਤੀਆਂ ਦੀ ਵੱਡੀ ਇਕਾਈ ਨੂੰ ਕਿਹਾ ਜਾਂਦਾ ਹੈ। ਉਦਾਹਰਨ ਲਈ ਹਿਮਾਲਿਆ ਪਰਬਤ ਤੇ ਪੱਛਮੀ ਘਾਟ।

(3) **ਜੈਵਿਕ ਸੂਬਾ (Biotic province)** — ਜੈਵਿਕ ਸੂਬਾ, ਜੈਵ ਭੂਗੋਲਿਕ ਜ਼ੋਨ ਦੀ ਗੌਣ ਜਾਂ ਦੂਸਰੀ ਇਕਾਈ ਹੈ, ਜਿਸ ਵਿੱਚ ਵਾਤਾਵਰਨ ਦੇ ਬਦਲਾਅ ਕਾਰਨ ਕਿਸੇ ਖਾਸ ਪ੍ਰਜਾਤੀ ਨੂੰ ਤਰਜੀਹ ਦੇ ਆਧਾਰ 'ਤੇ ਅਧਿਐਨ ਦਾ ਹਿੱਸਾ ਬਣਾਇਆ ਜਾਂਦਾ ਹੈ। ਉਦਾਹਰਨ ਲਈ ਉੱਤਰ ਪਛਮੀ ਹਿਮਾਲਿਆ 'ਤੇ ਸਤਲੁਜ ਦਰਿਆ ਦੇ ਦੋਹੇਂ ਪਾਸਿਆਂ ਵਿੱਚ ਵਖਰੇਵਾਂ।

(4) **ਜ਼ਮੀਨੀ ਖੇਤਰ (The Land region)**— ਜੈਵਿਕ ਸੂਬੇ ਦੀ ਛੋਟੀ ਇਕਾਈ ਹੈ, ਜਿਸ ਵਿੱਚ ਵੱਖੋ-ਵੱਖਰੇ ਥਲਸਰੂਪ ਮਿਲਦੇ ਹਨ ਜਿਵੇਂ ਅਰਾਵਲੀ ਪਰਬਤ ਤੇ ਮਾਲਵਾ ਦਾ ਪਠਾਰ, ਗੁਜਰਾਤ ਦਾ ਰਜਵਾੜਾ ਸੂਬਾ।

(5) **ਬਾਇਓਮ (Biome)**— ਬਾਇਓਮ ਪਾਰਿਸਥਿਤ ਤੰਤਰ ਦੀ ਸਭ ਤੋਂ ਛੋਟੀ ਇਕਾਈ ਹੈ ਪਰ ਇਹ ਜੈਵਭੂਗੋਲਿਕ ਇਕਾਈ ਨਹੀਂ ਹੁੰਦੀ। ਜਿਵੇਂ, ਦਲਦਲ, ਜਲਗਾਹਾਂ, ਜਾਂ ਚੌੜੇ ਪੱਤਿਆਂ ਵਾਲੇ ਸ਼ੀਤ ਖੰਡੀ ਜੰਗਲ। ਇਹ ਕਈ ਜੈਵ-ਭੂਗੋਲਿਕ ਜ਼ੋਨਾਂ ਤੇ ਸੂਬਿਆਂ ਵਿੱਚ ਵੰਡੇ ਹੋ ਸਕਦੇ ਹਨ।

ਭਾਰਤ ਨੂੰ 10 ਜੈਵ ਭੂਗੋਲਿਕ ਇਕਾਈਆਂ ਜਾਂ ਜ਼ੋਨਾਂ ਵਿੱਚ ਵੰਡਿਆ ਜਾ ਸਕਦਾ ਹੈ ਜੋ ਅੱਗੇ 26 ਜੈਵ ਸੂਬਿਆਂ ਵਿੱਚ ਵੰਡੇ ਜਾ ਸਕਦੇ ਹਨ।

ਭਾਰਤ ਵਿੱਚ ਜੈਵ-ਭੂਗੋਲਿਕ ਜ਼ੋਨ ਤੇ ਉਨ੍ਹਾਂ ਦੇ ਸਥਾਨਕ ਪਸਾਰ :

| ਜ਼ੋਨ ਲੜੀ | ਜ਼ੋਨ ਦਾ ਨਾਮ | ਜ਼ੋਨ ਦਾ ਰਕਬਾ (ਵਰਗ ਕਿਲੋਮੀਟਰਾਂ ਵਿੱਚ) | ਭਾਰਤ ਵਿੱਚ ਫ਼ੀਸਦੀ |
|---|---|---|---|
| 1. | ਟਰਾਂਸ ਹਿਮਾਲਿਆ ਜਾਂ ਪਾਰ ਹਿਮਾਲਿਆ | 1,84,823 | 5.62 |
| 2. | ਹਿਮਾਲਿਆ | 2,10,662 | 6.41 |
| 3. | ਰੇਗਿਸਤਾਨ (ਮਾਰੂਥਲ) | 2,15,757 | 6.56 |
| 4. | ਅਰਧ-ਖੁਸ਼ਕ (Semi-Arid) | 5,45,850 | 16.60 |
| 5. | ਪੱਛਮੀ ਘਾਟ | 1,32,606 | 4.03 |
| 6. | ਦੱਖਣੀ ਪ੍ਰਾਇਦੀਪ (Deccan Peninsula) | 13,80,380 | 41.99 |
| 7. | ਗੰਗਾ ਦੇ ਮੈਦਾਨ | 3,54,782 | 10.79 |
| 8. | ਤੱਟ (Coasts) | 82,813 | 2.52 |
| 9. | ਉੱਤਰ-ਪੂਰਬ (North Eats) | 1,71,341 | 5.21 |
| 10. | ਟਾਪੂ (Islands) | 8,249 | 0.25 |
| | ਕੁੱਲ | 32,87,263 | 100.00 |

## ਵੱਡ-ਪੱਧਰੀ ਮੈਗਾ ਵਿਭਿੰਨਤਾ ਵਾਲੇ ਦੇਸ਼ (Mega diverse nations)

ਮੈਗਾ ਜਾਂ ਵੱਡੇ ਪੱਧਰ 'ਤੇ ਵਿਭਿੰਨਤਾ ਵਾਲੇ ਦੇਸ਼ (ਮੁਲਕ) ਉਹ ਮੁਲਕ ਹੁੰਦੇ ਹਨ, ਜਿਨਾਂ ਵਿੱਚ ਧਰਤੀ 'ਤੇ ਮਿਲਦੀਆਂ ਸਥਾਨਕ ਪ੍ਰਜਾਤੀਆਂ ਦੀ ਭਰਮਾਰ ਹੁੰਦੀ ਹੈ। ਕੁਦਰਤੀ ਸਰਮਾਏ ਦੀ ਸਾਂਭ-ਸੰਭਾਲ ਬਾਰੇ ਅੰਤਰ ਰਾਸ਼ਟਰੀ ਜਾਂ ਕੌਮਾਂਤਰੀ ਸੰਸਥਾ ਕੰਜ਼ਰਵੇਸ਼ਨ ਇੰਟਰਨੈਸ਼ਨਲ (Conservation International-C.I) ਨੇ ਸਾਲ 1998 ਵਿੱਚ 17 ਪ੍ਰਮੁੱਖ ਮੈਗਾ ਜੈਵ ਵਿਭਿੰਨਤਾ ਵਾਲੇ ਦੇਸ਼ਾਂ ਦੀ ਪਛਾਣ ਕੀਤੀ ਸੀ, ਜਿਹਨਾਂ ਵਿੱਚੋਂ ਜ਼ਿਆਦਾਤਰ ਦੇਸ਼ ਊਸ਼ਣ ਤੇ ਉਪ-ਊਸ਼ਣ ਖੰਡੀ ਖੇਤਰਾਂ ਵਿੱਚ ਹਨ।

> **ਕੁਝ ਜਾਨਣ ਲਈ :** ਮੈਗਾ ਜੈਵ ਵਿਭਿੰਨਤਾ ਵਾਲੇ ਦੇਸ਼ ਲਈ ਕੀ ਮਾਪਦੰਡ ਹਨ ? ਵੱਡਾ ਜਾਂ ਮੈਗਾ ਵਿਭਿੰਨਤਾ ਵਾਲੇ ਦੇਸ਼ ਵਿੱਚ ਘੱਟ ਤੋਂ ਘੱਟ 5,000 ਪੌਦਿਆਂ ਦੀਆਂ ਸਥਾਨਕ ਪ੍ਰਜਾਤੀਆਂ ਤੇ ਹੱਦਾਂ ਵਾਲਾ ਸਮੁੰਦਰੀ ਜੀਵਾਂ ਵਾਲਾ ਪਾਰਿਸਥਿਤਿਕ ਤੰਤਰ ਹੋਣਾ ਚਾਹੀਦਾ ਹੈ।

ਭਾਰਤ ਮੈਗਾ ਜੈਵ ਵਿਭਿੰਨਤਾ ਵਾਲੇ 17 ਦੇਸ਼ਾਂ ਵਿੱਚੋਂ 7ਵਾਂ ਵੱਡਾ ਦੇਸ਼ ਹੈ। ਸੰਸਾਰ ਦੇ 36 ਜੈਵ ਵਿਭਿੰਨਤਾ ਵਾਲੇ ਸੰਵੇਦਨਸ਼ੀਲ ਬਿੰਦੂਆਂ ਜਾਂ ਹੌਟਸਪਾਟ (Hotspots) ਵਿੱਚੋਂ 4 ਹੌਟਸਪਾਟ (ਤੀਖਣ ਬਿੰਦੂ) ਭਾਰਤ ਵਿੱਚ ਹਨ।

ਭਾਰਤ ਵਿੱਚ 350 ਦੇ ਲਗਪਗ ਥਣਧਾਰੀ ਜਾਨਵਰਾਂ (Mannals) ਦੀਆਂ ਪ੍ਰਜਾਤੀਆਂ ਹਨ, ਜੋ ਲਗਪਗ ਸੰਸਾਰ ਦਾ 8 ਪ੍ਰਤੀਸ਼ਤ ਬਣਦੇ ਹਨ। ਇਸ ਤੋਂ ਇਲਾਵਾ, ਸੰਸਾਰ ਦੇ 13 ਪ੍ਰਤੀਸ਼ਤ ਪੰਖੇਰੂ (birds), 8% ਰੀਂਗਣ ਵਾਲੇ ਜੀਵ (reptiles), 6% ਜਲਥਲੀ ਜੀਵ (Amphibians) ਤੇ ਪੌਦਿਆਂ ਦੀਆਂ 6% ਪ੍ਰਜਾਤੀਆਂ ਭਾਰਤ ਵਿੱਚ ਮਿਲਦੀਆਂ ਹਨ। ਜ਼ਿਆਦਾਤਰ ਪ੍ਰਜਾਤੀਆਂ ਊਸ਼ਣਖੰਡੀ ਵਰਖਾ ਵਾਲੇ ਜੰਗਲਾਂ, ਪੱਛਮੀ ਘਾਟ, ਤੇ ਹਿਮਾਲਿਆ ਦੇ ਜੰਗਲੀ ਇਲਾਕਿਆਂ ਵਿੱਚ ਹੀ ਮਿਲਦੀਆਂ ਹਨ।

ਭਾਰਤ ਵਿੱਚ 106 ਦੇ ਕਰੀਬ ਰਾਸ਼ਟਰੀ (ਕੌਮੀ) ਪਾਰਕ (National parks), 565 ਜੰਗਲੀ ਜੀਵ ਰੱਖਾਂ, (Wild life Sanctuaries) ਤੇ 18 ਜੈਵ-ਵਿਭਿਨੰਤਾ ਵਾਲੇ ਸੁਰੱਖਿਅਤ ਜਾਂ ਰਿਜ਼ਰਵ (ਰਾਖਵੇਂ) ਖੇਤਰ ਹਨ (Biosphese Resources)। ਜੈਵ ਵਿਭਿੰਨਤਾ ਅਕਸ਼ਾਂਸ਼ੀ ਤੇ ਦੇਸ਼ਾਂਤਰੀ ਤਬਦੀਲੀ ਨਾਲ ਬਦਲ ਜਾਂਦੀ ਹੈ। ਭਾਰਤ ਦਾ ਅਕਸ਼ਾਂਸ਼ੀ ਵਿਸਤਾਰ ਲਗਭਗ 30° ਡਿਗਰੀ ਦਾ ਹੈ। ਇਸ ਦੀ ਉਚਾਈ ਕੇਰਲ ਵਿੱਚ ਕੁੱਟਾਨਾਡ (Kuttanad) ਵਿੱਚ ਸਮੁੰਦਰ ਤੱਲ ਤੋਂ -2.2 ਮੀਟਰ ਨੀਵੇਂ ਤੋਂ ਲੈ ਕੇ 8611 ਮੀਟਰ ਦੀ ਉਚਾਈ ਗੋਡਵਿਨ ਆਸਟਿਨ ਜਾਂ $K_2$ ਤੱਕ ਹੈ। ਹਿਮਾਲਿਆ ਦੀਆਂ ਅਲੱਗ-ਅਲੱਗ ਉਚਾਈਆਂ ਤੇ ਵੰਨ-ਸੁਵੰਨੀ ਕੁਦਰਤੀ ਬਨਸਪਤੀ ਤੇ ਜੀਵ-ਜੰਤੂ ਪਾਏ ਜਾਂਦੇ ਹਨ। ਸੋ ਹਿਮਾਲਿਆ ਦੀਆਂ-ਅਲੱਗ ਅਲੱਗ ਉਠਾਈਆਂ ਤੇ ਊਸ਼ਣ-ਖੰਡੀ ਚੌੜੇ ਪੱਤਿਆਂ ਵਾਲੇ ਜੰਗਲ, ਸ਼ੀਤ ਊਸ਼ਣ ਪਰਬਤੀ ਜੰਗਲ, ਸ਼ੀਤ ਊਸ਼ਣ ਘਾਹ ਦੇ ਮੈਦਾਨ, ਐਲਪਾਈਨ ਜੰਗਲ, ਐਲਪਾਈਨ ਘਾਹ ਦੇ ਮੈਦਾਨ, ਤੇ ਟੁੰਡਰਾ ਬਨਸਪਤੀ ਮਿਲਦੀ ਹੈ। ਭਾਰਤ, 2.4 ਪ੍ਰਤੀਸ਼ਤ ਖੇਤਰਫਲ ਵਿੱਚ ਸੰਸਾਰ ਦੀ 8% ਜੈਵ ਵਿਭਿੰਨਤਾ ਸਮੋਈ ਬੈਠਾ, ਮੈਗਾ ਵਿਭਿੰਨਤਾ ਵਾਲੇ ਮੁਲਕਾਂ ਦੇ ਗਰੁੱਪ ਦਾ ਮੈਂਬਰ ਵੀ ਹੈ। ਭਾਰਤ ਪੌਦਿਆਂ ਦੇ ਜਨਮ ਵਾਲੇ ਸੰਸਾਰ ਦੇ 8 ਜੀਨ ਕੇਂਦਰਾਂ ਵਿੱਚੋਂ ਇੱਕ ਦੇਸ਼ ਹੈ। ਕੁੱਲ ਮਿਲਾ ਕੇ ਭਾਰਤ ਕਈ ਜਿਨਸੀ (ਜੈਨੇਟਿਕ) ਸੋਮਿਆਂ, ਕਈ ਖਾਣ ਯੋਗ ਪੌਦਿਆਂ ਤੇ ਦਵਾਈਆਂ ਬਣਾਉਣ ਵਾਲੇ ਪੌਦਿਆਂ ਦਾ ਖਜ਼ਾਨਾ ਹੈ। ਆਉਣ ਵਾਲੇ ਸਮਿਆਂ ਵਿੱਚ ਇਸ ਖਜ਼ਾਨੇ ਨੂੰ ਹੋਰ ਵਧਾਉਣ ਲਈ ਹੀ ਭਾਰਤ ਵਿੱਚ ਨਵੰਬਰ, 2022 ਤੱਕ 18 ਜੀਵ ਖੇਤਰ ਰੱਖਾਂ (Biosphere Resources) ਤੇ 40 ਸੰਸਾਰ ਵਿਰਾਸਤੀ ਸਥਾਨ ਬਣ ਚੁੱਕੇ ਹਨ। ਜਿੰਨਾ ਵਿਚੋਂ 32 ਸੱਭਿਆਚਰਕ 7 ਕੁਦਰਤੀ ਤੇ ਇਕ ਕੰਚਨਜੰਗਾ ਮਿਸ਼ਰਿਤ ਹੈ।

ਭਾਰਤ ਵਿਚਲੀ ਜੈਵ-ਵਿਭਿੰਨਤਾ ਬਾਰੇ ਕੁਝ ਜ਼ਰੂਰੀ ਤੱਥ:

(1) ਭਾਰਤ ਸੰਸਾਰ ਦੇ 17 ਮੈਗਾ ਵਿਭਿੰਨਤਾ ਵਾਲੇ ਦੇਸ਼ਾਂ ਵਿਚੋਂ ਹੈ, ਜਿਸ ਵਿੱਚ ਸੰਸਾਰ ਦੀ 33% ਜ਼ਿੰਦਗੀ (ਜੈਵਿਕ) ਨਿਵਾਸ ਕਰਦੀ ਹੈ।

(2) ਭਾਰਤ ਸੰਸਾਰ ਦੇ ਕੁਲ ਰਕਬੇ ਦਾ ਸਿਰਫ਼ 2.4% ਹੋਣ ਦੇ ਬਾਵਜੂਦ ਇੱਥੇ 8% ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ।

(3) ਭਾਰਤ ਨੂੰ 10 ਜੈਵ-ਭੂਗੋਲਿਕ ਜ਼ੋਨਾਂ, 26 ਜੈਵਿਕ ਸੂਬਿਆਂ ਵਿੱਚ ਵੰਡਿਆ ਜਾ ਸਕਦਾ ਹੈ, ਜਿਨ੍ਹਾਂ ਵਿੱਚ ਸੰਸਾਰ ਦੇ ਲਗਪਗ ਹਰ ਕਿਸਮ ਦੇ ਪਾਰਿਸਥਿਕ ਤੰਤਰ ਮਿਲਦੇ।

(4) ਭਾਰਤ ਵਿੱਚ 41 ਬੋਟੈਨੀਕਲ ਬਾਗ ਜਾਂ ਬਨਸਪਤੀ ਦੇ ਬਾਗ, 120 ਰਾਸ਼ਟਰੀ ਪਾਰਕ, 275 ਚਿੜੀਆਘਰ, 504 ਜੰਗਲੀ ਜੀਵ ਰੱਖਾਂ ਤੇ 18 ਜੈਵਮੰਡਲ ਰਿਜ਼ਰਵ ਹਨ।

(5) ਸਾਡੇ ਦੇਸ਼ ਵਿੱਚ ਪੌਦਿਆਂ ਦੀਆਂ ਲਗਪਗ 50,000 ਤੇ ਜੀਵ ਜੰਤੂਆਂ ਦੀਆਂ 81,000 ਪ੍ਰਜਾਤੀਆਂ ਦੀ ਪਛਾਣ ਹੋ ਚੁੱਕੀ ਹੈ।

(6) ਭਾਰਤ ਦੇ ਪੱਛਮੀ ਘਾਟ ਵਿੱਚ ਲਗਪਗ 60% ਪ੍ਰਤੀਸ਼ਤ ਜੈਵ-ਵਿਭਿੰਨਤਾ ਪਾਈ ਜਾਂਦੀ ਹੈ ਤੇ ਇਹ ਖਿੱਤਾ ਜੈਵ-ਵਿਭਿੰਨਤਾ ਦਾ ਤੀਖਣ ਬਿੰਦੂ ਜਾਂ ਹੌਟਸਪਾਟ ਹੈ।

(7) ਜੀਵ ਜੰਤੂਆਂ ਦੀਆਂ 81,000 ਪ੍ਰਜਾਤੀਆਂ ਵਿੱਚੋਂ 372 ਥਣਧਾਰੀ ਜੀਵ, ਸੰਨ 2016 ਤੱਕ ਰਿਕਾਰਡ 1266 ਪੰਛੀਆਂ ਦੀਆਂ ਪ੍ਰਜਾਤੀਆਂ, 428 ਰੀਂਗਣ ਵਾਲੇ ਜੀਵ (Reptiles), 204 ਜਲ-ਥਲੀ ਜੀਵ (Amphibians); ਉਹ ਜੀਵ ਜੋ ਜ਼ਮੀਨ ਤੇ ਪਾਣੀ ਦੋਹਾਂ ਥਾਵਾਂ ਵਿੱਚ ਜ਼ਿੰਦਾ ਰਹਿ ਸਕਦੇ ਹੋਣ), 2546 ਕਿਸਮ ਦੀਆਂ ਮੱਛੀਆਂ, 57,245 ਕਿਸਮ ਦੇ ਕੀੜੇ-ਮਕੌੜੇ, 5,042 ਕਿਸਮ ਦੇ ਘੋਗੇ, ਸਿੱਪੀ ਤੇ ਹੋਰ ਕਈ ਕਿਸਮ ਦੇ ਜੰਤੂ ਪਾਏ ਜਾਂਦੇ ਹਨ।

(8) ਭਾਰਤ ਲੋਪ ਹੋਣ ਕੰਢੇ ਪੁੱਜੀਆਂ ਕਈ ਪ੍ਰਜਾਤੀਆਂ ਦੇ ਗ਼ੈਰ ਕਾਨੂੰਨੀ ਵਪਾਰ ਨੂੰ ਰੋਕਣ ਲਈ ਕੌਮਾਂਤਰੀ ਸੰਧੀਆਂ ਜਿਵੇਂ ਕੌਮਾਤਰੀ ਵਪਾਰ ਦੀ ਸੰਧੀ (Convention of Migratory Species, ਤੇ International Trade on endangered species (CITES) ਦਾ ਹਸਤਾਖ਼ਰ ਕਰਤਾ ਹੈ। ਅਜਿਹੀਆਂ ਸੰਧੀਆਂ ਨਾਲ ਜੈਵ-ਵਿਭਿੰਨਤਾ ਨੂੰ ਬਚਾਉਣ ਵਿੱਚ ਮਦਦ ਮਿਲਦੀ ਹੈ।

(9) ਭਾਰਤ ਵਿੱਚ 40 ਵਿਸ਼ਵ ਵਿਰਾਸਤੀ ਸਥਾਨ, 75 (2022) ਰਾਮਸਰ ਜਲਗਾਹਾਂ ਵੀ ਹਨ।

## ਜੈਵ-ਵਿਭਿੰਨਤਾ ਤੀਖਣ ਬਿੰਦੂ (Bio-diversity Hotspots)

ਕਿਸੇ ਵੀ ਇਲਾਕੇ ਨੂੰ ਜੈਵ-ਵਿਭਿੰਨਤਾ ਬਿੰਦੂ ਬਣਨ ਜਾਂ ਐਲਾਨਣ ਲਈ ਦੋ ਸਖ਼ਤ ਮਾਪਦੰਡਾਂ 'ਤੇ ਖਰਾ ਉਤਰਨਾ ਜ਼ਰੂਰੀ ਹੈ:

(1) ਜੈਵ ਵਿਭਿੰਨਤਾ ਖੇਤਰ ਬਣਨ ਲਈ 1500 ਦੇ ਲਗਪਗ ਸਥਾਨਕ ਪੌਦਿਆਂ ਦੀਆਂ ਪ੍ਰਜਾਤੀਆਂ ਦਾ ਨਿਵਾਸ ਸਥਾਨ ਹੋਣਾ ਜ਼ਰੂਰੀ ਹੈ।

(2) ਖੇਤਰ ਦੀ 30 ਪ੍ਰਤੀਸ਼ਤ ਜਾਂ ਉਸ ਤੋਂ ਘੱਟ ਆਪਣੀ ਕੁਦਰਤੀ ਬਨਸਪਤੀ ਦਾ ਹੋਣਾ ਜ਼ਰੂਰੀ ਹੈ।

ਭਾਰਤ ਵਿੱਚ 6 ਜੈਵ-ਵਿਭਿੰਨਤਾ ਵਾਲੇ ਤੀਖਣ ਬਿੰਦੂ ਸਥਾਨ ਹਨ:-

(1) ਨੇਪਾਲ ਤੇ ਭੂਟਾਨ ਸਮੇਤ ਸਾਰੀ ਪੱਛਮੀ ਤੇ ਕੇਂਦਰੀ ਹਿਮਾਲਿਆ ਪਰਬਤ ਸ਼੍ਰੇਣੀ।

(2) ਭਾਰਤ ਬਰਮਾ, ਜਿਸ ਵਿੱਚ ਸਾਰਾ ਉੱਤਰ ਪੂਰਬੀ ਖਿੱਤਾ ਅਤੇ ਮਿਆਂਮਾਰ ਦਾ ਪਹਾੜੀ ਇਲਾਕਾ ਵੀ ਸ਼ਾਮਿਲ ਹੈ।

(3) ਅੰਡੇਮਾਨ-ਨਿਕੋਬਾਰ ਤੇ ਇੰਡੋਨੇਸ਼ਿਆਈ ਦੀਪ-ਸਮੂਹ

(4) ਪੱਛਮੀ ਘਾਟ ਤੇ ਸ਼੍ਰੀਲੰਕਾ

(5) ਤਰਾਈ-ਦੁਆਰ ਸਵਾਨਾ

(6) ਸੁੰਡਾਲੈਂਡ

### ਭਾਰਤ ਵਿੱਚ ਰਾਮਸਰ ਸੰਧੀ ਦੇ ਸਥਾਨ

ਜਲਗਾਹਾਂ (Wetlands) ਬਾਰੇ ਰਾਮਸਰ ਕਨਵੈਂਸ਼ਨ ਇੱਕ ਅੰਤਰ ਸਰਕਾਰੀ ਸੰਧੀ ਹੈ ਜਿਸ ਵਿੱਚ ਜਲਗਾਹਾਂ ਤੇ ਉਨ੍ਹਾਂ ਦੇ ਸੋਮਿਆਂ ਨੂੰ ਬਚਾ ਕੇ ਰੱਖਣ ਬਾਰੇ ਇੱਕ ਫ਼ਰੇਮਵਰਕ ਬਣਾਇਆ ਗਿਆ ਹੈ। ਇਹ ਸੰਧੀ 1971 ਵਿੱਚ ਇਰਾਨ ਦੇ ਸ਼ਹਿਰ ਰਾਮਸਰ ਵਿੱਚ ਸੰਮੇਲਨ ਦੌਰਾਨ ਕੀਤੀ ਗਈ ਤੇ 1975 ਵਿੱਚ ਇਸ ਨੂੰ ਲਾਗੂ ਕੀਤਾ ਗਿਆ।

ਜਲਗਾਹ ਜਾਂ ਵੈਟੱਲੈਂਡ ਦਲਦਲੀ, ਚਿੱਕੜ ਤੇ ਪਾਣੀ ਵਾਲਾ ਖੇਤਰ ਹੁੰਦਾ ਹੈ, ਜੋ ਕੁਦਰਤੀ ਤੇ ਮਾਨਵ ਨਿਰਮਿਤ ਵੀ ਹੋ ਸਕਦੇ ਹਨ ਅਤੇ ਸਥਾਈ ਤੇ ਅਸਥਾਈ ਵੀ ਹੋ ਸਕਦੇ ਹਨ। ਜਲਗਾਹਾਂ ਵਿੱਚ ਪਾਣੀ ਖੜ੍ਹਾ ਹੋ ਸਕਦਾ ਤੇ ਵਗਦਾ ਵੀ




*ਭਾਰਤ : ਰਾਮਸਰ ਸੰਧੀ ਦੇ ਸਥਾਨ*

### ਜ਼ਰੂਰੀ ਮਨਾਉਣ ਵਾਲੇ ਦਿਨ


| | | |
|---|---|---|
| 2 ਫ਼ਰਵਰੀ | - | ਵਿਸ਼ਵ ਜਲਗਾਹ ਦਿਵਸ |
| 22 ਅਪ੍ਰੈਲ | - | ਵਿਸ਼ਵ ਧਰਤ ਦਿਵਸ |
| 5 ਜੂਨ | - | ਵਿਸ਼ਵ ਵਾਤਾਵਰਨ ਸੰਭਾਲ ਦਿਵਸ |
| 26 ਜੁਲਾਈ | - | ਵਿਸ਼ਵ ਮੈਨਗਰੂਵ ਸੰਭਾਲ ਦਿਵਸ |

ਹੋ ਸਕਦਾ ਹੈ। ਇਸੇ ਤਰ੍ਹਾਂ ਇਹ ਤਾਜ਼ੇ ਤੇ ਖਾਰੇ ਪਾਣੀ ਤੇ ਸਮੁੰਦਰਾਂ ਕੰਢੇ ਵਾਲਾ ਇਲਾਕਾ ਹੋ ਸਕਦਾ ਹੈ ਜਿਥੇ ਜਵਾਰ ਭਾਟੇ ਸਮੇਂ ਪਾਣੀ ਦੀ ਡੂੰਘਾਈ 6 ਮੀਟਰ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ। ਜਲਗਾਹ ਚਾਹੇ ਕੁਦਰਤੀ ਹੋਵੇ, ਜਾਂ ਫਿਰ ਮਾਨਵ ਨਿਰਮਿਤ ਤਾਜ਼ੇ ਪਾਣੀ ਦੀ ਹੋਵੇ, ਜਾਂ ਫਿਰ ਖਾਰੇ ਪਾਣੀ ਦੀ, ਪਰ ਵਾਤਾਵਰਨ ਤੇ ਪਾਰਿਸਥਿਤਿਕ ਤੰਤਰ ਦੀ ਬੇਤਹਾਸ਼ਾ ਸੇਵਾ ਕਰਦੀਆਂ ਹਨ। ਇਹਨਾਂ ਵਿੱਚ ਪੰਛੀਆਂ ਤੇ ਹੋਰ ਜਾਨਵਰਾਂ ਦੀ ਮਾਤਰਾ ਜਿੰਨੀ ਜ਼ਿਆਦਾ ਹੋਵੇਗੀ, ਜਲਗਾਹ ਦੀ ਸਿਹਤ ਉੱਨੀ ਹੀ ਵਧੀਆ ਹੋਵੇਗੀ। ਜਲਗਾਹਾਂ ਨੂੰ ਖ਼ਤਮ ਕਰਨ ਨਾਲ ਉਥੇ ਵਸਦੀ ਅਮੀਰ ਜੈਵ-ਵਿਭਿੰਨਤਾ ਖਤਰੇ ਵਿੱਚ ਪੈ ਜਾਂਦੀ ਹੈ।

ਸੰਸਾਰ ਵਿੱਚ 2471 ਦੇ ਕਰੀਬ ਰਾਮਸਰ ਸਥਾਨ ਹਨ ਤੇ ਭਾਰਤ ਵਿੱਚ ਅਜਿਹੇ 75 ਸਥਾਨ ਹਨ।

### ਪੰਜਾਬ ਵਿਚ ਰਾਮਸਰ (ਕਨਵੈਂਸ਼ਨ) ਸਥਾਨ :

(1) ਸ਼ਿਵਾਲਿਕ ਦੇ ਪੈਰਾਂ ਤੋਂ ਲੈ ਕੇ ਹਰੀਕੇ (ਤਰਨਤਾਰਨ) ਤੱਕ 185 ਕਿਲੋਮੀਟਰ ਪੱਟੀ ਵਾਲਾ; ਬਿਆਸ ਸੰਭਾਲ ਰਿਜ਼ਰਵ।



(2) ਸਤਲੁੱਜ ਤੇ ਬਿਆਸ ਦਰਿਆਵਾਂ ਦੇ ਸੰਗਮ ਦਾ ਸਥਾਨ; ਹਰੀਕੇ।

(3) ਕਾਂਜਲੀ ਤੇ ਕਾਲੀ ਵੇਈਂ ਜਲਗਾਹ ਖੇਤਰ

(4) ਨੰਗਲ ਜੰਗਲੀ ਜੀਵ-ਰੱਖ ਤੇ ਸ਼ਿਵਾਲਿਕ ਦੇ ਪੈਰਾਂ ਵਿੱਚ ਸਤਲੁਜ ਦਰਿਆ ਦੀ ਪੱਟੀ।

(5) ਰੋਪੜ ਸਥਿਤ ਸਤਲੁਜ ਦਰਿਆ ਦੀ ਮਾਨਵ ਨਿਰਮਿਤ ਜਲਗਾਹ

(6) ਬਾਰੀ ਦੁਆਬ (ਗੁਰਦਾਸਪੁਰ) ਦਾ ਕੇਸ਼ੋਪੁਰ-ਮਿਆਣੀ ਰਾਖਵਾਂ ਖੇਤਰ।

*-ਸਰੋਤ : ਵਾਤਾਵਰਨ ਤੇ ਜੰਗਲਾਤ ਮੰਤਰਾਲਾ, ਭਾਰਤ ਸਰਕਾਰ*

## ਸਿੰਧ ਦਰਿਆ ਦੀ ਡੌਲਫ਼ਿਨ (Indus Dolphin):

ਸਿੰਧ ਡੌਲਫਿਨ ਮੱਛੀ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਇਹ ਮੱਛੀ ਪੁਰਾਣੇ ਟੈਥੀਜ਼ ਸਾਗਰ ਵਿੱਚ ਮਿਲਦੀ ਸੀ ਤੇ ਜਦੋਂ 5 ਕਰੋੜ ਸਾਲ ਪਹਿਲਾਂ ਟੈਥੀਜ਼ ਸਾਗਰ ਸੁੱਕ ਗਿਆ, ਤਾਂ ਇਸ ਡੌਲਫ਼ਿਨ ਨੇ ਦਰਿਆਵਾਂ ਨੂੰ ਆਪਣਾ ਨਿਵਾਸ ਸਥਾਨ ਬਣਾ ਲਿਆ ਸੀ। ਅੱਜ ਇਹ ਮੱਛੀ ਪਾਕਿਸਤਾਨ ਵਿੱਚ ਸਿੰਧ ਦਰਿਆ ਤੇ ਪੰਜਾਬ ਵਿੱਚ ਬਿਆਸ ਦਰਿਆ ਜੋ ਕਿ ਸਿੰਧ ਦਾ ਹੀ ਸਹਾਇਕ ਦਰਿਆ ਹੈ, ਵਿੱਚ ਮਿਲਦੀ ਹੈ। ਸਿੰਜਾਈ ਪਰਿਯੋਜਨਾਵਾਂ ਕਾਰਨ ਪਾਕਿਸਤਾਨ ਵਿੱਚ ਇਸ ਦੁਰਲੱਭ ਮੱਛੀ ਦੀ ਗਿਣਤੀ ਵਿੱਚ ਬਹੁਤ ਜ਼ਿਆਦਾ ਕਮੀ ਆਈ ਹੈ। ਬਿਆਸ ਦਰਿਆ ਦੇ ਆਪਣੇ ਸ਼ੁਰੂਆਤੀ (ਉਦਗਮ) ਸਥਾਨ ਤੋਂ ਲੈ ਕੇ ਹਰੀਕੇ ਤੱਕ 750 ਮੀਲ ਤੱਕ ਦੇ ਰਾਹ ਵਿੱਚ ਸਿੰਧ ਡੌਲਫ਼ਿਨ ਬਾਕਾਇਦਾ ਮਿਲਦੀ ਹੈ। ਇਹ ਮੱਛੀਆਂ ਚਿੱਕੜ ਵਾਲੇ ਪਾਣੀ ਵਿੱਚ ਰਹਿਣ ਦੀਆਂ ਆਦੀ ਹੋ ਚੁੱਕੀਆਂ ਹਨ ਤੇ ਅੱਖਾਂ ਤੋਂ ਅੰਨ੍ਹੀਆਂ ਹੁੰਦੀਆਂ ਹਨ। ਆਪਣੇ ਭੋਜਨ ਲਈ ਉਹ ਸੰਕੇਤ ਤਰੰਗਾਂ ਦੀ ਵਰਤੋਂ ਕਰ ਕੇ ਸ਼ਿਕਾਰ ਕਰਦੀਆਂ ਹਨ।

## ਰਾਸ਼ਟਰੀ ਜੰਗਲੀ ਜੀਵ-ਜੰਤੂਆਂ ਬਾਰੇ ਐਕਸ਼ਨ ਪਲੈਨ (NWAP) 2017-31

ਜੰਗਲੀ ਜੀਵ ਜੰਤੂਆਂ ਨੂੰ ਬਚਾਉਣ ਹਿੱਤ ਸਰਕਾਰ ਨੇ 15 ਸਾਲਾਂ ਲਈ ਜੰਗਲੀ ਜੀਵਾਂ ਬਾਰੇ ਇੱਕ ਐਕਸ਼ਨ ਯੋਜਨਾ ਬਣਾਈ ਗਈ ਹੈ ਜਿਸਦੇ ਪੰਜ ਪੜਾਅ ਹਨ। ਇਨ੍ਹਾਂ ਨੂੰ ਅੱਗੇ 17 ਭਾਗਾਂ ਤੇ 103 ਸਾਂਭ-ਸੰਭਾਲ ਯੋਜਨਾਵਾਂ ਵਿੱਚ ਵੰਡਿਆ ਗਿਆ ਹੈ। ਇਸ ਯੋਜਨਾ ਦੇ 250 ਪ੍ਰੋਜੈਕਟ ਹਨ।

ਯੋਜਨਾ ਦੇ ਕੁੱਝ ਮੁੱਖ ਮੰਤਵ ਹਨ: ਜਾਨਵਰਾਂ ਤੇ ਮਨੁੱਖਾਂ ਦਾ ਆਪਸੀ ਟਕਰਾਅ ਘਟਾਉਣਾ, ਜਲਵਾਯੂ ਪਰਿਵਰਤਨ ਨੂੰ ਅਪਨਾਉਣਾ, ਈਕੋ ਟੂਰਿਜ਼ਮ ਵਧਾਉਣਾ, ਮਨੁੱਖੀ ਸੋਮਿਆਂ ਨੂੰ ਵਿਕਸਿਤ ਕਰਨਾ, ਨਵੀਆਂ ਤਕਨੀਕਾਂ ਜਿਵੇਂ, ਰੇਡੀਓ ਕਾਲਰ ਡਰੋਨਾਂ ਦੀ ਵਰਤੋਂ ਕਰਨੀ ਤੇ ਜੀਵ ਜੰਤੂਆਂ ਬਾਰੇ ਫ਼ੰਡ ਇਕੱਠੇ ਕਰਨੇ ਆਦਿ। ਇਹਨਾਂ 250 ਪ੍ਰੋਜੈਕਟਾਂ ਵਿੱਚੋਂ 26 ਪੱਕੇ (ਸਥਾਈ), ਸਰਕਾਰੀ ਪ੍ਰੋਜੈਕਟ ਹਨ, 16 ਪ੍ਰੋਜੈਕਟ ਸਰਕਾਰੀ ਤੇ ਪ੍ਰਾਈਵੇਟ ਮਿਲਵਰਤਣ ਨਾਲ ਚਲਾਉਣੇ ਹਨ, 14 ਪ੍ਰੋਜੈਕਟ ਜਾਨਵਰਾਂ ਦੇ ਸ਼ਿਕਾਰ ਰੋਕਣ ਲਈ, 11 ਪ੍ਰੋਜੈਕਟ ਇਨਸਾਨ-ਜਾਨਵਰਾਂ ਦੇ ਟਕਰਾਅ ਨੂੰ ਰੋਕਣ ਤੇ 17 ਪ੍ਰੋਜੈਕਟ ਨਿਗਰਾਨੀ ਤੇ ਖੋਜ ਲਈ ਹਨ।

## IUCN ਦੀ ਰੈੱਡ ਲਿਸਟ

ਕੁਦਰਤ ਦੀਆਂ ਲੋਪ ਹੋਣ ਕੰਢੇ ਪ੍ਰਜਾਤੀਆਂ ਦੀ ਰੱਖਿਆ ਲਈ, ਕੁਦਰਤ ਸੰਭਾਲ ਕੌਮਾਂਤਰੀ ਸੰਗਠਨ (ਇੰਟਰਨੈਸ਼ਨਲ ਯੂਨੀਅਨ ਫ਼ੌਰ ਕੰਜ਼ਰਵੇਸ਼ਨ ਆਫ਼ ਨੇਚਰ ਦੀ ਸਥਾਪਨਾ) ਸਾਲ 1964 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਦੀ ਸੂਚੀ ਵਿੱਚ ਸੰਸਾਰ ਦੇ ਸਮੂਹ ਜਾਨਵਰਾਂ 'ਤੇ ਪੌਦਿਆਂ ਦੀ ਰੈੱਡ ਲਿਸਟ (ਲਾਲ ਸੂਚੀ) ਸੰਸਾਰ ਦੀ ਜੈਵ



ਵਿਭਿੰਨਤਾ ਵਿੱਚ ਮਿਲਦੀ ਮੰਦੀ ਸਿਹਤ ਦਾ ਸੰਕੇਤ ਹੈ। ਇਸ ਤੋਂ ਇਲਾਵਾ ਇਸ ਵਿੱਚ ਜੈਵ-ਵਿਭਿੰਨਤਾ ਨੂੰ ਬਚਾਉਣ, ਇਸ ਬਾਰੇ ਨੀਤੀਆਂ ਬਣਾਉਣ, ਜੀਵਾਂ ਦੇ ਵਾਸ, ਨਿਵਾਸ ਸਥਾਨਾਂ ਬਾਰੇ ਜਾਣਕਾਰੀ ਇਕੱਠਾ ਕਰਨਾ, ਉਹਨਾਂ ਦੇ ਨਾਜਾਇਜ਼ ਵਪਾਰ ਤੇ ਖ਼ਤਰਿਆਂ ਨੂੰ ਰੋਕਣਾ ਤੇ ਇਸ ਬਾਰੇ ਫੈਸਲੇ ਲੈਣਾ ਇਸ ਸੰਗਠਨ ਦੇ ਮੰਤਵਾਂ ਵਿੱਚ ਸ਼ਾਮਲ ਹੈ।

## ਯੂਨੈਸਕੋ ਦੇ ਵਿਰਾਸਤੀ ਮਹੱਤਵ ਵਾਲੇ ਸਥਾਨ

ਵਿਸ਼ਵ ਵਿਰਾਸਤੀ ਸੰਮੇਲਨ ਜਾਂ ਕਨਵੈਨਸ਼ਨ ਸੰਨ 1972 ਵਿੱਚ ਲਾਗੂ ਹੋਇਆ ਇੱਕ ਮਹੱਤਵਪੂਰਨ ਦਸਤਾਵੇਜ਼ ਹੈ, ਜਿਸ ਵਿੱਚ ਕੁਦਰਤੀ ਤੇ ਸੱਭਿਆਚਾਰਕ ਮਹੱਤਵ ਦੇ ਸਥਾਨਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਇਸ ਦਸਤਾਵੇਜ਼ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਇਹ ਕਨਵੈਨਸ਼ਨ ਮੈਂਬਰ ਮੁਲਕਾਂ ਦੀ ਇਹਨਾਂ ਸਥਾਨਾਂ ਦੀ ਸਾਂਭ-ਸੰਭਾਲ ਤੇ ਸੁਰੱਖਿਆ ਦੀ ਜਵਾਬਦੇਹੀ ਤੈਅ ਕਰਦੀ ਹੈ। ਇਸ ਕਨਵੈਨਸ਼ਨ ਦੇ ਹਸਤਾਖ਼ਰ ਕਰਤਾ ਮੁਲਕ ਨਾ ਸਿਰਫ਼ ਆਪਣੀ ਸਰਹੱਦ ਅੰਦਰ ਇਹਨਾਂ ਦੀ ਸਾਂਭ ਰੱਖਣ ਲਈ ਵਚਨਬੱਧ ਹੁੰਦੇ ਹਨ, ਸਗੋਂ ਉਸਦੀ ਕੁਦਰਤੀ ਸੁੰਦਰਤਾ ਨੂੰ ਬਰਕਰਾਰ ਵੀ ਰੱਖਦੇ ਹਨ, ਤੇ ਉਸ ਬਾਰੇ




*ਯੂਨੈਸਕੋ ਦੇ ਵਿਰਾਸਤੀ ਮਹੱਤਵ ਵਾਲੇ ਸਥਾਨ*

ਯੋਜਨਾਵਾਂ ਵੀ ਬਣਾਉਂਦੇ ਹਨ। ਲੋੜ ਪੈਣ 'ਤੇ ਉਸ ਲਈ ਫ਼ੰਡ ਵੀ ਖਰਚੇ ਜਾਂਦੇ ਹਨ ਤੇ ਇਸ ਕੰਮ ਲਈ ਅੰਤਰਰਾਸ਼ਟਰੀ ਫੰਡ ਮੁੱਹਈਆ ਵੀ ਕਰਵਾਏ ਜਾਂਦੇ ਹਨ।

| | | |
|---|---|---|
| ਸੰਸਾਰ ਵਿੱਚ ਕੁੱਲ ਵਿਰਾਸਤੀ ਸਥਾਨਾਂ ਦੀ ਗਿਣਤੀ | - | 1154 |
| ਕੁਦਰਤੀ ਵਿਰਾਸਤੀ ਸਥਾਨ | - | 218 |
| ਸੱਭਿਆਚਾਰਕ ਵਿਰਾਸਤੀ ਸੰਥਾਨ | - | 897 |
| ਮਿਲੇ-ਜੁਲੇ ਵਿਰਾਸਤੀ ਸਥਾਨ | - | 39 |

ਚੀਨ ਤੇ ਇਟਲੀ ਦੋਹਾਂ ਦੇਸ਼ਾਂ ਵਿੱਚ 55-55 ਵਿਸ਼ਵ ਵਿਰਾਸਤੀ ਸਥਾਨ ਹਨ। ਭਾਰਤ ਵਿੱਚ 40 ਯੂਨੈਸਕੋ ਵਿਰਾਸਤੀ ਕੇਂਦਰ ਹਨ ਜਿਨਾਂ ਵਿੱਚੋਂ 32 ਸਥਾਨ ਸੱਭਿਆਚਾਰਕ ਵਿਸ਼ੇਸ਼ਤਾ, 7 ਕੁਦਰਤੀ ਵਿਸ਼ੇਸ਼ਤਾ ਵਾਲਾ ਤੇ 1 ਕੰਚਨਜੰਗਾ ਮਿਲਿਆ-ਜੁਲਿਆ ਵਿਰਾਸਤੀ ਸਥਾਨ ਹੈ।

**ਚੰਡੀਗੜ੍ਹ ਰਾਜਧਾਨੀ ਕੰਪਲੈਕਸ—**

ਪ੍ਰਸਿੱਧ ਇਮਾਰਤਸਾਜ਼ (ਆਰਕੀਟੈਕਟ) ਲੀ-ਕਾਰਬੂਜ਼ੀਅਰ ਦਾ ਡਿਜ਼ਾਈਨ ਕੀਤਾ ਚੰਡੀਗੜ੍ਹ, ਇੱਕ ਯੂਨੈਸਕੋ ਵਿਸ਼ਵ ਵਿਰਾਸਤੀ ਸਥਾਨ ਹੈ, ਜਿਸਨੂੰ ਇਹ ਦਰਜਾ ਸਾਲ 2016 ਵਿੱਚ ਦਿੱਤਾ ਗਿਆ ਸੀ। ਚੰਡੀਗੜ੍ਹ, ਲਗਪਗ 100 ਏਕੜ ਰਕਬੇ ਵਿੱਚ ਫੈਲਿਆ ਹੋਇਆ ਹੈ। ਇਸ ਵਿੱਚ ਅਸੈਂਬਲੀ, ਸਕੱਤਰੇਤ ਬਿਲਡਿੰਗ, ਹਾਈਕੋਰਟ ਤੋਂ ਇਲਾਵਾ, ਚਾਰ ਸਮਾਰਕ, (ਖੁੱਲ੍ਹੇ ਹੱਥ ਦੀ ਸਮਾਰਕ, ਜਿਉਮੈਟਰਿਕ ਹਿੱਲ, ਟਾਵਰ ਆਫ਼ ਸ਼ੈਡੋ, ਤੇ ਸ਼ਹੀਦੀ ਸਮਾਰਕ) ਸ਼ਾਮਲ ਹਨ। ਇਹਨਾਂ ਤੋਂ ਇਲਾਵਾ ਸੁਖਨਾ ਝੀਲ ਨੂੰ ਵੀ ਇਸਦਾ ਹਿੱਸਾ ਬਣਾਇਆ ਗਿਆ ਹੈ।

## ਯੂਨੈਸਕੋ ਦੇ ਅਮੂਰਤ/ਅਦਿੱਖ (Intangible) ਵਿਰਾਸਤੀ ਮਹੱਤਤਾ ਵਾਲੇ ਸਥਾਨ

ਯੂਨੈਸਕੋ ਅਦਿੱਖ ਵਿਰਾਸਤੀ ਸਥਾਨ ਸੱਭਿਆਚਾਰਕ ਪ੍ਰਗਟਾਵੇ ਦੇ ਨਹੀਂ, ਸਗੋਂ ਹੁਨਰ ਦੀ ਦੌਲਤ ਤੋਂ ਮਾਲਾਮਾਲ ਹੁੰਦੇ ਹਨ। ਉਹ ਹੁਨਰ ਮਨੁੱਖ ਨੇ ਆਪਣੇ ਵਡੇਰਿਆਂ ਤੋਂ ਸਿੱਖਿਆ ਹੁੰਦਾ ਹੈ, ਤੇ ਸੀਨਾ-ਬ-ਸੀਨਾ ਜਾਂ ਪੀੜ੍ਹੀ-ਦਰ-ਪੀੜ੍ਹੀ ਤੁਰਿਆ ਆਉਂਦਾ ਆਪਣੇ-ਆਪ ਵਿੱਚ ਮਿਸਾਲ ਹੁੰਦਾ ਹੈ। ਵਿਕਾਸਸ਼ੀਲ ਰਾਜਾਂ ਦਾ ਇਹ ਫਰਜ਼ ਬਣਦਾ ਹੈ ਕਿ ਇਹਨਾਂ ਹੁਨਰਾਂ ਦੇ ਵਿਕਾਸ ਤੇ ਪ੍ਰਸਾਰ ਲਈ ਕੰਮ ਕੀਤਾ ਜਾਵੇ। ਅਦਿੱਖ ਵਿਰਾਸਤੀ ਸਥਾਨ ਪਿੰਡਾਂ ਤੇ ਸ਼ਹਿਰਾਂ ਦੇ ਸਥਾਨਕ ਵਾਤਾਵਰਨ ਵਿੱਚ ਵਿਕਸਿਤ ਹੋਏ ਹਨ। ਇਹ ਸਮਾਜਿਕ ਏਕਤਾ ਨੂੰ ਬਣਾਈ ਰੱਖਣ ਵਿੱਚ ਸਹਾਇਕ ਹੁੰਦੇ ਹਨ ਤੇ ਵਿਲੱਖਣ ਕੰਮ ਕਰਨ ਵਾਲੇ ਲੋਕਾਂ ਨੂੰ ਅਹਿਸਾਸ ਦਿਵਾਉਂਦੇ ਹਨ ਕਿ ਉਹ ਇਸੇ ਸਮਾਜ ਦਾ ਹਿੱਸਾ ਹਨ।

ਭਾਰਤ ਵਿੱਚ ਕੁੱਲ 13 ਦੇ ਕਰੀਬ ਅਦਿੱਖ ਸੱਭਿਆਚਾਰਕ ਵਿਰਾਸਤੀ ਸਮੂਹ ਹਨ। ਯੂਨੈਸਕੋ ਦੀ ਸੂਚੀ ਵਿੱਚ ਸ਼ਾਮਲ ਕਰਨ ਲਈ ਰਾਜਾਂ ਨੇ ਯੂਨੈਸਕੋ ਕੋਲ ਡੋਜ਼ੀਅਰ (Dossier) ਜਮ੍ਹਾਂ ਕਰਵਾਉਣਾ ਹੁੰਦਾ ਹੈ ਤੇ ਯੂਨੈਸਕੋ ਦੀ ਕਮੇਟੀ ਇਸ ਦਾ ਪ੍ਰੀਖਣ ਕਰ ਕੇ ਆਪਣੀ ਸੂਚੀ ਵਿੱਚ ਨਾਮ ਦਰਜ ਕਰਦੀ ਹੈ।

ਯੂਨੈਸਕੋ (UNESCO) ਨੇ ਸਾਲ 2003 ਵਿੱਚ ਅਦਿੱਖ ਵਿਰਾਸਤੀ ਸੱਭਿਆਚਾਰ ਦੇ ਖੇਤਰਾਂ ਨੂੰ ਬਚਾਉਣ ਲਈ ਜ਼ਰੂਰੀ ਪੰਜ ਖੇਤਰਾਂ ਨੂੰ ਵਰਗੀਕ੍ਰਿਤ ਕੀਤਾ ਹੈ ਜਿਨ੍ਹਾਂ ਵਿੱਚ ਸੱਭਿਆਚਾਰਕ ਵਿਰਾਸਤ ਸ਼ਾਮਿਲ ਹੈ:-

(1) ਜ਼ੁਬਾਨੀ ਚਲਦੇ ਆ ਰਹੇ ਰੀਤੀ ਰਿਵਾਜ ਭਾਸ਼ਾ ਨੂੰ ਵੀ ਸੱਭਿਆਚਾਰਕ ਵਿਰਾਸਤ ਦਾ ਵਾਹਕ ਮੰਨਿਆ ਜਾਂਦਾ ਹੈ।

(2) ਕਲਾਤਮਕ ਪ੍ਰਦਰਸ਼ਨ

(3) ਸਮਾਜਿਕ ਅਮਲ ਜਾਂ ਰਿਵਾਜ, ਲੋਕ ਤਿਓਹਾਰ

(4) ਕੁਦਰਤ ਤੇ ਬ੍ਰਹਿਮੰਡ ਨਾਲ ਸੰਬਧਿਤ ਗਿਆਨ ਤੇ ਅਮਲ

(5) ਰਿਵਾਇਤੀ ਕਾਰੀਗਰੀ

| ਲੜੀ ਨੰ. | ਅਦਿੱਖ ਸਭਿਆਚਾਰਕ ਵਿਰਾਸਤ ਵਾਲੇ ਤੱਤ | ਸ਼ਾਮਲ ਹੋਣ ਵਾਲਾ ਵਰ੍ਹਾ |
|---|---|---|
| 1. | ਵੈਦਿਕ ਮੰਤਰਾਂ ਦਾ ਉਚਾਰਨ | 2008 |
| 2. | ਰਿਵਾਇਤੀ ਰਾਮਲੀਲਾ | 2008 |
| 3. | ਸੰਸਕ੍ਰਿਤ ਰੰਗਮੰਚ 'ਕੁੱਟੀਅੱਟਮ' | 2008 |
| 4. | ਗੜ੍ਹਵਾਲ ਹਿਮਾਲਿਆ ਦਾ ਧਾਰਮਿਕ ਉਤਸਵ ਰੰਮਣ ਤੇ ਰੰਗਮੰਚ | 2009 |
| 5. | ਕੇਰਲ ਦਾ ਨ੍ਰਿਤਨਾਟਕ 'ਮੁੱਡੀਯੇਤੂ' | 2010 |
| 6. | ਰਾਜਸਥਾਨ ਦੇ ਲੋਕ ਗੀਤ ਤੇ ਨਾਚ ਕਾਲਬੇਲੀਆ | 2010 |
| 7. | ਛਾਊ ਨ੍ਰਿਤ | 2010 |
| 8. | ਬੋਧੀਆਂ ਦਾ ਲੱਦਾਖ (ਕੇਂਦਰ ਸ਼ਾਸਤ ਪ੍ਰਦੇਸ਼) ਵਿੱਚ ਬੁੱਧ ਦੇ ਮੰਤਰਾਂ ਦਾ ਉਚਾਰਨ। ਪਾਰ-ਹਿਮਾਲਿਆ, ਜੰਮੂ ਕਸ਼ਮੀਰ ਤੇ ਭਾਰਤ ਵਿੱਚ ਬੋਧੀ ਧਾਰਮਿਕ ਗ੍ਰੰਥਾਂ ਦਾ ਪਾਠਨ | 2012 |
| 9. | ਮਨੀਪੁਰ ਦਾ ਸੰਕੀਰਤਨ; ਰਵਾਇਤੀ ਢੋਲ ਤੇ ਗਾਇਕੀ ਵਾਲਾ ਲੋਕ ਨਾਚ | 2013 |
| 10. | ਜੰਡਿਆਲਾ ਗੁਰੂ (ਅੰਮ੍ਰਿਤਸਰ, ਪੰਜਾਬ) ਦੇ ਰਵਾਇਤੀ ਤਾਂਬੇ ਤੇ ਪਿੱਤਲ ਦਾ ਭਾਂਡੇ ਬਣਾਉਣ ਵਾਲੇ ਠਠੇਰੇ | 2014 |
| 11. | ਯੋਗ | 2016 |
| 12. | ਮੁਸਲਮਾਨ ਭਾਈਚਾਰੇ ਦਾ ਤਿਓਹਾਰ ਨੌਰੋਜ਼ | 2016 |
| 13. | ਕੁੰਭ ਦਾ ਮੇਲਾ (ਪ੍ਰਯਾਗਰਾਜ, ਪਹਿਲਾਂ ਇਲਾਹਬਾਦ) | 2017 |

## ਭਾਰਤ ਦੇ ਜੀਵ ਖੇਤਰ ਰੱਖਾਂ


ਭਾਰਤ ਸਰਕਾਰ ਨੇ 18 ਜੀਵ-ਖੇਤਰ ਰੱਖਾਂ ਸਥਾਪਤ ਕੀਤੀਆਂ ਹਨ। ਇਹ ਜੀਵ ਖੇਤਰ ਰਾਸ਼ਟਰੀ ਪਾਰਕਾਂ ਦੇ ਮੁਕਾਬਲੇ ਬਹੁਤ ਵੱਡੇ ਖੇਤਰ ਵਿੱਚ ਫੈਲੇ ਹੋਏ ਹੁੰਦੇ ਹਨ। ਇਸ ਵਿੱਚ ਮਿਲਣ ਵਾਲੇ ਨਾ ਸਿਰਫ਼ ਰੁੱਖਾਂ-ਪੌਦਿਆਂ, ਸਗੋਂ ਸਦੀਆਂ ਤੋਂ ਇਸ ਵਿੱਚ ਨਿਵਾਸ ਰੱਖਣ ਵਾਲੇ ਮਨੁੱਖਾਂ ਨੂੰ ਤੇ ਉਨ੍ਹਾਂ ਦੇ ਰਹਿਣ-ਸਹਿਣ ਨੂੰ ਵੀ ਪੂਰੀ ਹਿਫ਼ਾਜ਼ਤ ਮੁਹੱਈਆ ਕਰਵਾਈ ਜਾਂਦੀ ਹੈ। ਭਾਰਤ ਵਿੱਚ ਕੰਚਨਜੰਗਾ ਜੀਵ ਖੇਤਰ ਰਿਜ਼ਰਵ (8,586 ਮੀਟਰ) ਦੇਸ਼ ਦਾ ਸਭ ਤੋਂ ਉੱਚਾ ਬਾਇਓਸਫ਼ੀਅਰ ਰਿਜ਼ਰਵ ਖੇਤਰ ਹੈ। ਕੰਚਨਜੰਗਾ ਯੂਨੈਸਕੋ ਦੇ ਜੀਵ ਰਿਜ਼ਰਵ ਦੇ ਨੈਟੱਵਰਕ ਦਾ ਹਿਸਾ ਹੈ।

### ਭਾਰਤ ਵਿੱਚ ਜੀਵ-ਖੇਤਰ ਰੱਖਾਂ
### (Biosphere Reserves of India)

| ਲੜੀ ਨੰ. | ਸਾਲ | ਸਥਾਨ | ਰਾਜ | ਪ੍ਰਮੁੱਖ ਜਾਨਵਰ | ਖੇਤਰ ਵਰਗ ਕਿਲੋਮੀਟਰ |
|---|---|---|---|---|---|
| (1) | 1986 | ਨੀਲਗਿਰੀ ਜੀਵ ਖੇਤਰ ਰਿਜ਼ਰਵ | ਵਾਇਨਾਦ ਦੇ ਹਿੱਸੇ, ਨਾਗਰਹੋਲ ਬਾਂਦੀਪੁਰ ਮਧੁਮਲਾਈ ਨੀਲਾਂਬਰ ਸਾਇਲੈਂਟ ਘਾਟੀ (ਤਾਮਿਲਨਾਡੂ, ਕੇਰਲ ਤੇ ਕਰਨਾਟਕ) | ਨੀਲਗਿਰੀ ਟਾਹਰ, (ਬੱਕਰੀ) ਸ਼ੇਰ, ਬੱਬਰ ਸ਼ੇਰ ਵਰਗੀ ਪੂਛ ਵਾਲਾ ਮਕਾਕ (ਬਾਂਦਰ) | 5,520 |

| ਲੜੀ ਨੰ. | ਸਾਲ | ਸਥਾਨ | ਰਾਜ | ਪ੍ਰਮੁੱਖ ਜਾਨਵਰ | ਖੇਤਰ ਵਰਗ ਕਿਲੋਮੀਟਰ |
|---|---|---|---|---|---|
| (2) | 1988 | ਨੰਦਾ ਦੇਵੀ ਜੀਵ ਖੇਤਰ ਰਿਜ਼ਰਵ | ਚਮੋਲੀ, ਪਿਥੌਰਾਗੜ੍ਹ ਤੇ ਜ਼ਿਲ੍ਹੇ, ਬਾਗੇਸ਼ਰ ਜ਼ਿਲ੍ਹਿਆਂ ਦੇ ਹਿੱਸੇ (ਉੱਤਰਾਖੰਡ) | ਬਰਫ਼ਾਨੀ ਚੀਤਾ, ਹਿਮਾਲਿਆਈ ਰਿੱਛ | 5,860 |
| (3) | 1989 | ਮੰਨਾਰ ਦੀ ਖਾੜੀ | ਮੰਨਾਰ ਦੀ ਖਾੜੀ ਦਾ ਭਾਰਤ ਵਾਲਾ ਹਿੱਸਾ ਕੰਨਿਆਕੁਮਾਰੀ ਦੇ ਉੱਤਰ ਵਿੱਚ ਰਾਮੇਸ਼ਵਰਮ ਟਾਪੂ ਤੋਂ ਤਾਮਿਲਨਾਡੂ ਤੇ ਸ੍ਰੀਲੰਕਾ ਦੇ ਰੱਖਣ ਤੱਕ। (ਤਾਮਿਲਨਾਡੂ) | ਡੁਗੌਂਰ (ਸਮੁੰਦਰੀ ਥਣਧਾਰੀ ਜੀਵ) | 10,500 |
| (4) | 1988 | ਨੌਕਰੇਕ | ਪਛੱਮੀ ਗਾਰੋ ਦੇ ਪਹਾੜ (ਮੇਘਾਲਿਆ) | ਲਾਲ ਪਾਂਡਾ | 820 |
| (5) | 1989 | ਮਾਨਸ | ਕੋਂਕਰਾਝਾਰ, ਬੌਂਗਾਇਗਾਓਂ ਬਾਰਪੇਟਾ, ਨਲਬਾਰੀ, ਕਾਮਰੂਪ ਤੇ ਦਾਰਾਂਗ ਜ਼ਿਲ੍ਹਿਆਂ (ਆਸਾਮ) ਦੇ ਹਿੱਸੇ | ਏਸ਼ਿਆਈ ਹਾਥੀ, ਸ਼ੇਰ ਅਸਾਮੀ ਕੱਛੂਆ, ਜੰਗਲੀ ਸਹਿਆ (ਖਰਗੋਸ਼) ਸੁਨਹਿਰੀ ਲੰਗੂਰ, ਪਿਗਮੀ ਹੌਂਗ (ਸੂਰ) | 2837 |
| (6) | 1989 | ਸੁੰਦਰਬਨ | ਗੰਗਾ-ਬ੍ਰਹਮਪੁੱਤਰ ਡੈਲਟਾ | ਰੋਆਇਲ ਬੰਗਾਲ ਟਾਈਗਰ | 9630 |
| (7) | 1994 | ਸਿਮਲੀਪਲ | ਜ਼ਿਲ੍ਹਾ ਮਯੂਰਭੰਜ (ਓਡੀਸ਼ਾ) ਦੇ ਹਿੱਸੇ | ਗੌਰ (ਭੈਂਵਾ), ਰੋਆਇਲ ਬੰਗਾਲ ਟਾਈਗਰ, ਏਸ਼ਿਆਈ ਹਾਥੀ | 4,374 |
| (8) | 1998 | ਦਿਹਾਂਗ ਦਿਬਾਂਗ | ਸਿਆਂਗ, ਅਤੇ ਦਿਬਾਂਗ ਘਾਟੀਆਂ (ਅਰੁਣਾਚਲ ਪ੍ਰਦੇਸ਼) | ਮਿਸ਼ਮੀ ਟਾਕਿਨ (ਭੇਡ), ਕਸਤੂਰੀ ਹਿਰਨ | 5,112 |
| (9) | 1999 | ਪੰਚਮੜੀ | ਮੱਧ ਪ੍ਰਦੇਸ਼ ਦੇ ਜ਼ਿਲਿਆਂ ਬੈਤੁੱਲ ਹੋਸ਼ੰਗਾਬਾਦ ਤੇ ਛਿੰਦਵਾੜਾ ਦੇ ਹਿੱਸੇ | ਵੱਡੀ ਗੁਲਹਿਰੀ, ਉੱਡਣ ਵਾਲੀ ਗੁਲਹਿਰੀ | 4,981.72 |
| (10) | 2005 | ਅੰਚਨਾਕੁਮਾਰ ਅਮਰਕੰਟਕ ਜੈਵ-ਖੇਤਰ ਰਿਜ਼ਰਵ | ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੇ ਜ਼ਿਲ੍ਹਿਆ ਅੰਨੂਪੁਰ, ਡਿੰਡੋਰੀ, ਤੇ ਬਿਲਾਸਪੁਰ ਦੇ ਹਿੱਸੇ | ਚਾਰ ਸਿੰਗਾਂ ਵਾਲਾ ਹਿਰਨ, ਜੰਗਲੀ ਕੁੱਤਾ, ਸਾਰਸ ਚਿੱਟੀ ਪੂਛ ਵਾਲੀ ਗਿਰਝ, ਧਾਰੀਆਂ ਵਾਲਾ ਡੱਡੂ | 3,835 |

| ਲੜੀ ਨੰ. | ਸਾਲ | ਸਥਾਨ | ਰਾਜ | ਪ੍ਰਮੁੱਖ ਜਾਨਵਰ | ਖੇਤਰ ਵਰਗ ਕਿਲੋਮੀਟਰ |
|---|---|---|---|---|---|
| (11) | 2008 | ਕੱਛ ਦਾ ਰਣ | ਕੱਛ ਮੋਰਬੀ, ਸੁਰੇਂਦਰ ਨਗਰ ਤੇ ਪਾਟਨ ਜ਼ਿਲ੍ਹਿਆਂ ਦੇ ਹਿੱਸੇ (ਭਾਰਤ ਵਿੱਚ ਸਭ ਤੋਂ ਵੱਡਾ ਜੈਵ ਖੇਤਰ ਰਿਜ਼ਰਵ) ਗੁਜਰਾਤ | ਜੰਗਲੀ ਗਧਾ | 12,454 |
| (12) | 2009 | ਠੰਢਾ ਰੇਗਿਸਤਾਨ | ਪਿੰਨ ਘਾਟੀ ਰਾਸ਼ਟਰੀ ਪਾਰਕ ਉਸ ਦੇ ਆਸ-ਪਾਸ ਦੇ ਖੇਤਰ। ਚੰਦਰਤਾਲ, ਸਰਚੂ ਤੇ ਕਿੱਬਰ ਜੰਗਲੀ ਜੀਵ ਰੱਖ। (ਹਿਮਾਚਲ ਪ੍ਰਦੇਸ਼) | ਬਰਫ਼ਾਨੀ ਚੀਤਾ | 7,770 |
| (13) | 2000 | ਕੰਚਨ ਜੰਗਾ | ਕੰਚਨਜੰਗਾ ਦਾ ਹਿੱਸਾ, ਸਿੱਕਿਮ | ਬਰਫ਼ਾਨੀ ਚੀਤਾ, ਲਾਲ ਪਾਂਡਾ | 2,620 |
| (14) | 2001 | ਅਗਸਤਾ-ਮਲਾਈ | ਨੇਯਾਰ, ਪੇਪਾਰਾ ਸ਼ੇਨਦੁਰੂਨੀ ਜੀਵ-ਖੇਤਰ ਰਿਜ਼ਰਵ ਉਸ ਦੇ ਆਸ-ਪਾਸ ਦੇ ਖੇਤਰ। (ਕੇਰਲ, ਤਮਿਲਨਾਡੂ) | ਨੀਲਗਿਰੀ ਟਾਹਰ (ਬੱਕਰੀ) ਜੰਗਲੀ ਜੀਵ ਰੱਖ ਤੇ ਏਸ਼ਿਆਈ ਹਾਥੀ | 3,500.08 |
| (15) | 1989 | ਗ੍ਰੇਟ ਨਿਕੋਬਾਰ | ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਦਾ ਧੁੱਰ ਦੱਖਣੀ ਸਿਰਾ (ਅੰਡੇਮਾਨ ਤੇ ਨਿਕੋਬਾਰ) | ਖ਼ਾਰੇ ਪਾਣੀ ਦਾ ਮਗਰਮੱਛ | 885 |
| (16) | 1997 | ਡਿਬਰੂ-ਸਾਈਖੋਵਾ | ਅਸਾਮ ਤੇ ਜ਼ਿਲ੍ਹਿਆਂ - ਡਿਬਰੂਗੜ੍ਹ ਤੇ ਤੀਨਸੁਖੀਆ ਦੇ ਇਲਾਕੇ | ਚਿੱਟੇ ਖੰਭਾਂ ਵਾਲੀ ਲੱਕੜ ਰੰਗੀ ਬੱਤਖ, ਪਾਣੀ ਵਾਲੀ ਮੱਝ, ਕਾਲ਼ੀ ਛਾਤੀ ਵਾਲਾ ਤੋਤਾ, ਸ਼ੇਰ, ਟੋਪੀ ਵਾਲਾ ਲੰਗੂਰ | 765 |
| (17) | 2010 | ਸੇਸ਼ਾਚਲਮ ਦੀਆਂ ਪਹਾੜੀਆਂ | ਸੇਸ਼ਾਲਮ ਪਹਾੜੀ ਲੜੀ ਹੇਠ ਪੈਂਦੇ ਚਿਤੂਰ ਤੇ ਕੱਡਪਾ ਜ਼ਿਲੇ (ਆਂਧਰਾ ਪ੍ਰਦੇਸ਼) | — | — |
| (18) | 2011 | ਪੰਨਾ | ਮੱਧ ਪ੍ਰਦੇਸ਼ ਦੇ ਛੱਤਰਪੁਰ ਤੇ ਪੰਨਾ ਜ਼ਿਲ੍ਹਿਆਂ ਦੇ ਹਿੱਸੇ | — | — |




ਭਾਰਤ ਦੇ ਜੰਗਲਾਤ ਤੇ ਵਾਤਾਵਰਨ ਮੰਤਰਾਲੇ ਨੇ ਜੀਵ ਖੇਤਰ ਰਿਜ਼ਰਵ (Biosphere Reserve) ਲਈ ਹੇਠ ਲਿਖੇ ਥਾਵਾਂ ਨੂੰ ਸ਼ਾਮਲ ਕਰਨ 'ਤੇ ਸਹਿਮਤੀ ਪ੍ਰਗਟਾਈ ਹੈ:-

(1) ਅਬੁਜਮੜ੍ਹ (ਛਤੀਸਗੱੜ੍ਹ)

(2) ਅੰਡੇਮਾਨ 'ਤੇ ਨਿਕੋਬਾਰ (ਉੱਤਰੀ ਦੀਪ)

(3) ਚਿੰਤਾਪੱਲੀ (ਵਿਸ਼ਾਖਾਟਪਨਮ, ਆਂਧਰਾ ਪ੍ਰਦੇਸ਼)

(4) ਕਾਨਹਾ (ਮੱਧ ਪ੍ਰਦੇਸ਼)

(5) ਕੋਵੱਲਮ (ਕੇਰਲ)

(6) ਲਕਸ਼ਦੀਪ ਦੀਪ (ਲਕਸ਼ਦੀਪ)

(7) ਕੱਛ ਦਾ ਛੋਟਾ ਰੱਣ (ਗੁਜਰਾਤ)

(8) ਫਾਵੰਗੁਪਈ (ਨੀਲ ਪਰਬਤ, ਮਿਜ਼ੋਰਮ)

(9) ਨਾਮਡਾਫਾ (ਅਰੁਣਾਚਲ ਪ੍ਰਦੇਸ਼)

(10) ਸਿੰਘਭੂਮ (ਝਾਰਖੰਡ)

(11) ਤਵਾਂਗ ਤੇ ਪੱਛਮੀ ਕਾਮੇਂਗ (ਅਰੁਣਾਚਲ ਪ੍ਰਦੇਸ਼)

(12) ਥਾਰ ਰੇਗਿਸਤਾਨ (ਰਾਜਸਥਾਨ)

(13) ਤਾਡੋਬਾ ਰਾਸ਼ਟਰੀ ਪਾਰਕ ਅਤੇ ਸੰਜੇ ਗਾਂਧੀ ਰਾਸ਼ਟਰੀ ਪਾਰਕ (ਮਹਾਂਰਾਸ਼ਟਰ)

## ਸੰਸਾਰ ਦੇ ਸੱਤ ਕੁਦਰਤੀ ਅਜੂਬੇ

ਸੰਸਾਰ ਵਿੱਚ ਆਮ ਮੰਨੇ ਜਾਂਦੇ ਸੱਤ ਅਜੂਬੇ ਮਨੁੱਖ ਦੁਆਰਾ ਬਣਾਏ ਹੋਏ ਹਨ ਪਰ ਬਹੁਤੇ ਲੋਕਾਂ ਨੂੰ ਕੁਦਰਤੀ ਅਜੂਬਿਆਂ ਜਾਂ ਹੈਰਾਨੀਜਨਕ ਤੱਥਾਂ ਬਾਰੇ ਕੁਝ ਵੀ ਨਹੀਂ ਪਤਾ ਕਿ ਕੁਦਰਤ ਨੇ ਮਨੁੱਖ ਦੀ ਹੋਂਦ ਤੋਂ ਵੀ ਪਹਿਲਾਂ ਦੇ ਹੀ ਇਹ ਤੋਹਫ਼ੇ ਧਰਤੀ ਨੂੰ ਦਿੱਤੇ ਹੋਏ ਹਨ। ਖ਼ੂਬਸੂਰਤ ਸਮੁੰਦਰੀ ਤੱਟ ਤੇ ਪਹਾੜ ਪੂਰੀ ਦੁਨੀਆਂ ਵਿੱਚ ਮਿਲਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਨੁੱਖ ਕੁਦਰਤੀ ਕ੍ਰਿਤਾਂ ਨੂੰ ਮਾਤ ਨਹੀਂ ਪਾ ਸਕਦਾ।

ਸੰਸਾਰ ਵਿੱਚ ਔਰੋਰ ਬੋਰਿਐਲਿਜ਼ ਜਾਂ ਧਰੂ ਜੋਤੀਆਂ ਜਾਂ ਉੱਤਰੀ ਰੌਸ਼ਨੀਆਂ, ਵਿਕਟੋਰੀਆ ਝਰਨਾ, ਮਾਂਊਂਟ ਐਵਰੈਸਟ, ਪੈਰੀਕਿਊਟਿਨ ਜਵਾਲਾਮੁਖੀ, ਗ੍ਰੈਂਡ ਕੈਨੀਅਨ, ਵਿਸ਼ਾਲ ਬੈਰੀਅਰ ਰੀਫ਼ (ਆਸਟ੍ਰੇਲੀਆ) ਤੇ ਰਾਇਓ ਡੀ. ਜਿਨੈਰੀਓ ਸੱਤ ਅਜਿਹੇ ਅਜੂਬੇ ਹਨ ਜਿਨ੍ਹਾਂ ਦੀ ਹੋਂਦ ਕੁਦਰਤੀ ਹੀ ਹੈ।

## ਭਾਰਤ ਦੇ ਕੁਦਰਤੀ ਅਜੂਬੇ

ਸੰਸਾਰ ਭਰ ਦੀ ਭੂਗੋਲਿਕ ਖ਼ੂਬਸੂਰਤੀ ਦੇ ਲਿਹਾਜ਼ ਨਾਲ ਭਾਰਤ ਵਿੱਚ ਹੈਰਾਨੀਜਨਕ ਕੁਦਰਤੀ ਨਜ਼ਾਰੇ ਤੇ ਅਜੂਬੇ ਵੇਖਣ ਨੂੰ ਮਿਲਦੇ ਹਨ। ਇਹ ਅਜੂਬੇ ਬੇਹੱਦ ਖ਼ੂਬਸੂਰਤ ਹਨ ਤੇ ਚਮਤਕਾਰੀ ਢੰਗ ਨਾਲ ਬਣੇ ਜਾਪਦੇ ਹਨ। ਕਈ ਸਥਾਨ ਤਾਂ ਬਿਨਾਂ ਟਟੋਲੇ ਹੀ ਪਏ ਹਨ। ਆਓ ਇਹਨਾਂ ਬਾਰੇ ਕੁਝ ਜਾਣੀਏ :-

(1) **ਲੋਨਾਰ ਝੀਲ (Lonar Lake) —** ਲੋਨਾਰ ਝੀਲ ਨੂੰ ਲੋਨਾਰ ਕਰੇਟਰ ਵੀ ਕਿਹਾ ਜਾਂਦਾ ਹੈ। ਇਸਨੂੰ ਰਾਸ਼ਟਰੀ ਭੂ-ਵਿਰਾਸਤ ਦਾ ਦਰਜਾ ਹਾਸਲ ਹੈ। ਇਹ ਝੀਲ ਮਹਾਰਾਸ਼ਟਰ ਦੇ ਬੁਲਡਾਣਾ ਜ਼ਿਲ੍ਹੇ ਵਿੱਚ ਹੈ। ਇਹ ਝੀਲ ਪਲਿਸਟੋਸੀਨ ਯੁੱਗ ਵਿੱਚ ਲਗਪਗ 50,000 ਸਾਲ ਪਹਿਲਾਂ ਉਲਕਾ ਡਿੱਗਣ ਨਾਲ ਪੈਣ ਵਾਲੇ ਵੱਡੇ ਟੋਏ ਕਾਰਨ ਹੋਂਦ ਵਿੱਚ ਆਈ ਸੀ।



*ਲੋਨਾਰ ਝੀਲ*

(2) **ਬੋਰਾ ਗੁਫਾਂਵਾਂ (Bora Caves)**— ਬੋਰਾ ਗੁਫ਼ਾਵਾਂ ਨੂੰ ਬੋਰਾ ਗੁਹਾਲੂ ਵੀ ਕਿਹਾ ਜਾਂਦਾ ਹੈ। ਇਹ ਗੁਫ਼ਾਵਾਂ ਪਰਾਇਦੀਪ ਦੇ ਪੂਰਬੀ ਤੱਟ 'ਤੇ ਸਥਿਤ ਅਰਾਕੂ ਘਾਟੀ ਦੀਆਂ ਅਨੰਤਗਿਰੀ ਦੀਆਂ ਪਹਾੜੀਆਂ ਵਿੱਚ ਸਥਿਤ ਹਨ ਜੋ ਕਿ ਆਂਧਰਾ ਪ੍ਰਦੇਸ਼ ਦੇ ਜ਼ਿਲ੍ਹਾ ਵਿਸ਼ਾਖਾਪਟਨਮ ਵਿੱਚ ਪੈਂਦੀਆਂ ਹਨ। ਇਸ ਵਿੱਚ ਗੋਸ਼ਤਾਨੀ ਨਦੀ ਕਾਰਨ ਸਟੈਲੇਕਟਾਈਟ ਤੇ ਸਟੈਲੇਗਮਾਈਟ ਨਿਰਮਿਤ ਹੋਏ ਹਨ। ਇਸ ਕੁਦਰਤੀ ਰਚਨਾ ਦੀ ਸਮੁੰਦਰ ਤੱਲ ਤੋਂ ਉਚਾਈ 705 ਮੀਟਰ ਹੈ।



*ਬੋਰਾ ਗੁਫਾਂਵਾਂ*

(3) **ਨਿਘੋਜ ਦੇ ਦਰਿਆਈ ਟੋਏ (Riverine Potholes of Nighoj)** — ਨਿਘੋਜ ਮਹਾਰਾਸ਼ਟਰ ਦੇ ਅਹਿਮਦਨਗਰ ਜ਼ਿਲੇ ਦਾ ਇਕ ਛੋਟਾ ਜਿਹਾ ਪਿੰਡ ਹੈ। ਇਸ ਵਿਚਦੀ ਵਹਿੰਦੇ ਦਰਿਆ ਕੁਕਡੀ (Kukadi) ਵਿੱਚ ਕੁਦਰਤੀ ਤਰੀਕੇ ਨਾਲ ਟੋਏ ਬਣੇ ਹੋਏ ਹਨ। ਹਰ ਵ੍ਹਰੇ ਸੰਸਾਰ ਭਰ ਦੇ ਮਾਹਿਰ ਇਸ ਨੂੰ ਵੇਖਣ, ਤੇ ਇਸਦਾ ਨਿਰੀਖਣ ਕਰਨ ਤੇ ਇਸ ਵਰਤਾਰੇ ਨੂੰ ਸਮਝਣ ਲਈ ਆਉਂਦੇ ਹਨ।



*ਨਿਘੋਜ ਦੇ ਦਰਿਆਈ ਟੋਏ*

(4) **ਗੰਡੀਕੋਟਾ ਕੇਨੀਅਨ (Gandikota Canyon)** — ਆਂਧਰਾ ਪ੍ਰਦੇਸ਼ ਦੇ ਜ਼ਿਲ੍ਹਾ ਕੁਡੱਪਾ ਵਿੱਚ ਅਮਰੀਕਾ ਦੇ ਗ੍ਰੈਂਡ ਕੈਨੀਅਨ ਵਾਂਗ ਹੀ ਲਗਪਗ 30 ਫੁੱਟ ਡੂੰਘੀ ਗ੍ਰੈਂਡ ਕੈਨੀਅਨ ਵਰਗੀ ਹੀ ਯੂ-ਆਕਾਰੀ ਘਾਟ ਬਣੀ

ਹੋਈ ਹੈ ਜੋ ਕਿ ਇੱਕ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣੀ ਹੈ। ਲਾਲ ਰੇਤਲੇ ਪੱਥਰਾਂ ਦੇ ਇਸ ਇਲਾਕੇ ਵਿੱਚ ਕੈਨੀਅਨ ਦੇ ਕੰਢੇ ਹੀ 13ਵੀਂ ਸਦੀ ਦਾ ਗੰਡੀਕੋਟਾ ਕਿਲਾ ਵੀ ਸਥਿਤ ਹੈ।



*ਗੰਡੀਕੋਟਾ ਕੈਨੀਅਨ*

(5) **ਲੋਕਟਾਕ ਝੀਲ (Loktak Lake)—** ਲੋਕਟਾਕ ਝੀਲ, ਮਨੀਪੁਰ (ਉੱਤਰ-ਪੂਰਬ) ਵਿੱਚ ਸਥਿਤ ਸਭ ਤੋਂ ਵੱਡੀ ਤਾਜ਼ੇ ਪਾਣੀ ਦੀ ਝੀਲ ਹੈ। ਇਹ ਝੀਲ ਆਪਣੇ ਉਤੇ ਤੈਰ ਰਹੀਆਂ ਪਹੁਮੜੀ (Phumdis)-(ਬਨਸਪਤੀ, ਮਿੱਟੀ) ਕਾਰਨ ਪ੍ਰਸਿੱਧ ਹੈ ਜੋ ਕਿ ਇਹ ਪਹੁਮੜੀਆਂ ਝੀਲ ਉਤੇ ਤੈਰ ਰਹੇ ਟਾਪੂਆਂ (Island) ਜਿਹੇ ਲਗਦੇ ਹਨ। ਇਹ ਝੀਲ ਇਸ ਇਲਾਕੇ ਦੇ ਵਾਸੀਆਂ ਦੀ ਜੀਵਨ-ਰੇਖਾ ਮੰਨੀ ਜਾਂਦੀ ਹੈ। ਇਸ ਝੀਲ ਦੇ ਕੰਢੇ 'ਤੇ ਕਾਇਬੁਲ ਲੈਮਜ਼ੋ ਰਾਸ਼ਟਰੀ ਪਾਰਕ ਸਥਿਤ ਹੈ। ਇਹ ਰਾਸ਼ਟਰੀ ਪਾਰਕ ਸੰਸਾਰ ਦਾ ਇਕਲੌਤਾ ਤੈਰਦਾ ਰਾਸ਼ਟਰੀ ਪਾਰਕ ਹੈ। ਇਸ ਵਿੱਚ ਖ਼ਾਤਮੇ ਦੇ ਕੰਢੇ 'ਤੇ ਪੁੱਜੇ ਮਣੀਪੁਰੀ ਹਿਰਨ, ਸੰਗਾਈ, ਪਾਣੀ ਵਾਲੇ ਪੌਦਿਆਂ ਦੀਆਂ 233 ਪ੍ਰਜਾਤੀਆਂ, ਪੰਛੀਆਂ ਦੀਆਂ 100 ਪ੍ਰਜਾਤੀਆਂ 'ਤੇ ਜਾਨਵਰਾਂ ਦੀਆਂ 425 ਪ੍ਰਜਾਤੀਆਂ ਪਲ਼ਦੀਆਂ ਮਿਲਦੀਆਂ ਹਨ।



*ਲੋਕਟਾਕ ਝੀਲ*

(6) **ਦੂਧਸਾਗਰ ਝਰਨਾ (ਆਬਸ਼ਾਰ)—** ਦੂਧਸਾਗਰ (ਯਾਨਿ ਦੁੱਧ ਦਾ ਸਮੁੰਦਰ) ਭਾਰਤ ਦੇ ਗੋਆ ਰਾਜ ਵਿੱਚ ਮਾਂਡੋਵੀ ਨਦੀ 'ਤੇ ਬਣਿਆ ਹੋਇਆ ਆਬਸ਼ਾਰ ਰੂਪੀ ਝਰਨਾ ਹੈ। ਇਹ ਝਰਨਾ ਗੋਆ ਦੀ ਰਾਜਧਾਨੀ ਪਣਜੀ ਤੋਂ 60 ਕਿਲੋਮੀਟਰ ਦੀ ਦੂਰੀ ਤੇ ਮਡਗਾਂਉ-ਬੇਲਾਗਾਵੀ ਰੇਲ ਮਾਰਗ ਉੱਤੇ ਪੈਂਦਾ ਹੈ ਤੇ ਭਾਰਤ ਦੇ ਸਭ ਤੋਂ ਉੱਚੇ ਝਰਨਿਆਂ ਵਿੱਚੋਂ ਇੱਕ ਹੈ। ਇਸ ਦੀ ਉੱਚਾਈ 310 ਮੀਟਰ (1017 ਫੁੱਟ) ਤੇ ਚੌੜਾਈ 30 ਮੀਟਰ (100

ਫੁੱਟ) ਹੈ। ਇਹ ਝਰਨਾ ਭਗਵਾਨ ਮਹਾਂਵੀਰ ਜੰਗਲੀ ਜੀਵ ਰੱਖ ਤੇ ਮੋਲੇਮ ਰਾਸ਼ਟਰੀ ਪਾਰਕ, ਪੱਛਮੀ ਘਾਟ ਵਿੱਚ ਸਥਿਤ ਹੈ। ਇਸ ਝਰਨੇ ਤੋਂ ਵਗਦਾ ਝੱਗ ਵਰਗਾ ਚਿੱਟਾ ਪਾਣੀ ਵਗਦੇ ਹੋਏ ਦੁੱਧ ਦਾ ਮਨੋਰਮ ਦ੍ਰਿਸ਼ ਪੇਸ਼ ਕਰਦਾ ਹੈ। ਜਿਸ ਕਾਰਨ ਇਸ ਦਾ ਨਾਮ ਵੀ ਦੂਧਸਾਗਰ ਪੈ ਗਿਆ ਹੈ।



*ਦੂਧਸਾਗਰ ਝਰਨਾ*

(7) **ਚੁੰਬਕੀ ਪਹਾੜ (Magnetic hill)**— ਚੁੰਬਕੀ ਪਹਾੜ ਜਾਂ ਗੁਰੂਤਾ ਖਿੱਚ ਵਾਲਾ ਪਹਾੜ ਭਾਰਤ ਵਿੱਚ ਲੱਦਾਖ ਵਿੱਚ ਸਥਿਤ ਹੈ। ਇਸ ਦੇ ਕੋਲ ਜਾਣ ਵਾਲੀਆਂ ਕਾਰਾਂ ਮੋਟਰ ਸਾਈਕਲ ਖ਼ੁਦ-ਬ-ਖ਼ੁਦ ਇਸ ਵੱਲ ਖਿੱਚੇ ਜਾਂਦੇ ਹਨ। ਇਸ ਵੱਲ ਜਾਂਦੀ ਸੜਕ, ਢਲਾਨ ਵੱਲ ਜਾਣ ਦੇ ਬਾਵਜੂਦ ਉੱਚਾਈ ਵੱਲ ਜਾਣ ਦਾ ਦ੍ਰਿਸ਼ਟੀ-ਭਰਮ ਪੈਦਾ ਕਰਦੀ ਹੈ ਜਿਸ ਕਾਰਨ ਮਹਿਸੂਸ ਹੁੰਦਾ ਹੈ ਕਿ ਵਾਹਨ ਉਚਾਈ ਵੱਲ ਖਿੱਚਿਆ ਜਾ ਰਿਹਾ ਹੈ।




*ਚੁੰਬਕੀ ਪਹਾੜ*

(8) **ਜੈਵ ਵਿਭਿੰਨਤਾ ਦੀ ਸੁਰੱਖਿਆ (Biodiversity Conservation)** — ਜੀਵ ਜੰਤੂਆਂ ਦੇ ਨਿਵਾਸ ਸਥਾਨਾਂ ਦੀ ਜੰਗਲ ਕੱਟਣ ਨਾਲ ਆਉਣ ਵਾਲੀ ਕਮੀ, ਸੋਮਿਆਂ ਦੀ ਬੇਤਹਾਸ਼ਾ ਲੁੱਟ, ਇਨਸਾਨਾਂ ਦੁਆਰਾ ਬਣਾਈ ਜਾ ਰਹੀ ਬਨਾਉਟੀ ਵਾਤਾਵਰਨ ਪ੍ਰਨਾਲੀ, ਜਲਵਾਯੂ ਵਿੱਚ ਬਦਲਾਅ, ਇਸ ਤੋਂ ਇਲਾਵਾ ਬਾਹਰਲੀਆਂ ਪ੍ਰਜਾਤੀਆਂ ਦੇ ਬੂਟੇ ਉਗਾਉਣੇ, ਸਥਾਨ-ਅੰਤਰੀ ਖੇਤੀ, ਜੀਵ-ਜੰਤੂਆਂ ਦੇ ਨਾਜ਼ਾਇਜ਼ ਸ਼ਿਕਾਰ ਸਦਕਾ ਸਾਡੀ ਜੈਵ-ਵਿਭਿੰਨਤਾ ਦਿਨ-ਬ-ਦਿਨ ਖ਼ਤਮ ਹੁੰਦੀ ਜਾ ਰਹੀ ਹੈ। ਮਨੁੱਖ ਜੈਵ-ਵਿਭਿੰਨਤਾ ਤੋਂ ਬੇਤਹਾਸ਼ਾ ਫ਼ਾਇਦੇ ਲੈਂਦਾ ਹੈ, ਇਸ ਲਈ ਜ਼ਰੂਰੀ ਹੈ ਕਿ ਇਸਦੀ ਲਗਾਤਾਰ ਦੇਖਭਾਲ ਕੀਤੀ ਜਾਵੇ ਤੇ ਇਸ ਨੂੰ ਬਰਬਾਦ ਹੋਣ ਤੋਂ ਬਚਾਇਆ ਜਾਵੇ ਤਾਂ ਕਿ ਆਉਣ ਵਾਲੀਆਂ ਪੀੜੀਆਂ ਵੀ ਇਸ ਦੀ ਰਹਿਮਤ ਪਾ ਸਕਣ।

## ਪ੍ਰੋਜੈਕਟ/ਕਿਰਿਆਵਾਂ

(i) ਬਾਇਓਸਫ਼ੀਅਰ ਰਿਜ਼ਰਵ ਜਾਂ ਜੈਵ ਵਿਭਿੰਨਤਾ ਭਰਪੂਰ ਖੇਤਰਾਂ ਉਪਰ ਇੱਕ ਪ੍ਰੋਜੈਕਟ ਬਣਾਓ।

(ii) ਆਲਮੀ ਤਪਸ਼ ਨੂੰ ਘਟਾਉਣ ਬਾਰੇ ਆਪਣੀ ਜਮਾਤ ਵਿੱਚ ਚਰਚਾ ਕਰੋ।

(iii) ਅਦਿੱਖ ਯੂਨੈਸਕੋ ਵਿਰਾਸਤੀ ਸ਼ਹਿਰ ਜੰਡਿਆਲਾ ਗੁਰੂ ਦੀ ਯਾਤਰਾ ਕਰੋ ਤੇ ਉਥੇ ਦੇ ਕੰਮ ਕਰਨ ਵਾਲੇ ਠਠੇਰਿਆਂ ਦੇ ਭਾਂਡੇ ਬਣਾਉਣ ਦੇ ਕੰਮ ਕਰਨ 'ਤੇ ਇੱਕ ਪ੍ਰੋਜੈਕਟ ਤਿਆਰ ਕਰੋ।

(iv) ਭਾਰਤ ਇੱਕ ਮੈਗਾ ਵਿਭਿਨੰਤਾ ਵਾਲਾ ਦੇਸ਼ ਹੈ, ਇਸ ਵਿਸ਼ੇ ਤੇ ਇੱਕ ਰਿਪੋਰਟ ਤਿਆਰ ਕਰੋ।

## ਅਭਿਆਸ

1. ਬਹੁ-ਚੋਣਵੇਂ ਪ੍ਰਸ਼ਨ—

(i) ਜੈਵਿਕ ਭੂਗੋਲ ਕੀ ਹੈ?

(ੳ) ਜੀਵੰਤ ਵਸਤਾਂ ਦਾ ਵਿਆਪਕ ਅਧਿਐਨ (ਅ) ਸਿਰਫ਼ ਜੈਵਿਕ ਸੰਸਾਰ

(ੲ) ਸਿਰਫ਼ ਅਜੈਵਿਕ ਸੰਸਾਰ (ਸ) ੳ ਅਤੇ ੲ ਦੋਹੇਂ

(ii) ਭਾਰਤ ਨੂੰ ਕਿੰਨੇ ਜੈਵ-ਭੂਗੋਲਿਕ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ?

(ੳ) ਸੱਤ (7) (ਅ) ਦਸ (10)

(ੲ) ਨੌਂ (9) (ਸ) ਗਿਆਰਾਂ (11)

(iii) ਕਿਸੇ ਵੱਡ-ਪੱਧਰੀ ਵਿਭਿੰਨਤਾ ਵਾਲੇ ਦੇਸ਼ ਵਿੱਚ ਘੱਟ-ਘੱਟ .............. ਪੌਦਿਆਂ ਦੀਆਂ ਸਥਾਨਕ ਪ੍ਰਜਾਤੀਆਂ, ਹੱਦਾਂ ਵਾਲਾ ਤੇ ਸਮੁੰਦਰੀ ਜਾਵਾਂ ਵਾਲਾ ਪਾਰਿਸਥਿਤਕ ਤੰਤਰ ਹੋਣਾ ਚਾਹੀਦਾ ਹੈ।

(ੳ) 5,500 (ਅ) 4,500

(ੲ) 5,000 (ਸ) 6,000

(iv) ਭਾਰਤ ਵਿੱਚ ................. ਜੈਵ-ਵਿਭਿੰਨਤਾ ਤੀਖਣ ਬਿੰਦੂ (ਹੌਟ-ਸਪੌਟ) ਹਨ।

(ੳ) ਚਾਰ (4) (ਅ) ਪੰਜ (5)

(ੲ) ਛੇ (6) (ਸ) ਸੱਤ (7)

(v) IUCN ਦਾ ਪੂਰਾ ਨਾਮ ਕੀ ਬਣਦਾ ਹੈ?

(ੳ) ਇੰਟਰਨੈਸ਼ਨਲ ਯੂਨੀਅਨ ਆਫ਼ ਕੈਪੀਟਲ ਨੇਸ਼ਨਜ਼

(ਅ) ਇੰਟਰਨੈਸ਼ਨਲ ਯੂਨੀਅਨ ਫ਼ਾਰ ਕੰਜ਼ਰਵੇਸ਼ਨ ਨੇਚਰ

(ੲ) ਇੰਟਰਨੈਸ਼ਨਲ ਯੂਨਿਟੀ ਫ਼ਾਰ ਕੈਂਸਰ ਐਂਡ ਨਿਊਟ੍ਰੀਸ਼ਨ

(ਸ) ਇੰਟਰਨੈਸ਼ਨਲ ਯੂਨਿਟੀ ਫ਼ਾਰ ਕੌਂਜ਼ਿਜ਼ ਆਫ਼ ਨਿਊਕਲੀਅਰ ਪਾਵਰ

(vi) ਭਾਰਤ ਸਰਕਾਰ ਨੇ ਦੇਸ਼ ਭਰ ਵਿੱਚ ................. ਜੀਵ ਖੇਤਰ ਰੱਖਾਂ ਸਥਾਪਤ ਕੀਤੀਆਂ ਹਨ।

(ੳ) ਬਾਰਾਂ (12) (ਅ) ਚੌਦਾਂ (14)

(ੲ) ਸੋਲ੍ਹਾਂ (16) (ਸ) ਅਠਾਰਾਂ (18)

(vii) ਲੋਨਾਰ ਝੀਲ ਕਿਹੜੇ ਰਾਜ ਵਿੱਚ ਸਥਿਤ ਹੈ?

(ੳ) ਪੰਜਾਬ (ਅ) ਮੱਧ ਪ੍ਰਦੇਸ਼

(ੲ) ਉੱਤਰ ਪ੍ਰਦੇਸ਼ (ਸ) ਮਹਾਰਾਸ਼ਟਰ

(viii) ਪੰਜਾਬ ਵਿੱਚ ਜੀਵਾਂ ਦਾ ਕਿਹੜਾ ਜੋੜ ਪਹਿਲਾਂ ਨਾਲੋਂ ਬਹੁਤ ਘੱਟ ਦਿੱਖਦਾ ਹੈ?

(ੳ) ਕਬੂਤਰ ਤੇ ਬਾਂਦਰ (ਅ) ਤੋਤਾ ਤੇ ਘੋੜਾ

(ੲ) ਚਿੜੀ ਤੇ ਬਿੱਲੀ (ਸ) ਕਾਂ ਤੇ ਕੁੱਤਾ

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਸ਼ਬਦਾਂ ਤੱਕ ਦਿਓ—

(i) ਜੈਵਿਕ ਭੂਗੋਲ ਕੀ ਹੈ? ਪਰਿਭਾਸ਼ਾ ਦਿਓ।

(ii) ਜੈਵਿਕ ਵਿਭਿੰਨਤਾ ਦੀਆਂ ਕਿਸਮਾਂ ਕੀ ਹੋ ਸਕਦੀਆਂ ਹਨ?

(iii) ਭਾਰਤ ਵਿੱਚ ਜੈਵਿਕ ਵਿਭਿੰਨਤਾ ਦੇ ਤੀਖਣ ਬਿੰਦੂਆਂ ਤੋਂ ਜਾਣੂ ਕਰਵਾਓ।

(iv) 'ਸੁੰਦਰਬਨ' ਉਤੇ ਇੱਕ ਨੋਟ ਲਿਖੋ।

(v) 'ਮਨਾਰ ਦੀ ਖਾੜੀ' ਉਤੇ ਇੱਕ ਨੋਟ ਲਿਖੋ।

(vi) ਜੈਵਿਕ ਵਿਭਿੰਨਤਾ ਤੇ ਆਰਥਿਕ ਵਿਕਾਸ ਇਕ-ਦੂਜੇ ਦੇ ਪੂਰਕ ਕਿਵੇਂ ਹਨ?

(vii) ਜੈਵਿਕ ਵਿਭਿੰਨਤਾ ਦੇ ਖੇਤਰ ਵਿੱਚ ਹਿਮਾਲਿਆ ਦੀ ਕੀ ਮਹੱਤਤਾ ਹੈ?

(viii) ਪਰਿਭਾਸ਼ਤ ਕਰੋ— (ੳ) ਜੈਵਿਕ ਸੂਬਾ, (ਅ) ਈਕੋਟੋਨ, (ੲ) ਬਾਇਓਮ।

3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 120 ਸ਼ਬਦਾਂ ਤੱਕ ਦਿਓ—

(i) ਭਾਰਤ ਦੀ ਜੈਵਿਕ ਵਿਭਿੰਨਤਾ ਦੇ ਮਹੱਤਵਪੂਰਨ ਤੱਥਾਂ ਤੋਂ ਜਾਣੂ ਕਰਵਾਓ।

(ii) ਭਾਰਤ ਵਿੱਚ ਜੀਵ-ਖੇਤਰ ਰੁੱਖਾਂ ਬਾਰੇ ਵਿਸਤ੍ਰਿਤ ਨੋਟ ਲਿਖੋ।

(iii) ਭਾਰਤ ਦੇ ਕੋਈ ਚਾਰ ਕੁਦਰਤੀ ਅਜੂਬਿਆਂ ਬਾਰੇ ਜਾਣਕਾਰੀ ਦਿਓ।

(iv) ਪੰਜਾਬ ਦੀ ਸਥਾਨਕ ਜੈਵਿਕ ਵਿਭਿੰਨਤਾ, ਪ੍ਰਜਾਤੀਆਂ ਤੇ ਵਾਤਾਵਰਨ ਖੇਤਰ ਬਾਰੇ ਚਰਚਾ ਕਰੋ।

(v) ਯੂਨੈਸਕੋ ਵੱਲੋਂ ਐਲਾਨੀ ਭਾਰਤ ਵਿਚਲੀ ਅਦਿੱਖ ਵਿਰਾਸਤੀ ਮਹੱਤਤਾ ਤੋਂ ਜਾਣੂ ਕਰਵਾਓ।

(vi) ਹੇਠ ਲਿਖਿਆਂ ਬਾਰੇ ਨੋਟ ਲਿਖੋ—

(ੳ) ਬੋਰਾ ਗੁਫ਼ਾਵਾਂ (ਅ) ਗੰਡੀਕੋਟਾ ਕੈਨੀਅਨ

(ੲ) ਸੰਸਾਰ ਦੇ ਕੁਦਰਤੀ ਅਜੂਬੇ (ਸ) ਜੈਵਿਕ ਵਿਭਿੰਨਤਾ ਸੁਰੱਖਿਆ

# ਜਲ ਸਾਧਨ

# (Water Resources)

3


> ਜਲ, ਕਿਸੇ ਵੀ ਧਰਮ ਤੇ ਸਿਧਾਂਤ ਵਾਂਗ, ਲੱਖਾਂ ਹੀ ਲੋਕਾਂ ਦੀ ਜੀਵਨ ਰੇਖਾ ਹੋਣ ਦੀ ਤਾਕਤ ਨਾਲ ਲਬਰੇਜ਼ ਹੈ। ਮਨੁੱਖੀ ਸਭਿਅਤਾ ਦੀ ਉਤਪਤੀ ਤੋਂ ਹੀ, ਲੋਕ ਇਸ ਦੇ ਸਰੋਤਾਂ ਦੇ ਨੇੜੇ ਹੋ-ਹੋ ਵਸੇ ਹਨ। ਇਸ ਦੀ ਕਮੀ ਲੋਕਾਂ ਨੂੰ ਥਾਂ-ਬਦਲੀ ਲਈ ਮਜਬੂਰ ਕਰਦੀ ਹੈ ਤੇ ਇਹ ਜਿੱਥੇ ਮਿਲੇ ਲੋਕ ਉੱਧਰ ਨੂੰ ਵਹੀਰਾਂ ਘੱਤਦੇ ਹਨ। ਲੋਕ ਕਥਾਵਾਂ, ਗੀਤਾਂ, ਨ੍ਰਿਤਾਂ ਵਿਚ ਇਸ ਦੀ ਬਾਤ ਪਾਉਂਦੇ ਹਨ। ਇਹ ਸਭਨਾਂ ਨੂੰ ਹਰ ਰੋਜ਼, ਹਰ ਥਾਂ ਲੋੜੀਂਦਾ ਹੈ।
>
> —**ਮਿਖ਼ਾਇਲ ਗੋਰਬਾਚੇਵ (ਮਰਹੂਮ ਤੇ ਸਾਬਕਾ ਸੋਵੀਅਤ ਰਾਸ਼ਟਰਪਤੀ)** (1931-2022)

ਭਾਰਤ ਕੋਲ, ਦੁਨੀਆਂ ਦੇ ਮਹਿਜ਼ 4 ਫ਼ੀਸਦੀ ਜਲ ਸਰੋਤ ਅਜਿਹੇ ਹਨ ਜਿੱਥੋਂ ਨਵਿਆਉਣਯੋਗ ਜਲ ਮਿਲਦਾ ਹੈ ਜਦੋਂ ਕਿ ਦੇਸ਼ ਵਿਚ ਦੁਨੀਆਂ ਦੀ 18 ਫ਼ੀਸਦੀ ਵਸੋਂ ਨਿਵਾਸ ਕਰਦੀ ਹੈ। ਇਕ ਸਾਲ ਦੌਰਾਨ, ਔਸਤ 4 ਹਜ਼ਾਰ ਅਰਬ ਕਿਊਬਿਕ ਮੀਟਰ (ਬੀ.ਸੀ.ਐਮ.-ਬਿਲੀਅਨ ਕਿਊਬਿਕ ਮੀਟਰ) ਜਲ ਰੂਪ ਅਸਮਾਨੋਂ ਵਰਸਦੇ ਹਨ ਜੋ ਕਿ ਦੇਸ਼ ਵਿਚ ਤਾਜ਼ੇ ਪਾਣੀ ਦਾ ਮੁੱਖ ਸਰੋਤ ਹਨ।

ਤਾਜ਼ੇ ਜਲ ਦੀ ਔਸਤ ਮਾਤਰਾ = ਮਿੱਟੀ ਦੀ ਸੋਖੀ ਮਾਤਰਾ + ਵਾਸ਼ਪੀਕਰਨ + ਸਾਗਰਾਂ/ਮਹਾਂਸਾਗਰਾਂ ਤੱਕ ਪੁੱਜਦੀ ਮਾਤਰਾ

4,000 ਬੀ.ਸੀ.ਐਮ. (100%) = 2,350 ਬੀ.ਸੀ.ਐਮ. (58.75%) + 700 ਬੀ.ਸੀ.ਐਮ. (17.5%) + 1150 ਬੀ.ਸੀ.ਐਮ. (28.75%)

ਪਾਣੀ, ਧਰਤੀ ਦੇ ਸਭ ਤੋਂ ਵੱਧ ਮਹੱਤਵਪੂਰਨ ਤੱਤਾਂ ਵਿਚੋਂ ਇਕ ਹੈ। ਹਰ ਜੀਵ-ਜੰਤ ਤੇ ਪੌਦੇ ਨੂੰ ਜਿਊਣ ਲਈ ਪਾਣੀ ਦੀ ਲੋੜ ਹੈ। ਧਰਤੀ ਉਤੇ ਜੇ ਪਾਣੀ ਨਾ ਹੁੰਦਾ ਤਾਂ ਜੀਵਨ ਵੀ ਨਾ ਹੁੰਦਾ। ਜਿਊਂਦੇ ਰਹਿਣ ਲਈ ਪਾਣੀ ਪੀਣ ਤੋਂ ਇਲਾਵਾ ਵੀ ਪਾਣੀ ਦੀ ਕਈ ਥਾਈਂ ਵਰਤੋਂ ਹੁੰਦੀ ਹੈ ਜਿਸ ਵਿਚ ਭੋਜ ਪਕਾਉਣਾ, ਨਹਾਉਣਾ-ਧੋਣਾ (ਕੱਪੜੇ ਤੇ ਭਾਂਡੇ), ਸਾਫ਼-ਸਫ਼ਾਈ, ਮੌਜ-ਮਸਤੀ ਜਿਵੇਂ ਤਰਨ ਤਲਾਅ ਤੇ ਬਾਗ-ਬਗੀਚੇ ਹਰੇ-ਭਰੇ ਰੱਖਣੇ ਆਦਿ। ਪਾਣੀ ਤਾਂ ਫ਼ਸਲਾਂ, ਪਸ਼ੂਆਂ ਅਤੇ ਸਨਅਤੀ ਉਤਪਾਦਨਾਂ ਲਈ ਵੀ ਲੋੜੀਂਦਾ ਹੈ। ਜਲ ਦੇ ਸਰੋਤ ਕੁਦਰਤੀ ਸਰੋਤ ਹੁੰਦੇ ਹਨ ਜੋ ਮਨੁੱਖ ਲਈ ਅਤਿ ਲਾਹੇਵੰਦ ਹਨ। ਧਰਤ ਦਾ 97% ਪਾਣੀ ਖਾਰਾ ਹੈ ਤੇ ਮਹਿਜ 3% ਹੀ ਤਾਜ਼ਾ ਜਲ ਹੈ ਜਿਸ ਵਿਚੋਂ ਦੋ-ਤਿਹਾਈ ਤੋਂ ਕੁਝ ਵੱਧ ਹਿੱਸਾ ਗਲੇਸ਼ੀਅਰਾਂ ਤੇ ਬਰਫ਼ਾਨੀ ਟੋਪੀਆਂ ਦੇ ਰੂਪ ਵਿਚ, ਜੰਮਿਆ ਹੋਇਆ ਮਿਲਦਾ ਹੈ। ਬਾਕੀ ਤਰਲ ਰੂਪ ਵਿਚਲਾ ਤਾਜ਼ਾ ਜਲ ਧਰਤ ਉੱਤੇ ਮਿਲਦਾ ਹੈ ਜਦੋਂ ਕਿ ਬਹੁਤ ਥੋੜ੍ਹੀ ਜਿਹੀ ਮਾਤਰਾ ਹਵਾ ਮੰਡਲ ਵਿਚ ਭਾਵ ਜਲਵਾਸ਼ਪਾਂ ਦੇ ਰੂਪ ਵਿਚ ਵੀ ਮਿਲਦਾ ਹੈ। ਤਾਜ਼ਾ ਪਾਣੀ ਮੁੜ-ਵਰਤੋਂ ਯੋਗ ਸਾਧਨ ਹੈ ਪਰ ਫ਼ਿਰ ਵੀ ਦੁਨੀਆਂ ਭਰ ਵਿੱਚ ਜ਼ਮੀਨਦੋਜ਼ ਜਲ ਦੀ ਮਾਤਰਾ ਲਗਾਤਾਰ ਘੱਟ ਰਹੀ ਹੈ ਤੇ ਇਹ ਕੁਵਰਤੋਂ ਆਮਤੌਰ 'ਤੇ ਏਸ਼ੀਆ ਵਿਚ ਬਹੁਤੀ ਤੇ ਭਾਰਤ ਵਿਚ ਉਚੇਚੇ ਤੌਰ 'ਤੇ ਬੇਅੰਤ ਹੈ। ਇਹ ਵੀ ਸਪੱਸ਼ਟ ਨਹੀਂ ਹੈ ਕਿ ਜ਼ਮੀਨਦੋਜ਼ ਜਲ ਦੀ ਕੁਦਰਤੀ ਬਹਾਲੀ ਕਦੋਂ ਤੇ ਕਿਵੇਂ ਹੁੰਦੀ ਹੈ ਤੇ ਉਪਰੋਕਤ ਹਾਲਤ ਨਾਲ ਵਾਤਾਵਰਣੀ ਤਰਤੀਬ ਨੂੰ ਕਿੰਨਾ ਨੁਕਸਾਨ ਹੁੰਦਾ ਹੈ। ਦੁਨੀਆਂ ਵਿਚ ਪਾਣੀ ਕੁਦਰਤੀ ਤੌਰ 'ਤੇ ਕਈ ਰੂਪਾਂ ਵਿਚ



ਤੇ ਕਈ ਸਥਾਨਾਂ ਉੱਤੇ ਮਿਲਦਾ ਹੈ ਜਿਵੇਂ; ਹਵਾ ਵਿੱਚ, ਧਰਤੀ ਦੀ ਸਤਹ ਉੱਤੇ, ਜ਼ਮੀਨਦੋਜ਼ ਤੇ ਸਾਗਰਾਂ-ਮਹਾਂਸਾਗਰਾਂ ਵਿੱਚ। ਪ੍ਰਿਥਵੀ ਦਾ 2.5% ਜਲ ਹੀ ਤਾਜ਼ਾ ਹੈ ਤੇ ਉਸਦਾ ਜ਼ਿਆਦਾਤਰ ਹਿੱਸਾ ਗਲੇਸ਼ੀਅਰਾਂ ਤੇ ਬਰਫ਼ਾਨੀ ਟੋਪੀਆਂ ਦੇ ਰੂਪ ਵਿਚ ਜੰਮਿਆ ਹੋਇਆ ਮਿਲਦਾ ਹੈ। ਤਰਲ ਰੂਪੀ ਤਾਜ਼ੇ ਪਾਣੀ ਵਿਚੋਂ 96% ਜ਼ਮੀਨਦੋਜ਼ ਹੈ ਤੇ ਬਾਕੀ ਬਚੀ ਮਾਤਰਾ ਹੀ ਧਰਤੀ ਦੀ ਸਤ੍ਹਾ ਜਾਂ ਹਵਾ ਵਿੱਚ ਮਿਲਦੀ ਹੈ।

ਦੁਨੀਆਂ ਵਿਚ ਵੱਖੋ-ਵੱਖ ਥਾਈਂ ਪਾਣੀ ਦੀ ਮਾਤਰਾ ਜਾਨਣੀ ਜਾਂ ਮਿਥਣੀ ਹੋਵੇ ਤਾਂ ਇਹ ਜਾਨਣਾ ਜ਼ਰੂਰੀ ਹੈ ਕਿ ਵਾਤਾਵਰਣ ਵਿਚ ਜਲ ਚੱਕਰ ਕਿਵੇਂ ਕਾਰਜ ਕਰਦਾ ਹੈ। ਧਰਤੀ ਦਾ ਜਲ ਚੱਕਰ ਇਕ ਧਰਤ ਤੰਤਰ (global process) ਹੈ ਜਿਸ ਅਧੀਨ ਜਲ ਹਵਾ ਤੋਂ ਧਰਤ ਵੱਲ (ਵਰਖਣ ਕਿਰਿਆਵਾਂ ਰਾਹੀਂ) ਤੇ ਫਿਰ ਧਰਤ ਤੋਂ ਵਾਪਸ ਵਾਯੂਮੰਡਲ ਵੱਲ (ਵਾਸ਼ਪੀਕਰਨ ਰਾਹੀਂ) ਚੱਲਦਾ ਹੈ। ਇਸ ਚੱਕਰ ਦੇ ਪ੍ਰਮੁੱਖ ਤੱਤ 'ਤੇ ਪੱਖ ਵਰਖਣ, ਮਿੱਟੀ ਵਿਚ ਪਾਣੀ ਜਜ਼ਬ ਹੋਣਾ, ਧਰਤ ਦੀ ਸਤ੍ਹਾ ਉੱਤੇ ਵਹਿਣਾ, ਸਤਹੀ ਜਲ ਦਾ ਜ਼ਮੀਨਦੋਜ਼ ਤੇ ਸਾਗਰੀ ਜਲ ਬਣਨਾ ਤੇ ਪਾਣੀ ਦੇ ਸੰਗ੍ਰਹਿਆਂ, ਮਿੱਟੀ ਤੇ ਪੌਦਿਆਂ ਤੋਂ ਵਾਸ਼ਪੀਕਰਨ ਹੋਣਾ ਹੈ।

'ਨੀਲੇ ਜਲ' ਜੋ ਕਿ ਦਰਿਆਵਾਂ, ਝੀਲਾਂ ਤੇ ਜਲਮਈਆਂ (aquifers) ਦੇ ਹੁੰਦੇ ਹਨ, ਨੂੰ ਪੌਦਿਆਂ ਨੂੰ ਫ਼ਸਲਾਂ ਦੀ ਖੁਰਾਕ ਬਣਨ ਵਾਲੇ 'ਹਰੇ ਜਲ' ਤੋਂ ਵੱਖ ਕੀਤਾ ਜਾ ਸਕਦਾ ਹੈ ਜੋ ਅੱਗੋਂ ਹਵਾ ਵਿੱਚ ਜਾਣ ਦਾ ਸਫ਼ਰ ਤੈਅ ਕਰਦੇ ਹਨ। ਇਹ ਵਖਰੇਵਾਂ ਜਲ ਪ੍ਰਬੰਧਨ ਵਿਚ ਜੁਟਣ ਵਾਲਿਆਂ ਲਈ ਲਾਹੇਵੰਦ ਹੋ ਸਕਦਾ ਹੈ ਕਿਉਂਕਿ ਉਹ ਇਸ ਪੱਖ ਵੱਲ ਉਚੇਚਾ ਧਿਆਨ ਦੇ ਸਕਦੇ ਹਨ ਕਿ 'ਹਰੇ ਜਲ' ਹੀ ਵਰਤੋਂ ਯੋਗ ਹੁੰਦੇ ਹਨ ਤੇ ਖੇਤਾਂ, ਜੰਗਲ-ਬੇਲਿਆਂ ਤੇ ਜਲੀ ਭੂਮੀਆਂ ਉੱਤੇ ਵਹਿੰਦੇ ਹਨ।

## ਪ੍ਰਿਥਵੀ 'ਤੇ ਜਲ ਦੀ ਮਾਤਰਾ

| ਸਾਗਰੀ ਤੇ ਮਹਾਂਸਾਗਰੀ ਜਲ | ਤਾਜ਼ਾ ਜਲ |
|---|---|
| ਮਹਾਂਸਾਗਰੀ ਜਲ ਖਾਰਾ ਹੁੰਦਾ ਹੈ ਤੇ ਧਰਤੀ ਦਾ 97.5% ਜਲ ਸਾਗਰੀ ਤੇ ਮਹਾਂਸਾਗਰੀ ਹੈ।<br><br>ਖਾਰੇ ਪਾਣੀਆਂ ਦੇ ਪੰਜ ਮਹਾਂਸਾਗਰ;<br>* ਸ਼ਾਂਤ ਮਹਾਂਸਾਗਰ (Pacific Ocean)<br>* ਅੰਧ ਮਹਾਂਸਾਗਰ (Arctic Ocean)<br>* ਹਿੰਦ ਮਹਾਂਸਾਗਰ (Indian Ocean)<br>* ਦੱਖਣੀ ਮਹਾਂਸਾਗਰ (Southern Ocean)<br>* ਆਰਕਟਿਕ ਮਹਾਂਸਾਗਰ (Arctic Ocean) | ਧਰਤੀ ਦਾ 2.5% ਜਲ ਤਾਜ਼ਾ ਹੈ ਤੇ ਧਰਤ ਉੱਤੇ ਵੱਖੋ-ਵੱਖ ਅਵਸਥਾਵਾਂ ਵਿਚ ਮਿਲਦਾ ਹੈ।<br>*ਤਾਜ਼ੇ ਜਲ ਦਾ 68.7 ਫ਼ੀਸਦੀ ਹਿੱਸਾ ਗਲੇਸ਼ੀਅਰਾਂ ਵਿਚ ਜੰਮਿਆਂ ਪਿਆ ਹੈ।<br>*ਜ਼ਮੀਨਦੋਜ਼ ਜਲ, ਤਾਜ਼ੇ ਪਾਣੀ ਦੀ 30.1 ਫ਼ੀਸਦੀ ਮਾਤਰਾ ਹੈ।<br>*ਸਦੀਵੀਂ ਜੰਮੀ ਧਰਤੀ ਵਿੱਚ ਤਾਜ਼ੇ ਪਾਣੀ ਦਾ 0.8 ਫ਼ੀਸਦੀ ਹਿੱਸਾ ਹੈ।<br>*ਬਾਕੀ ਬੱਚਦਾ 0.4 ਫ਼ੀਸਦੀ ਹਿੱਸਾ ਹੀ ਧਰਤੀ ਦੀ ਸਤਹਿ ਅਤੇ ਵਾਯੂਮੰਡਲ ਵਿਚ ਨਮੀ ਵਜੋਂ ਹੈ। |
| ਜੇਕਰ ਅਸੀਂ ਤਾਜ਼ੇ ਜਲ ਦੇ 0.4 ਫ਼ੀਸਦੀ ਹਿੱਸੇ ਨੂੰ ਹੀ ਆਪਣੇ ਲਈ 100 ਫ਼ੀਸਦੀ ਜਲ ਮੰਨ ਲਈਏ, ਤਾਂ;<br>* ਧਰਤੀ ਦੀ ਸਤਹਿ ਉੱਤੇ ਸਥਿਤ ਝੀਲਾਂ ਵਿਚ 67.5 ਫ਼ੀਸਦੀ ਜਲ ਹੈ।<br>* ਮਿੱਟੀ ਵਿਚ ਸ਼ਾਮਲ ਨਮੀ ਤਾਜ਼ੇ ਜਲ ਦਾ 12.2 ਫ਼ੀਸਦੀ ਹਿੱਸਾ ਹੈ।<br>* ਵਾਯੂਮੰਡਲੀ ਨਮੀ, ਤਾਜ਼ੇ ਜਲ ਦਾ 9.5 ਫ਼ੀਸਦੀ ਜਜ਼ਬ ਹਿੱਸਾ ਹੈ।<br>* ਜਲੀ ਭੂਮੀਆਂ ਦਾ ਹਿੱਸਾ 8.5 ਫ਼ੀਸਦੀ ਹੈ।<br>* ਦਰਿਆਈ ਜਲ ਤਾਜ਼ੇ ਪਾਣੀ ਦਾ ਸਿਰਫ਼ 1.6 ਫ਼ੀਸਦੀ ਹੈ।<br>* ਬਾਕੀ 0.8 ਫ਼ੀਸਦੀ ਹੀ ਪੌਦਿਆਂ ਤੇ ਜਾਨਵਰਾਂ ਵਿਚ ਸਮਾਇਆ ਹੈ। | |

ਭਾਰਤ, ਖੇਤੀਬਾੜੀ ਲਈ ਜ਼ਮੀਨਦੋਜ਼ ਜਲ ਵਰਤਣ ਦੇ ਸੰਦਰਭ ਵਿਚ ਸੰਸਾਰ ਦਾ ਸਭ ਤੋਂ ਮੋਹਰੀ ਦੇਸ਼ ਹੈ। ਜ਼ਮੀਨਦੋਜ਼ ਜਲ ਦੀ ਵਰਤੋਂ ਕਰਨ ਵਾਲੇ ਦੁਨੀਆਂ ਦੇ ਪਹਿਲੇ ਦਸ ਦੇਸ਼ਾਂ ਵਿਚ ਚੀਨ ਅਤੇ ਸੰਯੁਕਤ ਰਾਜ ਅਮਰੀਕਾ ਵੀ ਸ਼ਾਮਲ ਹਨ। ਇਸ ਪੱਖ ਦਾ ਦਿਲਚਸਪ ਪਹਿਲੂ ਇਹ ਹੈ ਕਿ ਜਿਨ੍ਹਾਂ ਦੇਸ਼ਾਂ ਕੋਲ ਸਿੰਜਾਈ ਲਈ ਰਕਬਾ ਜ਼ਿਆਦਾ ਹੈ, ਉਨ੍ਹਾਂ ਵੱਲੋਂ ਜ਼ਮੀਨਦੋਜ਼ ਜਲ ਦੀ ਵਰਤੋਂ ਵੀ ਜ਼ਿਆਦਾ ਕੀਤੀ ਜਾਂਦੀ ਹੈ। ਆਲਮੀ ਪੱਧਰ 'ਤੇ, ਪੰਜ ਦਹਾਕਿਆਂ (1962-2012) ਵਿਚ ਸਿੰਜਾਈ ਹੇਠ ਰਕਬਾ 16 ਕਰੋੜ 40 ਲੱਖ ਹੈਕਟੇਅਰ ਤੋਂ ਵੱਧ ਕੇ 32 ਕਰੋੜ 40 ਲੱਖ ਹੈਕਟੇਅਰ ਹੋ ਗਿਆ ਹੈ ਤੇ ਸੰਨ 1962 ਤੋਂ ਬਾਅਦ ਸਿੰਜਾਈ ਹੇਠ ਭੂਮੀ ਲਿਆਉਣ ਵਾਲੇ ਬਹੁਤੇ ਇਲਾਕੇ ਦੱਖਣੀ ਏਸ਼ਿਆਈ, ਪੂਰਬੀ ਏਸ਼ਿਆਈ ਤੇ ਪ੍ਰਸ਼ਾਂਤ ਖੇਤਰਾਂ ਦੇ ਹਨ। ਆਲਮੀ ਬੈਂਕ ਦੀ ਹਾਲੀਆ ਰਿਪੋਰਟ 'ਬਿਔਂਡ ਕਰੌਪ ਪਰ ਡਰੌਪ' (Beyond Crop Per Drop) ਉਪਰੋਕਤ ਤੱਥਾਂ ਦੀ ਤਾਈਦ ਕਰਦੀ ਹੈ। ਰਿਪੋਰਟ ਅਨੁਸਾਰ 1990ਵਿਆਂ ਦੇ ਮੱਧ ਵਿਚ ਸਿਰਫ਼ ਯੂਰਪੀ ਤੇ ਮੱਧ ਏਸ਼ਿਆਈ ਇਲਾਕੇ ਹੀ ਅਜਿਹੇ ਹਨ ਜਿਨ੍ਹਾਂ ਵਿਚ ਸਿੰਜਾਈ ਹੇਠ ਰਕਬਾ ਘਟਿਆ ਹੈ।

ਆਲਮੀ ਪੱਧਰ 'ਤੇ ਇਹ ਪੱਖ ਵੀ ਧਿਆਨਦੇਣਯੋਗ ਹੈ ਕਿ ਖੇਤੀਬਾੜੀ (ਜ਼ਰਾਇਤੀ) ਖੇਤਰ ਵਿਚ ਹੀ ਪਾਣੀ ਦੀ ਸਭ ਤੋਂ ਵੱਧ ਵਰਤੋਂ ਕੀਤੀ ਜਾਂਦੀ ਹੈ, ਮੁੱਖ ਤੌਰ 'ਤੇ ਸਿੰਜਾਈ ਲਈ ਹੀ। ਇਸ ਕਾਰਜ ਲਈ ਤਾਜ਼ੇ ਪਾਣੀ ਦੀ ਕੁੱਲ ਵਰਤੋਂ ਦਾ 70 ਫ਼ੀਸਦੀ ਖਰਚ ਹੁੰਦਾ ਹੈ। ਕੁਝ ਦੇਸ਼ ਜਿੱਥੇ ਵਧੇਰੇ ਸੌਕੇ ਵਰਗੇ ਹਾਲਾਤ ਹਨ, ਜ਼ਮੀਨਦੋਜ਼ ਪਾਣੀ ਦੀ ਵਰਤੋਂ 90 ਫ਼ੀਸਦੀ ਤੱਕ ਵੀ ਜਾ ਪੁੱਜਦੀ ਹੈ। ਵੀਅਤਨਾਮ ਵਿਚ ਖੇਤੀ (ਜ਼ਰਾਇਤ) ਲਈ ਵਰਤੇ ਜਾਂਦੇ ਪਾਣੀ ਦਾ 95 ਫ਼ੀਸਦੀ ਤੱਕ ਵੀ ਜਾ ਪੁੱਜਦੀ ਹੈ। ਵੀਅਤਨਾਮ ਵਿੱਚ ਖੇਤੀ (ਜ਼ਰਾਇਤ) ਲਈ ਵਰਤੇ ਜਾਂਦੇ ਪਾਣੀ ਦਾ 95 ਫ਼ੀਸਦੀ ਜ਼ਮੀਨਦੋਜ਼ ਜਲ ਹੀ ਹੁੰਦਾ ਹੈ ਜਦੋਂ ਕਿ ਭਾਰਤ ਵਿਚ ਇਹ ਮਿਕਦਾਰ 90 ਫ਼ੀਸਦੀ ਤੇ ਅਮਰੀਕਾ ਵਿਚ 40 ਫ਼ੀਸਦੀ ਹੈ।

## ਜ਼ਮੀਨਦੋਜ਼ ਜਲ ਨੂੰ ਜ਼ਰਾਇਤੀ ਕਾਰਜਾਂ ਲਈ ਵਰਤਣ ਵਾਲੇ ਦੇਸ਼

| ਦੇਸ਼ ਦਾ ਨਾਮ | ਖੇਤੀ ਵਿਚ ਵਰਤੀ ਜਾਂਦੀ ਜ਼ਮੀਨਦੋਜ਼ ਜਲ ਦੀ ਫ਼ੀਸਦ | ਧਰਤੀ ਵਿਚੋਂ ਪ੍ਰਾਪਤ ਕੀਤਾ ਜਾਂਦਾ ਕੁੱਲ ਜਲ (ਅਰਬ ਕਿਊਬਿਕ ਮੀਟਰਾਂ 'ਚ) |
|---|---|---|
| 1. ਭਾਰਤ | 90 | 761 |
| 2. ਚੀਨ | 65 | 554 |
| 3. ਸੰਯੁਕਤ ਰਾਜ ਅਮਰੀਕਾ | 40 | 486 |
| 4. ਪਾਕਿਸਤਾਨ | 94 | 184 |
| 5. ਇੰਡੋਨੇਸ਼ੀਆ | 82 | 113 |
| 6. ਇਰਾਨ | 92 | 93 |
| 7. ਵੀਅਤਨਾਮ | 95 | 82 |
| 8. ਫ਼ਿਲਿਪਾਈਨਜ਼ | 82 | 82 |
| 9. ਮਿਸਰ | 86 | 78 |
| 10. ਮੈਕਸੀਕੋ | 77 | 80 |

ਜਲ ਦੀ ਕਮੀ ਭਲਾ ਹੁਣ ਕਿੱਥੇ ਵਾਪਰੇਗੀ ? ਤੁਸੀਂ ਕੁਦਰਤੀ ਜਲ ਚੱਕਰ ਪੜ੍ਹਿਆ ਹੈ, ਤਾਜ਼ਾ ਪਾਣੀ ਸਿੱਧਾ ਹੀ ਵਰਖਣ ਤੋਂ, ਧਰਤ ਦੇ ਵਹਿਣਾਂ ਤੋਂ ਜਾਂ ਜ਼ਮੀਨਦੋਜ਼ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਕੀ ਇਹ ਸੰਭਵ ਹੈ ਕਿ ਕਿਸੇ ਇਲਾਕੇ ਵਿਚ ਲੋੜ ਅਨੁਸਾਰ ਕਾਫ਼ੀ ਜਲ ਸਾਧਨ ਹੋਣ ਪਰ ਫਿਰ ਵੀ ਪਾਣੀ ਦੀ ਤੋਟ ਹੋ ਜਾਵੇ ?

ਸਾਡੇ ਕਈ ਸ਼ਹਿਰ ਇਸੇ ਤ੍ਰਾਸਦੀ ਦੀ ਉਦਾਹਰਣ ਹਨ। ਜਲ ਦੀ ਕਮੀ ਦਾ ਕਾਰਨ ਬਣਦੇ ਹਨ; ਵੱਧਦੀ ਵਸੋਂ ਤੇ ਸਿੱਟੇ ਵਜੋਂ ਉਪਜਦੀ ਵਧੇਰੇ ਪਾਣੀ ਦੀ ਲੋੜ ਤੇ ਜਲ ਤੱਕ ਅਸਮਾਨ ਪਹੁੰਚ ਜਾਂ ਉਸਦੀ ਅਸਾਵੀਂ ਪੂਰਤੀ। ਵਸੋਂ ਦੇ ਵਾਧੇ ਦਾ ਸਿੱਧਾ ਹੀ ਅਰਥ ਹੈ, ਨਾ ਸਿਰਫ਼ ਘਰੇਗੀ ਵਰਤੋਂ ਲਈ ਵਧੇਰੇ ਪਾਣੀ ਦੀ ਲੋੜ, ਸਗੋਂ ਭੋਜਨ ਪਦਾਰਥ ਉਪਜਾਉਣ

ਲਈ ਵੀ ਜਲ ਦੀ ਲੋੜ। ਇਸੇ ਲਈ ਖ਼ਾਸਕਰ ਸੁੱਕੇ ਮੌਸਮ ਵਿੱਚ ਵੀ ਅਨਾਜਾਂ ਦੀ ਖੇਤੀ ਕਰਨ ਲਈ ਸਿੰਚਾਈ ਖਾਤਰ ਜਲ ਸਾਧਨਾਂ ਦੀ ਲੋੜ ਤੋਂ ਵੱਧ ਵਰਤੋਂ ਜਨਮ ਲੈਂਦੀ ਹੈ।

ਤੁਸੀਂ ਵੇਖਿਆ ਹੋਵੇਗਾ ਕਿ ਬਹੁਤੇ ਕਿਸਾਨਾਂ ਦੇ ਖੇਤਾਂ ਵਿੱਚ ਆਪੋ-ਆਪਣੇ ਖੂਹ, ਟਿਊਬਵੈੱਲ ਆਦਿ ਹੁੰਦੇ ਹਨ ਤਾਂ ਜੋ ਉਹ ਆਪਣੀ ਜ਼ਰਾਇਤੀ ਉਪਜ ਵਧਾਉਣ ਲਈ ਸਿੰਚਾਈ ਦਾ ਮਨ-ਭਾਉਂਦਾ ਪ੍ਰਬੰਧ ਕਰ ਸਕਣ। ਇਸ ਸੋਚ ਦਾ ਸਿੱਟਾ ਕੀ ਨਿਕਲੇਗਾ ? ਜ਼ਮੀਨਦੋਜ਼ ਜਲ ਦਾ ਪੱਧਰ ਲਗਾਤਾਰ ਡਿੱਗੇਗਾ ਅਤੇ ਪਾਣੀ ਦੀ ਕਮੀ ਨਾਲ ਲੋਕਾਂ ਦੀ ਖੁਰਾਕੀ ਪਦਾਰਥਾਂ ਦੀ ਸੁਰੱਖਿਆ ਖ਼ਤਮ ਹੋਣ ਲੱਗ ਪਵੇਗੀ। ਭਾਰਤ ਦੇ ਅਜ਼ਾਦੀ ਤੋਂ ਮਗਰੋਂ ਵੱਡੇ ਪੱਧਰ 'ਤੇ ਸਨਅਤੀਕਰਨ ਤੇ ਸ਼ਹਿਰੀਕਰਨ ਵੇਖਿਆ ਹੈ ਜਿਸ ਨਾਲ ਕਈ ਕੁਝ ਦੇ ਮੌਕੇ ਵੀ ਵਧੇ ਹਨ। ਇਸ ਵੇਲੇ ਵੱਡੇ ਸਨਅਤੀ ਘਰਾਣੇ ਬਹੁਰਾਸ਼ਟਰੀ ਕਾਰਪੋਰੇਸ਼ਨਾਂ ਦੇ ਟਿਕਾਣੇ ਤੱਕ ਵੀ ਬਣ ਗਏ ਹਨ। ਸਨਅਤਾਂ ਦੇ ਇਸ ਵਾਧੇ (Growth) ਨੇ ਤਾਜ਼ੇ ਪਾਣੀ ਦੇ ਸਰੋਤਾਂ ਉੱਤੇ ਬਹੁਤ ਮਾੜਾ ਅਸਰ ਪਾਇਆ ਹੈ।

ਸਨਅਤਾਂ ਵਿੱਚ ਪਾਣੀ ਦੀ ਵਰਤੋਂ ਤਾਂ ਵੱਡੇ ਪੱਧਰ ਉਤੇ ਹੁੰਦੀ ਹੀ ਹੈ, ਸਗੋਂ ਇਨ੍ਹਾਂ ਨੂੰ ਊਰਜਾ ਦੀ ਵੀ ਲੋੜ ਹੁੰਦੀ ਹੈ ਤੇ ਇਹ ਊਰਜਾ ਪਣ-ਬਿਜਲੀ ਪ੍ਰਾਜੈਕਟਾਂ ਤੋਂ ਮਿਲਦੀ ਹੈ। ਭਾਰਤ ਵਿਚ ਮੌਜੂਦਾ ਹਾਲਤ ਇਹ ਹੈ ਕਿ ਜੁਲਾਈ, 2020 ਵਿਚ ਭਾਰਤ ਦੇ ਕੁਲ 3.59 ਲੱਖ ਮੈਗਾਵਾਟ ਬਿਜਲੀ ਉਤਪਾਦਨ ਵਿਚੋਂ ਲਗਪਗ 12.3 ਫ਼ੀਸਦ ਹਿੱਸਾ ਵੱਡੇ ਪਣ-ਬਿਜਲੀ ਪ੍ਰਾਜੈਕਟਾਂ ਤੇ 42 ਫੀਸਦ ਹਿੱਸਾ ਛੋਟੇ ਪਣ ਬਿਜਲੀ ਪ੍ਰਾਜੈਕਟਾਂ ਦੀ ਦੇਣ ਸੀ। ਇਸ ਤੋਂ ਇਲਾਵਾ ਸ਼ਹਿਰੀ ਕੇਂਦਰਾਂ ਦੇ ਵਾਧੇ, ਵਸੋਂ ਦੀ ਵਧਦੀ ਘਣਤਾ ਤੇ ਸ਼ਹਿਰੀ ਰਹਿਣ-ਸਹਿਣ ਨੇ ਪਾਣੀ ਦੇ ਨਾਲ-ਨਾਲ ਊਰਜਾ ਦੀ ਲੋੜ ਵਿਚ ਵੀ ਬੇਤਹਾਸ਼ਾ ਵਾਧਾ ਕੀਤਾ ਹੈ।

ਤੁਸੀਂ ਇਹ ਅਹਿਸਾਸ ਕਰ ਹੀ ਲਿਆ ਹੋਵੇਗਾ ਕਿ ਪਾਣੀ ਦੇ ਸਾਧਨਾਂ ਦੀ ਬੱਚਤ ਕਰਨਾ ਸਮੇਂ ਦੀ ਵੱਡੀ ਲੋੜ ਹੈ ਤਾਂ ਜੋ ਸਿਹਤ ਪੱਖੋਂ ਔਕੜਾਂ, ਅਨਾਜ ਸੁਰੱਖਿਆ, ਜੀਵਨ ਤੇ ਉਤਪਾਦਨ ਨੂੰ ਜਾਰੀ ਰੱਖਣ ਤੇ ਵਾਤਾਵਰਨ ਦੇ ਲਗਾਤਾਰ ਵਿਗਾੜ ਤੋਂ ਬਚਾਅ ਕਰਨ ਵਰਗੇ ਹੀਲੇ ਕੀਤੇ ਜਾ ਸਕਣ। ਜਲ ਸਾਧਨਾਂ ਦੇ ਅਤਿ ਮਾੜੇ ਪ੍ਰਬੰਧਨ ਤੇ ਬੇਤਹਾਸ਼ਾ ਵਰਤੋਂ ਨੇ ਸਾਨੂੰ ਇਸ ਸਾਧਨ ਦੇ ਲੋਪ ਹੋ ਜਾਣ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ ਤੇ ਇਹ ਵਾਤਾਵਾਰਣੀ ਅਸਾਵਾਂਪਣ ਸਾਡੀਆਂ ਜ਼ਿੰਦਗੀਆਂ ਉੱਤੇ ਭਿਆਨਕ ਦੁਰਪ੍ਰਭਾਵ ਪਾਉਣ ਹੀ ਵਾਲਾ ਹੈ।

**ਧਰਤ ਨੂੰ ਸਮਰਪਿਤ 60 ਮਿੰਟ :** ਆਓ, ਆਉਂਦੀ 27 ਮਾਰਚ ਨੂੰ, ਕੁਦਰਤੀ ਨਿਆਮਤਾਂ ਦੇ ਬਚਾਅ ਲਈ 60 ਮਿੰਟ (ਇਕ ਘੰਟਾ) ਮਸਨੂਈ ਰੌਸ਼ਨੀਆਂ ਬੰਦ ਰੱਖ ਕੇ ਇਸ ਮਨੋਰਥ ਪ੍ਰਤੀ ਆਪਣੀ ਇਕਾਗਰਤਾ ਤੇ ਇੱਕਮੁੱਠਤਾ ਦਾ ਪ੍ਰਗਟਾਵਾ ਕਰੀਏ। ਅਜਿਹੀਆਂ ਕੋਸ਼ਿਸ਼ਾਂ ਹਰ ਸਾਲ ਮਿਆਦ ਵਧਾ ਕੇ ਕਈ-ਕਈ ਘੰਟੇ ਮਨਾਉਣ ਨਾਲ ਅਸੀਂ ਆਪਣੇ ਸਭਿਆਚਾਰਕ ਢੰਗ ਤਰੀਕਿਆਂ 'ਤੇ ਅਧਾਰਤ ਜੀਵਨ ਦੇ ਮੁਕਾਬਲੇ ਉਨ੍ਹਾਂ ਦੀ ਅਣਹੋਂਦ 'ਤੇ ਅਧਾਰਤ ਜੀਵਨ ਦੀ ਨਿਰਾਰਥਕਤਾ ਜਾਂ ਖੋਖਲੇਪਣ ਨੂੰ ਸਮਝ ਸਕਦੇ ਹਾਂ।



## ਸ਼੍ਰੇਣੀ ਵਿੱਚ ਕਰੋ :

ਆਪਣੇ ਰੋਜ਼ਾਨਾ ਜੀਵਨ ਦੇ ਆਧਾਰ 'ਤੇ ਆਪਣੇ ਸ਼ਹਿਰੀ/ਪੇਂਡੂ ਜੀਵਨ ਵਿਚ ਜਲ ਨੂੰ ਅਜ਼ਾਈਂ ਗਵਾਏ ਜਾਣ ਤੋਂ ਬੱਚਤ ਕਰਨ ਲਈ ਮਸ਼ਵਰਿਆਂ ਬਾਰੇ ਇੱਕ ਨੋਟ ਲਿਖੋ।

## ਦਰਿਆਈ ਘਾਟੀ ਬਹੁ-ਮੁਖੀ ਯੋਜਨਾਵਾਂ ਅਤੇ ਸੰਗਠਤ ਜਲ ਸਾਧਨ ਪ੍ਰਬੰਧਨ

ਇਹ ਸਮਝਣ ਦੀ ਲੋੜ ਤਾਂ ਹਮੇਸ਼ਾ ਹੀ ਹੁੰਦੀ ਹੈ ਕਿ ਅਸੀਂ ਪਾਣੀ ਦੀ ਬੱਚਤ ਕਿਵੇਂ ਕਰੀਏ ਅਤੇ ਉਸਦਾ ਪ੍ਰਬੰਧ ਕਿਵੇਂ ਕਰੀਏ!

ਪੁਰਾਲੇਖੀ ਤੇ ਇਤਿਹਾਸਕ ਰਿਕਾਰਡ ਮੁਤਾਬਕ ਪ੍ਰਾਚੀਨ ਸਮੇਂ ਤੋਂ ਦੇਸ਼ ਵਿਚ ਅਜੋਕੇ ਵਰਗੇ ਜਲ ਪ੍ਰਬੰਧਨ ਤਰੀਕੇ ਵਰਤੇ ਜਾਂਦੇ ਰਹੇ ਹਨ ਜਿਵੇਂ ਪੱਥਰ ਤੇ ਬਜਰੀ ਦੇ ਡੈਮ, ਤਲਾਅ ਤੇ ਝੀਲਾਂ, ਦਰਿਆਈ ਕੰਢਿਆਂ ਦੇ ਮਨਸੂਈ ਬੰਨ੍ਹ ਅਤੇ ਸਿੰਚਾਈ ਲਈ ਨਹਿਰਾਂ ਆਦਿ। ਇਵੇਂ ਹੀ ਅਜੋਕੇ ਭਾਰਤ ਵਿਚ ਵੀ ਇਹੀ ਪਿਰਤ ਕਾਇਮ ਰੱਖਦਿਆਂ ਬਹੁਤੇ ਦਰਿਆਈ ਬੇਸਿਨਾਂ ਉੱਤੇ ਡੈਮ ਕਾਇਮ ਕੀਤੇ ਗਏ ਹਨ।




ਡੈਮ ਭਲਾ ਕੀ ਹੁੰਦੇ ਹਨ ਤੇ ਇਹ ਪਾਣੀ ਦੀ ਬੱਚਤ ਤੇ ਪ੍ਰਬੰਧ ਕਿਵੇਂ ਕਰਦੇ ਹਨ ?

ਰਿਵਾਇਤੀ ਤੌਰ 'ਤੇ ਡੈਮ ਦਰਿਆਵਾਂ ਨੂੰ ਬੰਨ੍ਹਣ ਲਈ ਬਣਾਏ ਜਾਂਦੇ ਰਹੇ ਹਨ ਤੇ ਮੀਂਹ ਦਾ ਪਾਣੀ ਇਕੱਠਾ ਕਰਕੇ ਖੇਤੀ ਕਾਰਜਾਂ ਲਈ, ਸਿੰਜਾਈ ਲਈ ਵਰਤਿਆ ਜਾਂਦਾ ਰਿਹਾ ਹੈ। ਅਜੋਕੇ ਸਮੇਂ 'ਤੇ ਡੈਮ ਸਿਰਫ ਸਿੰਜਾਈ ਲਈ ਹੀ ਨਹੀਂ ਸਗੋਂ ਬਿਜਲੀ ਉਤਪਾਦਨ, ਘਰੋਗੀ ਤੇ ਸਨਅਤੀ ਵਰਤੋਂ ਲਈ ਪਾਣੀ, ਹੜ੍ਹ ਰੋਕਣ, ਸੈਰ-ਸਪਾਟੇ, ਜਹਾਜ਼ਰਾਨੀ ਤੇ ਮੱਛੀ ਪਾਲਣ ਦੇ ਕਾਰਜਾਂ ਲਈ ਵੀ ਸਹਾਈ ਸਿੱਧ ਹੋ ਰਹੇ ਹਨ। ਇਸੇ ਕਰਕੇ ਇਨ੍ਹਾਂ ਨੂੰ ਸਿਰਫ ਡੈਮ ਦੀ ਥਾਂ ਬਹੁਮੁਖੀ ਜਾਂ ਬਹੁਮੰਤਵੀ ਯੋਜਨਾਵਾਂ ਦਾ ਨਾਮ ਦਿੱਤਾ ਜਾਂਦਾ ਹੈ ਤੇ ਬੰਨ੍ਹੇ ਗਏ ਪਾਣੀ ਨੂੰ ਕਈ-ਕਈ ਕਾਰਜਾਂ ਲਈ ਵਰਤਿਆ ਜਾਂਦਾ




ਹੈ। ਉਦਾਹਰਣ ਵਜੋਂ; ਸਤਲੁਜ-ਬਿਆਸ ਦਰਿਆਈ ਬੇਸਿਨ ਦੀ ਭਾਖੜਾ-ਨੰਗਲ ਯੋਜਨਾ ਦਾ ਪਾਣੀ, ਪਣ-ਬਿਜਲੀ ਉਤਪਾਦਨ ਤੇ ਸਿੰਜਾਈ ਦੋਹੇਂ ਕਾਰਜਾਂ ਲਈ ਵਰਤਿਆ ਜਾਂਦਾ ਹੈ ਤੇ ਮਹਾਂਨਦੀ ਬੇਸਿਨ ਦੀ ਹੀਰਾਕੁੰਡ ਯੋਜਨਾ ਦੇ ਬੰਨ੍ਹੇ ਜਲ ਨਾਲ ਸਭ ਤੋਂ ਵੱਧ ਹੜ੍ਹਾਂ 'ਤੇ ਕੰਟਰੋਲ ਹੋਇਆ ਹੈ।

## ਸਿੰਜਾਈ ਰਕਬੇ ਬਾਰੇ ਤੱਥ

* ਭਾਰਤ ਵਿਚ 5264 ਡੈਮ ਕਾਰਜਸ਼ੀਲ ਹਨ ਤੇ 437 ਉਸਾਰੀ ਅਧੀਨ ਹਨ।
* ਮਹਾਰਾਸ਼ਟਰ ਵਿਚ ਸਭ ਤੋਂ ਵੱਧ 2069 ਡੈਮ ਕਾਰਜਸ਼ੀਲ ਤੇ 285 ਉਸਾਰੀ ਅਧੀਨ ਹੇ ਤੇ ਸਿਰਫ਼ 19 ਫ਼ੀਸਦੀ ਰਕਬਾ ਹੀ ਸਿੰਜਾਈ ਹੇਠ ਹੈ।
* ਭਾਰਤ ਦਾ 49 ਫ਼ੀਸਦੀ ਰਕਬਾ ਸਿੰਜਾਈ ਹੇਠ ਹੈ ਜਦੋਂ ਕਿ ਪੰਜਾਬ ਦਾ 100 ਫ਼ੀਸਦੀ ਬਿਜਾਈ ਰਕਬਾ ਸਿੰਜਾਈ ਹੇਠ ਹੈ। ਹਰਿਆਣਾ ਵਿੱਚ ਇਹੀ ਫ਼ੀਸਦ 84 ਹੈ।

## ਭਾਰਤ ਵਿਚ ਪਾਣੀ ਬੰਨ੍ਹਣ ਲਈ ਵਰਤੇ ਗਏ ਢੰਗ

* ਇਕ ਸਦੀ ਈਸਾ ਪੂਰਵ, ਅਲਾਹਾਬਾਦ ਨੇੜੇ ਸਿਰੰਗਾਵੇਰਪੁਰਾ ਵਿਖੇ ਗੰਗਾ ਵਿਚ ਆਉਂਦੇ ਹੜ੍ਹ ਥੰਮਣ ਲਈ ਜਲ ਵਿਤਰਣ ਤੇ ਸੰਭਾਲ ਪ੍ਰਬੰਧ ਸਥਾਪਤ ਕੀਤਾ ਗਿਆ।
* ਚੰਦਰਗੁਪਤ ਮੌਰਿਆ ਦੇ ਸ਼ਾਸਨ ਕਾਲ ਦੌਰਾਨ ਬੰਨ੍ਹ, ਝੀਲਾਂ ਤੇ ਹੋਰ ਅਜਿਹੇ ਪ੍ਰਬੰਧਾਂ ਰਾਹੀਂ ਸਿੰਜਾਈ ਦੀ ਕਾਮਯਾਬ ਪ੍ਰਣਾਲੀ ਤਿਆਰ ਕੀਤੀ ਗਈ।
* ਪ੍ਰਾਚੀਨ ਸਮੇਂ ਵਿਚ ਸਿੰਜਾਈ ਸਾਧਨਾਂ ਦਾ ਪ੍ਰਮਾਣ ਕਲਿੰਗ (ਓਡੀਸ਼ਾ), ਕੋਲ੍ਹਾਪੁਰ (ਮਹਾਂਰਾਸ਼ਟਰ), ਨਾਗਅਰਜੁੱਨਕੌਂਡਾ (ਆਂਧਰਾ ਪ੍ਰਦੇਸ਼) ਤੇ ਬੇਨੌਰ (ਕਰਨਾਟਕ) ਤੋਂ ਮਿਲੇ ਹਨ।
* ਗਿਆਰਵੀਂ ਸਦੀ ਵਿਚ, ਉਸ ਸਮੇਂ ਦੀ ਸਭ ਤੋਂ ਵੱਡੀ ਮਾਨਵ ਨਿਰਮਤ ਝੀਲ, ਭੁਪਾਲ ਵਿਖੇ ਬਣਾਈ ਗਈ ਸੀ।
* ਚੌਦਵੀਂ ਸਦੀ ਵਿਚ ਦਿੱਲੀ ਦੇ ਸ਼ਾਸਕ ਅਲਤਮਸ਼ ਨੇ ਸ੍ਰੀ ਫ਼ੋਰਟ ਖੇਤਰ ਵਿਚ ਜਲ ਪ੍ਰਦਾਨ ਕਰਨ ਲਈ ਹੌਜ਼ ਖ਼ਾਸ ਨਾਮਕ ਜਲ ਹੌਦੀਆਂ ਬਣਵਾਈਆਂ।

**—ਸਰੋਤ; ਡਾਇੰਗ ਵਿਜ਼ਡੰਮ, ਸੀ.ਐੱਸ.ਈ. 1997**

## ਬਹੁ-ਮੰਤਵੀ ਯੋਜਨਾਵਾਂ ਬਾਰੇ ਤੱਥ

* ਮੱਧ ਪ੍ਰਦੇਸ ਵਿਚ ਸਥਾਪਤ ਇੰਦਿਰਾ ਸਾਗਰ ਡੈਮ ਬਹੁਮੰਤਵੀ ਯੋਜਨਾ ਨਰਮਦਾ ਦਰਿਆ ਉੱਤੇ ਸਥਾਪਤ ਹੈ ਤੇ ਨਰਮਦਾ ਘਾਟੀ ਯੋਜਨਾ ਦਾ ਹੀ ਅੰਗ ਹੈ ਜਿਸ ਅਧੀਨ ਜ਼ਿਲ੍ਹਾ ਖੰਡਵਾ ਵਿਚ ਭਾਰਤ ਦੀ ਸਭ ਤੋਂ ਵੱਡੀ 12 ਅਰਬ 12 ਕਰੋੜ ਕਿਊਬਿਕ ਮੀਟਰ ਪਾਣੀ ਡੱਕਣ ਦੀ ਸਮਰਥਾ ਵਾਲੀ ਝੀਲ ਬਣਾਈ ਗਈ ਹੈ।
* ਝੀਲ ਦੀ ਸਮਰੱਥਾ ਦੇ ਹੀ ਪੱਖੋਂ; ਨਾਗਅਰਜੁੱਨ ਯੋਜਨਾ 11 ਅਰਬ 23 ਕਰੋੜ ਕਿਊਬਿਕ ਮੀਟਰ ਜਲ ਤੇ ਭਾਖੜਾ ਨੰਗਲ ਯੋਜਨਾ 9 ਅਰਬ 83 ਕਰੋੜ ਕਿਊਬਿਕ ਮੀਟਰ ਜਲ ਸਮਰਥਾ ਵਾਲੀ ਝੀਲ ਨਾਲ ਦੇਸ਼ ਦੇ ਦੂਸਰੇ ਤੇ ਤੀਸਰੇ ਨੰਬਰ ਦੇ ਵੱਡੇ ਬਹੁਮੰਤਵੀ ਪ੍ਰਾਜੈਕਟ ਹਨ।
* ਉਤਰਾਖੰਡ ਵਿਚ ਭਾਗੀਰਥੀ ਦਰਿਆ ਉਤੇ ਉਸਾਰਿਆ ਗਿਆ ਟਿਹਰੀ ਬੰਨ੍ਹ (ਡੈਮ) ਦੇਸ਼ ਦਾ ਸਭ ਤੋਂ ਉੱਚਾ (261 ਮੀਟਰ) ਅਤੇ ਓਡੀਸ਼ਾ ਵਿਚ ਮਹਾਂਨਦੀ ਉਤੇ ਉਸਾਰਿਆ ਗਿਆ ਹੀਰਾਕੁੰਡ ਬੰਨ੍ਹ (ਡੈਮ) ਦੇਸ਼ ਦਾ ਸਭ ਤੋਂ ਲੰਬਾ (4 ਕਿਲੋਮੀਟਰ 800 ਮੀਟਰ) ਡੈਮ ਹਨ।



ਇੰਦਿਰਾ ਸਾਗਰ



ਨਾਗਅਰਜੁੱਨ ਸਾਗਰ



ਭਾਖੜਾ ਡੈਮ



ਹੀਰਾਕੁੰਡ ਡੈਮ




ਤ੍ਰੈ-ਗਾਰਜ ਪ੍ਰਾਜੈਕਟ

* ਚੀਨ ਦੇ ਯੰਗਸੀ ਦਰਿਆ ਦੀਆਂ ਤਿੰਨ ਦਰਿਆਈ ਖੱਡਾਂ (Gorges) ਉਤੇ ਬਣਾਇਆ ਗਿਆ 'ਥ੍ਰੀ ਗੌਰਜ ਰਿਵਰ ਵੈਲੀ ਪ੍ਰੋਜੈਕਟ' 38000 ਮੇਗਾਵਾਟ ਪਣ-ਬਿਜਲੀ ਤਿਆਰ ਕਰਨ ਦੀ ਸਮਰਥਾ ਨਾਲ ਸੰਸਾਰ ਦੀ ਸਭ ਤੋਂ ਵੱਡੀ ਬਹੁ-ਮੰਤਵ ਯੋਜਨਾ ਹੈ।

ਡੈਮ, ਉਹ ਬੰਨ੍ਹ ਹੁੰਦਾ ਹੈ ਜੋ ਵਗਦੇ ਦਰਿਆ ਦੇ ਪਾਣੀ ਦੇ ਵਹਿਣ ਨੂੰ ਰੋਕ ਕੇ ਉਸ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦਾ ਹੈ ਤੇ ਇਸਦੇ ਪਿੱਛੇ ਆਮ ਤੌਰ 'ਤੇ ਵੱਡੀ ਝੀਲ ਪਾਣੀ ਨੂੰ ਸੰਭਾਲ ਕੇ ਰੱਖਦੀ ਹੈ। 'ਡੈਮ' ਦਾ ਅਰਥ ਝੀਲ ਹੁੰਦਾ ਹੈ, ਪਾਣੀ ਰੋਕਣ ਵਾਲੀ ਕੰਧ ਨਹੀਂ। ਬਹੁਤੇ ਬੰਨ੍ਹਾਂ ਵਿਚ ਪਾਣੀ ਦੇ ਵਹਿਣ ਲਈ ਗਲ੍ਹੀਆਂ (Spillway-ਸਪਿੱਲਵੇਅ) ਰੱਖੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਸ਼ਟਰ ਚੁੱਕ ਕੇ ਲੋੜ ਅਨੁਸਾਰ ਜਾਂ ਲਗਾਤਾਰ ਉਨ੍ਹਾਂ ਵਿੱਚੋਂ ਪਾਣੀ ਵਹਾਇਆ ਜਾਂਦਾ ਹੈ। ਡੈਮ ਦਾ ਵਰਗੀਕਰਨ ਉਸਦੀ ਬਣਤਰ ਦੇ ਆਧਾਰ 'ਤੇ ਕੀਤਾ ਜਾਂਦਾ ਹੈ ਤੇ ਇਸਦਾ ਮਨੋਰਥ ਉੱਚਾ ਬੰਨ੍ਹ ਉਸਾਰ ਕੇ ਝੀਲ ਨੂੰ ਡੂੰਘਾਈ ਪ੍ਰਦਾਨ ਕਰਨਾ ਹੁੰਦਾ ਹੈ।

ਬਣਤਰ ਅਤੇ ਉਸਾਰੀ ਸਮਗਰੀ ਦੇ ਆਧਾਰ 'ਤੇ ਬੰਨ੍ਹਾਂ ਦੀਆਂ ਤਿੰਨ ਮੁੱਖ ਕਿਸਮਾਂ ਹੁੰਦੀਆਂ ਹਨ; ਲੱਕੜੀ ਦੇ ਕਮਾਣੀਦਾਰ ਬੰਨ੍ਹ, ਮਿੱਟੀ ਦੇ ਧੁੱਸੀ ਬੰਨ੍ਹ ਅਤੇ ਪੱਥਰ ਸੀਮਿੰਟ ਨਾਲ ਉਸਾਰੇ ਬੰਨ੍ਹ। ਅੱਗੋਂ ਇਨ੍ਹਾਂ ਦੀਆਂ ਕਈ ਉਪ ਕਿਸਮਾਂ ਵੀ ਹੁੰਦੀਆਂ ਹਨ। ਉਚਾਈ ਦੇ ਆਧਾਰ 'ਤੇ ਵੀ ਡੈਮ ਵੱਡੇ ਜਾਂ ਪ੍ਰਮੁੱਖ, ਦਰਮਿਆਨੇ ਅਤੇ ਛੋਟੇ ਜਾਂ ਨੀਵੇਂ ਦੇ ਵਰਗਾਂ ਵਿਚ ਵੰਡੇ ਜਾ ਸਕਦੇ ਹਨ। ਭਾਰਤ ਦੀ ਅਜ਼ਾਦੀ ਤੋਂ ਬਾਅਦ ਅਰੰਭੇ ਗਏ ਬਹੁ-ਉਦੇਸ਼ੀ (ਮੰਤਵੀ) ਪ੍ਰਾਜੈਕਟਾਂ ਜਿਨ੍ਹਾਂ ਦੇ ਜ਼ਰੀਏ ਜਲ ਸਾਧਨ ਪ੍ਰਬੰਧ ਕੀਤਾ ਗਿਆ, ਨੂੰ ਦੇਸ਼ ਵਿਚ ਵਾਧੇ ਤੇ ਵਿਕਾਸ ਦਾ ਝੰਡਾਬਰਦਾਰ ਮੰਨਿਆ ਗਿਆ। ਵਿਕਾਸ ਦੀ ਇਹ ਦਿਸ਼ਾ ਤੇ ਗਤੀ ਬਰਤਾਨਵੀਂ ਕਲੋਨੀਆਈ ਹਕੂਮਤ ਵੇਲੇ ਮੌਜੂਦ ਨਹੀਂ ਸੀ। ਡੈਮ ਉਸਾਰੀ ਵਿਚ ਖੇਤੀਬਾੜੀ ਦੇ ਵਿਕਾਸ ਤੋਂ ਦੇਸ਼ ਵਿਚ ਰਵਾਂ-ਰਵੀਂ ਸਨਅਤੀ ਵਿਕਾਸ ਜਿਸ ਨਾਲ ਕ੍ਰਮਵਾਰ ਪੇਂਡੂ ਤੇ ਸ਼ਹਿਰੀ ਇਲਾਕਿਆਂ ਦਾ ਵਿਕਾਸ ਜੁੜਦਾ ਹੈ, ਦਾ ਸੁਪਨਾ ਵੇਖਦਿਆਂ ਹੀ ਜਵਾਹਰ ਲਾਲ ਨਹਿਰੂ ਨੇ ਬੜੇ ਮਾਣ ਨਾਲ ਡੈਮ ਨੂੰ 'ਆਧੁਨਿਕ ਭਾਰਤ ਦੇ ਮੰਦਰਾਂ' ਦੀ ਉਪਮਾ ਪ੍ਰਦਾਨ ਕੀਤੀ ਸੀ। ਹਾਲਾਂਕਿ ਪਿਛਲੇ ਕੁਝ ਵਰ੍ਹਿਆਂ ਦੌਰਾਨ ਵੱਡੇ ਡੈਮਾਂ ਦੀ ਉਸਾਰੀ ਦਾ ਕਈ ਵੱਖੋ-ਵੱਖ ਪੱਖਾਂ ਤੋਂ ਵਿਰੋਧ ਤੇ ਕਿੰਤੂ-ਪ੍ਰੰਤੂ ਕੀਤਾ ਗਿਆ ਹੈ।

ਆਰ.ਆਈ.ਐੱਸ. ਤੋਂ ਭਾਵ ਹੈ; ਰੇਜ਼ਰਵਾਇਰ ਇੰਡਿਊਸਡ ਸੈਸਮੋਸਿਟੀ ਜਿਸਦਾ ਅਰਥ ਹੈ, ਡੈਮ ਪਿਛਲੀ ਝੀਲ ਕਾਰਨ ਭੂ-ਤਰੰਗ ਪੇਟੀਆਂ ਉਤੇ ਅਸਰ ਪੈਣਾ। ਵੱਡੀਆਂ ਝੀਲਾਂ ਵਿਚ ਇਕੱਠੇ ਕੀਤੇ ਗਏ ਜਲ ਦੇ ਭਾਰ ਨਾਲ, ਝੀਲਾਂ ਹੇਠਲੇ ਭੂ-ਗਰਭੀ ਖੇਤਰ ਉੱਤੇ ਗ਼ੈਰ-ਕੁਦਰਤੀ ਭਾਰ ਪੈਂਦਾ ਹੈ ਜਿਸ ਨਾਲ ਉਨ੍ਹਾਂ ਇਲਾਕਿਆਂ ਵਿਚ ਭੂਚਾਲ ਆਉਂਦੇ ਹਨ। ਝੀਲ ਦੇ ਬਣਨ ਤੋਂ ਪਹਿਲਾਂ ਕੁਦਰਤੀ ਤੌਰ 'ਤੇ ਤਾਂ ਉਸ ਇਲਾਕੇ ਵਿਚ ਖ਼ਾਲੀ, ਸਪਾਟ ਭੂਮੀ ਹੁੰਦੀ ਹੈ ਪਰ ਝੀਲ ਬਣਨ ਮਗਰੋਂ ਉਸਦੇ ਜਲ ਹੇਠ ਆਈ ਭੂਮੀ ਉਤੇ, ਝੀਲ ਵਿਚ ਇਕੱਠੇ ਹੁੰਦੇ ਤਲਛੱਟਾਂ (Sediments) ਅਤੇ ਉਪਰਲੇ ਜਲ ਦਾ ਭਾਰ ਪੈਣਾ ਗ਼ੈਰ ਕੁਦਰਤੀ ਵਰਤਾਰਾ ਬਣ ਜਾਂਦਾ ਹੈ ਜਿਸ ਨਾਲ ਭੂ-ਗਰਭ ਵਿਚ ਸਥਿਤ ਦਰਾੜਾਂ ਹੋਰ ਖੁੱਲ੍ਹਣ ਲੱਗ ਪੈਂਦੀਆਂ ਹਨ। ਅਜਿਹੀਆਂ ਦਰਾੜਾਂ ਤੱਕ ਸਿੰਮ ਕੇ ਗਿਆ ਪਾਣੀ ਹੋਰ ਮਾਰੂ ਅਸਰ ਪਾਉਂਦਾ ਹੈ ਤੇ ਭੂ-ਗਰਭੀ ਚਟਾਨਾਂ ਦੀ ਸਥਿਤੀ ਤਿਲਕਵੀਂ ਹੋਣ ਲੱਗ ਪੈਂਦੀ ਹੈ। ਬੰਨ੍ਹ ਮਾਰ ਕੇ



ਭੂਚਾਲ ਦਾ ਫੋਕਸ ਅਤੇ ਐਪੀਸੈਂਟਰ

ਦਰਿਆਈ ਵਹਾਅ ਵਿਚ ਵਿਘਨ ਪਾਏ ਜਾਣ ਨਾਲ ਤਲਛੱਟ ਦੇ ਵਹਾਅ ਵਿਚ ਵੀ ਅੜਿੱਕਾ ਲੱਗਦਾ ਹੈ ਅਤੇ ਬਹੁਤ ਸਾਰੇ ਤਲਛੱਟੀ ਪਦਾਰਥ ਝੀਲ ਦੇ ਥੱਲੇ ਉਤੇ ਜਮ੍ਹਾਂ ਹੋਣ ਲੱਗ ਪੈਂਦੇ ਹਨ ਜਿਸ ਨਾਲ ਝੀਲਾਂ ਵਿਚ ਚੱਟਾਨੀ ਮਾਦੇ ਦਾ ਇਕੱਠਾ ਹੋਣਾ ਦਰਿਆਈ ਜੀਵਾਂ ਲਈ ਵੀ ਨੁਕਸਾਨਦਾਇਕ ਸਿੱਧ ਹੁੰਦਾ ਹੈ।


ਡੈਮ ਜਿਸ ਕਿਸੇ ਵੀ ਸਥਾਨ 'ਤੇ ਉਸਾਰਿਆ ਜਾਂਦਾ ਹੈ, ਉਸ ਸਥਾਨ ਤੱਕ ਹੀ ਉਹ ਦਰਿਆ ਦੇ ਇਕ ਹਿੱਸੇ ਦਾ ਅੰਤ ਕਰ ਦਿੰਦਾ ਹੈ ਅਤੇ ਦਰਿਆ ਦਾ ਅਗਲਾ ਹਿੱਸਾ ਡੈਮ ਤੋਂ ਬਾਅਦ ਅਰੰਭ ਹੁੰਦਾ ਹੈ। ਇਹ ਕਿਰਿਆ, ਦਰਿਆਈ ਜੀਵ-ਜੰਤੂਆਂ ਦੇ ਕੁਦਰਤੀ ਵਹਿਣ ਦੀ ਜੀਵਨ-ਰੇਖਾ ਨੂੰ ਵੀ ਡੈਮ ਤੱਕ ਹੀ ਸੀਮਤ ਕਰ ਦਿੰਦੀ ਹੈ। ਜੀਵਾਂ ਦੀ ਅੰਡੇ ਦੇਣ ਦੀ ਕੁਦਰਤੀ ਪ੍ਰਕਿਰਿਆ ਵਿਚ ਇਹ ਅੜਿੱਕੇ ਸਭ ਤੋਂ ਵੱਧ ਘਾਤਕ ਸਿੱਧ ਹੁੰਦੇ ਹਨ। ਹੜ੍ਹਾਂ ਦੇ ਮੈਦਾਨਾਂ ਜਾਂ ਵਾਹੀਯੋਗ ਭੂਮੀਆਂ ਦੇ ਉਤੇ ਬਣਾਈਆਂ ਗਈਆਂ ਜਲ ਭੰਡਾਰਨ ਝੀਲਾਂ, ਉਨ੍ਹਾਂ ਥਾਵਾਂ 'ਤੇ ਮੌਜੂਦ ਬਨਸਪਤੀ ਨੂੰ ਡੋਬ ਕੇ ਖ਼ਤਮ ਕਰ ਦਿੰਦੀਆਂ ਹਨ ਜਦੋਂ ਕਿ ਪਾਣੀ ਹੇਠ ਦੱਬੀ ਗਈ ਮਿੱਟੀ ਸਮਾਂ ਪਾ ਕੇ ਆਪਣੀ ਪ੍ਰਕਿਰਤੀ ਤਬਦੀਲ ਕਰ ਲੈਂਦੀ ਹੈ। ਵੱਡੇ ਡੈਮਾਂ ਤੇ ਬਹੁ-ਮੰਤਵੀਂ ਯੋਜਨਾਵਾਂ ਨੇ ਕਈ ਸਮਾਜਿਕ ਅੰਦੋਲਨਾਂ ਨੂੰ ਵੀ ਜਨਮ ਦਿੱਤਾ ਹੈ ਜਿਨ੍ਹਾਂ ਵਿਚੋਂ 'ਨਰਮਦਾ ਬਚਾਓ ਅੰਦੋਲਨ' ਅਤੇ 'ਟੇਹਰੀ ਡੈਮ ਅੰਦੋਲਨ' ਪ੍ਰਮੁੱਖ ਪ੍ਰਸਿੱਧ ਹਨ। ਅਜਿਹੇ ਪ੍ਰਾਜੈਕਟਾਂ ਦਾ ਵਿਰੋਧ, ਜ਼ਿਆਦਾਤਰ ਉਨ੍ਹਾਂ ਥਾਵਾਂ ਤੋਂ ਉਜਾੜ ਕੇ ਨਵੇਂ ਥਾਂ ਵਸਣ ਲਈ ਭੇਜੇ ਗਏ ਲੋਕਾਂ ਵੱਲੋਂ ਕੀਤਾ ਜਾਂਦਾ ਹੈ ਕਿਉਂਕਿ ਦੇਸ਼ ਭਰ ਦੇ ਲੋਕਾਂ ਦੇ ਭਲੇ ਲਈ ਉਸਾਰੇ ਜਾ ਰਹੇ ਡੈਮਾਂ ਤੇ ਪ੍ਰਾਜੈਕਟਾਂ ਕਾਰਨ ਉਨ੍ਹਾਂ ਸਥਾਨਕ ਲੋਕਾਂ ਨੂੰ ਆਪਣੀ ਭੂਮੀ, ਕੰਮ-ਧੰਦਾ, ਰੋਜ਼ੀ-ਰੋਟੀ ਛੱਡ ਕੇ ਨਵੇਂ ਥਾਂ ਵੱਸਣਾ ਪੈਂਦਾ ਤੇ ਜ਼ਿੰਦਗੀ ਨਵੇਂ ਸਿਰਿਓਂ ਅਰੰਭਣੀ ਪੈਂਦੀ ਹੈ। ਇਸ ਲਈ ਜੇ ਉਨ੍ਹਾਂ ਨੂੰ ਹੀ ਪ੍ਰਾਜੈਕਟ ਦਾ ਲਾਹਾ ਨਾ ਮਿਲੇ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਅਜਿਹੀ ਸਥਿਤੀ ਦਾ ਫ਼ਾਇਦਾ ਲੈ ਕੌਣ ਜਾਂਦਾ ਹੈ ? ਸ਼ਾਇਦ ਵੱਡੀਆਂ ਜੋਤਾਂ (ਜ਼ਮੀਨਾਂ) ਦੇ ਮਾਲਕ ਤੇ ਵੱਡੇ ਜ਼ਿਮੀਂਦਾਰ, ਸਨਅਤਕਾਰ ਤੇ ਸ਼ਹਿਰੀ ਕੇਂਦਰ। ਕਿਸੇ ਪਿੰਡ ਦੇ ਵਾਸੀ ਭੂਮੀਹੀਣ ਬਾਰੇ ਸੋਚੀਏ—ਕੀ ਉਸ ਨੂੰ ਅਜਿਹੇ ਕਿਸੇ ਪ੍ਰਾਜੈਕਟ ਦਾ ਕੋਈ ਲਾਭ ਮਿਲ ਸਕੇਗਾ ?

ਬਹੁ-ਮੰਤਵੀ ਪ੍ਰਾਜੈਕਟਾਂ ਕਾਰਨ ਸਿੰਜਾਈ ਪ੍ਰਬੰਧ ਵਿਚ ਤਬਦੀਲੀਆਂ ਹੋਣ ਨਾਲ ਕਈ ਇਲਾਕਿਆਂ ਵਿਚ ਫ਼ਸਲੀ ਚੱਕਰ ਵੀ ਤਬਦੀਲ ਹੋ ਕੇ ਸੰਘਣੀ ਖੇਤੀ ਤੇ ਨਕਦ ਫ਼ਸਲਾਂ ਦੇ ਪੱਖ ਵਿਚ ਭੁਗਤਣ ਲੱਗ ਪਏ ਹਨ। ਇਸ ਨਾਲ ਕਈ ਵਾਤਾਵਰਣੀ ਜਾਂ ਕੁਦਰਤੀ ਤਬਦੀਲੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਕਿ ਮਿੱਟੀ ਵਿਚ ਕੱਲਰ ਤੇ ਸੇਮ ਆਉਣਾ ਆਦਿ। ਅਜਿਹੇ ਸਾਰੇ ਵਰਤਾਰੇ ਸਮਾਜਿਕ ਪੱਧਰ 'ਤੇ ਵੀ ਤਬਦੀਲੀਆਂ ਦਾ ਆਧਾਰ ਬਣਦੇ ਹਨ ਜਿਵੇਂ ਕਿ ਧਨਾਢ ਜ਼ਿਮੀਂਦਾਰਾਂ ਤੇ ਗ਼ਰੀਬ ਭੂਮੀਹੀਣਾਂ ਵਿਚਾਲੇ ਪਾੜਾ ਵੱਧਣਾ। ਡੈਮਾਂ ਕਾਰਨ, ਇਕ ਹੀ ਜਲ ਸਾਧਨ ਦੀ ਵਰਤੋਂ ਤੇ ਉਸ ਤੋਂ ਹੁੰਦੇ ਫ਼ਾਇਦਿਆਂ ਵਿਚ ਹਿੱਸਾ ਵੰਡਾਉਣ ਲਈ ਵੱਖੋ-ਵੱਖ ਸਮਾਜਿਕ ਤੇ ਰਾਜਨੀਤਿਕ ਇਕਾਈਆਂ ਵਿਚ ਆਪਸੀ ਉਲਝੇਵੇਂ ਵੀ ਸਾਹਮਣੇ ਆਏ ਹਨ। ਅਜਿਹੇ ਅੰਤਰ-ਰਾਜੀ ਝਗੜੇ ਦੀ ਮਿਸਾਲ ਕਰਨਾਟਕ ਤੇ ਤਮਿਲਨਾਡੂ ਵਿਚਾਲੇ ਉਪਜਿਆਂ 'ਕਾਵੇਰੀ ਜਲ ਵਿਵਾਦ' ਹੈ ਜਿਸ ਬਾਰੇ ਦੋਹੇਂ ਰਾਜ ਕਾਵੇਰੀ ਬਹੁ-ਮੰਤਵੀ ਪ੍ਰਾਜੈਕਟ ਉਤੇ ਹੋ ਰਹੇ ਖ਼ਰਚੇ ਅਤੇ ਉਸ ਤੋਂ ਹੋਣ ਵਾਲੇ ਫ਼ਾਇਦਿਆਂ ਦੀ ਵੰਡ ਲਈ ਆਪਸ ਵਿਚ ਝਗੜਦੇ ਰਹਿੰਦੇ ਹਨ। ਵਿਦਿਆਰਥੀ, ਡੈਮ ਉਸਾਰੀ ਤੇ ਸਿੰਜਾਈ ਪ੍ਰਾਜੈਕਟ ਤਿਆਰ ਕਰਨ ਦੇ ਕਿਸੇ ਇਕ ਰਿਵਾਇਤੀ ਤਰੀਕੇ ਬਾਰੇ ਜਾਣਕਾਰੀ ਇਕੱਤਰ ਕਰਕੇ ਸਾਂਝੀ ਕਰਨ।

ਬਹੁ-ਮੰਤਵੀਂ ਪ੍ਰਾਜੈਕਟਾਂ ਬਾਰੇ ਜ਼ਿਆਦਾਤਰ ਇਤਰਾਜ਼ ਇਸ ਕਾਰਨ ਉੱਠਦੇ ਹਨ ਕਿ ਇਹ ਯੋਜਨਾਵਾਂ ਉਹ ਟੀਚੇ ਪ੍ਰਾਪਤ ਨਹੀਂ ਕਰ ਸਕੀਆਂ ਜਿਨ੍ਹਾਂ ਲਈ ਇਹ ਬਣਾਈਆਂ ਗਈਆਂ ਸਨ। ਸਿਰਫ਼ ਡੈਮਾਂ ਦੀ ਗੱਲ ਹੀ ਲੈ ਲਈਏ, ਮੰਨਿਆ ਜਾਂਦਾ ਸੀ ਕਿ ਡੈਮ, ਹੜ੍ਹਾਂ ਨੂੰ ਕਾਬੂ ਹੇਠ ਰੱਖਣ ਦਾ ਜ਼ਰੀਆ ਬਣਨਗੇ। ਹਾਲਤ ਸਗੋਂ ਇਹ ਹੈ ਕਿ ਹੜ੍ਹ ਸਗੋਂ ਡੈਮਾਂ ਤੋਂ ਵਾਧੂ ਪਾਣੀ ਛੱਡੇ ਜਾਣ ਕਾਰਨ ਹੀ ਆਉਂਦੇ ਹਨ ਕਿਉਂਕਿ ਵੱਡੇ ਡੈਮਾਂ ਦੀਆਂ ਝੀਲਾਂ ਬਹੁਤੇ ਮੀਂਹ ਪੈਣ 'ਤੇ ਵਾਧੂ ਪਾਣੀ ਸੰਭਾਲਣ ਦੇ ਸਮਰੱਥ ਹੀ ਨਹੀਂ। ਕੇਰਲ ਵਿਚ ਸੰਨ 2018 ਵਿਚ ਆਮ ਨਾਲੋਂ ਵੱਧ ਮੀਂਹ ਪੈ ਜਾਣ ਮਗਰੋਂ (ਅਧਿਆਇ-1 ਵਿਚ ਕੇਰਲ ਦੇ ਹੜ੍ਹਾਂ ਬਾਰੇ ਕੇਸ ਸਟੱਡੀ ਵੀ ਪੜ੍ਹੋ) ਡੈਮ ਤੋਂ ਪਾਣੀ ਛੱਡਣਾ ਪਿਆ। ਸੰਨ 2020 ਵਿਚ ਬਿਹਾਰ ਦੇ ਗੰਢਕ ਦਰਿਆ ਦੇ ਬੇਸਿਨ ਖੇਤਰ ਦੇ ਉਤਰੀ ਜ਼ਿਲ੍ਹਿਆਂ ਵਿਚ ਸ਼ਿਵਾਲਿਕ ਪਹਾੜੀਆਂ ਦੇ ਸਾਰੇ ਹੀ ਛੋਟੇ ਡੈਮ (ਬੈਰਾਜ) ਭਰ ਗਏ ਤੇ ਹੜ੍ਹਾਂ ਦਾ ਕਾਰਨ ਬਣ ਬੈਠੇ। ਹੜ੍ਹਾਂ ਨਾਲ ਸਿਰਫ਼ ਜਾਨੀ-ਮਾਲੀ ਨੁਕਸਾਨ ਹੀ ਨਹੀਂ ਹੁੰਦਾ ਸਗੋਂ ਮਿੱਟੀ ਦਾ ਕਟਾਅ ਵੀ ਬਹੁਤ ਵੱਡਾ ਨੁਕਸਾਨ ਹੈ।

## ਭਾਰਤ ਦਾ ਜਲ ਪੁਰਸ਼


ਡਾ. ਰਜੇਂਦਰ ਸਿੰਘ (ਜਨਮ : 6 ਅਗਸਤ 1959) ਰਾਜਸਥਾਨ ਦੇ ਜ਼ਿਲ੍ਹਾ ਅਲਵਰ ਨਾਲ ਸੰਬੰਧਤ ਸਿਰਕੱਢ ਜਲ ਸਾਂਭ-ਸੰਭਾਲ ਤੇ ਵਾਤਾਵਰਨ ਪ੍ਰੇਮੀ ਹਨ। ਉਨ੍ਹਾਂ ਨੂੰ 'ਭਾਰਤ ਦੇ ਜਲਪੁਰਸ਼' ਵਜੋਂ ਸੰਬੋਧਨ ਕਰਕੇ ਵੀ ਨਿਵਾਜਿਆ ਜਾਂਦਾ ਹੈ ਤੇ ਉਨ੍ਹਾਂ ਕੌਮਾਂਤਰੀ ਪੱਧਰ ਦਾ 'ਸਟਾਕਹੋਮ ਵਾਟਰ ਪ੍ਰਾਈਜ਼' ਵੀ ਜਿੱਤਿਆ ਹੋਇਆ ਹੈ। ਉਨ੍ਹਾਂ ਸੰਨ 1975 ਵਿਚ ਇਕ ਗ਼ੈਰ ਸਰਕਾਰੀ ਸੰਗਠਨ (ਐਨ.ਜੀ.ਓ.-NGO) ਅਰੰਭੀ ਸੀ ਜਿਸਦਾ ਨਾਮ ਹੈ; ਤਰੁਣ ਭਾਰਤ ਸੰਘ ਤੇ ਉਨ੍ਹਾਂ ਇਸੇ ਸੰਸਥਾ ਜ਼ਰੀਏ ਕਾਰਜ ਕਰਦਿਆਂ ਸੰਨ 2015 ਵਿਚ ਪਾਣੀ ਦੀ ਸੰਭਾਲ ਤੇ ਜਲ ਸਰੋਤਾਂ ਦੀ ਬਹਾਲੀ ਲਈ ਰਾਜਸਥਾਨ ਭਰ ਵਿਚ ਪ੍ਰਾਜੈਕਟ ਅਰੰਭੇ। ਲਗਪਗ 10,000 ਤੋਂ ਵੱਧ ਵਰਖਾ ਜਲ ਸੰਭਾਲ ਕੇਂਦਰ, ਖੂਹ, ਐਕੁਈਫ਼ਰ ਤੇ ਚੋਅ ਮੁੜ ਜਲ ਸਰੋਤਾਂ ਵਜੋਂ ਜੀਵੰਤ ਹੋ ਉੱਠੇ। ਜ਼ਮੀਨਦੋਜ਼ ਜਲ ਦਾ ਪੱਧਰ 100 ਮੀਟਰ ਦੀ ਡੂੰਘਾਈ ਤੋਂ ਉੱਠ ਕੇ 13 ਮੀਟਰ ਦੀ ਡੂੰਘਾਈ ਤੱਕ ਚੜ੍ਹ ਆਇਆ। ਡਾ. ਸਾਹਿਬ ਦਸਦੇ ਹਨ, "ਵਾਹੀਯੋਗ ਭੂਮੀ 5 ਗੁਣਾਂ ਵੱਧ ਗਈ ਹੈ ਤੇ ਖੇਤੀ ਵਿਚੋਂ ਕਮਾਈਆਂ ਵੀ। ਲੋਕਾਂ ਨੂੰ ਕੰਮ ਲਈ ਘਰੋਂ ਦੂਰ ਨਹੀਂ ਜਾਣਾ ਪੈਂਦਾ ਤੇ ਪਾਣੀ ਢੋਣ ਲਈ ਇਸਤਰੀਆਂ ਸਿਰਫ਼ ਪਿੰਡ ਦੇ ਖੂਹ ਤੱਕ ਹੀ ਜਾਂਦੀਆਂ ਹਨ।" ਉਹ ਪਾਣੀ ਦੇ ਸਰੋਤਾਂ ਉੱਤੇ ਪਿੰਡਾਂ ਦੀਆਂ ਪੰਚਾਇਤਾਂ ਦੀ ਸਹਾਇਤਾ ਨਾਲ ਨਜ਼ਰ ਰੱਖਦੇ ਹਨ ਤਾਂ ਉਨ੍ਹਾਂ ਦੇ ਵਾਤਾਵਰਨੀ ਹੰਭਲੇ ਤੇ ਜਲ ਸਰੋਤਾਂ ਨੂੰ ਕੋਈ ਨੁਕਸਾਨ ਨਾ ਪੁਚਾ ਸਕੇ।




## ਵਰਖਾ ਜਲ ਸੰਭਾਲ

ਬਹੁ-ਮੰਤਵੀ ਪ੍ਰਾਜੈਕਟਾਂ ਦੀਆਂ ਕਮੀਆਂ ਤੇ ਵਿਰੋਧਾਂ ਦੇ ਮੱਦੇਨਜ਼ਰ ਵਰਖਾ ਜਲ ਸੰਭਾਲ ਪ੍ਰਬੰਧ ਇਕ ਵਧੀਆ ਬਦਲ ਵਜੋਂ ਵੇਖਿਆ ਜਾਂਦਾ ਹੈ। ਇਸ ਦਾ ਸਮਾਜ ਤੇ ਆਰਥਿਕਤਾ ਨੂੰ ਵੀ ਵਧੇਰੇ ਲਾਹਾ ਹੈ ਤੇ ਵਾਤਾਵਰਨ ਨੂੰ ਵੀ। ਪ੍ਰਾਚੀਨ ਭਾਰਤੀ ਪ੍ਰਣਾਲੀਆਂ ਵਿਚ ਤਲਾਅ ਆਦਿ ਵਰਗੇ ਜਲ ਸਰੋਤ ਉਸਾਰੀ ਪ੍ਰਬੰਧਾਂ ਦੇ ਨਾਲ਼-ਨਾਲ਼ ਵਰਖਾ ਦੇ ਜਲ ਨੂੰ ਸੰਭਾਲਣ ਦਾ ਰਿਵਾਇਤੀ ਢੰਗ ਵੀ ਅਪਣਾਇਆ ਜਾਂਦਾ ਸੀ। ਲੋਕਾਂ ਨੂੰ ਵਰਖਾ ਚੱਕਰ ਆਦਿ ਦਾ, ਮਿੱਟੀ ਦੀਆਂ ਕਿਸਮਾਂ ਦਾ, ਵਰਖਾ ਜਲ ਸੰਭਾਲ ਦਾ, ਭੂਮੀਗਤ ਜਲ ਦੀ ਸੰਭਾਲ ਤੇ ਵਰਤੋਂ ਦਾ, ਦਰਿਆਈ ਜਲ ਦੀ ਸੰਭਾਲ ਤੇ ਵਰਤੋਂ ਆਦਿ ਦਾ ਨਾ ਸਿਰਫ਼ ਕਾਫ਼ੀ ਗਿਆਨ ਵੀ ਹੁੰਦਾ ਸੀ ਸਗੋਂ ਜਲ ਦੀ ਲੋੜ ਪੂਰੀ ਕਰਦਿਆਂ ਮੌਸਮੀ ਤੇ ਵਾਤਾਵਰਨੀ ਚੱਕਰ ਵੀ ਉਹ ਹਿੱਲਣ ਨਹੀਂ ਸਨ ਦਿੰਦੇ। ਪਹਾੜੀ ਇਲਾਕਿਆਂ ਵਿਚ ਲੋਕ ਗੁੱਲਾਂ ਜਾਂ ਕੂਲ੍ਹਾਂ ਦੀ ਸਹਾਇਤਾ ਨਾਲ ਜਲ ਵਹਾਅ ਨੂੰ ਸੇਧਤ ਕਰਦੇ ਸਨ ਤੇ ਖੇਤੀ ਕਰਦੇ ਸਨ, ਖ਼ਾਸਕਰ ਪੱਛਮੀ ਹਿਮਾਲਿਆਈ ਖੇਤਰ ਵਿਚ। ਰਾਜਸਥਾਨ ਵਿਚ ਪੀਣਯੋਗ ਪਾਣੀ ਦੀ ਲੋੜ ਪੂਰੀ ਕਰਨ ਲਈ ਛੱਤਾਂ ਉੱਤੇ ਪਾਣੀ ਦੀ ਸੰਭਾਲ 'ਤੇ ਭੰਡਾਰਨ ਦੀ ਵਿਧੀ ਅਪਣਾਈ ਜਾਂਦੀ ਰਹੀ ਹੈ। ਬੰਗਾਲ ਦੇ ਹੜ੍ਹ ਮਾਰੇ ਮੈਦਾਨੀ ਇਲਾਕਿਆਂ ਵਿਚ ਖੇਤਾਂ ਨੂੰ ਸਿੰਜਣ ਲਈ ਖ਼ਾਲਾਂ ਬਣਾਈਆਂ ਜਾਂਦੀਆਂ ਰਹੀਆਂ ਜਦੋਂ ਕਿ ਖੁਸ਼ਕ ਤੇ ਅਰਧ ਖੁਸ਼ਕ ਇਲਾਕਿਆਂ ਵਿਚ ਖੇਤਾਂ ਨੂੰ ਮੀਂਹ ਦੇ ਪਾਣੀ ਦਾ ਭੂਮੀ 'ਤੇ ਭੰਡਾਰਨ ਕਰਕੇ ਮਿੱਟੀ ਵਿਚ ਵੱਤਰ (ਨਮੀ) ਸੰਭਾਲਿਆ ਜਾਂਦਾ ਸੀ। ਇਸ ਤਰ੍ਹਾਂ ਦੀ ਕਿਰਿਆ ਜੈਸਲਮੇਰ ਦੇ ਇਲਾਕੇ ਵਿਚ ਹੀ ਨਹੀਂ ਸਗੋਂ ਸਾਰੇ ਹੀ ਰਾਜਸਥਾਨ ਵਿਚ ਖਾਡੀਆਂ ਤੇ ਜੋਹੜਾਂ ਵਜੋਂ ਜਾਣੀ ਜਾਂਦੀ ਸੀ। ਵਰਖਾ ਦੇ ਜਲ ਦੀ ਸੰਭਾਲ ਇਨ੍ਹਾਂ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ—

* ਅਰਧ-ਪਹਾੜੀ ਖੇਤਰਾਂ ਵਿਚ ਮੀਂਹ ਦੇ ਅਜ਼ਾਈਂ ਵਹਿੰਦੇ ਪਾਣੀ ਨੂੰ ਛੋਟੇ ਨਾਲਿਆਂ ਤੇ ਨਹਿਰਾਂ ਦੇ ਰੂਪ ਵਿਚ ਸੇਧ ਦੇ ਕੇ, ਵੱਧ ਤੋਂ ਵੱਧ 15 ਕੁ ਮੀਟਰ ਦੀ ਉਚਾਈ ਤੱਕ ਬਣਾਏ ਗਏ ਮਿੱਟੀ ਦੇ ਬੰਨ੍ਹਾਂ (ਡੈਮਾਂ) ਜ਼ਰੀਏ ਭੰਡਾਰਾਂ ਵਿਚ ਰੋਕਿਆ ਜਾ ਸਕਦਾ ਹੈ। ਅਰਧ ਪਹਾੜੀ ਇਲਾਕਿਆਂ ਵਿਚ ਪਾਣੀ ਦਾ ਅਜਾਈਂ ਵਹਾਅ ਕਾਫ਼ੀ ਹੈ ਤੇ ਕੱਚੇ ਡੈਮਾਂ ਵਾਲੇ ਭੰਡਾਰਾਂ ਦਾ ਲਾਭ ਜ਼ਮੀਨਦੋਜ਼ ਜਲ ਦੇ ਰੀਚਾਰਜ ਵਜੋਂ ਤੇ ਜੰਗਲੀਕਰਨ ਦੇ ਖੇਤਰ ਵਿਚ ਵੀ ਸਹਾਈ ਸਿੱਧ ਹੋਵੇਗਾ।



ਵਰਖਾ ਜਲ ਸੰਭਾਲ

* ਮੈਦਾਨਾਂ ਵਿਚ ਫ਼ਸਲ ਦੀ ਲੋੜ ਨਾਲੋਂ ਵੱਧ ਮੀਂਹ ਬਹੁਤ ਵਾਰ ਪੈਂਦਾ ਹੈ। ਇੰਜ ਵਾਧੂ ਪਾਣੀ, ਮੁੱਖ ਸਹਾਇਕ ਤੇ ਤੀਸਰੇ ਦਰਜੇ ਦੇ ਨਾਲੇ ਬਣਾ ਕੇ, ਖੇਤਾਂ ਵਿਚ ਖੜਨੋਂ ਰੋਕਿਆ ਜਾ ਸਕਦਾ ਹੈ ਤੇ ਘੱਟ ਮੀਂਹ ਵਾਲੇ ਇਲਾਕੇ ਵਿਚ ਸਿੰਜਾਈ ਲਈ ਜਾਂ ਨੇੜਲੇ ਦਰਿਆਵਾਂ ਰਾਹੀਂ ਜ਼ਮੀਨਦੋਜ਼ ਪਾਣੀ ਦੇ ਰੀਚਾਰਜ ਲਈ ਵਰਤਿਆ ਜਾ ਸਕਦਾ ਹੈ।

* ਸ਼ਹਿਰੀ ਇਲਾਕੇ ਵਿਚ ਪੈਂਦਾ ਮੀਂਹ ਵੀ ਪਾਣੀ ਦੇ ਅਜ਼ਾਈਂ ਵਹਿਣ ਦਾ ਆਧਾਰ ਬਣਦਾ ਹੈ ਜਿਥੋਂ ਪਾਣੀ ਨੂੰ ਨਾਲੇ-ਨਾਲੀਆਂ ਰਾਹੀਂ ਨੇੜਲੇ ਦਰਿਆਵਾਂ ਤੱਕ ਪੁਚਾਇਆ ਜਾਣਾ ਚਾਹੀਦਾ ਹੈ ਕਿਉਂਕਿ ਜ਼ਮੀਨਦੋਜ਼ ਜਲ ਵਿਚ ਸਾਂਭ ਸੰਭਾਲ ਜ਼ਰੀਏ ਵਾਧਾ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਕਿਸੇ ਵੀ ਮੌਸਮ ਵਿਚ 20 ਸੈਂਟੀਮੀਟਰ ਮੀਂਹ ਜ਼ਮੀਨਦੋਜ਼ ਜਲ ਦੇ ਪੱਧਰ ਵਿਚ ਇਕ ਮੀਟਰ ਦਾ ਵਾਧਾ ਕਰ ਸਕਦਾ ਹੁੰਦਾ ਹੈ।

ਦੂਸਰੇ ਸ਼ਬਦਾਂ ਵਿਚ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਇਕ ਇਲਾਕੇ ਵਿਚ ਪੈਣ ਵਾਲਾ 20 ਸੈਂਟੀਮੀਟਰ ਮਾਤਰਾ ਦਾ ਮੀਂਹ ਲਗਪਗ 64 ਹਜ਼ਾਰ ਵਿਅਕਤੀਆਂ ਦੀ 100 ਦਿਨਾਂ ਦੇ ਪਾਣੀ ਦੀ ਲੋੜ ਪੂਰੀ ਕਰਨ ਲਈ ਕਾਫ਼ੀ ਹੁੰਦਾ ਹੈ। ਵਰਖਾ ਜਲ ਦੀ ਸੰਭਾਲ਼ ਦਾ ਸਭ ਤੋਂ ਵੱਧ ਕਾਰਗਰ ਢੰਗ ਇਹ ਹੈ ਕਿ ਰਿਹਾਇਸ਼ੀ ਇਲਾਕਿਆਂ ਵਿਚ ਵਰਖਾ ਜਲ ਸੰਭਾਲ ਟੋਏ ਉਸਾਰੇ ਜਾਣ ਤੇ ਹਰ ਘਰ ਜਾਂ ਸੰਸਥਾ ਯਕੀਨੀ ਬਣਾਏ ਕਿ ਵਰਖਾ ਜਲ ਦਾ ਇਕ ਤੁਪਕਾ ਵੀ ਅਜ਼ਾਈਂ ਨਾ ਜਾਣ ਦਿੱਤਾ ਜਾਵੇ। ਸੜਕਾਂ ਤੇ ਗਲ਼ੀਆਂ ਵਿਚ ਅਜ਼ਾਈਂ ਵਹਿ ਜਾਣ ਵਾਲਾ ਮੀਂਹ ਦਾ ਪਾਣੀ ਵੀ ਹਰ ਇਲਾਕੇ ਵਿਚ ਛੋਟੇ ਟੋਭੇ ਉਸਾਰ ਕੇ ਬਚਾਇਆ ਜਾ ਸਕਦਾ ਹੈ। ਮੀਂਹ ਦੇ ਵਿਅਰਥ ਵਹਿ ਜਾਂਦੇ ਜਲ ਨੂੰ ਸੰਭਾਲ਼ ਕੇ ਹੀ ਅਸੀਂ 2030 ਵਿਚ ਖੜ੍ਹੇ ਹੋਣ ਵਾਲ਼ੇ ਜਲ ਸੰਕਟ ਦੇ ਖ਼ਦਸ਼ੇ ਤੋਂ ਬੱਚ ਸਕਦੇ ਹਾਂ ਤੇ ਅਜਿਹੇ ਟੀਚੇ ਦੀ ਪ੍ਰਾਪਤੀ ਲਈ ਕੋਈ ਹੋਰ ਛੋਟੀ-ਮੋਟੀ ਕੋਸ਼ਿਸ਼ ਕਾਫੀ ਨਹੀਂ ਹੋ ਸਕੇਗੀ।

ਮੇਘਾਲਿਆ ਦੇ ਸ਼ਿਲਾਂਗ ਇਲਾਕੇ ਵਿਚ ਛੱਤਾਂ ਤੋਂ ਵਹਿਣ ਵਾਲੇ ਵਰਖਾ ਜਲ ਦੀ ਸੰਭਾਲ਼ ਦਾ ਵਰਤਾਰਾ ਬਹੁਤ ਪ੍ਰਚਲਤ ਹੈ। ਸ਼ਿਲਾਂਗ ਤੋਂ 55 ਕੁ ਕਿਲੋਮੀਟਰ ਦੀ ਦੂਰੀ 'ਤੇ ਹੀ ਚਿਰਾਪੂੰਜੀ ਤੇ ਮਾਸਿਨਰਮ ਸਥਿਤ ਹਨ ਜਿੱਥੇ ਸੰਸਾਰ ਦੀ ਸਭ ਤੋਂ ਵੱਧ ਸਾਲਾਨਾ ਵਰਖਾ ਰਿਕਾਰਡ ਹੁੰਦੀ ਹੈ। ਇਥੋਂ ਦੇ ਹੀ ਇਕ ਸ਼ਹਿਰ ਗੇਂਦਾਤੁਰ ਵਿਚ ਸਾਲਾਨਾ 1,000 ਮਿਲੀਮੀਟਰ ਮੀਂਹ ਪੈਂਦਾ ਹੈ ਤੇ 80 ਫ਼ੀਸਦੀ ਜਲ ਦੀ ਸੰਭਾਲ਼ ਕਰ ਲਈ ਜਾਂਦੀ ਹੈ। ਇਸ ਲਈ 10 ਸੰਭਾਲ਼ ਕੇਂਦਰਾਂ ਕੋਲ ਕਾਰਜ ਕਰਦੇ ਹਨ ਤੇ ਹਰ ਘਰ 50 ਹਜ਼ਾਰ ਲੀਟਰ ਜਲ ਸਾਲਾਨਾ ਸੰਭਾਲਦਾ ਹੈ। ਇਸ ਅੰਦਾਜ਼ੇ ਨਾਲ 20 ਕੁ ਰਿਹਾਇਸ਼ੀ ਇਕਾਈਆਂ ਦੀ ਹਰ ਸਾਲ 10 ਲੱਖ ਲੀਟਰ ਪਾਣੀ ਦੀ ਸੰਭਾਲ਼ ਕਰਦੇ ਹਨ। ਉਂਝ ਤਾਮਿਲਨਾਡੂ ਦੇਸ਼ ਦਾ ਪਹਿਲਾ ਰਾਜ ਹੈ ਜਿੱਥੇ ਹਰ ਮਕਾਨ ਲਈ ਛੱਤ ਉੱਤੇ ਮੀਂਹ ਜਲ ਸੰਭਾਲ਼ ਕੇਂਦਰ ਸਥਾਪਤ ਕੀਤਾ ਹੋਣਾ ਲਾਜ਼ਮੀ ਹੈ ਤੇ ਅਜਿਹਾ ਨਾ ਕਰਨ ਵਾਲੇ ਰਿਹਾਇਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਵੀ ਹੁੰਦੀ ਹੈ।

ਪੰਜਾਬ ਵਿਚ ਮੀਂਹ ਜਲ ਦੀ ਸੰਭਾਲ਼ ਜ਼ਰੂਰੀ ਬਣਾਏ ਜਾਣ ਤੇ ਲਾਗੂ ਕੀਤੇ ਜਾਣ ਦੀ ਫ਼ੌਰੀ ਲੋੜ ਹੈ। ਅਜਿਹਾ ਕਾਨੂੰਨ ਹੈ ਕਿ ਹਰ ਵਪਾਰਕ/ਸਰਕਾਰੀ/ਪ੍ਰਾਈਵੇਟ/ਸਕੂਲੀ ਤੇ ਕਾਲਜੀ/ਰਿਹਾਇਸ਼ੀ ਇਮਾਰਤ ਉਤੇ ਜਲ ਸੰਭਾਲ਼ ਪ੍ਰਬੰਧ ਹੋਵੇ ਪਰ ਇਸ ਨੂੰ ਲਾਗੂ ਕਰਨ ਵੱਲ ਕਿਸੇ ਦਾ ਕੋਈ ਧਿਆਨ ਨਹੀਂ ਹੈ। ਮੀਂਹ ਦਾ ਜਲ ਬਹੁਤ ਸਾਫ਼ ਹੁੰਦਾ ਹੈ ਤੇ ਇਸ ਨੂੰ ਮਿੱਟੀ ਰਾਹੀਂ ਧਰਤ ਵਿਚ ਭੇਜਣਾ ਸੁਰੱਖਿਅਤ ਵੀ ਹੁੰਦਾ ਹੈ। ਮੀਂਹ ਦੇ ਜਲ ਦੀ ਸੰਭਾਲ ਬਾਰੇ ਨਿਯਮਾਂ ਪ੍ਰਤੀ ਲਾਪਰਵਾਹੀ ਕਾਰਨ ਸ਼ਹਿਰੀ ਇਲਾਕਿਆਂ ਦੇ ਪਾਣੀ ਦਾ 2/3 ਹਿਸਾ ਅਜ਼ਾਈਂ ਹੀ ਨਾਲ਼ੀਆਂ ਵਿਚ ਵਹਿ ਜਾਂਦਾ ਹੈ ਜਿਸ ਨਾਲ ਸ਼ਹਿਰੀ ਇਲਾਕਿਆਂ ਵਿਚ ਹੜ੍ਹ ਵੀ ਆਉਂਦੇ ਹਨ ਤੇ ਨਿਕਾਸੀ ਪ੍ਰਬੰਧ ਵੀ ਫ਼ੇਲ੍ਹ ਹੁੰਦੇ ਹਨ।

## ਇੰਡੀਅਨ ਐਕਸਪ੍ਰੈਸ

### ਵਰਖਾ ਜਲ ਸੰਭਾਲ ਤੇ ਪਾਣੀ ਸ਼ੁਧੀਕਰਨ ਦਾ ਸੀਚੇਵਾਲ ਮਾਡਲ

ਜ਼ਮੀਨਦੋਜ਼ ਜਲ ਭੰਡਾਰਾਂ ਲਈ ਸੰਗੀਨ ਸੰਕਟ ਪੈਦਾ ਹੋ ਚੁੱਕਾ ਹੈ। ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਨੇ ਜ਼ਮੀਨਦੋਜ਼ ਜਲ ਦਾ ਪੱਧਰ ਬੁਰੀ ਤਰ੍ਹਾਂ ਘਟਾਉਣਾ ਜਾਰੀ ਰੱਖਿਆ ਹੈ। ਜ਼ਹਿਰੀ ਕੀਟ ਨਾਸ਼ਕ, ਜੀਵ ਨਾਸ਼ਕ, ਫ਼ਰਜ਼ੀ ਖਾਦਾਂ ਆਦਿ ਘੁੱਲ-ਘੁੱਲ ਕੇ ਧਰਤ ਹੇਠਲੇ ਪਾਣੀ ਵਿਚ ਰਲ਼ ਕੇ ਪੰਜਾਬ ਦੇ ਲੋਕਾਂ ਨੂੰ ਘਾਤਕ ਬਿਮਾਰੀਆਂ ਨਾਲ ਗ੍ਰਸਤ ਕਰ ਰਹੇ ਹਨ ਜਿਨ੍ਹਾਂ ਵਿਚ ਕੈਂਸਰ, ਦਿਲ ਤੇ ਗੁਰਦੇ ਦਾ ਫੇਲ੍ਹ ਹੋਣਾ ਤੇ ਯਾਦ ਚਲੀ ਜਾਣਾ ਆਦਿ ਸ਼ਾਮਲ ਹਨ। ਬਾਬਾ ਬਲਬੀਰ ਸਿੰਘ ਸੀਚੇਵਾਲ ਪੰਜਾਬ ਦੇ ਸਭ ਤੋਂ ਵੱਧ ਪ੍ਰਸਿੱਧ ਵਾਤਾਵਰਨ ਪ੍ਰੇਮੀਆਂ ਵਿਚੋਂ ਹਨ ਤੇ ਉਨ੍ਹਾਂ ਨੇ 'ਸੀਚੇਵਾਲ ਮਾਡਲ' ਤਿਆਰ ਕੀਤਾ ਹੈ ਜਿਸ ਵਿਚ ਸਧਾਰਨ ਪਾਈਪ ਤੇ ਪੰਪ ਫ਼ਾਰਮੂਲਾ ਹੀ ਇਸ ਸੰਗੀਨ ਐਕੜ ਦਾ ਹੱਲ ਹੈ। ਇਹ ਤਰੀਕਾ ਜ਼ਿਲ੍ਹਾ ਜਲੰਧਰ ਦੇ ਪਿੰਡ ਸੀਚੇਵਾਲ ਤੇ ਜ਼ਿਲ੍ਹਾ ਕਪੂਰਥਲਾ ਵਿਚ ਸੁਲਤਾਨਪੁਰ ਲੋਧੀ ਸਮੇਤ ਕਈ ਥਾਵੇਂ ਲਾਗੂ ਵੀ ਕੀਤਾ ਗਿਆ ਹੈ। ਇਸ ਨੂੰ ਭਾਰਤ ਸਰਕਾਰ ਨੇ 'ਸੀਚੇਵਾਲ ਮਾਡਲ' ਦਾ ਨਾਮ ਦਿੱਤਾ ਹੈ ਤੇ ਗੰਗਾ ਸਮੇਤ ਕਈ ਭਾਰਤੀ ਦਰਿਆਵਾਂ ਦੀ ਸਫ਼ਾਈ ਕਰਨ ਹਿੱਤ ਇਸ ਨੂੰ ਲਾਗੂ ਕਰ ਦਿੱਤਾ ਗਿਆ ਹੈ।



## ਸੀਚੇਵਾਲ ਮਾਡਲ ਅਸਲ ਵਿਚ ਹੈ ਕੀ ?

ਸੀਚੇਵਾਲ ਮਾਡਲ ਦਾ ਮਨੋਰਥ ਹੈ ਪਿੰਡਾਂ ਨੂੰ ਸਾਫ਼-ਸੁਥਰੇ ਤੇ ਹਰੇ-ਭਰੇ ਰੱਖਣਾ;

1. ਪਿੰਡ ਦਾ ਗੰਦਾ ਪਾਣੀ/ਤਰਲ ਇਕ ਟੋਭੇ ਵਿਚ ਇਕੱਤਰ ਕਰ ਲਿਆ ਜਾਂਦਾ ਹੈ।
2. ਤਰਲ (ਪਾਣੀ) ਦੀ ਸਤਹ ਉੱਤੇ ਤੈਰਦੇ ਪਦਾਰਥਾਂ ਨੂੰ ਨਿਤਾਰਨ ਦੀ ਵਿਧੀ ਰਾਹੀਂ ਇਕੱਤਰ ਕਰ ਲਿਆ ਜਾਂਦਾ ਹੈ।
3. ਦੂਸ਼ਿਤ ਪਾਣੀ ਨੂੰ ਤਿੰਨ ਖੂਹਾਂ ਵਿਚ ਪਾਇਆ ਜਾਂਦਾ ਹੈ। ਪਹਿਲੇ ਖੂਹ ਵਿਚ ਸਾਰੇ ਮਾਦੇ ਨੂੰ ਘੜੀ ਦੀਆਂ ਸੂਈਆਂ ਦੇ ਸਮਾਨਅੰਤਰ (Clockwise) ਘੁੰਮਾਇਆ ਜਾਂਦਾ ਹੈ ਜਿਸ ਨਾਲ ਗਾਧ ਤੇ ਪੱਥਰ ਆਦਿ ਵੱਖ ਹੋ ਜਾਂਦੇ ਹਨ। ਦੂਸਰੇ ਖੂਹ ਵਿਚ ਘੜੀ ਦੀਆਂ ਸੂਈਆਂ ਦੀ ਹਰਕਤ ਦੇ ਵਿਰੁੱਧ (anticlockwise) ਘੁੰਮਾਓ ਹੋਣ ਨਾਲ ਦੂਸ਼ਿਤ ਪਾਣੀ ਵਿਚਲੇ ਤੇਲ ਅਧਾਰਤ ਪਦਾਰਥ ਜਿਵੇਂ ਕਿ ਤੇਲ, ਚਰਬੀ ਤੇ ਘਿਓ ਆਦਿ ਵਖਰੇ ਹੋ ਜਾਂਦੇ ਹਨ।
4. ਤੀਸਰੇ ਖੂਹ ਵਿਚੋਂ ਪਾਣੀ ਮੁੱਖ ਤਲਾਅ ਵਿਚ ਚਲਾ ਜਾਂਦਾ ਹੈ।
5. ਪ੍ਰਮੁੱਖ ਤਲਾਅ ਵਿਚਲਾ ਪਾਣੀ ਸੂਰਜੀ ਕਿਰਨਾਂ ਨਾਲ ਸਾਫ਼ ਕੀਤਾ ਜਾਂਦਾ ਹੈ।
6. ਤਲਾਅ ਵਿਚੋਂ ਜਲ ਦੇ ਨਿਕਾਸ ਵਾਲੇ ਪਾਸੇ ਮੋਟਰ ਪੰਪ ਦੀ ਸਹਾਇਤਾ ਨਾਲ ਪਾਣੀ ਚੁੱਕ ਕੇ ਸਿੰਜਾਈ ਲਈ ਭੇਜ ਦਿੱਤਾ ਜਾਂਦਾ ਹੈ।
7. ਜਲ ਸੋਧਕ ਸਹੂਲਤ ਦੇ ਚਾਰੇ ਪਾਸੇ ਵੀ ਪੌਦੇ ਲਗਾਏ ਜਾਂਦੇ ਹਨ।

ਬਾਬਾ ਸੀਚੇਵਾਲ ਨੇ ਪੰਜਾਬ ਵਿਚ ਜ਼ਮੀਨਦੋਜ਼ ਜਲ ਅਤੇ ਕੁਦਰਤੀ ਵਾਤਾਵਰਨ ਨੂੰ ਬਚਾਉਣ ਦੇ ਤਹੱਈਏ ਨਾਲ ਅਗਵਾਈ ਦਿੱਤੀ ਹੈ ਤੇ ਇਸ ਮਾਡਲ ਅਨੁਸਾਰ ਸਨਅਤੀ ਤੇ ਘਰੋਗੀ ਰਹਿੰਦ-ਖੂੰਹਦ ਦਰਿਆਵਾਂ ਵਿਚ ਸੁੱਟਣੀ ਪੂਰੀ ਤਰ੍ਹਾਂ ਬੰਦ ਕੀਤੀ ਜਾਣੀ ਚਾਹੀਦੀ ਹੈ। ਪਿੰਡਾਂ ਅਤੇ ਸ਼ਹਿਰਾਂ ਵਿਚ ਲੋੜੀਂਦੀ ਸਮਰਥਾ ਦੇ ਸ਼ੁਧੀਕਰਨ ਕੇਂਦਰ ਸਥਾਪਤ ਕੀਤੇ ਜਾਣੇ ਜ਼ਰੂਰੀ ਹਨ। ਸ਼ੁੱਧ ਕੀਤਾ ਪਾਣੀ ਸਿੰਜਾਈ ਲਈ ਵਰਤਿਆ ਜਾਣਾ ਚਾਹੀਦਾ ਹੈ ਤਾਂ ਜੋ ਪੀਣ ਵਾਲੇ ਪਾਣੀ ਲਈ ਭੂਮੀਗਤ ਜਲ ਭੰਡਾਰ ਸੁਰੱਖਿਅਤ ਰਹਿ ਸਕਣ। ਦਰਿਆਵਾਂ ਦੇ ਥੱਲੇ 'ਤੇ ਜੰਮਦੀ ਗਾਧ ਹਟਾਈ ਜਾਣੀ ਚਾਹੀਦੀ ਹੈ ਤਾਂ ਕਿ ਜ਼ਮੀਨਦੋਜ਼ ਪਾਣੀ ਨੂੰ ਰੀਚਾਰਜ ਕਰਨ ਵਾਲੀਆਂ ਕੁਦਰਤੀ ਨਾਲੀਆਂ ਆਪਣਾ ਕਾਰਜ ਕਰ ਸਕਣ।

## ਸੀਚੇਵਾਲ ਮਾਡਲ ਦੇ ਲਾਭ :

1. ਸੀਚੇਵਾਲ ਮਾਡਲ ਸਥਾਪਤ ਕਰਨਾ ਤੇ ਲਾਗੂ ਕਰਨਾ ਸੌਖਾ ਹੈ।
2. ਇਹ ਵਿੱਤੀ ਪੱਖੋਂ ਮਹਿੰਗਾ ਨਹੀਂ ਤੇ ਵਾਤਾਵਰਨ ਪੂਰਕ ਵੀ ਹੈ।
3. ਵਾਤਾਵਰਨ ਅਤੇ ਕੁਦਰਤੀ ਜਲ ਸਰੋਤਾਂ ਨੂੰ ਸਾਫ਼-ਸੁਥਰਾ ਰੱਖਣ ਲਈ ਇਹ ਬਹੁਤ ਪ੍ਰਭਾਵਸ਼ਾਲੀ ਹੈ।
4. ਖੇਤੀਬਾੜੀ ਅਧੀਨ ਸਿੰਜਾਈ 'ਤੇ ਆਉਣ ਵਾਲੇ ਖ਼ਰਚਿਆਂ ਵਿਚ ਕਮੀ ਲਿਆਉਂਦਾ ਹੈ।

ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਸਾਨੂੰ ਸਭ ਨੂੰ ਇੰਨਾ ਕੁ ਗਿਆਨ ਹੋਣਾ ਚਾਹੀਦਾ ਹੈ ਕਿ ਚੰਗੀ ਜ਼ਿੰਦਗੀ ਲਈ ਸਾਫ਼-ਸੁਥਰਾ ਵਾਤਾਵਰਨ ਬਹੁਤ ਜ਼ਰੂਰੀ ਹੈ। ਸਾਨੂੰ ਇਹ ਤਹੱਈਆ ਕਰ ਲੈਣਾ ਚਾਹੀਦਾ ਹੈ ਕਿ ਖੇਤੀ ਲਈ ਸਾਫ਼ ਜ਼ਮੀਨਦੋਜ਼ ਜਲ ਦੀ ਥਾਂ ਸ਼ੁੱਧ ਕੀਤਾ ਜਲ ਹੀ ਵਰਤਿਆ ਜਾਵੇ। ਸਾਨੂੰ ਜਲ ਤੇ ਹੋਰ ਕੁਦਰਤੀ ਸਰੋਤਾਂ ਦਾ ਅਜ਼ਾਈਂ ਗਵਾਇਆ ਜਾਣਾ ਰੋਕਣਾ ਬਹੁਤ ਜ਼ਰੂਰੀ ਹੈ। ਸੰਯੁਕਤ ਰਾਸ਼ਟਰੀ ਆਲਮੀ ਜਲ ਵਿਕਾਸ ਰਿਪੋਰਟ (U.N. World Water Development Report) 2018, ਸਮਕਾਲੀ ਵੰਗਾਰਾਂ ਨਾਲ ਨਜਿੱਠਣ ਲਈ ਕੁਦਰਤੀ ਰਾਹ ਅਧਾਰਤ ਹੱਲ ਕੱਢੇ ਜਾਣ 'ਤੇ ਜ਼ੋਰ ਦਿੰਦੀ ਹੈ। ਦਰਿਆਵਾਂ ਦੇ ਭੂਮੀਗਤ ਜਲ-ਸਰੋਤਾਂ ਨੂੰ ਮੁੜ ਭਰਪੂਰ ਕਰਨ ਲਈ ਪਾਣੀ ਦੀ ਸਿਆਣਪ ਨਾਲ ਵਰਤੋਂ ਬਹੁਤ ਜ਼ਰੂਰੀ ਹੈ। ਇਸ ਲਈ ਵਰਖਾ ਜਲ ਸੰਭਾਲ, ਜਲ ਸ਼ੁੱਧੀਕਰਨ ਤੇ ਵਰਤੇ ਜਲ ਦੀ ਮੁੜ ਵਰਤੋਂ, ਪ੍ਰਭਾਵਸ਼ਾਲੀ ਸਿੰਜਾਈ ਪ੍ਰਬੰਧ, ਟਿਊਬਵੈੱਲਾਂ ਸੰਬੰਧੀ ਨਿਯਮ-ਕਾਨੂੰਨ ਤੇ ਸ਼ਹਿਰਾਂ ਵਿਚ ਸਾਫ਼ ਜਲ ਦੀਆਂ ਪਾਈਪਾਂ ਵਿਚੋਂ ਪਾਣੀ ਨਿਕਲਣਾ ਤੇ ਸਿੰਮਣਾ ਰੋਕਣ ਆਦਿ ਸੰਬੰਧੀ ਜਾਗਰੂਕਤਾ ਜੰਗੀ ਪੱਧਰ 'ਤੇ ਫ਼ੈਲਾਏ ਜਾਣ ਦੀ ਲੋੜ ਹੈ। ਪਾਣੀ ਨਾਲ ਸੰਬੰਧਤ ਔਕੜਾਂ ਬੜੀ ਛੇਤੀ ਹੀ ਝਗੜਿਆਂ ਵਿਚ ਤਬਦੀਲ ਹੋ ਜਾਂਦੀਆਂ ਹਨ ਤੇ ਪਾਣੀਆਂ ਦੇ ਇਹ ਝਗੜੇ ਸਮਾਂ ਪਾ ਕੇ ਸਮਝੌਤਿਆਂ ਤੇ ਮੁਆਹਿਦਿਆਂ ਦੇ ਫ਼ੇਲ੍ਹ ਹੋਣ ਦਾ ਆਧਾਰ ਬਣ ਕੇ ਜੰਗ ਤੱਕ ਦੀ ਹਾਲਤ ਤੱਕ ਪੁੱਜ ਜਾਂਦੇ ਹਨ। ਪਾਣੀ ਦੀ ਸਾਂਭ-ਸੰਭਾਲ਼ ਕਰਕੇ ਸਾਨੂੰ ਅਜਿਹੀ ਕਿਸੇ ਵੀ ਘਟਨਾ ਦੇ ਖ਼ਰਚਿਆਂ ਨੂੰ ਠੱਲ੍ਹ ਪਾਉਣੀ ਚਾਹੀਦੀ ਹੈ।

## ਭਾਰਤ ਵਿਚ ਜਲ ਸੰਕਟ ਬਾਰੇ 'ਨੀਤੀ ਆਯੋਗ' ਦੀ 2018 ਦੀ ਰਿਪੋਰਟ




ਭਾਰਤ ਆਪਣੇ ਇਤਿਹਾਸ ਵਿਚ ਸਭ ਤੋਂ ਗੰਭੀਰ ਜਲ-ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸਰਕਾਰੀ ਸੰਸਥਾ, ਨੀਤੀ ਆਯੋਗ ਦੀ ਸੰਨ 2018 ਦੀ ਰਿਪੋਰਟ ਵਿਚ ਜਲ ਸਾਧਨਾਂ ਦੇ ਪ੍ਰਬੰਧ ਨੂੰ ਫ਼ੌਰਨ ਸੰਵਾਰਨ ਦੀ ਲੋੜ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਦੇਸ਼ ਦੇ ਜਿਹੜੇ ਇਲਾਕਿਆਂ ਵਿਚ ਹਰ ਸਾਲ, ਮੌਜੂਦ ਪਾਣੀ ਦਾ 40 ਫ਼ੀਸਦੀ ਹਿੱਸਾ ਵਰਤ ਲਿਆ ਜਾਂਦਾ ਹੈ, ਉਨ੍ਹਾਂ ਇਲਾਕਿਆਂ ਦੇ ਵਾਸੀ 60 ਕਰੋੜ ਦੇ ਲਗਪਗ ਭਾਰਤੀ ਲੋਕ ਉੱਚ ਗੰਭੀਰ ਤੋਂ ਅਤਿਅੰਤ ਗੰਭੀਰ ਜਲ ਸੰਕਟ ਨਾਲ ਨਜਿੱਠ ਰਹੇ ਹਨ। ਜਲ-ਪ੍ਰਬੰਧਨ ਬਾਰੇ ਮਿਸ਼ਰਤ ਰਿਪੋਰਟ ਅਨੁਸਾਰ ਦੇਸ਼ ਵਿਚ ਹਰ ਸਾਲ ਲਗਪਗ 2 ਲੱਖ ਲੋਕ ਸਾਫ਼ ਪਾਣੀ ਦੀ ਕਮੀ ਖੁਣੋਂ ਜਾਨ ਵੀ ਗਵਾ ਰਹੇ ਹਨ ਤੇ ਪਾਣੀ ਦੀ ਵਧਦੀ ਮੰਗ ਕਾਰਨ ਸੰਨ 2050 ਤੱਕ ਪੂਰਤੀ ਨਾਲੋਂ ਮੰਗ ਵੱਧ ਜਾਵੇਗੀ ਅਤੇ ਸਥਿਤੀ ਹੋਰ ਗੰਭੀਰ ਹੋਣ ਵਾਲ਼ੀ ਹੈ। ਰਾਜਾਂ ਨੂੰ ਲੋੜ ਹੈ ਕਿ ਉਹ ਆਪਣੇ ਜ਼ਮੀਨਦੋਜ਼ ਜਲ ਅਤੇ ਖੇਤੀ ਲਈ ਜਲ ਦੀ ਸੰਭਾਲ਼ ਤੇ ਪ੍ਰਬੰਧਨ ਫ਼ੌਰਨ ਅਰੰਭ ਦੇਣ। ਰਿਪੋਰਟ ਅਨੁਸਾਰ ਦਿੱਲੀ, ਬੇਂਗਲੂਰੂ, ਚੇਨਈ ਤੇ ਹੈਦਰਾਬਾਦ ਸਮੇਤ, ਦੇਸ਼ ਦੇ 21 ਸ਼ਹਿਰਾਂ ਵਿਚ 2020 ਤੱਕ ਜ਼ਮੀਨਦੋਜ਼ ਜਲ ਖ਼ਤਮ ਹੋ ਜਾਵੇਗਾ, 10 ਕਰੋੜ ਲੋਕ ਪੀੜਤ ਹੋਣਗੇ ਤੇ ਸੰਨ 2030 ਤੱਕ ਦੇਸ਼ ਦੀ 40 ਫ਼ੀਸਦੀ ਅਬਾਦੀ ਕੋਲ ਪੀਣ ਨੂੰ ਪਾਣੀ ਨਹੀਂ ਹੋਵੇਗਾ। ਵਰਤਮਾਨ ਵਿਚ ਕਈ ਭਾਰਤੀ ਰਾਜ ਜਿਵੇਂ ਕਿ ਆਂਧਰਾ ਪ੍ਰਦੇਸ਼, ਛੱਤੀਸਗੜ੍ਹ ਤੇ ਤਾਮਿਲਨਾਡੂ ਆਦਿ ਵਰਖਣ ਦਾ ਸਮਾਂ ਤੇ ਮਾਤਰਾ ਆਦਿ ਵਿਚ ਤਬਦੀਲੀ ਹੋਣ ਕਾਰਨ ਪਾਣੀ ਦੀ ਕਮੀ ਨਾਲ ਵਧੇਰੇ ਜੂਝਣ ਲੱਗ ਪਏ ਹਨ।


ਆਰਥਿਕ ਸਰਵੇਖਣ 2017-18 ਵਿਚ ਵੀ ਭਾਰਤ ਦੇ ਜਲ-ਸੰਕਟ ਦੀ ਗੱਲ ਕਰਦਿਆਂ ਆਗਾਹ ਕੀਤਾ ਗਿਆ ਕਿ ਤੇਜ਼ੀ ਨਾਲ ਘੱਟਦਾ ਭੂਮੀਗਤ ਜਲ ਪੱਧਰ, ਔਸਤ ਵਰਖਾ ਦੀ ਮਾਤਰਾ ਵਿਚ ਕਮੀ ਤੇ ਮੌਨਸੂਨ ਦੌਰਾਨ ਸੁੱਕੇ ਰਹਿਣ ਵਾਲੇ ਦਿਨਾਂ ਵਿਚ ਵਾਧਾ ਘੋਰ ਸੰਕਟ ਦੀਆਂ ਚਿਤਾਵਨੀਆਂ ਹਨ। ਸੰਨ 2002 ਤੋਂ 2016 ਦੌਰਾਨ ਭਾਰਤ ਵਿੱਚ ਭੂਮੀਗਤ ਜਲ 10 ਤੋਂ 25 ਮਿਲੀਮੀਟਰ ਸਲਾਨਾ ਦੀ ਦਰ ਨਾਲ ਘਟਿਆ ਹੈ। ਔਸਤ ਵਰਖਾ ਦੀ ਕਮੀ ਵੀ, ਸੰਨ 1970 ਵਿਚ ਸਾਉਣੀ ਦੇ ਸਮੇਂ 1050 ਮਿਲੀਮੀਟਰ ਤੋਂ ਘੱਟ ਕੇ ਸੰਨ 2015 ਵਿਚ ਸਾਉਣੀ ਦੇ ਸਮੇਂ 1,000 ਮਿਲੀਮੀਟਰ ਰਹਿ ਗਈ। ਇਸੇ ਤਰ੍ਹਾਂ ਸਾਉਣੀ ਦੇ ਮੌਸਮ ਵਿਚ ਔਸਤ ਵਰਖਾ ਸੰਨ 1970 ਵਿਚ 150 ਮਿਲੀਮੀਟਰ ਤੋਂ ਘੱਟ ਕੇ ਸੰਨ 2015 ਦੀ ਸਾਉਣੀ ਦੇ ਮੌਸਮ ਤੱਕ 100 ਮਿਲੀਮੀਟਰ ਹੀ ਰਹਿ ਗਈ। ਸੋਕੇ ਦੇ ਦਿਨ ਵੀ, ਸੰਨ 2015 ਵਿਚ ਹੀ ਮੌਨਸੂਨ ਦੌਰਾਨ ਸੋਕੇ ਦੇ ਦਿਨ 40 ਫੀਸਦੀ ਤੋਂ ਵੱਧ ਕੇ 45 ਫ਼ੀਸਦੀ ਹੋ ਗਏ।

## ਜਲ ਪ੍ਰਬੰਧਨ ਦੇ ਖੇਤਰ 'ਚ 14 ਰਾਜ 50 ਫ਼ੀਸਦੀ ਤੋਂ ਥੱਲੇ

ਸਾਲ 2015-16 ਵਿਚ, ਦੇਸ਼ ਦੇ 24  ਵਿਚੋਂ 14 ਰਾਜ ਜਲ ਪ੍ਰਬੰਧਨ ਦੇ ਖੇਤਰ ਵਿਚ ਵਿਸ਼ਲੇਸ਼ਣ ਦੌਰਾਨ 50 ਫੀਸਦੀ ਤੋਂ 'ਘੱਟ ਕਾਰਗੁਜ਼ਾਰੀ' ਵਾਲੇ ਮੰਨੇ ਗਏ। ਇਨ੍ਹਾਂ ਵਿਚ ਭਾਰਤ ਦੇ ਉੱਤਰ ਅਤੇ ਪੂਰਬ ਵਿਚ ਸਥਿਤ ਖੇਤੀਬਾੜੀ ਪੱਟੀਆਂ ਅਤੇ ਉੱਤਰ-ਪੂਰਬੀ ਤੇ ਹਿਮਾਲਿਆਈ ਇਲਾਕਿਆਂ ਨੇੜੇ ਪੈਂਦੇ ਰਾਜ ਹੀ ਸ਼ਾਮਲ ਹਨ। ਇਸ ਵਿਸ਼ਲੇਸ਼ਣ ਦੌਰਾਨ ਗੁਜਰਾਤ ਦੀ ਕਾਰਗੁਜ਼ਾਰੀ ਸਭ ਤੋਂ ਵਧੀਆ 76 ਫ਼ੀਸਦੀ ਰਹੀ ਜਦੋਂ ਕਿ ਮੱਧ ਪ੍ਰਦੇਸ਼ 69 ਫ਼ੀਸਦੀ ਤੇ ਆਂਧਰਾ ਪ੍ਰਦੇਸ਼ 68 ਫ਼ੀਸਦੀ ਨਾਲ ਦੂਸਰੇ ਤੇ ਤੀਸਰੇ ਸਥਾਨਾਂ 'ਤੇ ਰਹੇ। ਦੇਸ਼ ਦੇ ਸੱਤ ਰਾਜ 50 ਤੋਂ 65 ਫ਼ੀਸਦੀ ਵਾਲੇ ਵਰਗ ਵਿਚ ਰਹੇ। ਇਨ੍ਹਾਂ ਵਿਚ ਸ਼ਾਮਲ ਹਨ—ਕਰਨਾਟਕ, ਮਹਾਂਰਾਸ਼ਟਰ, ਪੰਜਾਬ, ਤਾਮਿਲਨਾਡੂ, ਤੇਲੰਗਾਨਾ, ਹਿਮਾਚਲ ਪ੍ਰਦੇਸ਼ ਤੇ ਤ੍ਰਿਪੁਰਾ। ਇਨ੍ਹਾਂ ਰਾਜਾਂ ਨੂੰ 'ਦਰਮਿਆਨੀ ਕਾਰਗੁਜ਼ਾਰੀ' ਵਜੋਂ ਉਪਮਾ ਮਿਲੀ।

## ਪੀਣ ਵਾਲਾ ਪਾਣੀ ਤੇ ਸਾਫ਼-ਸਫ਼ਾਈ

ਕੇਂਦਰੀ ਜਲ ਸ਼ਕਤੀ ਮੰਤਰਾਲੇ ਦੇ ਅਧੀਨ ਪੈਂਦੇ ਪੇਯ ਜਲ ਤੇ ਸਾਫ਼-ਸਫ਼ਾਈ ਵਿਭਾਗ ਨੇ 10 ਸਾਲਾ ਯੋਜਨਾ ਵਜੋਂ ਪੇਂਡੂ ਸਾਫ਼-ਸਫ਼ਾਈ ਨੀਤੀ (2019-2029) ਅਰੰਭੀ ਹੈ ਜਿਸਦਾ ਉਦੇਸ਼ ਸਵੱਛ ਭਾਰਤ ਮਿਸ਼ਨ-ਗ੍ਰਾਮੀਣ (SBM-G) ਅਧੀਨ ਤਬਦੀਲ ਹੋਏ ਸਾਫ਼-ਸਫ਼ਾਈ ਪ੍ਰਤੀ ਲੋਕ ਵਤੀਰੇ ਨੂੰ ਬਣਾਈ ਰੱਖਣਾ ਤੇ ਯਕੀਨੀ ਬਣਾਉਣਾ ਕਿ ਇਸ ਪਾਸੇ ਵੱਲ ਕੋਈ ਵੀ ਢਿੱਲ ਨਾ ਵਰਤਦੇ ਹੋਏ ਠੋਸ ਤੇ ਦ੍ਰਵ ਰਹਿੰਦ-ਖੂੰਹਦ ਦਾ ਪ੍ਰਬੰਧ ਕਰਨਾ ਹੈ। SBM-G ਦੇ 2014 ਵਿਚ ਅਰੰਭ ਹੋਣ ਤੋਂ ਹੁਣ ਤੱਕ ਪੇਂਡੂ ਇਲਾਕਿਆਂ ਵਿਚ 10 ਕਰੋੜ ਤੋਂ ਵੱਧ ਪਖਾਨੇ ਉਸਾਰੇ ਗਏ ਹਨ ਤੇ ਹੁਣ ਤੱਕ 35 ਰਾਜਾਂ/ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੇ 699 ਜ਼ਿਲ੍ਹਿਆਂ ਵਿਚਲੇ 5 ਲੱਖ 90 ਹਜ਼ਾਰ ਤੋਂ ਵੀ ਵੱਧ ਪਿੰਡਾਂ ਨੇ ਆਪਣੇ-ਆਪ ਨੂੰ ਖੁੱਲ੍ਹੇ ਵਿਚ ਬਾਹਰ ਜਾਣ ਤੋਂ (Open Defecation Free-ODF) ਮੁਕਤ ਐਲਾਨ ਦਿੱਤਾ ਹੋਇਆ ਹੈ।



ਜਲ ਸ਼ਕਤੀ ਅਭਿਆਨ (JSA) ਵੀ ਸਮਾਂ-ਬੱਧ ਮੁਹਿੰਮ ਹੈ ਜਿਸਦਾ ਮਨੋਰਥ ਜਲ ਦੀ ਸਾਂਭ-ਸੰਭਾਲ ਦੀ ਮੁਹਿੰਮ ਅਧੀਨ ਕਾਰਜ ਕਰਨਾ ਹੀ ਹੈ। ਜਲ ਸ਼ਕਤੀ ਅਭਿਆਨ ਦੋ ਚਰਨਾਂ ਵਿਚ ਚੱਲਿਆ ਹੈ : ਫੇਜ਼ (ਚਰਨ) ਪਹਿਲਾ ਦੇਸ਼ ਦੇ ਸਾਰੇ ਰਾਜਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਪਹਿਲੀ ਜੁਲਾਈ ਦੋਂ 15 ਸਤੰਬਰ, 2019 ਤੱਕ ਚੱਲਿਆ ਤੇ ਦੂਸਰਾ ਫੇਜ਼ (ਚਰਨ) ਪਹਿਲੀ ਅਕਤੂਬਰ ਤੋਂ 30 ਨਵੰਬਰ 2019 ਤੱਕ ਉਨ੍ਹਾਂ ਰਾਜਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਚੱਲਿਆ ਜਿਥੇ ਮੁੜਦੀਆਂ ਮੌਨਸੂਨ ਪੌਣਾਂ ਵਰਖਾ ਕਰਦੀਆਂ ਹਨ ਜਿਵੇਂ ਕਿ ਆਂਧਰਾ ਪ੍ਰਦੇਸ਼, ਕਰਨਾਟਕ, ਪੁੱਡੂਚੇਰੀ ਤੇ ਤਾਮਿਲਨਾਡੂ। ਮੁਹਿੰਮ ਦੌਰਾਨ ਭਾਰਤ ਸਰਕਾਰ ਦੇ ਅਧਿਕਾਰੀ ਛੇ ਜ਼ਮੀਨਦੋਜ਼ ਜਲ ਮਾਹਿਰਾਂ ਨੇ ਇਕੱਠਿਆਂ ਕਾਰਜ ਕੀਤਾ ਅਤੇ ਭਾਰਤ ਦੇ ਸਭ ਤੋਂ ਵੱਧ ਜਲ-ਸੰਕਟ ਗ੍ਰਸਤ ਜ਼ਿਲ੍ਹਿਆਂ ਵਿਚ ਜਲ ਦੀ ਸਾਂਭ-ਸੰਭਾਲ ਤੇ ਪ੍ਰਬੰਧ ਬਾਰੇ 5 ਨੁਕਾਤੀ ਮਨੋਰਥਾਂ ਨੂੰ ਲਾਗੂ ਕੀਤਾ। ਇਸ ਮੁਹਿੰਮ ਦਾ ਉਦੇਸ਼ ਪ੍ਰਭਾਵਸ਼ਾਲੀ ਸੰਚਾਰ ਰਾਹੀਂ ਜਲ ਸ਼ਕਤੀ ਅਭਿਆਨ ਨੂੰ ਲੋਕ ਅੰਦੋਲਨ ਬਨਾਉਣਾ ਹੈ।

| ਧਿਆਨ ਦੇਣ ਵਾਲੇ ਨੁਕਤੇ ਤੇ ਖੇਤਰ | ਉਚੇਚਾ ਧਿਆਨ ਦੇਣ ਵਾਲੇ ਨੁਕਤੇ ਤੇ ਖੇਤਰ |
|---|---|
| • ਜਲ ਦੀ ਸਾਂਭ-ਸੰਭਾਲ਼ ਤੇ ਵਰਖਾ ਜਲ ਦੀ ਸੰਭਾਲ | • ਬਲਾਕ ਤੇ ਜ਼ਿਲ੍ਹਾ ਪੱਧਰੀ ਜਲ ਸੰਭਾਲ ਯੋਜਨਾਵਾਂ |
| • ਰਿਵਾਇਤੀ ਤੇ ਹੋਰ ਜਲ ਸੰਭਾਲ ਪ੍ਰਬੰਧ ਜਿਵੇਂ ਕਿ ਟੋਭੇ ਆਦਿ ਨੂੰ ਬਹਾਲ ਕਰਨਾ | • ਕ੍ਰਿਸ਼ੀ ਵਿਗਿਆਨ ਕੇਂਦਰ ਮੇਲਾ |
| • ਮੁੜ ਵਰਤੋਂ ਤੇ ਰੀਚਾਰਜ ਲਈ ਜਲ ਸੰਭਾਲ ਘਰ | • ਸ਼ਹਿਰੀ ਅਜ਼ਾਈਂ ਜਾਂਦੇ ਜਲ ਦੀ ਮੁੜ ਵਰਤੋਂ |
| • ਜਲ ਪਰਛਾਵਾਂ ਖੇਤਰ ਪ੍ਰਬੰਧਨ | • ਵਿਗਿਆਨੀਆਂ ਤੇ ਆਈ.ਆਈ.ਟੀਜ਼ ਨਾਲ ਸੰਪਰਕ ਵਿਚ ਰਹਿਣਾ |
| • ਜੰਗਲ ਉਗਾਉਣ ਪ੍ਰਤੀ ਗੰਭੀਰਤਾ ਵਿਖਾਉਣੀ | • ਪਿੰਡਾਂ ਦੀ ਸਮਉਚਾਈ ਰੇਖਾਵਾਂ ਰਾਹੀਂ ਥ੍ਰੀ-ਡੀ ਮੈਪਿੰਗ |

"ਇਸ ਗ੍ਰਹਿ ਉਤੇ ਜੇ ਕੁਝ ਜਾਦੂਈ ਹੈ ਤਾਂ ਉਹ ਜਲ ਦੀ ਹੋਂਦ ਵਿਚ ਛੁਪਿਆ ਹੈ।" **—ਲੌਰੇਨ ਐਜ਼ਲੇਅ**

"ਜਲ ਤੋਂ ਵੱਧ ਕੇ ਕੁਝ ਵੀ ਨਰਮ ਜਾਂ ਲਚਕਦਾਰ ਨਹੀਂ ਹੈ, ਫ਼ੇਰ ਵੀ ਇਸ ਨੂੰ ਕੁਝ ਵੀ ਰੋਕ ਨਹੀਂ ਸਕਦਾ।" **—ਲਾਓ ਜ਼ੂ**

"ਅਸੀਂ ਭੁੱਲ ਜਾਂਦੇ ਹਾਂ ਕਿ ਜਲ ਚੱਕਰ ਤੇ ਜੀਵਨ ਚੱਕਰ ਇੱਕ ਹੀ ਹਨ।" **—ਜੈਕੂਇਜ਼ ਫ਼ੂਜ਼ ਕੌਸਤੀਓ**

"ਜਲ ਦੀ ਇਕ ਬੂੰਦ ਵਿਚ ਹੀ ਸਾਰੇ ਮਹਾਂਸਾਗਰਾਂ ਦੇ ਸਾਰੇ ਰਾਜ਼ ਛੁਪੇ ਹਨ।" **—ਖ਼ਲੀਲ ਜਿਬਰਾਹਨ**

## ਅਭਿਆਸ

1. ਬਹੁ-ਚੋਣਵੇਂ ਪ੍ਰਸ਼ਨ—

(i) ਹੇਠ ਦਿੱਤੀਆਂ ਸੂਚਨਾਵਾਂ ਦੇ ਆਧਾਰ 'ਤੇ ਦੱਸੋ ਕਿ ਪਾਣੀ ਦੀ ਥੁੜ੍ਹ ਨਾਲ ਕਿਹੜੇ ਇਲਾਕੇ ਜੂਝਣਗੇ ਤੇ ਕਿਹੜੇ ਨਹੀਂ—

(ੳ) ਵੱਧ ਸਾਲਾਨਾ ਵਰਖਾ ਵਾਲੇ ਇਲਾਕੇ

(ਅ) ਵੱਧ ਸਾਲਾਨਾ ਵਰਖਾ ਤੇ ਵੱਧ ਅਬਾਦੀ ਵਾਲੇ ਇਲਾਕੇ

(ੲ) ਵੱਧ ਸਾਲਾਨਾ ਵਰਖਾ ਪਰ ਬੁਰੀ ਤਰ੍ਹਾਂ ਅਸ਼ੁੱਧ ਪਾਣੀ ਵਾਲੇ ਇਲਾਕੇ

(ਸ) ਘੱਟ ਸਲਾਨਾ ਵਰਖਾ ਤੇ ਘੱਟ ਅਬਾਦੀ ਵਾਲੇ ਇਲਾਕੇ

(ii) ਬਹੁ-ਮੰਤਵੀ ਦਰਿਆਈ ਪ੍ਰਾਜੈਕਟਾਂ ਬਾਰੇ ਕਿਹੜਾ ਬਿਆਨ ਲਾਗੂ ਨਹੀਂ ਹੁੰਦਾ?

(ੳ) ਬਹੁ-ਮੰਤਵੀ ਪ੍ਰਾਜੈਕਟਾਂ ਨਾਲ, ਪਾਣੀ ਦੀ ਕਮੀ ਵਾਲ਼ੇ ਇਲਾਕੇ ਨੂੰ ਪਾਣੀ ਮਿਲਦਾ ਹੈ।

(ਅ) ਬਹੁ-ਮੰਤਵੀ ਪ੍ਰਾਜੈਕਟਾਂ ਨਾਲ, ਦਰਿਆ ਕੰਟਰੋਲ ਹੁੰਦੇ ਹਨ ਤੇ ਹੜ੍ਹ ਰੁਕਦੇ ਹਨ।

(ੲ) ਬਹੁ-ਮੰਤਵੀ ਪ੍ਰਾਜੈਕਟਾਂ ਨਾਲ, ਲੋਕਾਂ ਤੇ ਰੋਜ਼ੀ-ਰੋਟੀ ਦਾ ਉਜਾੜਾ ਹੁੰਦਾ ਹੈ।

(ਸ) ਬਹੁ-ਮੰਤਵੀ ਪ੍ਰਾਜੈਕਟਾਂ ਨਾਲ, ਸਨਅਤਾਂ ਤੇ ਘਰਾਂ ਨੂੰ ਬਿਜਲੀ ਮਿਲ ਸਕਦੀ ਹੈ।

(iii) ਭਾਰਤ ਵਿੱਚ, ਸੰਸਾਰ ਦੇ ................. ਫ਼ੀਸਦੀ ਨਵਿਆਉਣ ਯੋਗ ਜਲ ਸਾਧਨ ਹਨ।

(ੳ) ਤਿੰਨ (3) (ਅ) ਚਾਰ (4)

(ੲ) ਸੱਤ (7) (ਸ) ਪੰਜ (5)

(iv) ਧਰਤੀ ਉੱਤੇ ................. ਫ਼ੀਸਦੀ ਜਲ ਖਾਰਾ ਹੈ ਤੇ ................. ਫ਼ੀਸਦੀ ਤਾਜ਼ਾ ਹੈ।

(ੳ) 97 ਤੇ 03 (ਅ) 95 ਤੇ 05

(ੲ) 90 ਤੇ 10 (ਸ) 98 ਤੇ 02

(v) ਕਿਹੜਾ ਖੇਤਰ ਸਭ ਤੋਂ ਵੱਧ ਤਾਜ਼ੇ ਪਾਣੀ ਦੀ ਵਰਤੋਂ ਕਰਦਾ ਹੈ?

(ੳ) ਘਰੇਲੂ (ਰਹਾਇਸ਼ੀ) (ਅ) ਸਨਅਤਾਂ (ਉਦਯੋਗ)

(ੲ) ਖੇਤੀਬਾੜੀ (ਜ਼ਰਾਇਤੀ) (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

(vi) ਸਵੱਛ ਭਾਰਤ ਮਿਸ਼ਨ-ਗ੍ਰਾਮੀਣ ਕਦੋਂ ਅਰੰਭਿਆ ਗਿਆ ਸੀ?

(ੳ) ਸੰਨ 2010 (ਅ) ਸੰਨ 2012

(ੲ) ਸੰਮ 2014 (ਸ) ਸੰਨ 2016

(vii) C.W.M.I. ਦਾ ਪੂਰਾ ਨਾਮ ਕੀ ਬਣਦਾ ਹੈ?

(ੳ) ਕੰਪੋਜ਼ਿੱਟ ਵਾਟਰ ਮੈਨੇਜਮੈਂਟ ਇੰਡੈਕਸ

(ਅ) ਛੱਤੀਸਗੜ੍ਹ ਵੈਸਟ ਬੰਗਾਲ ਮਹਾਰਾਸ਼ਟਰ ਇੰਟਰਰਿਲੇਸ਼ਨ

(ੲ) ਕੰਪੋਜ਼ਡ ਵਾਟਰ ਮਾਰਕਟਿੰਗ ਇੰਡੈਕਸ

(ਸ) ਉਪਰੋਕਤ ਵਿੱਚੋਂ ਕੋਈ ਨਹੀਂ

(viii) ਸਹੀ ਮਿਲਾਨ ਕਰੋ—

(i) ਭਾਖੜਾ ਡੈਮ (a) ਮਹਾਂਨਦੀ

(ii) ਹੀਰਾਕੁੰਡੈਮ (b) ਨਰਮਦਾ

(iii) ਇੰਦਿਰਾ ਸਾਗਰ ਡੈਮ (c) ਭਾਗੀਰਥੀ

(iv) ਟਿਹਰੀ ਡੈਮ (d) ਸਤਲੁੱਜ

**2. ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ 30ਕੁ ਸ਼ਬਦਾਂ ਤੱਕ ਦਿਓ—**

(i) ਪਾਣੀ, ਨਵਿਆਉਣਯੋਗ ਸਾਧਨ ਕਿਵੇਂ ਬਣਦਾ ਹੈ?

(ii) ਪਾਣੀ ਦੀ ਕਮੀ ਦੀ ਪ੍ਰਕਿਰਿਆ ਹੈ ਤੇ ਇਸਦਾ ਮੁੱਖ ਕਾਰਨ ਕੀ ਹੈ?

(iii) ਬਹੁ-ਮੰਤਵੀਂ ਦਰਿਆਈ ਪ੍ਰਾਜੈਕਟਾਂ ਦੇ ਫ਼ਾਇਦੇ ਤੇ ਨੁਕਸਾਨ ਕੀ ਹੋ ਸਕਦੇ ਹਨ?

(iv) ਪਾਣੀ, ਧਰਤੀ ਦਾ ਸਭ ਤੋਂ ਮਹੱਤਵਪੂਰਨ ਤੱਤ ਕਿਵੇਂ ਹੈ?

(v) 'ਨੀਲੇ ਪਾਣੀ' ਤੇ 'ਹਰੇ ਪਾਣੀ' ਦੇ ਕੀ-ਕੀ ਅਰਥ ਹਨ?

(vi) ਖੇਤੀਬਾੜੀ ਖੇਤਰ ਵਿੱਚ ਪਾਣੀ ਦੀ ਵਰਤੋਂ ਬਾਰੇ ਨੋਟ ਲਿਖੋ।

(vii) ਡੈਮ ਕੀ ਹੁੰਦਾ ਹੈ?

(viii) ਪ੍ਰਾਚੀਨ ਭਾਰਤ ਵਿੱਚ ਪਾਣੀ ਬੰਨ੍ਹਣ ਦੇ ਕੋਈ ਤਿੰਨ ਤੱਥ ਸਾਂਝੇ ਕਰੋ।

3. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 120 ਸ਼ਬਦਾਂ ਤੱਕ ਦਿਓ—**

(i) ਰਾਜਸਥਾਨ ਦੇ ਅਰਧ-ਖੁਸ਼ਕ ਇਲਾਕਿਆਂ ਵਿੱਚ ਵਰਖਾ ਜਲ ਪ੍ਰਬੰਧ ਕੀਤਾ ਜਾ ਸਕਦਾ ਹੈ?

(ii) ਰਵਾਇਤੀ ਵਰਖਾ ਜਲ ਪ੍ਰਬੰਧਨ ਨੂੰ ਅਜੋਕੇ ਸਮੇਂ ਵਿੱਚ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ?

(iii) ਬਹੁ-ਮੰਤਵੀਂ ਪ੍ਰਾਜੈਕਟਾਂ ਨੇ ਖੇਤੀ ਖੇਤਰ ਵਿੱਚ ਕੀ-ਕੀ ਤਬਦੀਲੀਆਂ ਲਿਆਂਦੀਆਂ ਹਨ?

(iv) ਵਰਖਾ ਜਲ ਸੰਭਾਲ ਕੀ ਹੈ? ਇਹ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ?

(v) ਜਲ ਸੁਧੀਕਰਨ ਲਈ ਸੀਚੇਵਾਲ ਮਾਡਲ ਕੀ ਹੈ ਤੇ ਇਹ ਜਲ ਸੰਭਾਲ ਕਿਵੇਂ ਕਰਦਾ ਹੈ।

(vi) ਭਾਰਤ ਵਿੱਚ ਜਲ ਸੰਕਟ ਬਾਰੇ 'ਨੀਤੀ ਆਯੋਗ ਦੀ ਰਿਪੋਰਟ-2018' ਦੀ ਚਰਚਾ ਕਰੋ।

# ਖੇਤੀਬਾੜੀ

# (AGRICULTURE)

4

> ਭਵਿੱਖ ਉਹਨਾਂ ਮੁਲਕਾਂ ਦੇ ਨਾਲ ਹੈ, ਜਿਨ੍ਹਾਂ ਕੋਲ ਅਨਾਜ ਹੈ, ਨਾ ਕਿ ਬੰਦੂਕਾਂ।
> (ਡਾ. ਐਮ.ਐਸ.ਸਵਾਮੀਨਾਥਨ, ਖੇਤੀਬਾੜੀ ਵਿਗਿਆਨੀ)
>
> ਸਾਡੇ ਅਰਥਚਾਰੇ ਵਿੱਚ ਕਿਸਾਨ ਹੀ ਇੱਕੋ-ਇੱਕ ਅਜਿਹਾ ਵਿਅਕਤੀ ਹੈ ਜੋ ਹਰ ਸ਼ੈਅ (ਚੀਜ਼) ਪ੍ਰਚੂਨ ਵਿੱਚ ਖਰੀਦਦਾ ਹੈ ਪਰ ਹਰ ਸ਼ੈਅ (ਚੀਜ਼) ਥੋਕ ਵਿੱਚ ਹੀ ਵੇਚਦਾ ਹੈ ਅਤੇ ਦੋਹੇਂ ਕਾਰਜ ਕਰਦਿਆਂ ਭਾੜਾ ਵੀ ਅਦਾ ਕਰਦਾ ਹੈ।
> ਜੌਹਨ.ਐਫ.ਕੈਨੇਡੀ (ਸਾਬਕਾ ਰਾਸ਼ਟਰਪਤੀ, ਸੰਯੁਕਤ ਰਾਜ ਅਮਰੀਕਾ)

ਪਿਆਰੇ ਵਿਦਿਆਰਥੀਓ, ਆਓ ਆਪਾਂ ਕੁਝ ਮਹਾਨ ਸ਼ਖਸੀਅਤਾਂ ਨੂੰ ਯਾਦ ਕਰਦੇ ਹੋਏ ਖੇਤੀਬਾੜੀ ਦੀ ਗੱਲ ਕਰੀਏ। ਇਹਨਾਂ ਵਿੱਚ ਖੇਤੀਬਾੜੀ ਸਾਇੰਸਦਾਨ ਮਰਹੂਮ ਡਾ. ਐਮ.ਐਸ ਸਵਾਮੀਨਾਥਨ ਦਾ ਨਾਮ ਸਭ ਤੋਂ ਪਹਿਲਾਂ ਵਰਨਣਯੋਗ ਹੈ, ਜਿਨ੍ਹਾਂ ਨੇ ਭਾਰਤ ਦੀ ਖੇਤੀ ਨੂੰ ਉੱਚਾ ਚੁੱਕਣ ਵਿੱਚ ਸਭ ਤੋਂ ਜ਼ਿਆਦਾ ਮਹੱਤਵਪੂਰਨ ਭੂਮਿਕਾ ਨਿਭਾਈ। ਪੰਜਾਬ, ਹਰਿਆਣਾ ਤੇ ਇਹਨਾਂ ਦੇ ਨਾਲ ਲਗਦੇ ਇਲਾਕਿਆਂ ਵਿੱਚ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਉਗਾ ਕੇ ਭਾਰਤ ਨੂੰ ਅਨਾਜ ਸੁਰੱਖਿਆ ਪ੍ਰਦਾਨ ਕੀਤੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਰਹੇ ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਵੀ ਯਾਦ ਕਰਨਾ ਜ਼ਰੂਰੀ ਹੈ ਜਿਨ੍ਹਾਂ ਨੇ ਖੇਤੀਬਾੜੀ ਨੂੰ ਆਧੁਨਿਕ ਬਣਾ ਕੇ ਕਿਸਾਨਾਂ ਨੂੰ ਪ੍ਰੇਰਿਆ ਤੇ ਲੋਕ ਉਹਨਾਂ ਨੂੰ ਪੰਜਾਬ ਦਾ ਛੇਵਾਂ ਦਰਿਆ ਦੀ ਉਪਮਾ ਦੇ ਕੇ ਯਾਦ ਕਰਦੇ ਹਨ। ਨੋਬਲ ਇਨਾਮ ਜੇਤੂ ਮਹਾਨ ਅਰਥਸ਼ਾਸਤਰੀ ਡਾ. ਅਮੱਰਤਿਆ ਸੇਨ ਨੇ ਆਪਣੇ ਵਿਸ਼ੇ/ਖੇਤਰ ਵਿੱਚ ਲੋਕ ਭਲਾਈ ਬਾਰੇ ਵਰਨਣਯੋਗ ਕੰਮ ਕੀਤਾ। ਮਹਾਨ ਵਿਗਿਆਨੀ ਵੰਦਨਾ ਸ਼ਿਵਾ ਜੀ ਦਾ ਨਾਮ ਵਰਨਣਯੋਗ ਹੈ ਜਿਨਾਂ ਨੇ ਬੀਜਾਂ ਦੀ ਆਜ਼ਾਦੀ, ਅਨਾਜ ਦੀ ਪ੍ਰਭੂਸੱਤਾ ਦਾ ਹਮੇਸ਼ਾ ਸਮਰਥਨ ਕੀਤਾ ਤੇ ਕਾਰਪੋਰੇਟ ਘਰਾਣਿਆਂ ਦੇ ਬੀਜਾਂ 'ਤੇ ਕਬਜ਼ੇ ਦਾ ਸਦਾ ਵਿਰੋਧ ਕੀਤਾ।



*ਡਾ. ਐਮ.ਐਸ.ਸਵਾਮੀਨਾਥਨ*



*ਡਾ. ਮਹਿੰਦਰ ਸਿੰਘ ਰੰਧਾਵਾ*



*ਸ਼੍ਰੀਮਤੀ ਵੰਦਨਾ ਸ਼ਿਵਾ*

ਪਿੰਡਾਂ ਵਿੱਚ ਰਹਿਣ ਵਾਲੇ ਲਗਪਗ 88 ਕਰੋੜ ਲੋਕਾਂ ਦੀ ਜ਼ਿੰਦਗੀ ਤੇ ਸੁਰੱਖਿਆ ਖੇਤੀ ਤੇ ਨਿਰਭਰ ਕਰਦੀ ਹੈ। ਸਾਨੂੰ ਆਪਣੀ ਖੁਰਾਕ/ਅੰਨ ਸੁਰੱਖਿਆ ਲਈ ਘਰੇਲੂ ਬਗੀਚੀ ਵਿੱਚ ਉਗੇ ਅਨਾਜ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਨਾਉਣਾ ਪਵੇਗਾ।

**ਤੱਥ-I :**

ਭਾਰਤ ਦੇ ਕੁਲ ਘਰੇਲੂ ਉਤਪਾਦਨ (ਜੀ.ਡੀ.ਪੀ. ਗ੍ਰੌਸ ਡੋਮੈਸਟਿਕ ਪ੍ਰੋਡੱਕਟ) ਵਿੱਚ ਖੇਤੀਬਾੜੀ ਖੇਤਰ, 20.2% 21-22 ਫ਼ੀਸਦੀ ਦਾ ਯੋਗਦਾਨ ਦਿੰਦਾ ਹੈ ਜਦੋਂ ਕਿ ਇਸ ਖੇਤਰ ਵਿੱਚ ਦੇਸ਼ ਦਾ 44 ਫ਼ੀਸਦੀ ਕਿਰਤੀ ਕੰਮ ਕਰ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ।

ਖੇਤੀਬਾੜੀ ਤੋਂ ਭਾਵ ਹੈ ਕਿ ਫ਼ਸਲਾਂ ਉਗਾਉਣ ਦੇ ਨਾਲ-ਨਾਲ ਬਾਗ਼ਵਾਨੀ, ਮੱਛੀਆਂ ਪਾਲਣਾ, ਰੋਪਣ ਫ਼ਸਲਾਂ ਉਗਾਉਣਾ, ਜੰਗਲਾਤ, ਸੂਰ ਪਾਲਣਾ, ਸ਼ਹਿਦ ਦੀਆਂ ਮੱਖੀਆਂ ਤੇ ਪਾਣੀ ਵਿੱਚ ਰਹਿਣ ਵਾਲੇ ਪੌਦੇ/ਜੀਵ ਪਾਲਣਾ ਆਦਿ। ਇਸ ਤੋਂ ਇਲਾਵਾ ਖੁੱਲ੍ਹੀ ਹਵਾ ਵਿੱਚ ਮੌਜੂਦ ਖਣਿਜਾਂ ਨਾਲ ਪੌਦੇ ਪਾਲਣਾ ਤੇ ਰੇਸ਼ਮ ਦੇ ਕੀੜੇ ਪਾਲਣਾ ਸਭ ਖੇਤੀਬਾੜੀ ਅਧੀਨ ਹੀ ਆਉਂਦਾ ਹੈ।

ਸੰਸਾਰ ਦੇ ਵੱਖਰੇ-ਵੱਖਰੇ ਭੂਗੋਲਿਕ, ਆਰਥਿਕ, ਸਮਾਜਿਕ ਕਾਰਕਾਂ ਕਾਰਨ ਖੇਤੀਬਾੜੀ ਦੇ ਢੰਗ, ਤਰੀਕੇ ਕਾਰਨ ਖੇਤੀ ਵਿਸ਼ੇਸ਼ਤਾਵਾਂ ਫਸਲਾਂ ਵੱਖਰੀਆਂ-ਵੱਖਰੀਆਂ ਹੁੰਦੀਆਂ ਹਨ।

### ਖੇਤੀਬਾੜੀ ਨੂੰ ਪ੍ਰਭਾਵਿਤ ਕਰਨ ਵਾਲੇ ਕੁਝ ਮਹੱਤਵਪੂਰਨ ਕਾਰਕ ਇਸ ਪ੍ਰਕਾਰ ਹਨ :

(1) ਧਰਾਤਲ (ਨਦੀ ਘਾਟੀਆਂ/ਮੈਦਾਨ, ਤੱਟ ਦੇ ਮੈਦਾਨ, ਪਹਾੜ, ਪਠਾਰ, ਦਲਦਲੀ ਭੂਮੀ, ਜਲਗਾਹਾਂ, ਢਲਾਨਦਾਰ ਜ਼ਮੀਨ ਤੇ ਬੀਹੜ)

(2) ਜਲਵਾਯੂ (ਪੌਣਾਂ, ਤਾਪਖੰਡ, ਵਾਯੂਮੰਡਲੀ ਨਮੀ)

(3) ਮਿੱਟੀਆਂ (ਜਲੋਢੀ ਮਿੱਟੀ, ਲੈਟਰਾਈਟ ਮਿੱਟੀ, ਰੇਤਲੀ ਮਿੱਟੀ, ਪਰਬਤੀ ਮਿੱਟੀ, ਕਾਲੀ ਮਿੱਟੀ, ਪੀਲੀ ਮਿੱਟੀ, ਲਾਲ ਮਿੱਟੀ, ਦਲਦਲੀ ਮਿੱਟੀ ਆਦਿ)

(4) ਬਜ਼ਾਰ ਤੇ ਭੰਡਾਰਨ ਅਨਾਜ ਇਕੱਠਾ ਕਰਨ ਤੇ ਵੰਡ ਦੇ ਕੇਂਦਰ, ਕੋਲਡ ਸਟੋਰ, ਉਪਭੋਗ ਦੇ ਕੇਂਦਰ)

(5) ਆਵਾਜਾਈ ਦੇ ਸਾਧਨ (ਥਲ, ਹਵਾਈ, ਸਮੁੰਦਰੀ, ਤੇ ਪਾਈਪਲਾਈਨਾਂ)

(6) ਜੈਵਿਕ ਕਾਰਬਨ ਦੀ ਮੌਜੂਦਗੀ (ਮਿੱਟੀ ਵਿੱਚ ਨਾਈਟ੍ਰੇਟਾਂ ਦੀ ਮੌਜੂਦਗੀ ਦੂਰ ਕਰਨੀ)

(7) ਵਿਗਿਆਨ ਤੇ ਤਕਨੀਕ ਦੇ ਵਿਕਾਸ ਦਾ ਪੱਧਰ (ਸੰਸਥਾਵਾਂ ਦਾ ਸਾਥ)

(8) ਬੈਂਕ ਤੇ ਬੀਮਾਂ ਸਹੂਲਤਾਂ (ਨਿਵੇਸ਼ ਜਾਂ ਪੂੰਜੀਕਾਰੀ, ਲੋਨ, ਦੁਰਘਟਨਾਵਾਂ ਤੋਂ ਬੱਚਤ, ਕੁਦਰਤੀ ਆਫ਼ਤਾਂ)

## ਖੇਤੀਬਾੜੀ ਦੇ ਪ੍ਰਕਾਰ/ਕਿਸਮਾਂ

ਭਾਰਤ ਵਿੱਚ ਭਿੰਨ-ਭਿੰਨ ਪ੍ਰਕਾਰ ਦੇ ਭੂਗੋਲਿਕ ਤੇ ਵਾਤਾਵਰਨ ਵਖ਼ਰੇਵਿਆਂ ਕਾਰਨ ਕਈ ਪ੍ਰਕਾਰ ਦੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਹਨ। ਖੇਤੀਬਾੜੀ ਦੇ ਪ੍ਰਕਾਰ ਨੂੰ ਵਰਗੀਕ੍ਰਿਤ ਕਰਨ ਲਈ ਪੰਜ ਵੱਖੋ-ਵੱਖਰੇ ਢੰਗ ਅਪਣਾਏ ਜਾਂਦੇ ਹਨ:-

(ੳ) ਫ਼ਸਲਾਂ ਤੇ ਪਸ਼ੂ-ਪਾਲਣ ਦਾ ਸੁਮੇਲ

(ਅ) ਫ਼ਸਲਾਂ ਤੇ ਪਸ਼ੂ ਪੈਦਾ ਕਰਨ ਦੇ ਢੰਗ-ਤਰੀਕੇ ਤੇ ਤਕਨੀਕਾਂ

(ੲ) ਖੇਤੀ ਵਿੱਚ ਸੰਘਣਾ ਨਿਵੇਸ਼ ਤੇ ਉਤਪਾਦਕਤਾ ਵਿੱਚ ਵਾਧਾ ਕਰਨਾ

(ਸ) ਖੇਤੀ ਉਤਪਾਦਾਂ ਤੇ ਪਸ਼ੂ ਉਤਪਾਦਾਂ ਦੀ ਵਿਕਰੀ

(ਹ) ਖੇਤੀ ਲਈ ਲੋੜੀਂਦੇ ਢਾਂਚੇ, ਮਿੱਟੀਆਂ ਤੇ ਸੰਦ।

**(1) ਸਥਾਨ-ਅੰਤਰੀ ਖੇਤੀ (Shifting Agriculture)** ਸਥਾਨ-ਅੰਤਰੀ ਖੇਤੀ ਸਿਰਫ ਪਿੱਛੜੇ ਜੰਗਲੀ ਇਲਾਕਿਆਂ ਵਿੱਚ ਕੀਤੀ ਜਾਂਦੀ ਹੈ ਤੇ ਇਹ ਆਮ ਨਹੀਂ ਹੈ। ਅਜਿਹੀ ਖੇਤੀ ਵਿੱਚ ਕਿਸਾਨ ਜੰਗਲਾਂ ਨੂੰ ਸਾੜ ਕੇ ਜਾਂ ਦਰੱਖਤ ਕੱਟ ਕੇ ਜ਼ਮੀਨ ਨੂੰ ਵਾਹੀਯੋਗ ਬਣਾਉਂਦਾ ਹੈ ਤੇ ਰਿਵਾਇਤੀ ਸੰਦਾਂ ਨਾਲ ਦੋ-ਤਿੰਨ ਸਾਲ ਤੱਕ ਖੇਤੀ ਕਰਦਾ ਹੈ। ਕਿਸਾਨ ਕਿਸੇ ਵੀ ਕਿਸਮ ਦੀਆਂ ਖਾਦਾਂ, ਕੀਟਨਾਸ਼ਕ ਆਦਿ ਦੀ ਵਰਤੋਂ ਨਹੀਂ ਕਰਦਾ। ਜਦੋਂ ਇਹ ਜ਼ਮੀਨ ਆਪਣੀ ਉਤਪਾਦਕਤਾ (Fertility) ਗੁਆ ਦੇਵੇ ਤਾਂ ਕਿਸਾਨ ਉਸ ਜ਼ਮੀਨ ਦੇ ਟੁੱਕੜੇ ਨੂੰ ਉਵੇਂ ਹੀ ਛੱਡ ਕੇ ਦੁਬਾਰਾ ਨਵੀਂ ਜ਼ਮੀਨ ਤੇ ਉੱਗੇ ਜੰਗਲ ਸਾਫ਼ ਕਰਕੇ ਖੇਤੀ ਸ਼ੁਰੂ ਕਰ ਦਿੰਦਾ ਹੈ। ਭਾਰਤ ਵਿੱਚ ਮੱਧ ਪ੍ਰਦੇਸ਼,



ਸਥਾਨ-ਅੰਤਰੀ ਖੇਤੀ

ਆਂਧਰਾ ਪ੍ਰਦੇਸ਼, ਓਡੀਸ਼ਾ, ਤੇ ਉੱਤਰ ਪੂਰਬੀ ਰਾਜਾਂ ਵਿੱਚ ਇਸ ਕਿਸਮ ਦੀ ਖੇਤੀ ਕੀਤੀ ਜਾਂਦੀ ਹੈ। ਅਜਿਹੀ ਖੇਤੀ ਨੂੰ ਉੱਤਰ-ਪੂਰਬ ਵਿੱਚ ਝੂਮਿੰਗ, ਓਡੀਸ਼ਾ ਵਿੱਚ ਪੌਡੂ 'ਤੇ ਕੇਰਲ ਵਿੱਚ ਬੇਵਾਰ ਕਿਹਾ ਜਾਂਦਾ ਹੈ।

**(2) ਨਿਰਬਾਹ ਖੇਤੀ (Subsistence Farming)** ਕਿਸਾਨ ਦਆਰਾ ਜਦੋਂ ਸਿਰਫ਼ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਫਸਲਾਂ ਉਗਾਈਆਂ ਜਾਣ ਤੇ ਉਪਜ ਨੂੰ ਬਾਜ਼ਾਰ ਵਿੱਚ ਵਿਕਰੀ ਲਈ ਨਾ ਲੈ ਕੇ ਜਾਇਆ ਜਾਵੇ, ਇਸ ਕਿਸਮ ਦੀ ਖੇਤੀ ਨੂੰ ਨਿਰਬਾਹ ਖੇਤੀ ਕਿਹਾ ਜਾਂਦਾ ਹੈ। ਅਜਿਹੀ ਖੇਤੀ ਵਿੱਚ ਜੋਤਾਂ ਛੋਟੀਆਂ ਤੇ ਕਿਸਾਨ ਗਰੀਬ ਹੁੰਦੇ ਹਨ। ਇਸ ਲਈ ਕਿਸਾਨ ਆਮ ਤੌਰ 'ਤੇ ਰੂੜੀ ਦੀ ਖਾਦ, ਗਾਂ ਤੇ ਮੱਝ ਦਾ ਗੋਬਰ, ਤੇ ਬਹੁਤ ਥੋੜ੍ਹੀ ਰਸਾਇਣਕ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ, ਭਾਰਤ ਵਿੱਚ ਅਸਾਮ ਤੇ ਹਿਮਾਚਲ ਪ੍ਰਦੇਸ਼ ਦੇ ਕੁਝ ਖੇਤਰਾਂ ਵਿੱਚ ਅਜਿਹੀ ਖੇਤੀ ਕੀਤੀ ਜਾਂਦੀ ਹੈ।



ਨਿਰਬਾਹ ਖੇਤੀ

**(3) ਸੰਘਣੀ ਖੇਤੀ (Intensive Farming)** ਅਬਾਦੀ ਦੇ ਵਧਣ ਨਾਲ ਜੋਤਾਂ ਲਗਾਤਾਰ ਛੋਟੀਆਂ ਹੁੰਦੀਆਂ ਜਾ ਖੇਤ ਛੋਟੇ ਹੁੰਦੇ ਜਾ ਰਹੇ ਹਨ। ਕਿਸਾਨ ਅਜਿਹੇ ਛੋਟੇ ਜ਼ਮੀਨ ਦੇ ਟੁੱਕੜਿਆਂ ਵਿੱਚੋਂ ਵੱਧ ਝਾੜ ਦੇਣ ਵਾਲੇ ਬੀਜ, ਰੂੜੀ ਦੀ ਖਾਦ, ਰਸਾਇਣਕ ਖਾਦਾਂ, ਕੀਟ ਨਾਸ਼ਕ ਤੇ ਸਿੰਜਾਈ ਸਹੂਲਤਾਂ ਦੀ ਵਰਤੋਂ ਨਾਲ ਵੱਧ ਤੋਂ ਵੱਧ ਝਾੜ ਲੈਣ ਦੀ ਕੋਸ਼ਿਸ਼ ਕਰਦੇ ਹਨ। ਵਿਗਿਆਨਕ ਢੰਗ-ਤਰੀਕੇ ਤੇ ਤਕਨੀਕ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਸ ਕਿਸਮ ਦੀ ਖੇਤੀ ਪੱਛਮੀ ਤੇ ਮੱਧ ਭਾਰਤ ਦੇ ਮੈਦਾਨਾਂ ਵਿੱਚ ਕੀਤੀ ਜਾਂਦੀ ਹੈ।



ਸੰਘਣੀ ਖੇਤੀ

**(4) ਵਿਆਪਕ ਖੇਤੀ (Extensive Framing)** ਵਿਆਪਕ ਖੇਤੀ ਵਿੱਚ ਜੋਤਾਂ ਦਾ ਅਕਾਰ ਵੱਡਾ ਹੁੰਦਾ ਹੈ। ਬੀਜ ਬੀਜਣ ਤੋਂ ਲੈ ਕੇ ਫ਼ਸਲ ਤੇ ਕੱਟਣ ਤੱਕ ਜ਼ਿਆਦਾਤਰ ਕੰਮ ਮਸ਼ੀਨਾਂ ਨਾਲ ਕੀਤੇ ਜਾਂਦੇ ਹਨ। ਕੀਟਨਾਸ਼ਕ, ਰਸਾਇਣਕ ਖਾਦਾਂ ਦੀ ਵਰਤੋਂ ਸੰਘਣੀ ਖੇਤੀ ਦੇ ਵਾਂਗ ਜ਼ਿਆਦਾ ਨਹੀਂ ਹੁੰਦੀ। ਉਤਪਾਦਨ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਪਰ ਪ੍ਰਤੀ ਹੈਕਟੇਅਰ ਝਾੜ ਘੱਟ ਹੁੰਦਾ ਹੈ। ਇਸ ਕਿਸਮ ਦੀ ਖੇਤੀ ਉੱਤਰ-ਪੱਛਮ ਭਾਰਤੀ ਰਾਜਾਂ ਵਿੱਚ ਕੀਤੀ ਜਾਂਦੀ ਹੈ।



ਵਿਆਪਕ ਖੇਤੀ

(5) **ਵਪਾਰਕ ਖੇਤੀ (Commercial Farming)** ਇਸ ਕਿਸਮ ਦੀ ਖੇਤੀ ਉਤਪਾਦਾਂ ਨੂੰ ਸਿੱਧੇ ਬਜ਼ਾਰ ਵਿੱਚ ਵੇਚਣ (ਤੋਂ ਅੱਗੇ ਵਪਾਰ) ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀ ਖੇਤੀ ਘੱਟ ਵਸੋਂ ਵਾਲੇ ਖੇਤਰਾਂ ਵਿੱਚ ਆਧੁਨਿਕ ਤਰੀਕਿਆਂ ਨਾਲ ਕੀਤੀ ਜਾਂਦੀ ਹੈ। ਭਾਰਤ ਵਿੱਚ ਇਸ ਕਿਸਮ ਦੀ ਖੇਤੀ ਆਮ ਨਹੀਂ ਹੈ ਅਤੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ ਦੇ ਕਈ ਇਲਾਕਿਆਂ ਵਿੱਚ ਇਸ ਪ੍ਰਕਾਰ ਦੀ ਖੇਤੀ ਕੀਤੀ ਜਾਂਦੀ ਹੈ। ਚਾਹ, ਕੌਫ਼ੀ, ਰਬੜ, ਨਾਰੀਅਲ, ਕੇਲਾ, ਗੰਨਾ 'ਤੇ ਮਸਾਲੇ ਆਦਿ ਸਿੱਧੇ ਬਜ਼ਾਰ ਵਿੱਚ ਵੇਚਣ ਲਈ ਉਗਾਏ ਜਾਂਦੇ ਹਨ ਤੇ ਇਨ੍ਹਾਂ ਵਸਤਾਂ ਦਾ ਕੌਮਾਂਤਰੀ ਵਪਾਰ ਵੀ ਹੁੰਦਾ ਹੈ।


ਵਪਾਰਕ ਖੇਤੀ

(6) **ਰੋਪਣ ਖੇਤੀ (Plantation Agriculture)** ਰੋਪਣ ਖੇਤੀ ਵਿੱਚ ਵਿਗਿਆਨਕ ਢੰਗ ਨਾਲ ਫ਼ਸਲਾਂ ਰੋਪਿਤ ਕਰਕੇ ਉਗਾਈਆਂ ਜਾਂਦੀਆਂ ਹਨ। ਅਜਿਹੀ ਖੇਤੀ ਦਾ ਮੰਤਵ ਉਪਜਾਂ ਤੋਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੁੰਦਾ ਹੈ। ਮੁੱਖ ਫ਼ਸਲਾਂ ਚਾਹ, ਕੌਫ਼ੀ, ਰਬੜ, ਨਾਰੀਅਲ, ਕੇਲਾ, ਗੰਨਾ, ਮਸਾਲੇ ਆਦਿ ਹਨ। ਅਜਿਹੀਆਂ ਫਸਲਾਂ ਸਾਲ ਤੋਂ ਵੱਧ ਸਮਾਂ ਉਪਜਾਂ ਦਾ ਝਾੜ ਦਿੰਦੀਆਂ ਹਨ। ਇਸ ਕਿਸਮ ਦੀ ਖੇਤੀ ਦੀ ਕਾਮਯਾਬੀ ਲਈ ਆਵਾਜਾਈ ਦੇ ਚੰਗੇ ਸਾਧਨ ਤੇ ਲਾਹੇਵੰਦ ਬਾਜ਼ਾਰ ਲਾਜ਼ਮੀ ਹਨ।


ਰੋਪਣ ਖੇਤੀ

(7) **ਲੰਬਕਾਰੀ ਜਾਂ ਖੜ੍ਹੀ ਖੇਤੀ (Vertical Farming)** ਲੰਬਕਾਰੀ ਖੇਤੀ ਖਾਸ ਵਾਤਾਵਰਨ ਹਾਲਤਾਂ ਵਿੱਚ ਟਰੇਆਂ ਵਿੱਚ ਮਿੱਟੀ-ਪਾਣੀ 'ਤੇ ਉਨੱਤ ਬੀਜਾਂ ਦਾ ਇਸਤੇਮਾਲ ਕਰ ਕੇ ਕੀਤੀ ਜਾਂਦੀ ਹੈ। ਅਜਿਹੀ ਖੇਤੀ ਵਿੱਚ ਮਜ਼ਦੂਰਾਂ ਦਾ ਸਿੱਖਿਅਤ ਹੋਣਾ ਜ਼ਰੂਰੀ ਹੈ।

(8) **ਮਿਸ਼ਰਤ ਖੇਤੀ (Mixed Farming)** ਮਿਸ਼ਰਤ ਖੇਤੀ ਵਿੱਚ ਫ਼ਸਲਾਂ ਉਗਾਉਣ ਦੇ ਨਾਲ-ਨਾਲ ਪਸ਼ੂ ਪਾਲਣਾ ਵੀ ਸ਼ਾਮਲ ਹੈ। ਅਜਿਹੀ ਖੇਤੀ ਜ਼ਿਆਦਾ ਵਸੋਂ ਵਾਲੇ ਖੇਤਰਾਂ ਵਿੱਚ ਕੀਤੀ ਜਾਂਦੀ ਹੈ। ਵਿਗਿਆਨਕ ਢੰਗਾਂ ਨਾਲ ਦੁਧਾਰੂ ਪਸ਼ੂ ਪਾਲਣ (ਡੇਅਰੀ ਫ਼ਾਰਮਿੰਗ), ਮੁਰਗੀ ਪਾਲਣ ਕੀਤਾ ਜਾਂਦਾ ਹੈ ਤੇ ਫ਼ਸਲਾਂ ਵਿੱਚ ਵੀ ਤਬਦੀਲੀ ਕੀਤੀ ਜਾਂਦੀ ਹੈ। ਪੰਜਾਬ ਵਿੱਚ ਡੇਅਰੀ ਫ਼ਾਰਮਿੰਗ ਨਾਲ ਕਿਸਾਨਾਂ ਨੂੰ ਚੰਗਾ ਮੁਨਾਫ਼ਾ ਮਿਲਿਆ ਹੈ ਜੋ ਇਸ ਪ੍ਰਕਾਰ ਦੀ ਖੇਤੀ ਦੀ ਵਿਸ਼ੇਸ਼ਤਾ ਹੈ।


ਲੰਬਕਾਰੀ ਜਾਂ ਖੜ੍ਹੀ ਖੇਤੀ

**ਤੱਥ II :—**

ਭਾਰਤ ਵਿੱਚ ਸੰਸਾਰ ਦੀ ਸਭ ਤੋਂ ਵੱਧ ਵਾਹੀਯੋਗ ਜ਼ਮੀਨ ਹੈ। ਲਗਪਗ 53 ਪ੍ਰਤੀਸ਼ਤ ਜ਼ਮੀਨ ਖੇਤੀਬਾੜੀ ਅਧੀਨ ਲਿਆਂਦੀ ਜਾ ਸਕਦੀ ਹੈ। ਇਸ ਸਮੇਂ 43 ਪ੍ਰਤੀਸ਼ਤ ਖੇਤੀਬਾੜੀ ਅਧੀਨ ਹੈ, ਜਿਸ ਵਿੱਚ ਵਾਧਾ ਸੀਮਿਤ ਹੱਦ ਤੱਕ ਕੀਤਾ ਜਾ ਸਕਦਾ ਹੈ।

**ਤੱਥ III :—**

ਖੇਤੀਬਾੜੀ ਜਲਦੀ ਹੀ ਪ੍ਰਭਾਵ ਕਬੂਲਣ ਵਾਲਾ ਕਿੱਤਾ ਹੈ, ਜਿਸ ਵਿੱਚ ਮੀਂਹ ਤੇ ਤਾਪਮਾਨ ਵਿੱਚ ਥੋੜੇ ਜਿਹੇ ਬਦਲਾਅ ਨਾਲ ਉਤਪਾਦਨ ਵਿੱਚ ਵੱਡਾ ਬਦਲਾਅ ਆ ਸਕਦਾ ਹੈ।

(ੳ) ਤਾਪਮਾਨ ਵਿੱਚ 1° ਸੈਂਟੀਗ੍ਰੇਡ ਤਾਪਮਾਨ ਦਾ ਵਾਧਾ ਹੋਣ ਨਾਲ 4 ਤੋਂ 5 ਫ਼ੀਸਦੀ ਤੱਕ ਕਣਕ ਦਾ ਉਤਪਾਦਨ ਘੱਟ ਸਕਦਾ ਹੈ।

(ਅ) ਤਾਪਮਾਨ ਵਿੱਚ 1° ਸੈਂਟੀਗ੍ਰੇਡ ਵਾਧੇ ਨਾਲ ਕਿਸਾਨਾਂ ਦੀ ਆਮਦਨ ਵਿੱਚ 6 ਫ਼ੀਸਦੀ ਤੱਕ ਕਮੀ ਆ ਸਕਦੀ ਹੈ।

(ੲ) ਤਾਪਮਾਨ ਵਿੱਚ ਇੱਕ ਡਿਗਰੀ ਸੈਂਟੀਗ੍ਰੇਡ ਤਾਪਮਾਨ ਵਾਧੇ ਨਾਲ ਖੇਤੀਬਾੜੀ ਉਪਜਾਂ ਵਿੱਚ 1.7 ਫੀਸਦ ਤੱਕ ਕਮੀ ਆ ਸਕਦੀ ਹੈ।

(ਸ) ਮੀਂਹ ਵਿੱਚ ਸਿਰਫ਼ 100 ਮਿਲੀਲੀਟਰ ਕਮੀ ਆਉਣ ਨਾਲ ਖੇਤੀ ਉਤਪਾਦਨ ਵਿੱਚ 0.35 ਪ੍ਰਤੀਸ਼ਤ ਦੀ ਕਮੀ ਆ ਜਾਂਦੀ ਹੈ।

(ਹ) ਖੇਤੀਬਾੜੀ ਨੀਤੀਆਂ ਕਿਸਾਨ ਪੱਖੀ ਨਾ ਹੋਣ ਕਾਰਨ 12 ਤੋਂ 18 ਪ੍ਰਤੀਸ਼ਤ ਆਮਦਨ 'ਤੇ ਮਾੜਾ ਅਸਰ ਪੈਂਦਾ ਹੈ।

## ਆਪਰੇਸ਼ਨ ਫ਼ਲੱਡ :




ਆਪਰੇਸ਼ਨ ਫ਼ਲੱਡ ਜਾਂ ਚਿੱਟੀ ਕ੍ਰਾਂਤੀ ਤੋਂ ਭਾਵ ਹੈ ਕਿ ਦੁੱਧ ਦੇ ਉਤਪਾਦਨ ਵਿੱਚ ਮੁਲਕ ਨੂੰ ਖੁਦਮੁਖ਼ਤਿਆਰ ਬਨਾਉਣਾ। ਤਤਕਾਲੀ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਜੀ ਨੇ 13 ਜਨਵਰੀ ਸੰਨ 1970 ਨੂੰ ਡਾਕਟਰ ਵਰਗੀਜ਼ ਕੁਰੀਅਨ ਨੂੰ ਰਾਸ਼ਟਰੀ ਡੇਅਰੀ ਵਿਕਾਸ ਬੋਰਡ ਦਾ ਚੇਅਰਮੈਨ ਬਣਾਇਆ, ਜਿਨ੍ਹਾਂ ਨੇ ਭਾਰਤ ਵਿੱਚ ਚਿੱਟੀ ਕ੍ਰਾਂਤੀ ਲਿਆਉਣ ਲਈ ਅਣਥੱਕ ਕੰਮ ਕੀਤਾ। ਇਹ ਪ੍ਰੋਗਰਾਮ ਤਿੰਨ ਹਿੱਸਿਆਂ ਵਿੱਚ ਲਾਗੂ ਕੀਤਾ ਗਿਆ ਸੀ। ਭਾਰਤ ਜੋ 1970 ਵਿੱਚ ਦੁੱਧ ਦੇ ਉਤਪਾਦਨ ਵਿੱਚ ਕਾਫ਼ੀ ਪਿੱਛੇ ਸੀ, ਸੰਨ 1998 ਤੱਕ ਅਮਰੀਕਾ ਨੂੰ ਪਛਾੜ ਕੇ ਸੰਸਾਰ ਵਿੱਚ ਸਭ ਤੋਂ ਵੱਧ ਦੁੱਧ ਉਤਪਾਦਨ ਕਰਨ ਵਾਲਾ ਮੁਲਕ ਬਣ ਗਿਆ ਸੀ।

## ਖੇਤੀਬਾੜੀ ਪੈਟਰਨ ਤੇ ਮੁੱਖ ਫ਼ਸਲਾਂ

ਭਾਰਤ ਵਿੱਚ ਵੰਨ-ਸਵੰਨੀ ਜਲਵਾਯੂ ਮਿਲਣ ਕਾਰਨ ਵੱਖੋ-ਵੱਖਰੇ ਭੌਤਿਕ, ਸਮਾਜਿਕ ਤੇ ਆਰਥਿਕ ਹਾਲਤਾਂ ਵਿੱਚ ਵੱਖੋ-ਵੱਖਰੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਹਨ।

ਭਾਰਤ ਵਿੱਚ ਖੇਤੀਬਾੜੀ ਦੇ ਮੌਸਮ ਇਸ ਪ੍ਰਕਾਰ ਹਨ:

## ਖੇਤੀਬਾੜੀ ਮੌਸਮ ਤੇ ਫ਼ਸਲਾਂ

| ਮੌਸਮ | ਸਮਾਂ | ਜਲਵਾਯੂ ਵਿਸ਼ੇਸ਼ਤਾਵਾਂ | ਫ਼ਸਲਾਂ |
|---|---|---|---|
| ਖ਼ਰੀਫ਼ ਜਾਂ ਸਾਉਣੀ | 1 ਜੂਨ ਤੋਂ ਅਕਤੂਬਰ ਦੇ ਮੱਧ ਤੱਕ ਨੋਟ-ਵੱਧ ਨਮੀ ਸਤੰਬਰ ਤੇ ਅਕਤੂਬਰ ਮਹੀਨਿਆਂ ਵਿੱਚ। ਮੌਨਸੂਨ ਪੌਣਾਂ ਦੀ ਵਾਪਸੀ ਇੱਕ ਸਤੰਬਰ ਤੋਂ ਸ਼ੁਰੂ ਹੋ ਜਾਂਦੀ ਹੈ। | ਨਮੀ ਭਰਪੂਰ ਦੱਖਣ-ਪਛੱਮੀ ਮੌਨਸੂਨੀ ਵਰਖਾ ਗਰਮ ਤੇ ਤੱਰ ਮੌਸਮੀ ਹਾਲਾਤ | ਝੋਨਾ (ਚੌਲ), ਅਰਹਰ, ਮੂੰਗੀ, ਮਾਂਹ, ਗੰਨਾ, ਸੋਇਆਬੀਨ, ਜਵਾਰ, ਬਾਜਰਾ, ਮੂੰਗਫ਼ਲੀ, ਪਟਸਨ, ਤਿੱਲ, ਨਾਈਜਰ ਬੀਜ ਆਦਿ। |
| ਜ਼ਾਇਦ/ ਜ਼ੈਦ-I | ਅਕਤੂਬਰ ਤੇ ਨਵੰਬਰ | ਮੌਨਸੂਨ ਦੀ ਵਾਪਸੀ ਘੱਟਦਾ ਤਾਪਮਾਨ ਤੇ ਵੱਧ ਨਮੀ। ਤੱਟੀ ਖੇਤਰਾਂ ਵਿੱਚ ਚੱਕਰਵਾਤੀ ਹਾਲਤ | ਸਬਜ਼ੀਆਂ ਤੇ ਚਾਰਾ |
| ਰਬੀ ਜਾਂ ਹਾੜ੍ਹੀ | ਨਵੰਬਰ ਤੋਂ ਲੈ ਕੇ ਮੱਧ-ਮਾਰਚ ਤੱਕ ਸਰਦੀਆਂ ਦੇ ਮਹੀਨੇ | ਉੱਤਰ-ਪੂਰਬੀ ਵਪਾਰਕ ਪੌਣਾਂ, ਮਿੱਟੀ ਵਿੱਚ ਨਮੀ, ਲਗਾਤਾਰ ਪੱਛਮੀ ਗੜਬੜੀਆਂ | ਜੌਂ, ਸਰੋਂ, ਕਣਕ, ਅਲਸੀ, ਮਟਰ, ਸੂਰਜਮੁਖੀ ਮਸਰ, ਤੇ ਛੋਲੇ ਆਦਿ। |
| ਜ਼ਾਇਦ/ ਜ਼ੈਦ-II | ਮੱਧ ਮਾਰਚ ਤੋਂ ਮਈ | ਨਿੱਘੀ ਧੁੱਪ, ਗਰਮ ਤੇ ਖੁਸ਼ਕ ਮੌਸਮ, ਤੱਟੀ ਖੇਤਰਾਂ ਵਿੱਚ ਚੱਕਰਵਾਤੀ ਹਾਲਾਤ, ਸਥਾਨਕ ਪੌਣਾਂ ਜਿਵੇਂ: ਕਾਲਵਿਸਾਖ, ਅੰਬਾਂ ਦੀ ਵਾਛੜ, ਚਾਹ ਦੀ ਵਾਛੜ, ਐਲੀਫੈਂਟਾ ਪੌਣਾਂ ਕੌਫ਼ੀ ਵਾਛੜ ਤੇ ਲੂ | ਸਬਜ਼ੀਆਂ ਤੇ ਚਾਰਾ |

## ਮੁੱਖ ਫ਼ਸਲਾਂ (Major Crops)

ਭਾਰਤ ਵਿੱਚ ਕਈ ਤਰਾਂ ਦੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਹਨ। ਇਹਨਾਂ ਨੂੰ ਹੇਠ ਲਿਖਿਆਂ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:

(1) ਖ਼ੁਰਾਕੀ ਅਨਾਜੀ ਫ਼ਸਲਾਂ - ਬਰੀਕ ਅਨਾਜ-ਕਣਕ ਤੇ ਚੌਲ, ਮੋਟੇ ਅਨਾਜ (ਜਵਾਰ, ਬਾਜਰਾ) ਤੇ ਦਾਲਾਂ

**ਸੰਯੁਕਤ ਰਾਸ਼ਟਰ ਦੀ ਮਹਾਂਸਭਾ (ਜਨਰਲ ਅਸੈਂਬਲੀ) ਨੇ ਸਾਲ 2023 ਨੂੰ 'ਯੀਅਰ ਆਫ਼ ਮਿਲੇਟਸ' ਭਾਵ ਮੋਟੇ ਅਨਾਜਾ ਦਾ ਕੌਮਾਂਤਰੀ ਸਾਲ ਐਲਾਨਿਆ।**

(2) ਨਕਦ ਫ਼ਸਲਾਂ - ਮੰਡੀ ਵਿੱਚ ਵੇਚਣ ਤੇ ਵਪਾਰ ਦੇ ਮਕਸਦ ਨਾਲ ਉਗਾਈਆਂ ਗਈਆਂ ਫ਼ਸਲਾਂ (ਚਾਹ, ਗੰਨਾ, ਰਬੜ, ਕੌਫ਼ੀ ਤੰਮਾਕੂ, ਪਟਸਨ)

(3) ਰੋਪਣ ਫ਼ਸਲਾਂ - ਕੁਦਰਤੀ ਰਬੜ, ਕੇਲਾ, ਕੌਫ਼ੀ, ਚਾਹ


(4) ਰੇਸ਼ੇ ਵਾਲੀਆਂ ਫਸਲਾਂ - ਕਪਾਹ, ਪਟਸਨ, ਸੀਸਲ, ਭੰਗ ਆਦਿ।

(5) ਪੀਣ ਵਾਲੀਆਂ ਫ਼ਸਲਾਂ - ਚਾਹ, ਕੌਫ਼ੀ, ਤੰਮਾਕੂ

(6) ਉਦਯੋਗਾਂ ਵਿੱਚ ਕੰਮ ਆਉਣ ਵਾਲੀਆਂ ਫ਼ਸਲਾਂ - ਪਟਸਨ, ਕਪਾਹ, ਗੰਨਾ


(7) ਬਾਗ਼ਵਾਨੀ ਫ਼ਸਲਾਂ - ਫ਼ਲ, ਸਬਜ਼ੀਆਂ, ਸਜਾਵਟ ਵਾਲੇ ਪੌਦੇ ਆਦਿ।

| ਫ਼ਸਲ | ਤਾਪਮਾਨ/ਮਿੱਟੀਆਂ | ਪ੍ਰਕਾਰ/ਕਿਸਮ | ਰਾਜ ਤੇ ਪੰਜਾਬ ਦੇ ਜ਼ਿਲ੍ਹੇ |
|---|---|---|---|
| ਕਣਕ (Wheat) | ਬੀਜਣ ਵੇਲੇ 10 ਤੋਂ 15°c ਕੱਟਣ ਵੇਲੇ 25°c ਤੋਂ 30 ਡਿਗਰੀ/ਉਪਜਾਊ ਦੋਮਟ ਮਿੱਟੀ | ਬਸੰਤ ਰੁੱਤ ਦੀ ਕਣਕ ਦੁਰੰਮ ਕਣਕ | ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਮੱਧ ਪ੍ਰਦੇਸ਼, ਰਾਜਸਥਾਨ, ਬਿਹਾਰ, ਗੁਜਰਾਤ, ਮਹਾਰਾਸ਼ਟਰ, ਕਰਨਾਟਕ, ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼ |




| | | | |
|---|---|---|---|
| ਚਾਹ (Tea) | 20 ਤੋਂ 30 ਡਿਗਰੀ ਸੈਲਸੀਅਸ 150 ਤੋਂ 250 ਸੈਂਟੀਮੀਟਰ | ਕਾਲੀ ਚਾਹ, ਹਰੀ ਚਾਹ, ਓਲੌਂਗ ਚਾਹ | ਬ੍ਰਹਮਪੁੱਤਰ ਤੇ ਸੁਰਮਾ ਘਾਟੀਆਂ ਦਾਰਜੀਲਿੰਗ, ਜਲਪਾਈਗੁੜੀ, ਪੱਛਮੀ ਬੰਗਾਲ ਨੀਲਗਿਰੀ ਤੇ ਅਨਾਮਲਾਈ ਪਹਾੜ, ਦੱਖਣੀ ਭਾਰਤ, ਉੱਤਰ ਪੱਛਮੀ ਭਾਰਤ ਵਿੱਚ ਕੁਮਾਂਊਂ |

| ਫ਼ਸਲ | ਤਾਪਮਾਨ/ਮਿੱਟੀਆਂ | ਪ੍ਰਕਾਰ/ਕਿਸਮ | ਰਾਜ ਤੇ ਪੰਜਾਬ ਦੇ ਜ਼ਿਲ੍ਹੇ |
|---|---|---|---|
| ਝੋਨਾ (ਚੌਲ) (Paddy-Rice) | 25 ਡਿਗਰੀ ਸੈਲਸੀਅਸ 100 ਸੈਂਟੀਮੀਟਰ ਡੂੰਘੀਆਂ ਉਪਜਾਊ ਮਿੱਟੀਆਂ | | ਪੱਛਮ ਬੰਗਾਲ, ਪੰਜਾਬ, ਉੱਤਰ ਪ੍ਰਦੇਸ਼, ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ ਤੇ ਫਿਰੋਜ਼ਪੁਰ |




| | | | |
|---|---|---|---|
| ਕਪਾਹ (Cotton) | 20 ਤੋਂ 30 ਡਿਗਰੀ ਸੈਲਸੀਅਸ। ਕੋਹਰੇ ਤੋਂ ਬਗੈਰ ਮੌਸਮ ਦੇ ਘੱਟੋ-ਘੱਟ 210 ਦਿਨ ਕਾਲ਼ੀ/ਰੇਗਰ ਮਿੱਟੀ ਕਾਫ਼ੀ ਫਾਇਦੇਮੰਦ ਹੁੰਦੀ ਹੈ। | ਲੰਮੇ ਰੇਸ਼ੇ, ਦਰਮਿਆਨੇ ਰੇਸ਼ੇ ਤੇ ਛੋਟੇ ਰੇਸ਼ੇ ਵਾਲੀ ਕਪਾਹ | ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼ ਮੱਧ ਪ੍ਰਦੇਸ਼, ਗੁਜਰਾਤ, ਤਮਿਲਨਾਡੂ ਤੇ ਆਂਧਰਾ ਪ੍ਰਦੇਸ਼ |

| ਫ਼ਸਲ | ਤਾਪਮਾਨ/ਮਿੱਟੀਆਂ | ਪ੍ਰਕਾਰ/ਕਿਸਮ | ਰਾਜ ਤੇ ਪੰਜਾਬ ਦੇ ਜ਼ਿਲ੍ਹੇ |
|---|---|---|---|
| ਕੌਫ਼ੀ (Coffee) | 15 ਤੋਂ 18 ਡਿਗਰੀ ਸੈਲਸੀਅਸ 152 ਤੋਂ 250 ਸੈਂਟੀਮੀਟਰ ਮੀਂਹ ਸਿੰਚਾਈ ਵਾਲੀਆਂ ਦੋਮਟ ਮਿੱਟੀਆਂ, ਮਲੜ੍ਹ ਤੇ ਖਣਿਜ | ਅਰੇਬਿਕਾ, ਰੋਬਸਟਾ, ਲਾਈਬੇਰਿਕਾ | ਕਰਨਾਟਕ, ਕੇਰਲ, ਤਾਮਿਲਨਾਡੂ ਤੇ ਆਂਧਰਾ ਪ੍ਰਦੇਸ਼ |
| ਪਟਸਨ (Jute) | ਗਰਮ ਤੇ ਤਰ ਜਲਵਾਯੂ ਘੱਟੋ-ਘਟ 85 ਪ੍ਰਤੀਸ਼ਤ ਸਾਪੇਖ ਨਮੀ 25 ਤੋਂ 35 ਡਿਗਰੀ ਸੈਲਸੀਅਸ ਤਾਪਮਾਨ 120 ਤੋਂ 150 ਸੈਂਟੀਮੀਟਰ ਸਾਲਾਨਾ ਵਰਖਾ | ਭਾਰਤ ਦੀ ਮਹੱਤਵਪੂਰਨ ਰੇਸ਼ੇਦਰ ਫ਼ਸਲ ਇਸਨੂੰ ਸੁਨਹਿਰੀ ਰੇਸ਼ਾ ਵੀ ਕਿਹਾ ਜਾਂਦਾ ਹੈ। ਆਪਣੇ ਨਰਮ, ਸਸਤਾ, ਆਪਣੀ ਚਮਕ ਤੇ ਤਾਕਤ ਕਾਰਨ ਪ੍ਰਸਿੱਧ ਹੈ। | ਪਛੱਮੀ ਬੰਗਾਲ, ਅਸਾਮ, ਬਿਹਾਰ ਤੇ ਓਡੀਸ਼ਾ, ਪੱਛਮੀਂ ਬੰਗਾਲ ਰਾਜ ਭਾਰਤ ਦੀ 70 ਪ੍ਰਤੀਸ਼ਤ ਪਟਸਨ ਪੈਦਾ ਕਰਦਾ ਹੈ |
| ਦਾਲਾਂ (Pulses) | | | ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ, ਆਂਧਰਾ ਪ੍ਰਦੇਸ਼ ਰਾਜ |
| ਤੇਲਾਂ ਦੇ ਬੀਜ (Oil Seeds) | 20° ਤੋਂ 30° ਸੈਲੀਸੀਅਸ ਤਾਪਮਾਨ, 100 ਸੈਂਟੀਮੀਟਰ ਸਮਵਰਖਾ ਰੇਖਾ, ਮੂੰਗਫ਼ਲੀ ਦੇ ਉਤਾਪਦਨ ਲਈ ਵਧੀਆ ਹੈ। ਤੇਲਾਂ ਦੇ ਬੀਜਾਂ ਲਈ ਕੋਹਰਾ ਤੇ ਲੰਮਾ ਖੁਸ਼ਕ ਮੌਸਮ ਬਹੁਤ ਮਾੜਾ ਹੈ। ਲਗਾਤਾਰ ਮੀਂਹ ਤੇ ਖੜ੍ਹਾ ਪਾਣੀ ਵੀ ਠੀਕ ਨਹੀਂ ਹੁੰਦਾ। | ਮੂੰਗਫਲੀ, ਅਰੰਡੀ ਤਿੱਲ, ਸਰ੍ਹੋਂ, ਅਲਸੀ ਸੋਇਆਬੀਨ, ਸੂਰਜਮੁਖੀ, ਨਾਈਜਰ ਬੀਜ ਆਦਿ | ਗੁਜਰਾਤ, ਤਾਮਿਲਨਾਡੂ, ਆਂਧਰਾ ਪ੍ਰਦੇਸ਼ |
| ਗੰਨਾ (Sugar cane) | 20 ਤੋਂ 30 ਡਿਗਰੀ ਸੈਲਸੀਅਸ, ਤਾਪਮਾਨ, 100 ਤੋਂ 150 ਸੈਂਟੀਮੀਟਰ ਵਰਖਾ ਕਈ ਤਰਾਂ ਦੀਆਂ ਮਿੱਟੀਆਂ | | ਉੱਤਰ ਪ੍ਰਦੇਸ਼, ਮਹਾਰਾਸ਼ਟਰ, ਪੰਜਾਬ ਹਰਿਆਣਾ, ਕਰਨਾਟਕ, ਤਾਮਿਲਨਾਡੂ, ਤੇਲੰਗਾਨਾ, ਬਿਹਾਰ ਆਦਿ |
| ਮੋਟੇ ਅਨਾਜ (Millets) | ਮੋਟੇ ਅਨਾਜ ਘੱਟ ਉਪਜਾਊ ਮਿੱਟੀਆਂ ਵਿੱਚ ਵੀ ਪੈਦਾ ਹੋ ਜਾਂਦੇ ਹਨ। ਜ਼ਿਆਦਾ ਮੀਂਹ ਦੀ ਜ਼ਰੂਰਤ ਨਹੀਂ ਹੁੰਦੀ। | ਜਵਾਰ, ਬਾਜਰਾ ਤੇ ਰਾਗੀ | ਮੱਧ ਪ੍ਰਦੇਸ਼, ਮਹਾਰਾਸ਼ਟਰ ਪੰਜਾਬ, ਹਰਿਆਣਾ, ਕਰਨਾਟਕ, ਤਾਮਿਲਨਾਡੂ, ਤੇਲੰਗਾਨਾ ਤੇ ਬਿਹਾਰ ਆਦਿ |

## ਦਾਰਜੀਲਿੰਗ ਚਾਹ: ਇੱਕ ਵਿਸ਼ਵ ਬ੍ਰਾਂਡ (Darjeeling Tea: A Global Brand)



ਦਾਰਜੀਲਿੰਗ ਦੀ ਚਾਹ ਪੂਰੇ ਸੰਸਾਰ ਵਿੱਚ ਪ੍ਰਸਿੱਧ ਹੈ। ਇਸ ਖਾਸ ਚਾਹ ਨੂੰ ਭੂਗੋਲਿਕ ਸੰਕੇਤ ਜਿਓਗਰਾਫੀਕਲ ਇੰਡੀਕੇਸ਼ਨ (GI) ਦਾ ਦਰਜਾ ਵੀ ਹਾਸਲ ਹੈ। ਇਹ ਦਰਜਾ ਖ਼ਾਸ ਭੂਗੋਲਿਕ ਵਾਤਾਵਰਨ ਵਿੱਚ ਪੈਦਾ ਹੋਈਆਂ ਖ਼ਾਸ ਵਸਤੂਆਂ ਨੂੰ ਦਿੱਤਾ ਜਾਂਦਾ ਹੈ। ਪੱਛਮੀ ਬੰਗਾਲ ਵਿੱਚ ਗੋਰਖ਼ਾ ਖੇਤਰ ਵਿੱਚ ਠੰਢੇ ਤੇ ਤਰ ਹਾਲਤਾਂ ਵਿੱਚ ਤੇ ਬੱਦਲਵਾਈ ਵਾਲੀਆਂ ਹਾਲਤਾਂ ਵਿੱਚ ਖਾਸ ਖੁਸ਼ਬੂ ਤੇ ਸੁਆਦ ਵਾਲੀ ਚਾਹ ਪੈਦਾ ਕੀਤੀ ਜਾਂਦੀ ਹੈ। ਸਿੱਖਿਅਤ ਮਜ਼ਦੂਰ ਚਾਹ ਤੋੜਨ ਲਈ ਕੰਮ ਕਰਦੇ ਹਨ। ਦਾਰਜੀਲਿੰਗ ਚਾਹ ਦੁਨੀਆਂ ਦੀ ਸਭ ਤੋਂ ਮਹਿੰਗੀ ਚਾਹ ਇੰਗਲੈਂਡ, ਸਕੈਂਡੇਨੇਵੀਆ, ਅਮਰੀਕਾ, ਕੈਨੇਡਾ, ਤੇ ਜਪਾਨ ਵਰਗੇ ਮੁਲਕਾਂ ਨੂੰ ਨਿਰਯਾਤ ਕੀਤੀ ਜਾਂਦੀ ਹੈ। ਭਾਰਤ ਵਿੱਚ ਸਭ ਤੋਂ ਜ਼ਿਆਦਾ 50 ਪ੍ਰਤੀਸ਼ਤ ਚਾਹ ਅਸਾਮ ਵਿੱਚ ਤੇ ਪੱਛਮੀ ਬੰਗਾਲ ਵਿੱਚ 30 ਪ੍ਰਤੀਸ਼ਤ ਚਾਹ ਪੈਦਾ ਕੀਤੀ ਜਾਂਦੀ ਹੈ। ਸੰਸਾਰ ਪੱਧਰ 'ਤੇ 40 ਪ੍ਰਤੀਸ਼ਤ ਚਾਹ ਪੈਦਾ ਕਰ ਕੇ ਚੀਨ ਪਹਿਲੇ ਨੰਬਰ 'ਤੇ ਸੀ ਜਦੋਂ ਕਿ 2019 ਤੱਕ 31 ਪ੍ਰਤੀਸ਼ਤ ਚਾਹ ਪੈਦਾ ਕਰਕੇ ਭਾਰਤ ਦੂਸਰੇ ਨੰਬਰ ਤੇ ਸੀ।

## ਸੁੰਦਰਬਨ: ਸੰਸਾਰ ਵਿੱਚ ਸਭ ਤੋਂ ਵੱਧ ਪਟਸਨ ਉਤਪਾਦਕ ਖੇਤਰ (Sundarbans: Largest Jute Producing Region)




ਸੁੰਦਰਬਨ ਸੰਸਾਰ ਦਾ ਸਭ ਤੋਂ ਵੱਡਾ ਚਾਪਆਕਾਰੀ (Arcuate Delta) ਡੈਲਟਾ ਹੈ। ਗੰਗਾ ਤੇ ਬ੍ਰਹਮਪੁੱਤਰ ਦਰਿਆ ਉਪਜਾਊ ਜਲੋਢ ਦਾ ਨਿਖੇਪ ਕਰਕੇ ਜਲੋਢੀ ਡੈਲਟਾਈ ਮੈਦਾਨ ਬਣਾਉਂਦੇ ਹਨ। ਇਹ ਮੈਦਾਨ ਪਟਸਨ ਤੇ ਚੌਲਾਂ ਦੀ ਖੇਤੀ ਲਈ ਸਭ ਤੋਂ ਵੱਧ ਸਹੀ ਹਨ। ਸੁੰਦਰਬਨ ਭਾਰਤ ਤੇ ਬੰਗਲਾਦੇਸ਼ ਵਿੱਚ ਫੈਲਿਆ ਹੋਇਆ ਹੈ। ਇਥੋਂ ਦੇ ਹਾਲਾਤ ਪਟਸਨ ਦੀ ਖੇਤੀ ਲਈ ਸਭ ਤੋਂ ਵਧੀਆ ਹਨ ਉਪਜਾਊ ਮਿੱਟੀਆਂ ਤੇ ਪਾਣੀ ਦੀ ਉਪਲੱਬਧਤਾ ਕਾਰਨ ਸੰਸਾਰ ਦੀ 85 ਪ੍ਰਤੀਸ਼ਤ ਪਟਸਨ ਇੱਥੇ ਪੈਦਾ ਕੀਤੀ ਜਾਂਦੀ ਹੈ। ਭਾਰਤ ਵਿੱਚ ਸੰਸਾਰ ਦੀ 50 ਪ੍ਰਤੀਸ਼ਤ ਤੇ ਬੰਗਲਾ ਦੇਸ਼ ਵਿੱਚ 42 ਪ੍ਰਤੀਸ਼ਤ ਪਟਸਨ ਪੈਦਾ ਹੁੰਦੀ ਹੈ। ਭਾਰਤ ਦੇ ਤਿੰਨ ਰਾਜ ਪੱਛਮੀ ਬੰਗਾਲ, ਬਿਹਾਰ ਤੇ ਆਸਾਮ ਭਾਰਤ ਦੀ 98 ਪ੍ਰਤੀਸ਼ਤ ਪਟਸਨ ਪੈਦਾ ਕਰਦੇ ਹਨ।

## ਕਰਨਾਟਕ: ਭਾਰਤ ਦਾ ਕੌਫ਼ੀ ਘਰ (Karnatak: Coffee House of India)



ਭਾਰਤ ਸੰਸਾਰ ਦੀ 3.5 ਪ੍ਰਤੀਸ਼ਤ ਕੌਫ਼ੀ ਪੈਦਾ ਕਰਦਾ ਹੈ। ਇਥੇ ਪੈਦਾ ਹੋਣ ਵਾਲੀ 73 ਪ੍ਰਤੀਸ਼ਤ ਕੌਫ਼ੀ ਰੋਬਸਟਾ ਤੇ 27 ਪ੍ਰਤੀਸ਼ਤ ਕੌਫ਼ੀ ਅਰੇਬਿਕਾ ਕਿਸਮ ਦੀ ਹੁੰਦੀ ਹੈ। ਭਾਰਤ ਦੀ ਦੋ ਤਿਹਾਈ 2/3 ਕੌਫ਼ੀ ਸਿਰਫ਼ ਕਰਨਾਟਕਾ ਵਿੱਚ ਪੈਦਾ ਹੁੰਦੀ ਹੈ। ਪੱਛਮੀ ਘਾਟ ਦੇ ਪਹਾੜ, ਦਰੱਖਤਾਂ ਦੀ ਛਾਂ, 150 ਸੈਂਟੀਮੀਟਰ ਦੀ ਔਸਤ ਵਰਖਾ ਤੇ ਸਿੱਖਿਅਤ ਮਜ਼ਦੂਰ ਕੌਫ਼ੀ ਉਤਪਾਦਨ ਲਈ

ਬੇਹਤਰੀਨ ਹਾਲਾਤ ਪੈਦਾ ਕਰਦੇ ਹਨ। ਕਰਨਾਟਕ ਦੇ ਚਿਕਮੰਗਲੂਰ, ਕੋਡਗੂ, ਤੇ ਹਸਨ ਜ਼ਿਲ੍ਹੇ ਕੌਫ਼ੀ ਦੀ ਖੇਤੀ ਲਈ ਸਭ ਤੋਂ ਜ਼ਿਆਦਾ ਮਹੱਤਵਪੂਰਨ ਹਨ। ਕੋਡਗੂ ਜ਼ਿਲ੍ਹੇ ਵਿੱਚ ਕਰਨਾਟਕ ਦੀ 50 ਪ੍ਰਤੀਸ਼ਤ ਕੌਫ਼ੀ ਪੈਦਾ ਕੀਤੀ ਜਾਂਦੀ ਹੈ। ਮੈਸੂਰ ਤੇ ਸ਼ਿਮੋਗਾ ਜ਼ਿਲ੍ਹੇ ਵੀ ਕੌਫ਼ੀ ਦੇ ਉਤਪਾਦਨ ਲਈ ਪ੍ਰਸਿੱਧ ਹਨ। ਮਾਰਚ ਤੋਂ ਮਈ ਦੇ ਮਹੀਨਿਆਂ ਵਿੱਚ ਪੈਣ ਵਾਲੀ ਚੈਰੀ 'ਬਲੌਸਮ' ਵਾਛੜ ਲੋੜੀਂਦੀ ਨਮੀ ਮੁਹੱਈਆ ਕਰਵਾਉਂਦੀ ਹੈ। ਇਸ ਨਾਲ ਕੌਫ਼ੀ ਦੀਆਂ ਫ਼ਲੀਆਂ ਪੱਕਣ 'ਚ ਮਦਦ ਮਿਲਦੀ ਹੈ। ਕੌਫ਼ੀ ਦੇ ਮਹਿੰਗੇ ਭਾਅ ਹੋਣ ਕਰਕੇ 80 ਪ੍ਰਤੀਸ਼ਤ ਕੌਫ਼ੀ ਪੱਛਮੀ ਦੇਸ਼ਾਂ ਨੂੰ ਨਿਰਯਾਤ ਕਰ ਦਿੱਤੀ ਜਾਂਦੀ ਹੈ।

## ਤਰਾਈ ਖੇਤਰ: ਰਿਵਾਇਤੀ ਗੰਨਾ ਉਤਪਾਦਕ ਪੇਟੀ (Tarai Region: Traditional Sugarcane belt of India)



ਤਰਾਈ ਦਾ ਇਲਾਕਾ ਹਿਮਾਲਿਆ ਦੇ ਪੈਰਾਂ ਵਿੱਚ ਦਲਦਲੀ ਭੂਮੀ ਵਾਲਾ ਇਲਾਕਾ ਹੈ ਜੋ ਪੱਛਮ ਤੋਂ ਪੂਰਬ ਤੱਕ ਹਿਮਾਲਿਆ ਦੇ ਨਾਲ-ਨਾਲ ਚਲਦਾ ਹੈ। ਤਰਾਈ ਦੀ ਗੰਨਾ ਪੱਟੀ (Belt) ਉਤਰਾਖੰਡ, ਉੱਤਰ ਪ੍ਰਦੇਸ਼, ਬਿਹਾਰ ਤੇ ਅਸਾਮ ਰਾਜਾਂ ਵਿੱਚ ਯਮੁਨਾ ਤੋਂ ਬ੍ਰਹਮਪੁੱਤਰ ਦਰਿਆਵਾਂ ਵਿਚਾਲ਼ੇ ਚਲਦੀ ਹੈ। ਇਥੇ ਗਰਮ ਤੇ ਤਰ ਜਲਵਾਯੂ ਹਾਲਤਾਂ ਗੰਨੇ ਦੀ ਖੇਤੀ ਨੂੰ ਉਤਸ਼ਾਹਿਤ ਕਰਦੀਆਂ ਹਨ। ਹਰਿਦੁਆਰ, ਊਧਮ ਸਿੰਘ ਨਗਰ, ਪੀਲੀਭੀਤ, ਲਖੀਮਪੁਰ ਖੇੜੀ, ਪੱਛਮੀ ਤੇ ਪੂਰਬੀ ਚੰਪਾਰਨ, ਸੀਤਾਮੜੀ, ਮਧੁਬਣੀ, ਸਿਲੀਗੁੜੀ ਤੇ ਜਲਪਾਈ ਗੁੜੀ ਜ਼ਿਲ੍ਹੇ ਗੰਨੇ ਦੀ ਖੇਤੀ ਲਈ ਪ੍ਰਸਿੱਧ ਜ਼ਿਲ੍ਹੇ ਹਨ। ਸਰਦੀ ਦੇ ਮੌਸਮ ਵਿੱਚ ਕੋਹਰਾ ਤੇ ਗਰਮੀਆਂ ਵਿੱਚ ਜ਼ਿਆਦਾ ਗਰਮੀ ਕਾਰਨ ਪ੍ਰਤੀ ਹੈਕਟੇਅਰ ਝਾੜ ਵਿੱਚ ਕਮੀ ਆ ਜਾਂਦੀ ਹੈ। ਜਦੋਂ ਕਿ (ਰਾਸ਼ਟਰੀ ਔਸਤ 70 ਟੱਨ ਪ੍ਰਤੀ ਹੈਕਟੇਅਰ ਹੈ)। ਇਸ ਖਿੱਤੇ ਵਿੱਚ ਖੰਡ ਬਣਾਉਣ ਵਾਲੇ ਸੈਂਕੜੇ ਕਾਰਖ਼ਾਨੇ ਲਗਾਏ ਗਏ ਹਨ। ਉੱਤਰ ਪ੍ਰਦੇਸ਼ ਸਭ ਤੋਂ ਜ਼ਿਆਦਾ ਗੰਨਾ ਉਤਪਾਦਨ ਕਰਨ ਵਾਲਾ ਰਾਜ ਹੈ। ਇੱਥੇ ਭਾਰਤ ਦੇ 39 ਪ੍ਰਤੀਸ਼ਤ ਗੰਨਾ, ਤੇ 33 ਪ੍ਰਤੀਸ਼ਤ ਖੰਡ ਦਾ ਉਤਪਾਦਨ ਹੁੰਦਾ ਹੈ।

## ਕਾਲ਼ੀ ਮਿੱਟੀ ਵਾਲਾ ਕਪਾਹ ਉਤਪਾਦਨ ਦਾ ਖੇਤਰ (Cotton producing regions of Black soils)



ਮਹਾਰਾਸ਼ਟਰ, ਗੁਜਰਾਤ ਦੇ ਖੇਤਰ, ਕਰਨਾਟਕ ਤੇ ਤੇਲੰਗਾਨਾ ਦਾ ਦੱਖਣੀ ਪਠਾਰ ਦਾ ਖਿੱਤਾ ਆਪਣੀਆਂ ਕਾਲੀਆਂ ਮਿੱਟੀਆਂ ਲਈ ਮਸ਼ਹੂਰ ਹੈ। ਇਹ ਮਿੱਟੀਆਂ ਬਸਾਲਟ ਲਾਵੇ ਤੋਂ ਬਣੀਆਂ ਹਨ ਤੇ ਇਹਨਾਂ ਵਿੱਚ ਚੀਕਣੀ ਮਿੱਟੀ ਦੀ ਮਾਤਰਾ ਜ਼ਿਆਦਾ ਹੈ। ਇਹਨਾਂ ਮਿੱਟੀਆਂ ਵਿੱਚ ਗਰਮੀ ਦੇ ਮੌਸਮ ਵਿੱਚ ਤਰੇੜਾਂ ਪੈ ਜਾਂਦੀਆਂ ਹਨ। ਲੋਹੇ ਤੇ ਅੰਸ਼ ਜ਼ਿਆਦਾ ਹੋਣ ਕਾਰਨ ਪੌਣਾਂ ਤੇ ਪਾਣੀ ਦਾ ਅਪਰਦਨ ਘੱਟ ਹੁੰਦਾ ਹੈ। ਇਸ ਮਿੱਟੀ ਵਿੱਚ ਹਿਊਮਸ ਜਾਂ ਮਲ੍ਹੜ ਦੀ ਮਾਤਰਾ ਘੱਟ ਹੋਣ ਦੇ ਬਾਵਜੂਦ ਪਾਣੀ ਨੂੰ ਰੋਕਣ ਦੀ ਸਮਰੱਥਾ ਜ਼ਿਆਦਾ ਹੁੰਦੀ ਹੈ। ਗਰਮ ਊਸ਼ਣ ਜਲਵਾਯੂ ਤੇ ਮਿੱਟੀ ਕਾਰਨ ਇੱਥੇ ਕਪਾਹ ਦੀ ਖੇਤੀ ਲਈ ਮੁਫ਼ੀਦ ਹਾਲਾਤ ਹਨ। ਮਹਾਰਾਸ਼ਟਰ ਤੇ ਗੁਜਰਾਤ ਵਿੱਚ ਪੈਦਾ ਹੋਈ ਕਪਾਹ ਮੁੰਬਈ, ਅਹਿਮਦਾਬਾਦ, ਤੇ ਸੂਰਤ ਦੇ ਕਾਰਖਾਨਿਆਂ ਵਿੱਚ ਕੱਪੜਾ ਮਿੱਲਾਂ ਵਿੱਚ ਹੀ ਵਰਤ ਲਈ ਜਾਂਦੀ ਹੈ।

## ਅਸਾਮ ਦੇ ਚਾਹ ਦੇ ਬਾਗ਼ (Assam: Tea Gardens of India)

ਆਸਾਮ ਤੇ ਇਸ ਦੇ ਨਾਲ ਲਗਦੇ ਰਾਜਾਂ ਵਿੱਚ ਅੰਗਰੇਜ਼ਾਂ ਨੇ ਵੱਡੇ ਪੈਮਾਨੇ ਤੇ ਜੰਗਲਾਂ ਦੀ ਕਟਾਈ ਕਰਕੇ ਚਾਹ ਦੇ ਬਾਗ ਲਗਾਏ ਸਨ। ਚਾਹ ਦੀ ਝਾੜੀ ਊਸ਼ਣ ਤੇ ਉਪ-ਊਸ਼ਣ ਜਲਵਾਯੂ ਦਾ ਪੌਦਾ ਹੈ, ਤੇ ਅਸਾਮ ਦੀ ਗਰਮ ਤੇ ਤਰ ਜਲਵਾਯੂ ਵਿੱਚ ਵਧੀਆ ਵੱਧਦਾ ਫੁੱਲਦਾ ਹੈ। 20° ਤੋਂ 30° ਡਿਗਰੀ ਸੈਲਸੀਅਸ ਤਾਪਮਾਨ ਤੇ 150 ਤੋਂ 300 ਸੈਂਟੀਮੀਟਰ ਸਲਾਨਾ ਵਰਖਾ ਚਾਹ ਦੀ ਖੇਤੀ ਲਈ ਬੇਹਰਤੀਨ ਹੈ। ਇਸ ਤੋਂ ਇਲਾਵਾ ਨਮੀ, ਤ੍ਰੇਲ ਤੇ ਸਵੇਰ

ਦੀ ਧੁੰਦ ਚਾਹ ਦੇ ਪੌਦੇ ਦੇ ਵਧਣ-ਫੁੱਲਣ ਲਈ ਵਧੀਆ ਹਨ। ਸਿੱਖਿਅਤ ਮਜ਼ਦੂਰ ਪੱਤੀਆਂ ਤੋੜਨ ਦੇ ਚਾਹ ਦੇ ਬਾਗਾਂ ਦੀ ਸੰਭਾਲ ਕਰਦੇ ਹਨ। ਭਾਰਤ ਦੇ ਕੁਲ ਚਾਹ ਉਤਪਾਦਨ ਦਾ 52 ਪ੍ਰਤੀਸ਼ਤ ਹਿੱਸਾ ਅਸਾਮ ਵਿੱਚ ਪੈਦਾ ਹੁੰਦਾ ਹੈ।

**ਤੱਥ IV:—**

ਚਾਹ ਦੇ ਬਾਗਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦਾ ਸਮਾਂ, ਭਾਰਤ ਦੇ ਮਾਨਕ ਸਮੇਂ 82° 30 ਮਿੰਟ ਦੇਸ਼ਾਂਤਰ ਰੇਖਾ ਤੋਂ ਇੱਕ ਘੰਟਾ ਅੱਗੇ ਹੈ। ਉਹਨਾਂ ਦੇ ਸਮੇਂ ਨੂੰ ਚਾਹ ਬਾਗਾਨ ਸਮਾਂ (Chai Bagan Time) ਕਿਹਾ ਜਾਂਦਾ ਹੈ। ਇਹ ਸਮਾਂ ਸੂਰਜ ਦੀ ਰੌਸ਼ਨੀ ਦਾ ਪੂਰਾ ਲਾਹਾ ਲੈਣ ਲਈ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ।

## ਕੇਰਲ: ਮਸਾਲਿਆਂ ਦੇ ਬਾਗ (Kerala:Garden of Spices)



ਭਾਰਤ ਦਾ ਕੇਰਲ ਰਾਜ ਨੀਵੇਂ ਅਕਸ਼ਾਂਸ਼ਾਂ ਵਿੱਚ ਸਥਿਤ ਹੋਣ ਕਾਰਨ ਗਰਮ ਤੇ ਤਰ ਜਲਵਾਯੂ ਵਾਲਾ ਰਾਜ ਹੈ। ਇਸ ਦੇ ਤੱਟੀ ਮੈਦਾਨਾਂ ਵਿੱਚ ਨਦੀਆਂ ਦੁਆਰਾ ਲਿਆ ਕੇ ਉਪਜਾਊ ਜਲੋੜੀ ਮਿੱਟੀ ਦੇ ਮਾਲਾਬਾਰ ਦੇ ਇਲਾਕੇ ਤੇ ਪੱਛਮੀ ਘਾਟ ਦੀਆਂ ਮਿੱਟੀਆਂ ਮਸਾਲਿਆਂ ਦੀ ਖੇਤੀ ਲਈ ਸਭ ਤੋਂ ਬੇਹਤਰੀਨ ਹਨ। ਕੇਰਲ ਵਿੱਚ ਕਾਲੀ ਮਿਰਚ, ਹਲਦੀ, ਛੋਟੀ ਇਲਾਇਚੀ, ਅਧਰਕ, ਲੌਂਗ, ਵਨੇਲਾ, ਕੈਮਬੋਜ (ਮਾਲਾਬਾਰ ਦੀ ਇਮਲੀ), ਸੁਪਾਰੀ, ਦਾਲਚੀਨੀ, ਕੈਮੀਆ (ਦਰੱਖਤ ਦੀ ਛਿਲੱੜ) ਆਦਿ ਦੀ ਪੈਦਾਵਾਰ ਕੀਤੀ ਜਾਂਦੀ ਹੈ। ਰੂਮ ਸਾਗਰੀ ਖੇਤਰ ਤੇ ਮੱਧ-ਪੂਰਬੀ ਮੁਲਕ ਮਸਾਲਿਆਂ ਦਾ ਬਾਜ਼ਾਰ ਹਨ। 7ਵੀਂ ਸ਼ਤਾਬਦੀ ਤੋਂ, ਮਸਾਲਿਆਂ ਦੇ ਵਪਾਰ ਦਾ ਇਹ ਪ੍ਰਾਚੀਨ ਰਸਤਾ ਅਰਬ ਸਾਗਰ, ਲਾਲ ਸਾਗਰ ਤੋਂ ਹੁੰਦਾ ਹੋਇਆ ਨੀਲ ਦਰਿਆ ਤੱਕ ਜਾਂਦਾ ਹੈ।

**ਤੱਥ V :—**

ਕਾਲੀ ਮਿਰਚ ਨੂੰ ਮਸਾਲਿਆਂ ਦਾ ਰਾਜਾ ਤੇ ਇਲਾਇਚੀ ਨੂੰ ਖੁਸ਼ਬੂਦਾਰ ਮਸਾਲਿਆਂ ਦੀ ਰਾਣੀ ਕਿਹਾ ਜਾਂਦਾ ਹੈ।

## ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦਾ ਖੇਤੀਬਾੜੀ ਦੇ ਵਿਕਾਸ ਵਿੱਚ ਯੋਗਦਾਨ:




ਭਾਰਤ ਵਿੱਚ ਪਹਿਲੀ ਖੇਤੀਬਾੜੀ ਯੂਨੀਵਰਸਿਟੀ ਸੰਨ 1960 ਵਿੱਚ ਪੰਤ ਨਗਰ (ਉੱਤਰ ਪ੍ਰਦੇਸ਼) ਵਿੱਚ ਸਥਾਪਤ ਕੀਤੀ ਗਈ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਥਾਪਨਾ ਸੰਨ 1962 ਵਿੱਚ ਕੀਤੀ ਗਈ ਸੀ। ਸੰਨ 2006 ਵਿੱਚ ਵੈਟਨੇਰੀ ਸਾਇੰਸਿਜ਼ ਨੂੰ ਨਿਵੇਕਲੀ ਪਛਾਣ ਦਿੰਦਿਆਂ ਗੁਰੂ ਅੰਗਦ ਦੇਵ ਵੈਟਨੇਰੀ ਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਲੁਧਿਆਣਾ ਬਣਾ ਦਿੱਤੀ ਗਈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਪੰਜਾਬ ਵਿੱਚ ਅਨਾਜ ਦੇ ਉਤਪਾਦਨ ਤੇ ਹਰੀ ਕ੍ਰਾਂਤੀ ਦੀ ਕਾਮਯਾਬੀ ਵਿੱਚ ਸਭ ਤੋਂ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਦੁਧਾਰੂ ਪਸ਼ੂਆਂ ਤੇ ਮੁਰਗੀਪਾਲਣ ਦੇ ਵਿਕਾਸ ਵਿੱਚ ਵੀ ਖੇਤੀਬਾੜੀ ਯੂਨੀਵਰਸਿਟੀ ਨੇ ਸਾਥ ਦਿੱਤਾ ਹੈ। ਖੇਤੀਬਾੜੀ ਸੰਬਧੀ ਖੋਜਾਂ, ਸਿੱਖਿਆ ਵਿੱਚ ਪ੍ਰਾਪਤੀਆਂ ਕਾਰਨ ਸੰਨ 1995 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ 'ਬੈਸਟ ਯੂਨੀਵਰਸਿਟੀ' ਦਾ ਖ਼ਿਤਾਬ ਦਿੱਤਾ ਗਿਆ ਸੀ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨਾਲ ਖੇਤੀਬਾੜੀ ਕਾਲਜ, ਘਰੇਗੀ ਵਿਗਿਆਨ ਦਾ ਕਾਲਜ, ਬੇਸਿਕ ਸਾਇੰਸਿਜ਼ ਤੇ ਹਿਊਮੈਨੀਟੀਜ਼ ਚਾਰ ਕਾਲਜ ਹਨ। ਇਹਨਾਂ ਵਿੱਚ 28 ਵਿਭਾਗ ਹਨ ਜਿਨ੍ਹਾਂ ਨਾਲ 31 ਮਾਸਟਰ ਡਿਗਰੀਆਂ (ਪੋਸਟ ਗ੍ਰੈਜੂਏਟ) ਤੇ ਪੀ ਐਚ. ਡੀ ਪ੍ਰੋਗਰਾਮ ਜੁੜੇ ਹੋਏ ਹਨ।

ਕੇਂਦਰੀ ਪੋਸਟ ਹਾਰਵੈਸਟਿੰਗ ਇੰਸਟੀਚਿਊਟ ਐਂਡ ਤਕਨਾਲੋਜੀ-ਸਿਫਟ (The Central Institute of Post-Harvesting Engineering and Technology-CIPHET) ਦੀ ਸਥਾਪਨਾ 29 ਦਸੰਬਰ 1989 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕੈਂਪਸ ਵਿੱਚ ਕੀਤੀ ਗਈ ਸੀ। ਇਸ ਦਾ ਕੰਮ ਫ਼ਸਲਾਂ ਦੀ ਕਟਾਈ ਦੇ ਬਾਅਦ ਜਿਣਸਾਂ ਦੀ ਬਰਬਾਦੀ ਨੂੰ ਰੋਕਣਾ ਹੈ। ਕਿਸਾਨਾਂ ਦੇ ਮੁਨਾਫ਼ੇ ਤੇ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਕਰਨ ਖੇਤੀ ਬਿਜ਼ਨੈਸ, ਸੁਰੱਖਿਅਤ ਖਾਣੇ ਨੂੰ ਘਰੇਲੂ ਤੇ ਵਿਦੇਸ਼ੀ ਮੰਡੀਆਂ ਵਿੱਚ ਬਰਾਮਦ (Export) ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ।

### ਭਾਰਤ ਦੀ ਖੇਤੀਬਾੜੀ ਦਾ ਸੰਸਾਰ ਵਿੱਚ ਦਰਜਾ

| ਫ਼ਸਲ | ਸੰਸਾਰ ਦੇ ਕੁਲ ਉਤਪਦਨ ਵਿੱਚ ਪ੍ਰਤੀਸ਼ਤਤਾ | ਦਰਜਾ/ਸਥਾਨ |
|---|---|---|
| ਕਪਾਹ | 25% | ਸਭ ਤੋਂ ਵੱਡਾ ਉਤਪਾਦਕ |
| ਪਟਸਨ | 50% | ਸਭ ਤੋਂ ਵੱਡਾ ਉਤਪਾਦਕ |
| ਛੋਟੀ ਇਲਾਇਚੀ | 33% | ਸਭ ਤੋਂ ਵੱਡਾ ਉਤਪਾਦਕ |
| ਦੁੱਧ | 41% | ਸਭ ਤੋਂ ਵੱਡਾ ਉਤਪਾਦਕ |
| ਕਣਕ | 14% | ਦੂਸਰਾ ਸਭ ਤੋਂ ਵੱਡਾ ਉਤਪਾਦਕ |
| ਚਾਹ | 31% | ਦੂਸਰਾ ਸਭ ਤੋਂ ਵੱਡਾ ਉਤਪਾਦਕ |
| ਚੌਲ | 24% | ਦੂਸਰਾ ਸਭ ਤੋਂ ਵੱਡਾ ਉਤਪਾਦਕ |
| ਗੰਨਾ | 20% | ਦੂਸਰਾ ਸਭ ਤੋਂ ਵੱਡਾ ਉਤਪਾਦਕ |
| ਸਬਜ਼ੀਆਂ | 15% | ਦੂਸਰਾ ਸਭ ਤੋਂ ਵੱਡਾ ਉਤਪਾਦਕ |
| ਤੰਮਾਕੂ | 12.5% | ਤੀਸਰਾ ਸਭ ਤੋਂ ਵੱਡਾ ਉਤਪਾਦਕ |

ਭਾਰਤ ਸੰਸਾਰ ਵਿੱਚ ਕੇਲ, ਅਮਰੂਦ, ਅੰਬ, ਸੁੱਕੀਆਂ ਫ਼ਲੀਆਂ, ਕਾਬੁਲੀ ਛੋਲੇ, ਦਾਲਾਂ, ਬਾਜਰਾ, ਅਦਰਕ, ਭਿੰਡੀ, ਨਿੰਬੂ, ਮਸਾਲਿਆਂ ਤੇ ਬਾਗ਼ਬਾਨੀ ਫ਼ਸਲਾਂ ਦਾ ਸਭ ਤੋਂ ਵੱਡਾ ਉਤਪਾਦਕ ਹੈ।

**ਤੱਥ VI:—**

ਭਾਰਤ ਨੇ ਸਾਲ 2019-20 ਵਿੱਚ 292 ਮਿਲੀਅਨ (29 ਕਰੋੜ 20 ਲੱਖ) ਟੱਨ ਅਨਾਜ ਤੇ ਦਾਲ਼ਾਂ, 321 ਮਿਲੀਅਨ (32 ਕਰੋੜ 10 ਲੱਖ) ਟਨ ਬਾਗ਼ਵਾਨੀ ਉਤਪਾਦਨ (ਸਬਜ਼ੀਆਂ, ਫੁੱਲ ਤੇ ਫ਼ਲ) ਤੇ 187 ਮਿਲੀਅਨ (18 ਕਰੋੜ 70 ਲੱਖ) ਟਨ ਦੁੱਧ ਪੈਦਾ ਕੀਤਾ।

## ਅਨਾਜ ਸੁਰੱਖਿਆ (Food Security)

ਸੰਸਾਰ ਅਨਾਜ ਸੁਰੱਖਿਆ ਦਾ ਸੂਚਕ ਅੰਕ ਸਾਲ 2012 ਵਿੱਚ ਸ਼ੁਰੂ ਕੀਤਾ ਗਿਆ ਸੀ ਜਿਸਨੂੰ ਅਰਥਸ਼ਾਸਤਰੀਆਂ ਦੁਆਰਾ ਸੋਧਿਆ ਜਾਂਦਾ ਹੈ। ਇਸ ਸੂਚੀ ਵਿੱਚ ਦਰਜ 70 ਪ੍ਰਤੀਸ਼ਤ ਮੁਲਕ ਆਪਣੀ ਵੱਧਦੀ ਹੋਈ ਵਸੋਂ ਨੂੰ ਅਨਾਜ ਮੁਹੱਈਆ ਕਰਵਾਉਣ ਦੀ ਬਿਹਤਰ ਕੋਸ਼ਿਸ਼ ਕਰ ਰਹੇ ਹਨ। ਸੰਸਾਰ ਦੀ ਤੇਜ਼ੀ ਨਾਲ ਵੱਧਦੀ ਅਬਾਦੀ ਤੇ ਘੱਟ ਰਹੇ ਅਨਾਜ ਦੇ ਉਤਪਾਦਨ ਨਾਲ ਦਿਨੋਂ-ਦਿਨ ਅਨਾਜ ਮੁਹੱਈਆ ਕਰਵਾਉਣ ਦੀ ਦੇਸ਼ਾਂ ਦੀ ਕੋਸ਼ਿਸ਼ ਅਸਫ਼ਲ ਹੁੰਦੀ ਨਜ਼ਰ ਆ ਰਹੀ ਹੈ। ਸੰਸਾਰ


Global Hunger Index is out, India in 'serious' category at rank 107

Food for thought

ਦਾ ਇਹ ਅਨਾਜ ਸੁਰੱਖਿਆ ਦਾ ਸੂਚਕ ਅੰਕ 113 ਦੇਸ਼ਾਂ 'ਚੋਂ ਇਕੱਠਾ ਕੀਤਾ ਜਾਂਦਾ ਹੈ ਤੇ ਇਹ 28 ਸੰਕੇਤਾਂ 'ਤੇ ਅਧਾਰਤ ਹੁੰਦਾ ਹੈ। ਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਅਨਾਜ ਸੁਰੱਖਿਆ ਦਾ ਅਧਿਐਨ ਇਹਨਾਂ ਸੰਕੇਤਾਂ (Indicators) ਤੇ ਅਧਾਰਤ ਹੁੰਦਾ ਹੈ। ਅਨਾਜ ਸੁਰੱਖਿਆ ਸੂਚਕ ਅੰਕ ਵਿੱਚ ਬਦਲਦੇ ਹੋਏ ਵਾਤਾਵਰਨ ਤੇ ਜਲਵਾਯੂ ਪਰਿਵਰਤਨ ਕਾਰਨ ਕੁਦਰਤੀ ਸੋਮਿਆਂ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਵੀ ਅਧਿਐਨ ਕੀਤਾ ਜਾਂਦਾ ਹੈ। ਸਾਲ 2022 ਵਿੱਚ ਭਾਰਤ ਦਾ 113 ਦੇਸ਼ਾਂ ਵਿੱਚ 71 ਵਾਂ ਸਥਾਨ ਹੈ।

## ਸੰਸਾਰ ਭੁੱਖਮਰੀ ਦਾ ਸੂਚਕ ਅੰਕ (Global Hunger Index)

ਕਿਸੇ ਦੇਸ਼ ਦੀ ਖੁਸ਼ਹਾਲੀ ਦਾ ਜੇਕਰ ਆਲੋਚਨਾਤਮਕ ਅਧਿਐਨ ਕਰਨਾ ਹੋਵੇ ਤਾਂ ਭੁੱਖਮਰੀ ਸਭ ਤੋਂ ਵਧੀਆ ਮਾਪ-ਦੰਡ ਹੋ ਸਕਦਾ ਹੈ। ਸੰਸਾਰ ਭੁੱਖਮਰੀ ਦਾ ਸੂਚਕ ਅੰਕ ਸੰਸਾਰ, ਖੇਤਰੀ ਤੇ ਕੌਮੀ ਪੱਧਰ 'ਤੇ ਭੁੱਖਮਰੀ ਮਾਪਣ ਦਾ ਸੂਚਕ ਅੰਕ ਹੈ। ਇਹ ਸੂਚਕ ਅੰਕ ਚਾਰ ਸੰਕੇਤਾਂ 'ਤੇ ਆਧਾਰਤ ਹੈ।




(1) ਘੱਟ ਕੈਲੋਰੀ ਵਾਲੇ ਭੋਜਨ ਤੱਕ ਪਹੁੰਚ ਵਾਲੀ ਆਬਾਦੀ।

(2) ਘੱਟ ਭਾਰ ਤੇ ਕੱਦ ਵਾਲੇ ਪੰਜ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਦੀ ਪ੍ਰਤੀਸ਼ਤ।

(3) ਕੁਪੋਸ਼ਣ ਦੇ ਸ਼ਿਕਾਰ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ।

(4) ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਮੌਤ ਦੀ ਦਰ।

ਸੰਸਾਰ ਭੁੱਖਮਰੀ ਦਾ ਸੂਚਕ ਅੰਕ '0' (ਜ਼ੀਰੋ) ਤੋਂ 100 ਤੱਕ ਹੁੰਦਾ ਹੈ। ਜ਼ੀਰੋ ਸਭ ਤੋਂ ਬੇਹਤਰ ਤੇ 100 ਸਭ ਤੋਂ ਖਰਾਬ ਸੂਚਕ ਅੰਕ ਹੈ। ਕੁਲ 116 ਦੇਸ਼ਾਂ ਵਿੱਚੋਂ ਸਾਲ 2022 ਵਿੱਚ ਭਾਰਤ ਦਾ ਰੈਂਕ 107 ਹੈ। ਭਾਰਤ ਦਾ ਸੂਚਕ ਅੰਕ 29.1 ਹੈ। ਸਾਲ 2019 ਵਿੱਚ ਭਾਰਤ ਦਾ ਦਰਜਾ 116 ਦੇਸ਼ਾਂ ਵਿੱਚੋਂ 102 ਸੀ। ਸਾਡੇ ਗੁਆਂਢੀ ਮੁਲਕ ਨੇਪਾਲ (81), ਪਾਕਿਸਤਾਨ (99), ਬੰਗਲਾਦੇਸ਼ (84), ਇੰਡੋਨੇਸ਼ੀਆ (70), ਅਫਗਾਨਿਸਤਾਨ (109) ਸਾਡੇ ਤੋਂ ਬਿਹਤਰ ਸਥਿਤੀ ਵਿੱਚ ਹਨ। ਇਸ ਰਿਪੋਰਟ ਅਨੁਸਾਰ ਭਾਰਤ ਦੀ 19.3 ਪ੍ਰਤੀਸ਼ਤ ਅਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ। ਸਾਡੇ 16.3% ਪ੍ਰਤੀਸ਼ਤ ਬੱਚੇ ਕੁਪੋਸ਼ਣ ਦੇ ਸ਼ਿਕਾਰ ਹਨ।

## ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) Minimum Support Price (MSP)

ਐੱਮ. ਐੱਸ. ਪੀ ਜਾਂ ਘੱਟੋਂ ਘੱਟ ਸਮਰਥਨ ਮੁੱਲ ਉਹ ਮੁੱਲ ਹੈ ਜਿਸ 'ਤੇ ਸਰਕਾਰ ਕਿਸਾਨਾਂ ਕੋਲੋਂ ਅਨਾਜ ਦੀ ਖਰੀਦ ਕਰਦੀ ਹੈ। ਇਹ ਕੀਮਤ ਬਜ਼ਾਰ ਵਿੱਚ ਘਟਦੇ ਵਧਦੇ ਖੇਤੀਬਾੜੀ ਉਤਪਾਦਾਂ ਦੀਆਂ ਕੀਮਤਾਂ ਕਾਰਨ ਕਿਸਾਨਾਂ ਨੂੰ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਦੀ ਹੈ। ਐਮ.ਐਸ.ਪੀ ਭਾਰਤ ਸਰਕਾਰ ਦੇ ਖੇਤੀਬਾੜੀ ਕੀਮਤਾਂ ਤੇ ਮੁੱਲ ਬਾਰੇ ਕਮਿਸ਼ਨ (CACP) ਦੁਆਰਾ ਤੈਅ ਕੀਤੀ ਜਾਂਦੀ ਹੈ। ਇਹ ਭਾਰਤ

**Cost Calculation Logic**

| Acronyms | Description |
|---|---|
| A2 | Actual paid out cost |
| A2+FL | Actual paid out cost plus imputed value of family labour |
| C2 | Comprehensive cost including imputed rent and interest on owned land & capital |

ਸਰਕਾਰ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰਾਲੇ ਅਧੀਨ ਆਉਂਦੀ ਹੈ ਜਿਸ ਦੀ ਸਥਾਪਨਾ 1965 ਵਿੱਚ ਕੀਤੀ ਗਈ ਸੀ।

ਇਹ ਕਮਿਸ਼ਨ ਹਾੜੀ ਤੇ ਸਾਉਣੀ ਦੀਆਂ ਫਸਲਾਂ ਬਾਰੇ ਘੱਟੋ-ਘੱਟ ਸਮਰਥਨ ਮੁੱਲ ਦਾ ਫੈਸਲਾ ਕਰਦੀ ਹੈ। ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਲੱਗਿਆਂ ਹੇਠ ਲਿਖੇ ਕਾਰਕਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

(1) ਮੰਗ ਅਤੇ ਪੂਰਤੀ
(2) ਉਤਪਾਦਨ ਦੀ ਲਾਗਤ
(3) ਅੰਤਰਰਾਸ਼ਟਰੀ ਤੇ ਘਰੇਲੂ ਬਾਜ਼ਾਰ ਵਿੱਚ ਕੀਮਤਾਂ ਦਾ ਉਤਾਰ-ਚੜ੍ਹਾਅ।
(4) ਫ਼ਸਲਾਂ ਦੇ ਮੁੱਲ ਵਿੱਚ ਆਪਸੀ ਫ਼ਰਕ
(5) ਖੇਤੀਬਾੜੀ ਤੇ ਗ਼ੈਰ-ਖੇਤੀ ਵਸਤਾਂ ਦੇ ਵਪਾਰ ਦੀਆਂ ਸ਼ਰਤਾਂ
(6) ਉਤਪਾਦਨ ਲਾਗਤ ਤੋਂ ਘੱਟੋ-ਘੱਟ 50 ਪ੍ਰਤੀਸ਼ਤ ਮੁੱਲ ਦਾ ਅੰਤਰ
(7) ਘੱਟੋ-ਘੱਟ ਸਮਰਥਨ ਮੁੱਲ ਦਾ ਉਪਭੋਗਤਾਵਾਂ (Consumers) 'ਤੇ ਪੈਣ ਵਾਲਾ ਅਸਰ

ਸੀ.ਏ.ਸੀ.ਪੀ ਕਮਿਸ਼ਨ ਰਾਜਾਂ ਵਿੱਚ ਜਾ ਕੇ ਕਿਸਾਨਾਂ ਨੂੰ ਆਪਣੀ ਜਿਣਸ ਵੇਚਣ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਪਤਾ ਲਗਾ ਕੇ ਸਰਕਾਰ ਨੂੰ ਆਪਣੀ ਰਿਪੋਰਟ ਪੇਸ਼ ਕਰਦਾ ਹੈ ਤੇ ਸਰਕਾਰ ਦੀ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਘੱਟੋ-ਘੱਟ ਸਮਰਥਨ ਮੁੱਲ ਬਾਰੇ ਆਖ਼ਰੀ ਫ਼ੈਸਲਾ ਕਰਦੀ ਹੈ।

ਭਾਰਤ ਸਰਕਾਰ ਦੀ ਸੰਸਥਾ, ਫੂਡ ਕਾਰਪੋਰੇਸ਼ਨ ਆਫ ਇੰਡੀਆ (FCI) ਤੇ ਬਾਕੀ ਰਾਜਾਂ ਦੀਆਂ ਖਰੀਦ ਏਜੰਸੀਆਂ ਆਪਸ ਵਿੱਚ ਮਿਲ ਕੇ ਫਸਲਾਂ ਦੀ ਖਰੀਦ ਕਰਦੀਆਂ ਹਨ।

### ਐੱਮ.ਐੱਸ.ਪੀ. ਦੀ ਮਿਣਤੀ ਕਿਵੇਂ ਕੀਤੀ ਜਾਂਦੀ ਹੈ:-

ਸਵਾਮੀਨਾਥਨ ਕਮੇਟੀ ਦੇ ਫ਼ਾਰਮੂਲੇ ਅਨੁਸਾਰ ਉਤਪਾਦਨ ਲਾਗਤ ਤਿੰਨ ਤਰ੍ਹਾਂ ਨਾਲ ਤੈਅ ਕੀਤੀ ਜਾਂਦੀ ਹੈ।

(i) $A_2$ (ii) $A_2$ + FL (iii) $C_2$

(1) $A_2$ (ਏ$_2$) ਵਿੱਚ ਕਿਸਾਨ ਦਾ ਮਸ਼ੀਨਾਂ, ਖਾਦਾਂ, ਤੇਲ, ਸਿੰਜਾਈ, ਮਜ਼ਦੂਰੀ, ਤੇ ਜ਼ਮੀਨ ਦਾ ਕਿਰਾਇਆ (ਜੇ ਜ਼ਮੀਨ ਠੇਕੇ 'ਤੇ ਹੋਵੇ) ਦਾ ਖਰਚਾ ਜੋੜਿਆ ਜਾਂਦਾ ਹੈ।

(2) $A_2$ ਨਾਲ FL ਜਾਂ ਫੈਮਿਲੀ ਲੇਬਰ ਦਾ ਅਰਥ ਹੈ ਕਿ ਕਿਸਾਨ ਦੇ ਪਰਿਵਾਰਕ ਮੈਂਬਰਾਂ ਦੀ ਮਿਹਨਤ ਨੂੰ ਵੀ ਜੋੜਿਆ ਜਾਂਦਾ ਹੈ, ਜਿਸ ਦੀ ਅਦਾਇਗੀ ਪੈਸਿਆਂ 'ਚ ਨਹੀਂ ਜੋੜੀ ਜਾਂਦੀ ਹੈ।

(3) ਕੁਲ ਲਾਗਤ ਜਾਂ (Comprehensive Cost) $A_2$ + FL + ਕਿਸਾਨ ਦੀ ਜ਼ਮੀਨ ਤੇ ਕਿਰਾਇਆ, ਮਸ਼ੀਨਰੀ ਤੇ ਰੱਖ-ਰਖਾਅ ਤੇ ਬੈਂਕਾਂ ਤੋਂ ਲਏ ਕਰਜ਼ੇ 'ਤੇ ਵਿਆਜ ਨੂੰ ਵੀ ਜੋੜਿਆ ਜਾਂਦਾ ਹੈ।

(4) ਘੱਟੋ-ਘੱਟ ਸਮਰਥਨ ਮੁੱਲ ਜਾਂ ਐਮ.ਐਸ.ਪੀ (MSP) = $C_2$ + 50% ਮੁੱਲ

(5) ਭਾਰਤ ਸਰਕਾਰ $C_2$ + 15 – 19% ਘੱਟੋ-ਘੱਟ ਸਮਰਥਨ ਮੁੱਲ ਕਿਸਾਨਾਂ ਨੂੰ ਦਿੰਦੀ ਹੈ।

ਉਦਾਹਰਨ ਲਈ ਜੇ ਕਣਕ ਦੀ $C_2$ ਕੀਮਤ 1800 ਰੁਪਏ ਪ੍ਰਤੀ ਕਵਿੰਟਲ ਹੈ ਤੇ ਇਸ ਦੀ ਐਮ.ਐਸ.ਪੀ. MSP. $C_2$ + 50% = 2700 ਰੁਪਏ ਪ੍ਰਤੀ ਕਵਿੰਟਲ ਹੋਣੀ ਚਾਹੀਦੀ ਹੈ, ਪਰ ਇਸ ਸਮੇਂ ਸਰਕਾਰ ਕਿਸਾਨਾਂ ਨੂੰ 2070 ਤੋਂ - 142 ਰੁਪਏ ਪ੍ਰਤੀ ਕਵਿੰਟਲ $C_2$ + 15 ਤੋਂ 19 ਪ੍ਰਤੀਸ਼ਤ ਦੇ ਹਿਸਾਬ ਨਾਲ ਅਦਾ ਕਰ ਰਹੀ ਹੈ।

## ਪ੍ਰੋਜੈਕਟ/ਕਿਰਿਆਵਾਂ

1. ਆਪਣੇ ਪਿੰਡ ਜਾਂ ਆਸ ਪਾਸ ਦੇ ਕਿਸੇ ਪਿੰਡ ਵਿੱਚ ਜਾਓ ਤੇ ਉੱਗੀਆਂ ਹੋਈਆਂ ਫਸਲਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ। ਪਸ਼ੂਆਂ ਨੂੰ ਦੇਖੋ। ਪਿੰਡ ਦੇ ਸਰਪੰਚ ਤੇ ਹੋਰ ਮੁਹਤਬਰ ਬੰਦਿਆਂ ਨੂੰ ਮਿਲ ਕੇ ਖੇਤੀਬਾੜੀ ਦੇ ਧੰਦੇ ਦੀ ਜਾਣਕਾਰੀ ਪ੍ਰਾਪਤ ਕਰੋ ਤੇ ਹੇਠ ਲਿਖੇ ਪ੍ਰਸ਼ਨ ਪੁੱਛ ਕੇ ਨੋਟ ਕਰੋ:-
   (i) ਇੱਕ ਕੈਲੰਡਰ ਸਾਲ ਵਿੱਚ ਕਿੰਨੀਆਂ ਫਸਲਾਂ ਬੀਜੀਆਂ ਜਾਂਦੀਆਂ ਹਨ?
   (ii) ਸਰਦੀਆਂ ਤੇ ਗਰਮੀਆਂ (ਖਰੀਫ਼ ਤੇ ਰਬੀ) ਦੀਆਂ ਫਸਲਾਂ ਕਿਹੜੀਆਂ ਹਨ?

(iii) ਕਿਹੜੀਆਂ ਫਸਲਾਂ ਘੱਟ ਪਾਣੀ ਮੰਗਦੀਆਂ ਹਨ ਤੇ ਕਿਹੜੀਆਂ ਫ਼ਸਲਾਂ ਨੂੰ ਜ਼ਿਆਦਾ ਪਾਣੀ ਚਾਹੀਦਾ ਹੈ?

(iv) ਸਿੰਜਾਈ ਦੇ ਸਾਧਨ ਕਿਹੜੇ-ਕਿਹੜੇ ਹਨ?

(v) ਖੇਤੀਬਾੜੀ ਤੋਂ ਇਲਾਵਾ ਕਿਸਾਨਾਂ ਦੀ ਰੋਜ਼ੀ-ਰੋਟੀ ਦੇ ਕੀ ਸਾਧਨ ਹਨ?

(vi) ਕੀ ਕਿਸਾਨਾਂ ਦੇ ਕੋਆਪ੍ਰੇਟਿਵ ਕੋਲਡ ਸਟੋਰ ਜਾਂ ਖੇਤੀ ਉਤਪਾਦਨ ਵੇਚਣ ਵਾਲੀਆਂ ਦੁਕਾਨਾਂ ਹਨ?

(vii) ਅਨਾਜ ਦੀ ਬਜ਼ਾਰ ਤੱਕ ਪਹੁੰਚ ਕਿਵੇਂ ਹੁੰਦੀ ਹੈ?

(viii) ਮੀਂਹ ਦਾ ਪਾਣੀ ਇਕੱਠਾ ਕਰਨ ਦੀਆਂ ਤਕਨੀਕਾਂ ਲਾਗੂ ਹਨ ਜਾਂ ਨਹੀਂ?

(ix) ਨਵਿਆਉਣ ਯੋਗ ਊਰਜਾ ਦੇ ਸੋਮੇਂ ਕਿੰਨੇ ਕੁ ਵਰਤੇ ਜਾ ਰਹੇ ਹਨ?

(x) ਪਿੰਡ ਦੀਆਂ ਜੋਤਾਂ (Land Holding) ਦਾ ਰਿਕਾਰਡ ਕਿਵੇਂ ਤੇ ਕੌਣ ਸੰਭਾਲਦਾ ਹੈ?

2. ਕਿਸੇ ਵੀ ਕਿਸਾਨ ਦੇ ਘਰ ਜਾ ਕੇ ਉਥੇ ਬਜ਼ੁਰਗ ਔਰਤਾਂ ਕੋਲੋਂ ਉਹਨਾਂ ਦੀ ਜ਼ਿੰਦਗੀ ਦੇ ਖੇਤੀ ਨਾਲ ਜੁੜੇ ਤਜ਼ਰਬੇ ਪੁੱਛੋ। ਉਹ ਕਿਹੜੇ ਦਿਨ-ਤਿਹਾਰ ਮਨਾਉਂਦੇ ਸਨ। ਉਹਨਾਂ ਦੀ ਤਸਵੀਰ ਖਿੱਚ ਕੇ ਸਕੂਲ ਤੇ ਜਾਤੀ (ਆਪਣੇ) ਰਿਕਾਰਡ ਵਿੱਚ ਸਾਂਭ ਕੇ ਰੱਖੋ।

3. ਖੇਤੀਬਾੜੀ ਨਾਲ ਸੰਬਧਿਤ ਨੀਤੀਆਂ ਤੇ ਸੁਧਾਰਨਾਂ ਬਾਰੇ ਖਬਰਾਂ ਅਖਬਾਰਾਂ ਵਿੱਚੋਂ ਕੱਟ ਕੇ ਪੜ੍ਹੋ ਤੇ ਸਮੇਂ-ਸਮੇਂ ਤੇ ਉਹਨਾਂ ਵਿੱਚ ਆਉਣ ਵਾਲੀਆਂ ਤਬਦੀਲੀਆਂ ਬਾਰੇ ਆਪਣੇ ਅਧਿਆਪਕ ਨਾਲ ਚਰਚਾ ਕਰੋ।

4. ਕਿਸਾਨਾਂ ਦੇ ਸਿਰਾਂ 'ਤੇ ਵਧਦੇ ਕਰਜ਼ੇ ਤੇ ਖੁਦਕੁਸ਼ੀਆਂ ਰੋਕਣ ਲਈ ਜਮਾਤ ਵਿੱਚ ਵਾਦ-ਵਿਵਾਦ ਮੁਕਾਬਲਾ ਕਰੋ। ਇਸ ਦੇ ਹੱਲ ਆਪਣੇ ਕੋਲ਼ ਨੋਟ ਕਰੋ।

## ਅਭਿਆਸ

1. ਬਹੁ-ਚੋਣਵੇਂ ਪ੍ਰਸ਼ਨ—

(i) ਹਰੀ ਕ੍ਰਾਂਤੀ ਦਾ ਪਿਤਾਮਾ ਹੇਠ ਲਿਖਿਆਂ ਵਿੱਚੋਂ ਕਿਸਨੂੰ ਮੰਨਿਆ ਜਾ ਸਕਦਾ ਹੈ?

(ੳ) ਐੱਮ.ਐੱਸ.ਸਵਾਮੀਨਾਥਨ | (ਅ) ਐੱਮ.ਐੱਸ. ਰੰਧਾਵਾ

(ੲ) ਐੱਮ.ਐੱਸ.ਜੋਸ਼ੀ | (ਸ) ਐੱਮ.ਐੱਸ.ਕ੍ਰਿਸ਼ਨਾਮੂਰਤੀ

(ii) ਖੇਤੀਬਾੜੀ ............... ਆਰਥਿਕ ਕਿਰਿਆ ਕਹਾਉਂਦੀ ਹੈ।

(ੳ) ਮੁੱਢਲੀ | (ਅ) ਸਹਾਇਕ

(ੲ) ਤੀਸਰੇ ਦਰਜੇ ਦੀ | (ਸ) ਚੌਥੇ ਦਰਜੇ ਦੀ

(iii) ਦੇਸ਼ ਦੇ ਕਿੰਨੇ ਫ਼ੀਸਦੀ ਕਾਮੇ ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਅਧੀਨ ਹਨ?

(ੳ) 40% | (ਅ) 42%

(ੲ) 44% | (ਸ) 45%

(iv) ਖੇਤੀਬਾੜੀ (ਜ਼ਰਾਇਤ) ਦੀ ਕਿਹੜੀ ਕਿਸਮ ਪ੍ਰਾਚੀਨ ਕਹਾਉਂਦੀ ਹੈ?

(ੳ) ਗੁਜ਼ਾਰਾ ਜਾਂ ਨਿਰਬਾਹ ਖੇਤੀ | (ਅ) ਸਥਾਨ-ਅੰਤਰੀ ਖੇਤੀ

(ੲ) ਵਿਆਪਕ ਖੇਤੀ | (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

(v) HYV ਸੀਡਜ਼ ਤੋਂ ਭਾਵ ਕਿਹੋ ਜਿਹੇ ਬੀਜ ਹੈ?

(ੳ) ਹਾਈ ਯੀਲਡਿੰਗ ਵੈਰਾਇਟੀ | (ਅ) ਹਿਮਾਲਿਅਨ ਯੀਲਡਿੰਗ ਵੈਰਾਇਟੀ

(ੲ) ਹਿਊਮਿਡ ਯੈਲੋ ਵੈਰਾਇਟੀ | (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

(vi) 'ਅਪ੍ਰੇਸ਼ਨ ਫਲੱਡ' ਕਿਸ ਨਾਲ ਸਬੰਧਤ ਹੈ?

(ੳ) ਭਾਰਤ 'ਚ ਹੜ੍ਹਾਂ ਨਾਲ | (ਅ) ਦੁੱਧ ਉਤਪਾਦਨ ਨਾਲ

(ੲ) ਔਂਡਿਆ ਦੇ ਉਤਪਾਦਨ ਨਾਲ (ਸ) ਦਰਿਆਵਾਂ ਨੂੰ ਜੋੜਨ ਨਾਲ

(vii) ਚਾਹ, ਕੌਫ਼ੀ ਤੇ ਤਮਾਕੂ ਕਿਹੋ ਜਿਹੀਆਂ ਫ਼ਸਲਾਂ ਹਨ?

(ੳ) ਨਕਦ ਫ਼ਸਲਾਂ (ਅ) ਪੇਯ ਪਦਾਰਥ ਫ਼ਸਲਾਂ

(ੲ) ਖ਼ੁਰਾਕੀ ਫ਼ਸਲਾਂ (ਸ) ੳ ਤੇ ਅ. ਦੋਵੇਂ

(viii) ਸੰਸਾਰ ਦਾ ਸਭ ਤੋਂ ਵੱਡਾ ਪਟਸਨ ਉਤਪਾਦਕ ਇਲਾਕਾ ਕਿਹੜਾ ਹੈ?

(ੳ) ਪੰਜਾਬ ਦਾ ਮੈਦਾਨ (ਅ) ਕਸ਼ਮੀਰ ਦੀ ਘਾਟੀ

(ੲ) ਤਾਮਿਲਨਾਡੂ ਦੇ ਘਾਟ (ਸ) ਸੁੰਦਰਬਨ

(ix) ਤਰਾਈ ਖੇਤਰ ਕਿਸ ਉਤਪਾਦਨ ਨਾਲ ਸਬੰਧਤ ਹੈ?

(ੳ) ਚਾਹ ਉਤਪਾਦਨ (ਅ) ਤਮਾਕੂ ਉਤਪਾਦਨ

(ੲ) ਗੰਨਾ ਉਤਪਾਦਨ (ਸ) ਕਪਾਹ ਉਤਪਾਦਨ

(x) ਮਿਲਾਨ ਕਰੋ—

(i) ਝੋਨਾ, ਅਰਹਰ, ਮਾਂਹ (a) ਕਸ਼ਮੀਰ ਦੀ ਘਾਟੀ

(ii) ਵੀ. ਕੁਰੀਅਨ (b) ਹਾੜ੍ਹੀ ਦੀਆਂ ਫ਼ਸਲਾਂ

(iii) ਐੱਮ.ਐੱਸ.ਰੰਧਾਵਾ (c) ਸਾਉਣੀ ਦੀਆਂ ਫ਼ਸਲਾਂ

(iv) ਬਾਜਰਾ, ਸਰ੍ਹੋਂ, ਕਣਕ (d) ਪੰਜਾਬ ਖੇਤੀਬਾੜੀ ਯੂਨੀਵਰਸਿਟੀ

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਕੁ ਸ਼ਬਦਾਂ ਤੱਕ ਦਿਓ—**

(i) ਭਾਰਤ ਦਾ ਕਿਹੜਾ ਰਾਜ 'ਮਸਾਲਿਆਂ ਦਾ ਬਾਗ਼' ਹੈ ਤੇ ਕਿਉਂ?

(ii) ਪੰਜਾਬ ਵਿੱਚ ਖੇਤੀਬਾੜਕੀ ਦੇ ਵਿਕਾਸ ਪ੍ਰਤੀ ਖੇਤੀਬਾੜੀ ਯੂਨੀਵਰਸਿਟੀ ਦੀ ਭੂਮਿਕਾ ਉਤੇ ਸੰਖੇਪ ਨੋਟ ਲਿਖੋ।

(iii) ਗਲੋਬਲ ਹੰਗਰ ਇੰਡੈਕਸ ਤੋਂ ਕੀ ਭਾਵ ਹੈ?

(iv) ਸਾਡੇ ਲਈ ਖੇਤੀਬਾੜੀ ਦਾ ਕੀ ਮਹੱਤਵ ਹੈ?

(v) 'ਵਪਾਰਕ ਖੇਤੀ' ਉਤੇ ਇੱਕ ਨੋਟ ਲਿਖੋ।

(vi) ਸਾਉਣੀ ਦੀਆਂ ਫ਼ਸਲਾਂ ਸਬੰਧੀ ਇੱਕ ਨੋਟ ਲਿਖੋ।

(vii) ਘੱਟੋ-ਘੱਟ ਸਮਰਥਨ ਮੁੱਲ ਮਿੱਥਣ ਦੇ ਕੋਈ ਤਿੰਨ ਕਾਰਕ ਲਿਖੋ।

**3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 120 ਸ਼ਬਦਾਂ ਤੱਕ ਦਿਓ—**

(i) ਖੇਤੀਬਾੜੀ ਦੀਆਂ ਕਿਸਮਾਂ ਉਤੇ ਵਿਸਤ੍ਰਿਤ ਨੋਟ ਲਿਖੋ।

(ii) ਭਾਰਤ ਵਿੱਚ ਖੇਤੀਬਾੜੀ ਦੇ ਮੌਸਮਾਂ ਬਾਰੇ ਵਿਆਖਿਆ ਕਰੋ।

(iii) ਭਾਰਤ ਵਿੱਚ ਕਪਾਹ ਉਤਪਾਦਨ ਬਾਰੇ ਵਿਸਥਾਰ ਨਾਲ ਲਿਖੋ।

(iv) ਹੇਠ ਲਿਖਿਆਂ ਤੋਂ ਜਾਣੂ ਕਰਵਾਓ—

(ੳ) ਦੇਸ਼ ਦਾ ਕੌਫ਼ੀ ਹਾਊਸ (ਅ) ਭਾਰਤ ਦਾ ਚਾਹ ਬਾਗ਼

(ੲ) ਅਨਾਜ ਸੁਰੱਖਿਆ (ਸ) ਰਵਾਇਤੀ ਗੰਨਾ ਉਤਪਾਦਨ ਪੇਟੀ

(v) ਭਾਰਤੀ ਖੇਤੀਬਾੜੀ ਦੇ ਵਿਕਾਸ ਵਿੱਚ ਯੂਨੀਵਰਸਿਟੀਆਂ ਦੀ ਕੀ ਭੂਮਿਕਾ ਹੈ?

# ਖਣਿਜ ਪਦਾਰਥ ਤੇ ਊਰਜਾ ਦੇ ਸਰੋਤ

# 5

## (MINERALS AND ENERGY RESOURCES)

ਖਣਿਜ ਪਦਾਰਥ ਸਾਡੀਆਂ ਜ਼ਿੰਦਗੀਆਂ ਦਾ ਅਨਿੱਖੜਵਾਂ ਅੰਗ ਹਨ ਕਿਉਂਕਿ ਇਕ ਨਿੱਕੀ ਜਿਹੀ ਸੂਈ ਤੋਂ ਅੰਬਰ ਛੂੰਹਦੀ ਇਮਾਰਤ ਜਾਂ ਵੱਡੇ ਸਾਗਰੀ ਬੇੜੇ ਤੱਕ, ਜੋ ਕੁਝ ਵੀ ਅਸੀਂ ਵਰਤਦੇ ਹਾਂ, ਸਭ ਖਣਿਜ ਪਦਾਰਥਾਂ ਤੋਂ ਹੀ ਬਣਦਾ ਹੈ। ਰੇਲ ਲੀਹਾਂ, ਪੱਕੀਆਂ ਸੜਕਾਂ, ਸਾਡੇ ਸਾਰੇ ਸੰਦ ਤੇ ਮਸ਼ੀਨਾਂ ਆਦਿ ਖਣਿਜਾਂ ਤੋਂ ਹੀ ਬਣੇ ਹਨ। ਕਾਰਾਂ, ਬਸਾਂ, ਰੇਲ ਗੱਡੀਆਂ, ਹਵਾਈ ਜਹਾਜ਼ ਆਦਿ ਨਾ ਸਿਰਫ਼ ਖਣਿਜਾਂ ਤੋਂ ਬਣੇ ਹਨ, ਸਗੋਂ ਇਹ ਤਾਂ ਚੱਲਦੇ ਵੀ ਧਰਤੀ ਤੋਂ ਪ੍ਰਾਪਤ ਕੀਤੀ ਖਣਿਜ ਊਰਜਾ ਦੇ ਸਹਾਰੇ ਹੀ ਹਨ। ਇੱਥੋਂ ਤੱਕ ਕਿ ਜਿਹੜਾ ਭੋਜਨ ਅਸੀਂ ਖਾਂਦੇ ਹਾਂ, ਉਸ ਵਿਚ ਵੀ ਖਣਿਜ ਸ਼ਾਮਲ ਹੁੰਦੇ ਹਨ। ਜੀਵਨ ਦੇ ਹਰ ਮੋੜ, ਹਰ ਪੱਧਰ 'ਤੇ ਮਨੁੱਖਾਂ ਨੂੰ ਖਣਿਜਾਂ ਦੀ ਲੋੜ ਹੁੰਦੀ ਹੈ ਚਾਹੇ ਰੋਜ਼ੀ-ਰੋਟੀ ਹੋਵੇ, ਫ਼ੱਬ-ਸਜਾਵਟ ਹੋਵੇ, ਤਿੱਥ-ਤਿਉਹਾਰ ਹੋਵੇ, ਧਾਰਮਿਕ ਜਾਂ ਕੋਈ ਹੋਰ ਰਸਮਾਂ-ਰਿਵਾਜ ਹੋਣ, ਖਣਿਜਾਂ ਦੀ ਵਰਤੋਂ ਹਰ ਮੌਕੇ ਹੁੰਦੀ ਹੈ।

### ਖਣਿਜ ਪਦਾਰਥ ਕੀ ਹੁੰਦੇ ਹਨ ? (What are minerals ?)

ਭੂ-ਗਰਭ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ (ਖਣਿਜ) ਕੁਦਰਤੀ ਤੌਰ 'ਤੇ ਬਣੇ ਆਪਸ ਵਿਚ ਇੱਕੋ ਜਿਹੇ ਪਦਾਰਥ ਹੁੰਦੇ ਹਨ ਜਿਨ੍ਹਾਂ ਦੀ ਅੰਦਰੂਨੀ ਸੰਰਚਨਾ ਵਿਆਖਿਆਮਈ ਹੁੰਦੀ ਹੈ। ਕੁਦਰਤ ਦੀ ਇਹ ਦੇਣ, ਹੀਰੇ ਵਰਗੇ ਸਖ਼ਤ ਖਣਿਜ ਤੋਂ ਲੈ ਕੇ ਪਾਊਡਰ ਵਾਂਗ ਨਰਮ ਖਣਿਜ ਤੱਕ ਕੁਝ ਵੀ ਹੋ ਸਕਦੀ ਹੈ।

### ਇਨ੍ਹਾਂ ਵਿਚ ਵਖਰੇਵਾਂ ਕਿਉਂ ਹੁੰਦਾ ਹੈ ? (Why minerals are so varied ?)

ਤੁਸੀਂ ਚਟਾਨਾਂ ਬਾਰੇ ਪਹਿਲਾਂ ਹੀ ਪੜ੍ਹਿਆ ਹੈ ਕਿ ਚਟਾਨਾਂ, ਇਕੋ ਜਿਹੀ ਖਣਿਜ ਸਮੱਗਰੀ ਦਾ ਸੰਗ੍ਰਹਿ ਹੁੰਦੀਆਂ ਹਨ। ਜਿਵੇਂ ਕੁਝ ਚਟਾਨਾਂ ਚੂਨਾ ਪੱਥਰ ਹੋ ਸਕਦੀਆਂ ਹਨ ਜਿਨ੍ਹਾਂ ਵਿਚ ਇਕ ਹੀ ਤੱਤ ਸ਼ਾਮਲ ਹੋਵੇ ਪਰ ਜ਼ਿਆਦਾਤਰ ਚਟਾਨਾਂ ਵਿਚ ਕਈ ਖਣਿਜ ਵੱਖੋ-ਵੱਖ ਮਾਤਰਾ ਵਿਚ ਹੁੰਦੇ ਹਨ।

ਧਰਤੀ 'ਤੇ ਲਗਪਗ 2,000 ਤੋਂ ਵੱਧ ਖਣਿਜ ਪਛਾਣੇਂ ਗਏ ਹਨ ਪਰ ਉਨ੍ਹਾਂ ਵਿਚੋਂ ਕੁਝ ਕੁ ਹੀ ਜ਼ਿਆਦਾਤਰ ਚਟਾਨਾਂ ਵਿਚ ਸ਼ਾਮਲ ਮਿਲਦੇ ਹਨ। ਕੋਈ ਖਣਿਜ ਕਿਸ ਮਾਤਰਾ ਜਾਂ ਮਿਸ਼ਰਨ ਵਜੋਂ ਕਿਸੇ ਚਟਾਨ ਵਿਚ ਮਿਲੇਗਾ, ਇਹ ਤੱਥ ਇਸ ਗੱਲ 'ਤੇ ਅਧਾਰਤ ਹੁੰਦਾ ਹੈ ਕਿ ਉਹ ਖਣਿਜ ਕਿਹੜੇ ਭੌਤਿਕ ਜਾਂ ਰਸਾਇਣਕ ਹਾਲਾਤ ਵਿਚ ਪੈਦਾ ਹੁੰਦਾ ਹੈ। ਇਸੇ ਦੇ ਸਿੱਟੇ ਵਜੋਂ ਖਣਿਜਾਂ ਦੇ ਰੰਗ, ਸਖ਼ਤੀ, ਰਵੇਦਾਰੀ (ਬਣਤਰ), ਚਮਕ ਤੇ ਸੰਘਣਾਪਣ ਜਾਂ ਘਣਤਾ ਆਦਿ ਵਿਚ ਅੰਤਰ ਹੁੰਦਾ ਹੈ। ਭੂ-ਗਰਭ ਵਿਗਿਆਨੀ ਖਣਿਜਾਂ ਦਾ ਵਰਗੀਕਰਨ ਕਰਨ ਵੇਲੇ ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਹੀ ਅਧਾਰ ਮੰਨਦੇ ਹਨ।

ਧਰਤੀ ਦੀ ਸਤ੍ਹਾ ਉਤੇ ਮਿਲਦੀਆਂ ਸਾਰੀਆਂ ਚਟਾਨਾਂ ਕਿਸੇ ਇਕ ਜਾਂ ਵੱਧ ਖਣਿਜਾਂ ਤੋਂ ਬਣੀਆਂ ਹੁੰਦੀਆਂ ਹਨ। ਖਣਿਜ ਉਹ ਕੁਦਰਤੀ ਤੱਤ ਹੈ ਜੋ ਜੈਵਿਕ ਜਾਂ ਅਜੈਵਿਕ ਹੋ ਸਕਦਾ ਹੈ ਤੇ ਉਸਦੀਆਂ ਨਿਰੋਲ ਆਪਣੀਆਂ ਭੌਤਿਕ ਤੇ ਰਸਾਇਣਕ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਜਿਸ ਚਟਾਨ ਵਿਚ ਕਿਸੇ ਇਕ ਖਣਿਜ ਦੀ ਬਹੁਤਾਤ ਹੋਵੇ, ਉਸ ਖਣਿਜ ਦਾ ਕੱਚਾ ਰੂਪ ਕਹਾਉਂਦੀ ਹੈ। ਖਣਿਜ ਪਦਾਰਥ ਅਸਲ ਵਿਚ ਕੁਦਰਤ ਦਾ ਮੁਫ਼ਤ ਤੋਹਫ਼ਾ ਮੰਨੇ ਜਾਂਦੇ ਹਨ ਤੇ ਮਨੁੱਖਾਂ ਦੀ ਭਲਾਈ ਲਈ ਵਰਤੇ ਜਾ ਸਕਦੇ ਹਨ। ਕੋਈ ਵੀ ਖਣਿਜ ਵਪਾਰਕ ਪੱਧਰ 'ਤੇ ਲਾਹੇਵੰਦ ਜਾਂ ਗ਼ੈਰ-ਲਾਹੇਵੰਦ ਹੋ ਸਕਦਾ ਹੁੰਦਾ ਹੈ ਤੇ ਇਹ ਧਰਤੀ ਉਤੇ ਕਿਸੇ ਇਕ ਜਗ੍ਹਾਂ ਇਕੱਠੇ ਵੀ ਨਹੀਂ ਪਏ ਹੁੰਦੇ ਸਗੋਂ ਖਿੰਡੇ ਮਿਲਦੇ ਹਨ। ਸੰਸਾਰ ਦਾ ਕੋਈ ਮੁਲਕ ਅਜਿਹਾ ਨਹੀਂ ਜੋ ਸਾਰੇ ਖਣਿਜਾਂ ਦੀ ਹੋਂਦ ਨਾਲ ਭਰਪੂਰ ਹੋਵੇ। ਖਣਿਜ ਧਰਤੀ ਦੀ ਸਤ੍ਹਾ ਉਤੇਂ, ਅਸ਼ੁੱਧੀਆਂ ਨਾਲ ਲਬਰੇਜ਼ ਮਿਲਦੇ ਹਨ ਅਤੇ ਸਨਅਤਾਂ ਰਾਹੀਂ ਇਨ੍ਹਾਂ ਦਾ ਸ਼ੁੱਧੀਕਰਨ ਕੀਤਾ ਜਾਂਦਾ ਹੈ।

ਮਨੁੱਖ, ਸਦੀਆਂ ਤੋਂ ਖਣਿਜ ਪਦਾਰਥਾਂ ਨੂੰ ਵਰਤਦਾ ਆ ਰਿਹਾ ਹੈ। ਮਨੁੱਖੀ ਸਭਿਅਤਾ ਦੇ ਜਨਮ ਅਤੇ ਵਿਕਾਸ ਦੇ ਇਤਿਹਾਸ ਵਿਚ ਖਣਿਜਾਂ ਦਾ ਸਿਰਕੱਢ ਯੋਗਦਾਨ ਰਿਹਾ ਹੈ। ਮਨੁੱਖੀ ਵਿਕਾਸ ਦੇ ਵੱਖੋ-ਵੱਖ ਚਰਨਾਂ ਦਾ ਨਾਮਕਰਨ ਵੀ ਖਣਿਜਾਂ ਦੀ ਵਰਤੋਂ ਦੇ ਆਧਾਰ 'ਤੇ ਹੀ ਹੋਇਆ ਹੈ।

1. **ਪੱਥਰ ਯੁੱਗ** : ਜਦੋਂ ਮੁੱਢਲਾ ਮਨੁੱਖ ਹਥਿਆਰ ਤੇ ਔਜ਼ਾਰ ਪੱਥਰ ਤੋਂ ਤਿਆਰ ਕਰਦਾ ਸੀ।
2. **ਤਾਂਬਾ ਯੁੱਗ** : ਜਦੋਂ ਮਨੁੱਖ ਨੇ ਤਾਂਬੇ ਦੀ ਵਰਤੋਂ ਅਰੰਭੀ।
3. **ਕੈਂਹ ਜਾਂ ਕਾਂਸੀ ਯੁੱਗ** : ਜਦੋਂ ਮਨੁੱਖ ਤਾਂਬੇ ਵਿਚ ਕਲੱਈ ਰਲ਼ਾ ਕੇ ਵਰਤਣ ਲੱਗਾ।
4. **ਲੋਹ ਯੁੱਗ** : ਜਦੋਂ, ਲਗਪਗ 3 ਹਜ਼ਾਰ ਸਾਲ ਪਹਿਲਾਂ ਮਨੁੱਖ ਨੇ ਲੋਹੇ ਦੀ ਵਰਤੋਂ ਅਰੰਭੀ।
5. **ਇਸਪਾਤ ਯੁੱਗ** : ਨਵੀਨ ਸਮੇਂ ਨੂੰ, 1780 ਤੋਂ 1980 ਤੱਕ ਇਸਪਾਤ ਯੁੱਗ ਮੰਨਿਆ ਜਾਂਦਾ ਹੈ।
6. **ਸਿਲੀਕੋਨ ਯੁੱਗ** : ਸੰਨ 1980 ਤੋਂ ਬਾਅਦ ਹੁਣ ਤੱਕ ਦਾ ਸਮਾਂ।

## ਖਣਿਜਾਂ ਦੀਆਂ ਕਿਸਮਾਂ (Types of Minerals)

ਰਸਾਇਣਕ ਅਤੇ ਭੌਤਿਕ ਗੁਣਾਂ ਦੇ ਆਧਾਰ 'ਤੇ ਖਣਿਜਾਂ ਨੂੰ ਮੋਟੇ ਤੌਰ 'ਤੇ ਹੇਠ ਲਿਖੇ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ—

(i) ਧਾਤਵੇਂ (Metalic) ਖਣਿਜ : ਇਨ੍ਹਾਂ ਖਣਿਜਾਂ ਵਿਚ ਧਾਤਾਂ ਜਿਵੇਂ ਕਿ ਤਾਂਬਾ, ਸੋਨਾ, ਮੈਂਗਨੀਜ਼ ਬਾਕਸਾਈਟ ਆਦਿ ਤੱਤ ਸ਼ਾਮਲ ਹੁੰਦੇ ਹਨ। ਧਾਤਵੇਂ ਖਣਿਜ ਅੱਗੇ ਦੋ ਤਰ੍ਹਾਂ ਦੇ ਹੁੰਦੇ ਹਨ : (ੳ) ਲੋਹ ਧਾਤਵੇਂ, (ਅ) ਲੋਹ ਰਹਿਤ ਧਾਤਵੇਂ।

(ੳ) ਲੋਹ ਧਾਤਵੇਂ (Ferrous) ਖਣਿਜ ਉਹ ਹਨ ਜਿਨ੍ਹਾਂ ਵਿਚ ਧਾਤਾਂ ਵਿਚੋਂ ਵੀ ਲੋਹ ਧਾਤਾਂ, ਜਿਵੇਂ ਕਿ ਲੋਹਾ, ਮੈਂਗਨੀਜ਼, ਨਿੱਕਲ, ਕੋਬਾਲਟ, ਟੰਗਸਟੰਨ ਆਦਿ, ਤੱਤਾਂ ਵਜੋਂ ਸ਼ਾਮਲ ਹੁੰਦੀਆਂ ਹਨ।

(ਅ) ਲੋਹ-ਰਹਿਤ ਧਾਤਵੇਂ (Non-Ferrous) ਖਣਿਜ ਉਹ ਹਨ ਜਿਨ੍ਹਾਂ ਦੇ ਤੱਤਾਂ ਵਿਚ ਲੋਹ ਧਾਤਾਂ ਤੋਂ ਇਲਾਵਾ ਧਾਤਾਂ, ਜਿਵੇਂ ਕਿ ਸੋਨਾ, ਚਾਂਦੀ, ਤਾਂਬਾ, ਬਾਕਸਾਈਟ ਆਦਿ ਸ਼ਾਮਲ ਹੁੰਦੇ ਹਨ।


**(ii) ਅਧਾਤਵੇਂ (Non-metalic) ਖਣਿਜ** : ਇਸ ਪ੍ਰਕਾਰ ਦੇ ਖਣਿਜ ਪਦਾਰਥਾਂ ਵਿਚ ਧਾਤਾਂ, ਤੱਤ ਵਜੋਂ ਮੌਜੂਦ ਹੀ ਨਹੀਂ ਹੁੰਦੀਆਂ। ਇਨ੍ਹਾਂ ਵਿਚ ਅਬਰਕ, ਚੂਨਾ ਪੱਥਰ, ਡੋਲੋਮਾਈਟ, ਜਿਪਸਮ, ਪੋਟਾਸ਼ ਤੇ ਕੋਲਾ ਆਦਿ ਸ਼ਾਮਲ ਹਨ। ਕੋਲਾ ਤੇ ਪੈਟਰੋਲੀਅਮ ਉਹ ਅਧਾਤਵੇਂ ਖਣਿਜ ਹਨ ਜੋ ਕਿ ਬਾਲਣ (Fuel) ਵਜੋਂ ਵਰਤੇ ਜਾਂਦੇ ਹਨ ਤੇ ਖਣਿਜ ਬਾਲਣ (Mineral Fuel) ਕਹਾਉਂਦੇ ਹਨ।

| ਖਣਿਜ | ਕਿਸਮ/ਵਿਸ਼ੇਸ਼ਤਾ | ਉਤਪਾਦਨ (2019 ਵਿਚ) | ਉਤਪਾਦਕ ਰਾਜ | ਖਣਨ ਦੇ ਇਲਾਕੇ |
|---|---|---|---|---|
| ਕੱਚਾ ਲੋਹਾ (Iron Ore) | * ਮੈਗਨੇਟਾਈਟ 70% ਲੋਹ ਤੱਤ ਜਾਂ ਵੱਧ<br>* ਹੇਮੇਟਾਈਟ 60 ਤੋਂ 70% ਲੋਹ ਤੱਤ<br>* ਲਿਮੋਨਾਇਟ 50 ਤੋਂ 60% ਲੋਹ ਤੱਤ<br>* ਸੀਡਰਾਈਟ 50% ਤੋਂ ਘੱਟ ਲੋਹ ਤੱਤ | 21 ਕਰੋੜ ਟਨ (210 ਮਿਲੀਅਨ ਟਨ) | ਓਡੀਸ਼ਾ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਕਰਨਾਟਕ, ਰਾਜਸਥਾਨ, ਤਾਮਿਲਨਾਡੂ | ਬੇਲਾਡਿਲਾ, ਬਦਾਮ ਪਹਾੜ, ਰਾਣੀਗੰਜ, ਗੜ੍ਹਵਾਲ |

| ਖਣਿਜ | ਕਿਸਮ/ਵਿਸ਼ੇਸ਼ਤਾ | ਉਤਪਾਦਨ (2019 ਵਿਚ) | ਉਤਪਾਦਕ ਰਾਜ | ਖਣਨ ਦੇ ਇਲਾਕੇ |
|---|---|---|---|---|
| ਬਾਕਸਾਈਟ (Bauxite) | ਬਾਕਸਾਈਟ ਤੋਂ ਐਲੂਮੀਨੀਅਮ ਬਣਦਾ ਹੈ | 2 ਕਰੋੜ 30 ਲੱਖ ਟਨ (23 ਮਿਲੀਅਨ ਟਨ) | ਓਡੀਸ਼ਾ, ਛੱਤੀਸਗੜ੍ਹ, ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਕਰਨਾਟਕ | ਕਾਲਾਹਾਂਡੀ, ਕੋਰਾਪੁੱਟ, ਸੁੰਦਰਗੜ੍ਹ, ਬੋਲਾਨਗੀਰ, ਜਾਮਨਗਰ, ਜੂਨਾਗੜ੍ਹ, ਖੇੜਾ |
| ਮੈਂਗਨੀਜ਼ (Manganese) | ਪਿਰੋਲੁਸਾਈਟ | 95 ਕਰੋੜ ਟਨ (950 ਮਿਲੀਅਨ ਟਨ) | ਮਹਾਂਰਾਸ਼ਟਰ, ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਕਰਨਾਟਕ, ਓਡੀਸ਼ਾ | ਨਾਗਪੁਰ, ਰਤਨਾਗਿਰੀ, ਬਾਲਾਘਾਟ, ਛਿੰਦਵਾੜਾ, ਕਾਲਾਹਾਂਡੀ, ਬੇਲਾਰੀ |
| ਥੋਰੀਅਮ (Thorium) | ਮੋਨਾਜ਼ਾਈਟ | 96 ਕਰੋੜ 30 ਲੱਖ ਟਨ (963 ਮਿਲੀਅਨ ਟਨ) | ਝਾਰਖੰਡ, ਮੱਧ ਪ੍ਰਦੇਸ਼, ਰਾਜਸਥਾਨ | |
| ਕੋਲਾ (Coal) | ਐਂਥਰਾਸਾਈਟ, ਬਿਟੂਮਿਨੱਸ, ਲਿਗਨਾਈਟ, ਪੀਟ | 71 ਕਰੋੜ 60 ਲੱਖ ਟਨ (716 ਮਿਲੀਅਨ ਟਨ) | ਜੰਮੂ ਤੇ ਕਸ਼ਮੀਰ, ਝਾਰਖੰਡ, ਓਡੀਸ਼ਾ, ਪੱਛਮੀ ਬੰਗਾਲ, ਛੱਤੀਸਗੜ੍ਹ, ਮੱਧ ਪ੍ਰਦੇਸ਼ | |
| ਸੋਨਾ (Gold) | ਬਹੁਤ ਮਹਿੰਗੀ ਖਣਨ ਪ੍ਰਕਿਰਿਆ, ਧਰਤੀ ਦੀ ਸਤਹ ਤੋਂ ਡੂੰਘਾ ਜਾਣਾ ਪੈਂਦਾ ਹੈ। | 757 ਮੀਟ੍ਰਿਕ ਟਨ | ਕਰਨਾਟਕ | ਕੁਲਾਰ, ਹੁੱਟੀ |
| ਹੀਰਾ (Diamond) | | 37,515 ਕਰੇਟ | ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਕਰਨਾਟਕ | ਪੰਨਾ, ਮਜ਼ਗਾਓਂ, ਰਾਇਚੁਰ |
| ਤਾਂਬਾ (Copper) | ਕੈਲਕੋਪੇਰਾਈਟ ਕੈਲਕੋਸਾਈਟ ਕੋਵੇਲਾਈਟ ਬੋਰਨਾਈਟ | | ਮੱਧ ਪ੍ਰਦੇਸ਼ ਰਾਜਸਥਾਨ ਝਾਰਖੰਡ | |


**(i) ਦਮੋਦਰ ਘਾਟੀ, ਭਾਰਤ ਦੀ ਰੂਹਰ :** ਰੂਹਰ ਘਾਟੀ, ਪੱਛਮੀ ਜਰਮਨੀ ਵਿਚ ਸਥਿਤ, ਰੂਹਰ, ਰਾਈਨ ਤੇ ਲਿਪੇ ਦਰਿਆਵਾਂ ਦਾ ਇਲਾਕਾ ਹੈ ਜੋ ਕਿ ਖ਼ਾਸਕਰ ਕੋਲੇ ਸਮੇਤ, ਕਈ ਖਣਿਜ ਪਦਾਰਥਾਂ ਨਾਲ ਭਰਪੂਰ ਹੈ। ਇਹੀ ਖਣਿਜ ਲੋਹਾ ਤੇ ਇਸਪਾਤ ਸਨਅਤ ਸਮੇਤ ਕਈ ਸਨਅਤਾਂ ਦੇ ਇਸ ਘਾਟੀ ਵਿਚ ਵਿਕਸਤ ਹੋਣ ਦਾ ਆਧਾਰ ਬਣੇ ਹਨ।

ਲਗਪਗ ਉਸੇ ਹੀ ਤਰਜ਼ 'ਤੇ ਭਾਰਤ ਵਿਚ ਦਮੋਦਰ ਘਾਟੀ (ਜੋ ਕਿ ਝਾਰਖੰਡ ਤੇ ਪੱਛਮੀ ਬੰਗਾਲ ਵਿਚ ਫ਼ੈਲੀ ਹੈ) ਕੋਲੇ ਤੇ ਅਬਰਕ ਦੇ ਉਤਪਾਦਨ ਲਈ ਮੰਨਿਆਂ ਪ੍ਰਮੰਨਿਆ ਇਲਾਕਾ ਹੈ ਤੇ ਵੱਡੇ ਸਨਅਤੀ ਵਿਕਾਸ ਲਈ ਹੀ ਜਾਣਿਆ ਜਾਂਦਾ ਹੈ। ਇੱਥੇ ਅਣਗਿਣਤ ਵੱਡੇ ਤੇ ਛੋਟੇ ਪੱਧਰ ਦੇ ਉਦਯੋਗ ਸਥਾਪਤ ਹਨ ਜਿਨ੍ਹਾਂ ਵਿਚ ਵੱਡੀ ਸਮਰਥਾ ਵਾਲੇ ਤਾਪ ਬਿਜਲੀ ਘਰ ਤੇ ਭਾਰਤ ਦੇ ਤਿੰਨ ਵੱਡੇ ਇਸਪਾਤ ਉਤਪਾਦਕ ਪਲਾਂਟ ਸ਼ਾਮਲ ਹਨ। ਦਮੋਦਰ ਘਾਟੀ ਦੀ ਇਸ ਸਨਅਤੀ ਵਿਕਾਸ ਕਥਾ ਨੇ ਹੀ ਇਸ ਨੂੰ 'ਭਾਰਤ ਦੇ ਰੂਹਰ' ਦੀ ਉਪਮਾ ਦਿਵਾਈ ਹੈ।



**(ii) ਨਾਇਵੇਲੀ ਲਿਗਨਾਈਟ ਕੋਲਾ ਖੇਤਰ :** ਤਾਮਿਲਨਾਡੂ ਦੇ ਦੱਖਣੀ ਜ਼ਿਲ੍ਹੇ ਅਰਕੋਟ ਵਿਚ, ਨਾਇਵੇਲੀ ਵਿਖੇ ਲਿਗਨਾਈਟ ਕੋਲੇ ਦੇ ਸਭ ਤੋਂ ਵੱਡੇ ਭੰਡਾਰ ਮਿਲਦੇ ਹਨ। ਧਰਤੀ ਦੀ ਸਤ੍ਹਾ ਹੇਠ ਪਿਆ ਕੋਲੇ ਦਾ ਇਹ ਭੰਡਾਰ 10 ਤੋਂ 12 ਮੀਟਰ ਡੂੰਘੀਆਂ (ਮੋਟੀਆਂ) ਲੜੀਆਂ ਵਿਚ ਮਿਲਦਾ ਹੈ। ਇੱਥੋਂ ਦੇ ਕੋਲੇ ਦਾ ਕਾਰਬਨ ਤੱਤ 30 ਤੋਂ 40 ਫ਼ੀਸਦੀ ਅਤੇ ਨਮੀ ਤੱਤ 20 ਫ਼ੀਸਦੀ ਤੱਕ ਹੈ। ਭਾਰਤ ਵਿਚ ਬਹੁਤਾ ਕਰਕੇ ਇਸੇ ਕਿਸਮ ਦਾ ਕੋਲਾ ਵਰਤਿਆ ਜਾਂਦਾ ਹੈ।


**(iii) ਕੋਲਾਰ ਤੇ ਹੁੱਟੀ ਸੋਨਾ ਖਾਣਾਂ :** ਕਰਨਾਟਕ ਵਿਚ ਪ੍ਰੀਕੈਂਬਰੀਅਨ ਕਾਲ਼ ਦੀਆਂ ਵਿਸ਼ੇਸ਼ਤਾਵਾਂ ਵਾਲੀ ਧਰਤੀ ਦੇ ਹਿੱਸੇ ਵਿਚ ਪੈਂਦੀ ਹੁੱਟੀ ਪੱਟੀ ਵਿੱਚੋਂ ਮਿਲਦੇ ਖਣਿਜਾਂ ਕਾਰਨ ਹੀ ਹੁੱਟੀ ਮਸਕੀ ਖਾਣ ਪੱਟੀ ਪ੍ਰਸਿੱਧ ਹੈ। ਇਸ



ਖੇਤਰ ਦੇ ਪੂਰਬੀ ਹਿੱਸੇ ਵਿਚ ਪੈਂਦੀ ਗ੍ਰੀਨ ਸਟੋਨ ਪੱਟੀ ਵਿਚ ਸਥਿਤ ਹੁੱਟੀ, ਰਾਮਗਿਰੀ, ਕੋਲਾਰ ਆਦਿ ਸਥਾਨ ਸੋਨੇ ਦੀਆਂ ਖਾਣਾਂ ਲਈ ਜਾਣੇ ਜਾਂਦੇ ਇਲਾਕੇ ਹਨ।

(iv) ਪੰਨਾ ਹੀਰਾ ਖੇਤਰ : ਹੀਰਾ ਬਹੁਤ ਕੀਮਤੀ ਪੱਥਰ ਹੈ ਅਤੇ ਆਪਣੀ ਚਮਕ, ਪਾਰਦਰਸ਼ਤਾ ਅਤੇ ਸਖ਼ਤੀ (ਕਠੋਰਤਾ) ਵਿਚ ਹੋਰ ਖਣਿਜਾਂ ਨੂੰ ਮਾਤ ਦਿੰਦਾ ਹੈ। ਇਹ ਖਣਿਜ ਜ਼ਿਆਦਾਤਰ ਮੱਧ ਪ੍ਰਦੇਸ਼ ਦੇ ਬੁੰਦੇਲਖੰਡ ਇਲਾਕੇ ਵਿਚ ਪੈਂਦੇ ਵਿੰਧਿਆਚਲ ਦੀਆਂ ਤਹਿਆਂ ਵਿਚੋਂ ਪ੍ਰਾਪਤ ਹੁੰਦਾ ਹੈ। ਹੀਰੇ ਦੇ ਭੰਡਾਰਾਂ ਦਾ ਵੱਡਾ ਸਾਰਾ ਹਿੱਸਾ ਜੋ ਕਿ ਪੰਨਾ ਗਰੁੱਪ ਕਹਾਉਂਦਾ ਹੈ, ਉੱਤਰ ਪੂਰਬੀ ਵਿੰਧਿਆਚਲ ਸ਼ਾਖ ਦੇ 240 ਕਿਲੋਮੀਟਰ ਦੇ ਇਲਾਕੇ ਵਿਚ ਫੈਲਿਆ ਹੈ ਜਦੋਂ ਕਿ ਇੱਥੇ ਮਿਲਦੇ ਹੀਰੇ ਕੁੱਲ 20 ਕੁ ਏਕੜ ਰਕਬੇ ਵਿਚ ਹੀ ਹਨ ਤੇ ਕੁੱਲ ਭੰਡਾਰ 3 ਕਰੋੜ 29 ਲੱਖ ਕਰੇਟ ਬਣਦੇ ਹਨ।






**(v) ਮੁੰਬਈ ਹਾਈ, ਤੱਟ ਲਾਗਵਾਂ ਤੇਲ ਉਤਪਾਦਨ :** ਦੇਸ਼ ਦੇ ਕੁਲ ਕੱਚੇ ਤੇਲ ਉਤਪਾਦਨ ਦਾ ਲਗਪਗ 65 ਫ਼ੀਸਦੀ ਦੇਣ ਦੇਸ਼ ਦੇ ਇਸ ਪੈਟਰੋਲੀਅਮ ਉਤਪਾਦਨ ਖੇਤਰ ਤੋਂ ਆਉਂਦੀ ਹੈ। ਇਹ ਤੇਲ ਖੇਤਰ, ਮੁੰਬਈ ਦੇ ਦੱਖਣ-ਪੱਛਮ ਵਿਚ ਤੱਟ ਤੋਂ ਲਗਪਗ 176 ਕਿਲੋਮੀਟਰ ਦੂਰ ਸਥਿਤ ਹੈ ਜਿਥੇ ਲਗਪਗ ਸਾਢੇ 3 ਕਰੋੜ ਟਨ ਕੱਚੇ ਤੇਲ ਤੇ 40 ਅਰਬ ਕਿਊਬਿਕ ਮੀਟਰ ਕੁਦਰਤੀ ਗੈਸ ਦੇ ਕੁਲ ਭੰਡਾਰ ਹਨ। ਇਸ ਖੇਤਰ ਵਿਚ ਸੰਨ 1976 ਤੋਂ ਉਤਪਾਦਨ ਅਰੰਭ ਹੋਇਆ ਸੀ ਤੇ ਤੇਜ਼ੀ ਨਾਲ ਕੀਤੇ ਜਾ ਰਹੇ ਉਤਪਾਦਨ ਕਾਰਨ ਭੰਡਾਰ ਵੀ ਤੇਜ਼ੀ ਨਾਲ਼ ਹੀ ਘੱਟ ਰਹੇ ਹਨ।

**(vi) ਮਕਰਾਣਾ (ਰਾਜਸਥਾਨ) ਪੱਥਰ ਦਾ ਖਣਨ :** ਕੌਮਾਂਤਰੀ ਭੂ-ਗਰਭ ਵਿਗਿਆਨ ਸੰਸਥਾ, ਇੰਟਰਨੈਸ਼ਨਲ ਯੂਨੀਅਨ ਆਫ਼ ਜਿਔਲੋਜੀਕਲ ਸਾਇੰਸਿਜ਼ ਨੇ ਮਕਰਾਣਾ ਦੇ ਸੰਗਮਰਮਰ ਨੂੰ ਕੌਮਾਂਤਰੀ ਪੱਧਰ ਦਾ ਵਿਰਾਸਤੀ ਪੱਥਰ ਐਲਾਨਿਆ ਹੈ। ਤਾਜ ਮਹੱਲ ਦੀ ਉਸਾਰੀ ਵਿਚ ਵਰਤਿਆ ਗਿਆ ਸੰਗਮਰਮਰ ਮਕਰਾਣਾ ਤੋਂ ਹੀ ਲਿਆ ਗਿਆ

ਸੀ। ਇਹ ਸਥਾਨ ਕਿਸ਼ਨਗੜ੍ਹ ਤੋਂ 60 ਕਿਲੋਮੀਟਰ ਦੂਰ, ਜ਼ਿਲ੍ਹਾ ਨਾਗੌਰ ਵਿਚ ਪੈਂਦਾ ਹੈ। ਇਸ ਇਲਾਕੇ ਵਿਚ ਖਾਣਾਂ ਦੀਆਂ ਕਈ ਲੜੀਆਂ ਹਨ ਜਿਨ੍ਹਾਂ ਵਿਚੋਂ ਪ੍ਰਮੁੱਖ ਹਨ; ਡੂੰਗਰੀ, ਦੇਵੀ, ਉਲੋਡੀ, ਸਾਬਵਲੀ, ਗੁਲਾਬੀ, ਕੁਮਾਰੀ, ਨਹਿਰਖਾਨ, ਮਾਤਾਭਰ, ਮਾਤਾਭਰ ਕੁਮਾਰੀ, ਚੁੱਕ ਡੂੰਗਰੀ, ਚੌਸਿਰਾ ਤੇ ਪਹਾੜ ਕੂਆਂ ਆਦਿ।

**(vii) ਮੰਡੀ (ਹਿਮਾਚਲ ਪ੍ਰਦੇਸ਼) ਦਾ ਕਾਲਾ ਲੂਣ ਖਣਨ** : ਹਿਮਾਚਲ ਪ੍ਰਦੇਸ਼ ਦੇ ਜਿਲ੍ਹਾ ਮੰਡੀ ਵਿਚ ਚਟਾਨੀ ਲੂਣ (Rock Salt) ਦੀਆਂ ਆਪਣੀਆਂ, ਦੇਸੀ ਖਾਣਾਂ ਹਨ ਜਿੱਥੇ 11 ਕਰੋੜ 60 ਲੱਖ ਮੀਟ੍ਰਿਕ ਟਨ ਚਟਾਨੀ ਲੂਣ ਦੇ ਭੰਡਾਰ ਮੌਜੂਦ ਹਨ। ਇਨ੍ਹਾਂ ਖਾਣਾਂ ਵਿਚ ਖਣਨ ਦਾ ਮੌਜੂਦਾ ਢੰਗ ਸੁੱਕਾ ਖਣਨ ਹੈ ਜਿਸ ਰਾਹੀਂ ਹਰ ਮਹੀਨੇ 400 ਤੋਂ 500 ਟਨ ਉਤਪਾਦਨ ਕੀਤਾ ਜਾਂਦਾ ਹੈ। ਲੂਣ ਦੀ ਇਸ ਕਿਸਮ ਨੂੰ ਹਿਮਾਚਲੀ ਲੋਕ ਹੀ ਸਭ ਤੋਂ ਵੱਧ ਪਸੰਦ ਕਰਦੇ ਹਨ, ਹਾਲਾਂਕਿ ਹਿਮਾਚਲ ਪ੍ਰਦੇਸ਼ ਤੋਂ ਇਲਾਵਾ ਇਸਦੀ ਮੰਗ ਜੰਮੂ ਤੇ ਕਸ਼ਮੀਰ, ਪੰਜਾਬ ਤੇ ਹਰਿਆਣਾ ਵਿਚ ਵੀ ਕਾਫ਼ੀ ਹੈ। ਉਤਪਾਦਨ ਨਾਲੋਂ ਮੰਗ ਵਧਦੀ ਵੇਖ ਕੇ ਸਰਕਾਰ ਸੋਲਿਊਸ਼ਨ ਮਾਈਨਿੰਗ ਟੈਕਨਾਲੋਜੀ ਤਹਿਤ ਕੁਝ ਹੋਰ ਨਵੀਆਂ ਖਾਣਾਂ ਖੋਲ੍ਹਣ ਦੀ ਤਿਆਰੀ ਵਿੱਚ ਹੈ।

**(viii) ਉਪਰੀ ਬ੍ਰਹਮਪੁੱਤਰ ਘਾਟੀ ਤੇਲ ਖੇਤਰ** : ਭਾਰਤ ਵਿਚ ਸਭ ਤੋਂ ਪਹਿਲਾਂ ਕੱਚਾ ਤੇਲ ਬ੍ਰਹਮਪੁੱਤਰ ਦੀ ਘਾਟੀ ਵਿਚ ਮਿਲਿਆ ਸੀ। ਤੇਲ ਦੀ ਇਹ ਚੱਟਾਨ ਦਿਹਾਂਗ ਬੇਸਿਨ ਤੋਂ ਸੂਰਮਾ ਘਾਟੀ ਤੱਕ ਪਸਰੀ ਹੋਈ ਹੈ। ਤੇਲ ਦੀ ਮੁੱਖ ਖੂਹ ਉਪਰੀ ਅਸਾਮ ਦੇ ਜ਼ਿਲ੍ਹਿਆਂ ਡਿਬਰੂਗੜ੍ਹ ਤੇ ਸਿਬਸਾਗਰ ਵਿਚ ਸਥਿਤ ਹਨ। ਇਲਾਕੇ ਵਿਚ ਹੋਰ ਵੀ ਕਈ ਮਹੱਤਵਪੂਰਨ ਤੇਲ ਉਤਪਾਦਕ ਕੇਂਦਰ ਹਨ।

## ਖਣਿਜ ਸਾਧਨਾਂ ਦੀ ਸਾਂਭ-ਸੰਭਾਲ (Conservation of Mineral Resources)

ਖਣਿਜ ਸਾਧਨ, ਕੁਦਰਤ ਦਾ ਮੁਫ਼ਤ ਤੋਹਫ਼ਾ ਹੁੰਦੇ ਹਨ। ਖਣਿਜਾਂ ਨੂੰ ਆਪਣਾ ਇਹ ਰੂਪ ਧਾਰਨ ਕਰਨ ਵਿੱਚ ਲੱਖਾਂ ਸਾਲ ਲਗਦੇ ਹਨ। ਇਨ੍ਹਾਂ ਦੀ ਮੌਜੂਦਾ ਵਰਤੋਂ ਦਰ ਦੇ ਮੱਦੇਨਜ਼ਰ, ਖਣਿਜਾਂ ਦੀ ਪੂਰਤੀ ਦਰ ਬਹੁਤ ਹੀ ਮੱਧਮ ਹੈ। ਖਣਿਜ ਪਦਾਰਥਾਂ ਦੇ ਭੰਡਾਰ ਸੀਮਤ ਹਨ ਤੇ ਨਵਿਆਉਣਯੋਗ ਵੀ ਨਹੀਂ। ਇਨ੍ਹਾਂ ਦਾ ਸੌਖਾ ਬਦਲ ਵੀ ਸੰਭਵ ਨਹੀਂ ਹੈ। ਮਨੁੱਖ ਬੇਹੱਦ ਤੇਜ਼ੀ ਨਾਲ ਨਾ ਸਿਰਫ਼ ਖਣਿਜ ਖੋਜ ਰਿਹਾ ਹੈ, ਸਗੋਂ ਅਗਲੀਆਂ ਪੀੜ੍ਹੀਆਂ ਦੀਆਂ ਲੋੜਾਂ ਬਾਰੇ ਸੋਚੇ ਬਗੈਰ ਇਨ੍ਹਾਂ ਦੀ ਵਰਤੋਂ ਵੀ ਅੰਨ੍ਹੇਵਾਹ ਕਰ ਰਿਹਾ ਹੈ। ਇਸੇ ਲਈ ਖਣਿਜਾਂ ਦੀ ਸੰਜਮ ਤੇ ਸੂਝ ਨਾਲ ਵਰਤੋਂ, ਵੱਡੀ ਲੋੜ ਬਣ ਗਈ ਹੈ ਤੇ ਸਾਡੇ ਕੀਮਤੀ ਜ਼ਖ਼ੀਰਿਆਂ ਦੀ ਸਾਂਭ-ਸੰਭਾਲ਼ ਦੀ ਲੋੜ ਉੱਠ ਖੜ੍ਹੀ ਹੋਈ ਹੈ।

**ਖਣਿਜਾਂ ਦੀ ਸਾਂਭ-ਸੰਭਾਲ ਲਈ ਕੁਝ ਕਦਮ :**

(ੳ) ਖਣਿਜਾਂ ਦੀ ਵਰਤੋਂ ਬੱਚਤ ਤੇ ਯੋਜਨਾਬੱਧ ਤਰੀਕੇ ਅਨੁਸਾਰ ਕਰਨੀ

(ਅ) ਧਾਤਾਂ ਦੀ ਮੁੜਵਰਤੋਂ ਦੇ ਢੰਗ ਅਪਨਾਉਣੇ

(ੲ) ਨਵਿਆਉਣਯੋਗ ਬਦਲ ਲਭਣੇ ਤੇ ਉਨ੍ਹਾਂ ਦੀ ਵਰਤੋਂ ਕਰਨੀ

(ਸ) ਨਿਮਨ ਦਰਜੇ ਦੇ ਖਣਿਜਾਂ ਨੂੰ ਲਾਹੇਵੰਦ ਤਰੀਕੇ ਨਾਲ ਵਰਤਣ ਦੀ ਤਕਨੀਕ ਅਪਨਾਉਣੀ

(ਹ) ਖਣਿਜ ਸਾਧਨਾਂ ਦੀ ਅਜ਼ਾਈਂ ਵਰਤੋਂ ਪੂਰੀ ਤਰ੍ਹਾਂ ਰੋਕ ਕੇ ਸੰਜਮ ਨਾਲ ਵਰਤਣਾ ਹੀ ਸਮੇਂ ਦੀ ਸਭ ਤੋਂ ਵੱਡੀ ਲੋੜ।

## ਊਰਜਾ (ਸ਼ਕਤੀ) ਦੇ ਸਾਧਨ (Energy or Power Resources)

ਇਸ ਤੱਥ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਕਿ ਸਨਅਤਾਂ (ਉਦਯੋਗ) ਸਾਡੇ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ ਤੇ ਇਨ੍ਹਾਂ ਸਨਅਤਾਂ ਦਾ ਦਾਰੋ-ਮਦਾਰ ਊਰਜਾ ਦੇ ਸਾਧਨਾਂ ਉੱਤੇ ਹੀ ਹੈ। ਇਹੀ ਸਾਧਨ ਰੌਸ਼ਨੀ, ਨਿੱਘ ਅਤੇ ਹੋਰ ਮਨੋਰਥਾਂ ਲਈ ਵੀ ਵਰਤੇ ਜਾਂਦੇ ਹਨ। ਸਰੋਤਾਂ ਅਤੇ ਵਰਤੋਂ ਦੇ ਆਧਾਰ 'ਤੇ ਊਰਜਾ ਨੂੰ ਦੋ ਪ੍ਰਮੁੱਖ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ; ਊਰਜਾ ਦੇ ਵਪਾਰਕ ਸਰੋਤ ਤੇ ਊਰਜਾ ਦੇ ਗ਼ੈਰ-ਵਪਾਰਕ ਸਰੋਤ। ਖਣਿਜਾਂ ਦੀ ਪ੍ਰਕਿਰਤੀ ਦੇ ਆਧਾਰ 'ਤੇ ਊਰਜਾ ਸਾਧਨਾਂ ਨੂੰ ਦੋ ਵੱਖਰੀਆਂ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ; ਰਿਵਾਇਤੀ ਅਤੇ ਗ਼ੈਰ-ਰਿਵਾਇਤੀ ਊਰਜਾ ਸਰੋਤ।

**ਊਰਜਾ ਦੇ ਰਿਵਾਇਤੀ ਸਰੋਤ** : ਇਸ ਤਰ੍ਹਾਂ ਦੇ ਊਰਜਾ ਸਾਧਨ ਲੰਬੇ ਸਮੇਂ ਤੋਂ ਵਰਤੋਂ ਵਿਚ ਹਨ। ਇਨ੍ਹਾਂ ਵਿਚ ਕੋਲਾ, ਪੈਟਰੋਲੀਅਮ, ਕੁਦਰਤੀ ਗੈਸ ਤੇ ਤਾਪ ਬਿਜਲੀ ਰਿਵਾਇਤੀ ਊਰਜਾ ਸਾਧਨਾਂ ਵਜੋਂ ਸ਼ਾਮਲ ਕੀਤੇ ਜਾ ਸਕਦੇ ਹਨ।

**ਊਰਜਾ ਦੇ ਗ਼ੈਰ-ਰਿਵਾਇਤੀ ਸਰੋਤ** : ਊਰਜਾ ਦੀ ਮੰਗ ਵਧਣ ਅਤੇ ਰਿਵਾਇਤੀ ਸਾਧਨਾਂ ਦੇ ਭੰਡਾਰ ਘਟਣ ਦੀ ਪਿੱਠਭੂਮੀ ਵਿਚ ਕੁਝ ਗ਼ੈਰ-ਰਿਵਾਇਤੀ ਸਰੋਤਾਂ ਦਾ ਮਹੱਤਵ ਜ਼ੋਰ ਫੜ ਗਿਆ ਹੈ। ਇਨ੍ਹਾਂ ਵਿਚ ਸ਼ਾਮਲ ਹਨ; ਸੂਰਜੀ ਊਰਜਾ, ਪੌਣ ਊਰਜਾ, ਭੌਂ-ਤਾਪੀ ਊਰਜਾ, ਜਵਾਰੀ ਊਰਜਾ, ਸਾਗਰੀ ਛੱਲ ਊਰਜਾ, ਪਣ ਬਿਜਲਈ ਊਰਜਾ ਤੇ ਜੈਵ ਪੁੰਜ ਊਰਜਾ ਆਦਿ।


## ਊਰਜਾ ਉਤਪਾਦਨ (Power generation)

ਪਥਰਾਟ ਬਾਲਣ (Fossil fuels) ਅਸਲ ਵਿਚ ਹਾਈਡਰੋਕਾਰਬਨ ਹੁੰਦੇ ਹਨ ਜਿਵੇਂ ਕਿ ਕੋਲਾ, ਪੈਟਰੋਲੀਅਮ ਤੇ ਕੁਦਰਤੀ ਗੈਸ। ਇਹ ਨਾਮ ਦਫ਼ਨ ਹੋਏ ਜੈਵਿਕ ਪਦਾਰਥਾਂ ਨੂੰ ਦਿੱਤਾ ਜਾਂਦਾ ਹੈ ਜੋ ਪੌਦਿਆਂ ਤੇ ਜਾਨਵਰਾਂ ਦੇ ਸੜਨ-ਗਲਣ ਤੋਂ ਕੱਚੇ ਤੇਲ, ਕੋਲੇ, ਕੁਦਰਤੀ ਗੈਸ ਜਾਂ ਭਾਰੀ ਤੇਲ ਵਿਚ ਤਬਦੀਲ ਹੋ ਜਾਂਦੇ ਹਨ। ਇਹ ਤਬਦੀਲੀ ਕਰੋੜਾਂ ਸਾਲ ਧਰਤੀ ਦੀ ਪੇਪੜੀ ਹੇਠ ਦੱਬੇ ਰਹਿ ਕੇ ਦਬਾਅ ਤੇ ਤਾਪ ਕਾਰਨ ਆਈ ਹੋਣ ਕਾਰਨ ਇਨ੍ਹਾਂ ਨੂੰ ਖਣਿਜ ਬਾਲਣ (Mineral fuels) ਵੀ ਕਿਹਾ ਜਾਂਦਾ ਹੈ।

**ਊਰਜਾ ਦੇ ਗ਼ੈਰ-ਰਵਾਇਤੀ ਸਰੋਤ** : ਗ਼ੈਰ ਰਵਾਇਤੀ ਊਰਜਾ ਸਰੋਤਾਂ ਦੀਆਂ ਵਿਸ਼ੇਸ਼ਤਾਵਾਂ ਵਿਚ ਸ਼ਾਮਲ ਹੈ ਇਨ੍ਹਾਂ ਦਾ ਅਸੀਮ (Infinite), ਕੁਦਰਤੀ (Natural) ਤੇ ਨਵਿਆਉਣਯੋਗ (Renewable) ਹੋਣਾ। ਮੌਜੂਦਾ ਸਮੇਂ ਮਹੱਤਵ ਗ੍ਰਹਿਣ ਕਰ ਰਹੇ ਤੇ ਹਰਮਨ ਪਿਆਰੇ ਹੋ ਰਹੇ ਗ਼ੈਰ-ਰਵਾਇਤੀ ਊਰਜਾ ਸਰੋਤਾਂ ਵਿਚ ਜਵਾਰੀ ਊਰਜਾ, ਪੌਣ ਊਰਜਾ, ਸੂਰਜੀ ਤੇ ਭੌਂ-ਤਾਪੀ ਊਰਜਾ ਤੇ ਜੈਵ ਪੁੰਜ ਊਰਜਾ, ਜਿਸ ਵਿਚ ਜਾਨਵਰਾਂ ਦਾ ਮਲ-ਮੂਤਰ, ਖੇਤੀਬਾੜੀ ਦੀ ਰਹਿੰਦ-ਖੂੰਹਦ ਤੇ ਇਨਸਾਨੀ ਮਲ-ਮੂਤਰ ਵਰਤਿਆ ਜਾਂਦਾ ਹੈ, ਸ਼ਾਮਲ ਹਨ।

## ਸੂਰਜੀ ਊਰਜਾ (Solar Energy)

ਧਰਤੀ ਦੀ ਸਤਹ ਉੱਤੇ ਊਰਜਾ ਦਾ ਮੁੱਖ ਸੋਮਾ ਸੂਰਜ ਹੈ। ਭਾਰਤ ਊਸ਼ਣ ਖੰਡੀ ਦੇਸ਼ ਹੋਣ ਕਾਰਨ ਇਸ ਨੂੰ ਸੂਰਜੀ ਊਰਜਾ (ਸੌਰ ਊਰਜਾ) ਦਾ ਅਥਾਹ ਭੰਡਾਰ ਮਿਲਿਆ ਹੈ। ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਸਾਲ ਭਰ ਕਾਫ਼ੀ ਧੁੱਪ (ਸੂਰਜੀ ਊਰਜਾ) ਮਿਲਦੀ ਰਹਿੰਦੀ ਹੈ। ਨਵੀਨਤਮ ਤਕਨੀਕ ਦੀ ਵਰਤੋਂ ਨਾਲ, ਸੂਰਜੀ ਊਰਜਾ ਨੂੰ ਕਈ ਤਰੀਕਿਆਂ ਨਾਲ ਵਰਤਿਆ ਜਾ ਰਿਹਾ ਹੈ। ਊਰਜੀ ਤਾਪ ਨਾਲ ਪਾਣੀ ਗਰਮ ਕਰਨਾ, ਸੂਰਜੀ ਤਾਪ ਨਾਲ ਗਰਮ ਹਵਾ, ਸੂਰਜੀ ਡਰਾਇਅਰਜ਼ (ਸੁਕਾਉਣ ਵਾਲੇ ਸੰਦ), ਸੂਰਜੀ ਕੂਕਰ (ਪਕਾਉਣ ਵਾਲਾ ਬਰਤਨ) ਕੁਝ ਅਜਿਹੀਆਂ ਉਦਾਹਰਨਾਂ ਹਨ ਜੋ ਕਿ ਸੂਰਜੀ ਊਰਜਾ ਨੂੰ ਤਾਪ ਊਰਜਾ ਵਿਚ ਤਬਦੀਲ ਕਰ ਕੇ ਵਰਤੇ ਜਾਣ ਦੇ ਖੇਤਰ ਵਿਚ ਅਜੋਕੀਆਂ ਪ੍ਰਾਪਤੀਆਂ ਹਨ। ਸੋਲਰ ਫ਼ੋਟੋਵੋਲਟਿਕ ਤਕਨਾਲੋਜੀ ਧੁੱਪ ਨੂੰ ਸਿੱਧਿਆਂ ਹੀ ਪ੍ਰਦੂਸ਼ਣ ਰਹਿਤ ਢੰਗ ਨਾਲ ਬਿਜਲੀ ਵਿਚ ਤਬਦੀਲ ਕਰ ਦਿੰਦੀ ਹੈ ਤੇ ਇਹ ਤਕਨੀਕ ਸੜਕਾਂ ਦੇ ਕੰਢੇ ਰੁਸ਼ਨਾਉਣ ਲਈ ਜ਼ੋਰ-ਸ਼ੋਰ ਨਾਲ ਵਰਤੀ



ਜਾ ਰਹੀ ਹੈ ਤੇ ਇਸ ਕਾਰਜ ਲਈ ਦੇਸ਼ ਵਿਚ ਕਈ ਸੂਰਜੀ ਊਰਜਾ ਪਲਾਂਟ ਸਥਾਪਤ ਕੀਤੇ ਗਏ ਹਨ। ਕੇਂਦਰੀ ਨਵੀਨ ਤੇ ਨਵਿਆਉਣਯੋਗ ਊਰਜਾ ਮੰਤਰਾਲੇ (MNRE) ਨੇ 29 ਜੁਲਾਈ, 2014 ਨੂੰ ਜੈਪੁਰ ਨੇੜੇ ਸਾਂਭਰ ਵਿਖੇ ਅਲਟਰਾ-ਮੈਗਾ ਸੂਰਜੀ ਪ੍ਰਾਜੈਕਟ ਸਥਾਪਤ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਹੈ।

## ਜਵਾਹਰ ਲਾਲ ਨਹਿਰੂ ਨੈਸ਼ਨਲ ਸੋਲਰ ਮਿਸ਼ਨ (JNNSM)

* ਜੇ.ਐੱਨ.ਐੱਨ.ਐੱਸ.ਐੱਮ. ਸੰਨ 2009 ਵਿਚ ਅਰੰਭਿਆ ਗਿਆ ਤੇ ਇਸ ਦਾ ਮਨੋਰਥ ਸੰਨ 2022 ਤੱਕ 20,000 ਮੈਗਾਵਾਟ ਸਮਰਥਾ ਦੇ ਗਰਿੱਡਾਂ ਰਾਹੀਂ ਜੁੜੇ ਸੂਰਜੀ ਊਰਜਾ ਪ੍ਰਾਜੈਕਟ ਸਥਾਪਤ ਕਰਨਾ ਹੈ।

* ਇਸ ਖੇਤਰ ਨੇ 2010-15 ਦੇ ਸਮੇਂ ਵਿਚ ਸੂਰਜੀ ਊਰਜਾ ਦੀ ਸਮਰਥਾ 18 ਮੈਗਾਵਾਟ ਤੋਂ 3800 ਮੈਗਾਵਾਟ ਤੱਕ ਤੇਜ਼ੀ ਨਾਲ ਵਧਾਉਣ ਦੀ ਪ੍ਰਾਪਤੀ ਕੀਤੀ ਹੈ।



Jawaharlal Nehru National Solar Mission (JNNSM)

* ਭਾਰਤ ਸਰਕਾਰ ਨੇ ਸੰਨ 2015 ਵਿਚ ਟੀਚਾ ਮਿੱਥਿਆ ਹੈ ਕਿ ਦੇਸ਼ ਦੀ ਸੂਰਜੀ ਊਰਜਾ ਸਮਰਥਾ ਸੰਨਾ 2022 ਤੱਕ ਕਈ ਗੁਣਾਂ ਵਧਾ ਕੇ 1,00,000 ਮੈਗਾਵਾਟ ਕੀਤੀ ਜਾਵੇ।

* ਟੀਚੇ ਦੀ ਪ੍ਰਾਪਤੀ ਲਈ 40 ਗੀਗਾਵਾਟ ਦੇ ਸੂਰਜੀ ਊਰਜਾ ਪ੍ਰਾਜੈਕਟ ਛੱਤਾਂ ਉਤੇ ਅਤੇ 60 ਗੀਗਾਵਾਟ ਦੇ ਵੱਡੇ ਤੇ ਦਰਮਿਆਨੇ ਪੱਧਰ ਦੇ ਗਰਿੱਡਾਂ ਰਾਹੀਂ ਜੁੜੇ ਸੂਰਜੀ ਊਰਜਾ ਪ੍ਰਾਜੈਕਟ ਸਥਾਪਤ ਕੀਤੇ ਜਾਣਗੇ।

* ਮੌਜੂਦਾ ਸਮੇਂ, ਭਾਰਤ 21.65 ਗੀਗਾਵਾਟ ਦੀ ਸੂਰਜੀ ਊਰਜਾ ਦਾ ਉਤਪਾਦਨ ਕਰ ਰਿਹਾ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਵਿਤੀ ਸਾਲ 19 ਤੇ ਵਿਤੀ ਸਾਲ 23 ਦੇ ਵਿਚਾਲੇ 56 ਤੋਂ 58 ਗੀਗਾਵਾਟ ਵਧੀਕ ਸੂਰਜੀ ਊਰਜਾ ਉਤਪਾਦਨ ਪ੍ਰਾਪਤ ਕਰ ਲਿਆ ਜਾਵੇਗਾ।

* ਚੀਨ ਅਤੇ ਮਲੇਸ਼ੀਆ ਤੋਂ ਮਿਲਦੇ ਸੂਰਜੀ ਊਰਜਾ ਉਤਪਾਦਨ ਸੰਦਾਂ ਉੱਤੇ ਡਿਊਟੀ ਲੱਗ ਜਾਣ ਕਾਰਨ ਸੂਰਜੀ ਊਰਜਾ ਉਤਪਾਦਨ ਦੀ ਸਮਰੱਥਾ ਦੀ ਵਾਧਾ ਦਰ ਕੁਝ ਮੱਧਮ ਹੋਈ ਹੈ ਜਦੋਂਕਿ ਸੂਰਜੀ ਊਰਜਾ ਯੰਤਰਾਂ ਦੇ ਖੇਤਰ ਵਿਚ ਚੀਨੀ ਸਮਾਨ, ਸਸਤਾ ਹੋਣ ਕਾਰਨ ਭਾਰਤੀ ਬਜ਼ਾਰ ਨੂੰ ਵੀ ਸਾਹਮਣਾ ਕਰਨਾ ਪੈਂਦਾ ਹੈ।

* ਸੂਰਜੀ ਊਰਜਾ ਯੰਤਰਾਂ ਦੀ ਦਰਾਮਦ ਵਧਣ ਕਾਰਨ ਸਰਕਾਰ ਨੇ 30 ਜੁਲਾਈ, 2020 ਤੋਂ ਦੋ ਸਾਲ ਲਈ ਚੀਨ ਤੇ ਮਲੇਸ਼ੀਆ ਤੋਂ ਦਰਾਮਦ ਹੁੰਦੇ ਸੈੱਲਾਂ ਤੇ ਹੋਰ ਯੰਤਰਾਂ 'ਤੇ ਡਿਊਟੀ ਆਇਦ ਕੀਤੀ ਹੈ।


## ਪੌਣ ਊਰਜਾ (Wind Energy)

ਗ਼ੈਰ-ਰਿਵਾਇਤੀ ਊਰਜਾ ਦਾ ਇਕ ਹੋਰ ਮਹੱਤਵਪੂਰਨ ਸਰੋਤ ਪੌਣ ਊਰਜਾ ਹੈ ਜਿਸ ਲਈ ਭਾਰਤ ਕੋਲ਼ ਵਧੀਆ ਸੰਭਾਵਨਾਵਾਂ ਹਨ। ਪੌਣ ਊਰਜਾ ਉਤਪਾਦਨ ਪ੍ਰਾਜੈਕਟ ਸਥਾਪਤ ਕਰਨ ਵੇਲੇ ਸਿਰਫ਼ ਅਰੰਭ ਵਿਚ ਹੀ ਪੂੰਜੀ ਲਗਾਉਣੀ ਹੁੰਦੀ ਹੈ ਪਰ ਇਕ ਪ੍ਰਾਜੈਕਟ ਸਥਾਪਨਾ ਮਗਰੋਂ 20 ਸਾਲ ਤੱਕ ਵੱਡੇ ਪੱਧਰ 'ਤੇ ਹੋਰ ਪੂੰਜੀਕਾਰੀ ਤੋਂ ਬਗ਼ੈਰ ਹੀ ਉਤਪਾਦਨ ਕਰਦਾ ਹੈ। ਭਾਰਤ ਦੇ ਤੱਟੀ ਰਾਜਾਂ ਤਮਿਲਨਾਡੂ, ਕਰਨਾਟਕ, ਕੇਰਲ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਅੰਡੇਮਾਨ ਤੇ ਨਿਕੋਬਾਰ ਅਤੇ ਰਾਜਸਥਾਨ ਵਿਚ ਪੌਣ ਊਰਜਾ ਨਾਲ ਬਿਜਲੀ ਉਤਪਾਦਨ ਆਰੰਭਿਆ ਜਾ ਚੁੱਕਾ ਹੈ।




## ਜਵਾਰੀ ਊਰਜਾ (Tidal Energy)

ਭਾਰਤੀ ਸਾਗਰਾਂ ਵਿਚ ਜਵਾਰਾਂ ਦਾ ਉਛਾਲ ਨਿਯਮਤ ਤਰੀਕੇ ਨਾਲ ਹੁੰਦਾ ਰਹਿੰਦਾ ਹੈ। ਜਵਾਰੀ ਊਰਜਾ ਤੋਂ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਜਵਾਰ ਆਉਣ ਦੇ ਸਮੇਂ ਸਾਗਰੀ ਛੱਲ ਦੇ ਜ਼ੋਰ ਨੂੰ ਟਰਬਾਈਨਾਂ ਚਲਾਉਣ ਲਈ ਵਰਤਿਆ ਜਾਂਦਾ ਹੈ ਜਿਸ ਨਾਲ ਬਿਜਲੀ ਪੈਦਾ ਹੁੰਦੀ ਹੈ। ਇਕ ਅਸਾਸੇ ਅਨੁਸਾਰ ਭਾਰਤ ਕੋਲ 9000 ਮੈਗਾਵਾਟ ਜਵਾਰੀ ਊਰਜਾ ਉਤਪਾਦਨ ਦੀ ਸਮਰਥਾ ਹੈ। ਜਵਾਰੀ ਊਰਜਾ ਨੂੰ ਬਿਜਲੀ ਉਤਪਾਦਨ ਵਿਚ ਤਬਦੀਲ ਕਰਨ ਲਈ ਖੰਭਾਤ ਦੀ ਖਾੜੀ, ਕੱਛ ਦੀ ਖਾੜੀ ਤੇ ਸੁੰਦਰਬਨ ਸਭ ਤੋਂ ਵੱਧ ਆਦਰਸ਼ ਸਥਾਨ ਹਨ।



## ਭੌਂ-ਤਾਪੀ ਊਰਜਾ (Geothermal Energy)

ਇਸ ਕਿਸਮ ਦੇ ਊਰਜਾ ਉਤਪਾਦਨ ਅਧੀਨ ਧਰਤੀ ਦੀ ਤਾਪ-ਊਰਜਾ ਨੂੰ ਵਰਤਿਆ ਜਾਂਦਾ ਹੈ ਜੋ ਕਿ ਸਿੱਧੇ ਤਾਪ ਦੀ ਵਰਤੋਂ ਲਈ ਤੇ ਊਰਜਾ ਉਤਪਾਦਨ ਲਈ ਵੀ ਸਹਾਈ ਹੁੰਦੀ ਹੈ। ਗੀਜ਼ਰ, ਧਰਤੀ ਦੀ ਸਤਹ ਉੱਤੇ ਖੁੱਲ੍ਹਦਾ ਉਹ ਕੁਦਰਤੀ ਰਾਹ ਹੁੰਦਾ ਹੈ ਜਿਸ ਵਿਚੋਂ ਸਮੇਂ-ਸਮੇਂ ਗਰਮ ਪਾਣੀ ਤੇ ਭਾਫ਼ ਬਾਹਰ ਨਿਕਲਦੇ ਰਹਿੰਦੇ ਹਨ। ਲਾਵੇ ਦਾ ਇਕ ਫ਼ੁਹਾਰਾ ਇਸ ਤੱਥ ਦੀ ਉਦਾਹਰਣ ਹੈ ਕਿ ਧਰਤੀ ਨੇ ਆਪਣੇ ਅੰਦਰ ਕਿੰਨਾ ਤਾਪ ਸਮੋਇਆ ਹੋਇਆ ਹੈ। ਗੀਜ਼ਰ, ਲਾਵੇ ਦੇ ਪਹਾੜ ਤੇ ਗਰਮ ਪਾਣੀ ਦੇ ਚਸ਼ਮੇਂ ਉਨ੍ਹਾਂ ਕੁਦਰਤੀ ਵਰਤਾਰਿਆਂ ਦੀਆਂ ਉਦਾਹਰਣਾਂ ਹਨ ਜੋ ਧਰਤੀ ਦੀ ਭੌਂ-ਤਾਪੀ ਊਰਜਾ ਦਾ ਅੰਦਾਜ਼ਾ ਕਰਵਾ ਸਕਦੀਆਂ ਹਨ। ਅਜਿਹੇ ਅਸਾਸਿਆਂ ਦੀਆਂ ਕੋਸ਼ਿਸ਼ਾਂ ਜੰਮੂ ਤੇ ਕਸ਼ਮੀਰ, ਹਿਮਾਚਲ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਚੋਣਵੇਂ ਸਥਾਨਾਂ 'ਤੇ ਕੀਤੀਆਂ ਵੀ ਗਈਆਂ ਹਨ ਜੋ ਕੁਝ ਹੱਦ ਤੱਕ ਸਫ਼ਲ ਵੀ ਰਹੀਆਂ ਹਨ।





## ਜੈਵ ਗੈਸ (Bio Gas)–ਜੈਵ ਪੁੰਜ ਊਰਜਾ ਦੇ ਇਕ ਅੰਗ ਵਜੋਂ :

ਜੈਵਿਕ ਗੈਸ ਤੋਂ ਭਾਵ ਹੈ, ਆਕਸੀਜਨ ਦੀ ਅਣਹੋਂਦ ਵਿਚ ਜੈਵਿਕ ਰਹਿੰਦ-ਖੂੰਹਦ ਦੇ ਅਣੂਆਂ ਦੀ ਟੁੱਟ-ਫੁੱਟ ਕਾਰਨ ਪੈਦਾ ਹੁੰਦੀਆਂ ਗੈਸਾਂ ਦਾ ਮਿਸ਼ਰਣ। ਬਾਇਓ ਗੈਸ ਦੇ ਉਤਪਾਦਨ ਲਈ ਕੱਚੇ ਮਾਲ ਵਜੋਂ ਡੰਗਰਾਂ ਦੇ ਗੋਹੇ, ਮੁਰਗੀਖਾਨੇ ਦੀ ਰਹਿੰਦ-ਖੂੰਹਦ, ਰਸੋਈਆਂ ਦੀ ਰਹਿੰਦ-ਖੂੰਹਦ, ਖੇਤਾਂ ਦੀ ਰਹਿੰਦ-ਖੂੰਹਦ, ਮਿਊਂਸਪਲ ਰਹਿੰਦ-ਖੂੰਹਦ, ਸੜੇ-ਗਲ਼ੇ ਘਾਹ-ਬੂਟੇ, ਹਰਿਆਈ ਰਹਿੰਦ-ਖੂੰਹਦ ਤੇ ਜ਼ਾਇਆ ਭੋਜਨ ਆਦਿ ਨੂੰ ਵਰਤਿਆ ਜਾ ਸਕਦਾ ਹੈ। ਬਾਇਓ ਗੈਸ ਉਤਪਾਦਨ ਪਲਾਂਟ ਤਿੰਨ ਦਹਾਕਿਆਂ ਤੋਂ ਵਰਤੋਂ ਵਿਚ ਹਨ।

**ਜੈਵਿਕ ਗੈਸ ਉਤਪਾਦਨ ਦੇ ਵਰਤੋਂ ਦੇ ਲਾਭ :**

* ਜੈਵਿਕ ਗੈਸ ਵਾਤਾਵਰਨ ਪੱਖੀ ਹੈ।
* ਜੈਵਿਕ ਗੈਸ ਉਤਪਾਦਨ ਨਾਲ ਮਿੱਟੀ ਤੇ ਜਲ ਦਾ ਪ੍ਰਦੂਸ਼ਣ ਘੱਟਦਾ ਹੈ।




* ਜੈਵਿਕ ਗੈਸ ਉਤਪਾਦਨ ਨਾਲ ਹੀ ਜੈਵਿਕ ਖਾਦ ਦਾ ਉਤਪਾਦਨ ਵੀ ਹੁੰਦਾ ਹੈ।
* ਜੈਵਿਕ ਗੈਸ ਉਤਪਾਦਨ ਤਕਨੀਕ ਸਰਲ ਅਤੇ ਸਸਤੀ ਹੈ।
* ਵਿਕਾਸਸ਼ੀਲ ਖੇਤਰਾਂ ਵਿਚ ਰਸੋਈ ਗੈਸ ਦੇ ਬਦਲ ਵਜੋਂ ਸਾਧਨ ਹੈ।

## ਹਾਇਡਰੋ-ਕਾਰਬਨ ਦੀ ਖੋਜ ਤੇ ਲਾਇਸੰਸ ਨੀਤੀ (HELP) :

ਦੇਸ਼ ਦੇ ਵਿਚ ਤੇ ਨਿਰੋਲ ਆਰਥਿਕ ਖੇਤਰ (Exclusive Economic Zone) ਵਿਚ ਹਾਇਡਰੋਕਾਰਬਨ ਤੱਤਾਂ ਦੀ ਖੋਜ ਹਿੱਤ ਲਾਇਸੰਸ ਦੇਣ ਲਈ HELP, ਇਕਸਾਰ ਨੀਤੀ ਦਾ ਕਾਰਜ ਕਰਦੀ ਹੈ। ਇਸ ਨੀਤੀ ਦੇ ਕੁਝ ਪਹਿਲੂ ਹੇਠ ਲਿਖੇ ਅਨੁਸਾਰ ਹਨ :

* ਸਾਰੇ ਹਾਇਡਰੋਕਾਰਬਨਾਂ ਦੀ ਖੋਜ, ਉਤਪਾਦਨ ਤੇ ਵਿਕਰੀ ਲਈ ਇਕਹਿਰਾ ਲਾਇਸੰਸਿੰਗ ਢੰਗ
* ਖੋਜ ਬਲਾਕ (ਖਿੱਤੇ) ਅਦਾ ਕਰਨ ਲਈ ਪਾਰਦਰਸ਼ੀ ਏਕੜ ਅਧਾਰਤ ਨੀਤੀ
* ਪ੍ਰਸ਼ਾਸਨਿਕ ਤੇ ਮਾਲੀਆ ਵੰਡ ਪੱਧਰ 'ਤੇ ਸੌਖ ਨਾਲ ਸਮਝਣਯੋਗ ਮਾਡਲ
* ਅਜਿਹੀ ਖੋਜ ਰਾਹੀਂ ਪ੍ਰਾਪਤ ਹਾਇਡਰੋਕਾਰਬਨਾਂ ਦਾ ਮੁੱਲ ਲਾਉਣ ਤੇ ਵਿਕਰੀ ਸੰਬੰਧੀ ਸਰਕਾਰੀ ਕਾਨੂੰਨਾਂ ਤੇ ਰੋਕਾਂ ਤੋਂ ਮੁਕਤੀ

ਇਸ ਨੀਤੀ ਦਾ ਉਦੇਸ਼ ਘਰੇਗੀ ਤੇਲ ਤੇ ਗੈਸ ਉਤਪਾਦਨ ਵਿਚ ਵਾਧਾ ਕਰਨਾ ਹੈ। ਇਸ ਨਾਲ ਨਾ ਸਿਰਫ਼ ਇਸ ਖੇਤਰ ਵਿਚ ਪੂੰਜੀਕਾਰੀ ਵਧੇਗੀ ਸਗੋਂ ਰੁਜ਼ਗਾਰ ਦੇ ਮੌਕੇ ਵੀ ਉਤਪੰਨ ਹੋਣਗੇ। ਹਾਇਡਰੋਕਾਰਬਨ ਲਾਇਸੰਸ ਦੇਣ ਦੇ ਮਾਮਲੇ ਵਿਚ ਪਾਰਦਰਸ਼ਤਾ ਆਉਣ ਨਾਲ ਪ੍ਰਸ਼ਾਸਕੀ ਰੋਕ-ਟੋਕ ਖ਼ਤਮ ਹੋਵੇਗੀ ਤੇ ਏਕੜ ਅਧਾਰਿਤ ਨੀਤੀ ਕੰਪਨੀਆਂ ਨੂੰ ਮਰਜ਼ੀ ਦੇ ਖਿੱਤੇ ਲੱਭ ਕੇ ਕਾਰਜ ਕਰਨ ਵਿਚ ਸਹਾਈ ਸਿੱਧ ਹੋਵੇਗੀ। ਮੁਕਦੀ ਗੱਲ ਕਿ ਊਰਜਾ ਉਤਪਾਦਨ ਦੇ ਖੇਤਰ ਵਿਚ ਤੇ ਰੁਜ਼ਗਾਰ ਦੇ ਖੇਤਰ ਵਿਚ ਵਾਧਾ ਹੀ ਇਸ ਨੀਤੀ ਦਾ ਮਨੋਰਥ ਹੈ।

## ਪੰਜਾਬ ਦਾ ਖਣਿਜ ਸਰਮਾਇਆ (Mineral wealth of Punjab) :

ਪੰਜਾਬ ਦੀ ਭੂਗੋਲਿਕ ਤੇ ਭੂ-ਗਰਭੀ ਸਥਾਪਨਾ ਦਰਿਆਵਾਂ ਵੱਲੋਂ ਢੋਏ ਗਏ ਜਲੋਢੀ ਪਦਾਰਥਾਂ ਤੋਂ ਹੋਈ ਹੈ ਤੇ ਇਸ ਲਈ ਇੱਥੇ ਤਲਛੱਟੀ ਚਟਾਨਾਂ ਜਿਵੇਂ ਕਿ ਰੇਤ, ਚੀਕਣੀ ਮਿੱਟੀ, ਪੱਥਰ-ਕੰਕਰ ਤੇ ਗਾਧ ਆਦਿ ਮਿਲਦੀਆਂ ਹਨ। ਧਰਤੀ ਉਤੇ ਬਹੁਤੇ ਖਣਿਜ ਪਦਾਰਥ ਅਗਨੀ ਜਾਂ ਰੂਪਾਂਤਰਿਤ ਚਟਾਨਾਂ ਵਿਚੋਂ ਹੀ ਮਿਲਦੇ ਹਨ ਜਿਸ ਕਾਰਨ ਉਸ ਪ੍ਰਕਾਰ ਦੇ ਖਣਿਜਾਂ ਦੀ ਪੰਜਾਬ ਵਿਚ ਘਾਟ ਹੈ। ਸੂਬੇ ਦੇ ਕਈ ਭਾਗਾਂ ਵਿਚ ਉਸਾਰੀ ਵਿਚ ਕੰਮ ਆਉਣ ਵਾਲੇ

ਪਦਾਰਥ ਰੇਤਾ, ਬਜਰੀ, ਰੇਤਲੇ ਪੱਥਰ ਆਦਿ ਜ਼ਰੂਰ ਮਿਲਦੇ ਹਨ ਜਿਨ੍ਹਾਂ ਲਈ ਜ਼ਿਲ੍ਹਿਆਂ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ), ਹੁਸ਼ਿਆਰਪੁਰ, ਪਠਾਨਕੋਟ, ਗੁਰਦਾਸਪੁਰ, ਫ਼ਿਰੋਜ਼ਪੁਰ ਤੇ ਜਲੰਧਰ ਵਿਚ ਪੈਂਦੇ ਸ਼ਿਵਾਲਿਕ ਪਹਾੜ ਪੈਰ ਦੇ ਇਲਾਕੇ ਜਾਂ ਦਰਿਆਈ ਕੰਢੇ ਪ੍ਰਸਿੱਧ ਹਨ।

## ਪ੍ਰੋਜੈਕਟ/ਕਿਰਿਆਵਾਂ

1. ਆਪਣੇ ਸਕੂਲ ਦੀ ਰਸਾਇਣ ਵਿਗਿਆਨ ਦੀ ਪ੍ਰਯੋਗਸ਼ਾਲਾ ਵਿਚ ਜਾਓ ਤੇ ਧਰਤੀ ਦੀ ਉਤਪਤੀ ਦੀ ਸਮਾਂ-ਸਾਰਣੀ ਵਿਚੋਂ ਹੇਠ ਲਿਖੀ ਜਾਣਕਾਰੀ ਇਕੱਤਰ ਕਰੋ :
   (ੳ) ਧਰਤ ਦੀਆਂ ਦੁਰਲੱਭ ਧਾਤਾਂ ਦੀ ਸੂਚੀ (ਅ) ਰਿਐਕਟਿਵ ਸਮੱਗਰੀ
   (ੲ) ਗ਼ੈਰ-ਰਿਐਕਟਿਵ ਸਮੱਗਰੀ (ਸ) ਰੂਪਾਂਤਰਣ ਅਧੀਨ ਧਾਤਾਂ
2. ਸ਼੍ਰੇਣੀ ਦੇ ਅਧਿਆਪਕ ਜੀ ਹੇਠ ਦਿੱਤੇ ਮੁੱਦਿਆਂ 'ਤੇ ਨਕਸ਼ਾ ਭਰਨ ਮੁਕਾਬਲਾ ਕਰਵਾਉਣ :
   (ੳ) ਭਾਰਤ ਦੇ ਖਣਨ ਖੇਤਰ (ਅ) ਸੂਬੇ ਦੇ ਉਚੇਚੇ ਖਣਨ ਖੇਤਰ
3. ਆਪਣੀ ਸ਼੍ਰੇਣੀ ਦੇ ਅਧਿਆਪਕ ਜੀ ਨਾਲ਼ ਗੁਆਂਢੀ ਸੂਬੇ ਵਿਚ ਹੁੰਦੇ ਚਟਾਨੀ ਲੂਣ ਦੇ ਖਣਨ ਬਾਰੇ ਜਾਣਕਾਰੀ ਲਓ ਤੇ ਚਟਾਨੀ ਲੂਣ ਤੇ ਸਾਗਰੀ ਲੂਣ ਵਿਚ ਫ਼ਰਕ ਸਮਝੋ।
4. ਆਪਣੇ ਵੱਡਿਆਂ ਤੋਂ, ਪੰਜਾਬ ਵਿਚ ਖਣਨ ਦੀ ਅਣਹੋਂਦ ਬਾਰੇ ਜਾਣਕਾਰੀ ਲਓ ਤੇ ਜਾਣੋਂ ਕਿ ਪੰਜਾਬ ਵਿਚ ਸਿਰਫ਼ ਰੇਤੇ ਦਾ ਖਣਨ ਹੀ ਕਿਉਂ ਪ੍ਰਚਲਤ ਹੈ।
5. ਯੂ-ਟਿਊਬ ਤੋਂ ਖਣਨ ਸੰਬੰਧੀ ਸਿਧਾਂਤਾਂ ਨੂੰ ਸਮਝ ਕੇ, ਸੋਨੇ ਤੇ ਹੀਰਿਆਂ ਦੇ ਖਣਨ ਬਾਰੇ ਵੀਡਿਓ ਦੋਸਤਾਂ-ਮਿੱਤਰਾਂ ਨਾਲ ਸਾਂਝੀ ਕਰੋ।

## ਅਭਿਆਸ

1. ਬਹੁ-ਚੋਣਵੇਂ ਪ੍ਰਸ਼ਨ :-

(i) ਹੇਠ ਲਿਖਿਆਂ ਵਿੱਚੋਂ ਕਿਹੜੀ ਖਣਿਜਾਂ ਦੀ ਵਿਸ਼ੇਸ਼ਤਾ ਨਹੀਂ ਹੈ ?
   (ੳ) ਇਕਹਿਰੇ ਗੁਣੀ (ਅ) ਕੁਦਰਤੀ ਵਾਪਰੇ ਤੱਤ
   (ੲ) ਵਿਆਖਿਆਮਈ ਸੰਰਚਨਾ (ਸ) ਕੋਈ ਵੀ ਨਹੀਂ

(ii) ਰੂਹਰ ਘਾਟੀ ਕਿਸ ਦੇਸ਼ ਵਿੱਚ ਪੈਂਦੀ ਹੈ ?
   (ੳ) ਆਸਟਰੇਲੀਆ (ਅ) ਜਰਮਨੀ
   (ੲ) ਜਾਪਾਨ (ਸ) ਭਾਰਤ

(iii) ਕਿਹੜੇ ਸਾਧਨ ਰਵਾਇਤੀ ਊਰਜਾ ਦੇ ਸਰੋਤ ਹਨ ?
   (ੳ) ਪੌਣ ਤੇ ਕੋਲਾ (ਅ) ਜਵਾਰੀ ਤੇ ਸੂਰਜੀ
   (ੲ) ਕੁਦਰਤੀ ਗੈਸ ਤੇ ਤਰੰਗਾਂ (ਸ) ਕੋਲਾ ਤੇ ਪੈਟਰੋਲੀਅਮ

(iv) ਮੁੰਬਈ ਹਾਈ ਕੀ ਹੈ ?
   (ੳ) ਪਹਾੜੀ ਸਥਾਨ (ਅ) ਤੇਲ ਉਤਪਾਦਕ ਸਥਾਨ
   (ੲ) ਕੋਲਾ ਉਤਪਾਦਕ ਪੇਟੀ (ਸ) ਮੈਟਰੋ ਸਟੇਸ਼ਨ

(v) ਮਿਲਾਨ ਕਰੋ—

| | |
|---|---|
| (i) ਇਸਪਾਤ ਕਾਲ਼ | (a) ਹਜ਼ਾਰ ਸਾਲ ਪੂਰਵ |
| (ii) ਕਾਂਸੀ ਕਾਲ਼ | (b) 1780-1980 |
| (iii) ਲੋਹ ਕਾਲ਼ | (c) ਤਾਂਬਾ + ਟਿਨ (ਕਲੱਈ) |
| (iv) ਸਿਲੀਕੋਨ ਕਾਲ਼ | (d) 1980 ਤੋਂ ਬਾਅਦ |

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30ਕੁ ਸ਼ਬਦਾਂ ਤੱਕ ਦਿਓ—

(i) ਧਾਤਵੇਂ ਖਣਿਜ ਕੀ ਹੁੰਦੇ ਹਨ?

(ii) ਭਾਰਤ ਦੇ ਕੋਈ ਪੰਜ ਕੋਲਾ ਉਤਪਾਦਕ ਰਾਜਾਂ ਦੇ ਨਾਮ ਲਿਖੋ।

(iii) ਕੱਚੇ ਲੋਹੇ ਦੀਆਂ ਕਿਸਮਾਂ ਤੇ ਉਨ੍ਹਾਂ ਵਿੱਚ ਲੋਹ ਧਾਤ ਅੰਸ਼ ਲਿਖੋ।

(iv) 'ਭਾਰਤ ਦੀ ਰੂਹਰ' ਕਿਹੜਾ ਇਲਾਕਾ ਹੈ ਤੇ ਕਿਉਂ?

(v) ਬ੍ਰਹਮਪੁੱਤਰ ਘਾਟੀ ਦੇ ਉਪਰੀ ਤੇਲ ਭੰਡਾਰਾਂ 'ਤੇ ਨੋਟ ਲਿਖੋ।

(vi) ਗ਼ੈਰ-ਰਵਾਇਤੀ ਊਰਜਾ ਸਰੋਤਾਂ ਤੋਂ ਤੁਹਾਡਾ ਕੀ ਭਾਵ ਹੈ?

(vii) ਪਥਰਾਟ ਬਾਲਣ ਕੀ ਹੁੰਦੇ ਹਨ।

(viii) ਪੰਜਾਬ ਦੇ ਖਣਿਜ ਸਰਮਾਏ 'ਤੇ ਨੋਟ ਲਿਖੋ।

3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 120 ਸ਼ਬਦਾਂ ਤੱਕ ਦਿਓ—

(i) ਭਾਰਤ ਵਿੱਚ ਗ਼ੈਰ-ਰਵਾਇਤੀ ਊਰਜਾ ਸਾਧਨਾਂ ਦੀ ਵਿਆਖਿਆ ਕਰੋ।

(ii) ਖਣਿਜ ਸਾਧਨਾਂ ਦੀ ਬੱਚਤ ਤੋਂ ਕੀ ਭਾਵ ਹੈ? ਇਸ ਲਈ ਕੀ ਕਦਮ ਚੁੱਕੇ ਜਾ ਸਕਦੇ ਹਨ?

(iii) ਰਵਾਇਤੀ ਤੇ ਗ਼ੈਰ ਰਵਾਇਤੀ ਊਰਜਾ ਸਾਧਨਾਂ ਦੀ ਤੁਲਨਾ ਕਰੋ।

(iv) ਹੇਠ ਲਿਖਿਆਂ 'ਤੇ ਨੋਟ ਲਿਖੋ—

| | |
|---|---|
| (ੳ) ਮਕਰਾਣਾ (ਰਾਜਸਥਾਨ) ਪੱਥਰ ਖਣਨ | (ਅ) ਕੋਲਾਰ ਤੇ ਹੁੱਟੀ ਸੋਨਾ ਖਾਣਾਂ |
| (ੲ) ਹਿਮਾਚਲ ਪ੍ਰਦੇਸ਼ ਦਾ ਕਾਲ਼ਾ ਲੂਣ ਖਣਨ | (ਸ) ਭੌਂ-ਤਾਪੀ ਊਰਜਾ ਸਾਧਨ |

# ਨਿਰਮਾਣ ਸਨਅਤਾਂ

# 6

# (MANUFACTURING INDUSTRIES)

ਜੋ ਸਨਅਤਾਂ (ਉਦਯੋਗ) ਕਿਸੇ ਵੀ ਤਰ੍ਹਾਂ ਦੇ ਕੱਚੇ ਮਾਲ ਨੂੰ ਵਧੇਰੇ ਕੀਮਤੀ ਤੇ ਨਿਵੇਕਲੇ ਪੱਖ ਤੋਂ ਵਰਤੋਂਯੋਗ ਵਸਤ ਵਿਚ ਤਬਦੀਲ ਕਰਦੀਆਂ ਹਨ, ਨਿਰਮਾਣ ਸਨਅਤਾਂ ਕਹਾਉਂਦੀਆਂ ਹਨ। ਤੁਸੀਂ ਜਾਣਦੇ ਹੀ ਹੋਵੋਗੇ ਕਿ ਕਾਗਜ਼ ਅਸਲ ਵਿਚ ਲੱਕੜੀ ਤੋਂ ਬਣਦਾ ਹੈ, ਖੰਡ (ਚੀਨੀ) ਗੰਨੇ ਤੋਂ ਬਣਦੀ ਹੈ, ਲੋਹਾ ਤੇ ਇਸਪਾਤ (ਸਟੀਲ) ਮੂਲ ਰੂਪ ਵਿਚ ਕੱਚੇ ਲੋਹੇ ਤੋਂ ਬਣਦਾ ਹੈ ਤੇ ਐਲੂਮੀਨੀਅਮ, ਬਾਕਸਾਈਟ ਤੋਂ। ਦਿਲਚਸਪ ਗੱਲ ਹੈ ਕਿ ਕੱਪੜਿਆਂ ਦੀਆਂ ਕੁਝ ਕਿਸਮਾਂ ਧਾਗੇ ਤੋਂ ਤਿਆਰ ਹੁੰਦੀਆਂ ਹਨ ਜਦੋਂ ਕਿ ਧਾਗਾ ਆਪ ਇਕ ਸਨਅਤੀ ਉਤਪਾਦ ਹੈ। ਸਹਾਇਕ ਕਿਰਿਆਵਾਂ ਵਿਚ ਕਾਰਜ ਕਰਦੇ ਕਾਮੇ ਮੁੱਖ ਵਸਤਾਂ ਨੂੰ, ਵਿਲੱਖਣ ਵਰਤੋਂਯੋਗ ਵਸਤੂਆਂ ਵਿਚ ਤਬਦੀਲ ਕਰਦੇ ਹਨ। ਇਸ ਵਰਗ ਵਿਚ ਇਸਪਾਤ ਸਨਅਤ, ਮੋਟਰਕਾਰ ਸਨਅਤ, ਕੱਪੜਾ ਸਨਅਤ ਤੇ ਬੇਕਰੀਆਂ ਆਦਿ ਦੇ ਕਾਮੇ ਆਉਂਦੇ ਹਨ। ਕੁਝ ਲੋਕ ਸੇਵਾਵਾਂ ਦੇਣ ਦਾ ਕਾਰਜ ਵੀ ਕਰਦੇ ਹਨ। ਇਸ ਪਾਠ ਵਿਚ ਅਸੀਂ ਨਿਰਮਾਣ ਸਨਅਤਾਂ ਬਾਰੇ ਪੜ੍ਹਾਂਗੇ ਜੋ ਕਿ ਕਾਰਜਾਂ ਦੇ ਪੰਜ ਖੇਤਰਾਂ ਵਿਚੋਂ ਦੂਸਰੇ ਭਾਵ ਸਹਾਇਕ ਖੇਤਰ ਦੀਆਂ ਕਿਰਿਆਵਾਂ ਵਿਚ ਸ਼ਾਮਲ ਹਨ। ਕਿਸੇ ਵੀ ਦੇਸ਼ ਦੀ ਆਰਥਿਕ ਤਾਕਤ ਅਸਲੋਂ, ਨਿਰਮਾਣ ਸਨਅਤਾਂ ਦੇ ਵਿਕਾਸ ਦੀ ਗਤੀ ਤੋਂ ਹੀ ਮਿਣੀ ਜਾਂਦੀ ਹੈ।

## ਨਿਰਮਾਣ ਖੇਤਰ ਦਾ ਮਹੱਤਵ (Importance of Manufacturing Sector)

ਨਿਰਮਾਣ ਖੇਤਰ ਨੂੰ ਆਮ ਤੌਰ 'ਤੇ ਵਿਕਾਸ ਦੀ ਰੀੜ੍ਹ ਤੇ ਖ਼ਾਸ ਕਰਕੇ ਆਰਥਿਕ ਵਿਕਾਸ ਦਾ ਆਧਾਰ ਮੰਨਿਆ ਜਾਂਦਾ ਹੈ, ਕਿਉਂਕਿ :

* ਖੇਤੀਬਾੜੀ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਤੇ ਨਿਰਮਾਣ ਸਨਅਤਾਂ ਨਾ ਸਿਰਫ਼ ਇਸ ਖੇਤੀ ਖੇਤਰ ਦੇ ਕਾਰਜ ਨੂੰ ਨਿਵੇਕਲਾ ਰੂਪ ਪ੍ਰਦਾਨ ਕਰਨ ਵਿਚ ਸਹਾਈ ਹੁੰਦੀਆਂ ਹਨ, ਸਗੋਂ ਸਹਾਇਕ ਤੇ ਤੀਸਰੇ ਦਰਜੇ (ਖੇਤਰਾਂ) ਦੇ ਕਾਰਜਾਂ ਵਿਚ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾ ਕੇ ਨਿਰਾ-ਪੁਰਾ ਖੇਤੀ ਉੱਤੇ ਹੀ ਅਧਾਰਤ ਹੋਣ ਤੋਂ ਵੀ ਬਚਾਉਂਦੀਆਂ ਹਨ।
* ਸਾਡੇ ਦੇਸ਼ ਵਿਚ ਬੇਰੁਜ਼ਗਾਰੀ ਤੇ ਗ਼ਰੀਬੀ ਮਿਟਾਉਣ ਲਈ ਸਨਅਤੀ ਵਿਕਾਸ ਪਹਿਲੀ ਲੋੜ ਮੰਨਿਆ ਜਾਂਦਾ ਹੈ। ਦੇਸ਼ ਵਿਚ ਸਰਕਾਰੀ ਖੇਤਰ ਦੀਆਂ ਸਨਅਤਾਂ ਤੇ ਸਾਂਝੇ ਖੇਤਰ ਦੇ ਹੋਰ ਧੰਦੇ ਸਥਾਪਤ ਕਰਨ ਪਿੱਛੇ ਇਹੀ ਸੋਚ ਰਹੀ ਹੈ। ਪਛੜੇ ਤੇ ਕਬਾਇਲੀ ਇਲਾਕਿਆਂ ਵਿਚ ਸਨਅਤੀ ਵਿਕਾਸ ਕਰਕੇ ਇਲਾਕਾਈ ਅੰਤਰ ਵੀ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।
* ਨਿਰਮਿਤ ਵਸਤਾਂ ਦੀ ਬਰਾਮਦ (ਨਿਰਯਾਤ, export) ਨਾਲ ਵਣਜ-ਵਪਾਰ ਨੂੰ ਹਾਂ-ਪੱਖੀ ਹੁਲਾਰਾ ਮਿਲਦਾ ਹੈ ਤੇ ਦੇਸ਼ ਵਿਚ ਵਿਦੇਸ਼ੀ ਧੰਨ (ਵਿਦੇਸ਼ੀ ਮੁਦਰਾ-foreign exchange) ਦੇ ਭੰਡਾਰ ਵੱਡੇ ਹੁੰਦੇ ਹਨ।
* ਜਿਹੜੇ ਦੇਸ਼ਾਂ ਵਿਚ ਕੱਚੇ ਮਾਲ ਨੂੰ ਵਰਤੋਂ ਦੀਆਂ ਵਧੀਆ, ਮਿਆਰੀ ਵਸਤਾਂ ਵਿਚ ਤਬਦੀਲ ਕਰਕੇ ਵਰਤਿਆ ਤੇ ਵਪਾਰ ਕੀਤਾ ਜਾਂਦਾ ਹੈ, ਉਹ ਦੇਸ਼ ਖ਼ੁਸ਼ਹਾਲ ਮੰਨੇ ਗਏ ਹਨ। ਇਸੇ ਪਰੰਪਰਾ ਦੇ ਤਹਿਤ ਭਾਰਤ ਦੀ ਖ਼ੁਸ਼ਹਾਲੀ ਇਸੇ ਤੱਥ ਵਿਚ ਲੁਕੀ ਹੈ ਕਿ ਛੇਤੀ ਤੋਂ ਛੇਤੀ ਵੱਖੋ-ਵੱਖ ਪ੍ਰਕਾਰ ਦੀਆਂ ਨਿਰਮਾਣ ਸਨਅਤਾਂ ਨੂੰ ਸਥਾਪਤ ਕੀਤਾ ਜਾ ਸਕੇ। ਖੇਤੀਬਾੜੀ ਤੇ ਸਨਅਤੀ ਵਿਕਾਸ ਇਕ-ਦੂਸਰੇ ਦਾ ਹੱਥ ਫੜ੍ਹ ਕੇ ਹੀ ਤੁਰਦੇ ਹਨ। ਉਦਾਹਰਣ ਵਜੋਂ ਖੇਤੀ-ਅਧਾਰਤ ਸਨਅਤਾਂ ਨੇ ਦੇਸ਼ ਵਿਚ ਖੇਤੀ ਉਪਜਾਂ ਦੀ ਉਤਪਾਦਕਤਾ ਵਧਾਏ ਜਾਣ ਨੂੰ ਉਤਸ਼ਾਹਿਤ ਕੀਤਾ ਹੈ। ਅਜਿਹੀਆਂ ਸਨਅਤਾਂ ਕੱਚੇ ਮਾਲ ਤੋਂ ਇਲਾਵਾ ਆਪਣੇ ਉਤਪਾਦਨ ਵੇਚਣ

ਲਈ ਵੀ ਖੇਤੀਬਾੜੀ ਖੇਤਰਾਂ ਅਤੇ ਕਿਸਾਨਾਂ ਉੱਤੇ ਹੀ ਨਿਰਭਰ ਕਰਦੀਆਂ ਹਨ ਜਿਵੇਂ ਕਿ ਸਿੰਜਾਈ ਪੰਪ, ਖਾਦਾਂ, ਕੀਟ-ਨਾਸ਼ਕ, ਨਦੀਨ ਨਾਸ਼ਕ, ਪਲਾਸਟਿਕ ਤੇ ਪੀ.ਵੀ.ਸੀ. ਪਾਈਪਾਂ, ਮਸ਼ੀਨਾਂ ਤੇ ਸੰਦ ਆਦਿ। ਇਸ ਤਰ੍ਹਾਂ ਵਿਕਾਸ-ਮੁਖੀ ਕਿਰਿਆਵਾਂ ਤੇ ਨਿਰਮਾਣ ਸਨਅਤਾਂ ਦੀ ਮੁਕਾਬਲੇਬਾਜ਼ੀ ਨੇ ਨਾ ਸਿਰਫ਼ ਕਿਸਾਨਾਂ ਨੂੰ ਆਪਣੀਆਂ ਉਪਜਾਂ ਵਧਾਉਣ ਲਈ ਉਤਸ਼ਾਹਿਤ ਕੀਤਾ ਹੈ, ਸਗੋਂ ਉਤਪਾਦਨ ਪ੍ਰਕਿਰਿਆ ਨੂੰ ਵਧੇਰੇ ਸਟੀਕ ਬਨਾਉਣ ਵਿਚ ਸਹਾਇਤਾ ਵੀ ਕੀਤੀ ਹੈ।

ਗਲੋਬਲਾਈਜ਼ੇਸ਼ਨ ਦੇ ਮੌਜੂਦਾ ਕਾਲ਼ ਵਿਚ ਸਾਡੀਆਂ ਸਨਅਤਾਂ ਨੂੰ ਵਧੇਰੇ ਨਿਪੁੰਨ ਤੇ ਮੁਕਾਬਲਤਨ ਚੰਗੇਰੇ ਉਤਪਾਦਕ ਹੋਣ ਦੀ ਲੋੜ ਹੈ। ਆਪਣੇ ਪੈਰਾਂ ਸਿਰ ਹੋਣਾ ਹੀ ਕਾਫ਼ੀ ਨਹੀਂ ਹੈ। ਮਿਆਰ ਦੇ ਪੱਖੋਂ ਸਾਡੇ ਦੇਸੀ ਉਤਪਾਦਨ, ਕੌਮਾਂਤਰੀ ਮੰਡੀ ਦੇ ਉਤਪਾਦਨਾਂ ਦੇ ਸਮਾਨ ਹੀ ਹੋਣੇ ਚਾਹੀਦੇ ਹਨ। ਸਿਰਫ਼ ਤਾਂ ਹੀ ਅਸੀਂ ਕੌਮਾਂਤਰੀ ਮੰਡੀ ਦਾ ਮੁਕਾਬਲਾ ਕਰ ਸਕਾਂਗੇ।

## ਸਨਅਤਾਂ ਦੇ ਨਿਰਧਾਰਣ ਸਥਾਨ (Industrial Locations)




ਸਨਅਤੀ ਇਕਾਈਆਂ ਦੀ ਸਥਾਪਨਾ ਲਈ ਸਥਾਨਾਂ ਦਾ ਨਿਰਧਾਰਨ ਗੁੰਝਲਦਾਰ ਕਿਸਮ ਦੀ ਕਿਰਿਆ ਹੈ ਕਿਉਂਕਿ ਕੱਚਾ ਮਾਲ, ਮਜ਼ਦੂਰ-ਕਾਮੇ, ਸਰਮਾਇਆ, ਬਿਜਲੀ ਜਾਂ ਊਰਜਾ ਤੇ ਮੰਡੀ ਆਦਿ ਤੱਤਾਂ ਦਾ ਇਕ ਥਾਂ ਸੰਭਵ ਹੋ ਸਕਣਾ ਇਸ ਕਿਰਿਆ ਉੱਤੇ ਅਸਰਪਾਊ ਹੁੰਦਾ ਹੈ। ਸਿੱਟੇ ਵਜੋਂ ਨਿਰਮਾਣ ਕਿਰਿਆ ਉੱਥੇ ਹੀ ਅਰੰਭੀ ਜਾ ਸਕਦੀ ਹੈ ਜਿੱਥੇ ਸਾਰੇ ਤੱਤ ਨਹੀਂ ਤਾਂ ਇਨ੍ਹਾਂ ਵਿੱਚੋਂ ਬਹੁਤੇ ਇਕ ਹੀ ਥਾਂ ਮਿਲਣੇ ਸੰਭਵ ਹੋਣ ਤੇ ਜਾਂ ਇਹ ਜ਼ਿਆਦਾ ਖ਼ਰਚੇ ਤੋਂ ਬਿਨਾਂ ਹੀ ਸੰਭਵ ਬਣਾਏ ਜਾ ਸਕਦੇ ਹੋਣ।

ਸਨਅਤੀ ਕਿਰਿਆ ਅਰੰਭ ਹੋਣ ਦੇ ਨਾਲ਼ ਹੀ ਸ਼ਹਿਰੀਕਰਨ ਵੀ ਅਰੰਭ ਹੋ ਜਾਂਦਾ ਹੈ ਤੇ ਕਈ ਵਾਰ ਤਾਂ ਸਨਅਤੀ ਇਕਾਈਆਂ ਹੀ ਸ਼ਹਿਰਾਂ ਨੇੜੇ ਸਥਾਪਤ ਕਰ ਲਈਆਂ ਜਾਂਦੀਆਂ ਹਨ। ਇਵੇਂ ਸਨਅਤੀਕਰਨ ਤੇ ਸ਼ਹਿਰੀਕਰਨ ਨਾਲ਼ੋ-ਨਾਲ਼ ਹੀ ਤੁਰਦੇ ਹਨ। ਸ਼ਹਿਰ ਸਨਅਤੀ ਉਤਪਾਦਨਾਂ ਨੂੰ ਮੰਡੀ ਪ੍ਰਦਾਨ ਕਰਦੇ ਹਨ ਤੇ ਨਾਲ਼ ਹੀ ਬੈਂਕਿੰਗ, ਬੀਮਾਕਾਰੀ, ਆਵਾਜਾਈ, ਕਿਰਤ ਅਤੇ ਵਿੱਤੀ ਤੇ ਕੰਮ ਸੰਬੰਧੀ ਸਲਾਹ-ਮਸ਼ਵਰੇ ਆਦਿ ਸੇਵਾਵਾਂ ਵੀ ਪੇਸ਼ ਕਰਦੇ ਹਨ। ਕਈ ਸਨਅਤੀ ਇਕਾਈਆਂ ਇਸ ਲਈ ਵੀ ਨੇੜੇ-ਨੇੜੇ ਸਥਾਪਤ ਕਰ ਲਈਆਂ ਜਾਂਦੀਆਂ ਹਨ ਤਾਂ ਕਿ ਨੇੜਲੇ ਸ਼ਹਿਰ ਵਿਚ ਪ੍ਰਾਪਤ ਇਕੱਤ੍ਰਿਤ ਵਿੱਤੀ ਤੇ ਹੋਰ ਸੰਭਾਵਨਾਵਾਂ ਦਾ ਲਾਭ ਲਿਆ ਜਾ ਸਕੇ। ਇਵੇਂ ਹੌਲੀ-ਹੌਲੀ ਸਨਅਤੀ ਇਕਾਈਆਂ ਦਾ ਵੱਡਾ ਇਕੱਠ, ਸ਼ਹਿਰ ਨੇੜੇ ਸਥਾਪਤ ਹੋ ਜਾਂਦਾ ਹੈ। ਭਾਰਤ ਦੀ ਅਜ਼ਾਦੀ ਤੋਂ ਪਹਿਲਾਂ ਦੇ ਸਮੇਂ ਜ਼ਿਆਦਾਤਰ ਨਿਰਮਾਣ ਇਕਾਈਆਂ, ਵਿਦੇਸ਼ੀ ਵਪਾਰ ਨੂੰ ਮੁੱਖ ਰੱਖਦਿਆਂ, ਮੁੰਬਈ, ਕੋਲਕਾਤਾ ਅਤੇ ਚੇਨਈ ਆਦਿ ਸਥਾਨਾਂ ਉਤੇ ਸਥਾਪਤ ਕੀਤੀਆਂ ਗਈਆਂ ਹਨ। ਮਗਰੋਂ ਕੁਝ ਅਜਿਹੇ ਕੇਂਦਰ ਉਤਪੰਨ ਹੋਏ, ਉਨ੍ਹਾਂ ਸ਼ਹਿਰੀ ਖੇਤਰਾਂ ਦੇ ਦੁਆਲੇ ਸਨਅਤੀ ਇਕਾਈਆਂ ਜੁੜੀਆਂ ਜਿੱਥੇ ਆਲ਼ੇ-ਦੁਆਲ਼ੇ ਵਿਸਤ੍ਰਿਤ ਪੇਂਡੂ ਖੇਤੀਯੋਗ ਜ਼ਮੀਨ ਸੀ ਤੇ ਖੇਤੀ ਕਾਰਜ ਹੁੰਦੇ ਸਨ।

## ਸਨਅਤਾਂ ਦਾ ਵਰਗੀਕਰਨ (Classification of Industries)

ਆਓ, ਜ਼ਿੰਦਗੀ ਵਿਚ ਆਮ ਹੀ ਵਰਤੀਆਂ ਜਾਣ ਵਾਲੀਆਂ ਕੁਝ ਵਸਤਾਂ ਦੀ ਸੂਚੀ ਬਣਾਈਏ ਜਿਵੇਂ ਬਿਜਲਈ ਬਲਬ, ਟਰਾਂਜ਼ਿਸਟਰ, ਖ਼ੁਰਾਕੀ ਤੇਲ, ਸੀਮਿੰਟ, ਕੱਚ ਦਾ ਸਮਾਨ, ਪੈਟਰੋਲ, ਸਕੂਟਰ, ਮਾਚਸਾਂ, ਆਟੋ ਮੋਬਾਈਲ, ਦਵਾਈਆਂ ਆਦਿ। ਇਹ ਸੂਚੀ ਲਗਪਗ ਅਮੁੱਕ ਹੈ। ਇਹੀ ਵਰਗੀਕਰਨ ਜੇ ਖ਼ਾਸ ਆਧਾਰਾਂ 'ਤੇ ਕਹੀਏ ਤਾਂ ਵਸਤਾਂ ਦੇ ਨਿਰਮਾਣ ਨੂੰ ਵਧੇਰੇ ਚੰਗੇ ਢੰਗ ਨਾਲ ਸਮਝ ਸਕਾਂਗੇ।




* **ਖੇਤੀ ਉਪਜਾਂ ਅਧਾਰਤ ਸਨਅਤਾਂ (Agro-based Industries) :** ਉਹ ਸਨਅਤਾਂ ਜਿਨ੍ਹਾਂ ਦਾ ਅਧਾਰ ਖੇਤੀ ਉਪਜਾਂ ਹੁੰਦੀਆਂ ਹਨ। ਜਿਵੇਂ : ਸੂਤੀ ਕੱਪੜਾ ਸਨਅਤ, ਊਨੀ ਕੱਪੜਾ ਸਨਅਤ, ਪਟਸਨ ਸਨਅਤ, ਰੇਸ਼ਮੀ ਕੱਪੜਾ ਸਨਅਤ, ਖੰਡ ਸਨਅਤ, ਖ਼ੁਰਾਕੀ ਤੇਲ ਸਨਅਤ ਆਦਿ।
* **ਖਣਿਜ ਅਧਾਰਤ ਸਨਅਤਾਂ (Mineral based Industries) :** ਇਨ੍ਹਾਂ ਸਨਅਤਾਂ ਦਾ ਅਧਾਰ ਖਣਿਜ ਪਦਾਰਥ ਹੁੰਦੇ ਹਨ। ਜਿਵੇਂ : ਲੋਹਾ ਤੇ ਇਸਪਾਤ ਸਨਅਤ, ਐਲੂਮੀਨੀਅਮ ਸਨਅਤ, ਮਸ਼ੀਨੀ ਸੰਦ ਸਨਅਤ, ਪੈਟਰੋ-ਰਸਾਇਣ ਸਨਅਤ ਆਦਿ।
* **ਮੁੱਢਲੀਆਂ ਸਨਅਤਾਂ (Basic Industries) :** ਜੋ ਸਨਅਤਾਂ ਅਜਿਹੇ ਪਦਾਰਥ ਜਾਂ ਵਸਤਾਂ ਤਿਆਰ ਕਰਦੀਆਂ ਹਨ ਜੋ ਹੋਰ ਨਿਰਮਾਣ ਸਨਅਤਾਂ ਵਿਚ ਕੱਚੇ ਮਾਲ ਵਜੋਂ ਵਰਤੀਆਂ ਜਾਂਦੀਆਂ ਹਨ। ਜਿਵੇਂ : ਲੋਹੇ ਦੀ ਢਲਾਈ ਸਨਅਤ, ਲੋਹਾ ਤੇ ਇਸਪਾਤ ਸਨਅਤ, ਤਾਂਬਾ ਸ਼ੁੱਧੀਕਰਨ ਸਨਅਤ, ਐਲੂਮੀਨੀਅਮ ਸਨਅਤ ਆਦਿ।
* **ਉਪਭੋਗੀ ਅਧਾਰਤ ਸਨਅਤਾਂ (Consumer based industries) :** ਉਪਭੋਗੀਆਂ ਲਈ ਉਹ ਵਸਤਾਂ ਨਿਰਮਾਣ ਕਰਨ ਵਾਲੀਆਂ ਸਨਅਤਾਂ ਜਿਨ੍ਹਾਂ ਦਾ ਉਤਪਾਦਨ ਸਿੱਧਾ ਬਜ਼ਾਰ ਵਿਚੋਂ ਉਪਯੋਗੀ ਲਈ ਜਾ ਪੁੱਜਦਾ ਹੈ, ਇਸ ਵਰਗ ਵਿਚ ਆਉਂਦੀਆਂ ਹਨ। ਜਿਵੇਂ : ਖੰਡ, ਟੁੱਥ ਪੇਸਟ, ਕਾਗਜ਼, ਸਿਲਾਈ ਮਸ਼ੀਨਾਂ, ਪੱਖੇ ਆਦਿ ਬਣਾਉਣ ਵਾਲੀਆਂ ਸਨਅਤਾਂ।
* **ਛੋਟੀਆਂ ਸਨਅਤਾਂ (Small-scale industries) :** ਉਹ ਸਨਅਤਾਂ ਜਿਨ੍ਹਾਂ ਵਿਚ ਪੂੰਜੀ ਨਿਵੇਸ਼ ਦੀ ਉੱਪਰਲੀ ਹੱਦ ਛੋਟੀਆਂ ਸਨਅਤਾਂ ਲਈ ਮਿੱਥੀ ਪੂੰਜੀ ਹੱਦ ਤੋਂ ਘੱਟ ਹੋਵੇ ਤੇ ਕਿਰਤੀਆਂ ਦੀ ਗਿਣਤੀ ਵੀ ਨਿਯਮਾਂ

ਅਨੁਸਾਰ ਸੀਮਤ ਹੋਵੇ, ਛੋਟੀਆਂ ਸਨਅਤਾਂ ਕਹਾਉਂਦੀਆਂ ਹਨ। ਪੂੰਜੀਕਾਰੀ ਦੀ ਇਹ ਹੱਦ ਤਬਦੀਲ ਹੁੰਦੀ ਰਹਿੰਦੀ ਹੈ। ਮੌਜੂਦਾ ਨਿਵੇਸ਼ ਹੱਦ ਇਕ ਕਰੋੜ ਰੁਪਏ ਹੈ।

* **ਸਰਕਾਰੀ ਖੇਤਰ ਦੀ ਸਨਅਤ (Public Sector industries) :** ਸਰਕਾਰ ਦੀ ਮਲਕੀਅਤ ਵਾਲੀਆਂ ਉਹ ਸਨਅਤਾਂ ਜੋ ਸਰਕਾਰੀ ਏਜੰਸੀਆਂ ਵੱਲੋਂ ਹੀ ਚਲਾਈਆਂ ਜਾਂਦੀਆਂ ਹਨ। ਜਿਵੇਂ : ਭਾਰਤ ਹੈਵੀ ਇਲੈਕਟ੍ਰੀਕਲਜ਼ ਲਿਮਟਿਡ (BHEL), ਸਟੀਲ ਅਥਾਰਿਟੀ ਆਫ਼ ਇੰਡੀਆ (SAIL) ਆਦਿ।
* **ਪ੍ਰਾਈਵੇਟ ਖੇਤਰ ਦੀ ਸਨਅਤ (Private Sector industries) :** ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਗਰੁੱਪ ਵਲੋਂ ਆਪਣੇ ਪੱਧਰ 'ਤੇ ਚਲਾਈ ਜਾਂਦੀ ਸਨਅਤੀ ਇਕਾਈ ਜਾਂ ਇਕਾਈਆਂ, ਪ੍ਰਾਈਵੇਟ ਖੇਤਰ ਦੀਆਂ ਸਨਅਤਾਂ ਹੁੰਦੀਆਂ ਹਨ। ਜਿਵੇਂ : ਟਾਟਾ ਆਇਰਨ ਐਂਡ ਸਟੀਲ ਕੰਪਨੀ (TISCO), ਬਜਾਜ ਔਟੋ ਲਿਮਟਿਡ, ਡਾਬਰ ਇੰਡਸਟਰੀਜ਼ ਆਦਿ।
* **ਸਾਂਝੇ ਖੇਤਰ ਦੀਆਂ ਸਨਅਤਾਂ (Joint Sector industries) :** ਸਰਕਾਰੀ ਤੇ ਪ੍ਰਾਈਵੇਟ ਖੇਤਰਾਂ ਵੱਲੋਂ ਰਲ਼ ਕੇ ਚਲਾਈਆਂ ਜਾਂਦੀਆਂ ਸਨਅਤਾਂ, ਸਾਂਝੇ ਖੇਤਰ ਦੀਆਂ ਸਨਅਤਾਂ ਕਹਾਉਂਦੀਆਂ ਹਨ। ਇਸ ਦੀ ਸਭ ਤੋਂ ਵੱਡੀ ਉਦਾਹਰਨ ਓਇਲ ਇੰਡੀਆ ਲਿਮਟਿਡ (OIL) ਹੈ।
* **ਸਹਿਕਾਰੀ ਜਾਂ ਕੋਆਪ੍ਰੇਟਿਵ ਖੇਤਰ ਦੀਆਂ ਸਨਅਤਾਂ (Cooperative Sector Industries) :** ਅਜਿਹੀਆਂ ਸਨਅਤਾਂ ਕੱਚੇ ਮਾਲ ਦੇ ਉਤਪਾਦਕਾਂ, ਸਪਲਾਇਅਰਾਂ ਤੇ ਕਾਮਿਆਂ ਵੱਲੋਂ ਰਲ਼ ਕੇ ਚਲਾਈਆਂ ਜਾਂਦੀਆਂ ਹਨ ਜੋ ਨਾ ਸਿਰਫ਼ ਸਨਅਤ ਦੇ ਸਾਧਨਾਂ ਵਿਚ, ਸਗੋਂ ਉਸਦੇ ਲਾਭ ਤੇ ਹਾਨੀ ਵਿਚ ਵੀ ਅਨੁਪਾਤਕ ਵਿਧੀ ਰਾਹੀਂ ਹਿੱਸਾ ਪਾਉਂਦੇ ਹਨ। ਮਹਾਰਾਸ਼ਟਰ ਦੀ ਖੰਡ ਸਨਅਤ ਤੇ ਕੇਰਲ ਦੀ ਨਾਰੀਅਲ ਦਾ ਰੇਸ਼ਾ ਸਨਅਤ, ਇਸ ਦੀਆਂ ਉਦਾਹਰਨਾਂ ਹਨ।
* **ਭਾਰੀ ਸਨਅਤਾਂ (Heavy industries) ਤੇ ਹਲਕੀਆਂ ਸਨਅਤਾਂ (Light industries) :** ਭਾਰੀ ਕੱਚਾ ਮਾਲ ਵਰਤ ਕੇ ਭਾਰੀ ਉਤਪਾਦਨ ਬਨਾਉਣ ਵਾਲੀਆਂ ਸਨਅਤਾਂ ਜਿਵੇਂ ਕਿ ਲੋਹਾ ਤੇ ਇਸਪਾਤ ਸਨਅਤ ਅਤੇ ਹੌਲ਼ਾ ਕੱਚਾ ਮਾਲ ਵਰਤ ਕੇ ਹਲਕੀਆਂ ਵਸਤਾਂ ਬਨਾਉਣ ਵਾਲੀਆਂ ਸਨਅਤਾਂ ਜਿਵੇਂ ਕਿ ਬਿਜਲੀ ਦਾ ਸਮਾਨ ਤੇ ਬਲਬ ਆਦਿ ਯੰਤਰ ਬਨਾਉਣ ਵਾਲੀਆਂ ਸਨਅਤਾਂ ਇਨ੍ਹਾਂ ਵਰਗਾਂ ਵਿਚ ਆਉਂਦੀਆਂ ਹਨ।

ਸਨਅਤੀ ਇਕਾਈਆਂ ਦੇ ਸਥਾਨੀਕਰਨ ਵਿਚ ਕਈ ਤੱਥ ਸਹਾਈ ਹੁੰਦੇ ਹਨ ਜਿਨ੍ਹਾਂ ਦੇ ਅਧਾਰ 'ਤੇ ਹੀ ਇਹ ਤੈਅ ਹੁੰਦਾ ਹੈ ਕਿ ਕੋਈ ਸਨਅਤ ਕਿਹੜੇ ਸਥਾਨ ਉਤੇ ਸਥਾਪਤ ਕੀਤੀ ਜਾਣੀ ਕਾਮਯਾਬੀ ਭਰਪੂਰ ਹੋਵੇਗੀ। ਸਥਾਨੀਕਰਨ ਜਾਂ ਕਿਸੇ ਸਨਅਤ ਦੀ ਸਥਾਪਨਾ ਲਈ ਆਧਾਰ ਮੰਨੇ ਜਾਂਦੇ ਕੁਝ ਮੁੱਢਲੇ ਪੱਖ ਇਸ ਤਰ੍ਹਾਂ ਹੋ ਸਕਦੇ ਹਨ :

1. ਭੂਮੀ (Land)
2. ਕੱਚਾ ਮਾਲ (Raw material)
3. ਊਰਜਾ ਦੇ ਸਾਧਨ (Power resources)
4. ਪੂੰਜੀਕਾਰੀ (Capital)
5. ਨਿਪੁੰਨ ਤੇ ਗ਼ੈਰ ਨਿਪੁੰਨ ਕਾਮੇ (Labour)
6. ਆਵਾਜਾਈ ਦੇ ਸਾਧਨ (Transportation)
7. ਮੰਡੀ (Market)
8. ਜਲ ਸਪਲਾਈ (Water Supply)
9. ਸਹੀ ਮੌਸਮ (Climate suitability)
10. ਵਿੱਤੀ ਸਹੂਲਤਾਂ (Financial facilities)

## ਭਾਰਤ ਦੇ ਸਨਅਤੀ ਇਲਾਕੇ (Industrial regions in India)

ਸਨਅਤੀ ਇਲਾਕੇ ਉਨ੍ਹਾਂ ਇਲਾਕਿਆਂ ਨੂੰ ਕਿਹਾ ਜਾਂਦਾ ਹੈ, ਜਿੱਥੇ ਭੂ-ਆਰਥਿਕ ਤੱਤਾਂ ਤੇ ਹਾਲਾਤ ਦੇ ਸਹੀ ਹੋਣ ਕਾਰਨ ਸਨਅਤੀ ਇਲਾਕਿਆਂ ਦੀ ਜ਼ੋਰ-ਸ਼ੋਰ ਨਾਲ ਸਥਾਪਨਾ ਕਰ ਲਈ ਜਾਂਦੀ ਹੈ। ਅਜਿਹੇ ਇਲਾਕੇ ਵਿਚ ਨਿਰਮਾਣ ਸਨਅਤ ਵਿਚ ਵੱਡੀ ਗਿਣਤੀ ਵਿਚ ਕਾਮੇ ਰੁਜ਼ਗਾਰ ਕਰ ਰਹੇ ਹੁੰਦੇ ਹਨ ਤੇ ਉਤਪਾਦਨ ਵੀ ਵੱਡੇ ਪੱਧਰ 'ਤੇ ਹੀ ਹੁੰਦਾ ਹੈ।

ਸੰਸਾਰ ਭਰ ਵਿਚ ਸਨਅਤੀ ਇਲਾਕਿਆਂ ਦੀ ਵੰਡ ਬਹੁਤ ਅਸਾਵੀਂ ਹੈ। ਨਿਰਮਾਣ ਸਨਅਤਾਂ ਦੇ ਸਥਾਨੀਕਰਨ ਲਈ ਕਈ ਤੱਤ ਜ਼ਿੰਮੇਵਾਰ ਹੋ ਸਕਦੇ ਹਨ ਪਰ ਹਰ ਇਲਾਕੇ ਦੇ ਸਥਾਨਕ ਹਾਲਾਤ ਅਤੇ ਸਾਧਨਾਂ ਦੀ ਹੋਂਦ ਹੀ ਕਾਫ਼ੀ ਹੱਦ ਤੱਕ ਸਨਅਤੀ ਇਕਾਈਆਂ ਦੀ ਸਥਾਪਨਾ ਦਾ ਆਧਾਰ ਬਣਦੇ ਹਨ। ਸੰਸਾਰ ਵਿਚ ਮਸ਼ੀਨੀਕਰਨ ਦੇ ਵਿਕਾਸ

ਦੇ ਨਾਲ-ਨਾਲ ਕਈ ਸਨਅਤੀ ਕੇਂਦਰ ਅਜਿਹੇ ਸਥਾਨਾਂ ਉਤੇ ਸਥਾਪਤ ਹੋਏ ਹਨ ਜਿੱਥੇ ਕੋਲਾ ਜਾਂ ਕੋਲਾ ਤੇ ਲੋਹਾ ਜਾਂ ਪਣ-ਊਰਜਾ ਦੀ ਬਹੁਤਾਤ ਰਹੀ ਹੈ। ਇਹੀ ਤੱਤ ਨਵੀਨ ਸਨਅਤ ਦੇ ਸਧਾਰਨੀਕਰਨ ਲਈ ਮੁੱਖ ਤੱਤ ਹਨ ਅਤੇ ਜ਼ਿਆਦਾਤਰ ਅਜਿਹੇ ਕੇਂਦਰ ਹੀ ਵੱਡੇ ਕਾਰੋਬਾਰੀ ਕੇਂਦਰ ਬਣੇ ਹਨ।

## ਭਾਰਤ ਦੇ ਪ੍ਰਮੁੱਖ ਸਨਅਤੀ ਖੇਤਰ (Major industrial regions in India)

ਦੇਸ਼ ਵਿਚ ਹੇਠ ਲਿਖੇ 8 ਪ੍ਰਮੁੱਖ ਸਨਅਤੀ ਖੇਤਰ ਮੰਨੇ ਜਾਂਦੇ ਹਨ—


1. ਮੁੰਬਈ-ਪੁਣੇ ਸਨਅਤੀ ਇਲਾਕਾ
2. ਹੁਗਲੀ ਸਨਅਤੀ ਇਲਾਕਾ



3. ਬੰਗਲੌਰ-ਤਾਮਿਲਨਾਡੂ ਸਨਅਤੀ ਇਲਾਕਾ
4. ਗੁਜਰਾਤ ਸਨਅਤੀ ਇਲਾਕਾ
5. ਛੋਟਾ ਨਾਗਪੁਰ ਸਨਅਤੀ ਇਲਾਕਾ
6. ਵਿਸ਼ਾਖਾਪਟਨਮ-ਗੰਟੂਰ ਸਨਅਤੀ ਇਲਾਕਾ
7. ਗੁੜਗਾਉਂ-ਦਿੱਲੀ-ਮੇਰਠ ਸਨਅਤੀ ਇਲਾਕਾ
8. ਕੋਲੱਮ-ਤਿਰੂਵੰਤਪੁਰਮ ਸਨਅਤੀ ਇਲਾਕਾ

## ਲੋਹਾ ਤੇ ਇਸਪਾਤ ਸਨਅਤ (Iron and Steel Industry):

ਲੋਹਾ ਤੇ ਇਸਪਾਤ ਸਨਅਤ, ਹੋਰ ਸਨਅਤਾਂ ਦੇ ਮੁਕਾਬਲੇ ਮੁੱਢਲੀ ਸਨਅਤ ਹੈ। ਇਹ ਭਾਰੀ, ਦਰਮਿਆਨੀ ਜਾਂ ਹਲਕੀ ਸਨਅਤੀ ਇਕਾਈ ਹੋਵੇਗੀ, ਉਸ ਵਿਚ ਸਥਾਪਤ ਮਸ਼ੀਨਰੀ 'ਤੇ ਨਿਰਭਰ ਹੈ। ਕਿਸੇ ਵੀ ਪ੍ਰਕਾਰ ਦੇ ਇੰਜਨੀਅਰੀ ਸਮਾਨ, ਉਸਾਰੀ ਸਮਾਨ, ਸੁਰੱਖਿਆ ਸਮਾਨ, ਮੈਡੀਕਲ ਸਮਾਨ, ਟੈਲੀਫ਼ੋਨ, ਵਿਗਿਆਨਕ ਸਮਾਨ, ਉਪਭੋਗੀ ਆਦਿ ਦੇ ਨਿਰਮਾਣ ਵਿਚ ਇਸਪਾਤ ਦੀ ਲੋੜ ਹੁੰਦੀ ਹੈ। ਇਸਪਾਤ ਦੇ ਮਿੰਨੀ ਪਲਾਂਟ ਵੀ ਹੁੰਦੇ ਹਨ ਜੋ ਕਿ ਬਿਜਲਈ



ਭੱਠੀਆਂ ਨਾਲ ਚਲਦੇ ਹਨ ਤੇ ਉਨ੍ਹਾਂ ਵਿਚ ਸਟੀਲ ਦਾ ਸਕਰੈਪ ਤੇ ਸਪੰਜ ਲੋਹਾ ਵਰਤਿਆ ਜਾਂਦਾ ਹੈ। ਇਨ੍ਹਾਂ ਵਿਚ ਖ਼ਾਸ ਬਣਤਰ ਦੀ ਦਰਮਿਆਨੀ ਇਸਪਾਤ ਅਤੇ ਮਿਸ਼ਰਤ ਇਸਪਾਤ ਦਾ ਉਤਪਾਦਨ ਕੀਤਾ ਜਾਂਦਾ ਹੈ। ਆਓ ਦੇਸ਼ ਭਰ ਦੇ ਇਸਪਾਤ ਕਾਰਖਾਨਿਆਂ ਦੀ ਸੂਚੀ ਤਿਆਰ ਕਰੀਏ।

ਇਸਪਾਤ ਦਾ ਉਤਪਾਦਨ ਅਤੇ ਉਪਭੋਗ ਅਸਲ ਵਿਚ ਦੇਸ਼ ਦੇ ਵਿਕਾਸ ਦਾ ਸੂਚਕ ਮੰਨੇ ਜਾਂਦੇ ਹਨ। ਲੋਹਾ ਤੇ ਇਸਪਾਤ ਸਨਅਤ, ਭਾਰੀ ਸਨਅਤ ਹੁੰਦੀ ਹੈ ਕਿਉਂਕਿ ਇਸਦਾ ਕੱਚਾ ਮਾਲ ਤੇ ਤਿਆਰ ਮਾਲ ਦੋਹੇਂ ਹੀ ਭਾਰੀ, ਵੱਡੇ ਪਸਾਰ ਵਾਲੇ ਤੇ ਆਵਾਜਾਈ ਦੇ ਵੱਡੇ ਖਰਚੇ ਹੁੰਦੇ ਹਨ। ਇਸ ਵਿਚ ਕੱਚਾ ਲੋਹਾ, ਕੋਕਿੰਗ ਕੋਲਾ ਤੇ ਚੂਨਾ ਪੱਥਰ ਲਗਪਗ 4 : 2 : 1 ਦੀ ਅਨੁਪਾਤ ਵਿਚ ਲੋੜੀਦਾ ਹੁੰਦਾ ਹੈ ਜਦੋਂ ਕਿ ਇਸਪਾਤ ਨੂੰ ਸਖ਼ਤ ਰੂਪ ਪ੍ਰਦਾਨ ਕਰਨ ਲਈ ਮੈਗਨੀਜ਼ ਦੀ ਵੀ ਲੋੜ ਹੁੰਦੀ ਹੈ। ਹੁਣ ਦੱਸੋ, ਭਲਾ ਇਸਪਾਤ ਦੇ ਕਾਰਖਾਨੇ ਕਿੱਥੇ ਸਥਾਪਤ ਕੀਤੇ ਜਾਣੇ ਚਾਹੀਦੇ ਹਨ ?

ਇਹ ਤੱਥ ਵਧੇਰੇ ਧਿਆਨ ਦੇਣ ਯੋਗ ਹੈ ਕਿ ਇਸਪਾਤ (ਸਟੀਲ) ਦਾ ਤਿਆਰ ਮਾਲ ਮੰਡੀ ਤੇ ਉਪਭੋਗਤਾਵਾਂ ਤੱਕ ਪੁਚਾਏ ਜਾਣ ਲਈ ਵਧੀਆ ਆਵਾਜਾਈ ਪ੍ਰਬੰਧ ਲੋੜੀਂਦਾ ਹੁੰਦਾ ਹੈ। ਸੰਨ 2018 ਵਿਚ 10 ਕਰੋੜ 65 ਲੱਖ ਟਨ ਕੱਚੇ ਇਸਪਾਤ ਦਾ ਉਤਪਾਦਨ ਕਰਕੇ ਭਾਰਤ, ਸੰਸਾਰ ਦਾ ਦੂਸਰੇ ਨੰਬਰ ਦਾ ਕੱਚਾ ਇਸਪਾਤ ਉਤਪਾਦਕ ਦੇਸ਼ ਬਣਿਆ ਜਦੋਂ ਕਿ ਸਪੰਜ ਲੋਹੇ ਦੇ ਉਤਪਾਦਨ ਵਿਚ ਵੀ ਭਾਰਤ, ਸੰਸਾਰ ਦਾ ਦੂਸਰੇ ਨੰਬਰ ਦਾ ਉਤਪਾਦਕ ਦੇਸ਼ ਹੈ। ਸੰਨ 2018 ਵਿਚ ਇਸਪਾਤ (ਸਟੀਲ) ਦਾ ਪ੍ਰਤੀ ਵਿਅਕਤੀ ਉਪਭੋਗ 70.9 ਕਿਲੋਗ੍ਰਾਮ ਸਾਲਾਨਾ ਸੀ ਜਦੋਂ ਕਿ ਸੰਸਾਰ ਦੀ ਇਹ ਔਸਤ 224.5 ਕਿਲੋਗ੍ਰਾਮ ਸੀ। ਜ਼ਿਆਦਾਤਰ ਸਰਕਾਰੀ ਅਦਾਰੇ ਆਪਣੇ ਤਿਆਰ ਇਸਪਾਤ ਉਤਪਾਦਾਂ ਦਾ ਮੰਡੀਕਰਨ ਸਟੀਲ ਅਥਾਰਟੀ ਆਫ਼ ਇੰਡੀਆ ਲਿਮਟਿਡ (SAIL) ਦੇ ਜ਼ਰੀਏ ਕਰਦੇ ਹਨ।

ਭਾਰਤ ਤੇ ਚੀਨ 1950ਵਿਆਂ ਵਿਚ ਲਗਪਗ ਇਕੋ ਜਿਹੀ ਮਿਕਦਾਰ ਵਿਚ ਹੀ ਇਸਪਾਤ ਦਾ ਉਤਪਾਦਨ ਕਰਦੇ ਸਨ ਪਰ ਹੁਣ ਚੀਨ ਸੰਸਾਰ ਦਾ ਸਭ ਤੋਂ ਵੱਡਾ ਇਸਪਾਤ ਉਤਪਾਦਕ ਦੇਸ਼ ਹੈ। ਭਾਰਤ ਵਿਚ ਛੋਟਾ ਨਾਗਪੁਰ ਪਠਾਰੀ ਖੇਤਰ ਵਿਚ ਸਭ ਤੋਂ ਵੱਧ ਇਸਪਾਤ ਉਤਪਾਦਕ ਸਨਅਤੀ ਇਕਾਈਆਂ ਹਨ। ਇਸ ਦਾ ਪ੍ਰਮੁੱਖ ਕਾਰਨ ਹੈ ਕਿ ਇਸ ਇਲਾਕੇ ਵਿਚ ਹੀ ਸਨਅਤੀ ਵਿਕਾਸ ਲਈ ਦੇਸ਼ ਦੇ ਬਾਕੀ ਹਿੱਸਿਆਂ ਦੇ ਮੁਕਾਬਲੇ ਵੱਧ ਸਥਾਨੀਕਰਨ ਤੱਤ ਮਿਲਦੇ ਹਨ ਜਿਵੇਂ ਕਿ ਸਸਤਾ ਕੱਚਾ ਲੋਹਾ, ਉੱਚ ਦਰਜੇ ਦਾ ਕੱਚਾ ਮਾਲ, ਸਸਤੇ ਕਿਰਤੀ ਅਤੇ ਵਧਦੀ ਘਰੇਗੀ ਮੰਡੀ। ਭਾਰਤ, ਸੰਸਾਰ ਦਾ ਮਹੱਤਵਪੂਰਨ ਲੋਹਾ ਤੇ ਇਸਪਾਤ ਉਤਪਾਦਕ ਦੇਸ਼ ਹੈ ਪਰ ਫਿਰ ਵੀ ਅਸੀਂ ਆਪਣੀ ਪੂਰੀ ਸਮਰਥਾ ਅਨੁਸਾਰ ਕਾਰਜ ਕਰਕੇ ਵਿਖਾਉਣ ਵਿਚ ਅਸਫ਼ਲ ਰਹੇ ਹਾਂ, ਕਿਉਂਕਿ :

1. ਕੋਕਿੰਗ ਕੋਲਾ ਮਹਿੰਗਾ ਹੈ ਤੇ ਘੱਟ ਉਪਲੱਬਧ ਹੈ
2. ਕਿਰਤੀਆਂ (ਮਜ਼ਦੂਰਾਂ) ਦੀ ਕੰਮ ਕਰਨ ਦੀ ਸਮਰਥਾ ਘੱਟ ਹੈ
3. ਬਿਜਲੀ (ਊਰਜਾ) ਦੀ ਨਿਰੰਤਰ ਸਪਲਾਈ ਦੀ ਘਾਟ ਹੈ
4. ਮੁੱਢਲਾ ਢਾਂਚਾ ਨਾਕਾਫ਼ੀ ਹੈ

ਭਾਰਤ, ਹੋਰ ਦੇਸ਼ਾਂ ਤੋਂ ਵਧੀਆ ਕਿਸਮ ਦਾ ਇਸਪਾਤ ਦਰਾਮਦ ਵੀ ਕਰਦਾ ਹੈ ਤੇ ਆਪਣੀ ਘਰੇਲੂ ਲੋੜ ਵਾਸਤੇ ਇਸਪਾਤ ਦਾ ਕੁੱਲ ਉਤਪਾਦਨ ਕਾਫ਼ੀ ਵੀ ਹੈ। ਸਿੱਧੀ ਵਿਦੇਸ਼ੀ ਪੂੰਜੀਕਾਰੀ ਅਤੇ ਉਦਾਰੀਕਰਨ ਦੀਆਂ ਨੀਤੀਆਂ ਨਾਲ ਪ੍ਰਾਈਵੇਟ ਉੱਦਮੀਆਂ ਦੇ ਆਉਣ ਨਾਲ ਸਨਅਤ ਨੂੰ ਉਤਸ਼ਾਹ ਮਿਲਿਆ ਹੈ। ਇਸਪਾਤ ਉਤਪਾਦਨ ਦਾ ਪੱਧਰ ਵਧਾਉਣ ਲਈ ਇਸ ਵਿਚ ਖੋਜ ਤੇ ਵਿਕਾਸ ਕਾਰਜਾਂ ਹਿੱਤ ਸਾਧਨ ਵਧਾਏ ਜਾਣ ਦੀ ਲੋੜ ਹੈ।

### ਭਾਰਤ ਦੀ ਲੋਹਾ ਤੇ ਇਸਪਾਤ ਸਨਅਤ ਨੂੰ ਦਰਪੇਸ਼ ਔਕੜਾਂ (Problems faced by Iron and Steel Industry of India)

* ਵੱਡੇ ਪੱਧਰ 'ਤੇ ਪੂੰਜੀਕਾਰੀ ਦੀ ਕਮੀ
* ਨਵੀਨਤਮ ਤਕਨੀਕ ਦੀ ਕਮੀ
* ਮਹਿੰਗੇ ਖ਼ਰਚੇ ਦੇ ਬਾਵਜੂਦ ਨਿਮਨ ਉਤਪਾਦਕਤਾ
* ਸਰਕਾਰੀ ਅਦਾਰਿਆਂ ਦੀ ਘੱਟ ਨਿਪੁੰਨਤਾ
* ਇਸਪਾਤ ਯੂਨਿਟਾਂ ਦੀ ਸੰਪੂਰਨ ਵਰਤੋਂ ਨਾ ਕਰ ਸਕਣਾ

* ਸ਼ੁੱਧ ਕੋਲੇ ਦੀ ਭਾਰੀ ਕਮੀ
* ਉਤਪਾਦਨਾਂ ਦਾ ਨੀਵਾਂ ਪੱਧਰ
* ਭਾਰੀ ਮੰਗ
* ਇਸਪਾਤ ਕਾਰਖ਼ਾਨਿਆਂ ਦਾ ਭਾਰੀ ਕਰਜ਼ੇ ਹੇਠ ਹੋਣਾ
* ਚੀਨ, ਕੋਰੀਆ ਤੇ ਹੋਰ ਦੇਸ਼ਾਂ ਵੱਲੋਂ ਸਸਤਾ ਵਪਾਰ

## ਖੰਡ (ਚੀਨੀ) ਸਨਅਤ (Sugar Industry) :

ਭਾਰਤ ਦਾ ਚੀਨੀ ਜਾਂ ਖੰਡ ਉਦਯੋਗ, ਆਪਣੇ ਉਤਪਾਦਨ ਦੇ ਪੱਖੋਂ ਸੰਸਾਰ ਵਿਚ ਦੂਸਰੇ ਨੰਬਰ 'ਤੇ ਹੈ ਜਦੋਂ ਕਿ ਗੁੜ ਤੇ ਖੰਡ ਦੇ ਉਤਪਾਦਨ ਵਿਚ ਭਾਰਤ ਦਾ ਪਹਿਲਾ ਸਥਾਨ ਹੈ। ਇਸ ਸਨਅਤ ਵਿਚ ਵਰਤਿਆ ਜਾਂਦਾ ਕੱਚਾ ਮਾਲ (ਗੰਨਾ) ਵਿਸਤ੍ਰਿਤ ਤੇ ਭਾਰੀ ਹੁੰਦਾ ਹੈ ਜਿਸ ਨੂੰ ਸਟੋਰ ਕਰਕੇ ਰੱਖਣ ਨਾਲ ਇਸਦੀ ਮਿਠਾਸ (ਰਸ) ਵਿਚ ਕਮੀ



ਆ ਜਾਂਦੀ ਹੈ। ਭਾਰਤ ਵਿਚ ਖੰਡ ਮਿੱਲਾਂ ਉੱਤਰ ਪ੍ਰਦੇਸ਼, ਬਿਹਾਰ, ਮਹਾਰਾਸ਼ਟਰ, ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼, ਗੁਜਰਾਤ, ਪੰਜਾਬ, ਹਰਿਆਣਾ ਤੇ ਮੱਧ ਪ੍ਰਦੇਸ਼ ਵਿਚ ਸਥਿਤ ਹਨ ਜਦੋਂ ਕਿ ਦੇਸ਼ ਦੀਆਂ 60 ਫ਼ੀਸਦੀ ਖੰਡ ਮਿੱਲਾਂ ਕੇਵਲ ਉੱਤਰ ਪ੍ਰਦੇਸ਼ ਤੇ ਬਿਹਾਰ ਵਿਚ ਹੀ ਸਥਾਪਤ ਹਨ। ਇਹ ਸਨਅਤ ਮੌਸਮੀ ਕਿਸਮ ਦੀ ਹੁੰਦੀ ਹੈ ਜਿਸ ਕਾਰਨ ਇਹ ਕਾਰੋਬਾਰ ਸਿਰਫ਼ ਸਹਿਕਾਰੀ ਖੇਤਰ ਵਿਚ ਹੀ ਰਾਸ ਆਉਂਦਾ ਹੈ। ਕੀ ਤੁਸੀਂ ਅੰਦਾਜ਼ਾ ਲਾ ਕੇ ਵਿਆਖਿਆ ਕਰ ਸਕਦੇ ਹੋ ਕਿ ਕਿਉਂ ?

ਪਿਛਲੇ ਕੁਝ ਸਾਲਾਂ ਦੌਰਾਨ ਰੁਝਾਨ ਰਿਹਾ ਹੈ ਕਿ ਖੰਡ ਮਿੱਲਾਂ ਪੱਛਮੀ ਤੇ ਦੱਖਣੀ ਰਾਜਾਂ ਵੱਲ ਤਬਦੀਲ ਹੋ ਰਹੀਆਂ ਹਨ, ਖ਼ਾਸਕਰ ਮਹਾਰਾਸ਼ਟਰ ਵੱਲ, ਕਿਉਂਕਿ ਇੱਥੇ ਉਗਾਏ ਜਾਂਦੇ ਗੰਨੇ ਵਿਚ ਰਸ ਵਧੇਰੇ ਹੁੰਦਾ ਹੈ ਤੇ ਠੰਡਾ ਮੌਸਮ ਪਿੜਾਈ ਦੇ ਮੌਸਮ ਨੂੰ ਵੀ ਲੰਬਾ ਕਰਨ ਦੀ ਸਮਰਥਾ ਰੱਖਦਾ ਹੈ। ਇਨ੍ਹਾਂ ਰਾਜਾਂ ਵਿਚ ਸਹਿਕਾਰੀ ਸੰਸਥਾਵਾਂ ਵਧੇਰੇ ਕਾਮਯਾਬ ਵੀ ਹਨ। ਵੱਡੀਆਂ ਵੰਗਾਰਾਂ ਜਿਵੇਂ ਕਿ ਸਨਅਤ ਦਾ ਮੌਸਮੀ ਹੋਣਾ, ਉਤਪਾਦਨ ਦੇ ਪੁਰਾਣੇ ਤੇ ਘੱਟ ਨਿਪੁੰਨ ਢੰਗ, ਗੰਨੇ ਦੇ ਮਿਲਾਂ ਤੱਕ ਪੁੱਜਣ ਵਿਚ ਹੁੰਦੀ ਦੇਰੀ, ਗੰਨਾ ਨਪੀੜੇ ਜਾਣ ਮਗਰੋਂ ਬਚੇ ਫੋਕਟ ਦੀ ਵਰਤੋਂ ਆਦਿ ਇਸ ਸਨਅਤ ਲਈ ਕੀਤੇ ਜਾਣ ਵਾਲੇ ਕਾਰਜ ਹਨ।

ਪੰਜਾਬ ਵਿਚ ਕੁੱਲ 24 ਖੰਡ ਮਿੱਲਾਂ ਹਨ ਜਿਨ੍ਹਾਂ ਵਿਚੋਂ 16 ਸਹਿਕਾਰੀ ਖੇਤਰ ਦੀਆਂ ਹਨ ਤੇ 8 ਪ੍ਰਾਈਵੇਟ ਖੇਤਰ ਦੀਆਂ। ਸਹਿਕਾਰੀ ਖੇਤਰ ਦੀਆਂ 16 ਮਿੱਲਾਂ ਵਿਚੋਂ 7 ਤਾਂ ਬੰਦ ਹੋ ਚੁੱਕੀਆਂ ਹਨ ਜਦੋਂ ਕਿ ਪ੍ਰਾਈਵੇਟ ਖੇਤਰ ਦੀ ਇਕ ਖੰਡ ਮਿੱਲ ਵੀ ਸਾਲ 2009-10 ਤੋਂ ਬੰਦ ਹੈ। ਰਾਜ ਵਿਚ ਖੰਡ ਸਨਅਤ ਔਕੜ ਭਰੇ ਦੌਰ 'ਚੋਂ ਲੰਘ ਰਹੀ ਹੈ ਤੇ ਦੇਸ਼ ਦੇ ਹੋਰ ਰਾਜਾਂ ਵਿਚ ਵੀ ਇਸ ਸਨਅਤ ਦਾ ਇਹੀ ਹਾਲ ਹੈ ਜਿਸਦਾ ਵੱਡਾ ਕਾਰਨ ਵਿੱਤੀ ਅਤੇ ਬੁਨਿਆਦੀ ਢਾਂਚੇ ਦੀਆਂ ਔਕੜਾਂ ਹਨ।

## ਸੂਤੀ ਕੱਪੜਾ ਸਨਅਤ (Cotton Textile Industry):

**ਕੱਪੜਾ ਸਨਅਤ :** ਭਾਰਤ ਦੀ ਆਰਥਿਕਤਾ ਵਿਚ ਕੱਪੜਾ ਸਨਅਤ ਦਾ ਵਿਲੱਖਣ ਸਥਾਨ ਹੈ ਕਿਉਂਕਿ ਇਹ ਸਨਅਤ ਉਤਪਾਦਨ, ਰੁਜ਼ਗਾਰ ਮੌਕਿਆਂ ਤੇ ਵਿਦੇਸ਼ੀ ਧਨ ਕਮਾਉਣ ਦੇ ਪੱਖਾਂ ਤੋਂ ਵੱਡਾ ਯੋਗਦਾਨ ਪਾਉਂਦੀ ਹੈ। ਇਹ ਦੇਸ਼ ਦੀ ਇੱਕੋ-ਇੱਕ ਸਨਅਤ ਹੈ ਜੋ ਆਪਣੇ ਪੈਰਾਂ 'ਤੇ ਖੜ੍ਹੀ ਹੈ ਅਤੇ ਕੱਚੇ ਮਾਲ ਤੋਂ ਲੈ ਕੇ ਮਹਿੰਗੇ ਉਤਪਾਦਾਂ ਦੀ ਵਿਕਰੀ ਤੱਕ ਸਾਰਾ ਕਾਰਜ ਤੇ ਕਮਾਈ ਆਪ ਸੰਭਾਲਦੀ ਹੈ।

**ਸੂਤੀ ਕੱਪੜਾ :** ਪ੍ਰਾਚੀਨ ਭਾਰਤ ਦੇ ਸਮੇਂ ਤੋਂ ਹੀ ਸੂਤੀ ਕੱਪੜਾ ਹੱਥਾਂ ਨਾਲ ਸੂਤ ਕੱਤ ਕੇ ਅਤੇ ਹੱਥ-ਖੱਡੀ 'ਤੇ ਬੁਣਨ ਦੀ ਤਕਨੀਕ ਨਾਲ ਤਿਆਰ ਕੀਤਾ ਜਾਂਦਾ ਰਿਹਾ ਹੈ। ਅਠਾਰ੍ਹਵੀਂ ਸਦੀ ਤੋਂ ਬਾਅਦ ਬਿਜਲਈ ਖੱਡੀਆਂ ਹੋਂਦ ਵਿਚ ਆਈਆਂ ਪਰ ਬਰਤਾਨਵੀਂ ਹਕੂਮਤ (Colonial period) ਦੇ ਸਮੇਂ ਰਿਵਾਇਤੀ ਸਨਅਤਾਂ ਨੂੰ ਧੱਕਾ ਲੱਗਿਆ ਕਿਉਂਕਿ ਦੇਸੀ ਖੱਡੀਆਂ 'ਤੇ ਬੁਣਿਆ ਕੱਪੜਾ, ਇੰਗਲੈਂਡ ਦੀਆਂ ਮਿੱਲਾਂ ਦੇ ਕੱਪੜੇ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ।

**ਕੱਪੜਾ ਸਨਅਤ ਦਾ ਪਸਾਰ :** ਮੁੱਢਲੇ ਸਾਲਾਂ ਵਿੱਚ ਸੂਤੀ ਕੱਪੜਾ ਸਨਅਤ ਮਹਾਂਰਾਸ਼ਟਰ ਤੇ ਗੁਜਰਾਤ ਦੇ ਕਪਾਹ ਉਤਪਾਦਕ ਇਲਾਕੇ ਨੇੜੇ ਹੀ ਸਥਾਪਤ ਸੀ। ਇਸ ਸਥਾਨੀਕਰਨ ਦਾ ਮੁੱਖ ਕਾਰਨ ਇੱਥੇ ਪ੍ਰਾਪਤ ਸਹੂਲਤਾਂ ਸਨ ਜਿਵੇਂ ਕਿ ਕਪਾਹ ਦੀ ਹੋਂਦ, ਮੰਡੀ, ਆਵਾਜਾਈ ਦੀਆਂ ਸਹੂਲਤਾਂ, ਕਿਰਤੀਆਂ ਦੀ ਹੋਂਦ, ਸਿੱਲ੍ਹਾ ਮੌਸਮ ਆਦਿ। ਇਸ ਸਨਅਤ ਦਾ ਖੇਤੀਬਾੜੀ ਨਾਲ ਡੂੰਘਾ ਸਬੰਧ ਹੈ ਜਿਸ ਅਧੀਨ ਸਨਅਤ ਹੀ ਕਿਸਾਨਾਂ ਨੂੰ ਰੋਜ਼ੀ ਪ੍ਰਦਾਨ ਕਰਦੀ ਹੈ ਜਿਵੇਂ ਕਪਾਹ ਦੇ ਟੀਂਡੇ ਤੋੜਨੇ, ਵੜੇਵੇਂ ਕੱਢਣੇ, ਕੱਤਣਾ, ਬੁਣਨਾ, ਰੰਗਣਾ, ਡਿਜ਼ਾਈਨ ਪਾਉਣੇ, ਪੈਕਿੰਗ ਕਰਨੀ, ਸਿਊਣਾਂ ਆਦਿ ਕਾਰਜ ਇਸੇ ਸਨਅਤ ਕਾਰਨ ਉਤਪੰਨ ਹੁੰਦੇ ਹਨ। ਇਵੇਂ ਹੀ ਇਸ ਸਨਅਤ ਦੀਆਂ ਉਪਜਾਂ ਦੀ ਮੰਗ ਵਧਣ ਨਾਲ ਹੋਰ ਕਈ ਪ੍ਰਕਾਰ ਦੀਆਂ ਸਨਅਤਾਂ ਨੂੰ ਵੀ ਲਾਭ ਪੁੱਜਦਾ ਹੈ ਜਿਵੇਂ ਰਸਾਇਣ ਅਤੇ ਰੰਗਾਈ ਸਨਅਤ, ਪੈਕੇਜਿੰਗ ਤੇ ਇੰਜਨੀਅਰੀ ਕਾਰਜ ਆਦਿ। ਧਾਗਿਆਂ ਦੀ ਕਤਾਈ ਦੇ ਕਾਰਜ ਤਾਂ ਹਾਲੇ ਵੀ ਮਹਾਰਾਸ਼ਟਰ, ਗੁਜਰਾਤ ਤੇ ਤਾਮਿਲਨਾਡੂ ਰਾਜਾਂ ਤੱਕ ਹੀ ਮਹਿਦੂਦ ਹਨ ਜਦੋਂ ਕਿ ਸੂਤੀ, ਸਿਲਕ (ਰੇਸ਼ਮੀ), ਜ਼ਰੀ ਤੇ ਕਢਾਈ ਆਦਿ ਵਾਲੀ ਬੁਣਾਈ ਤੇ ਡਿਜ਼ਾਈਨ ਕਾਰਜ ਰਿਵਾਇਤੀ ਤੇ ਇਲਾਕਾਈ ਪਸੰਦੀਆਂ ਅਨੁਸਾਰ ਦੇਸ਼ ਵਿਚ ਵੱਖੋ-ਵੱਖ ਥਾਵਾਂ ਤੱਕ ਜਾ ਫ਼ੈਲੇ ਹਨ। ਕਤਾਈ ਦੇ ਖੇਤਰ ਵਿਚ ਭਾਰਤ ਦਾ ਉਤਪਾਦ ਆਲਮੀ ਪੱਧਰ ਦਾ ਹੈ ਜਦੋਂ ਕਿ ਬੁਣਾਈ ਮਗਰੋਂ ਦੇਣ ਵਿਚ ਵਰਤਿਆ ਜਾਂਦਾ ਧਾਗਾ ਨਿਮਨ ਮਿਆਰੀ ਹੁੰਦਾ ਹੈ ਕਿਉਂਕਿ ਵਧੀਆ ਸੂਤ ਦੇਸ਼ ਵਿਚ ਨਹੀਂ ਵਰਤਿਆ ਜਾਂਦਾ।




ਭਾਰਤ ਵਿਚ ਬੁਣਾਈ ਮਿੱਲਾਂ ਵਿਚ ਹੱਥ-ਖੱਡੀਆਂ ਤੇ ਬਿਜਲਈ ਖੱਡੀਆਂ 'ਤੇ ਹੁੰਦੀ ਹੈ। ਭਾਰਤ ਦੇ ਦੇਸੀ ਬੁਣਕਰਾਂ ਨੂੰ ਆਪਣੇ ਘਰਾਂ ਵਿਚ ਹੀ ਹੱਥੀਂ ਬੁਣੀ ਖਾਦੀ ਬੜੇ ਵੱਡੇ ਪੱਧਰ 'ਤੇ ਘਰੇਲੂ ਸਨਅਤ ਵਿਚ ਰੁਜ਼ਗਾਰ ਦਾ ਮੌਕਾ ਪ੍ਰਦਾਨ ਕਰਦੀ ਹੈ।

* ਮਹਾਤਮਾ ਗਾਂਧੀ ਸੂਤ ਕੱਤਣ ਅਤੇ ਖਾਦੀ ਬੁਣਨ 'ਤੇ ਜ਼ੋਰ ਕਿਉਂ ਦਿੰਦੇ ਸਨ ?
* ਸਾਡੇ ਦੇਸ਼ ਵਿਚ ਮਿੱਲਾਂ ਦੀਆਂ ਖੱਡੀਆਂ ਦੇ ਮੁਕਾਬਲੇ ਹੱਥ ਖੱਡੀ ਤੇ ਬਿਜਲਈ ਖੱਡੀਆਂ ਨੂੰ ਉਤਸ਼ਾਹਤ ਕਰਨਾ ਵਧੇਰੇ ਜ਼ਰੂਰੀ ਕਿਉਂ ਹੈ ?

ਭਾਰਤ ਜਾਪਾਨ ਨੂੰ ਸੂਤ ਬਰਾਮਦ ਕਰਦਾ ਹੈ। ਭਾਰਤ ਤੋਂ ਸੂਤ ਦਰਾਮਦ ਕਰਨ ਵਾਲੇ ਹੋਰ ਦੇਸ਼ ਹਨ; ਸੰਯੁਕਤ ਰਾਜ ਅਮਰੀਕਾ, ਬਰਤਾਨੀਆ, ਰੂਸ, ਫ਼ਰਾਂਸ, ਪੂਰਬੀ ਯੂਰਪੀ ਦੇਸ਼, ਨੇਪਾਲ, ਸਿੰਗਾਪੁਰ, ਸ੍ਰੀਲੰਕਾ ਤੇ ਅਫ਼ਰੀਕੀ ਦੇਸ਼।

ਸੂਤ ਤੇ ਕੌਮਾਂਤਰੀ ਵਪਾਰ ਵਿਚ ਭਾਰਤ ਦਾ ਵੱਡਾ ਹਿੱਸਾ ਹੈ। ਭਾਰਤੀ ਕਤਾਈ ਮਿੱਲਾਂ ਕੌਮਾਂਤਰੀ ਪੱਧਰ ਦੇ ਮੁਕਾਬਲੇ ਦੀਆਂ ਹਨ ਅਤੇ ਦੇਸ਼ ਵਿਚ ਉਪਜੇ ਹਰ ਕਿਸਮ ਦੇ ਸਾਰੇ ਧਾਗੇ ਨੂੰ ਵਰਤਣ ਦੇ ਯੋਗ ਹਨ ਹਾਲਾਂਕਿ ਬੁਣਾਈ ਮਿੱਲਾਂ ਵਧੀਆ ਸੂਤ ਨਹੀਂ ਬੁਣ ਸਕਦੀਆਂ। ਇਸ ਕਾਰਜ ਲਈ ਕਈ ਵੱਡੀਆਂ ਤੇ ਦਰਮਿਆਨੇ ਪੱਧਰ ਦੀਆਂ ਫੈਕਟਰੀਆਂਦੇਸ਼ ਵਿਚ ਹਨ ਪਰ ਉਨ੍ਹਾਂ ਦਾ ਉਤਪਾਦਨ ਛੋਟੇ ਯੂਨਿਟਾਂ ਵਿਚ ਵੰਡਿਆ ਹੋਇਆ ਹੈ ਅਤੇ ਦੇਸੀ ਮੰਡੀ ਦੀ ਲੋੜ ਵੀ ਇਹੀ ਫੈਕਟਰੀਆਂ ਪੂਰੀ ਕਰਦੀਆਂ ਹਨ। ਇਸ ਸਨਅਤ ਵਿਚ ਇਹ ਬੇਜੋੜਤਾ ਹੀ ਵੱਡਾ ਘਾਟਾ ਹੈ ਜਿਸ ਦੇ ਸਿੱਟੇ ਵਜੋਂ ਸਾਡਾ ਕੱਤਿਆ ਸੂਤੀ ਧਾਗਾ ਬਰਾਮਦ ਵੀ ਵੱਡੇ ਪੱਧਰ 'ਤੇ ਹੁੰਦਾ ਹੈ ਤੇ ਕਈ ਕੱਪੜਾ ਬਣਾਉਣ ਵਾਲੀਆਂ ਯੂਨਿਟਾਂ ਧਾਗਾ ਦਰਾਮਦ ਵੀ ਕਰਦੀਆਂ ਹਨ। ਭਾਰਤ ਦੇ ਉੱਚ ਮਿਆਰੀ ਤੇ ਲੰਬੇ ਰੇਸ਼ੇ ਵਾਲੀ ਕਪਾਹ ਦਾ ਸੂਤ ਉਤਪਾਦਨ ਵਿਚ ਪਹਿਲਾਂ ਦੇ ਮੁਕਾਬਲੇ ਕਾਫ਼ੀ ਵਾਧਾ ਹੋਇਆ ਹੈ ਪਰ ਫਿਰ ਵੀ ਦਰਾਮਦਾਂ ਦੀ ਲੋੜ ਹਾਲੇ ਵੀ ਬਣੀ ਰਹਿੰਦੀ ਹੈ।

ਸਨਅਤ ਨੂੰ ਬਿਜਲੀ (ਊਰਜਾ) ਸਪਲਾਈ ਲਗਾਤਾਰ ਨਹੀਂ ਮਿਲਦੀ ਅਤੇ ਬੁਣਾਈ ਤੇ ਪ੍ਰਾਸੈਸਿੰਗ ਕਾਰਜਾਂ ਦੀ ਮਸ਼ੀਨਰੀ ਵੀ ਪੁਰਾਣੀ ਹੈ। ਕਿਰਤੀਆਂ ਦੇ ਕੰਮ ਦਾ ਸਿੱਟਾ ਵੀ ਆਮ ਤੇ ਲੋੜ ਅਨੁਸਾਰ ਨਹੀਂ ਹੈ ਤੇ ਸਿੰਥੈਟਿਕ ਧਾਗੇ ਦੀ ਸਨਅਤ ਨਾਲ ਮੁਕਾਬਲਾ ਵੀ ਇਸ ਸਨਅਤ ਨੂੰ ਵੱਡੀ ਵੰਗਾਰ ਪੇਸ਼ ਕਰਦਾ ਹੈ।

## ਫ਼ੂਡ ਪ੍ਰੋਸੈਸਿੰਗ ਸਨਅਤ (Food Processing Industry) :

**ਫ਼ੂਡ ਪ੍ਰੋਸੈਸਿੰਗ** : ਫ਼ੂਡ ਤੋਂ ਭਾਵ ਹੈ ਭੋਜਨ ਪਦਾਰਥ ਜਾਂ ਉਹ ਖ਼ੁਰਾਕੀ ਪਦਾਰਥ ਜਿਨ੍ਹਾਂ ਤੋਂ ਭੋਜਨ ਤਿਆਰ ਹੁੰਦਾ ਹੈ। ਪ੍ਰੋਸੈਸਿੰਗ ਤੋਂ ਭਾਵ ਹੈ ਕਿਸੇ ਪਦਾਰਥ ਤੋਂ ਕੋਈ ਹੋਰ ਨਵਾਂ ਪਦਾਰਥ ਤਿਰ ਕਰਨਾ। ਦੋਹਾਂ ਸ਼ਬਦਾਂ ਨੂੰ ਇਕੱਠੇ ਕਰਨ 'ਤੇ ਫ਼ੂਡ ਪ੍ਰਾਸੈਸਿੰਗ ਤੋਂ ਅਰਥ ਬਣਦਾ ਹੈ; ਖ਼ੁਰਾਕੀ ਪਦਾਰਥ ਤੋਂ ਕੁਝ ਨਵੇਂ ਤੇ ਨਿਵੇਕਲੇ ਪਦਾਰਥ ਤਿਆਰ ਕਰਨੇ ਜੋ ਛੇਤੀ ਖ਼ਰਾਬ ਵੀ ਨਾ ਹੁੰਦੇ ਹੋਣ; ਜਿਵੇਂ ਕਿ ਆਲੂ ਦੇ ਚਿਪਸ ਜਾਂ ਭੁਜੀਆ, ਵੇਸਣ ਤੇ ਸਬਜ਼ੀ ਵਾਲੇ ਪਕੌੜੇ (ਗੱਟਾ) ਆਦਿ। ਇਥੇ ਇਹ ਅੰਗਰੇਜ਼ੀ ਸ਼ਬਦ ਹੀ ਗੁਰਮੁਖੀ ਲਿਪੀ ਵਿਚ ਵਰਤਿਆ ਜਾਵੇਗਾ।



ਭਾਰਤ ਵਿਚ ਫ਼ੂਡ ਪ੍ਰੋਸੈਸਿੰਗ ਸਨਅਤ ਬਹੁਤ ਤੇਜ਼ੀ ਨਾਲ ਪ੍ਰਫੁੱਲਤ ਹੋਈ ਹੈ ਤੇ ਮੌਜੂਦਾ ਸਮੇਂ ਇਸ ਨੇ ਵੱਡਾ ਮਹੱਤਵ ਗ੍ਰਹਿਣ ਕਰ ਲਿਆ ਹੈ। ਕਈ ਸਿੱਖਿਆ ਸ਼ਾਸਤਰੀਆਂ ਦਾ ਵਿਚਾਰ ਹੈ ਕਿ ਫ਼ੂਡ ਪ੍ਰੋਸੈਸਿੰਗ ਤੋਂ ਅਰਥ ਹੈ; ਕੱਚੇ ਪਦਾਰਥਾਂ ਤੋਂ ਭੋਜਨ ਜਾਂ ਖ਼ੁਰਾਕੀ ਪਦਾਰਥ ਤਿਆਰ ਕਰਨੇ ਜਾਂ ਭੋਜਨ ਪਦਾਰਥ ਦੇ ਕਿਸੇ ਰੂਪ ਨੂੰ ਰੁਪਾਂਤਰਤ ਕਰਕੇ ਨਵੀਂ ਕਿਸਮ ਦਾ ਪਦਾਰਥ ਤਿਆਰ ਕਰਨਾ। ਆਮ ਤੌਰ 'ਤੇ ਫ਼ੂਡ ਪ੍ਰੋਸੈਸਿੰਗ ਵੱਢੀ ਹੋਈ ਫ਼ਸਲ ਜਾਂ ਮਾਰੇ ਗਏ ਜਾਨਵਰ ਨੂੰ ਅਜਿਹੇ ਰੂਪ ਵਿਚ ਤਬਦੀਲ ਕਰਨਾ ਹੈ ਜੋ ਕਿ ਕਾਫ਼ੀ ਸਮਾਂ ਖ਼ਰਾਬ ਹੋਏ ਬਿਨਾਂ ਰਹਿ ਸਕੇ। ਸਾਡੇ ਸਮਾਜ ਵਿਚ ਪ੍ਰਾਚੀਨ ਕਾਲ ਤੋਂ, ਭੋਜਨ ਪਦਾਰਥਾਂ ਨੂੰ ਲੰਬੇ ਸਮੇਂ ਤੱਕ ਖ਼ਰਾਬ ਹੋਣ ਤੋਂ ਬਚਾਉਣ ਲਈ ਖਮੀਰਨ, ਧੁੱਪੇ ਸੁਕਾਉਣ ਤੇ ਲੂਣ ਲਗਾਉਣ ਦੇ ਤਰੀਕੇ ਵਰਤੇ ਜਾਂਦੇ ਰਹੇ ਹਨ। ਕੱਚੇ ਮਾਲ ਦੀ ਸੌਖੀ ਤੇ ਕਾਫ਼ੀ ਹੋਂਦ, ਤਬਦੀਲ ਹੁੰਦਾ ਜੀਵਨ ਢੰਗ ਤੇ ਨੀਤੀਆਂ ਵਿਚ ਲਚਕੀਲੇਪਣ ਨੇ ਇਸ ਸਨਅਤ ਦੇ ਵਿਕਾਸ ਨੂੰ ਹੁਲਾਰਾ ਦਿੱਤਾ ਹੈ। ਇਹ ਖੇਤਰ ਦੇਸ਼ ਦੀ ਆਰਥਿਕਤਾ ਦੇ ਤੱਤਾਂ ਖੇਤੀਬਾੜੀ ਤੇ ਸਨਅਤੀ ਵਿਭਾਗ, ਦੋਹਾਂ ਨਾਲ ਸਬੰਧਤ ਹੈ। ਖੇਤੀ ਉਪਜਾਂ ਦੀ ਕਦਰ ਤੇ ਕੀਮਤ ਵਧਾਉਣ ਲਈ ਇਸ ਸਬੰਧ ਨੂੰ ਉਤਸ਼ਾਹਿਤ ਕੀਤੇ ਜਾਣ ਦੀ ਲੋੜ ਹੈ, ਕੌਮਾਂਤਰੀ ਮੰਡੀ ਵਿਚ ਭਾਰਤੀ ਖੇਤੀ ਉਪਜਾਂ ਦੀ ਮੰਗ ਵਧਾਉਣ ਸੰਬੰਧੀ ਕਾਰਜ ਕਰਨ ਦੀ ਲੋੜ ਹੈ ਤੇ ਕਿਸਾਨਾਂ ਨੂੰ ਵਧੀਆ ਤੋਂ ਵਧੀਆ ਭਾਅ ਦਿਵਾਏ

ਜਾਣ ਦੀ ਲੋੜ ਸਭ ਤੋਂ ਵੱਡੀ ਹੈ। ਫੂਡ ਪ੍ਰੋਸੈਸਿੰਗ ਸਨਅਤ ਨੂੰ ਜ਼ਰਾ ਜਿਹਾ ਉਤਸ਼ਾਹਿਤ ਕਰਨਾ ਹੀ ਖੇਤੀਬਾੜੀ ਖੇਤਰ ਵਿਚ ਜ਼ਿਕਰਯੋਗ ਵਿਕਾਸ ਦਾ ਆਧਾਰ ਬਣਦਾ ਹੈ ਅਤੇ ਇਸ ਦੀ ਕਦਰੋ-ਕੀਮਤ ਵਿਚ ਵਾਧਾ ਕਰਦਾ ਹੈ।

### ਫੂਡ ਪ੍ਰੋਸੈਸਿੰਗ ਸਨੱਅਤਾਂ ਦਾ ਮਹੱਤਵ (Significance of Food Processing Industries):

ਭਾਰਤ ਵਿਚ ਖ਼ੁਰਾਕੀ ਉਪਜਾਂ ਦੀ ਪੈਦਾਵਾਰ ਲਈ ਭਰਪੂਰ ਭੂਮੀ ਹੈ। ਇਕ ਅੰਦਾਜ਼ੇ ਅਨੁਸਾਰ ਦੇਸ਼ ਦੀ 50 ਫ਼ੀਸਦੀ ਤੋਂ ਵੱਧ ਵਸੋਂ ਖੇਤੀਬਾੜੀ ਨਾਲ ਸਬੰਧਤ ਕਾਰਜਾਂ ਵਿਚ ਜੁਟੀ ਹੈ। ਭਾਰਤ ਵਿਚ ਜੇਕਰ ਵਧੀਆ ਫੂਡ ਪ੍ਰੋਸੈਸਿੰਗ ਯੂਨਿਟ ਹੋਣ ਤਾਂ ਅਨਾਜਾਂ ਤੇ ਮੀਟ ਨੂੰ ਹੋਰ ਪ੍ਰਕਾਰ ਦੇ ਭੋਜਨ ਵਿਚ ਤਬਦੀਲ ਕਰਕੇ ਘਰੇਗੀ ਤੇ ਵਿਦੇਸ਼ੀ ਮੰਡੀਆਂ ਵਿਚ ਵਰਤੋਂ ਲਈ ਉਤਾਰਿਆ ਜਾ ਸਕਦਾ ਹੈ। ਫੂਡ ਪ੍ਰੋਸੈਸਿੰਗ ਫੈਕਟਰੀਆਂ ਹੀ ਤਾਂ ਖੇਤੀਬਾੜੀ ਤੇ ਖੇਤੀ ਅਧਾਰਿਤ ਸਨਅਤ ਵਿਚਾਲੇ ਲਿੰਕ ਹਨ। ਫੂਡ ਪ੍ਰੋਸੈਸਿੰਗ ਸਨਅਤ ਵਿਚ ਖੇਤੀਬਾੜੀ ਖੇਤਰ ਦੇ ਕਾਮਿਆਂ ਨੂੰ ਰੁਜ਼ਗਾਰ ਮਿਲ ਸਕਦਾ ਹੈ ਜੋ ਉਂਜ ਬੇਰੁਜ਼ਗਾਰੀ ਦਾ ਸਾਹਮਣਾ ਕਰਨ ਦੇ ਖ਼ਤਰੇ ਵਿਚ ਹੋਣ।


#### ਫੂਡ ਪ੍ਰੋਸੈਸਿੰਗ ਦੇ ਕਾਰਨ (Reasons for Food Processing) :

ਇਸ ਪ੍ਰਕਿਰਿਆ ਦੇ ਪੰਜ ਪ੍ਰਮੁੱਖ ਕਾਰਨ ਹੋ ਸਕਦੇ ਹੁੰਦੇ ਹਨ :

1. ਦੇਰੀ ਨਾਲ ਵਰਤੋਂ ਕਰਨ ਹਿੱਤ ਸੰਭਾਲ ਕੇ ਰੱਖਣਾ ਜਾਂ ਮਹਿੰਗੇ ਭਾਅ 'ਤੇ ਵੇਚਣ ਲਈ ਸੰਭਾਲਣਾ
2. ਮਨੁੱਖੀ ਵਰਤੋਂ ਲਈ ਅਯੋਗ ਪਦਾਰਥਾਂ ਨੂੰ ਸਾਫ਼ ਕਰਨ ਲਈ
3. ਨੁਕਸਾਨਦਾਇਕ ਹਿੱਸਿਆਂ ਨੂੰ ਖ਼ਤਮ ਕਰਨਾ
4. ਉਪਭੋਗੀ ਦੀ ਇੱਛਾ ਅਨੁਸਾਰ ਰੂਪਾਂਤਰ ਕਰਨਾ
5. ਭੋਜਨ ਦੇ ਵੱਖ-ਵੱਖ ਰੂਪਾਂ ਵਿਚ ਵੰਡ ਕਰਨਾ

## ਮੈਗਾ ਫੂਡ ਪਾਰਕ (Mega Food Parks)

ਮੈਗਾ ਫੂਡ ਪਾਰਕ ਯੋਜਨਾ, ਭਾਰਤ ਸਰਕਾਰ ਦੇ ਫੂਡ ਪ੍ਰਾਸੈਸਿੰਗ ਇੰਡਸਟਰੀਜ਼ ਮੰਤਰਾਲੇ ਦਾ ਪ੍ਰਭਾਵਸ਼ਾਲੀ ਪ੍ਰੋਗਰਾਮ ਹੈ। ਇਸ ਯੋਜਨਾ ਅਧੀਨ ਮੰਗ ਦੇ ਆਧਾਰ 'ਤੇ ਪ੍ਰੋਸੈਸ ਕੀਤੇ ਭੋਜਨ ਦੀ ਨਿਰੰਤਰ ਸਪਲਾਈ ਦਾ ਮਾਡਲ ਤਿਆਰ ਕੀਤਾ ਜਾਂਦਾ ਹੈ। ਸਰਕਾਰ ਨੇ ਦੇਸ਼ ਭਰ ਵਿਚ 42 ਮੈਗਾ ਫੂਡ ਪਾਰਕ ਸਥਾਪਤ ਕਰਨ ਦੀ ਇਜਾਜ਼ਤ ਦਿੱਤੀ ਹੈ। ਸਰਕਾਰ ਦਾ ਇਹ ਕਦਮ ਫੂਡ ਪ੍ਰੋਸੈਸਿੰਗ ਦੇ ਖੇਤਰ ਵਿਚ ਵਿਸਤ੍ਰਿਤ ਅਜੋਕਾ ਬੁਨਿਆਦੀ ਢਾਂਚਾ ਪੈਦਾ ਕਰ ਦੇਵੇਗਾ ਤੇ ਇਸ ਨਾਲ ਇਹ ਖੇਤਰ ਹੋਰ ਵਿਕਸਤ ਹੋ ਸਕੇਗਾ। ਪੰਜਾਬ ਵਿਚ ਅਜਿਹਾ ਇਕ ਮੈਗਾ ਫੂਡ ਪਾਰਕ ਲੁਧਿਆਣਾ ਵਿਖੇ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ (PAICL) ਦੇ ਨਾਮ ਹੇਠ ਸਥਾਪਤ ਕੀਤਾ ਗਿਆ ਹੈ ਜਿਸਦੀ ਜ਼ਿੰਮੇਵਾਰੀ ਖੇਤੀ ਅਧਾਰਤ ਸਨਅਤਾਂ ਜਿਵੇਂ



ਕਿ ਐਗਰੋ ਪ੍ਰੋਸੈਸਿੰਗ, ਡੇਅਰੀ ਪ੍ਰੋਸੈਸਿੰਗ, ਪੋਲਟਰੀ ਪ੍ਰੋਸੈਸਿੰਗ, ਐਗਰੋ ਰੈਜ਼ੀਡਿਊ ਪ੍ਰੋਸੈਸਿੰਗ, ਫੂਡ ਐਂਡ ਹੌਰਟੀਕਲਚਰ ਪ੍ਰੋਸੈਸਿੰਗ, ਐਗਰੋ ਕੈਮੀਕਲਜ਼ ਮੈਨੂਫ਼ੈਕਚਰਿੰਗ ਆਦਿ ਨੂੰ ਉਤਸ਼ਾਹਤ ਕਰਨਾ ਤੇ ਹੁਲਾਰਾ ਦੇਣਾ ਹੈ। ਅਜਿਹੇ ਦੋ ਹੋਰ ਪਾਰਕ ਫ਼ਾਜ਼ਿਲਕਾ ਤੇ ਫਗਵਾੜਾ ਵਿਖੇ ਸਥਾਪਤ ਕੀਤੇ ਗਏ ਹਨ।

## ਸਾਗਰੀ ਜਹਾਜ਼ ਨਿਰਮਾਣ ਸਨਅਤ (Ship Building Industry):



ਸਾਗਰੀ ਜਹਾਜ਼ ਜਾਂ ਸਮੁੰਦਰੀ ਜਹਾਜ਼, ਪਾਣੀ ਵਿਚ ਆਵਾਜਾਈ ਲਈ ਉਹ ਸਾਧਨ ਹੁੰਦਾ ਹੈ ਜੋ ਦੁਨੀਆ ਭਰ ਦੇ ਸਾਗਰਾਂ, ਮਹਾਂਸਾਗਰਾਂ ਤੇ ਲੋੜ ਅਨੁਸਾਰ ਡੂੰਘੇ ਜਲੀ-ਮਾਰਗਾਂ ਉੱਤੇ, ਯਾਤਰੀ ਤੇ ਮਾਲ ਲੈ ਕੇ ਜਾਂ ਫ਼ੇਰ ਉਚੇਚੇ ਮਨੋਰਥ ਨਾਲ ਕਿਸੇ ਕਾਰਜ ਲਈ ਜਿਵੇਂ ਕਿ ਸੁਰੱਖਿਆ, ਖੋਜ, ਮੱਛੀਆਂ ਫੜਨਾ ਆਦਿ ਲਈ ਤਰਦਾ ਹੈ। ਸਮੁੰਦਰੀ ਜਹਾਜ਼ ਮਨੁੱਖਾਂ ਤੇ ਮਾਲ-ਅਸਬਾਬ ਦੀ ਆਵਾਜਾਈ ਲਈ ਬਹੁਤ ਮਹੱਤਵਪੂਰਨ ਸਾਧਨ ਹਨ। ਦੇਸ਼ ਦਾ ਲਗਪਗ 900 ਫ਼ੀਸਦੀ ਵਿਦੇਸ਼ੀ ਜਾਂ ਕੌਮਾਂਤਰੀ ਵਪਾਰ ਸਮੁੰਦਰੀ ਜਹਾਜ਼ਾਂ ਦੇ ਜ਼ਰੀਏ ਹੀ ਹੁੰਦਾ ਹੈ ਜਿਸ ਨਾਲ ਇਹ ਸਾਗਰੀ ਆਵਾਜਾਈ ਦੇਸ਼ ਦੀ ਆਰਥਿਕਤਾ ਵਿਚ ਵੱਡਾ ਰੋਲ ਅਦਾ ਕਰਦੀ ਹੈ। ਭਾਰਤੀ ਸਮੁੰਦਰੀ ਜਹਾਜ਼ਾਂ ਦਾ ਨਿਰਮਾਣ ਮੱਧ-ਕਾਲ ਤੋਂ ਜਾਰੀ ਹੈ ਜਦੋਂ ਪਹਿਲੀ ਵਾਰ ਸਮੁੰਦਰੀ ਜਹਾਜ਼ ਸਿਰਫ਼ ਜਲ ਸੈਨਾ ਦੇ ਜਹਾਜ਼ਾਂ ਵਜੋਂ ਜੰਗ ਦੇ ਮਨੋਰਥ ਨਾਲ ਹੀ ਬਣਾਏ ਗਏ ਸਨ।

ਉਂਝ, ਪ੍ਰਾਚੀਨ ਸਮੁੰਦਰੀ ਜਹਾਜ਼ ਨਿਰਮਾਣ 3 ਹਜ਼ਾਰ ਸਾਲ ਈਸਾ ਪੂਰਵ, ਹੜੱਪਾ (ਸਿੰਧ ਘਾਟੀ ਸਭਿਅਤਾ) ਕਾਲ ਤੱਕ ਚਲਾ ਜਾਂਦਾ ਹੈ ਜਦੋਂ 2500 ਸਾਲ ਈਸਾ ਪੂਰਵ ਲੋਥਲ ਨਾਂ ਦੇ ਬੰਦਰਗਾਹ ਸ਼ਹਿਰ ਵਿਚ ਸੰਸਾਰ ਦਾ ਪਹਿਲਾ ਸਾਗਰੀ ਜਹਾਜ਼ ਨਿਰਮਾਣ ਤੇ ਰੱਖ-ਰਖਾਅ ਕੇਂਦਰ ਸਥਾਪਤ ਕੀਤਾ ਗਿਆ ਸੀ। ਦੇਸ਼ ਅੰਦਰਲੇ ਜਲ-ਮਾਰਗਾਂ ਲਈ ਚੱਪਟੇ ਆਦਾਰ ਵਾਲੀਆਂ ਕਿਸ਼ਤੀਆਂ ਵਰਤੀਆਂ ਜਾਂਦੀਆਂ ਸਨ। ਵੱਡੇ ਜਹਾਜ਼ਾਂ ਦੇ ਮੂੰਹ ਵੱਡੇ ਹੁੰਦੇ ਸਨ ਤੇ ਸਮੁੰਦਰੀ ਘਾਹ ਅਤੇ ਬੂਟੀਆਂ ਵਰਤ ਕੇ ਬਾਕੀ ਹਿੱਸਾ ਵੀ ਬਣਾਇਆ ਜਾਂਦਾ ਸੀ। ਇਹ ਤਸਵੀਰ ਅਸਲ ਵਿਚ ਮਹਿੰਜੋ-ਦੜੋ ਤੋਂ ਮਿਲੀ ਇਕ ਮੋਹਰ ਉੱਤੇ ਖੁਦੀ ਹੋਈ ਹੈ। ਸੰਨ 1498 ਵਿਚ ਪੁਰਤਗਾਲੀਆਂ ਦੀ ਆਮਦ ਨਾਲ ਭਾਰਤ ਵਿਚ ਜੰਗੀ ਜਲ ਬੇੜੇ ਬਣਾਉਣ ਦੇ ਕੰਮ ਵਿਚ ਤਬਦੀਲੀ ਆਈ ਅਤੇ ਜਹਾਜ਼ਾਂ ਉੱਤੇ ਬੰਦੂਕਾਂ ਤੱਕ ਤਾਣੀਆਂ ਜਾਣ ਲੱਗੀਆਂ।

**ਭਾਰਤੀ ਸਾਗਰੀ ਜਹਾਜ਼ ਨਿਰਮਾਣ ਸਨਅਤ ਦੀਆਂ ਸਰਕਾਰੀ ਕੰਪਨੀਆਂ :**

* ਸ਼ਿਪਿੰਗ ਕਾਰਪੋਰੇਸ਼ਨ ਆਫ਼ ਇੰਡੀਆ, ਮੁੰਬਈ
* ਹਿੰਦੁਸਤਾਨ ਸ਼ਿਪਯਾਰਡ ਲਿਮਟਿਡ, ਵਿਸ਼ਾਖਾਪਟਨਮ
* ਕੋਚੀਨ ਸ਼ਿਪਯਾਰਡ ਲਿਮਟਿਡ, ਕੋਚੀਨ
* ਡਰੈਸਿੰਗ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ (MSIL) ਵਿਸ਼ਾਖਾਪਟਨਮ
* ਹੁਗਲੀ ਡੌਕ ਐਂਡ ਪੋਰਟ ਇੰਜਨੀਅਰਜ਼ ਲਿਮਟਿਡ, ਕੋਲਕਾਤਾ
* ਐਨੋਰ ਪੋਰਟ ਲਿਮਟਿਡ, ਚੇਨਈ
* ਸੈਂਟਰਲ ਇਨਲੈਂਡ ਵਾਟਰ ਟਰਾਂਸਪੋਰਟ ਕਾਰਪੋਰੇਸ਼ਨ ਲਿਮਟਿਡ, ਕੋਲਕਾਤਾ

ਭਾਰਤ ਵਿਚ ਸਾਗਰੀ ਜਹਾਜ਼ ਨਿਰਮਾਣ ਦੇ ਚਾਰ ਪ੍ਰਮੁੱਖ ਕੇਂਦਰ ਹਨ; ਵਿਸ਼ਾਖਾਪਟਨਮ, ਕੋਚੀ, ਕੋਲਕਾਤਾ ਅਤੇ

ਮੁੰਬਈ। ਸਮੁੰਦਰੀ ਜਹਾਜ਼ ਨਿਰਮਾਣ ਸਮਰਥਾ ਵਿਚ ਭਾਰਤ, ਸਿਰਫ਼ ਜਪਾਨ ਮਗਰੋਂ, ਏਸ਼ੀਆ ਵਿਚ ਦੂਸਰੇ ਸਥਾਨ 'ਤੇ ਖੜ੍ਹਦਾ ਹੈ। ਕੋਚੀਨ ਸ਼ਿਪਯਾਰਡ ਲਿਮਟਿਡ (CSL) ਕੇਰਲ, ਦੇਸ਼ ਦੀ ਸਭ ਤੋਂ ਵੱਡੀ ਸਮੁੰਦਰੀ ਜਹਾਜ਼ ਨਿਰਮਾਣ ਤੇ ਸੰਭਾਲ ਕੰਪਨੀ ਹੈ। ਦੇਸ਼ ਕੋਲ 1070 ਦੇ ਲਗਪਗ ਸਮੁੰਦਰੀ ਜਹਾਜ਼ ਹਨ ਅਤੇ ਸਾਗਰੀ ਸਨਅਤ ਵਿਚ ਲਗਪਗ 12 ਲੱਖ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ।

## ਖਾਦ ਸਨਅਤ (Fertilizer Industry) :

ਦੇਸ਼ ਦੀ ਖਾਦ ਉਤਪਾਦਨ ਸਨਅਤ ਜ਼ਿਆਦਾਤਰ ਨਾਈਟ੍ਰੋਜਨ ਅਧਾਰਤ ਖਾਦਾਂ ਜਿਨ੍ਹਾਂ ਵਿਚੋਂ ਪ੍ਰਮੁੱਖ ਹਨ : ਯੂਰੀਆ, ਫਾਸਫੇਟਿਕ ਖਾਦਾਂ, ਅਮੋਨੀਅਮ ਸਲਫੇਟ (DAP) ਅਤੇ ਮਿਸ਼ਰਤ ਖਾਦ ਜੋ ਕਿ ਨਾਈਟ੍ਰੋਜਨ (N), ਫਾਸਫੇਟ (P) ਅਤੇ ਪੋਟਾਸ਼ (K) ਦਾ ਮਿਸ਼ਰਣ ਹੁੰਦੀ ਹੈ। ਇਸ ਵਿਚ ਪੋਟਾਸ਼, ਭਾਰਤ ਨੂੰ ਪੂਰਾ ਹੀ ਦਰਾਮਦ ਕਰਨਾ ਪੈਂਦਾ ਹੈ ਕਿਉਂਕਿ ਦੇਸ਼ ਵਿਚ ਪੋਟਾਸ਼ੀਅਮ ਦੇ ਕਿਸੇ ਰੂਪ ਦੇ ਭੰਡਾਰ ਮੌਜੂਦ ਨਹੀਂ ਹਨ। ਦੇਸ਼ ਵਿਚ 'ਹਰੀ ਕ੍ਰਾਂਤੀ' ਮਗਰੋਂ ਇਹ



ਸਨਅਤ ਕਾਫ਼ੀ ਪ੍ਰਫੁੱਲਤ ਹੋਈ ਹੈ। ਗੁਜਰਾਤ, ਤਾਮਿਲਨਾਡੂ, ਉੱਤਰ ਪ੍ਰਦੇਸ਼, ਪੰਜਾਬ ਤੇ ਕੇਰਲ ਦੇਸ਼ ਦੀ ਅੱਧੀ ਦੇ ਲਗਪਗ ਖਾਦ ਤਿਆਰ ਕਰਦੇ ਹਨ। ਹੋਰ ਮਹੱਤਵਪੂਰਨ ਉਤਪਾਦਕ ਹਨ; ਆਂਧਰਾ ਪ੍ਰਦੇਸ਼, ਓਡੀਸ਼ਾ, ਰਾਜਸਥਾਨ, ਬਿਹਾਰ, ਮਹਾਰਾਸ਼ਟਰ, ਅਸਾਮ, ਪੱਛਮੀ ਬੰਗਾਲ, ਗੋਆ, ਦਿੱਲੀ, ਮੱਧ ਪ੍ਰਦੇਸ਼ ਅਤੇ ਕਰਨਾਟਕ।

## ਸਨਅਤੀ ਪ੍ਰਦੂਸ਼ਣ ਤੇ ਵਾਤਾਵਰਣ ਪਲੀਤ ਹੋਣਾ (Industrial Pollution & Environmental Degradation)

ਸਨਅਤਾਂ ਨੇ ਬੇਸ਼ੱਕ, ਭਾਰਤੀ ਅਰਥਚਾਰੇ ਦੇ ਵਾਧੇ ਤੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਪਰ ਇਸਦੇ ਨਾਲ ਹੀ ਧਰਤੀ, ਪਾਣੀ, ਹਵਾ, ਆਵਾਜ਼ ਆਦਿ ਦੇ ਪ੍ਰਦੂਸ਼ਣ ਅਤੇ ਵਾਤਾਵਰਨ ਦੇ ਮਿਆਰ ਵਿਚ ਆਈ ਗਿਰਾਵਟ ਨੂੰ ਅੱਖੋਂ-ਪ੍ਰੋਖੇ ਨਹੀਂ ਕੀਤਾ ਜਾ ਸਕਦਾ। ਸਨਅਤਾਂ ਚਾਰ ਪ੍ਰਕਾਰ ਦੇ ਪਰਦੂਸ਼ਣਾਂ ਲਈ ਜ਼ਿੰਮੇਵਾਰ ਹਨ : (1) ਹਵਾ ਜਾਂ ਵਾਯੂ ਪ੍ਰਦੂਸ਼ਣ (2) ਪਾਣੀ ਜਾਂ ਜਲ ਪ੍ਰਦੂਸ਼ਣ (3) ਭੂਮੀ ਜਾਂ ਮਿੱਟੀ ਪ੍ਰਦੂਸ਼ਣ ਅਤੇ (4) ਆਵਾਜ਼ ਪ੍ਰਦੂਸ਼ਣ ਜਾਂ ਸ਼ੋਰ। ਪ੍ਰਦੂਸ਼ਣ ਫੈਲਾਉਣ ਵਾਲੀਆਂ ਸਨਅਤਾਂ ਵਿਚ ਤਾਪ-ਬਿਜਲੀ ਘਰ ਵੀ ਸ਼ਾਮਲ ਹਨ।

ਹਵਾ ਜਾਂ ਵਾਯੂ ਪ੍ਰਦੂਸ਼ਣ, ਸਲਫ਼ਰ ਡਾਇਆਕਸਾਈਡ ਜਾਂ ਕਾਰਬਨ ਮੋਨੋਆਕਸਾਈਡ ਜਿਹੀਆਂ ਬੇਲੋੜੀਆਂ ਗੈਸਾਂ ਦੀ ਮਿਕਦਾਰ ਹਵਾ ਵਿਚ ਵੱਧ ਜਾਣ ਨਾਲ ਫ਼ੈਲਦਾ ਹੈ। ਹਵਾ ਨਾਲ ਰਲੇ ਅੰਸ਼ ਠੋਸ ਵੀ ਹੋ ਸਕਦੇ ਹਨ ਤੇ ਦ੍ਰਵ ਵੀ ਜਿਵੇਂ ਧੂੜ, ਧੁੰਦ ਜਿਹੇ ਅੰਸ਼ ਜਾਂ ਧੂੰਆਂ। ਧੂੰਆਂ ਆਮ ਕਰਕੇ ਰਸਾਇਣਾਂ ਦਾਂ ਸ਼ੁਧੀਕਰਨ ਕਰਨ ਵਾਲੇਂ ਕਾਰਖਾਨਿਆਂ ਵਿਚੋਂ ਨਿਕਲਦਾ ਹੈ ਜਿੱਥੇ ਪਥਰਾਟੀ ਬਾਲਣ ਹੀ ਬਾਲ਼ੇ ਜਾਂਦੇ ਹਨ ਤੇ ਛੋਟੀਆਂ-ਵੱਡੀਆਂ ਫ਼ੈਕਟਰੀਆਂ ਪ੍ਰਦੂਸ਼ਣ ਸਬੰਧੀ ਨਿਯਮਾਂ ਦੀ ਅਣਦੇਖੀ ਕਰਦੇ ਹਨ। ਜ਼ਹਿਰੀਲੀਆਂ ਗੈਸਾਂ ਦਾ ਰਿਸਣਾ ਤੇ ਹਵਾ ਵਿਚ ਰਲ਼ਨਾ, ਲੰਬੇ ਸਮੇਂ ਲਈ ਬਹੁਤ ਮਾੜੇ ਨਤੀਜੇ ਕੱਢ ਸਕਦਾ ਹੈ। ਕੀ ਤੁਹਾਨੂੰ ਪਤਾ ਹੈ ਕਿ ਭੋਪਾਲ ਗੈਸ ਕਾਂਡ ਵੀ ਕਦੋਂ ਵਾਪਰਿਆ ਸੀ ? ਹਵਾ ਪ੍ਰਦੂਸ਼ਣ ਨਾ ਸਿਰਫ਼ ਮਨੁੱਖੀ ਸਿਹਤ ਉੱਤੇ ਭੈੜਾ ਅਸਰ ਪਾਉਂਦਾ ਹੈ, ਸਗੋਂ ਪਸ਼ੂ-ਪੰਛੀਆਂ, ਫੁੱਲ-ਬੂਟਿਆਂ, ਇਮਾਰਤਾਂ, ਵਾਯੂਮੰਡਲ ਆਦਿ ਸਭ ਲਈ ਬਹੁਤ ਘਾਤਕ ਸਿੱਧ ਹੁੰਦਾ ਹੈ।

# Pacific garbage patch is far larger than feared: study

80,000 tonnes of trash float as a mass in the ocean

AGENCE FRANCE-PRESSE
PARIS

The vast dump of plastic waste swirling in the Pacific ocean is now bigger than France, Germany and Spain combined – far larger than previously feared – and is growing rapidly, a study published on Thursday warned.

Researchers based in the Netherlands used a fleet of boats and aircraft to scan the immense accumulation of bottles, containers, fishing nets and microparticles known as the "Great Pacific Garbage Patch" (GPGP) and found an astonishing build-up of plastic waste. "We found about 80,000 tonnes of buoyant plastic currently in the GPGP," said Laurent Lebreton, lead author of the study published in the journal *Scientific Reports*.



File photo of plastic waste in Hanauma Bay, Hawaii. • NOAA PACIFIC ISLANDS FISHERIES SCIENCE CENTER

That's around the weight of 500 jumbo jets, and up to sixteen times greater than the plastic mass uncovered there in previous studies.

But what really shocked the team was the amount of plastic pieces that have built up on the marine gyre between Hawaii and California in recent years.

They found that the dump now contains around 1.8 trillion pieces of plastic, posing a dual threat to marine life. Microplastics, tiny fragments of plastic smaller than 50mm in size that make up the vast majority of items in the GPGP, can enter the food chain when swallowed by fish.

The pollutants they contain become more concentrated as they work their way up through the food web.

"The other environmental impact comes from the larger debris, especially the fishing nets," said Mr. Lebreton.

These net fragments kill marine life by trapping fish and animals such as turtles in a process known as 'ghost fishing'. Global plastics production hit 322 million tonnes in 2015, according to the International Organization for Standardization.

ਪਾਣੀ ਜਾਂ ਜਲ ਪ੍ਰਦੂਸ਼ਣ, ਸਨਅਤਾਂ ਵੱਲੋਂ ਦਰਿਆਵਾਂ ਵਿਚ ਛੱਡੀ ਗਈ ਆਪਣੀ ਜੈਵਿਕ ਤੇ ਅਜੈਵਿਕ ਰਹਿੰਦ-ਖੂੰਹਦ ਕਾਰਨ ਵਾਪਰਦਾ ਹੈ। ਇਸ ਨੁਕਸਾਨ ਲਈ ਜ਼ਿਆਦਾਤਰ ਕਾਗਜ਼, ਗੁੱਦਾ (ਕਾਗਜ਼ ਦਾ), ਰਸਾਇਣ, ਕੱਪੜਾ ਤੇ ਲੰਗਾਈ, ਪੈਟਰੋਲੀਅਮ ਸ਼ੁਧੀਕਰਨ, ਚਮੜੇ ਦਾ ਕੰਮ ਤੇ ਇਲੈਕਟ੍ਰੋਪਲੇਟਿੰਗ ਸਨਅਤਾਂ ਜ਼ਿਆਦਾ ਜ਼ਿੰਮੇਵਾਰ ਮੰਨੀਆਂ ਜਾ ਸਕਦੀਆਂ ਹਨ ਕਿਉਂਕਿ ਇਹ ਸਨਅਤਾਂ ਜ਼ਿਆਦਾਤਰ ਡਾਈਆਂ, ਖਾਰ, ਤੇਜ਼ਾਬ, ਲੂਣ, ਸਿੱਕੇ ਤੇ ਪਾਰੇ ਜਿਹੀਆਂ ਧਾਤਾਂ ਅਤੇ ਕੀਟਨਾਸ਼ਕ, ਖਾਦਾਂ, ਨਕਲੀ ਰਸਾਇਣ, ਕਾਰਬਨ, ਪਲਾਸਟਿਕ, ਰਬੜ ਆਦਿ ਜਿਹੇ ਰਹਿੰਦ-ਖੂੰਹਦ ਪਦਾਰਥ ਪਾਣੀ ਵਿਚ ਰਲ਼ਾ ਦਿੰਦੇ ਹਨ। ਭਾਰਤ ਵਿਚ ਮਹੀਨ ਸਵਾਹ, ਫਾਸਫ਼ੋਰਸ-ਜਿਪਸਮ ਤੇ ਲੋਹਾ-ਇਸਪਾਤ ਦੀਆਂ ਖਿੰਘਰਾਂ ਪ੍ਰਮੁੱਖ ਠੋਸ ਰਹਿੰਦ-ਖੂੰਹਦ ਹਨ ਜੋ ਪਾਣੀ ਵਿਚ ਰਲ਼ੇ ਮਿਲਦੇ ਹਨ। ਪਾਣੀ ਦਾ ਤਾਪ ਪ੍ਰਦੂਸ਼ਣ ਓਦੋਂ

ਹੁੰਦਾ ਹੈ ਜਦੋਂ ਫ਼ੈਕਟਰੀਆਂ ਅਤੇ ਤਾਪ-ਬਿਜਲੀ ਘਰਾਂ ਦਾ ਭਾਰਾ ਤੇ ਗਰਮ ਪਾਣੀ, ਠੰਢਾ ਹੋਣ ਤੋਂ ਪਹਿਲਾਂ ਹੀ ਦਰਿਆਵਾਂ ਤੇ ਤਲਾਅ-ਟੋਭਿਆਂ ਵਿਚ ਛੱਡ ਦਿੱਤਾ ਜਾਂਦਾ ਹੈ। ਜ਼ਰਾ ਸੋਚੋ, ਅਜਿਹੀ ਹਾਲਤ ਵਿਚ ਜਲ-ਜੀਵਾਂ 'ਤੇ ਕੀ ਅਸਰ ਪਵੇਗਾ ? ਪ੍ਰਮਾਣੂ ਊਰਜਾ ਉਤਪਾਦਨ ਕੇਂਦਰਾਂ, ਪ੍ਰਮਾਣੂ ਹਥਿਆਰ ਨਿਰਮਾਣ ਕੇਂਦਰਾਂ ਆਦਿ ਤੋਂ ਹੋਣ ਵਾਲਾ ਪ੍ਰਦੂਸ਼ਣ ਕੈਂਸਰ, ਜਨਮ ਤੋਂ ਹੀ ਸਰੀਰਕ ਘਾਟਾਂ ਅਤੇ ਗਰਭਪਾਤ ਆਦਿ ਵਰਗੀਆਂ ਅਲਾਮਤਾਂ ਦਾ ਕਾਰਨ ਬਣਦਾ ਹੈ।



*(ਉਪਰ) ਬਿਆਸ ਦਰਿਆ ਵਿਚ ਜਲ ਪ੍ਰਦੂਸ਼ਣ ਕਾਰਨ ਮਰੀ ਹੋਈ ਇੰਡਸ ਡੌਲਫ਼ਿਨ (ਹੇਠਾਂ) ਲੁਧਿਆਣਾ ਵਿਚੋਂ ਲੰਘਦੇ ਬੁੱਢੇ ਨਾਲੇ ਦਾ ਪ੍ਰਦੂਸ਼ਿਤ ਹਿੱਸਾ*

ਮਿੱਟੀ ਤੇ ਜਲ ਪ੍ਰਦੂਸ਼ਣ ਆਪਸ ਵਿਚ ਕਾਫ਼ੀ ਜੁੜੇ ਹਨ। ਕਈ ਕਿਸਮ ਦੀ ਰਹਿੰਦ-ਖੂੰਹਦ ਜਿਵੇਂ ਕਿ ਸ਼ੀਸ਼ਾ, ਨੁਕਸਾਨਦਾਇਕ ਰਸਾਇਣ, ਸਨਅਤੀ ਰਹਿੰਦ-ਖੂੰਹਦ, ਪੈਕੇਜਿੰਗ ਦਾ ਸਮਾਨ, ਲੂਣ ਤੇ ਕੂੜਾ-ਕਰਕਟ ਆਦਿ ਨੂੰ ਮਿੱਟੀ ਵਿਚ ਦੱਬ ਦੇਣਾ, ਮਿੱਟੀ ਨੂੰ ਵਿਅਰਥ ਕਰ ਦਿੰਦਾ ਹੈ। ਮੀਂਹ ਦਾ ਪਾਣੀ ਅਜਿਹੀ ਮਿੱਟੀ ਵਿਚੋਂ ਸਿੰਮ ਕੇ, ਪ੍ਰਦੂਸ਼ਤ ਤੱਤਾ ਸਮੇਤ ਜ਼ਮੀਨਦੋਜ਼ ਜਲ ਵਿਚ ਜਾ ਰਲ਼ਦਾ ਹੈ ਅਤੇ ਧਰਤੀ ਹੇਠਲੇ ਪਾਣੀ ਨੂੰ ਵੀ ਦੂਸ਼ਤ ਕਰ ਦਿੰਦਾ ਹੈ। ਆਵਾਜ਼ ਪ੍ਰਦੂਸ਼ਣ ਨਾ ਸਿਰਫ਼ ਮਨੁੱਖੀ ਮਨਾਂ ਵਿਚ ਕਾਹਲ ਪੈਦਾ ਕਰਦਾ ਹੈ, ਸਗੋਂ ਗੁੱਸਾ ਤੇ ਉਦਾਸੀ ਵਧਾਉਣ ਤੋਂ ਇਲਾਵਾ ਸੁਣਨ ਸ਼ਕਤੀ ਘਟਾਉਣ, ਦਿਲ ਦੀ ਧੜਕਣ ਵਧਾਉਣ, ਖ਼ੂਨ ਦਾ ਦੌਰਾ ਤੇਜ਼ ਕਰਨ ਤੋਂ ਇਲਾਵਾ ਮਨੋਰੋਗਾਂ ਦਾ ਆਧਾਰ ਵੀ ਬਣਦਾ ਹੈ। ਬੇਲੋੜੀ ਆਵਾਜ਼ ਉਕਤਾਹਟ ਤੋਂ ਇਲਾਵਾ ਮਾਨਸਿਕ ਪ੍ਰੇਸ਼ਾਨੀ ਵੀ ਪੈਦਾ ਕਰਦੀ ਹੈ। ਸਨਅਤੀ ਤੇ ਉਸਾਰੀ ਕਾਰਵਾਈਆਂ, ਮਸ਼ੀਨਰੀ, ਫ਼ੈਕਟਰੀਆਂ ਦਾ ਸਾਜੋ-ਸਮਾਨ, ਜੈਨਰੇਟਰ, ਆਰੇ, ਤੇਜ਼ ਹਵਾ ਸਿੱਟਣ ਵਾਲੀਆਂ ਮਸ਼ੀਨਾਂ ਤੇ ਬਿਜਲਈ ਡਰਿੱਲਾਂ ਆਦਿ ਬਹੁਤ ਰੌਲ਼ਾ (ਸ਼ੋਰ) ਪੈਦਾ ਕਰਨ ਦਾ ਆਧਾਰ ਬਣਦੇ ਹਨ।

## ਵਾਤਾਵਰਣ ਪਲੀਤ ਹੋਣ ਤੋਂ ਰੋਕਣਾ (Control of Environmental Degradation) :

ਸਾਡੀਆਂ ਸਨਅਤੀ ਟਿਕਾਈਆਂ ਵਿੱਚੋਂ ਛੱਡਿਆ ਇਕ ਲੀਟਰ ਪਾਣੀ, ਅੱਠ ਲੀਟਰ ਤਾਜ਼ੇ ਪਾਣੀ ਨੂੰ ਪ੍ਰਦੂਸ਼ਤ ਕਰ ਦਿੰਦਾ ਹੈ। ਤਾਜ਼ੇ ਤੇ ਸਵੱਛ ਜਲ ਦਾ ਸਨਅਤੀ ਪ੍ਰਦੂਸ਼ਣ ਕਿਵੇਂ ਘਟਾਇਆ ਜਾਵੇ, ਕੁਝ ਕਦਮ ਇਹ ਹੋ ਸਕਦੇ ਹਨ—

(i) ਪਾਣੀ ਦੀ ਰੀਸਾਈਕਲਿੰਗ ਤੇ ਮੁੜ-ਵਰਤੋਂ ਰਾਹੀਂ ਉਸੇ ਪਾਣੀ ਨੂੰ ਮੁੜ-ਮੁੜ ਵਰਤਿਆ ਜਾਵੇ ਤੇ ਤਾਜ਼ਾ ਪਾਣੀ ਅਜ਼ਾਈਂ ਨਾ ਗਵਾਇਆ ਜਾਵੇ।

(ii) ਪਾਣੀ ਦੀ ਲੋੜ ਪੂਰੀ ਕਰਨ ਲਈ ਮੀਂਹ ਦੇ ਪਾਣੀ ਦੀ ਸੰਭਾਲ ਕਰਕੇ ਉਸ ਨੂੰ ਵਰਤਿਆ ਜਾਵੇ।

(iii) ਭਾਰੇ ਤੇ ਗਰਮ ਪਾਣੀ ਨੂੰ ਦਰਿਆਵਾਂ ਜਾਂ ਟੋਭਿਆਂ ਵਿਚ ਛੱਡਣ ਤੋਂ ਪਹਿਲਾਂ ਉਸਨੂੰ ਸਾਫ਼ ਕੀਤਾ ਜਾਵੇ। ਸਨਅਤੀ ਪ੍ਰਦੂਸ਼ਤ ਤੱਤਾਂ ਨੂੰ ਤਿੰਨ ਚਰਨਾਂ ਵਿਚ ਸਾਫ਼ ਕੀਤਾ ਜਾ ਸਕਦਾ ਹੈ—

(ੳ) ਮਸ਼ੀਨੀ ਢੰਗ ਨਾਲ ਮੁੱਢੋਂ ਸਾਫ਼ ਕਰਨਾ ਜਿਸ ਵਿਚ ਸਕਰੀਨਿੰਗ (ਛਾਣ-ਬੀਣ ਪ੍ਰੇਖਣ), ਗਰਾਈਂਡਿੰਗ (ਪੀਹਣਾਂ), ਫੌਲਕੁਲੇਸ਼ਨ (ਛੱਟਣਾ), ਸੈਡੀਮੈਂਟੇਸ਼ਨ (ਤਲਛੱਟ ਕਰਨਾ) ਆਦਿ ਸ਼ਾਮਲ ਹਨ।

(ਅ) ਜੈਵਿਕ ਪ੍ਰਕਿਰਿਆਵਾਂ ਰਾਹੀਂ ਸਫ਼ਾਈ ਦਾ ਦੂਸਰਾ ਢੰਗ।

(ੲ) ਤੀਸਰੇ ਢੰਗ ਵਿਚ ਜੈਵਿਕ, ਰਸਾਇਣਕ ਤੇ ਭੌਤਿਕ ਪ੍ਰਕਿਰਿਆਵਾਂ ਸ਼ਾਮਲ ਹਨ ਜਿਨ੍ਹਾਂ ਰਾਹੀਂ ਅਜ਼ਾਈਂ ਗਵਾਏ ਜਾਂਦੇ ਪਾਣੀ ਨੂੰ ਰੀਸਾਈਕਲਿੰਗ ਦੇ ਜ਼ਰੀਏ ਵਰਤਿਆ ਜਾਂਦਾ ਹੈ।

ਜਿਨ੍ਹਾਂ ਇਲਾਕਿਆਂ ਵਿਚ ਜ਼ਮੀਨਦੋਜ਼ ਜਲ ਦੇ ਭੰਡਾਰਾਂ ਦੀ ਕਮੀ ਹੈ, ਉਥੇ ਸਨਅਤਾਂ ਵੱਲੋਂ ਵਧੇਰੇ ਭੂਮੀਗਤ ਜਲ ਦੀ ਵਰਤੋਂ ਕੀਤੇ ਜਾਣ ਦੀ ਕਾਰਵਾਈ ਨੂੰ ਕਾਨੂੰਨੀ ਤਰੀਕੇ ਨਾਲ ਰੋਕਿਆ ਜਾਣਾ ਚਾਹੀਦਾ ਹੈ। ਹਵਾ ਵਿਚ ਛੱਡੀਆਂ ਜਾਂਦੀਆਂ ਅਸ਼ੁੱਧੀਆਂ ਨੂੰ ਇਲੈਕਟ੍ਰੋਸਟੈਟਿਕ ਪ੍ਰੀਸੈਪਟਰਜ਼, ਫ਼ੈਬਰਿਕ ਫਿਲਟਰ ਆਦਿ ਤਕਨੀਕਾਂ ਵਰਤ ਕੇ ਸਾਫ਼ ਕੀਤਾ ਜਾਣਾ ਚਾਹੀਦਾ ਹੈ। ਫ਼ੈਕਟਰੀਆਂ ਵਿਚ ਕੋਲੇ ਦੀ ਥਾਂ ਤੇਲ ਤੇ ਗੈਸ ਵਰਤਣ ਨਾਲ ਵੀ ਧੂੰਆਂ ਘਟਾਇਆ ਜਾ ਸਕਦਾ ਹੈ। ਮਸ਼ੀਨਰੀ ਜੈਨਰੇਟਰ ਤੇ ਹੋਰ ਸਾਜ਼ੋ-ਸਮਾਨ ਦੀ ਵਰਤੋਂ ਕਰਦਿਆਂ ਸਾਇਲੈਂਸਰ ਲਗਾਏ ਜਾ ਸਕਦੇ ਹਨ। ਘੱਟ-ਊਰਜਾ ਖ਼ਰਚਣ ਤੇ ਘੱਟ ਅਵਾਜ਼ ਪੈਦਾ ਕੀਤੇ ਜਾਣ ਤੇ ਟੀਚੇ ਨਾਲ ਮਸ਼ੀਨਰੀ ਨੂੰ ਮੁੜ ਡਿਜ਼ਾਈਨ ਕੀਤਾ ਜਾ ਸਕਦਾ ਹੈ। ਮਨੁੱਖਾਂ ਵੱਲੋਂ ਕੰਨਾਂ ਨੂੰ ਬੰਦ ਕਰਕੇ ਸ਼ੋਰ ਤੋਂ ਬਚਣ ਦਾ ਉਪਰਾਲਾ ਕਰਨ ਨਾਲੋਂ ਰੌਲੇ ਨੂੰ ਸਮੀਚਣ ਵਾਲੀਆਂ ਤਕਨੀਕਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਸਦੀਵੀਂ ਵਿਕਾਸ ਪ੍ਰਕਿਰਿਆ ਨੂੰ ਜਾਰੀ ਰੱਖਣ ਹਿੱਤ ਆਰਥਿਕ ਵਿਕਾਸ ਦੇ ਨਾਲੋ-ਨਾਲ ਵਾਤਾਵਰਨ ਦੀ ਸੰਭਾਲ ਵੀ ਕੀਤੀ ਜਾਣੀ ਬਹੁਤ ਜ਼ਰੂਰੀ ਹੈ।

## ਪ੍ਰੋਜੈਕਟ/ਕਿਰਿਆਵਾਂ

ਆਪਣੇ ਇਲਾਕੇ ਵਿਚ ਇਕ ਖੇਤੀ ਅਧਾਰਤ ਅਤੇ ਇਕ ਖਣਿਜ ਅਧਾਰਤ ਸਨਅਤੀ ਇਕਾਈ ਚੁਣੋ ਤੇ ਦੱਸੋ ਕਿ;

(i) ਉੱਥੇ ਕਿਹੜਾ-ਕਿਹੜਾ ਕੱਚਾ ਮਾਲ ਵਰਤਿਆ ਜਾਂਦਾ ਹੈ ?

(ii) ਨਿਰਮਾਣ ਕਿਰਿਆ ਵਿਚ ਹੋਰ ਕੀ-ਕੀ ਵਰਤਿਆ ਜਾਂਦਾ ਹੈ ਜੋ ਉਤਪਾਦਤ ਵਸਤੂ ਨੂੰ ਵਿਕਰੀ ਲਈ ਭੇਜੇ ਜਾਣ ਵੇਲੇ ਮੁੱਲ ਵਿਚ ਸ਼ਾਮਲ ਕੀਤਾ ਜਾਂਦਾ ਹੈ।

(iii) ਕੀ ਇਹ ਇਕਾਈਆਂ ਵਾਤਾਵਰਣ ਦੇ ਨਿਯਮਾਂ 'ਤੇ ਪੂਰੀਆਂ ਉਤਰ ਰਹੀਆਂ ਹਨ ?

## ਅਭਿਆਸ

**1. ਬਹੁ-ਚੋਣਵੇਂ ਪ੍ਰਸ਼ਨ :**

(i) ਹੇਠ ਲਿਖਿਆਂ ਵਿਚੋਂ ਕਿਹੜੀ ਸਨਅਤ ਚੂਨਾ ਪੱਥਰ ਨੂੰ ਕੱਚੇ ਮਾਲ ਵਜੋਂ ਵਰਤਦੀ ਹੈ ?

(i) ਐਲੂਮੀਨੀਅਮ (ii) ਸੀਮਿੰਟ

(iii) ਪਲਾਸਟਿਕ (iv) ਆਟੋ ਮੋਬਾਈਲ

(ii) ਹੇਠ ਲਿਖਿਆਂ ਵਿਚੋਂ ਕਿਹੜੀ ਏਜੰਸੀ ਸਰਕਾਰੀ ਖੇਤਰ ਦੇ ਕਾਰਖਾਨਿਆਂ ਨੂੰ ਇਸਪਾਤ ਪ੍ਰਦਾਨ ਕਰਦੀ ਹੈ ?

(i) HAIL (ii) SAIL

(iii) TATA Steel (iv) MNCC

(iii) ਹੇਠ ਲਿਖਿਆਂ ਵਿਚੋਂ ਕਿਹੜੀ ਸਨਅਤ ਬਾਕਸਾਈਟ ਨੂੰ ਕੱਚੇ ਮਾਲ ਵਜੋਂ ਵਰਤਦੀ ਹੈ ?

(i) ਐਲੂਮੀਨੀਅਮ ਸ਼ੁਧੀਕਰਨ (ii) ਸੀਮਿੰਟ ਨਿਰਮਾਣ

(iii) ਕਾਗਜ਼ ਨਿਰਮਾਣ (iv) ਇਸਪਾਤ

(iv) ਹੇਠ ਲਿਖਿਆਂ ਵਿਚੋਂ ਕਿਹੜੀ ਸਨਅਤ ਟੈਲੀਫ਼ੋਨ, ਕੰਪਿਊਟਰ ਆਦਿ ਬਣਾਉਂਦੀ ਹੈ ?

(i) ਇਸਪਾਤ (ii) ਐਲੂਮੀਨੀਅਮ ਸ਼ੁੱਧੀਕਰਨ

(iii) ਇਲੈਕਟ੍ਰਾਨਿਕ (iv) ਸੂਚਨਾ ਤਕਨੀਕ

(v) ਨਿਰਮਾਣ ਖੇਤਰ ਨੂੰ ਵਿਕਾਸ ਦੀ ..................... ਕਿਹਾ ਜਾਂਦਾ ਹੈ।

(ੳ) ਮਾਨਸਿਕਤਾ (ਅ) ਰੀੜ੍ਹ

(ੲ) ਤਾਕਤ (ਸ) ਚਮੜੀ

(vi) ਭਾਰਤ ਸਰਕਾਰ ਵੱਲੋਂ ਕਿੰਨੇ ਮੈਗਾ ਫ਼ੂਡ ਪਾਰਕ ਬਣਾਏ ਜਾਂਦੇ ਹਨ?

(ੳ) 40 (ਅ) 42

(ੲ) 45 (ਸ) 48

(vii) ਬੀ.ਐੱਚ.ਈ.ਐੱਲ. ਦਾ ਪੂਰਾ ਨਾਮ ਕੀ ਹੈ?

(ੳ) ਭਾਰਤ ਹੈਵੀ ਇਲੈਕਟ੍ਰੀਕਲ ਲਿਮਟਿਡ (ਅ) ਭਾਰਤ ਹੀਟ ਐਂਡ ਐਨਰਜੀ ਲਿਮਿਟਿਡ

(ੲ) ਭੋਪਾਲ-ਹੈਦਾਰਬਾਦ ਐਨਰਜੀ ਲਿਮਟਿਡ (ਸ) ਕੋਈ ਵੀ ਨਹੀਂ

(viii) ਖੰਡ (ਚੀਨੀ) ਸਨਅਤ, ................. ਸਨਅਤ ਹੈ।

(ੳ) ਕੱਚਾ ਮਾਲ ਅਧਾਰਤ (ਅ) ਖੇਤੀ ਅਧਾਰਤ

(ੲ) ਭਾਰੀ ਤੇ ਵੱਡੀ ਸਨਅਤ (ਸ) ਕੋਈ ਵੀ ਨਹੀਂ

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਕੁ ਸ਼ਬਦਾਂ ਤੱਕ ਦਿਓ:-**

(i) ਨਿਰਮਾਣ ਤੋਂ ਕੀ ਭਾਵ ਹੈ ?

(ii) ਕਿਸੇ ਸਨਅਤ ਦੇ ਸਥਾਨੀਕਰਨ ਲਈ ਕੰਮ ਕਰਦੇ ਕੋਈ ਤਿੰਨ ਭੌਤਿਕ ਤੱਤਾਂ ਦੇ ਨਾਂ ਲਿਖੋ।

(iii) ਕਿਸੇ ਸਨਅਤ ਦੀ ਸਥਾਪਨਾ ਲਈ ਜ਼ਿੰਮੇਵਾਰ ਕੋਈ ਤਿੰਨ ਮਨੁੱਖੀ ਤੱਤਾਂ ਦੇ ਨਾਂ ਲਿਖੋ।

(iv) ਮੁੱਢਲੀਆਂ ਸਨਅਤਾਂ ਕੀ ਹੁੰਦੀਆਂ ਹਨ? ਉਦਾਹਰਣਾਂ ਦਿਓ।

(v) ਸੀਮਿੰਟ ਬਣਾਉਣ ਲਈ ਵਰਤੇ ਜਾਂਦੇ ਜ਼ਰੂਰੀ ਕੱਚੇ ਮਾਲ ਤੋਂ ਜਾਣੂ ਕਰਵਾਓ।

(vi) ਸਨਅਤਾਂ ਦੇ ਵਰਗੀਕਰਨ ਦੇ ਮੁਢਲੇ ਅਧਾਰ ਕੀ ਹਨ?

(vii) ਕੱਚੇ ਮਾਲ ਦੇ ਆਧਾਰ 'ਤੇ ਸਨਅਤਾਂ ਦਾ ਵਰਗੀਕਰਨ ਕਰੋ।

(viii) ਭਾਰਤ ਦੇ ਪ੍ਰਮੁੱਖ ਸਨਅਤੀ ਖੇਤਰਾਂ ਦੇ ਨਾਮ ਦੱਸੋ।

(ix) ਫ਼ੂਡ ਪ੍ਰਾਸੈਸਿੰਗ ਦੀ ਲੋੜ ਕਿਉਂ ਹੈ?

**3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 120 ਸ਼ਬਦਾਂ ਤੱਕ ਦਿਓ—**

(i) ਸੰਯੁਕਤ ਇਸਪਾਤ ਕਾਰਖਾਨੇ ਤੇ ਮਿੰਨੀ ਇਸਪਾਤ ਕਾਰਖਾਨੇ ਵਿਚ ਕੀ-ਕੀ ਅੰਤਰ ਹੁੰਦੇ ਹਨ ?

(ii) ਸਨਅਤਾਂ ਨੂੰ ਕੀ-ਕੀ ਔਕੜਾਂ ਦਰਪੇਸ਼ ਹਨ ?

(iii) ਦੇਸ਼ ਵਿਚ ਨਿਰਮਾਣ ਸਮਰਥਾ ਵਿਚ ਆਏ ਉਛਾਲ ਪਿੱਛੇ ਕਿਹੜੀਆਂ-ਕਿਹੜੀਆਂ ਨਵੀਂਆਂ ਗਤੀਵਿਧੀਆਂ ਦਾ ਹੱਥ ਹੈ ?

(iv) ਸਨਅਤਾਂ ਵਾਤਾਵਰਣ ਨੂੰ ਕਿਵੇਂ ਪਲੀਤ ਕਰਦੀਆਂ ਹਨ ?

(v) ਸਨਅਤਾਂ ਕਾਰਨ ਵਾਤਾਵਰਨ ਪਲੀਤ ਹੋਣ ਦੇ ਅਸਰ ਘਟਾਉਣ ਲਈ ਕੀ-ਕੀ ਕਦਮ ਚੁੱਕੇ ਜਾ ਸਕਦੇ ਹਨ ?

(vi) ਭਾਰਤ ਦੀ ਸੂਤੀ ਕਪੜਾ ਸਨਅਤ ਉਤੇ ਵਿਸਤ੍ਰਿਤ ਨੋਟ ਲਿਖੋ।

(vii) ਭਾਰਤੀ ਸਨਅਤਾਂ ਦੇ ਵਰਗੀਕਰਨ ਦਾ ਫ਼ਲੋ ਚਾਰਟ ਬਣਾਓ।

(viii) ਇਨ੍ਹਾਂ ਉੱਤੇ ਨੋਟ ਲਿਖੋ—

(ੳ) ਖਾਦ ਸਨਅਤ (ਅ) ਸਾਗਰੀ ਜਹਾਜ਼ ਨਿਰਮਾਣ ਸਨਅਤ

(ੲ) ਮੈਗਾ ਫ਼ੂਡ ਪਾਰਕ (ਸ) ਸਨਅਤਾਂ ਨੂੰ ਪੇਸ਼ ਆਉਂਦੀਆਂ ਔਕੜਾਂ

# ਆਵਾਜਾਈ ਤੇ ਸੰਚਾਰ : ਭਾਰਤ ਦੀ ਜਿੰਦ-ਜਾਨ 7

# (TRANSPORT AND COMMINUCATION : LIFE LINE OF INDIA)

ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਵੱਖੋ-ਵੱਖ ਵਸਤਾਂ ਅਤੇ ਸੇਵਾਵਾਂ ਦੀ ਵਰਤੋਂ ਕਰਦੇ ਹਾਂ ਜਿਨ੍ਹਾਂ ਵਿੱਚੋਂ ਕੁਝ ਸਾਡੇ ਬਹੁਤ ਨੇੜੇ, ਦੁਆਲੇ ਵਿਚ ਹੀ ਮੌਜੂਦ ਹੁੰਦੀਆਂ ਹਨ ਜਦੋਂ ਕਿ ਕੁਝ ਹੋਰ ਸਾਨੂੰ, ਹੋਰ ਥਾਵਾਂ ਤੋਂ ਲਿਆਉਣੀਆਂ ਪੈਂਦੀਆਂ ਹਨ। ਵਸਤਾਂ ਤੇ ਸੇਵਾਵਾਂ ਆਪਣੇ ਪੂਰਤੀ ਸਥਾਨ ਤੋਂ ਮੰਗ ਸਥਾਨ ਤੱਕ ਆਪੇ ਨਹੀਂ ਜਾ ਸਕਦੀਆਂ ਜਿਸ ਕਾਰਨ ਸਾਨੂੰ ਆਵਾਜਾਈ ਦੀ ਲੋੜ ਪੈਂਦੀ ਹੈ। ਕਈ ਲੋਕ ਆਵਾਜਾਈ ਵਾਲੀ ਇਸ ਕਿਰਿਆ ਨੂੰ ਸਿਰੇ ਚਾੜ੍ਹਨ ਵਿਚ ਲੱਗੇ ਹੁੰਦੇ ਹਨ ਤੇ ਵਪਾਰੀ ਅਖਵਾਉਂਦੇ ਹਨ। ਉਹ ਆਵਾਜਾਈ ਰਾਹੀਂ ਨਿਰਮਤ ਵਸਤਾਂ ਤੇ ਸੇਵਾਵਾਂ ਉਪਭੋਗੀ ਤੱਕ ਪੁੱਜਦਾ ਕਰਦੇ ਹਨ। ਇੰਝ ਕਿਹਾ ਜਾ ਸਕਦਾ ਹੈ ਕਿ ਕਿਸੇ ਦੇਸ਼ ਦੇ ਵਿਕਾਸ ਦੀ ਚਾਲ ਵਸਤਾਂ ਤੇ ਸੇਵਾਵਾਂ ਦੇ ਨਿਰਮਾਣ ਤੇ ਉੱਪਜਣ ਦੇ ਸਥਾਨ ਤੋਂ ਆਰੰਭ ਹੋ ਕੇ ਉਨ੍ਹਾਂ ਦੀ ਵਰਤੋਂ ਕਰਨ ਵਾਲੇ ਉਪਭੋਗੀ ਤੱਕ ਪੁੱਜਣ 'ਤੇ ਹੀ ਨਿਰਭਰ ਕਰਦੀ ਹੈ। ਇਸੇ ਲਈ ਤੇਜ਼ ਵਿਕਾਸ ਕਾਰਵਾਈਆਂ ਲਈ ਪਹਿਲੀ ਲੋੜ ਹੈ ਕਿ ਆਵਾਜਾਈ ਦੇ ਯੋਗ ਸਾਧਨ ਵੀ ਸਮਾਜ ਵਿਚ ਮੁਹੱਈਆ ਹੋਣ। ਵਸਤਾਂ ਅਤੇ ਸੇਵਾਵਾਂ ਦੀ ਇਹ ਚਾਲ ਧਰਤੀ ਉਤੇ ਤਿੰਨ ਮਹੱਤਵਪੂਰਨ ਖੇਤਰਾਂ ਵਿਚ ਹੁੰਦੀ ਹੈ; ਭੂਮੀ ਉੱਤੇ, ਪਾਣੀ ਵਿਚ ਅਤੇ ਹਵਾ ਵਿਚ। ਇਸੇ ਆਧਾਰ 'ਤੇ ਆਵਾਜਾਈ ਦੇ ਸਾਧਨ ਵੀ ਤਿੰਨ ਖੇਤਰਾਂ ਥਲ, ਜਲ ਅਤੇ ਹਵਾਈ ਵਿਚ ਵੰਡੇ ਜਾ ਸਕਦੇ ਹਨ।

ਬਹੁਤ ਲੰਬੇ ਸਮੇਂ ਤੱਕ ਵਪਾਰ ਤੇ ਆਵਾਜਾਈ ਸੀਮਤ ਜਿਹੇ ਇਲਾਕੇ (ਖੇਤਰ) ਦੀਆਂ ਗਤੀਵਿਧੀਆਂ ਰਹੀਆਂ ਹਨ ਪਰ ਵਿਗਿਆਨ ਤੇ ਤਕਨਾਲੋਜੀ ਦੇ ਵਿਕਾਸ ਨੇ ਵਪਾਰ ਅਤੇ ਆਵਾਜਾਈ ਦਾ ਪ੍ਰਭਾਵ ਕਾਫ਼ੀ ਦੂਰ-ਦੂਰ ਤੱਕ ਵਧਾ ਦਿੱਤਾ ਹੈ। ਅਜੋਕਾ ਸੰਸਾਰ ਤਾਂ ਆਵਾਜਾਈ ਦੀ ਤੀਬਰ ਯੋਗਤਾ ਸਦਕਾ ਇਕ ਤਰ੍ਹਾਂ ਦਾ ਆਲਮੀ ਪਿੰਡ ਬਣ ਗਿਆ ਹੈ। ਆਵਾਜਾਈ ਦੀ ਇਸ ਪ੍ਰਾਪਤੀ ਵਿਚ, ਵਿਕਸਤ ਸੰਚਾਰ ਪ੍ਰਨਾਲ਼ੀ ਦਾ ਵੀ ਉਨਾਂ ਹੀ ਯੋਗਦਾਨ ਹੈ। ਇਸ ਤਰ੍ਹਾਂ ਆਵਾਜਾਈ ਅਤੇ ਸੰਚਾਰ ਇਕ-ਦੂਸਰੇ ਦੇ ਪੂਰਕ ਹੋ ਨਿਬੜੇ ਹਨ। ਭਾਰਤ ਆਪਣੇ ਵਿਸਤ੍ਰਿਤ ਆਕਾਰ, ਅਨੇਕਤਾ ਅਤੇ ਭਾਸ਼ਾਈ, ਸਮਾਜਿਕ ਤੇ ਸਭਿਆਚਾਰਕ ਵਿਲੱਖਣਤਾਵਾਂ ਦੇ ਬਾਵਜੂਦ ਬਾਕੀ ਸੰਸਾਰ ਨਾਲ ਬਕਾਇਦਾ ਵਧੀਆ ਜੁੜਿਆ ਹੋਇਆ ਹੈ। ਸੜਕਾਂ, ਰੇਲਵੇ, ਹਵਾਈ ਰਸਤੇ, ਜਲੀ ਰਸਤੇ, ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ, ਸਿਨੇਮਾ ਅਤੇ ਇੰਟਰਨੈੱਟ ਆਦਿ ਨੇ ਦੇਸ਼ ਦੀ ਸਮਾਜਿਕ ਤੇ ਆਰਥਿਕ ਤਰੱਕੀ ਵਿਚ ਕਈ ਤਰ੍ਹਾਂ ਨਾਲ ਯੋਗਦਾਨ ਪਾਇਆ ਹੈ। ਸਥਾਨਕ ਪੱਧਰ ਤੋਂ ਕੌਮਾਂਤਰੀ ਪੱਧਰ ਤੱਕ ਕੀਤੇ ਜਾਂਦੇ ਵਪਾਰ ਨੇ ਦੇਸ਼ ਦੀ ਆਰਥਿਕਤਾ ਦਾ ਮਹੱਤਵ ਵਧਾਇਆ ਹੈ ਜਿਸ ਨਾਲ ਸਾਡੀਆਂ ਜ਼ਿੰਦਗੀਆਂ ਨੂੰ ਸੁੱਖ-ਸਹੂਲਤਾਂ ਦੀ ਅਮੀਰੀ ਪ੍ਰਾਪਤ ਹੋਈ ਹੈ। ਇਸ ਅਧਿਆਇ ਵਿਚ ਅਸੀਂ ਆਵਾਜਾਈ ਤੇ ਸੰਚਾਰ ਦੇ ਅਜੋਕੇ ਸਾਧਨਾਂ ਨੂੰ ਦੇਸ਼ ਦੀ ਜਿੰਦ-ਜਾਨ ਵਜੋਂ ਕਾਰਜ ਕਰਦਿਆਂ ਪੜ੍ਹਾਂਗੇ ਜਿਸ ਨਾਲ ਮੌਜੂਦਾ ਅਰਥਚਾਰੇ ਨੂੰ ਹੁਲਾਰਾ ਮਿਲਦਾ ਹੈ। ਸਪਸ਼ਟ ਹੈ ਕਿ ਆਵਾਜਾਈ ਤੇ ਸੰਚਾਰ ਦਾ ਚੁਸਤ ਤੇ ਗਹਿਰਾ ਨੈੱਟਵਰਕ ਹੀ ਅੱਜ ਦੇ ਸਥਾਨਕ, ਕੌਮੀ ਤੇ ਕੌਮਾਂਤਰੀ ਵਪਾਰ ਦਾ ਆਧਾਰ ਹੈ।

## ਆਵਾਜਾਈ (Transport)

### ਸੜਕ ਮਾਰਗ (Roadways) :

ਭਾਰਤ, ਸੰਸਾਰ ਭਰ ਦੇ ਸਭ ਤੋਂ ਵੱਡੇ ਸੜਕ ਮਾਰਗਾਂ ਦੇ ਜਾਲ ਵਾਲੇ ਦੇਸ਼ਾਂ ਵਿਚੋਂ ਇਕ ਹੈ ਜਿੱਥੇ ਲਗਪਗ 56 ਲੱਖ ਕਿਲੋਮੀਟਰ ਲੰਬਾਈ ਦੀਆਂ ਸੜਕਾਂ ਹਨ ਜੋ ਕਿ ਰੇਲ ਮਾਰਗਾਂ ਦੀ ਕੁਲ ਲੰਬਾਈ ਤੋਂ ਵੱਧ ਬਣਦੀ ਹੈ। ਸੜਕ ਮਾਰਗਾਂ ਦੀ ਰੇਲ ਮਾਰਗਾਂ ਨਾਲੋਂ ਪਹਿਲ ਇਸ ਪੱਖ ਤੋਂ ਵੀ ਬਣਦੀ ਹੈ ਕਿ ਇਨ੍ਹਾਂ ਨੂੰ ਉਸਾਰਨਾ ਤੇ ਇਨ੍ਹਾਂ ਦੀ ਸਾਂਭ-ਸੰਭਾਲ਼ ਮੁਕਾਬਲਤਨ ਸੌਖੀ ਹੁੰਦੀ ਹੈ। ਰੇਲ ਮਾਰਗਾਂ ਦੇ ਮੁਕਾਬਲੇ ਸੜਕ ਮਾਰਗਾਂ ਦੀ ਵੱਧ ਮਹੱਤਤਾ ਦੇ ਹੇਠ ਦਿੱਤੇ ਕਾਰਨ ਹਨ :

(i) ਸੜਕਾਂ ਦਾ ਨਿਰਮਾਣ ਖ਼ਰਚਾ ਰੇਲ ਮਾਰਗਾਂ ਦੇ ਨਿਰਮਾਣ ਖ਼ਰਚੇ ਤੋਂ ਕਾਫ਼ੀ ਘੱਟ ਹੈ।


(ii) ਸੜਕਾਂ, ਰੇਲਾਂ ਦੇ ਮੁਕਾਬਲੇ ਵਧੇਰੇ ਅੱਗੜ-ਦੁੱਘੜ ਧਰਾਤਲ ਉੱਤੇ ਉਸਾਰੀਆਂ ਜਾ ਸਕਦੀਆਂ ਹਨ ਅਤੇ ਇਕ-ਦੂਸਰੇ ਨੂੰ ਸੌਖਿਆਂ ਕੱਟ ਸਕਦੀਆਂ ਹੁੰਦੀਆਂ ਹਨ।

(iii) ਸੜਕਾਂ ਹਿਮਾਲਿਆ ਦੀਆਂ ਉਚਾਈਆਂ ਤੇ ਢਲਾਣਾਂ ਵਰਗੀਆਂ ਥਾਵਾਂ ਉਤੇ ਵੀ ਉਸਾਰੀਆਂ ਜਾ ਸਕਦੀਆਂ ਹਨ।

(iv) ਸੜਕੀ ਆਵਾਜਾਈ, ਕੁਝ ਵਿਅਕਤੀਆਂ ਦੇ ਥੋੜ੍ਹੇ ਮਾਲ ਸਮੇਤ ਘੱਟ ਦੂਰੀਆਂ ਤੈਅ ਕਰਨ ਵਿਚ ਸਸਤੀ ਪੈਂਦੀ ਹੈ।

(v) ਸੜਕਾਂ ਰਾਹੀਂ ਦਰ-ਦਰ ਤੱਕ ਸੇਵਾ ਪੁਚਾਈ ਜਾ ਸਕਦੀ ਹੈ ਅਤੇ ਮਾਲ-ਅਸਬਾਬ ਚੜ੍ਹਾਉਣ ਤੇ ਲਾਹੁਣ ਦਾ ਖ਼ਰਚ ਵੀ ਘੱਟ ਆਉਂਦਾ ਹੈ।

(vi) ਸੜਕੀ ਆਵਾਜਾਈ ਨੂੰ, ਆਵਾਜਾਈ ਦੇ ਹੋਰ ਢੰਗ ਤਰੀਕਿਆਂ ਦੇ ਫ਼ੀਡਰ ਵਜੋਂ ਵੀ ਵਰਤਿਆ ਜਾ ਸਕਦਾ ਹੈ ਜਿਵੇਂ ਰੇਲਵੇ ਸਟੇਸ਼ਨਾਂ, ਹਵਾਈ ਅੱਡਿਆਂ ਅਤੇ ਬੰਦਰਗਾਹਾਂ ਤੱਕ ਸੰਪਰਕ ਬਨਾਉਣ ਲਈ।



ਭਾਰਤ ਵਿਚ ਸੜਕ ਮਾਰਗਾਂ ਨੂੰ ਉਨ੍ਹਾਂ ਦੀ ਸਮਰੱਥਾ ਦੇ ਆਧਾਰ 'ਤੇ ਹੇਠ ਲਿਖੇ ਛੇ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ—

*** ਸੁਨਹਿਰੀ ਚਤਰਭੁੱਜ ਸੁਪਰ ਹਾਈਵੇਜ਼ (Golden Quadrilateral Super Highways) :** ਸਰਕਾਰ ਨੇ ਦਿੱਲੀ-ਕੋਲਕਾਤਾ-ਚੇਨਈ-ਮੁੰਬਈ-ਦਿੱਲੀ ਸੁਪਰ ਹਾਈਵੇਅ ਨੂੰ ਛੇ ਮਾਰਗੀ ਬਣਾਉਣ ਦਾ ਪ੍ਰਾਜੈਕਟ ਅਰੰਭਿਆ ਹੈ। ਉੱਤਰ-ਦੱਖਣ ਗਲਿਆਰਾ, ਸ੍ਰੀਨਗਰ (ਜੰਮੂ ਤੇ ਕਸ਼ਮੀਰ) ਤੋਂ ਕੰਨਿਆਕੁਮਾਰੀ (ਤਾਮਿਲਨਾਡੂ) ਤੱਕ ਅਤੇ ਪੂਰਬ-ਪੱਛਮ ਗਲਿਆਰਾ, ਸਿਲਚਰ (ਅਸਾਮ) ਤੋਂ ਪੋਰਬੰਦਰ (ਗੁਜਰਾਤ) ਤੱਕ, ਇਸੇ ਸੁਨਹਿਰੀ ਚਤਰਭੁੱਜ ਪ੍ਰਾਜੈਕਟ ਦਾ ਹਿੱਸਾ ਹਨ। ਇਸ ਸੁਪਰ ਹਾਈਵੇਅਜ਼ ਪ੍ਰਾਜੈਕਟ ਦਾ ਮਨੋਰਥ ਦੇਸ਼ ਦੇ ਮਹਾਂਨਗਰਾਂ ਵਿਚਾਲੇ ਸਮਾਂ ਤੇ ਫ਼ਾਸਲਾ ਘਟਾਉਣਾ ਹੈ। ਇਹ ਹਾਈਵੇਅਜ਼ ਪ੍ਰਾਜੈਕਟ ਨੈਸ਼ਨਲ ਹਾਈਵੇਅ ਅਥਾਰਿਟੀ ਆਫ਼ ਇੰਡੀਆ (NHAI) ਵੱਲੋਂ ਲਾਗੂ ਕੀਤੇ ਜਾ ਰਹੇ ਹਨ।

*** ਕੌਮੀ ਸ਼ਾਹ ਮਾਰਗ (National Highways) :** ਕੌਮੀ ਮਾਰਗ ਦੇਸ਼ ਦੇ ਦੂਰ-ਦੁਰਾਡੇ ਦੇ ਭਾਗਾਂ ਨੂੰ ਆਪਸ ਵਿਚ ਜੋੜਦੇ ਹਨ। ਇਹ ਮੁੱਢਲਾ ਸੜਕ ਪ੍ਰਬੰਧ ਹੈ ਜਿਸ ਦਾ ਨਿਰਮਾਣ ਤੇ ਦੇਖ-ਰੇਖ ਸੈਂਟਰਲ ਪਬਲਿਕ ਵਰਕਸ ਡਿਪਾਰਟਮੈਂਟ (CPWD) ਕਰਦਾ ਹੈ। ਦੇਸ਼ ਦੇ ਕਈ ਪ੍ਰਮੁੱਖ ਕੌਮੀ ਮਾਰਗ ਪੂਰਬ ਤੋਂ ਪੱਛਮ ਅਤੇ ਉੱਤਰ ਤੋਂ ਦੱਖਣ ਦਿਸ਼ਾਵਾਂ ਵੱਲ ਉਸਾਰੇ ਗਏ ਹਨ। ਪੂਰਬ-ਪੱਛਮ ਕੌਮੀ ਮਾਰਗਾਂ ਦੇ ਨੰਬਰ ਟਾਂਕ ਹਨ ਅਤੇ ਉੱਤਰ-ਦੱਖਣ ਕੌਮੀ ਮਾਰਗਾਂ ਦੇ ਨੰਬਰ ਜਿਸਤ ਹਨ। ਦੇਸ਼ ਦਾ ਪ੍ਰਾਚੀਨ ਤੇ ਇਤਿਹਾਸਕ ਸ਼ੇਰ ਸ਼ਾਹ ਸੂਰੀ ਮਾਰਗ ਜੋ ਕਿ ਅੰਮ੍ਰਿਤਸਰ ਤੋਂ ਕੋਲਕਾਤਾ ਤੱਕ ਸੀ ਤੇ ਕੌਮੀ ਸ਼ਾਹ ਮਾਰਗ ਨੰਬਰ ਇਕ ਰਿਹਾ ਹੈ, ਦਾ ਇਕ ਹਿੱਸਾ, ਜਲੰਧਰ ਤੋਂ ਦਿੱਲੀ ਤੱਕ, ਨਵੀਂ ਨੰਬਰਿੰਗ ਸਕੀਮ ਹੇਠ ਹੁਣ ਕੌਮੀ ਸ਼ਾਹ ਮਾਰਗ ਨੰਬਰ 44 ਦਾ ਹਿੱਸਾ ਹੈ।

*** ਰਾਜ ਮਾਰਗ (State Highways) :** ਭਾਰਤ ਦੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਰਾਜਧਾਨੀਆਂ ਨੂੰ ਵੱਖੋ-ਵੱਖਰੇ ਜ਼ਿਲ੍ਹਾ ਹੈਡ ਕੁਆਰਟਰਾਂ ਨਾਲ ਜੋੜਦੀਆਂ ਸੜਕਾਂ ਨੂੰ, ਰਾਜ ਮਾਰਗ ਕਿਹਾ ਜਾਂਦਾ ਹੈ। ਇਹਨਾਂ ਸੜਕਾਂ ਦੀ ਉਸਾਰੀ ਤੇ ਸਾਂਭ-ਸੰਭਾਲ ਰਾਜਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੇ ਪਬਲਿਕ ਵਰਕਸ ਡਿਪਾਰਟਮੈਂਟ (PWD) ਕਰਦੇ ਹਨ।

*** ਜ਼ਿਲ੍ਹਾ ਸੜਕਾਂ (District Roads) :** ਇਸ ਪੱਧਰ ਦੀਆਂ ਸੜਕਾਂ ਜ਼ਿਲ੍ਹਾ ਹੈਡਕੁਆਰਟਰਾਂ ਨੂੰ ਜ਼ਿਲ੍ਹਿਆਂ ਦੇ ਹੋਰ ਭਾਗਾਂ ਨਾਲ ਜੋੜਦੀਆਂ ਹਨ। ਇਨ੍ਹਾਂ ਸੜਕਾਂ ਦੀ ਸਾਂਭ-ਸੰਭਾਲ ਤੇ ਮੁਰੰਮਤ ਆਦਿ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰੀਸ਼ਦਾਂ ਦੀ ਹੁੰਦੀ ਹੈ।

*** ਹੋਰ ਸੜਕਾਂ (Other Roads) :** ਇਸ ਵਰਗ ਅਧੀਨ ਪੇਂਡੂ ਸੜਕਾਂ ਆਉਂਦੀਆਂ ਹਨ ਜੋ ਪਿੰਡਾਂ ਨੂੰ ਆਪਸ ਵਿਚ ਜਾਂ ਕਸਬਿਆਂ ਨਾਲ ਜੋੜਦੀਆਂ ਹਨ। ਇਨ੍ਹਾਂ ਸੜਕਾਂ ਵੱਲ ਪਿਛਲੇ ਡੇਢ-ਦੋ ਦਹਾਕਿਆਂ ਦੌਰਾਨ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਦੇ ਤਹਿਤ ਉਚੇਚਾ ਧਿਆਨ ਦਿੱਤਾ ਗਿਆ ਹੈ ਜਿਸ ਅਧੀਨ ਇਹ ਯਕੀਨੀ ਬਣਾਇਆ ਗਿਆ ਹੈ ਕਿ ਦੇਸ਼ ਦਾ ਹਰ ਪਿੰਡ ਕਿਸੇ ਪ੍ਰਮੁੱਖ ਕਸਬੇ ਨਾਲ ਅਜਿਹੀ ਸੜਕ ਰਾਹੀਂ ਜੁੜਿਆ ਹੋਵੇ ਜਿਸ ਉੱਤੇ ਹਰ ਮੌਸਮ ਤੇ ਹਾਲਾਤ ਵਿੱਚ ਸਫ਼ਰ ਕੀਤਾ ਜਾ ਸਕਦਾ ਹੋਵੇ।

*** ਸਰਹੱਦੀ ਸੜਕਾਂ (Border Roads) :** ਉਪਰੋਕਤ ਤੋਂ ਇਲਾਵਾ, ਭਾਰਤ ਸਰਕਾਰ ਦਾ ਅਦਾਰਾ ਬਾਰਡਰ ਰੋਡਜ਼ ਆਰਗੇਨਾਈਜੇਸ਼ਨ (BRD) ਦੇਸ਼ ਦੇ ਸਰਹੱਦੀ ਇਲਾਕਿਆਂ ਵਿਚ ਸੜਕਾਂ ਬਣਾਉਂਦਾ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਦਾ ਹੈ। ਇਹ ਸੰਗਠਨ ਦੇਸ਼ ਦੇ ਉੱਤਰੀ ਤੇ ਉੱਤਰ-ਪੂਰਬੀ ਭਾਗਾਂ ਵਿਚ ਕੂਟਨੀਤਕ ਮਹੱਤਵ ਵਾਲੇ ਸਥਾਨਾਂ ਉੱਤੇ ਸੜਕਾਂ ਦੀ ਉਸਾਰੀ ਕਰਨ ਲਈ ਸੰਨ 1960 ਵਿਚ ਸਥਾਪਤ ਕੀਤਾ ਗਿਆ ਸੀ। ਇਨ੍ਹਾਂ ਸੜਕਾਂ ਨੇ ਔਖੇ ਮੰਨੇ ਜਾਂਦੇ ਰਾਹਾਂ ਤੱਕ ਪਹੁੰਚ ਬਣਾ ਦਿੱਤੀ ਹੈ ਤੇ ਇਲਾਕੇ ਦੇ ਆਰਥਿਕ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ ਹੈ।

ਸੜਕਾਂ ਦੀ ਵੰਡ, ਉਨ੍ਹਾਂ ਦੀ ਉਸਾਰੀ ਵਿਚ ਵਰਤੇ ਗਏ ਸਮਾਨ ਦੇ ਆਧਾਰ 'ਤੇ ਵੀ ਕੀਤੀ ਜਾ ਸਕਦੀ ਹੈ ਜਿਵੇਂ ਕਿ ਪੱਕੀਆਂ ਸੜਕਾਂ ਤੇ ਕੱਚੀਆਂ ਸੜਕਾਂ। ਪੱਕੀਆਂ ਸੜਕਾਂ ਸੀਮਿੰਟ, ਕੰਕਰੀਟ ਤੇ ਲੁੱਕ ਦੀ ਵਰਤੋਂ ਨਾਲ ਬਣਾਈਆਂ ਹੋ ਸਕਦੀਆਂ ਹਨ ਤੇ ਇਸੇ ਲਈ ਇਹ ਹਰ ਮੌਸਮ ਤੇ ਹਾਲਾਤ ਵਿਚ ਸਹਾਈ ਹੁੰਦੀਆਂ ਹਨ। ਕੱਚੀਆਂ ਸੜਕਾਂ ਸਾਉਣ ਜਾਂ ਮੀਹਾਂ ਦੇ ਮੌਸਮ ਵਿਚ ਵਰਤੀਆਂ ਨਹੀਂ ਜਾ ਸਕਦੀਆਂ ਹੁੰਦੀਆਂ।

## ਭਾਰਤ ਵਿਚ ਸੜਕਾਂ ਦਾ ਵਰਗੀਕਰਨ (Road Classification in India) :

ਦੇਸ਼ ਦੀ ਪਹਿਲੀ ਸੜਕ ਵਿਕਾਸ ਯੋਜਨਾ ਸੰਨ 1943 ਵਿਚ ਤਿਆਰ ਕੀਤੀ ਗਈ ਸੀ ਜਿਸ ਨੂੰ ਨਾਗਪੁਰ ਯੋਜਨਾ ਵਜੋਂ ਵੀ ਜਾਣਿਆ ਜਾਂਦਾ ਹੈ, ਅਨੁਸਾਰ ਦੇਸ਼ ਦੀਆਂ ਸੜਕਾਂ ਨੂੰ ਚਾਰ ਪ੍ਰਮੁੱਖ ਵਰਗਾਂ ਵਿਚ ਵੰਡਿਆ ਜਾਂਦਾ ਹੈ; ਕੌਮੀ ਮਾਰਗ (National Highways), ਰਾਜ ਮਾਰਗ (State Highways), ਜ਼ਿਲ੍ਹਾ ਸੜਕਾਂ (District Road) ਅਤੇ ਪੇਂਡੂ ਸੜਕਾਂ (Village Roads), ਜਦੋਂ ਕਿ ਐਕਸਪ੍ਰੈਸ ਮਾਰਗਾਂ (Express Ways) ਦੀ ਕਿਸਮ ਬਾਅਦ ਵਿਚ ਜੋੜੀ ਗਈ ਹੈ।

*** ਕੌਮੀ ਮਾਰਗ (National Highways) :** ਉਹ ਸੜਕ ਜੋ ਕੂਟਨੀਤਕ ਆਵਾਜਾਈ ਨਾਲ ਲੋੜੀਂਦੀਆਂ ਹੁੰਦੀਆਂ ਹਨ, ਜਿਨ੍ਹਾਂ ਉੱਤੇ ਸਫ਼ਰ ਕਰਨ ਨਾਲ ਸਮਾਂ ਬੱਚਦਾ ਹੈ, ਪੱਛੜੇ ਇਲਾਕਿਆਂ ਤੱਕ ਪੁੱਜਿਆ ਜਾ ਸਕਦਾ ਹੈ, ਆਰਥਿਕ ਵਿਕਾਸ ਵਿਚ ਯੋਗਦਾਨ ਪਾਉਂਦੀਆਂ ਹਨ, ਕੌਮੀ ਮਾਰਗ ਹੀ ਕਹਾਉਂਦੀਆਂ ਹਨ।

* ਇਹ ਸੜਕਾਂ ਸਾਰੀਆਂ ਪ੍ਰਮੁੱਖ ਬੰਦਰਗਾਹਾਂ ਨੂੰ, ਰਾਜਾਂ ਦੀਆਂ ਰਾਜਧਾਨੀਆਂ ਨੂੰ, ਵੱਡੇ ਸਨਅਤੀ ਤੇ ਸੈਲਾਨੀ ਕੇਂਦਰਾਂ ਨੂੰ ਤੇ ਵਿਦੇਸ਼ੀ ਮਾਰਗਾਂ ਨੂੰ ਆਪਸ ਵਿਚ ਜੋੜਦੀਆਂ ਹਨ।

*** ਰਾਜ ਮਾਰਗ (State Highways) :** ਇਹ ਰਾਜਾਂ ਦੀਆਂ ਪ੍ਰਮੁੱਖ ਸੜਕਾਂ ਹੁੰਦੀਆਂ ਹਨ ਜੋ ਕੌਮੀ ਮਾਰਗਾਂ, ਜ਼ਿਲ੍ਹਾ ਮੁੱਖ ਕੇਂਦਰਾਂ ਤੇ ਮਹੱਤਵਪੂਰਨ ਸ਼ਹਿਰਾਂ ਨੂੰ ਆਪਸ ਵਿਚ ਜੋੜਦੀਆਂ ਹਨ। ਇਹ ਜ਼ਿਲ੍ਹਾ ਸੜਕਾਂ ਨੂੰ ਵੀ ਜੋੜਦੀਆਂ ਹਨ।

*** ਪ੍ਰਮੁੱਖ ਜ਼ਿਲ੍ਹਾ ਸੜਕਾਂ (Major District Roads) :** ਇਹ ਸੜਕਾਂ ਵੱਡੇ ਨਿਰਮਾਣ ਤੇ ਉਤਪਾਦਨ ਖੇਤਰਾਂ, ਮੁੱਖ ਮੰਡੀਆਂ ਤੇ ਜ਼ਿਲ੍ਹੇ ਵਿਚੋਂ ਲੰਘਦੇ ਕੌਮੀ ਤੇ ਰਾਜ ਮਾਰਗਾਂ ਨੂੰ ਆਪਸ ਵਿਚ ਜੋੜਦੀਆਂ ਹਨ।

*** ਪੇਂਡੂ ਸੜਕਾਂ (Village Roads) :** ਇਹ ਸੜਕਾਂ ਪਿੰਡਾਂ ਨੂੰ ਆਪੋ ਵਿਚ ਅਤੇ ਪ੍ਰਮੁੱਖ ਜ਼ਿਲ੍ਹਾ ਪੱਧਰੀ ਸੜਕਾਂ ਨਾਲ ਜੋੜਦੀਆਂ ਹਨ।

## ਉੱਤਮਤਾ ਦਾ ਨਮੂਨਾ ਐਕਸਪ੍ਰੈਸ ਮਾਰਗ (Excellence Express Highways) :

ਕੇਂਦਰ ਸਰਕਾਰ ਵੱਲੋਂ ਜ਼ਮੀਨੀ ਆਵਾਜਾਈ ਦੇ ਸੁਧਾਰ ਲਈ ਚੁੱਕੇ ਗਏ ਕਦਮਾਂ ਵਿਚ, ਲਗਪਗ 350 ਰੇਲਵੇ ਪੁੱਲ ਤੇ ਕਰਾਸਿੰਗਾਂ ਦੀ ਉਸਾਰੀ ਸ਼ਾਮਲ ਹੈ। ਸੇਤੂ ਭਾਰਤਮ ਪ੍ਰਾਜੈਕਟ ਅਧੀਨ 150 ਰੇਲਵੇ ਓਵਰਬ੍ਰਿਜ ਤੇ 204 ਲੈਵਲ ਕਰਾਸਿੰਗਾਂ ਦਾ ਕਾਰਜ ਨੇਪਰੇ ਚਾੜ੍ਹਿਆ ਜਾਣਾ ਹੈ। ਰਾਸ਼ਟਰੀਆ ਰਾਜਮਾਰਗ ਜ਼ਿਲ੍ਹਾ ਸੰਜੋਯੁਕਤ ਯੋਜਨਾ ਅਧੀਨ ਲਗਪਗ 5600 ਕਿਲੋਮੀਟਰ ਸੜਕਾਂ 123 ਜ਼ਿਲ੍ਹਾ ਹੈੱਡਕੁਆਰਟਰਾਂ ਨੂੰ ਕੌਮੀ ਮਾਰਗਾਂ ਨਾਲ਼ ਜੋੜਨਗੀਆਂ। ਸੜਕੀ ਆਵਾਜਾਈ ਮੰਤਰਾਲਾ ਪਹਿਲਾਂ ਹੀ ਅਜਿਹੇ 123 ਜ਼ਿਲ੍ਹਾ ਹੈਡਕੁਆਰਟਰਾਂ ਦੀ ਪਛਾਣ ਕਰ ਚੁੱਕਾ ਹੈ ਜੋ ਕੌਮੀ ਮਾਰਗਾਂ ਨਾਲ਼ ਹਾਲੇ ਤੱਕ ਵੀ ਨਹੀਂ ਜੁੜੇ ਹੋਏ ਹਨ। ਕੌਮੀ ਮਾਰਗ ਵਿਕਾਸ ਪ੍ਰੋਗਰਾਮ ਦੇ ਅੰਗ ਵਜੋਂ ਇਨ੍ਹਾਂ ਸੜਕਾਂ ਨੂੰ ਕੌਮੀ ਮਾਰਗਾਂ ਦੇ ਮੁਕਾਬਲੇ ਦਾ ਬਣਾਇਆ ਜਾਵੇਗਾ।

ਸੜਕਾਂ ਦੇ ਜਾਲ਼ ਵਿਚ ਸੁਧਾਰ ਲਈ ਇਕ ਹੋਰ ਯੋਜਨਾ 'ਭਾਰਤਮਾਲਾ' ਵੀ ਹੈ ਜਿਸ ਅਧੀਨ 5,500 ਕਿਲੋਮੀਟਰ ਸੜਕਾਂ ਦਾ ਨਿਰਮਾਣ ਕਰਕੇ ਸਰਹੱਦੀ ਰਾਜਾਂ ਨੂੰ ਆਪਸ ਵਿਚ ਜੋੜਿਆ ਜਾਣਾ ਹੈ। ਸੜਕੀ ਆਵਾਜਾਈ ਤੇ ਸੈਰ-ਸਪਾਟਾ ਮੰਤਰਾਲਿਆਂ ਨੇ ਨੰਦੇੜ ਤੇ ਕੱਟੜਾ ਜਿਹੇ ਧਾਰਮਿਕ ਯਾਤਰਾ ਕੇਂਦਰਾਂ ਨੂੰ 2 ਹਜ਼ਾਰ ਕਿਲੋਮੀਟਰ ਸੜਕਾਂ ਬਣਾ ਕੇ ਬਿਹਤਰ ਆਵਾਜਾਈ ਸੇਵਾਵਾਂ ਦੇਣ ਦੀ ਯੋਜਨਾ ਵੀ ਉਲੀਕੀ ਹੈ।



## ਰੇਲ ਮਾਰਗ (Railways) :

ਭਾਰਤ ਵਿਚ ਰੇਲਾਂ ਦਾ ਇਤਿਹਾਸ ਲਗਪਗ 175 ਸਾਲ ਪੁਰਾਣਾ ਹੈ ਤੇ ਇੱਥੋਂ ਦਾ ਸਾਬਕਾ ਤੇ ਬਰਤਾਨਵੀਂ ਗਵਰਨਰ ਜਨਰਲ ਲਾਰਡ ਡਲਹੌਜ਼ੀ ਹੀ ਭਾਰਤੀ ਰੇਲਵੇ ਦਾ ਪਿਤਾਮਾ ਮੰਨਿਆ ਜਾ ਸਕਦਾ ਹੈ। ਸੰਨ 1853 ਵਿਚ 16 ਅਪ੍ਰੈਲ ਨੂੰ ਦੇਸ਼ ਦੀ ਪ੍ਰਥਮ ਯਾਤਰੀ ਰੇਲ ਗੱਡੀ ਨੇ ਬੋਰੀਬੰਦਰ (ਮੁੰਬਈ) ਤੋਂ ਥਾਣੇ ਤੱਕ ਦਾ 34 ਕਿਲੋਮੀਟਰ ਨਾਲ ਲੰਬਾ ਸਫ਼ਰ ਤੈਅ ਕੀਤਾ ਸੀ। ਇਸ ਗੱਡੀ ਨੂੰ ਤਿੰਨ ਕੋਲੇ ਵਾਲ਼ੇ ਇੰਜਣਾਂ; ਸਾਹਿਬ, ਸੁਲਤਾਨ ਤੇ ਸਿੰਧ ਨੇ ਖਿੱਚਿਆ ਸੀ ਤੇ ਇਸ ਗੱਡੀ ਦੇ 13 ਡੱਬੇ ਸਨ।

ਰੇਲਾਂ ਭਾਰਤ ਵਿਚ ਆਵਾਜਾਈ ਦਾ ਮਹੱਤਵਪੂਰਨ ਸਾਧਨ ਹਨ। ਵਿੱਤੀ ਸਾਲ 2018-19 ਦੌਰਾਨ 2 ਕਰੋੜ, 31 ਲੱਖ ਤੋਂ ਵੱਧ ਯਾਤਰੀ ਰੋਜ਼ ਭਾਰਤੀ ਰੇਲਵੇ ਦੀ ਵਰਤੋਂ ਆਵਾਜਾਈ ਲਈ ਕਰਦੇ ਸਨ। ਇਹ ਰੇਲਾਂ ਦੇਸ਼ ਵਿਚ ਮੁੱਖ ਰੇਲ ਲਾਈਨਾਂ ਤੇ ਪੇਂਡੂ ਇਲਾਕੇ ਦੀਆਂ ਰੇਲ ਲਾਈਨਾਂ ਉੱਤੇ ਦੌੜਦੀਆਂ ਸਨ ਤੇ ਇਸੇ ਸਮੇਂ ਦੌਰਾਨ 33 ਲੱਖ 60 ਹਜ਼ਾਰ ਮੀਟ੍ਰਿਕ ਟਨ ਮਾਲ ਭਾੜਾ ਰੋਜ਼ ਰੇਲਾਂ ਰਾਹੀਂ ਢੋਇਆ ਜਾ ਰਿਹਾ ਸੀ।

ਸਪੱਸ਼ਟ ਹੈ ਕਿ ਰੇਲਾਂ, ਮਾਲ-ਅਸਬਾਬ ਤੇ ਯਾਤਰੀਆਂ ਨੂੰ ਢੋਣ ਵਾਸਤੇ ਦੇਸ਼ ਵਿਚ ਆਵਾਜਾਈ ਦਾ ਪ੍ਰਮੁੱਖ ਸਾਧਨ ਹਨ। ਇਸ ਤੋਂ ਇਲਾਵਾ ਰੇਲਾਂ ਕਈ ਕਿਸਮਾਂ ਦੇ ਹੋਰ ਕਾਰੋਬਾਰਾਂ ਦਾ ਆਧਾਰ ਵੀ ਬਣਦੀਆਂ ਹਨ ਜਿਵੇਂ ਕਿ ਸੈਰ-ਸਪਾਟਾ, ਧਾਰਮਿਕ ਯਾਤਰਾਵਾਂ ਤੇ ਸਾਜੋ-ਸਮਾਨ ਲੰਬੀਆਂ ਦੂਰੀਆਂ ਤੱਕ ਲੈ ਜਾਣਾ ਆਦਿ। ਆਵਾਜਾਈ ਦਾ ਸਾਧਨ ਹੋਣ ਤੋਂ ਇਲਾਵਾ ਲਗਪਗ ਡੇਢ ਗਦੀ (150 ਸਾਲ)ਤੋਂ ਰੇਲਵੇ, ਦੇਸ਼ ਨੂੰ ਆਪਸ ਵਿਚ ਜੋੜ ਕੇ ਰੱਖਣ ਵਿਚ ਵੀ ਸਹਾਈ ਰਹੀ ਹੈ। ਰੇਲਵੇ ਨੇ ਦੇਸ਼ ਦੀ ਆਰਥਿਕਤਾ ਨੂੰ ਜੋੜਿਆ ਹੈ ਅਤੇ ਸਨਅਤੀ ਤੇ ਜ਼ਰਾਇਤੀ (ਖੇਤੀ ਨਾਲ ਸਬੰਧਤ) ਵਿਕਾਸ ਨੂੰ ਹੁਲਾਰਾ ਦਿੱਤਾ ਹੈ। ਭਾਰਤੀ ਰੇਲਾਂ ਦਾ ਮੌਜੂਦਾ ਸੰਗਠਨ 16 ਜ਼ੋਨਾਂ ਵਿਚ ਵੰਡਿਆ ਹੋਇਆ ਹੈ।

### ਰੇਲ ਗੇਜਾਂ ਦੀਆਂ ਕਿਸਮਾਂ (Types of railgauges)




ਰੇਲ ਗੇਜ ਤੋਂ ਭਾਵ ਹੈ; ਰੇਲ ਦੀਆਂ ਦੋ ਲੀਹਾਂ ਦੇ ਵਿਚਾਲੇ ਘੱਟੋ-ਘੱਟ ਆਪਸੀ ਦੂਰੀ। ਭਾਵ ਕਿਸੇ ਵੀ ਰੇਲ ਮਾਰਗ ਉੱਤੇ ਲੀਹਾਂ ਦੀ ਆਪਸੀ ਦੂਰੀ ਹੀ ਰੇਲ ਗੇਜ ਕਹਾਉਂਦੀ ਹੈ। ਸੰਸਾਰ ਭਰ ਵਿਚ ਲਗਪਗ 60 ਫ਼ੀਸਦੀ ਰੇਲ ਸੇਵਾ 1,435 ਮਿਲੀਮੀਟਰ ਗੇਜ ਦੀ ਵਰਤੋਂ ਕਰਦੀ ਹੈ। ਭਾਰਤ ਚਾਰ ਕਿਸਮ ਦੇ ਰੇਲ ਗੇਜ ਵਰਤੇ ਜਾਂਦੇ ਹਨ; ਚੌੜਾ ਗੇਜ (Broad gauge), ਮੀਟਰ ਗੇਜ (Metre gauge), ਸੌੜਾ ਗੇਜ (Narrow gauge) ਤੇ ਸਟੈਂਡਰਡ ਗੇਜ (Standard gauge) ਜੋ ਕਿ ਦਿੱਲੀ ਮੈਟਰੋ ਲਈ ਹੈ। ਚੌੜੇ ਗੇਜ ਦੀਆਂ ਲੀਹਾਂ ਦੀ ਆਪਸੀ ਵਿੱਥ 1,676 ਮਿਲੀਮੀਟਰ (5 ਫੁੱਟ, 6 ਇੰਚ) ਹੁੰਦੀ ਹੈ ਜਦੋਂ ਕਿ ਸਟੈਂਡਰਡ ਗੇਜ ਜੋ ਕਿ 1,435 ਮਿਲੀਮੀਟਰ (4 ਫੁੱਟ 8.5 ਇੰਚ) ਹੁੰਦਾ ਹੈ, ਨਾਲੋਂ ਵੱਧ ਵਿੱਥ ਵਾਲ਼ੇ ਹਰ ਗੇਜ ਨੂੰ ਹੀ ਚੌੜਾ ਗੇਜ ਮੰਨਿਆ ਜਾ ਸਕਦਾ ਹੈ। ਸਪੱਸ਼ਟ ਹੈ ਕਿ ਮੀਟਰ ਗੇਜ ਵਿਚ ਦੋ ਲੀਹਾਂ ਦੀ ਆਪਸੀ ਵਿੱਥ 1,009 ਮਿਲੀਮੀਟਰ (3 ਫੁੱਟ, 3.5 ਇੰਚ) ਹੁੰਦੀ ਹੈ ਜਦੋਂ ਕਿ ਭਾਰਤ ਵਿਚ ਪੂਰੇ ਇਕ ਮੀਟਰ ਦੀ ਵਿੱਥ ਵਾਲ਼ੇ ਮੀਟਰ ਗੇਜ ਰੇਲ ਮਾਰਗ ਰਹੇ ਹਨ। ਸੌੜਾ ਗੇਜ .762 ਮਿਲੀਮੀਟਰ (2 ਫੁੱਟ, 6 ਇੰਚ) ਜਾਂ .610 ਮਿਲੀਮੀਟਰ (2 ਫੁੱਟ) ਹੋ ਸਕਦਾ ਹੈ ਜੋ ਹੁਣ ਪ੍ਰਚਲਤ ਨਹੀਂ ਹੈ।

ਕੌਮੀ ਰੇਲਵੇ ਨੈੱਟਵਰਕ ਸਬੰਧੀ ਮਾਰਚ, 2019 ਦੇ ਅੰਕੜਿਆਂ ਅਨੁਸਾਰ ਦੇਸ਼ ਦੇ ਵਿਚ ਇਕ ਲੱਖ 23 ਹਜ਼ਾਰ 542 ਕਿਲੋਮੀਟਰ ਰੇਲ ਲੀਹਾਂ ਵਿਛੀਆਂ ਹਨ ਜੋ ਕਿ ਕੁੱਲ 67 ਹਜ਼ਾਰ, 1368 ਕਿਲੋਮੀਟਰ ਰੇਲ ਮਾਰਗ ਅਤੇ 7,349 ਸਟੇਸ਼ਨਾਂ ਤੱਕ ਪੁੱਜਦੀਆਂ ਹਨ। ਭਾਰਤ ਦਾ ਰੇਲਵੇ ਨੈੱਟਵਰਕ ਸੰਯੁਕਤ ਰਾਜ ਅਮਰੀਕਾ, ਰੂਸ ਤੇ ਚੀਨ ਤੋਂ ਬਾਅਦ ਸੰਸਾਰ ਵਿੱਚ ਚੌਥਾ ਵੱਡਾ ਰੇਲਵੇ ਨੈੱਟਵਰਕ ਹੈ। ਇਸ ਵਿਚ ਕੁਝ ਮਹੱਤਵਪੂਰਨ ਰੇਲ ਗੱਡੀਆਂ ਇਹ ਹਨ—

**(i) ਸਚਖੰਡ ਐਕਸਪ੍ਰੈਸ (Sachkhand Express) :** ਇਹ ਸੁਪਰਫ਼ਾਸਟ ਵਰਗ ਦੀ ਰੇਲਗੱਡੀ ਹੈ ਜੋ ਕਿ ਭਾਰਤੀ ਰੇਲ ਦੁਆਰਾ ਮਹਾਰਾਸ਼ਟਰ ਵਿਚ ਹਜ਼ੂਰ ਸਾਹਿਬ ਨਾਂਦੇੜ ਤੋਂ ਪੰਜਾਬ ਵਿਚ ਸ੍ਰੀ ਅੰਮ੍ਰਿਤਸਰ ਵਿਚਾਲੇ ਰੋਜ਼ ਚਲਾਈ ਜਾਂਦੀ ਹੈ। ਇਹ ਰੇਲਗੱਡੀ ਸਿੱਖਾਂ ਲਈ ਦੋ ਮਹੱਤਵਪੂਰਨ ਧਾਰਮਿਕ ਸਥਾਨਾਂ ਦੇ ਸ਼ਹਿਰਾਂ ਨੂੰ ਆਪਸ ਵਿਚ ਜੋੜਦੀ ਹੈ। ਇਸਦਾ ਨਾਮਕਰਣ ਨਾਂਦੇੜ ਵਿਚ ਸਥਿਤ ਗੁਰੂਦੁਆਰਾ ਸਚਖੰਡ ਸ੍ਰੀ ਅਬਿਚਲ ਨਗਰ ਸਾਹਿਬ ਦੇ ਨਾਮ ਉੱਤੇ ਰੱਖਿਆ ਗਿਆ ਹੈ। ਇਹ ਗੱਡੀ ਭਾਰਤ ਦੀ ਰਾਜਧਾਨੀ-ਨਵੀਂ ਦਿੱਲੀ, ਮੱਧ ਪ੍ਰਦੇਸ਼ ਦੀ ਰਾਜਧਾਨੀ-ਭੋਪਾਲ ਤੇ ਮਹਾਰਾਸ਼ਟਰ ਦੇ ਮਰਾਠਵਾੜਾ ਖੇਤਰ ਦੇ ਸ਼ਹਿਰਾਂ ਔਰੰਗਾਬਾਦ, ਜਲਨਾ ਤੇ ਪ੍ਰਬਣੀ ਨੂੰ ਵੀ ਸ੍ਰੀ ਅੰਮ੍ਰਿਤਸਰ ਤੇ ਹਜ਼ੂਰ ਸਾਹਿਬ ਨਾਂਦੇੜ ਨਾਲ਼ ਜੋੜਦੀ ਹੈ।




**(ii) ਹਿਮਸਾਗਰ ਐਕਸਪ੍ਰੈਸ (Himsagar Express) :** ਇਹ ਭਾਰਤੀ ਰੇਲ ਸੇਵਾ ਦੀ ਹਫ਼ਤਾਵਰੀ ਰੇਲ ਗੱਡੀ ਹੈ ਜੋ ਦੇਸ਼ ਦੇ ਧੁਰ ਦੱਖਣੀ ਕਿਨਾਰੇ, ਕੰਨਿਆਕੁਮਾਰੀ (ਤਾਮਿਲਨਾਡੂ) ਤੋਂ ਮਾਤਾ ਸ਼੍ਰੀ ਵੈਸ਼ਨੋਂ ਦੇਵੀ, ਕਟੜਾ (ਜੰਮੂ ਤੇ ਕਸ਼ਮੀਰ) ਤੱਕ ਜਾਂਦੀ ਹੈ। ਇਹ ਸਾਰਾ ਸਫ਼ਰ, ਇਹ ਰੇਲ ਗੱਡੀ 52 ਕਿਲੋਮੀਟਰ ਪ੍ਰਤੀ ਘੰਟਾ ਦੀ ਔਸਤ ਰਫ਼ਤਾਰ ਨਾਲ 3787 ਕਿਲੋਮੀਟਰ ਦਾ ਸਫ਼ਰ 72 ਘੰਟੇ ਵਿਚ ਤੈਅ ਕਰਦੀ ਹੈ। ਰਸਤੇ ਵਿਚ ਪੈਂਦੇ 73 ਸਟੇਸ਼ਨ, ਦੇਸ਼ ਦੇ 12 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨਾਲ ਸਬੰਧਤ ਹਨ। ਇਹ ਗੱਡੀ, ਡਿਬਰੂਗੜ੍ਹ-ਕੰਨਿਆਕੁਮਾਰੀ ਵਿਵੇਕ ਐਕਸਪ੍ਰੈਸ ਅਤੇ ਤਿਰੂਵੰਤਪੁਰਮ-ਸਿਲਚਰ ਸੁਪਰਫ਼ਾਸਟ ਐਕਸਪ੍ਰੈਸ ਤੋਂ ਬਾਅਦ ਵਾਟ ਤੈਅ ਕਰਨ ਦੀ ਮਿਆਦ ਦੇ ਹਿਸਾਬ ਨਾਲ ਦੇਸ਼ ਦੀ ਤੀਸਰੇ ਨੰਬਰ ਦੀ ਸਭ ਤੋਂ ਲੰਬੀ ਵਾਟ ਤੈਅ ਕਰਨ ਵਾਲੀ ਰੇਲਗੱਡੀ ਹੈ।



**(iii) ਸ਼੍ਰੀ ਰਾਮਾਇਣ ਐਕਸਪ੍ਰੈਸ (Ramayana Express) :** ਇਹ ਗੱਡੀ ਚਲਾਏ ਜਾਣ ਦੀ ਤਜਵੀਜ਼ ਹੈ ਜੋ ਰਾਜਧਾਨੀ ਨਵੀਂ ਦਿੱਲੀ ਦੇ ਸਫ਼ਦਰਜੰਗ ਸਟੇਸ਼ਨ ਤੋਂ ਅਰੰਭ ਹੋ ਕੇ, ਸ਼੍ਰੀ ਰਾਮ ਚੰਦਰ ਜੀ ਨਾਲ ਸਬੰਧਤ ਸਥਾਨਾਂ ਦੀ ਸੈਰ ਕਰਵਾਉਂਦੀ ਹੋਈ ਰਾਮੇਸ਼ਵਰਮ ਦੇ ਜ਼ਰੀਏ ਸ਼੍ਰੀਲੰਕਾ ਜਾਵੇਗੀ ਤੇ ਅਗਲੇਰਾ ਪੰਧ ਸ਼੍ਰੀਲੰਕਾਈ ਰੇਲ ਰਾਹੀਂ ਪੂਰਾ ਕੀਤਾ ਜਾਵੇਗਾ। ਸ਼੍ਰੀ ਰਾਮਾਇਣ ਐਕਸਪ੍ਰੈਸ ਦਿੱਲੀ ਤੋਂ ਚੱਲ ਕੇ ਬਾਰਸਤਾ ਗਾਜ਼ੀਆਬਾਦ, ਮੁਰਦਾਬਾਦ, ਬਰੇਲੀ ਤੇ ਲਖਨਊ, ਪਹਿਲੇ ਸਟੇਸ਼ਨ ਅਯੁੱਧਿਆ ਜਾ ਕੇ ਰੁਕੇਗੀ। ਇਸ ਗੱਡੀ ਦੇ ਅਗਲੇਰੇ ਸਟੇਸ਼ਨ ਨੰਦੀਗ੍ਰਾਮ, ਸੀਤਾਮੜੀ, ਜਨਕਪੁਰ, ਵਾਰਾਣਸੀ, ਪ੍ਰਯਾਗ, ਸ਼੍ਰੀ ਰੰਗਵੀਪੁਰ, ਚਿੱਤਰ ਕੂਟ, ਹੰਪੀ, ਨਾਸਿਕ ਤੇ ਰਾਮੇਸ਼ਵਰਮ ਹੋਣਗੇ। ਇਹ ਸਫ਼ਰ 16 ਦਿਨਾਂ ਵਿਚ ਮੁਕੰਮਲ ਹੋਇਆ ਕਰੇਗਾ। ਗੱਡੀ ਦੀ ਸਮਰਥਾ 800 ਯਾਤਰੀ ਹੋਵੇਗੀ।



### ਭਾਰਤੀ ਰੇਲ ਵਿਚ ਸੁਧਾਰ ਲਈ ਕੁਝ ਕਦਮ (Some improvement steps for Indian Railways)

ਭਾਰਤੀ ਰੇਲਵੇ ਨੇ ਆਪਣੀਆਂ ਗੱਡੀਆਂ ਤੇ ਡੱਬਿਆਂ ਦੀ ਸੁਰੱਖਿਆ ਦੇ ਪੱਖ ਤੋਂ ਸੁਧਾਰ ਲਈ ਕਈ ਤਕਨੀਕੀ ਢੰਗ-ਤਰੀਕੇ ਅਪਣਾਏ ਹਨ ਜਿਨ੍ਹਾਂ ਕਦਮਾਂ ਸਦਕਾ ਰੇਲ ਹਾਦਸਿਆਂ ਦੀ ਗਿਣਤੀ ਕਾਫ਼ੀ ਘੱਟ ਗਈ ਹੈ। ਪੁਰਾਣਾ ਮਕੈਨਕੀ ਸਿਗਨਲ ਸਿਸਟਮ ਜੋ ਕਿ ਮਨੁੱਖੀ ਅਸਫ਼ਲਤਾਵਾਂ ਦਾ ਆਧਾਰ ਬਣਦਾ ਹੈ, ਦੀ ਥਾਂ ਇਲੈਕਟ੍ਰਾਨਿਕ ਇੰਟਰਲੌਕਿੰਗ ਪ੍ਰਣਾਲ਼ੀ ਰਾਹੀਂ ਸਿਸਟਮ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਰਵਾਇਤੀ ਡੱਬਿਆਂ ਦੀ ਥਾਂ

ਨਵੇਂ,ਅਜੋਕੇ ਰੇਲ-ਡੱਬੇ ਲਿਆਂਦੇ ਜਾ ਰਹੇ ਹਨ। ਜੀ.ਪੀ.ਐੱਸ. ਅਧਾਰਤ ਫ਼ੌਗ ਪਾਸ ਯੰਤਰ, ਰੇਲ ਚਾਲਕਾਂ ਨੂੰ ਉਨ੍ਹਾਂ ਇਲਾਕਿਆਂ ਵਿਚ ਜ਼ਰੂਰ ਹੀ ਦਿੱਤਾ ਜਾ ਰਿਹਾ ਹੈ ਜਿੱਥੇ ਧੁੰਦ ਛਾਉਂਦੀ ਹੈ। ਇਸ ਨਾਲ ਰੇਲ ਚਾਲਕਾਂ ਨੂੰ ਸਿਗਨਲ, ਕਰਾਸਿੰਗ ਗੇਟ ਆਦਿ ਦਾ ਪਤਾ ਲੱਗਦਾ ਰਹਿੰਦਾ ਹੈ। ਮਨੁੱਖੀ ਗ਼ਲਤੀਆਂ ਜਾਂ ਉਕਾਈਆਂ ਵਿਚ ਕਮੀ ਲਿਆਉਣ ਲਈ ਰੇਲਵੇ ਟ੍ਰੈਕਾਂ ਦੀ ਸਾਂਭ-ਸੰਭਾਲ ਦੇ ਕਾਰਜ ਦਾ ਮਸ਼ੀਨੀਕਰਨ ਕੀਤਾ ਜਾ ਰਿਹਾ ਹੈ। ਲੋੜ ਤੋਂ ਵੱਧ ਰਫ਼ਤਾਰ ਜਾਂ ਮਨੁੱਖੀ ਗ਼ਲਤੀ ਕਾਰਨ ਵਾਪਰਦੇ ਰੇਲ ਹਾਦਸਿਆਂ ਤੋਂ ਬਚਣ ਲਈ ਯੂਰਪੀ ਤਕਨੀਕ 'ਤੇ ਅਧਾਰਤ ਟ੍ਰੇਨ ਪ੍ਰੋਟੈਕਸ਼ਨ ਐਂਡ ਵਾਰਨਿੰਗ ਸਿਸਟਮ (TPWS) ਵੀ ਮੁਹੱਈਆ ਕਰਵਾਇਆ ਗਿਆ ਹੈ।

## ਗਤੀ ਸ਼ਕਤੀ ਯੋਜਨਾ

ਭਾਰਤ ਸਰਕਾਰ ਨੇ ਆਪਣੇ ਵੱਖੋ-ਵੱਖ ਮੰਤਰਾਲਿਆਂ ਅਧੀਨ ਚਲ ਰਹੀਆਂ ਵਿਕਾਸ ਯੋਜਨਾਵਾਂ ਨੂੰ ਇੱਕੋ ਛੱਤਰੀ ਹੇਠ ਇੱਕਠਿਆਂ ਕਰ ਕੇ ਚੰਗੇਰੇ ਆਪਸੀ ਸੰਪਰਕ ਦਾ ਲਾਭ ਲੈਣ ਲਈ ਹਾਲ ਵਿੱਚ ਹੀ 'ਪ੍ਰਧਾਨ ਮੰਤਰੀ ਗਤੀ ਸ਼ਕਤੀ ਕੌਮੀ ਯੋਜਨਾ' ਅਰੰਭੀ ਹੈ। ਜਿਸਦੇ ਅਧੀਨ ਰੇਲਵੇ ਅਤੇ ਸੜਕੀ ਆਵਾਜਾਈ ਸਮੇਤ 16 ਮੰਤਰਾਲਿਆਂ ਨੂੰ ਇੱਕ ਡਿਜੀਟਲ ਪਲੇਟਫ਼ਾਰਮ ਤੇ ਲਿਆ ਕੇ ਬਹੁ-ਵਿਧੀਗਤ ਸੰਪਰਕ ਸਥਾਪਿਤ ਕੀਤਾ ਹੈ। ਇਸ ਸੰਪਰਕ ਨਾਲ ਲੋਕ-ਆਵਾਜਾਈ, ਮਾਲ ਦੀ ਢੋਆ-ਢੁਆਈ ਤੇ ਹੋਰ ਆਵਾਜਾਈ ਸੇਵਾਵਾਂ ਨੂੰ ਕਾਫੀ ਉਤਸ਼ਾਹ ਪ੍ਰਾਪਤ ਹੋਵੇਗਾ। ਇਸ ਯੋਜਨਾ ਦਾ ਮੰਤਵ ਹੀ ਆਵਾਜਾਈ ਦੇ ਮੂਲ ਢਾਂਚੇ ਨੂੰ ਆਪਣੇ ਨਿਰਧਾਰਿਤ ਟੀਚਿਆਂ ਤੱਕ ਪੁੱਜਦਾ ਕਰਨਾ ਹੈ। ਮੋਟੇ ਤੌਰ 'ਤੇ ਇਹ ਯੋਜਨਾ ਸਰਕਾਰੀ ਯੋਜਨਾਵਾਂ ਨੂੰ ਮਿਸ਼ਰਿਤ ਰੂਪ ਵਿੱਚ ਜਲਦ ਲਾਗੂ ਕਰਨ ਦਾ ਹੀ ਇੱਕ ਉਪਰਾਲਾ ਹੈ।

ਇਸ ਯੋਜਨਾ ਦੇ ਛੇ ਥੰਮ੍ਹ ਮੰਨੇ ਜਾ ਸਕਦੇ ਹਨ।

1. **ਵਿਸ਼ਾਲਤਾ (Comprehensiveness)** ਇਕ ਮਿਸ਼ਰਿਤ ਪੋਰਟਲ ਬਣਾ ਕੇ ਵੱਖੋ-ਵੱਖ ਮੰਤਰਾਲਿਆਂ ਦੇ ਵਿਭਾਗਾਂ ਦੀਆਂ ਯੋਜਨਾਵਾਂ ਅਤੇ ਪਹਿਲਾਂ ਸਬੰਧੀ ਕਾਰਜਾਂ ਨੂੰ ਡਿਜੀਟਲ ਰੂਪ ਵਿੱਚ ਏਕੀਕ੍ਰਿਤ ਕੀਤਾ ਜਾਵੇਗਾ। ਇਸ ਨਾਲ ਹਰ ਸਬੰਧਤ ਵਿਭਾਗ ਦਾ ਇੱਕ ਦੂਸਰੇ ਦਰਮਿਆਨ, ਹੁੰਦੇ ਕੰਮ-ਕਾਜ ਬਾਰੇ ਸੰਪਰਕ ਬਣਿਆ ਰਹੇਗਾ 'ਤੇ ਯੋਜਨਾਵਾਂ ਨੂੰ ਲਾਗੂ ਕਰਨ ਸਬੰਧੀ ਘੋਖਵੀਂ ਨਜ਼ਰ ਮਾਰਨੀ ਸੰਭਵ ਹੋ ਸਕੇਗੀ।

2. **ਪ੍ਰਮੁੱਖਤਾ (Prioritisation)** ਅੰਤਰ ਖੇਤਰੀ ਸੰਪਰਕ ਜ਼ਰੀਏ, ਵੱਖੋ-ਵੱਖ ਵਿਭਾਗ ਇੱਕ ਦੂਜੇ ਦੀ ਪ੍ਰਮੁੱਖਤਾ ਨੂੰ ਜਾਣਦੇ ਹੋਏ ਆਪਣੀ ਤਰਜੀਹ ਤੈਅ ਕਰ ਸਕਣਗੇ।

3. **ਆਸਵੰਦੀ (Optimisation)** ਕੌਮੀ ਪ੍ਰਮੁੱਖਤਾ ਯੋਜਨਾ (National Master plan) ਦੀ ਸਹਾਇਤਾ ਨਾਲ ਵੱਖ-ਵੱਖ ਮੰਤਰਾਲੇ ਸੰਭਾਵੀ ਰੁਕਾਵਟਾਂ ਦੀ ਜਾਣਕਾਰੀ ਲੈਂਦਿਆਂ, ਨਵੀਆਂ ਯੋਜਨਾਵਾਂ ਉਲੀਕ ਸਕਣਗੇ। ਉਦਾਹਰਨ ਵਜੋਂ ਇੱਕ ਥਾਂ ਤੋਂ ਦੂਸਰੀ ਥਾਂ ਕੋਈ ਮਾਲ ਭੇਜਣ ਲਈ ਸਹੀ ਸਮਾਂ ਤੇ ਵਿਤੀ ਖਰਚਿਆਂ ਦੇ ਪੱਖੋਂ, ਸਹੀ ਰਾਹ ਤੇ ਸਾਧਨ ਲੱਭ ਸਕਣਗੇ।

4. **ਏਕੀਕਰਨ (Synchronisation)** ਆਮ ਤੌਰ 'ਤੇ ਵੱਖੋ-ਵੱਖ ਮੰਤਰਾਲੇ ਤੇ ਵਿਭਾਗ ਬੰਦ ਕਮਰਿਆਂ ਵਿੱਚ ਯੋਜਨਾਵਾਂ ਉਲੀਕਦੇ ਹਨ ਤੇ ਸਿੱਟੇ ਵਜੋਂ ਲੋੜੀਂਦੇ ਸਹਿਯੋਗ ਅਤੇ ਯੋਜਨਾਕਾਰੀ ਦੀ ਅਕਸਰ ਕਮੀ ਰਹਿ ਜਾਂਦੀ ਹੈ। ਗਤੀ ਸ਼ਕਤੀ ਵਿਭਾਗਾਂ ਦੀਆਂ ਅਜਿਹੀਆਂ ਕਾਰਵਾਈਆਂ ਦੇ ਏਕੀਕਰਨ ਦਾ ਮੌਕਾ ਪ੍ਰਦਾਨ ਕਰੇਗੀ। ਇਸ ਨਾਲ ਸਰਕਾਰੀ ਤੰਤਰ ਦੀਆਂ ਵੱਖੋ-ਵੱਖ ਪਰਤਾਂ ਵਿਚਾਲੇ ਇਕਸੁਰਤਾ ਨਜ਼ਰ ਆਵੇਗੀ।

5. **ਵਿਸ਼ਲੇਸ਼ਣ (Aanalysis)** ਯੋਜਨਾ ਤਹਿਤ ਸਾਰੇ ਅੰਕੜੇ (Data ਡੇਟਾ) ਇਕ ਹੀ ਸਥਾਨ ਤੇ ਉਪਲੱਬਧ ਹੋਵੇਗਾ ਅਤੇ GIS ਦੀ ਮਦਦ ਨਾਲ 200 ਪਰਤਾਂ ਤੋਂ ਵੱਧ ਵਿਸ਼ਲੇਸ਼ਣੀ ਤਰੀਕੇ ਵੀ ਉੱਥੇ ਹੀ ਡਿਜੀਟਲ ਰੂਪ ਵਿੱਚ ਮੁਹੱਈਆਂ ਹੋਣਗੇ ਜਿਸ ਨਾਲ ਯੋਜਨਾਵਾਂ ਲਾਗੂ ਕਰਨ ਵਾਲੀਆਂ ਸੰਸਥਾਵਾਂ ਨੂੰ ਆਪਣੇ ਕਾਰਜਾਂ ਦਾ ਵਿਸ਼ਲੇਸ਼ਣ ਸਪੱਸ਼ਟ ਨਜ਼ਰ ਆਉਂਦਾ ਰਹੇਗਾ।

6. **ਗਤੀਸ਼ੀਲ (Dynamic)** ਇਕਹਿਰਾ **GIS** ਪਲੇਟਫਾਰਮ ਮਿਲਣ ਨਾਲ ਸਾਰੇ ਮੰਤਰਾਲੇ ਤੇ ਵਿਭਾਗ ਅੰਤਰ ਖੇਤਰੀ ਪ੍ਰਾਜੈਕਟਾਂ ਦੇ ਕਾਰਜਾਂ ਦੀ ਰਫ਼ਤਾਰ, ਦਿਸ਼ਾ ਤੇ ਪ੍ਰਾਪਤੀ ਪੈਰ-ਪੈਰ 'ਤੇ ਨਜ਼ਰ ਹੇਠ ਰੱਖ ਸਕਣਗੇ ਤੇ ਸੈਟੇਲਾਈਟ ਤੋਂ ਖਿੱਚੀਆਂ ਤਸਵੀਰਾਂ ਨਾਲ ਪੋਰਟਲ ਬਕਾਇਦਾ ਅਪਡੇਟ ਹੁੰਦਾ ਰਹੇਗਾ। ਇਸ ਨਾਲ ਕੌਮੀ ਪ੍ਰਮੁੱਖਤਾ ਯੋਜਨਾ ਨੂੰ ਲਾਗੂ ਕਰਨ ਵਿੱਚ ਨਾ ਸਿਰਫ਼ ਪੇਸ਼ ਆਉਂਦੀਆਂ ਔਕੜਾਂ ਹੀ ਸਾਹਮਣੇ ਆਉਂਦੀਆਂ ਰਹਿਣਗੀਆਂ, ਸਗੋਂ ਲੋੜੀਂਦੀ ਯੋਜਨਾਕਾਰੀ ਵੀ ਮੌਕੇ 'ਤੇ ਹੀ ਹੋ ਸਕੇਗੀ।

## ਨਿੱਕਸੁਕਾ ਅਰਥਚਾਰਾ (Gig Economy)

ਨਿੱਕਸੁਕੇ ਅਰਥਚਾਰੇ ਵਿੱਚ ਕੰਪਨੀਆਂ ਪੱਕੇ ਤੇ ਕੁੱਲ ਵਕਤੀ ਮੁਲਾਜ਼ਮਾਂ ਵਜੋਂ ਰੁਜ਼ਗਾਰ ਦੇਣ ਦੀ ਥਾਂ ਆਪਣੇ ਕੰਮ ਕਰਵਾਉਣ ਲਈ ਆਰਜ਼ੀ ਤੇ ਡੰਗ-ਟਪਾਊ ਵਿਅਕਤੀਆਂ ਨੂੰ ਹੀ ਲੱਭਦੀਆਂ ਹਨ, ਤੇ ਉਹਨਾਂ ਤੇ ਕੋਈ ਪ੍ਰਕਾਰ ਦੀਆਂ ਸੇਵਾਵਾਂ ਆਪਣੀ ਲੋੜ ਅਨੁਸਾਰ ਲੈਂਦੀਆਂ ਹਨ। ਮੁਲਾਜ਼ਮਤ ਲਈ ਲੱਭ ਜਾਂਦੇ ਇਹ ਵਿਅਕਤੀ ਠੇਕੇ ਦੇ ਮੁਲਾਜ਼ਮ ਜਾਂ ਫ੍ਰੀ-ਲਾਂਸਰ ਵੀ ਹੋ ਸਕਦੇ ਹਨ। ਨਿੱਕਸੁੱਕੇ ਜਾਂ ਸ਼ਿਕਾਰੀ ਅਰਥਚਾਰੇ ਵਿੱਚ ਕੁੱਲਵਕਤੀ ਕਾਮਿਆਂ 'ਤੇ ਆਧਾਰਿਤ ਰਵਾਇਤੀ ਅਰਥਚਾਰੇ ਨੂੰ ਛੇਕ ਦਿੱਤਾ ਜਾਂਦਾ ਹੈ, ਜਿਸ ਵਿੱਚ ਕਾਮਿਆਂ ਦਾ ਜ਼ਿਆਦਾ ਧਿਆਨ ਆਪਣੇ ਰੁਜ਼ਗਾਰ ਨੂੰ ਆਪਣੇ ਵਧੇਰੇ ਲਾਹੇਵੰਦ ਬਣਾਉਣ ਵੱਲ ਹੁੰਦਾ ਹੈ, ਤੇ ਸਮਾਜ ਵਿੱਚੋਂ ਬੜੀ ਸੌਖ ਉਹ ਕਾਮੇ ਲੱਭ ਲਏ ਜਾਂਦੇ ਹਨ ਜੋ ਕੰਮ ਨੂੰ ਲਾਹੇਵੰਦ ਬਣਾਉਣ ਲਈ ਸੇਵਾਵਾਂ ਦਿੰਦੇ ਹੋਏ ਹੋਰ ਕਿਸੇ ਮਨੋਰਥ ਵੱਲ ਪ੍ਰੇਰਿਤ ਨਾ ਹੋ ਸਕਣ।

### ਨਿੱਕਸੁਕੇ ਅਰਥਚਾਰੇ ਦੀਆਂ ਵਿਸ਼ੇਸ਼ਤਾਵਾਂ—

ਨਿੱਕਸੁਕਾ ਅਰਥਚਾਰਾ ਲਚਕੀਲੀ, ਆਰਜ਼ੀ, ਤੇ ਵਕਤੀ ਮੁਲਾਜ਼ਮਤ 'ਤੇ ਅਧਾਰਤ ਹੈ ਜਿਸ ਵਿੱਚ ਗਾਹਕਾਂ ਜਾਂ ਮਹਿਜ਼ ਵਰਤੇ ਜਾਣ ਵਾਲੇ ਆਰਜ਼ੀ ਮੁਲਾਜ਼ਮਾਂ ਨਾਲ ਸੰਪਰਕ ਵੀ ਆਨ-ਲਾਇਨ ਪਲੇਟਫਾਰਮ ਰਾਹੀਂ ਹੋ ਜਾਂਦਾ ਹੈ।

ਨਿਕੱਸੁਕਾ ਅਰਥਚਾਰਾ ਕਾਮਿਆਂ, ਵਪਾਰੀਆਂ ਤੇ ਗਾਹਕਾਂ ਆਦਿ ਧਿਰਾਂ ਲਈ ਵਕਤੀ ਤੌਰ 'ਤੇ ਹੀ ਲਾਹੇਵੰਦ ਹੋ ਸਕਦਾ ਹੈ। ਉਹ ਵੀ ਜੇਕਰ ਉਸ ਨੂੰ ਤ੍ਰੈ-ਪੱਖੀ ਲੋੜਾਂ ਦੇ ਅਨੁਰੂਪ ਢਾਲਿਆ ਜਾਵੇ ਅਤੇ ਬਣਤਰ ਵਿੱਚ ਲਚਕੀਲਾਪਣ ਰੱਖਿਆ ਜਾਵੇ।

ਨਿੱਕਸੁਕੇ ਅਰਥਚਾਰੇ ਨੂੰ ਇਸ ਪੱਖੋਂ ਨੁਕਸਾਨ ਵੀ ਝੱਲਣਾ ਪੈ ਸਕਦਾ ਹੈ ਕਿ ਰਵਾਇਤੀ ਆਰਥਿਕ ਪ੍ਰਬੰਧ ਨੂੰ ਖੋਰਾ ਲੱਗਣ ਨਾਲ ਕਾਮਾ-ਵਪਾਰੀ-ਗਾਹਕ ਪੱਖਾਂ ਦੇ ਆਪਸੀ ਸਬੰਧਾਂ ਵਿੱਚ ਨਾਂਹ-ਪੱਖੀ ਝੁਕਾਅ ਪੈਦਾ ਹੋ ਸਕਦੇ ਹਨ।


### ਨਿੱਕਸੁਕੇ ਅਰਥਚਾਰੇ (Gig Economy) ਨੂੰ ਸਮਝਣਾ—

ਨਿੱਕਸੁਕੇ ਅਰਥਚਾਰੇ ਵਿੱਚ ਗਿਣਤੀ ਵਿੱਚ ਕਾਮੇ ਸੁਤੰਤਰ ਭਾਵ ਪ੍ਰਾਈਵੇਟ ਠੇਕੇਦਾਰ ਕੋਲ ਆਰਜ਼ੀ ਜਾਂ ਵਕਤੀ ਤੌਰ 'ਤੇ ਕਾਰਜਸ਼ੁਦਾ ਹੁੰਦੇ ਹਨ। ਅਜਿਹੇ ਅਰਥਚਾਰੇ ਦਾ ਸਿੱਟਾ ਹੁੰਦਾ ਹੈ ਸੇਵਾਵਾਂ ਵਧੇਰੇ ਸਟੀਕ ਤੇ ਸਸਤੀਆਂ ਹੋਣ ਜਿਵੇਂ ਕਿ ਉਬਰ ਜਾਂ ਓਲਾ ਕੈਬ ਜਾਂ ਏਅਰਬੱਸ ਦੀ ਵਰਤੋਂ ਵਾਲੀਆਂ ਇਨ੍ਹਾਂ ਸੇਵਾਵਾਂ ਬਾਰੇ ਜੋ ਆਮ ਲੋਕ ਆਪਣੀ ਰਾਇ ਹਾਂ- ਪੱਖੀ ਦਿੰਦੇ ਹਨ। ਹਾਲਾਂਕਿ ਜੋ ਲੋਕ ਇੰਟਰਨੈਟ ਵਰਗੀਆਂ ਤਕਨੀਕੀ ਸੇਵਾਵਾਂ ਦੀ ਵਰਤੋਂ ਤੋਂ ਅਜੇ ਤੱਕ ਪਰ੍ਹੇ ਹਨ, ਨਿੱਕਸੁਕੇ ਜਾਂ ਸ਼ਿਕਾਰੀ ਅਰਥਚਾਰੇ ਦੇ ਲਾਭਾਂ ਤੋਂ ਵੀ ਵਿਰ੍ਹਵੇਂ ਰਹਿ ਸਕਦੇ ਹਨ। ਭਾਰਤ ਦੇ ਸ਼ਹਿਰੀ ਖੇਤਰ ਖਾਸਕਰ ਅਜਿਹੀਆਂ 'ਵਿਕਸਿਤ ਸੇਵਾਵਾਂ' ਦੇ ਘੇਰੇ ਵਿੱਚ ਆ ਰਹੇ ਹਨ ਅਤੇ ਇਨ੍ਹਾਂ ਦਾ ਲਾਹਾ ਵੀ ਖੱਟ ਰਹੇ ਹਨ।

ਪੂਰੇ ਸੰਸਾਰ ਵਿੱਚ ਹੀ ਆਮ ਲੋਕ ਕਈ ਤਰ੍ਹਾਂ ਦੇ ਨਿਕੱਸੁਕੇ ਅਰਥਚਾਰੇ ਦੇ ਚੱਕਰਵਿਊ ਵਿੱਚ ਆ ਰਹੇ ਹਨ। ਜਿਵੇਂ ਉਬਰ ਲਈ ਵਾਹਨ ਚਲਾਉਣਾ ਜਾਂ ਖਾਣ ਵਾਲੇ ਪਦਾਰਥ ਜ਼ੋਮੈਟੋ ਵਰਗੇ ਪ੍ਰਬੰਧਾਂ ਨਾਲ ਲੋੜਵੰਦਾਂ ਤੱਕ ਪੁੱਜਦਾ ਕਰਨਾ, ਜਾਂ ਫੇਰ ਫਰੀਲਾਂਸ ਲਿਖਤਾਂ ਲਿਖਣਾਂ ਆਦਿ। ਰਿਟਾਇਰ ਹੋ ਚੁੱਕੇ ਜਾਂ ਅੰਸ਼ਕ/ਵਕਤੀ ਪ੍ਰੋਫੈਸਰਾਂ ਨੂੰ ਇੱਕ ਖਾਸ ਮਿਆਦ ਲਈ ਕਾਲਜਾਂ ਵੱਲੋਂ ਨਿਯੁਕਤ ਕਰ ਦਿੱਤਾ ਜਾਣਾ ਤੇ ਇੰਝ ਕਾਲਜਾਂ ਤੇ ਯੂਨੀਵਰਸਿਟੀਆਂ ਵੱਲੋਂ ਪੱਕੇ ਜਾਂ ਕੁੱਲਵਕਤੀ ਪ੍ਰੋਫੈਸਰਾਂ ਨੂੰ ਇੱਕ ਖਾਸ ਮਿਆਦ ਲਈ ਕਾਲਜਾਂ ਵੱਲੋਂ ਨਿਯੁਕਤ ਕਰ ਦਿੱਤਾ ਜਾਣਾ ਤੇ ਇੰਝ ਕਾਲਜਾਂ ਤੇ ਯੂਨੀਵਰਸਿਟੀਆਂ ਵੱਲੋਂ ਕੁੱਲਵਕਤੀ ਪ੍ਰੋਫੈਸਰਾਂ ਨੂੰ ਰੁਜ਼ਗਾਰ ਦੇਣ ਤੇ ਹੁੰਦੇ ਖਰਚੇ ਨੂੰ ਘਟਾਉਣ ਲਈ ਪਾਰਟਾਈਮ ਜਾਂ ਥੋੜ੍ਹੇ ਸਮੇਂ ਲਈ ਪ੍ਰੋਫ਼ੈਸਰ ਨਿਯੁਕਤ ਕਰਨੇ ਨਿੱਕਸੁਕੇ ਅਰਥਚਾਰੇ ਦੀਆਂ ਆਮ ਉਦਾਹਰਨਾਂ ਹਨ।

## ਪਾਈਪਲਾਈਨ (Pipelines) :

ਭਾਰਤ ਦੇ ਆਵਾਜਾਈ ਨਕਸ਼ੇ ਉਤੇ ਪਾਈਪਲਾਈਨ ਆਵਾਜਾਈ ਨੈੱਟਵਰਕ ਨਵੀਂ ਚੀਜ਼ ਹੈ। ਬੀਤੇ ਸਮੇਂ ਸ਼ਹਿਰਾਂ ਤੇ ਸਨਅਤਾਂ ਨੂੰ ਸਿਰਫ਼ ਪਾਣੀ ਮੁਹੱਈਆ ਕਰਵਾਉਣ ਲਈ ਪਾਈਪਲਾਈਨ ਪ੍ਰਬੰਧ ਵਰਤਿਆ ਜਾਂਦਾ ਸੀ ਪਰ ਹੁਣ ਇਸ ਢੰਗ ਰਾਹੀਂ ਕੱਚਾ ਤੇਲ, ਪੈਟਰੋਲੀਅਮ ਪਦਾਰਥ ਤੇ ਕੁਦਰਤੀ ਗੈਸ ਆਦਿ ਤੇਲ ਤੇ ਗੈਸ ਦੇ ਖੂਹਾਂ ਤੋਂ ਰਿਫਾਈਨਰੀਆਂ, ਖਾਦ ਦੇ ਕਾਰਖਾਨਿਆਂ ਤੇ ਵੱਡੇ ਤਾਪ-ਬਿਜਲੀ ਘਰਾਂ ਆਦਿ ਨੂੰ ਭੇਜੇ ਜਾਂਦੇ ਹਨ। ਪਾਈਪਲਾਈਨਾਂ ਰਾਹੀਂ ਠੋਸ ਪਦਾਰਥ ਵੀ ਭੇਜੇ ਜਾ ਸਕਦੇ ਹਨ ਪਰ ਉਨ੍ਹਾਂ ਨੂੰ ਪਹਿਲਾਂ ਅਰਧ-ਤਰਲ (ਭਾਵ ਗਾਰੇ ਜਾਂ ਲਾਵੇ ਜਿਹੇ) ਰੂਪ ਵਿਚ ਤਬਦੀਲ ਕਰਨਾ ਪੈਂਦਾ ਹੈ। ਬਰੌਨੀ, ਮਥੁਰਾ, ਪਾਣੀਪਤ ਵਰਗੀਆਂ ਦੁਰਾਡੀਆਂ ਥਾਵਾਂ ਉੱਤੇ ਤੇਲ ਸੋਧਕ ਕਾਰਖਾਨੇ (ਰਿਫ਼ਾਈਨਰੀਆਂ) ਅਤੇ ਗੈਸ ਅਧਾਰਤ ਖਾਦਾਂ ਦੇ ਕਾਰਖਾਨੇ ਸਿਰਫ਼ ਪਾਈਪਲਾਈਨਾਂ ਕਾਰਨ ਹੀ ਸੰਭਵ




ਹੋ ਸਕੇ ਹਨ। ਪਾਈਪਲਾਈਨਾਂ ਵਿਛਾਉਣ ਦੀ ਸ਼ੁਰੂਆਤੀ ਕੀਮਤ ਤਾਂ ਕਾਫ਼ੀ ਹੁੰਦੀ ਹੈ ਪਰ ਮਗਰੋਂ ਸਾਂਭ-ਸੰਭਾਲ ਤੇ ਕਾਰਜ ਦੀ ਕੀਮਤ ਬਹੁਤੀ ਨਹੀਂ ਹੁੰਦੀ ਅਤੇ ਆਵਾਜਾਈ ਦੌਰਾਨ ਵਸਤ ਦੇ ਨੁਕਸਾਨ ਜਾਂ ਦੇਰੀ ਹੋਣ ਦੇ ਖਦਸ਼ੇ ਆਦਿ ਉੱਕਾ ਹੀ ਨਹੀਂ ਹੁੰਦੇ। ਭਾਰਤ ਵਿਚ ਆਵਾਜਾਈ ਲਈ ਤਿੰਨ ਪ੍ਰਮੁੱਖ ਪਾਈਪਲਾਈਨ ਨੈੱਟਵਰਕ ਹਨ।

* ਉਪਰੀ ਅਸਾਮ ਦੇ ਤੇਲ ਦੇ ਖੂਹਾਂ ਤੋਂ ਕਾਨਪੁਰ (ਉੱਤਰ ਪ੍ਰਦੇਸ਼) ਤੱਕ ਬਰਾਸਤਾ ਗੁਹਾਟੀ, ਬਰੌਨੀ ਤੇ ਅਲਾਹਾਬਾਦ। ਇਸ ਦੀਆਂ ਸ਼ਾਖਾਵਾਂ ਹਨ; ਬਰੌਨੀ ਤੋਂ ਹਲਦੀਆ, ਬਰਾਸਤਾ ਰਾਜਬੰਧ। ਰਾਜਬੰਧ ਤੋਂ ਮੌੜੀਗ੍ਰਾਮ ਤੇ ਗੁਹਾਟੀ ਤੋਂ ਸਿਲੀਗੁੜੀ।

* ਸਲਾਇਆ (ਗੁਜਰਾਤ) ਤੋਂ ਜਲੰਧਰ (ਪੰਜਾਬ) ਤੱਕ ਬਰਾਸਤਾ ਵੀਰਮਗਮ, ਮਥੁਰਾ, ਦਿੱਲੀ ਅਤੇ ਸੋਨੀਪਤ। ਇਸ ਦੀਆਂ ਸ਼ਾਖਾਵਾਂ ਕੋਆਇਲੀ (ਨੇੜੇ ਵਡੋਦਰਾ, ਗੁਜਰਾਤ) ਚਾਕਸੂ ਤੇ ਹੋਰ ਸਥਾਨਾਂ ਨੂੰ ਜੋੜਦੀਆਂ ਹਨ।

* ਹਜ਼ੀਰਾ (ਗੁਜਰਾਤ) ਤੋਂ ਜਗਦੀਸ਼ਪੁਰ (ਉੱਤਰ ਪ੍ਰਦੇਸ਼) ਤੱਕ ਬਰਾਸਤਾ ਵਿਜੈਪੁਰ (ਮੱਧ ਪ੍ਰਦੇਸ਼) ਇਸ ਦੀਆਂ ਸ਼ਾਖਾਵਾਂ ਰਾਜਸਥਾਨ ਵਿਚ ਕੋਟਾ ਤੇ ਉੱਤਰ ਪ੍ਰਦੇਸ਼ ਵਿਚ ਸ਼ਾਹਜਹਾਂਪੁਰ ਤੇ ਬਬਰਾਲ਼ਾ ਤੱਕ ਹਨ।

## ਜਲਮਾਰਗ (Waterways) :

ਜਲ ਆਵਾਜਾਈ ਉਹ ਪ੍ਰਕਿਰਿਆ ਹੈ ਜਿਸ ਅਧੀਨ ਸਾਗਰ, ਮਹਾਂਸਾਗਰ, ਝੀਲ, ਨਹਿਰ ਤੇ ਦਰਿਆ ਆਦਿ ਵਿਚ ਕਿਸ਼ਤੀਆਂ, ਬਜਰਿਆਂ (ਲੰਬੀ ਕਿਸ਼ਤੀ) ਤੇ ਜਹਾਜ਼ਾਂ ਵਿਚ ਯਾਤਰੀਆਂ ਤੇ ਮਾਲ-ਅਸਬਾਬ ਨੂੰ ਢੋਇਆ ਜਾਂਦਾ ਹੈ। ਜਲ ਆਵਾਜਾਈ ਦੋ ਪ੍ਰਕਾਰ ਦੀ ਹੁੰਦੀ ਹੈ–




(ੳ) ਦੇਸ਼ ਅੰਦਰਲੇ ਜਲਮਾਰਗ (Inland Waterways)

(ਅ) ਮਹਾਂਸਾਗਰੀ ਜਲਮਾਰਗ (Oceanic Waterways)

## ਇਨਲੈਂਡ ਵਾਟਰਵੇਜ਼ ਐਕਟ 2016

ਭਾਰਤ ਵਿਚ ਰੇਲਾਂ ਦੀ ਆਵਾਜਾਈ ਤੋਂ ਪਹਿਲਾਂ ਦੇਸ਼ ਅੰਦਰਲੀ ਜਲ ਆਵਾਜਾਈ ਹੀ ਮਾਲ-ਅਸਬਾਬ ਆਦਿ ਢੋਣ ਦਾ ਵੱਡਾ ਢੰਗ ਸੀ ਜਦੋਂ ਕਿ ਮਹਾਂਸਾਗਰੀ ਜਲ ਆਵਾਜਾਈ ਨੇ ਹਮੇਸ਼ਾਂ ਹੀ ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵਿਚ ਅਹਿਮ ਰੋਲ ਅਦਾ ਕੀਤਾ ਹੈ। ਪ੍ਰਾਚੀਨ ਕਾਲ ਤੋਂ ਹੀ ਭਾਰਤ, ਸਮੁੰਦਰੀ ਜਹਾਜ਼ਰਾਨਾਂ ਦਾ ਦੇਸ਼ ਰਿਹਾ ਹੈ। ਸਾਡੇ ਮਲਾਹ ਦੂਰ-ਦੁਰਾਡੇ ਤੱਕ ਜਹਾਜ਼ ਲਿਜਾਂਦੇ ਅਤੇ ਭਾਰਤੀ ਵਪਾਰ ਤੇ ਸਭਿਆਚਾਰ ਨੂੰ ਫ਼ੈਲਾਉਣ ਦਾ ਕਾਰ ਕਰਦੇ ਰਹੇ ਹਨ। ਜਲਮਾਰਗ, ਆਵਾਜਾਈ ਦੇ ਸਭ ਤੋਂ ਸਸਤੇ ਸਾਧਨਾਂ ਵਿਚ ਵੀ ਸ਼ੁਮਾਰ ਹਨ ਤੇ ਵੱਡੀਆਂ, ਭਾਰੀਆਂ ਵਸਤਾਂ ਢੋਣ ਲਈ ਸ੍ਰੇਸ਼ਠ ਵੀ। ਇਹ ਆਵਾਜਾਈ ਢੰਗ ਬਹੁਤਾ ਬਾਲਣ ਨਹੀਂ ਖਰਚਦਾ ਤੇ ਵਾਤਾਵਰਣ ਲਈ ਕੋਈ ਪਲੀਤੀ ਵੀ ਨਹੀਂ ਪੈਦਾ ਕਰਦਾ।

ਭਾਰਤ ਵਿਚ ਦੇਸ਼ ਅੰਦਰਲੇ ਜਲ ਮਾਰਗਾਂ ਵਿਚ ਲਗਪਗ 14,500 ਕਿਲੋਮੀਟਰ ਲੰਬਾਈ ਤੱਕ ਜਹਾਜ਼ਰਾਨੀ ਹੁੰਦੀ ਹੈ। ਇਸ ਵਿਚੋਂ 5,685 ਕਿਲੋਮੀਟਰ ਮਾਰਗ ਉੱਤੇ ਮਸ਼ੀਨੀ ਜਹਾਜ਼ ਤੇ ਕਿਸ਼ਤੀਆਂ ਚਲਦੇ ਹਨ। ਕੇਂਦਰ ਸਰਕਾਰ ਵੱਲੋਂ ਹੇਠ ਦਿੱਤੇ ਜਲ ਮਾਰਗਾਂ ਨੂੰ ਕੌਮੀ ਜਲ ਮਾਰਗਾਂ ਵਜੋਂ ਮਾਨਤਾ ਦਿੱਤੀ ਗਈ ਹੈ–

| ਕ੍ਰਮ ਅੰਕ | ਕੌਮੀ ਜਲ ਮਾਰਗ ਨੰਬਰ | ਦਰਿਆਈ ਪ੍ਰਬੰਧ | ਰੂਟ | ਲੰਬਾਈ | ਸਥਾਨ | ਸਥਾਪਨਾ |
|---|---|---|---|---|---|---|
| 1. | NW-1 | ਗੰਗਾ-ਭਾਗੀਰਥੀ -ਹੁਗਲੀ | ਪ੍ਰਯਾਗਰਾਜ -ਹਲਦੀਆ | 1620 | ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਪੱਛਮੀ ਬੰਗਾਲ | 1986 |
| 2. | NW-2 | ਬ੍ਰਹਮਪੁੱਤਰ | ਸੈਦੀਆ-ਧੁਬਰੀ | 891 | ਅਸਾਮ | 1982 |
| 3. | NW-3 | ਪੱਛਮੀ ਤੱਟੀ ਨਹਿਰ ਚੰਪਕਾਰਾ ਨਹਿਰ ਉਦਯੋਗਮੰਡਲ ਨਹਿਰ | ਕੋਟਾਪੁਰਮ -ਕੋਅਲੰਮ | 205 | ਕੇਰਲ | 1993 |
| 4. | NW-4 | ਕ੍ਰਿਸ਼ਨਾ ਤੇ ਗੋਦਾਵਰੀ ਨਹਿਰੀ ਇਲਾਕੇ, ਕਾਲੂਵੇਲੀ ਜਲਗਾਰ, ਭਦ੍ਰਾਚਲਮ-ਰਾਜਾਮੁੰਦਰੀ, ਵਜ਼ੀਰਾਬਾਦ-ਵਿਜੈਵਾੜਾ | ਕਾਕੀਨਾੜਾ, ਪੁੱਡੂਚੇਰੀ | 1095 | ਆਂਧਰਾ ਪ੍ਰਦੇਸ਼ ਤਾਮਿਲਨਾਡੂ ਤੇ ਪੁੱਡੂਚੇਰੀ | 2008 |
| 5. | NW-10 | ਅੰਬਾ ਦਰਿਆ | | 45 | ਮਹਾਰਾਸ਼ਟਰ | |
| 6. | NW-83 | ਰਾਜਪੁਰੀ ਕਰੀਕ | | 31 | ਮਹਾਰਾਸ਼ਟਰ | |
| 7. | NW-85 | ਰਿਵਾੜਾਂਦਾ ਕਰੀਕ - ਕੁੰਡਾਨਿਕਾ ਦਰਿਆਈ ਪ੍ਰਬੰਧ | | 31 | ਮਹਾਰਾਸ਼ਟਰ | |
| 8. | NW-91 | ਸ਼ਾਸਤਰੀ ਦਰਿਆ - ਜੈਗੜ੍ਹ ਕਰੀਕ | | 52 | ਮਹਾਰਾਸ਼ਟਰ | |
| 9. | NW-68 | ਮਾਂਡੋਵੀ-ਉਸਗਾਓਂ ਬਰਿਜ ਤੋਂ ਅਰਬ ਸਾਗਰ | | 41 | ਗੋਆ | |
| 10. | NW-111 | ਜ਼ੁਆਰੀ-ਸੈਨਵੋਰਡਮ ਬਰਿਜ ਤੋਂ ਮਰਮੂਗਾਓ ਬੰਦਰਗਾਹ | | 50 | ਗੋਆ | |
| 11. | NW-73 | ਨਰਮਦਾ ਦਰਿਆ | | 226 | ਗੁਜਰਾਤ ਤੇ ਮਹਾਰਾਸ਼ਟਰ | |
| 12. | NW-100 | ਤਾਪੀ ਦਰਿਆ | | 436 | ਗੁਜਰਾਤ ਤੇ ਮਹਾਰਾਸ਼ਟਰ | |
| 13. | NW-97 (ਸੁੰਦਰਬਨ ਜਲਮਾਰਗ) | ਨਾਮਖਾਨਾ ਤੋਂ ਅਥਰਬਾਂਕੀ ਖਾਲ | ਭਾਰਤ-ਬੰਗਲਾਦੇਸ਼ ਪ੍ਰੋਟੋਕਾਲ ਰੂਟ | 172 | ਪੱਛਮੀ ਬੰਗਾਲ | |

ਜਲ ਆਵਾਜਾਈ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:-

## ਗੁਣ ਜਾਂ ਲਾਭ (Advantages) :

1. **ਸਾਂਭ ਸੰਭਾਲ ਦਾ ਘੱਟ ਖ਼ਰਚਾ** : ਰੇਲ ਜਾਂ ਸੜਕੀ ਮਾਰਗਾਂ ਤੇ ਆਵਾਜਾਈ ਦੀ ਉਸਾਰੀ, ਨਿਰਮਾਣ ਤੇ ਸਾਂਭ-ਸੰਭਾਲ਼ ਦਾ ਖ਼ਰਚਾ ਕਾਫ਼ੀ ਜ਼ਿਆਦਾ ਹੁੰਦਾ ਹੈ ਜਿਸਦੇ ਮੁਕਾਬਲੇ ਜਲ ਮਾਰਗਾਂ ਦੇ ਨਿਰਮਾਣ ਤੇ ਸਾਂਭ-ਸੰਭਾਲ ਦਾ ਖ਼ਰਚਾ ਲਗਪਗ ਨਾਂਹ ਦੇ ਬਰਾਬਰ ਹੈ।

2. **ਸਸਤਾ** : ਰੇਲ ਤੇ ਸੜਕੀ ਆਵਾਜਾਈ ਸਾਧਨਾਂ ਦੇ ਮੁਕਾਬਲੇ ਜਲ ਆਵਾਜਾਈ ਸਾਧਨ ਬਹੁਤ ਸਸਤੇ ਪੈਂਦੇ ਹਨ।

3. **ਭਾਰੀਆਂ ਵਸਤਾਂ ਲਈ ਲਾਹੇਵੰਦ** : ਜਲ ਆਵਾਜਾਈ ਰਾਹੀਂ ਭਾਰੀਆਂ ਵਸਤਾਂ ਦੀ ਢੋਆ-ਢੁਆਈ ਕਾਫ਼ੀ ਸੌਖੀ ਤੇ ਹੋਰ ਸਾਧਨਾਂ ਦੇ ਮੁਕਾਬਲੇ ਵਧੇਰੇ ਲਾਹੇਵੰਦ ਰਹਿੰਦੀ ਹੈ।

4. **ਕੁਦਰਤੀ ਆਫਤਾਂ ਲਈ ਵੰਗਾਰ** : ਹੜ੍ਹਾਂ ਤੇ ਭਾਰੀ ਮੀਂਹ ਆਦਿ ਵਰਗੀਆਂ ਕੁਦਰਤੀ ਆਫਤਾਂ ਦੇ ਮਾਹੌਲ ਵਿਚਰੇਲ ਤੇ ਸੜਕੀ ਆਵਾਜਾਈ ਰੁੱਕ ਜਾਂਦੀ ਹੈ। ਜਲ ਆਵਾਜਾਈ ਸਗੋਂ ਅਜਿਹੇ ਮਾਹੌਲ ਵਿਚ ਸਹਾਇਤਾ ਕਾਰਜਾਂ ਲਈ ਲਾਹੇਵੰਦ ਸਿੱਧ ਹੁੰਦੀ ਹੈ।

5. **ਸੁਰੱਖਿਆ ਦੇ ਖੇਤਰ ਵਿਚ ਲਾਹੇਵੰਦ** : ਜਲੀ ਜਹਾਜ਼ਰਾਨੀ ਦੇਸ਼ ਦੇ ਸੁਰੱਖਿਆ ਦੇ ਖੇਤਰ ਵਿਚ ਕਾਰਵਾਈ ਦੇ ਪੱਖੋਂ ਨਾ ਸਿਰਫ਼ ਲਾਹੇਵੰਦ ਰਹਿੰਦੀ ਹੈ, ਸਗੋਂ ਜ਼ਰੂਰੀ ਵੀ ਹੁੰਦੀ ਹੈ।

6. **ਵਿਦੇਸ਼ ਵਪਾਰ** : ਇਸ ਖੇਤਰ ਵਿਚ ਵੀ ਜਲ ਆਵਾਜਾਈ ਦਾ ਮਹੱਤਵਪੂਰਨ ਰੋਲ ਹੁੰਦਾ ਹੈ। ਭਾਰਤ ਦਾ ਤਾਂ ਵਿਦੇਸ਼ੀ ਵਪਾਰ ਹੀ ਜ਼ਿਆਦਾਤਰ ਸਮੁੰਦਰੀ ਜਹਾਜ਼ਰਾਨੀ 'ਤੇ ਨਿਰਭਰ ਕਰਦਾ ਹੈ।

## ਔਗੁਣ ਜਾਂ ਘਾਟਾਂ (Disadvantages) :


1. **ਘੱਟ ਰਫ਼ਤਾਰ** : ਆਵਾਜਾਈ ਲਈ ਇਹ ਸਾਧਨ ਘੱਟ ਰਫ਼ਤਾਰ ਵਾਲਾ ਹੈ। ਭਾਰਤ ਵਿਚ ਮੌਨਸੂਨ ਦੇ ਫ਼ੇਲ੍ਹ ਹੋਣ ਦੀ ਸੂਰਤ ਵਿਚ, ਜਲਗਾਹਾਂ ਵਿਚ ਪਾਣੀ ਦੀ ਮਾਤਰਾ ਘੱਟ ਜਾਂਦੀ ਹੈ ਤੇ ਇਸ ਨਾਲ਼ ਜਹਾਜ਼ਰਾਨੀ ਦਾ ਕਾਰਜ ਬਹੁਤ ਔਖਾ ਹੋ ਜਾਂਦਾ ਹੈ।

2. **ਜ਼ੋਖ਼ਮ** : ਜਲ ਆਵਾਜਾਈ ਸਾਧਨ, ਹੋਰ ਸਾਧਨਾਂ ਦੇ ਮੁਕਾਬਲੇ ਵੱਧ ਜ਼ੋਖ਼ਮ ਭਰਿਆ ਕਾਰਜ ਹੁੰਦਾ ਹੈ ਕਿਉਂਕਿ ਕਿਸ਼ਤੀਆਂ ਤੇ ਜਹਾਜ਼ਾਂ ਦੇ ਪਾਣੀ ਵਿਚ ਡੁੱਬਣ ਦਾ ਖ਼ਤਰਾ ਹਰ ਵੇਲੇ ਬਣਿਆ ਰਹਿੰਦਾ ਹੈ ਤੇ ਹਾਦਸੇ ਦੀ ਸੂਰਤ ਵਿਚ ਨੁਕਸਾਨ ਵੀ ਹੋਰ ਸਾਧਨਾਂ ਦੇ ਨੁਕਸਾਨ ਨਾਲੋਂ ਮਾਲ-ਅਸਬਾਬ ਦਾ ਵੱਧ ਹੁੰਦਾ ਹੈ।

## ਪ੍ਰਮੁੱਖ ਬੰਦਰਗਾਹਾਂ (Major Sea Ports) :

ਭਾਰਤ ਵੀ 7 ਹਜ਼ਾਰ 516 ਕਿਲੋਮੀਟਰ, 600 ਮੀਟਰ ਲੰਬੀ ਤੱਟ ਰੇਖਾ ਉੱਤੇ 12 ਪ੍ਰਮੁੱਖ ਤੇ 200 ਆਮ ਤੇ ਅਰਧ ਕਿਸਮ ਦੀਆਂ ਨੋਟੀਫਾਈਡ ਬੰਦਰਗਾਹਾਂ ਸਥਾਪਿਤ ਹਨ। ਇਹ ਪ੍ਰਮੁੱਖ ਬੰਦਰਗਾਹਾਂ ਹੀ ਦੇਸ਼ ਦਾ 95 ਫ਼ੀਸਦੀ ਵਿਦੇਸ਼ ਵਪਾਰ ਸੰਭਾਲ਼ਦੀਆਂ ਹਨ। ਕੱਛ ਖੇਤਰ ਵਿਚ ਕਾਂਡਲਾ ਬੰਦਰਗਾਹ, ਦੇਸ਼ ਦੀ ਅਜ਼ਾਦੀ ਤੋਂ ਬਾਅਦ ਵਿਕਸਤ ਕੀਤੀ ਗਈ ਪਹਿਲੀ ਬੰਦਰਗਾਹ ਸੀ ਤਾਂ ਕਿ ਵੰਡ ਕਾਰਨ ਕਰਾਚੀ ਬੰਦਰਗਾਹ ਪਾਕਿਸਤਾਨ ਚਲੇ ਜਾਣ ਮਗਰੋਂ ਮੁੰਬਈ (ਓਦੋਂ ਬੰਬਈ) ਬੰਦਰਗਾਹ ਉੱਤੇ ਪਿਆ ਵਿਦੇਸ਼ ਵਪਾਰ ਦਾ ਭਾਰ ਵੰਡਾਇਆ ਜਾ ਸਕੇ। ਕਾਂਡਲਾ ਜਿਸ ਨੂੰ ਦੀਨ ਦਿਆਲ ਬੰਦਰਗਾਹ ਵਜੋਂ ਵੀ ਜਾਣਿਆ ਜਾਂਦਾ ਹੈ, ਜਵਾਰ-ਭਾਟੇ ਨਾਲ ਚੱਲਣ ਵਾਲ਼ੀ ਬੰਦਰਗਾਹ ਹੈ। ਇੱਥੇ ਬਰਾਮਦ ਤੇ ਦਰਾਮਦ, ਦੋਵੇਂ ਕਾਰਵਾਈਆਂ ਹੀ ਕੀਤੀਆਂ ਜਾਂਦੀਆਂ ਹਨ। ਦੇਸ਼ ਦਾ ਪ੍ਰਮੁੱਖ ਅੰਨ ਭੰਡਾਰ ਆਪਣਾ ਵਪਾਰ ਇਸੇ ਬੰਦਰਗਾਹ ਰਾਹੀਂ ਕਰਦਾ ਹੈ ਤੇ ਸਨਅਤੀ ਪੱਟੀਆਂ ਵੀ। ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ, ਰਾਜਸਥਾਨ ਤੇ ਗੁਜਰਾਤ ਰਾਜਾਂ ਦਾ ਸਾਰਾ ਵਪਾਰ ਇਸੇ ਬੰਦਰਗਾਹ ਰਾਹੀਂ ਹੁੰਦਾ ਹੈ।

ਮੁੰਬਈ ਦੇਸ਼ ਦੀ ਸਭ ਤੋਂ ਵੱਡੀ ਬੰਦਰਗਾਹ ਹੈ ਜਿੱਥੇ ਬੰਦਰਗਾਹ ਹੈ ਜਿੱਥੇ ਕੁਦਰਤੀ ਵਿਸਥਾਰ ਅਤੇ ਵਧੀਆ ਬੰਦਰਗਾਹੀ ਸਹੂਲਤਾਂ ਮਿਲਦੀਆਂ ਹਨ। ਇਥੋਂ ਦੀ ਮੁੰਬਈ ਬੰਦਰਗਾਹ 'ਤੇ ਭੀੜ ਘਟਾਉਣ ਲਈ ਇੱਥੇ ਜਵਾਹਰ ਲਾਲ ਨਹਿਰੂ ਬੰਦਰਗਾਹ ਦੀ ਸਥਾਪਨਾ ਕੀਤੀ ਗਈ। ਗੋਆ ਦੀ ਮਰਮਾਗਾਓਂ ਬੰਦਰਗਾਹ ਦੇਸ਼ ਦੀ ਸਭ ਤੋਂ ਵੱਡੀ ਕੱਚਾ ਲੋਹਾ ਬਰਾਮਦ ਕਰਨ ਵਾਲ਼ੀ ਬੰਦਰਗਾਹ ਹੈ। ਕਰਨਾਟਕ ਦੀ ਨਿਊ ਮੰਗਲੌਰ ਬੰਦਰਗਾਹ, ਕੁਦੇਰਮੁੱਖ ਖਾਣਾਂ ਤੋਂ ਨਿਕਲਦੇ ਕੱਚੇ ਲੋਹੇ ਦੀ ਬਰਾਮਦ ਲਈ ਵਰਤੀ ਜਾਂਦੀ ਹੈ। ਕੋਚੀ ਧੁਰ ਦੱਖਣ-ਪੱਛਮੀ ਬੰਦਰਗਾਹ ਹੈ ਜੋ ਕਿ ਕੁਦਰਤੀ ਬੰਦਰਗਾਹ,




ਲੈਗੂਨ ਦੇ ਇਕ ਕੰਢੇ 'ਤੇ ਸਥਿਤ ਹੈ। ਦੇਸ਼ ਦੇ ਪੂਰਬੀ ਤੱਟ ਵੱਲ ਚਲਦਿਆਂ, ਧੁਰ ਦੱਖਣ-ਪੂਰਬੀ ਬੰਦਰਗਾਹ ਹੈ, ਤਾਮਿਲਨਾਡੂ ਦੀ ਤੂਤੀਕੋਰਿਨ। ਇਹ ਵੀ ਕੁਦਰਤੀ ਬੰਦਰਗਾਹ ਹੈ ਜਿਸ ਨੂੰ ਵਿਸਤ੍ਰਿਤ ਅੰਦਰੂਨੀ ਇਲਾਕੇ ਵਪਾਰ ਲਈ ਵਰਤਦੇ ਹਨ। ਇਹ ਬੰਦਰਗਾਹ ਮਾਲਦੀਪ ਤੇ ਸ੍ਰੀਲੰਕਾ ਜਿਹੇ ਗੁਆਂਢੀ ਦੇਸ਼ਾਂ ਸਮੇਤ ਕਈ ਕਿਸਮ ਦੇ ਸਮਾਨ ਦੇ ਵੱਖ-ਵੱਖ ਦੇਸ਼ਾਂ ਨਾਲ ਵਪਾਰ ਲਈ ਵਰਤੀ ਜਾਂਦੀ ਹੈ। ਚੇਨਈ ਦੇਸ਼ ਦੀ ਸਭ ਤੋਂ ਪੁਰਾਣੀ ਮਾਨਵ ਨਿਰਮਿਤ ਬੰਦਰਗਾਹ ਹੈ। ਵਪਾਰ ਦੀ ਮਾਤਰਾ ਤੇ ਵਿਸਥਾਰ ਦੇ ਮਾਮਲੇ ਵਿਚ ਇਹ ਮੁੰਬਈ ਤੋਂ ਬਾਅਦ ਦੂਸਰੇ ਨੰਬਰ ਦੀ ਵੱਡੀ ਬੰਦਰਗਾਹ

ਹੈ। ਵਿਸ਼ਾਖਾਪਟਨਮ ਸਭ ਤੋਂ ਵੱਧ ਸੁਰੱਖਿਅਤ, ਥਲ ਨਾਲ ਘਿਰੀ ਹੋਈ ਬੰਦਰਗਾਹ ਹੈ ਜੋ ਸ਼ੁਰੂ ਵਿਚ ਕੱਚੇ ਲੋਹੇ ਦੇ ਵਪਾਰ ਲਈ ਹੀ ਸਥਾਪਤ ਕੀਤੀ ਗਈ ਸੀ। ਹੁਣ ਓਡੀਸ਼ਾ ਦੀ ਪਾਰਾਦੀਪ ਬੰਦਰਗਾਹ ਕੱਚੇ ਲੋਹੇ ਦੇ ਵਪਾਰ ਲਈ ਜਾਣੀ ਜਾਂਦੀ ਹੈ। ਕੋਲਕਾਤਾ, ਦਰਿਆ ਰਾਹੀਂ ਜੁੜੀ ਬੰਦਰਗਾਹ ਹੈ ਜੋ ਜਵਾਰ-ਭਾਟੇ ਨਾਲ ਤਾਂ ਚਲਦੀ ਹੀ ਹੈ ਪਰ ਗੰਗਾ-ਬ੍ਰਹਮਪੁੱਤਰ ਦੇ ਵਿਸਤ੍ਰਿਤ ਇਲਾਕੇ ਨੂੰ ਵਪਾਰਕ ਸੇਵਾਵਾਂ ਦੇਣ ਵਾਲੀ ਇਸ ਬੰਦਰਗਾਹ ਦੇ ਹੁਗਲੀ ਦਰਿਆ ਨੂੰ ਹਰ ਵਕਤ ਕਾਫ਼ੀ ਪਾਣੀ ਚਾਹੀਦਾ ਹੁੰਦਾ ਹੈ। ਕੋਲਕਾਤਾ ਬੰਦਰਗਾਹ ਦਾ ਭਾਰ ਵੰਡਾਉਣ ਲਈ ਹਲਦੀਆ ਬੰਦਰਗਾਹ ਵੀ ਨੇੜੇ ਹੀ ਸਥਾਪਤ ਕੀਤੀ ਗਈ ਹੈ।

## ਹਵਾਈਮਾਰਗ (Airways) :

ਹਵਾਈ ਸਫ਼ਰ ਜਾਂ ਆਵਾਜਾਈ ਹੁਣ ਸਭ ਤੋਂ ਤੇਜ਼, ਸਭ ਤੋਂ ਵੱਧ ਅਰਾਮਦਾਇਕ ਤੇ ਸਭ ਤੋਂ ਵੱਧ ਸ਼ਾਨਦਾਰ ਆਵਾਜਾਈ ਦਾ ਸਾਧਨ ਹੈ। ਇਹ ਸਾਧਨ ਉੱਚੀਆਂ ਪਹਾੜੀਆਂ, ਸੁੱਕੇ ਮਾਰੂਥਲ, ਸੰਘਣੇ ਜੰਗਲ ਤੇ ਲੰਬੇ-ਲੰਬੇ ਵੱਡੇ ਮਹਾਂਸਾਗਰ ਆਦਿ ਹਰ ਕਿਸਮ ਦੀਆਂ ਔਕੜਾਂ ਦੇ ਇਲਾਕੇ ਬੜੀ ਸੌਖ ਨਾਲ ਤੈਅ ਕਰ ਲੈਂਦਾ ਹੈ। ਦੇਸ਼ ਦੇ ਉੱਤਰ ਪੂਰਬੀ ਇਲਾਕੇ ਵੱਲ ਵੇਖੋ; ਲੰਬੇ-ਚੌੜੇ-ਵੱਡੇ ਦਰਿਆ, ਕੱਟੀ-ਫ਼ਟੀ ਭੂਮੀ, ਸੰਘਣੇ ਜੰਗਲ, ਹੜ੍ਹਾਂ ਦੀ ਮਾਰ ਅਤੇ ਕੌਮਾਂਤਰੀ ਸਰਹੱਦੀ ਇਲਾਕਾ ਤੇ ਹਵਾਈ ਸੇਵਾ ਦੀ ਅਣਹੋਂਦ। ਇੱਥੇ ਹਵਾਈ ਆਵਾਜਾਈ ਨੇ ਹੀ ਸਭ ਕੁਝ ਸੰਭਵ ਬਣਾਇਆ ਹੈ। ਭਾਰਤ ਵਿਚ ਹਵਾਈ ਆਵਾਜਾਈ ਦਾ ਸਰਕਾਰੀਕਰਨ ਸੰਨ 1953 ਵਿਚ ਕੀਤਾ ਗਿਆ ਸੀ। ਇਸ ਵੇਲੇ ਏਅਰ-ਇੰਡੀਆ ਘਰੇਲੂ ਤੇ ਕੌਮਾਂਤਰੀ ਹਵਾਈ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ। ਪਵਨਹੰਸ ਹੈਲੀਕਾਪਟਰ ਲਿਮਟਿਡ ਸਰਕਾਰੀ ਕੰਪਨੀ ਹੈ ਜੋ ਤੇਲ ਤੇ ਕੁਦਰਤੀ ਗੈਸ ਨਿਗਮ (ONGC) ਨੂੰ ਤੱਟ ਤੋਂ ਦੁਰੇਡੇ ਦੀਆਂ ਕਾਰਵਾਈਆਂ, ਉੱਤਰ-ਪੂਰਬ ਦੇ ਦੁਰਗੰਮ ਇਲਾਕਿਆਂ ਅਤੇ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਦੇ ਅਪਹੁੰਚ ਇਲਾਕਿਆਂ ਲਈ ਹੈਲੀਕਾਪਟਰ ਸੇਵਾ ਪ੍ਰਦਾਨ ਕਰਦਾ ਹੈ।

ਦੇਸ਼ ਵਿਚ ਮੁੱਢਲੀ ਹਵਾਈ ਆਵਾਜਾਈ ਸੇਵਾ ਸੰਨ 1911 ਵਿਚ ਅਰੰਭ ਹੋਈ ਸੀ ਜਦੋਂ ਅਲਾਹਾਬਾਦ ਤੇ ਨੈਨੀ ਵਿਚਾਲੇ ਮਹਿਜ 10 ਕਿਲੋਮੀਟਰ ਦੇ ਫ਼ਾਸਲੇ ਵਿਚ ਹਵਾਈ ਡਾਕ ਸੇਵਾ ਚਲਾਈ ਗਈ ਸੀ। ਸੰਨ 1953 ਵਿੱਚ ਹਵਾਈ ਸੇਵਾ ਦੇ ਸਰਕਾਰੀਕਰਨ ਮਗਰੋਂ ਦੋ ਹਵਾਈ ਸੇਵਾਵਾਂ; ਏਅਰ ਇੰਡੀਆ ਤੇ ਇੰਡੀਅਨ ਏਅਰਲਾਈਨਜ਼ ਅਰੰਭ ਹੋਈਆਂ। ਹੁਣ ਤਾਂ ਕਈ ਪ੍ਰਾਈਵੇਟ ਹਵਾਈ ਕੰਪਨੀਆਂ ਨੇ ਵੀ ਯਾਤਰੀ ਸੇਵਾਵਾਂ ਅਰੰਭ ਦਿੱਤੀਆਂ ਹਨ। ਭਾਰਤ ਵਿਚ ਹਰ ਸਾਲ ਕੁੱਲ 16 ਕਰੋੜ ਯਾਤਰੀ ਹਵਾਈ ਸੇਵਾਵਾਂ ਦਾ ਲਾਭ ਲੈਂਦੇ ਹਨ ਜਦੋਂ ਕਿ ਸੰਸਾਰ ਭਰ ਵਿਚ ਹਰ ਸਾਲ 400 ਕਰੋੜ ਯਾਤਰੀ ਹਵਾਈ ਯਾਤਰਾ ਕਰਦੇ ਹਨ।

ਭਾਰਤ ਵਿਚ ਇਸ ਵੇਲੇ 34 ਕੌਮਾਂਤਰੀ ਹਵਾਈ ਅੱਡੇ ਕੰਮ ਕਰ ਰਹੇ ਹਨ ਅਤੇ ਹੇਠ ਲਿਖੀਆਂ ਹਵਾਈ ਕੰਪਨੀਆਂ ਹਵਾਈ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ :

* ਵਿਸਤਰਾ
* ਇੰਡੀਗੋ
* ਏਅਰ ਇੰਡੀਆ
* ਸਪਾਈਸ ਜੈੱਟ
* ਗੋ ਏਅਰ
* ਏਅਰ ਏਸ਼ੀਆ
* ਇੰਡੀਅਨ ਏਅਰ ਐਕਸਪ੍ਰੈਸ
* ਐਲਾਇੰਸ ਏਅਰ

**ਕਿਰਿਆ**:- ਉਨ੍ਹਾਂ ਦੇਸ਼ਾਂ ਦੇ ਨਾਮ ਪਤਾ ਕਰੋ ਜੋ ਏਅਰ ਇੰਡੀਆ ਦੀ ਸੇਵਾ ਜ਼ਰੀਏ ਭਾਰਤ ਨਾਲ ਜੁੜੇ ਹਨ।

ਹਵਾਈ ਸਫ਼ਰ, ਭਾਰਤ ਵਿਚ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਦੇਸ਼ ਦੇ ਸਿਰਫ਼ ਉੱਤਰ-ਪੂਰਬੀ ਰਾਜਾਂ ਵਿਚ ਹੀ ਇਹ ਯਕੀਨੀ ਬਣਾਇਆ ਗਿਆ ਹੈ ਕਿ ਹਵਾਈ ਸੇਵਾਵਾਂ ਆਮ ਲੋਕਾਂ ਦੀ ਪਹੁੰਚ ਵਿੱਚ ਹੋ ਸਕਣ।

## ਕੇਬਲ ਆਵਾਜਾਈ (Cable Transport) :

ਕੇਬਲ ਆਵਾਜਾਈ ਦਾ ਘੇਰਾ ਬਹੁਤ ਵਿਸਤ੍ਰਿਤ ਹੈ ਕਿਉਂਕਿ ਇਸ ਵਿਚ ਹਰ ਉਸ ਪ੍ਰਕਾਰ ਦੀ ਆਵਾਜਾਈ ਸ਼ਾਮਲ ਹੈ ਜੋ ਕੇਬਲ ਭਾਵ ਤਾਰਾਂ ਦੇ ਸਹਾਰੇ ਚੱਲਦੀ ਹੈ। ਕੇਬਲ (ਤਾਰ) ਚਲਾਈ ਜਾ ਸਕਦੀ ਹੈ ਜਾਂ ਕੇਬਲ ਆਪ ਸਿਸਟਮ ਨੂੰ ਚਲਾ ਰਹੀ ਹੋ ਸਕਦੀ ਹੈ ਭਾਵ ਸਿੱਧੇ ਜਾਂ ਅਸਿੱਧੇ ਤੌਰ 'ਤੇ ਜਿਵੇਂ ਵੀ ਤਾਰਾਂ ਦੇ ਸਹਾਰੇ ਵਸਤੂ ਨੂੰ ਕੇਬਲ ਮਾਰਗ ਉੱਤੇ ਖਿੱਚਣਾ, ਰੋੜ੍ਹਨਾ, ਤੈਰਾਉਣਾ ਜਾਂ ਸੇਧਤ ਕਰਨਾ ਆਦਿ ਜੋ ਵੀ ਕਾਰਜ ਕੀਤਾ ਜਾਂ ਕਰਵਾਇਆ ਜਾਵੇ, ਕੇਬਲ ਆਵਾਜਾਈ ਕਰਾਵੇਗਾ। ਕੇਬਲ ਕਾਰ ਇਕ ਤਰ੍ਹਾਂ ਦਾ ਹਵਾਈ ਆਵਾਜਾਈ ਸਿਸਟਮ ਹੀ ਹੁੰਦਾ ਹੈ ਜਿਸ ਵਿਚ

ਬੈਠੇ ਯਾਤਰੀ ਕੇਬਲ ਉਤੇ ਖਿੱਚੇ ਜਾ ਰਹੇ ਜਾਂ ਕੇਬਲ ਦੇ ਕੰਟਰੋਲ ਹੇਠ ਛੱਡੇ ਜਾ ਰਹੇ ਕੈਬਿਨ (ਬੰਦ ਡੱਬਾ) ਦੇ ਜ਼ਰੀਏ ਸਫ਼ਰ ਕਰਦੇ ਹਨ।



ਕੇਬਲ ਆਵਾਜਾਈ ਦੇ ਲਾਭ, ਹੋਰ ਆਵਾਜਾਈ ਪ੍ਰਬੰਧਾਂ ਦੇ ਮੁਕਾਬਲੇ ਕੁਝ ਇਵੇਂ ਹਨ ਕਿ ਇਹ ਬਿਜਲੀ ਨਾਲ਼ ਚੱਲਣ ਵਾਲਾ ਵਾਤਾਵਰਨ ਪੱਖੀ ਪ੍ਰਬੰਧ ਹੈ ਜਿਸ ਰਾਹੀਂ ਯਾਤਰੀਆਂ ਤੇ ਮਾਲ-ਅਸਬਾਬ ਦੀ ਆਵਾਜਾਈ ਧਰਤੀ ਦੇ ਪੱਧਰ ਤੋਂ ਉੱਪਰ-ਉੱਪਰ ਹੀ ਕੀਤੀ ਜਾ ਸਕਦੀ ਹੈ।

## ਏਸ਼ੀਅਨ ਹਾਈਵੇਜ਼ ਪ੍ਰਾਜੈਕਟ (Asian Highways Project)

ਸੰਯੁਕਤ ਰਾਸ਼ਟਰੀ ਆਰਥਿਕ ਤੇ ਸਮਾਜਿਕ ਕਮਿਸ਼ਨ-ਏਸ਼ੀਆ ਪੈਸੇਫ਼ਿਕ (UNESCAP) ਦੇ ਅਪ੍ਰੈਲ, 2004 ਵਿੱਚ ਸ਼ੰਘਾਈ (ਚੀਨ) ਵਿੱਚ ਕਰਵਾਏ ਗਏ 60 ਦੇ ਸਾਲਾਨਾ ਸੰਮੇਲਨ ਦੌਰਾਨ ਭਾਰਤ ਨੇ ਏਸ਼ਿਆਈ ਹਾਈਵੇਅਜ਼ ਪ੍ਰਾਜੈਕਟ ਸੰਬੰਧੀ ਅੰਤਰ-ਸਰਕਾਰੀ ਮੁਹਾਇਦੇ (ਸਮਝੌਤੇ) ਉਤੇ ਦਸਤਖ਼ਤ ਕੀਤੇ। ਇਸ ਮੁਹਾਇਦੇ ਦਾ ਮਨੋਰਥ ਏਸ਼ਿਆਈ ਹਾਈਵੇਅਜ਼ ਨੈੱਟਵਰਕ ਅਧੀਨ ਆਪੋ-ਆਪਣੇ ਦੇਸ਼ ਵਿਚ ਪੈਂਦੇ ਹਿੱਸੇ ਦੀ ਉਸਾਰੀ ਆਪਣੇ ਕੌਮੀ ਪ੍ਰੋਗਰਾਮ ਅਧੀਨ, ਮਿੱਥੇ ਗਏ ਘੱਟੋ-ਘੱਟ ਮਿਆਰ ਅਨੁਸਾਰ ਕਰਨੀ ਹੈ ਜਿਸ ਨਾਲ਼ ਕੌਮਾਂਤਰੀ ਸੈਰ-ਸਪਾਟੇ, ਵਪਾਰ, ਆਵਾਜਾਈ ਤੇ ਵਾਣਜਿਕ ਕਾਰਵਾਈਆਂ ਨੂੰ ਹੁਲਾਰਾ ਮਿਲੇਗਾ। ਉਂਝ ਮੁਹਾਇਦੇ (ਸਮਝੌਤੇ) ਵਿਚ ਇਸ ਪ੍ਰਾਜੈਕਟ ਨੂੰ ਮੁਕੰਮਲ ਕੀਤੇ ਜਾਣ ਲਈ ਕੋਈ ਸਮਾਂਬੱਧਤਾ ਤੈਅ ਨਹੀਂ ਕੀਤੀ ਗਈ। ਇਹ ਪ੍ਰਾਜੈਕਟ, ਏਸ਼ੀਅਨ ਲੈਂਡ ਟਰਾਂਸਪੋਰਟ ਇੰਫ਼ਰਾਸਟਰੱਕਚਰ ਡਿਵੈਲਪਮੈਂਟ (ALTID) ਪ੍ਰਾਜੈਕਟ, ਦੇ ਤਿੰਨ ਥੰਮਾਂ ਵਿਚੋਂ ਇਕ ਹੈ, ਜਿਸ ਨੂੰ ਇਕਨੌਮਿਕ ਐਂਡ ਸੋਸ਼ਲ ਕਮਿਸ਼ਨ ਫ਼ੌਰ ਏਸ਼ੀਆ ਐਂਡ ਪੈਸੇਫਿਕ ਨੇ 1998 ਵਿਚ ਆਪਣੇ 48ਵੇਂ ਸੰਮੇਲਨ ਦੌਰਾਨ ਸਲਾਹਿਆ ਸੀ। ਇਹ ਤਿੰਨ ਥੰਮ੍ਹ ਹਨ; ਏਸ਼ਿਆਈ ਹਾਈਵੇਅਜ਼, ਟ੍ਰਾਂਸ-ਏਸ਼ੀਅਨ ਰੇਲਵੇ (TAR) ਅਤੇ ਹੋਰ ਥਲ ਆਵਾਜਾਈ ਪ੍ਰਾਜੈਕਟ।

ਉਕਤ ਮੁਹਾਇਦੇ ਉਤੇ 32 ਦੇਸ਼ਾਂ ਨੇ ਦਸਤਖ਼ਤ ਕੀਤੇ ਹਨ ਜਿਸਦੇ ਤਹਿਤ ਬਣਨ ਵਾਲੇ ਹਾਈਵੇਅ ਨੇ ਸਾਰਾ ਮਹਾਂਦੀਪ ਪਾਰ ਕਰ ਕੇ ਯੂਰਪ ਨਾਲ ਜਾ ਜੁੜਨਾ ਹੈ। ਇਸ ਪ੍ਰਾਜੈਕਟ ਦਾ ਹਿੱਸਾ ਬਣੇ ਕੁਝ ਦੇਸ਼ ਹਨ; ਭਾਰਤ, ਸ੍ਰੀਲੰਕਾ, ਪਾਕਿਸਤਾਨ, ਚੀਨ, ਈਰਾਨ, ਜਾਪਾਨ, ਦੱਖਣੀ ਕੋਰੀਆ ਤੇ ਬੰਗਲਾਦੇਸ਼। ਇਸ ਪ੍ਰਾਜੈਕਟ ਲਈ ਪੂੰਜੀ ਲਾਉਣ ਵਾਲੇ ਦੇਸ਼ ਤੇ ਸੰਸਥਾਵਾਂ ਹਨ; ਜਾਪਾਨ, ਭਾਰਤ, ਨੇਪਾਲ, ਤਈਵਾਨ, ਦੱਖਣੀ ਕੋਰੀਆ, ਚੀਨ ਤੇ ਕੌਮਾਂਤਰੀ ਸੰਸਥਾਵਾਂ ਜਿਵੇਂ ਕਿ ਏਸ਼ਿਆਈ ਵਿਕਾਸ ਬੈਂਕ। ਇਸ ਪ੍ਰਾਜੈਕਟ ਦਾ ਮਨੋਰਥ ਹਰਦੇਸ਼ ਵਿਚ ਪਹਿਲਾਂ ਹੀ ਸਥਾਪਤ ਹਾਈਵੇਅਜ਼




ਨਕਸ਼ਾ : ਏਸ਼ੀਅਨ ਹਾਈਵੇਜ਼

ਨੂੰ ਵਰਤਣਾ ਤੇ ਘੱਟੋ-ਘੱਟ ਨਵੇਂ ਹਾਈਵੇਅ ਉਸਾਰ ਕੇ ਪ੍ਰਾਜੈਕਟ ਮੁਕੰਮਲ ਕਰਨਾ ਹੈ। ਇਸ ਪ੍ਰਾਜੈਕਟ ਅਧੀਨ ਹਾਈਵੇਅ ਦੀ ਕੁੱਲ ਲੰਬਾਈ ਦਾ ਅੰਦਾਜ਼ਾ ਹੈ, ਇਕ ਲੱਖ, 40 ਹਜ਼ਾਰ 479 ਕਿਲੋਮੀਟਰ।

## ਬੈਲਟ ਐਂਡ ਰੋਡ ਇਨੀਸ਼ੀਏਟਿਵ (Belt and Road Initiative–BRI)

ਚੀਨ ਵੱਲੋਂ ਕਿਸੇ ਵੇਲੇ ਅਰੰਭਿਆ ਗਿਆ ਵਨ ਬੈਲਟ, ਵਨ ਰੋਡ ਇਨਸ਼ੀਏਟਿਵ (OBOR) ਹੁਣ ਬੈਲਟ ਐਂਡ ਰੋਡ ਇਨੀਸ਼ੀਏਟਿਵ (BRI) ਕਹਾਉਂਦਾ ਹੈ ਤੇ ਕੌਮਾਂਤਰੀ ਪੱਧਰ ਦੀ ਸਰਕਾਰ ਵਿਕਾਸ ਨੀਤੀ ਅਧੀਨ ਹੈ ਜਿਸਦਾ ਮਨੋਰਥ ਏਸ਼ੀਆ, ਯੂਰਪ, ਅਫ਼ਰੀਕਾ ਤੇ ਉੱਤਰੀ ਤੇ ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚ ਮੁੱਢਲੇ ਢਾਂਚੇ ਦੇ ਵਿਕਾਸਲਈ ਪੂੰਜੀਕਾਰੀ ਕਰਨਾ ਹੈ।

### OBOR ਇਨੀਸ਼ੀਏਟਿਵ ਹੈ ਕੀ ?

ਇਹ ਯੋਜਨਾ ਚੀਨ ਦੇ ਰਾਸ਼ਟਰਪਤੀ ਸ਼੍ਰੀ ਜ਼ਿੰਗਪਿੰਗ ਵੱਲੋਂ ਸੰਨ 2013 ਵਿਚ ਐਲਾਨੀ ਗਈ ਸੀ। ਇਸ ਦਾ



ਨਾਮ ਵਿਚਲੋਂ ਸ਼ਬਦ 'ਬੈਲਟ' ਤੋਂ ਭਾਵ ਹੈ, 'ਸਿਲਕ ਰੋਡ ਇਕਨੌਮਿਕ ਬੈਲਟ' ਜੋ ਕਿ ਮੱਧ ਕਾਲ ਵਿਚ ਅਪਣਾਏ ਗਏ ਸਿਲਕ ਰੂਟ ਨੂੰ ਯਾਦ ਕਰਵਾਉਂਦਾ ਹੈ ਜਦੋਂ ਕਿ 'ਰੋਡ' ਦਾ ਪ੍ਰਯੋਗੀ ਅਰਥ ਹੈ ਸਾਗਰੀ ਮਾਰਗ। ਇੰਝ ਕਹਿ ਲਿਆ ਜਾਵੇ ਕਿ 21ਵੀਂ ਸਦੀ ਦਾ ਸਾਗਰੀ ਸਿਲਕ ਮਾਰਗ। OBOR ਨੂੰ ਸੰਨ 2016 ਤੋਂ BRI ਕਿਹਾ ਜਾਣ ਲੱਗਾ ਹੈ ਕਿਉਂਕਿ ਚੀਨ ਸਰਕਾਰ ਦਾ ਮੰਨਣਾ ਹੈ ਕਿ ਸ਼ਬਦ 'ਵਨ' ਸਿਰਫ਼ ਇਕ ਨਿਵੇਕਲੀ ਪਹਿਲ ਦਾ ਭੁਲੇਖਾ ਪਾਉਂਦਾ ਹੈ।

**ਬੀ.ਆਰ.ਆਈ. ਦਾ ਟੀਚਾ :** ਬੈਲਟ ਰੋਡ ਇਨੀਸ਼ੀਏਟਿਵ ਦੇ ਟੀਚੇ ਇਸ ਪ੍ਰਕਾਰ ਹਨ :

1. ਇਕ ਵੱਡੀ ਏਕੀਕ੍ਰਿਤ ਮੰਡੀ ਦਾ ਗਠਨ ਕਰਨਾ ਜੋ ਕੌਮਾਂਤਰੀ ਤੇ ਘਰੇਲੂ ਦੋਹੇਂ ਪ੍ਰਕਾਰ ਦੀਆਂ ਮੰਡੀਆਂ ਦਾ ਫ਼ਾਇਦਾ ਲੈ ਸਕੇ।

2. ਸਭਿਆਚਾਰਕ ਵਟਾਂਦਰੇ ਕਰਨੇ ਤੇ ਉਨ੍ਹਾਂ ਸਹਾਰੇ ਏਕਤਾ 'ਚ ਇਜ਼ਾਫ਼ਾ ਕਰਨਾ।

3. ਮੈਂਬਰ ਦੇਸ਼ਾਂ ਵਿਚਾਲੇ ਆਪਸੀ ਸਮਝ ਤੇ ਸਹਿਯੋਗ ਵਧਾਉਣਾ ਜਿਸ ਨਾਲ ਨਵਾਂ ਵਾਤਾਵਰਨ ਪੈਦਾ ਕਰਨਾ ਜੋ ਪੂੰਜੀਕਾਰੀ, ਮੁਹਾਰਤ ਤੇ ਤਕਨੀਕ ਦਾ ਨਵਾਂ ਡੇਟਾਬੇਸ ਤਿਆਰ ਕਰੇਗਾ।

ਮੁੱਕਦੀ ਗੱਲ ਇਹ ਕਿ ਬੀਆਰਆਈ ਦਾ ਉਦੇਸ਼ ਏਸ਼ੀਆ ਪ੍ਰਸ਼ਾਂਤ ਖਿੱਤੇ, ਅਫ਼ਰੀਕਾ ਤੇ ਪੂਰਬੀ ਯੂਰਪ ਵਿਚ ਆਰਥਿਕ ਵਿਕਾਸ ਦੀ ਦਰ ਵਿੱਚ ਵਾਧਾ ਕਰਕੇ, ਮੁੱਢਲੇ ਢਾਂਚੇ ਵਿਚਲੇ ਖੱਪਿਆਂ ਨੂੰ ਪੂਰਨਾ ਹੈ।

## ਬੀ.ਆਰ.ਆਈ. ਬਾਰੇ ਸ਼ੱਕ-ਸ਼ੁਬ੍ਹੇ :

ਬੀ.ਆਰ.ਆਈ. ਯੋਜਨਾ ਲਾਗੂ ਹੋਣ ਨਾਲ ਚੀਨ ਦੇ ਗੁਆਂਢੀ ਦੇਸ਼ਾਂ ਲਈ ਕੁਝ ਵੰਗਾਰਾਂ ਖੜ੍ਹੀਆਂ ਹੋ ਸਕਦੀਆਂ ਹਨ ਜੋ ਕਿ ਇਸ ਪ੍ਰਕਾਰ ਹਨ—

* ਚੀਨੀ ਉਸਾਰੀ ਕੰਪਨੀਆਂ ਜਦੋਂ ਆਪਣੇ ਦੇਸ਼ ਤੋਂ ਬਾਹਰ ਕੋਈ ਕਾਰਜ ਕਰਦੀਆਂ ਹਨ ਤਾਂ ਉੱਥੋਂ ਦੇ ਕਾਮਿਆਂ ਪ੍ਰਤੀ ਉਨ੍ਹਾਂ ਦੇ ਵਤੀਰੇ ਵਧੀਆ ਨਹੀਂ ਹੁੰਦੇ ਜਿਸ ਨਾਲ ਚੀਨ ਦੀ ਸਾਖ ਨੂੰ ਧੱਕਾ ਲੱਗ ਸਕਦਾ ਹੈ। ਇਸ ਸਾਰੇ ਹਾਲਾਤ ਨਾਲ ਖਿੱਤੇ ਵਿਚ ਅਸਾਂਵੇਂਪਣ ਦਾ ਖ਼ਤਰਾ ਬਣ ਸਕਦਾ ਹੈ।
* ਇਸ ਪਹਿਲ ਦੇ ਭੂ-ਰਾਜਨੀਤਿਕ ਪੱਖ ਇਹ ਵੀ ਹਨ ਕਿ ਸੰਯੁਕਤ ਰਾਸ਼ਟਰ ਤੇ ਰੂਸ ਆਦਿ ਦਾ ਖ਼ਿਆਲ ਹੈ ਕਿ ਉਨ੍ਹਾਂ ਦਾ ਇਲਾਕਾਈ ਦਬਦਬਾ ਅਜਿਹੇ ਪ੍ਰਾਜੈਕਟ ਨਾਲ ਘੱਟ ਸਕਦਾ ਹੈ। ਰੂਸ ਲਈ ਮੱਧ ਏਸ਼ੀਆ ਲੰਬੇ ਸਮੇਂ ਤੋਂ ਆਪਣੇ ਕੂਟਨੀਤਕ ਦਬਾਅ ਵਾਲਾ ਇਲਾਕਾ ਰਿਹਾ ਹੈ ਇਸ ਇਲਾਕੇ ਵਿਚ ਚੀਨ ਦੇ ਦਖ਼ਲ ਨਾਲ ਰੂਸ ਪੱਖੀ ਖ਼ਿਆਲਾਂ ਦੀ ਅਜ਼ਾਰੇਦਾਰੀ ਨੂੰ ਲਗਾਮ ਲੱਗੇਗੀ। ਇਹੀ ਗੱਲ ਪ੍ਰਸ਼ਾਂਤ ਇਲਾਕੇ ਵਿਚ ਸੰਯੁਕਤ ਰਾਸ਼ਟਰ ਦੇ ਕੂਟਨੀਤਕ ਦਬਦਬੇ 'ਤੇ ਵੀ ਲਾਗੂ ਹੁੰਦੀ ਹੈ।
* ਸਭ ਤੋਂ ਵੱਡਾ ਖ਼ਦਸ਼ਾ ਤਾਂ ਕਰਜ਼ੇ ਦੇ ਬੋਝ ਹੇਠ ਦੱਬੇ ਜਾਣ ਦਾ ਹੈ। ਇਸ ਪ੍ਰਾਜੈਕਟ ਉਤੇ ਵੱਡੇ ਪੱਧਰ 'ਤੇ ਚੀਨੀ ਪੂੰਜੀਕਾਰੀ ਦਾ ਭਾਵ ਹੈ ਕਿ ਚੀਨ ਦੀ ਪਹੁੰਚ ਹਰ ਦੇਸ਼ ਦੇ ਨਿਜੀ ਸਾਧਨਾਂ ਤੱਕ ਹੋ ਜਾਵੇਗੀ। ਇਹ ਕਾਰਵਾਈ ਹੋਰਾਂ ਦੇਸ਼ਾਂ ਨੂੰ ਆਰਥਿਕ ਪੱਖੋਂ ਸਹਾਇਕ ਸਿੱਧ ਹੋਣ ਦੀ ਬਜਾਏ ਚੀਨੀ ਅਸਰ ਹੇਠ ਆਉਣ ਲਈ ਵਧੇਰੇ ਮਜਬੂਰ ਕਰੇਗੀ। ਜਦੋਂ ਕੋਈ ਵੀ ਮੇਜ਼ਬਾਨ ਦੇਸ਼ ਚੀਨ ਵੱਲੋਂ ਲਾਈ ਪੂੰਜੀ ਵਾਪਸ ਕਰਨ ਵਿਚ ਜ਼ਰਾਈ ਅਸਮਰੱਥ ਹੋਵੇਗਾ, ਚੀਨ ਉਨ੍ਹਾਂ ਦੇਸ਼ਾਂ ਨੂੰ ਆਪਣੀ ਪ੍ਰਭੁਸੱਤਾ ਨਾਲ ਸਮਝੌਤਾ ਕਰਨ ਲਈ ਮਜਬੂਰ ਕਰ ਸਕਦਾ ਹੈ। ਸ੍ਰੀ ਲੰਕਾ ਵੱਲੋਂ ਆਪਣੀ ਇਕ ਬੰਦਰਗਾਹ (ਸ਼ਿੱਪਯਾਰਡ) ਚੀਨ ਦੀ ਪੂੰਜੀਕਾਰੀ ਬਦਲੇ 99 ਸਾਲਾਂ ਲੀਜ਼ (ਕਿਰਾਏ) 'ਤੇ ਚੀਨੀ ਕੰਪਨੀ ਨੂੰ ਦਿੱਤੇ ਜਾਣਾ ਇਸ ਕਾਰਵਾਈ ਦੀ ਜਿਉਂਦੀ ਜਾਗਦੀ ਮਿਸਾਲ ਹੈ।
* ਬੀ. ਆਰ. ਆਈ. ਦਾ ਹਿੱਸਾ ਬਣੇ ਦੇਸ਼ਾਂ ਵੱਲੋਂ ਇਹ ਸ਼ਿਕਾਇਤ ਵੀ ਕੀਤੀ ਗਈ ਹੈ ਕਿ ਚੀਨ ਕਰਜ਼ੇ ਜ਼ਰੀਏ ਹਕੂਮਤ ਕਰਨ ਦਾ ਪੱਤਾ ਖੇਡਦਾ ਹੈ ਤੇ ਵਿਆਜ ਦੇ ਰੂਪ ਵਿਚ ਬਹੁਤ ਵੱਡੀ ਰਕਮ ਮੰਗਦਾ ਹੈ ਜਿਸ ਨਾਲ ਕਰਜ਼ਾ ਉਤਾਰਨ ਲਈ ਮੁੱਢਲੇ ਢਾਂਚੇ ਤੋਂ ਹੱਥ ਧੋਣੇ ਪੈ ਜਾਂਦੇ ਹਨ। ਚੀਨ ਹਾਲਾਂਕਿ ਅਜਿਹੀ ਕਿਸੇ ਕਾਰਵਾਈ ਤੋਂ ਇਨਕਾਰੀ ਹੈ।

**ਬੈਲਟ ਐਂਡ ਰੋਡ ਇਨੀਸ਼ੀਏਟਿਵ ਬਾਰੇ ਭਾਰਤ ਦੀ ਸਥਿਤੀ :** ਭਾਰਤ ਦਾ ਸੁਰੱਖਿਆ ਪ੍ਰਬੰਧ ਤਾਂ ਚੀਨ ਦੀ ਸਿਲਕ ਰੋਡ ਪਹਿਲਕਦਮੀ ਨੂੰ ਬਹੁਤ ਮਸ਼ਕੂਕ ਨਜ਼ਰ ਨਾਲ ਵੇਖਦਾ ਹੈ ਤੇ ਉਸ ਉੱਤੇ ਕਤੱਈ ਭਰੋਸਾ ਨਹੀਂ ਕਰਦਾ।

* ਭਾਰਤੀ ਕੂਟਨੀਤਕ ਵਿਚਾਰਵਾਨਾਂ ਨੇ ਹਮੇਸ਼ਾਂ ਹੀ ਚੀਨ ਵੱਲੋਂ ਕਿਸੇ ਵੀ ਸਰਹੱਦੀ ਇਲਾਕਿਆਂ ਵਿਚ ਸੜਕਾਂ

ਦੀ ਉਸਾਰੀ ਕੀਤੇ ਜਾਣ ਦੀ ਕਾਰਵਾਈ ਦਾ ਵਿਰੋਧ ਕੀਤਾ ਹੈ ਅਤੇ ਹਿੰਦ ਮਹਾਂਸਾਗਰ ਵਿਚ ਬੰਦਰਗਾਹਾਂ ਦੀ ਕਾਇਮੀ ਨੂੰ ਚੀਨ ਵੱਲੋਂ ਦੱਖਣੀ ਏਸ਼ੀਆ ਨੂੰ ਘੇਰੇ ਜਾਣ ਦੀ ਕਾਰਵਾਈ ਵਜੋਂ ਹੀ ਵੇਖਿਆ ਹੈ।

* ਚੀਨ-ਪਾਕਿਸਤਾਨ ਆਰਥਿਕ ਗਲਿਆਰੇ (China Pakistan Economic Corridor) ਦੀ ਕਾਇਮੀ ਨਾਲ ਔਕੜਾਂ ਬਹੁਤ ਹੀ ਗੁੰਝਲਦਾਰ ਹੋ ਗਈਆਂ ਹਨ। ਅਸਲ ਵਿਚ ਅਜਿਹੇ ਆਰਥਿਕ ਢਾਂਚੇ ਦੀ ਕਾਇਮੀ ਦੱਖਣੀ ਏਸ਼ਿਆਈ ਖਿੱਤੇ ਨੂੰ ਘੇਰੇ ਜਾਣ ਦੀ ਯੋਜਨਾ ਦਾ ਹੀ ਹਿੱਸਾ ਹੈ।
* ਬਹਰਹਾਲ, ਇਸ ਮਾਹੌਲ ਵਿਚ ਵੀ ਹਾਂ-ਪੱਖੀ ਸੋਚ ਰੱਖਣ ਵਾਲੇ ਵਿਚਾਰਵਾਨਾਂ ਦਾ ਵਿਚਾਰ ਹੈ ਕਿ ਭਾਰਤ ਨੂੰ ਸਾਰੇ ਮਾਮਲੇ ਬਾਰੇ 'ਨਵੀਂ ਸੋਚ' ਦੇ ਆਧਾਰ 'ਤੇ ਵੀ ਵੇਖਣਾ ਚਾਹੀਦਾ ਹੈ ਕਿਉਂਕਿ ਇਸ ਮਾਮਲੇ ਦੀ ਸਿਰਫ਼ ਨਿੰਦਾ ਕਰਨ ਨਾਲ਼ ਤਾਂ ਭਾਰਤ ਨਵੀਆਂ ਭੂ-ਆਰਥਿਕ ਸੰਭਾਵਨਾਵਾਂ ਤੋਂ ਸੱਖਣਾ ਹੀ ਰਹਿ ਜਾਵੇਗਾ।

**ਬਲੂ ਡੌਟ ਨੈਟਵਰਕ (Blue Dot Network) :**

ਸੰਸਾਰ ਵਿਚ ਜਾਰੀ ਆਰਥਿਕਤਾ ਅਧਾਰਤ ਹਕੂਮਤ ਭੂ-ਰਾਜਨੀਤੀ ਦੇ ਮਾਹੌਲ ਵਿਚ 21ਵੀਂ ਸਦੀ ਦੀ ਚੀਨ ਵੱਲੋਂ ਕੀਤੀ ਗਈ ਬੈਲਟ ਐਂਡ ਰੋਡ ਪਹਿਲ ਦੇ ਨਾਲ ਹੀ ਐਸੋਸੀਏਸ਼ਨ ਆਫ਼ ਸਾਊਥ-ਈਸਟ ਏਸ਼ੀਅਨ ਨੇਸ਼ਨਜ਼ (ਆਸੀਆਨ-ASEAN) ਨੇ ਸੰਨ 2019 ਵਿਚ ਬੈਂਕਾਕ (ਥਾਈਲੈਂਡ) ਵਿਖੇ ਸੰਮੇਲਨ ਦੌਰਾਨ ਬਲੂ ਡੌਟ ਨੈਟਵਰਕ (ਬੀਡੀਐੱਨ-BDN) ਪ੍ਰਾਜੈਕਟ ਸੁਝਾਇਆ ਹੈ ਜਿਸਦਾ ਮਨੋਰਥ ਨਾ ਸਿਰਫ਼ ਚੀਨ ਦੀ ਕਰਜ਼ੇ ਹੇਠ ਦੱਬਣ ਵਾਲੀ ਕੂਟਨੀਤੀ ਤੋਂ ਬਚਾਅ ਕਰਨਾ ਹੈ ਸਗੋਂ ਇੰਡੋ-ਪ੍ਰਸ਼ਾਂਤ ਖੇਤਰ ਵਿਚ ਵਾਤਾਵਰਨ ਤੇ ਕਿਰਤ ਪੱਖੀ ਆਰਥਿਕ ਵਿਕਾਸ ਕਰਨਾ ਹੈ। ਭਾਰਤ ਹਾਲੇ ਇਸ ਪਹਿਲ ਦਾ ਅੰਗ ਨਹੀਂ ਹੈ ਪਰ ਅਮਰੀਕਾ ਦੀ ਕੌਮਾਂਤਰੀ ਵਿਕਾਸ ਵਿਚ ਕਾਰਪੋਰੇਸ਼ਨ, ਜਾਪਾਨੀ ਕੌਮਾਂਤਰੀ ਸਹਿਯੋਗ ਬੈਂਕ ਅਤੇ ਆਸਟ੍ਰੇਲੀਆ ਦੇ ਵਿਦੇਸ਼ ਮਾਮਲਿਆਂ ਤੇ ਵਪਾਰ ਬਾਰੇ ਵਿਭਾਗ ਵੱਲੋਂ ਕੀਤੀ ਜਾਣ ਵਾਲੀ ਪੂੰਜੀਕਾਰੀ ਦਾ ਇਹ ਪ੍ਰਾਜੈਕਟ ਭਾਰਤ ਸਰਕਾਰ, ਪ੍ਰਾਈਵੇਟ ਸੈਕਟਰ ਤੇ ਸਿਵਿਲ ਸਮਾਜਾਂ ਦੇ ਹੱਕ ਵਿਚ ਹੈ ਅਤੇ ਕੌਮਾਂਤਰੀ ਪੱਧਰ ਦੀ ਮੁਹਾਰਤ ਤੇ ਮਿਆਰ ਵਾਲਾ ਪ੍ਰਾਜੈਕਟ ਹੈ। ਇਸ ਪ੍ਰਾਜੈਕਟ ਦੇ ਪਲੇਠੇ ਉੱਦਮ ਅਧੀਨ ਸੰਯੁਕਤ ਰਾਜ ਅਮਰੀਕਾ ਦੇ ਪ੍ਰਸ਼ਾਂਤ ਮਹਾਂਸਾਗਰੀ ਤੱਟ ਤੋਂ ਅਰੰਭ ਕਰ ਕੇ, ਦੱਖਣੀ ਚੀਨ ਸਾਗਰ ਤੇ ਬੰਗਾਲ ਦੀ ਖਾੜੀ ਤੋਂ ਹੁੰਦੇ ਹੋਏ ਭਾਰਤੀ ਪਰਾਇਦੀਪ ਦੇ ਅਰਬ ਸਾਗਰੀ ਖਿੱਤੇ ਤੱਕ ਸੁਤੰਤਰ ਵਪਾਰ, ਆਵਾਜਾਈ ਤੇ ਸੰਪੂਰਨ ਸੁਰੱਖਿਆ ਦਾ ਮਾਹੌਲ ਪੈਦਾ ਕੀਤਾ ਜਾਣਾ ਹੈ।

## ਸੰਚਾਰ (Communication)

ਮਨੁੱਖ ਜਾਤੀ ਜਦੋਂ ਤੋਂ ਧਰਤੀ ਉਤੇ ਪ੍ਰਗਟ ਹੋਈ ਹੈ, ਸੰਚਾਰ ਦੇ ਵੱਖੋ-ਵੱਖਰੇ ਢੰਗ, ਤਰੀਕੇ, ਸਾਧਨ ਵਰਤੇ ਹੀ ਗਏ ਹਨ। ਪਰ ਇਸ ਤਬਦੀਲੀ ਦੀ ਦਰ ਮੌਜੂਦਾ ਸਮੇਂ ਵਿਚ ਅਤਿਅੰਤ ਤੇਜ਼ ਰਹੀ ਹੈ। ਮੌਜੂਦਾ ਆਲਮ ਇਹ ਹੈ ਕਿ ਲੰਬੀ ਦੂਰੀ ਦਾ ਸੰਚਾਰ ਬਹੁਤ ਹੀ ਸੌਖਾ ਹੋ ਗਿਆ ਹੈ ਜਿਸ ਵਿਚ ਸੰਚਾਰ ਕਰਤਾ ਤੇ ਸੁਨੇਹਾ ਪ੍ਰਾਪਤ ਕਰਤਾ ਨੂੰ ਸਰੀਰਕ ਤੌਰ 'ਤੇ ਹਿੱਲਣਾ ਤੱਕ ਨਹੀਂ ਪੈਂਦਾ। ਨਿਜੀ ਸੰਚਾਰ, ਲੋਕ ਸੰਚਾਰ ਤੇ ਜਨ ਸੰਚਾਰ ਲਈ ਸਾਡੇ ਦੇਸ਼ ਵਿਚ ਰੇਡੀਓ, ਟੈਲੀਵਿਜ਼ਨ, ਪ੍ਰੈੱਸ (ਅਖ਼ਬਾਰਾਂ, ਰਸਾਲੇ ਆਦਿ), ਫ਼ਿਲਮਾਂ ਜਿਹੇ ਸਾਧਨ ਜ਼ਿਆਦਾ ਹਰਮਨ ਪਿਆਰੇ ਰਹੇ ਹਨ। ਭਾਰਤ ਦਾ ਡਾਕ-ਪ੍ਰਬੰਧ ਸੰਸਾਰ ਵਿਚ ਸਭ ਤੋਂ ਵੱਡਾ ਡਾਕ-ਪ੍ਰਬੰਧ ਰਿਹਾ ਹੈ। ਇਹ ਪਾਰਸਲ ਤੇ ਨਿਜੀ ਪੱਤਰ ਆਦਿ ਲਿਖਤੀ ਸੰਚਾਰ ਸੰਭਾਲਦਾ ਹੈ। ਕਾਰਡ ਤੇ ਲਿਫ਼ਾਫ਼ੇ ਪਹਿਲੇ ਦਰਜੇ ਦੀ ਮੇਲ ਮੰਨੇ ਜਾਂਦੇ ਹਨ ਤੇ ਸੜਕੀ ਅਤੇ ਹਵਾਈ ਆਵਾਜਾਈ ਰਾਹੀਂ ਟਿਕਾਣਿਆਂ ਤੱਕ ਪੁਚਾਏ ਜਾਂਦੇ ਹਨ। ਦੂਸਰੇ ਦਰਜੇ ਦੀ ਮੇਲ ਵਜੋਂ ਕਿਤਾਬਾਂ, ਪੈਕਟ, ਰਜਿਸਟਰਡ ਅਖ਼ਬਾਰ ਤੇ ਰਸਾਲੇ ਆਦਿ ਮੰਨੇ ਜਾਂਦੇ ਹਨ ਤੇ ਧਰਾਤਲੀ ਆਵਾਜਾਈ ਤੇ ਜਲ ਆਵਾਜਾਈ ਜ਼ਰੀਏ ਟਿਕਾਣਿਆਂ ਤੱਕ ਪੁਚਾਏ ਜਾਂਦੇ ਹਨ। ਵੱਡੇ ਸ਼ਹਿਰਾਂ ਤੇ ਕਸਬਿਆਂ ਵਿਚ ਡਾਕ (ਮੇਲ) ਦੇ ਟਿਕਾਣਿਆਂ ਤੱਕ ਪੁੱਜਣ ਦੇ ਕਾਰਜ ਵਿਚ ਤੇਜ਼ੀ ਲਿਆਏ ਜਾਣ ਹਿੱਤ ਹਾਲ ਹੀ ਵਿਚ ਛੇ ਮੇਲ ਚੈਨਲ ਜਾਰੀ ਕੀਤੇ ਗਏ ਹਨ। ਇਹ ਹਨ—ਰਾਜਧਾਨੀ ਚੈਨਲ, ਮੈਟਰੋ ਚੈਨਲ, ਗ੍ਰੀਨ ਚੈਨਲ, ਬਿਜ਼ਨਸ ਚੈਨਲ, ਬਲਕ ਮੇਲ ਚੈਨਲ ਤੇ ਪੀਰੀਔਡੀਕਲ ਮੇਲ ਚੈਨਲ।

ਡਿਜੀਟਲ ਇੰਡੀਆ ਅਜਿਹਾ ਵਿਸਤ੍ਰਿਤ ਪ੍ਰੋਗਰਾਮ ਹੈ ਜਿਸਦਾ ਮਨੋਰਥ ਹੈ, ਭਾਰਤ ਨੂੰ ਜਾਣਕਾਰੀ ਅਧਾਰਤ ਤਬਦੀਲੀ ਲਈ ਤਿਆਰ ਕਰਨਾ। ਡਿਜੀਟਲ ਇੰਡੀਆ ਪ੍ਰੋਗਰਾਮ ਦਾ ਟੀਚਾ ਹੈ; IT (ਭਾਰਤੀ ਮੁਹਾਰਤ) + IT (ਇੰਨਫਰਮੇਸ਼ਨ ਤਕਨਾਲੋਜੀ) = IT (ਇੰਡੀਆ Tomorrow)। ਇਸ ਤਬਦੀਲੀ ਲਈ ਤਕਨੀਕ ਨੂੰ ਸਾਰੇ ਕਾਰਜ ਦਾ ਆਧਾਰ ਬਣਾਇਆ ਜਾ ਰਿਹਾ ਹੈ।




ਭਾਰਤ ਵਿਚ ਏਸ਼ਿਆਈ ਦੇਸ਼ਾਂ ਵਿਚੋਂ ਸਭ ਤੋਂ ਵੱਡਾ ਟੈਲੀਸੰਚਾਰ (Telecom) ਨੈਟਵਰਕ ਹੈ ਜੋ ਦੇਸ਼ ਦੇ ਸ਼ਹਿਰੀ ਇਲਾਕਿਆਂ ਤੋਂ ਇਲਾਵਾ ਦੋ-ਤਿਹਾਈ ਪੇਂਡੂ ਇਲਾਕਿਆਂ ਤੱਕ ਵੀ ਫ਼ੈਲਿਆ ਹੋਇਆ ਹੈ ਜਿੱਥੇ ਸਬਸਕਰਾਈਬਰ ਟਰੰਕ ਡਾਇਲਿੰਗ (STD) ਦੀ ਸਹੂਲਤ ਬਾਕਾਇਦਾ ਪ੍ਰਾਪਤ ਹੈ। ਸਰਕਾਰ ਨੇ ਇਹ ਵਿਕਾਸ ਹਰ ਕੋਨੇ ਤੱਕ ਪੁਚਾਉਣ ਲਈ ਉਚੇਚੇ ਤੌਰ 'ਤੇ ਦੇਸ਼ ਦੇ ਹਰ ਪਿੰਡ ਨੂੰ 24 ਘੰਟੇ STD ਦੀ ਸਹੂਲਤ ਨਾਲ ਜੋੜ ਕੇ ਰੱਖਣਾ ਯਕੀਨੀ ਬਣਾਇਆ ਹੈ। ਇਹ ਸਹੂਲਤ ਸਾਰੇ ਦੇਸ਼ ਵਿਚ ਇਕ ਸਾਰ ਦਿੱਤੀ ਗਈ ਹੈ ਜੋ ਪੁਲਾੜ ਤਕਨੀਕ ਤੇ ਸੰਚਾਰ ਤਕਨੀਕ ਦੇ ਆਪਸੀ ਜੋੜ ਕਾਰਨ ਹੀ ਸੰਭਵ ਹੋ ਸਕਿਆ ਹੈ।

ਜਨਸੰਚਾਰ ਲੋਕਾਂ ਦੇ ਮਨਪ੍ਰਚਾਵੇ ਤੋਂ ਇਲਾਵਾ ਕੌਮੀ ਪ੍ਰੋਗਰਾਮਾਂ ਤੇ ਨੀਤੀਆਂ ਬਾਰੇ ਜਾਗਰੂਕਤਾ ਵੀ ਉਨ੍ਹਾਂ ਤੱਕ ਪੁਚਾਉਂਦਾ ਹੈ। ਇਸ ਕਾਰਜ ਲਈ ਰੇਡੀਓ, ਟੈਲੀਵਿਜ਼ਨ, ਅਖ਼ਬਾਰਾਂ, ਰਸਾਲੇ, ਕਿਤਾਬਾਂ ਅਤੇ ਫ਼ਿਲਮਾਂ ਆਦਿ ਸਾਧਨ ਹੁੰਦੇ ਹਨ। ਆਲ ਇੰਡੀਆ ਰੇਡੀਓ ਜਾਂ ਆਕਾਸ਼ਵਾਣੀ ਕੌਮੀ, ਖੇਤਰੀ ਤੇ ਇਲਾਕਾਈ ਪੱਧਰਾਂ ਉੱਤੇ ਕਈ ਭਾਸ਼ਾਵਾਂ ਵਿਚ ਵੱਖੋ-ਵੱਖ ਵਰਗਾਂ ਦੇ ਸਰੋਤਿਆਂ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਪ੍ਰੋਗਰਾਮ ਬ੍ਰਾਡਕਾਸਟ ਕਰਦੀ ਹੈ। ਦੂਰਦਰਸ਼ਨ (ਡੀ.ਡੀ.) ਦੇਸ਼ ਦਾ ਕੌਮੀ ਟੈਲੀਵਿਜ਼ਨ ਨੈੱਟਵਰਕ ਹੈ ਜੋ ਸੰਸਾਰ ਦੇ ਸਭ ਤੋਂ ਵੱਡੇ ਟੀ.ਵੀ. ਨੈੱਟਵਰਕਾਂ ਵਿੱਚੋਂ ਇਕ ਹੈ। ਇਹ ਕਈ ਪ੍ਰਕਾਰ ਦੇ ਪ੍ਰੋਗਰਾਮ ਜਿਵੇਂ ਕਿ ਮਨਪ੍ਰਚਾਵਾ, ਸਿੱਖਿਆ ਅਤੇ ਖੇਡਾਂ ਆਦਿ ਦੇ ਪ੍ਰੋਗਰਾਮ ਟੈਲੀਕਾਸਟ ਕਰਦਾ ਹੈ ਜੋ ਕਿ ਵੱਖੋ-ਵੱਖ ਉਮਰ ਵਰਗ ਦੇ ਦਰਸ਼ਕਾਂ ਲਈ ਹੁੰਦੇ ਹਨ। ਦੇਸ਼ ਵਿਚ ਬਹੁਤ ਵੱਡੀ ਗਿਣਤੀ ਵਿਚ ਰੋਜ਼ਾਨਾ ਅਤੇ ਹੋਰ ਮਿਆਦਾਂ ਦੇ ਅਖ਼ਬਾਰ ਤੇ ਰਸਾਲੇ ਪ੍ਰਕਾਸ਼ਿਤ ਹੁੰਦੇ ਹਨ। ਦੇਸ਼ ਵਿਚ 100 ਤੋਂ ਵੱਧ ਬੋਲੀਆਂ ਤੇ ਲਿਪੀਆਂ ਵਿਚ ਅਖ਼ਬਾਰ ਰੋਜ਼ ਛਪਦੇ ਹਨ। ਕੀ ਤੁਹਾਨੂੰ ਪਤਾ ਹੈ ਕਿ ਦੇਸ਼ ਵਿਚ ਸਭ ਤੋਂ ਵੱਧ ਅਖ਼ਬਾਰ ਹਿੰਦੀ ਵਿਚ ਛਪਦੇ ਹਨ ਤੇ ਫਿਰ ਦੂਸਰੇ ਨੰਬਰ 'ਤੇ ਅੰਗਰੇਜ਼ੀ ਅਤੇ ਤੀਸਰੇ ਨੰਬਰ 'ਤੇ ਉਰਦੂ ਬੋਲੀਆਂ ਆਉਂਦੀਆਂ ਹਨ।

ਭਾਰਤ ਸੰਸਾਰ ਭਰ ਵਿਚ ਸਭ ਤੋਂ ਵੱਧ ਫ਼ੀਚਰ ਫ਼ਿਲਮਾਂ ਦਾ ਸਾਲਾਨਾ ਨਿਰਮਾਣ ਕਰਦਾ ਹੈ। ਦੇਸ਼ ਵਿਚ ਛੋਟੀਆਂ (Short) ਫ਼ਿਲਮਾਂ, ਵੀਡੀਓ ਫ਼ਿਲਮਾਂ, ਫ਼ੀਚਰ ਫ਼ਿਲਮਾਂ, ਛੋਟੀਆਂ ਵੀਡਿਓ ਫ਼ਿਲਮਾਂ ਤੇ ਦਸਤਾਵੇਜ਼ੀ (Documentary) ਫ਼ਿਲਮਾਂ ਦਾ ਨਿਰਮਾਣ ਹੁੰਦਾ ਹੈ। ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫਿਕੇਸ਼ਨ, ਉਹ ਸੰਸਥਾ ਹੈ ਜੋ ਭਾਰਤੀ ਅਤੇ ਵਿਦੇਸ਼ੀ ਫ਼ਿਲਮਾਂ ਨੂੰ ਯੋਗਤਾ ਪ੍ਰਮਾਣ ਪੱਤਰ (Certificate) ਪ੍ਰਦਾਨ ਕਰਦੀ ਹੈ।

# ਕੌਮਾਂਤਰੀ ਵਪਾਰ (International Trade)

ਲੋਕਾਂ, ਰਾਜਾਂ (ਸੂਬਿਆਂ) ਤੇ ਦੇਸ਼ਾਂ ਵਿਚਾਲੇ ਸਮਾਨ-ਅਸਬਾਬ ਦੇ ਵਟਾਂਦਰੇ ਨੂੰ ਵਪਾਰ ਕਿਹਾ ਜਾਂਦਾ ਹੈ ਤੇ ਮੰਡੀ (Market) ਉਹ ਥਾਂ ਹੁੰਦੀ ਹੈ ਜਿਥੇ ਅਜਿਹਾ ਵਟਾਂਦਰਾ ਕੀਤਾ ਜਾਂਦਾ ਹੈ। ਦੋ ਦੇਸ਼ਾਂ ਵਿਚਾਲੇ ਵਪਾਰ ਨੂੰ ਕੌਮਾਂਤਰੀ ਵਪਾਰ ਕਿਹਾ ਜਾਂਦਾ ਹੈ ਜੋ ਕਿ ਧਰਾਤਲੀ, ਸਾਗਰੀ ਜਾਂ ਹਵਾਈ ਮਾਰਗਾਂ ਰਾਹੀਂ ਕੀਤਾ ਜਾ ਸਕਦਾ ਹੁੰਦਾ ਹੈ। ਇਸੇ ਦੌਰਾਨ ਸਥਾਨਕ ਵਪਾਰ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿਚਾਲੇ ਹੁੰਦਾ ਹੈ ਜਦੋਂ ਕਿ ਰਾਜਾਂ (ਸੂਬਿਆਂ) ਵਿਚਾਲੇ ਵਪਾਰ ਵੀ ਕੀਤਾ ਜਾਂਦਾ ਹੈ। ਕਿਸੇ ਦੇਸ਼ ਦਾ ਕੌਮਾਂਤਰੀ ਵਪਾਰ ਉਸਦੀ ਆਰਥਿਕ ਖੁਸ਼ਹਾਲੀ ਦਾ ਸੂਚਕ ਹੁੰਦਾ ਹੈ। ਮੰਨਿਆ ਜਾਂਦਾ ਹੈ ਕਿ ਕੌਮਾਂਤਰੀ ਵਪਾਰ ਹੀ ਦੇਸ਼ ਦੀ ਆਰਥਿਕਤਾ ਦਾ ਬੈਰੋਮੀਟਰ ਹੈ ਕਿਉਂਕਿ ਸਾਧਨ ਤਾਂ ਧਰਤੀ ਤੇ ਸਥਾਨਾਂ ਨਾਲ ਜੁੜੇ ਹੋਏ ਹੁੰਦੇ ਹਨ ਤੇ ਕੌਮਾਂਤਰੀ ਵਪਾਰ ਤੋਂ ਬਿਨਾਂ ਕਿਸੇ ਦੇਸ਼ ਦੀ ਗਤੀ ਹੀ ਨਹੀਂ ਹੁੰਦੀ।



ਵਪਾਰ ਦੇ ਦੋ ਹੀ ਤੱਤ ਹੁੰਦੇ ਹਨ; ਦਰਾਮਦ (ਆਯਾਤ-Import) ਤੇ ਬਰਾਮਦ (ਨਿਰਯਾਤ-Export) ਅਤੇ ਦੋਹਾਂ ਵਿਚਲਾ ਆਪਸੀ ਫ਼ਰਕ ਵਪਾਰਕ ਸਮਤੋਲ (Balance of Trade) ਕਹਾਉਂਦਾ ਹੈ। ਜਦੋਂ ਇਸ ਸਮਤੋਲ ਵਿਚ ਝੁਕਾਅ ਬਰਾਮਦ ਵੱਲ ਹੋ ਜਾਵੇ ਤਾਂ ਉਸਨੂੰ ਦੇਸ਼ ਪੱਖੀ ਸਮਤੋਲ ਕਿਹਾ ਜਾਂਦਾ ਹੈ ਭਾਵ favourable balance of trade ਤੇ ਜੇ ਝੁਕਾਅ ਦਰਾਮਦ ਵੱਲ ਹੋ ਜਾਵੇ ਤਾਂ unfavourable balance of trade ਦੀ ਨੌਬਤ ਆ ਜਾਂਦੀ ਹੈ ਤੇ ਇਹ ਸਥਿਤੀ ਕਿਸੇ ਵੀ ਦੇਸ਼ ਦੀ ਆਰਥਿਕਤਾ ਦੇ ਅਨੁਕੂਲ ਨਹੀਂ ਹੁੰਦੀ। ਭਾਰਤ ਦੇ ਕੌਮਾਂਤਰੀ ਵਪਾਰਕ ਸਬੰਧ ਦੁਨੀਆਂ ਦੇ ਸਾਰੇ ਵਪਾਰਕ ਬਲਾਕਾਂ ਤੇ ਹਰ ਭੂਗੋਲਿਕ ਖਿੱਤੇ ਦੇ ਦੇਸ਼ਾਂ ਨਾਲ ਹਨ। ਭਾਰਤ ਤੋਂ ਬਰਾਮਦ ਕੀਤੇ ਜਾਣ ਵਾਲੇ ਪਦਾਰਥਾਂ ਵਿਚ ਕੀਮਤੀ ਪੱਥਰ, ਗਹਿਣੇ, ਰਸਾਇਣ ਤੇ ਸਬੰਧਤ ਪਦਾਰਥ, ਖੇਤੀਬਾੜੀ ਨਾਲ ਸਬੰਧਤ ਵਸਤਾਂ ਆਦਿ ਹਨ। ਦਰਾਮਦ ਕੀਤੇ ਜਾਣ ਵਾਲੇ ਪਦਾਰਥਾਂ ਵਿਚ ਸਭ ਤੋਂ ਵੱਡਾ ਹਿੱਸਾ ਪੈਟਰੋਲੀਅਮ ਤੇ ਕੱਚੇ ਤੇਲ ਨਾਲ ਸਬੰਧਤ ਪਦਾਰਥਾਂ ਦਾ ਹੈ ਜਦੋਂ ਕਿ ਹੋਰ ਪਦਾਰਥ ਹਨ; ਰਸਾਇਣ ਤੇ ਸਬੰਧਤ ਪਦਾਰਥ, ਮੁੱਢਲੇ ਖਣਿਜ, ਇਲੈਕਟ੍ਰਾਨਿਕ ਵਸਤਾਂ, ਮਸ਼ੀਨਰੀ ਆਦਿ। ਭਾਰਤ, ਕੌਮਾਂਤਰੀ ਪੱਧਰ 'ਤੇ ਸਾਫ਼ਟਵੇਅਰ ਨਿਰਮਾਤਾ ਵਜੋਂ ਕਾਫ਼ੀ ਵੱਡਾ ਬਣ ਉਭਰਿਆ ਹੈ ਤੇ ਸੂਚਨਾ ਤਕਨੀਕ ਦੇ ਖੇਤਰ ਵਿਚ ਭਾਰਤ ਨੂੰ ਬਰਾਮਦਾਂ ਤੋਂ ਵਿਦੇਸ਼ੀ ਦੌਲਤ ਦਾ ਕਾਫ਼ੀ ਲਾਭ ਹੋ ਰਿਹਾ ਹੈ।

ਸੈਰ-ਸਪਾਟਾ (Tourism) ਵੀ ਵਪਾਰਕ ਸੈਰ-ਸਪਾਟੇ ਵਜੋਂ ਪਿਛਲੇ ਤਿੰਨ ਕੁ ਦਹਾਕਿਆਂ ਤੋਂ ਵਿਕਸਤ ਹੋਇਆ ਹੈ। ਸੈਲਾਨੀ ਅਤੇ ਸੈਰ-ਸਪਾਟਾ ਸਨਅਤ ਨਾਲ ਲਗਪਗ ਡੇਢ ਕਰੋੜ (15 ਮਿਲੀਅਨ) ਲੋਕ ਸਿੱਧੇ ਤੌਰ 'ਤੇ ਜੁੜੇ ਹਨ। ਇਹ ਸਨਅਤ ਕੌਮੀ ਏਕਤਾ ਵਿਚ ਵਾਧਾ ਕਰਨ ਤੋਂ ਇਲਾਵਾ ਸਥਾਨਕ ਹੱਥੀਂ ਕਿਰਤੀਆਂ, ਦਸਤਕਾਰਾਂ ਨੂੰ ਅਤੇ ਸਭਿਆਚਾਰਕ ਮਾਮਲਿਆਂ ਨੂੰ ਵੀ ਉਤਸ਼ਾਹਿਤ ਕਰਦੀ ਹੈ। ਇਹ ਸਾਡੇ ਸਭਿਆਚਾਰ ਤੇ ਵਿਰਾਸਤ ਨੂੰ ਕੌਮਾਂਤਰੀ ਪੱਧਰ 'ਤੇ ਗਿਆਨ ਅਤੇ ਜਾਣਕਾਰੀ ਦੇ ਰੂਪ ਵਿਚ ਪੇਸ਼ ਕਰਦੀ ਹੈ। ਵਿਦੇਸ਼ੀ ਸੈਲਾਨੀ ਵਿਰਾਸਤੀ ਸੈਰ-ਸਪਾਟੇ, ਵਾਤਾਵਰਨੀ, ਸੈਰ-ਸਪਾਟੇ, ਜਾਂਬਾਜ਼ੀ ਸੈਰ-ਸਪਾਟੇ, ਸਭਿਆਚਾਰਕ ਸੈਰ-ਸਪਾਟੇ, ਚਕਿਤਸਕ ਸੈਰ-ਸਪਾਟੇ ਤੇ ਕਾਰੋਬਾਰੀ ਸੈਰ-ਸਪਾਟੇ ਲਈ ਭਾਰਤ ਦੀ ਯਾਤਰਾ ਕਰਦੇ ਹਨ। ਅਸਲ ਵਿਚ ਇਨ੍ਹਾਂ ਖੇਤਰਾਂ ਵਿਚ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਹਾਲੇ ਤੱਕ ਕਾਫ਼ੀ ਮੈਦਾਨ ਖ਼ਾਲੀ ਵੀ ਪਿਆ ਹੈ। ਕੋਸ਼ਿਸ਼ ਜਾਰੀ ਹੈ ਕਿ ਟੂਰਿਜ਼ਮ ਜਾਂ ਸੈਰ-ਸਪਾਟਾ ਸਨਅਤ ਨੂੰ ਵੱਖੋ-ਵੱਖਰੀਆਂ ਕਿਸਮਾਂ ਦੇ ਰੂਪ ਵਿਚ ਉਤਸ਼ਾਹਿਤ ਤੇ ਵਿਕਸਤ ਕੀਤਾ ਜਾਵੇ।

## ਪ੍ਰੋਜੈਕਟ/ਕਿਰਿਆਵਾਂ

(i) ਭਾਰਤ ਵਿਚ ਵਿਰਾਸਤੀ ਸੈਰ-ਸਪਾਟੇ 'ਤੇ ਇਕ ਪ੍ਰਾਜੈਕਟ ਤਿਆਰ ਕਰੋ।

(ii) ਆਪਣੇ ਰਾਜ ਦੇ ਸੈਲਾਨੀ ਕੇਂਦਰਾਂ ਦਾ ਰੇਲ/ਸੜਕ/ਹਵਾਈ ਆਵਾਜਾਈ ਰਾਹੀਂ ਜੁੜੇ ਹੋਣ ਦਾ ਨਕਸ਼ਾ ਤਿਆਰ ਕਰੋ।

(ii) **ਆਪਣੀ ਸ਼੍ਰੇਣੀ ਵਿਚ ਵਿਚਾਰ ਕਰੋ ਤੇ ਵਿਆਖਿਆ ਕਰੋ :**

(ੳ) ਤੁਹਾਡੇ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਕਿਹੜੀ ਕਿਸਮ ਦੀ ਸੈਰ-ਸਪਾਟਾ ਸਨਅਤ ਵੱਧ ਵਿਕਸਤ ਕੀਤੀ ਜਾ ਸਕਦੀ ਹੈ ?

(ਅ) ਤੁਹਾਡੇ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਦਾ ਕਿਹੜਾ ਇਲਾਕਾ ਸੈਰ-ਸਪਾਟੇ ਦੇ ਵਿਕਾਸ ਲਈ ਵਧੇਰੇ ਸਹੀ ਹੈ ਤੇ ਕਿਉਂ ?

(ੲ) ਸਦੀਵੀਂ ਵਿਕਾਸ ਦੇ ਨਜ਼ਰੀਏ ਤੋਂ, ਸੈਲਾਨੀ ਸਨਅਤ ਕਿਸੇ ਇਲਾਕੇ ਦੇ ਆਰਥਿਕ ਵਿਕਾਸ ਵਿਚ ਕਿਵੇਂ ਸਹਾਈ ਹੋ ਸਕਦੀ ਹੈ ?

## ਅਭਿਆਸ

1. ਬਹੁ-ਚੋਣਵੇਂ ਪ੍ਰਸ਼ਨ :

(i) ਪੂਰਬ-ਪੱਛਮ ਗਲਿਆਰੇ ਸਬੰਧੀ ਕਿਹੜਾ ਜੋੜਾ ਸਭ ਤੋਂ ਵੱਧ ਦੂਰ ਅਤੇ ਸਹੀ ਹੈ ?

(ੳ) ਮੁੰਬਈ-ਨਾਗਪੁਰ (ਅ) ਮੁੰਬਈ-ਕੋਲਕਾਤਾ

(ੲ) ਸਿਲਚਰ-ਪੋਰਬੰਦਰ (ਸ) ਨਾਗਪੁਰ-ਸਿਲੀਗੁੜੀ

(ii) ਆਵਾਜਾਈ ਦੀ ਕਿਹੜੀ ਵੰਨਗੀ ਸ਼ਿੱਪਮੈਂਟ (ਵਪਾਰਕ ਆਵਾਜਾਈ) ਦੇ ਨੁਕਸਾਨਾਂ ਤੇ ਦੇਰੀ ਤੋਂ ਬਚਾਅ ਕਰਦੀ ਹੈ ?

(ੳ) ਰੇਲਵੇਜ਼ (ਅ) ਪਾਈਪਲਾਈਨਜ਼

(ੲ) ਰੋਡਵੇਜ਼ (ਸ) ਵਾਟਰਵੇਜ਼

(iii) ਇਨ੍ਹਾਂ ਵਿਚੋਂ ਕਿਹੜਾ ਰਾਜ H.V.J. ਪਾਈਪਲਾਈਨ ਨਾਲ ਜੁੜਿਆ ਹੋਇਆ ਨਹੀਂ ਹੈ ?

(ੳ) ਮੱਧ ਪ੍ਰਦੇਸ਼ (ਅ) ਮਹਾਰਾਸ਼ਟਰ

(ੲ) ਗੁਜਰਾਤ (ਸ) ਉੱਤਰ ਪ੍ਰਦੇਸ਼

(iv) ਪੂਰਬੀ ਤੱਟੀ ਇਲਾਕੇ ਵਿਚ ਹੇਠ ਲਿਖਿਆਂ ਵਿਚੋਂ ਕਿਹੜੀ ਬੰਦਰਗਾਹ ਸਭ ਤੋਂ ਡੂੰਘੀ ਤੇ ਚੁਫੇਰਿਓਂ ਘਿਰੀ ਹੋਣ ਕਾਰਨ ਸੁਰੱਖਿਅਤ ਹੈ ?

(ੳ) ਚੇਨਈ (ਅ) ਪਾਰਾਦੀਪ

(ੲ) ਤੂਤੀਕੋਰਿਨ (ਸ) ਵਿਸ਼ਾਖਾਪਟਨਮ

(v) ਭਾਰਤ ਵਿਚ ਆਵਾਜਾਈ ਦਾ ਕਿਹੜਾ ਢੰਗ ਸਭ ਤੋਂ ਵੱਧ ਹਰਮਨ ਪਿਆਰਾ ਹੈ ?

(ੳ) ਪਾਈਪਲਾਈਨ (ਅ) ਰੇਲਵੇਜ਼

(ੲ) ਰੋਡਵੇਜ਼ (ਸ) ਏਅਰਵੇਅਜ਼

(vi) ਦੋ ਜਾਂ ਵੱਧ ਦੇਸ਼ਾਂ ਵਿਚਾਲੇ ਵਪਾਰ ਨੂੰ ਹੇਠ ਲਿਖਿਆਂ ਵਿਚੋਂ ਕਿਹੜਾ ਨਾਮ ਸਭ ਤੋਂ ਵਧੀਆ ਦਰਸਾਉਂਦਾ ਹੈ ?

(ੳ) ਅੰਦਰੂਨੀ ਵਪਾਰ (ਅ) ਬਾਹਰੀ ਵਪਾਰ

(ੲ) ਕੌਮਾਂਤਰੀ ਵਪਾਰ (ਸ) ਸਥਾਨਕ ਵਪਾਰ

(vii) ਰਾਜ ਮਾਰਗਾਂ ਦੇ ਨਿਰਮਾਣ ਤੇ ਸੰਭਾਲ ਲਈ ਕੌਣ ਜ਼ਿੰਮੇਵਾਰ ਹੁੰਦਾ ਹੈ?

(ੳ) NHAI (ਅ) ਲੋਕ ਨਿਰਮਾਣ ਵਿਭਾਗ (P.W.D)

(ੲ) ਜ਼ਿਲ੍ਹਾ ਪ੍ਰੀਸ਼ਦਾਂ (ਸ) ਕੇਂਦਰ ਸਰਕਾਰ

(viii) ਸਟੈਂਡਰਡ ਗੇਜ (ਰੇਲ ਲੀਹਾਂ) ਦੀ ਚੌੜਾਈ ਕਿੰਨੀ ਹੁੰਦੀ ਹੈ?

(ੳ) 1676 ਮਿ.ਮੀ. (ਅ) 1435 ਮਿ.ਮੀ.

(ੲ) 1000 ਮਿ.ਮੀ. (ਸ) 1500 ਮਿ.ਮੀ.

(ix) ਭਾਰਤ ਦੀ ਸਭ ਤੋਂ ਵੱਡੀ ਬੰਦਰਗਾਹ ਕਿਹੜੀ ਹੈ?

(ੳ) ਚੇਨਈ (ਅ) ਹਲਦੀਆ

(ੲ) ਮੁੰਬਈ (ਸ) ਕਾਂਡਲਾ

(x) ਬੀ.ਆਰ.ਆਈ. ਦਾ ਪੂਰਾ ਨਾਮ ਕੀ ਹੈ?

(ੳ) ਰਿਜ਼ਰਵ ਬੈਂਕ ਆਫ਼ ਇੰਡੀਆ (ਅ) ਬੈਲਟ ਐਂਡ ਰੋਡ ਇਨੀਸ਼ੀਏਟਿਵ

(ੲ) ਬੈਲਟ ਐਂਡ ਰਿਜ਼ਰਵ ਆਫ਼ ਇੰਡੀਆ (ਸ) ਕੋਈ ਵੀ ਨਹੀਂ

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 30 ਸ਼ਬਦਾਂ ਤੱਕ ਦਿਓ :**

(i) ਸੜਕ ਮਾਰਗਾਂ (ਰੋਡਵੇਜ਼) ਦੇ ਕੋਈ ਤਿੰਨ ਗੁਣ ਲਿਖੋ।

(ii) ਰੇਲ ਆਵਾਜਾਈ ਕਿੱਥੇ ਤੇ ਕਿਉਂ ਸਭ ਤੋਂ ਵੱਧ ਸੌਖਾ ਆਵਾਜਾਈ ਦਾ ਸਾਧਨ ਹੈ ?

(iii) ਸਰਹੱਦੀ ਸੜਕਾਂ ਦਾ ਕੀ ਮਹੱਤਵ ਹੁੰਦਾ ਹੈ ?

(iv) ਵਪਾਰ ਤੋਂ ਕੀ ਭਾਵ ਹੈ ? ਕੌਮਾਂਤਰੀ ਤੇ ਸਥਾਨਕ ਵਪਾਰ ਵਿਚ ਕੀ ਅੰਤਰ ਹੈ ?

(v) ਆਵਾਜਾਈ ਤੇ ਸੰਚਾਰ ਨੈੱਟਵਰਕ ਦੀ ਕੀ ਲੋੜ ਹੈ?

(vi) ਸੁਨਹਿਰੀ ਚਤਰਭੁੱਜ ਉੱਤੇ ਇਕ ਨੋਟ ਲਿਖੋ।

(vii) ਜਲ ਆਵਾਜਾਈ ਦੇ ਕੋਈ ਚਾਰ ਲਾਭ ਲਿਖੋ।

(viii) ਭਾਰਤ ਦੀਆਂ ਪ੍ਰਮੁੱਖ ਹਵਾਈ ਆਵਾਜਾਈ ਕੰਪਨੀਆਂ ਦੇ ਨਾਮ ਲਿਖੋ।

**3. ਹੇਠ ਲਿਖਿਆਂ ਵਿਚੋਂ ਹਰ ਪ੍ਰਸ਼ਨ ਦਾ ਉੱਤਰ ਲਗਪਗ 120 ਸ਼ਬਦਾਂ ਵਿਚ ਦਿਓ :**

(i) ਆਵਾਜਾਈ ਤੇ ਸੰਚਾਰ ਦੇ ਸਾਧਨ ਕਿਸੇ ਦੇਸ਼ ਤੇ ਉੱਥੋਂ ਦੀ ਆਰਥਿਕਤਾ ਦੀ ਜਿੰਦ-ਜਾਨ ਕਿਉਂ ਮੰਨੇ ਜਾਂਦੇ ਹਨ ?

(ii) ਪਿਛਲੇ ਡੇਢ ਦਹਾਕੇ (15 ਸਾਲ) ਤੋਂ ਕੌਮਾਂਤਰੀ ਵਪਾਰ ਦੇ ਬਦਲ ਰਹੇ ਸਰੂਪ ਬਾਰੇ ਇਕ ਨੋਟ ਲਿਖੋ।

(iii) ਸੜਕ ਮਾਰਗਾਂ ਦੇ ਸੁਧਾਰ ਲਈ ਕੀ-ਕੀ ਕਦਮ ਚੁੱਕੇ ਜਾ ਰਹੇ ਹਨ ?

(iv) ਬੈਲਟ ਤੇ ਰੋਡ ਇਨੀਸ਼ੀਏਟਿਵ ਕੀ ਹੈ ਤੇ ਇਸ ਸਬੰਧੀ ਭਾਰਤ ਦੇ ਖਦਸ਼ੇ ਕੀ ਹਨ ?

(v) ਭਾਰਤ ਵਿੱਚ ਰੇਲਵੇ ਦੀ ਆਵਾਜਾਈ ਦੇ ਸਾਧਨ ਵਜੋਂ ਵਧੇਰੇ ਧਾਂਕ ਕਿਉਂ ਹੈ?

(vi) ਸੜਕ ਮਾਰਗਾਂ ਦਾ ਵਿਸਥਾਰ ਵਿੱਚ ਵਰਗੀਕਰਨ ਕਰੋ।

(vii) ਭਾਰਤੀ ਰੇਲ ਆਵਾਜਾਈ 'ਤੇ ਵਿਸਤ੍ਰਿਤ ਨੋਟ ਲਿਖੋ।

(viii) 'ਪਾਈਪ ਲਾਈਨਾਂ ਆਵਾਜਾਈ ਦਾ ਅਜੋਕਾ ਤੇ ਚੰਗੇਰਾ ਢੰਗ ਹਨ' ਕਿਵੇਂ?

(ix) ਜਲ ਆਵਾਜਾਈ ਦੇ ਲਾਭ ਤੇ ਕਮੀਆਂ ਦਾ ਆਪਸੀ ਮੁਕਾਬਲਾ ਕਰੋ।

(x) ਹੇਠ ਦਿੱਤਿਆਂ 'ਤੇ ਨੋਟ ਲਿਖੋ—

(ੳ) ਕੇਬਲ ਆਵਾਜਾਈ (ਅ) ਭਾਰਤ ਵਿੱਚ ਹਵਾਈ ਆਵਾਜਾਈ

(ੲ) ਐਕਸੇਲੈਂਸ ਐਕਸਪ੍ਰੈਸ ਹਾਈਵੇਜ਼ (ਸ) ਹਿਮ ਸਾਗਰ ਐਕਪ੍ਰੈਸ

# ਅਰਥਸ਼ਾਸਤਰ

# (Economics)





# 1

# ਅਰਥਸ਼ਾਸਤਰ - ਇੱਕ ਜਾਣ ਪਛਾਣ
# (ECONOMICS - AN INTRODUCTION)



## 1.1 ਭੂਮਿਕਾ (INTRODUCTION)

ਪਿਆਰੇ ਬੱਚਿਓ, ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਪਿੰਡ ਜਾਂ ਸ਼ਹਿਰ ਦਾ ਸਭ ਤੋਂ ਅਮੀਰ ਵਿਅਕਤੀ ਕੌਣ ਹੈ ? ਹਾਂ ! ਤੁਸੀਂ ਠੀਕ ਸੋਚਿਆ ਹੈ। ਉਹ........................ਹੈ। ਪਰ ਕੀ ਤੁਸੀਂ ਇਹ ਧਿਆਨ ਵਿੱਚ ਲਿਆਂਦਾ ਕਿ ਉਹ ਹੁਣ ਵੀ ਨਵੇਂ-ਨਵੇਂ ਕੰਮਾਂ ਤੇ ਲੱਗਿਆ ਹੋਇਆ ਹੈ ਤਾਂ ਕਿ ਉਹ ਹੋਰ ਵੱਧ ਧਨ ਕਮਾ ਸਕੇ। ਇਸ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਉਹ ਹੁਣ ਵੀ ਆਪਣੇ ਕੋਲ ਧਨ ਦੀ ਕਮੀ ਮਹਿਸੂਸ ਕਰਦਾ ਹੈ ਅਤੇ ਇਸਨੂੰ ਹੋਰ ਕਮਾਉਣਾ ਚਾਹੁੰਦਾ ਹੈ। ਇਹ ਗੱਲ ਸਿਰਫ਼ ਤੁਹਾਡੇ ਪਿੰਡ ਜਾਂ ਸ਼ਹਿਰ ਦੇ ਉਸ ਅਮੀਰ ਵਿਅਕਤੀ ਲਈ ਹੀ ਢੁਕਵੀਂ ਨਹੀਂ ਹੈ, ਬਲਕਿ ਹਰੇਕ ਵਿਅਕਤੀ ਲਈ ਸਹੀ ਹੈ। ਹਰੇਕ ਵਿਅਕਤੀ ਵੱਧ ਤੋਂ ਵੱਧ ਧਨ ਕਮਾਉਣਾ ਚਾਹੁੰਦਾ ਹੈ ਤਾਂ ਕਿ ਉਹ ਆਪਣੀਆਂ ਅਸੀਮਿਤ ਜ਼ਰੂਰਤਾਂ ਨੂੰ ਪੂਰਾ ਕਰ ਸਕੇ। ਇਸ ਤੋਂ ਇਲਾਵਾ ਹਰੇਕ ਵਿਅਕਤੀ ਉਹਨਾਂ ਨਿਯਮਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦਾ ਹੈ, ਜੋ ਉਸ ਦੀ ਆਪਣੇ ਧਨ ਦੀ ਸਹੀ ਵਰਤੋਂ ਕਰਨ ਵਿੱਚ ਮਦਦ ਕਰ ਸਕਣ। ਇਹਨਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ, ਸਾਨੂੰ ਇੱਕ ਵਿਸ਼ੇ ਦੀ ਲੋੜ ਹੈ, ਜੋ ਸਾਨੂੰ ਇਹ ਸਾਰੇ ਨਿਯਮ ਪ੍ਰਦਾਨ ਕਰਵਾ ਸਕੇ ਅਤੇ ਉਸ ਵਿਸ਼ੇ ਨੂੰ ਹੀ ਅਰਥਸ਼ਾਸਤਰ ਕਿਹਾ ਜਾਂਦਾ ਹੈ। ਪਰ ਇਸ ਤੋਂ ਪਹਿਲਾਂ ਕਿ ਅਸੀਂ ਇਹਨਾਂ ਨਿਯਮਾਂ ਨੂੰ ਪੜ੍ਹੀਏ, ਸਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਅਸਲ ਵਿੱਚ ਅਰਥਸ਼ਾਸਤਰ ਤੋਂ ਕੀ ਭਾਵ ਹੈ ?

ਅਰਥਸ਼ਾਸਤਰ ਨੂੰ ਅੰਗਰੇਜ਼ੀ ਭਾਸ਼ਾ ਵਿੱਚ ***'Economics'*** ਕਿਹਾ ਜਾਂਦਾ ਹੈ ਜੋ ਕਿ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ***'OIKOS'*** ਅਤੇ ***'NEMEIN'*** ਤੋਂ ਮਿਲ ਕੇ ਬਣਿਆ ਹੈ, ਜਿਸ ਵਿੱਚ ***OIKOS*** ਤੋਂ ਭਾਵ ਹੈ ਘਰੇਲੂ ਅਤੇ ***NEMEIN*** ਤੋਂ ਭਾਵ ਹੈ ਪ੍ਰਬੰਧ। ਇਸ ਤਰ੍ਹਾਂ, ਅਰਥਸ਼ਾਸਤਰ ਤੋਂ ਭਾਵ ਇੱਕ ਅਜਿਹੇ ਵਿਸ਼ੇ ਤੋਂ ਹੈ ਜਿਸਦਾ ਸੰਬੰਧ ਘਰੇਲੂ ਪ੍ਰਬੰਧ ਨਾਲ ਹੈ। ਇਸ ਵਿੱਚ ਉਹ ਸਾਰੀਆਂ ਵਿਧੀਆਂ ਸ਼ਾਮਲ ਕੀਤੀਆਂ ਜਾਂਦੀਆਂ ਹਨ, ਜਿਹਨਾਂ ਦੀ ਮਦਦ ਨਾਲ ਇੱਕ ਵਿਅਕਤੀ ਆਪਣੇ ਘਰ ਦਾ ਪ੍ਰਬੰਧ ਚਲਾ ਸਕਦਾ ਹੈ ਜਾਂ ਸਰਕਾਰ ਦੇਸ਼ ਦਾ ਪ੍ਰਬੰਧ ਚਲਾ ਸਕਦੀ ਹੈ। ਪਰ ਹੁਣ ਮੁੱਖ ਪ੍ਰਸ਼ਨ ਇਹ ਉੱਠਦਾ ਹੈ ਕਿ ਘਰੇਲੂ ਪ੍ਰਬੰਧ ਜਾਂ ਦੇਸ਼ ਦੇ ਪ੍ਰਬੰਧ ਤੋਂ ਕੀ ਭਾਵ ਹੈ ?

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸਾਡੀਆਂ ਜ਼ਰੂਰਤਾਂ ਅਸੀਮਿਤ ਹਨ, ਪਰ ਉਹਨਾਂ ਜ਼ਰੂਰਤਾਂ ਨੂੰ ਪੂਰਾ ਕਰਨ ਵਾਲੇ ਸਾਧਨ ਇੱਕ ਤਾਂ ਸੀਮਿਤ ਹਨ ਅਤੇ ਦੂਜੇ ਉਹਨਾਂ ਦੇ ਵਿਕਲਪਿਕ ਪ੍ਰਯੋਗ ਹਨ ਭਾਵ ਜੋ ਸਾਧਨ ਸਾਡੇ ਕੋਲ਼ ਮੌਜੂਦ ਹੁੰਦੇ

ਹਨ, ਅਸੀਂ ਉਹਨਾਂ ਦੀ ਕਈ ਤਰ੍ਹਾਂ ਨਾਲ਼ ਵਰਤੋਂ ਕਰ ਸਕਦੇ ਹਾਂ। ਉਦਾਹਰਣ ਦੇ ਤੌਰ ਤੇ, ਤੁਹਾਡੀ ਜੇਬ ਵਿੱਚ ਮੌਜੂਦ 100 ਰੁਪਏ ਸੀਮਿਤ ਹਨ, ਜਿਹਨਾਂ ਨਾਲ ਤੁਸੀਂ ਆਪਣੀਆਂ ਸੀਮਿਤ ਜ਼ਰੂਰਤਾਂ ਹੀ ਪੂਰੀਆਂ ਕਰ ਸਕਦੇ ਹੋ ਅਤੇ ਇਸ ਦੇ ਨਾਲ਼-ਨਾਲ਼ ਇਹਨਾਂ 100 ਰੁਪਇਆਂ ਨੂੰ ਕਈ ਤਰੀਕੇ ਨਾਲ ਵਰਤਿਆ ਜਾ ਸਕਦਾ ਹੈ। ਇਸ ਲਈ ਸਾਨੂੰ ਆਪਣੇ ਘਰ ਦੇ ਲਈ ਬਜਟ ਤਿਆਰ ਕਰਨਾ ਪੈਂਦਾ ਹੈ ਜਿਸ ਵਿੱਚ ਅਸੀਂ ਆਪਣੀਆਂ ਲੋੜਾਂ ਦੀ ਤੀਬਰਤਾ ਅਤੇ ਆਪਣੀਆਂ ਪ੍ਰਾਥਮਿਕਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਲੋੜਾਂ ਨੂੰ ਇੱਕ ਲੜੀ ਪ੍ਰਦਾਨ ਕਰਵਾਉਂਦੇ ਹਾਂ, ਜਿਸ ਵਿੱਚ ਸਭ ਤੋਂ ਤੀਬਰ ਲੋੜ ਨੂੰ ਲੜੀ ਵਿੱਚ ਸਭ ਤੋਂ ਉੱਪਰ ਰੱਖਿਆ ਜਾਂਦਾ ਹੈ ਅਤੇ ਜਿਵੇਂ-ਜਿਵੇਂ ਇਹ ਤੀਬਰਤਾ ਘਟਦੀ ਹੈ, ਅਸੀਂ ਉਸ ਲੋੜ ਨੂੰ ਲੜੀ ਵਿੱਚ ਹੇਠਾਂ ਰੱਖਦੇ ਹਾਂ। ਇਸ ਤਰ੍ਹਾਂ ਦੇ ਕਾਰਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ, ਸਰਕਾਰ ਵੀ ਪੂਰੀ ਦੀ ਪੂਰੀ ਅਰਥਵਿਵਸਥਾ ਲਈ ਬਜਟ ਤਿਆਰ ਕਰਦੀ ਹੈ ਕਿਉਂਕਿ ਸਰਕਾਰ ਦੀ ਆਮਦਨ ਵੀ ਸੀਮਿਤ ਹੈ ਅਤੇ ਸਰਕਾਰ ਦੀਆਂ ਜ਼ਰੂਰਤਾਂ ਵੀ ਅਸੀਮਿਤ ਹਨ। ਇਹ ਦੋਵੇਂ ਭਾਵ ਵਿਅਕਤੀ ਅਤੇ ਸਰਕਾਰ ਜਦੋਂ ਵੀ ਇਹ ਬਜਟ ਤਿਆਰ ਕਰਦੇ ਹਨ, ਤਾਂ ਇਸ ਲਈ ਕੁਝ ਨਿਯਮਾਂ ਨੂੰ ਜ਼ਰੂਰ ਧਿਆਨ ਵਿੱਚ ਰੱਖਦੇ ਹਨ ਅਤੇ ਇਹ ਨਿਯਮ ਅਰਥਸ਼ਾਸਤਰ ਦੁਆਰਾ ਪ੍ਰਦਾਨ ਕਰਵਾਏ ਜਾਂਦੇ ਹਨ ਤਾਂ ਕਿ ਘਰ ਜਾਂ ਦੇਸ਼ ਦਾ ਪ੍ਰਬੰਧ ਸੁਚੱਜੇ ਢੰਗ ਨਾਲ਼ ਚਲਾਇਆ ਜਾ ਸਕੇ।




ਅਰਥਸ਼ਾਸਤਰ ਤੋਂ ਭਾਵ ਘਰੇਲੂ ਪ੍ਰਬੰਧ ਤੋਂ ਹੈ। ਇਹ ਇਸ ਨਾਲ਼ ਸੰਬੰਧਿਤ ਹੈ ਕਿ ਕਿਵੇਂ ਇੱਕ ਵਿਅਕਤੀ ਅਤੇ ਦੇਸ਼ ਆਪਣੇ ਸੀਮਿਤ ਸਾਧਨਾਂ, ਜਿਹਨਾਂ ਦੇ ਵਿਕਲਪਿਕ ਪ੍ਰਯੋਗ ਹਨ, ਦੀ ਕੁਸ਼ਲ ਵਰਤੋਂ ਕਰਦੇ ਹਨ, ਤਾਂ ਕਿ ਵਿਅਕਤੀਗਤ ਅਤੇ ਸਮਾਜਿਕ ਕਲਿਆਣ ਨੂੰ ਅਧਿਕਤਮ ਕੀਤਾ ਜਾ ਸਕੇ।

## 1.2 ਅਰਥਸ਼ਾਸਤਰ ਦੀਆਂ ਪਰਿਭਾਸ਼ਾਵਾਂ (DEFINITIONS OF ECONOMICS)

ਅਰਥਸ਼ਾਸਤਰ ਦਾ ਵਿਸ਼ਾ ਖੇਤਰ ਬਹੁਤ ਵੱਡਾ ਹੈ, ਇਸ ਲਈ ਇਸ ਵਿਸ਼ੇ ਦੀ ਕੋਈ ਇੱਕ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਇਸ ਲਈ ਵੱਖ-ਵੱਖ ਅਰਥਸ਼ਾਸਤਰੀਆਂ ਨੇ ਇਸ ਦੇ ਵੱਖ-ਵੱਖ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਵਿਸ਼ੇ ਦੀਆਂ ਕਈ ਪਰਿਭਾਸ਼ਾਵਾਂ ਪ੍ਰਦਾਨ ਕਰਵਾਈਆਂ ਹਨ। ਇਹਨਾਂ ਪਰਿਭਾਸ਼ਾਵਾਂ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ:

### 1.2.1 ਧਨ ਸੰਬੰਧੀ ਪਰਿਭਾਸ਼ਾ (Wealth Definition)

ਅਰਥਸ਼ਾਸਤਰ ਦੀ ਸਭ ਤੋਂ ਪਹਿਲੀ ਅਤੇ ਵਿਵਸਥਿਤ ਪਰਿਭਾਸ਼ਾ 1776 ਈ. ਵਿੱਚ ਪ੍ਰਸਿੱਧ ਅਰਥਸ਼ਾਸਤਰੀ ਅਤੇ ਅਰਥਸ਼ਾਸਤਰ ਦੇ ਪਿਤਾ ***ਐਡਮ ਸਮਿਥ*** ਨੇ ਆਪਣੀ ਲਿਖੀ ਪ੍ਰਸਿੱਧ ਕਿਤਾਬ ***"An Enquiry into the Nature and Causes of Wealth of Nations"*** ਵਿੱਚ ਪ੍ਰਦਾਨ ਕਰਵਾਈ ਸੀ।

***ਉਹਨਾਂ ਦੇ ਅਨੁਸਾਰ, "ਅਰਥਸ਼ਾਸਤਰ ਰਾਸ਼ਟਰਾਂ ਦੇ ਧਨ ਦੇ ਸੁਭਾਅ ਅਤੇ ਕਾਰਨਾਂ ਦੀ ਜਾਂਚ-ਪੜਤਾਲ ਹੈ।"***

ਉਹਨਾਂ ਨੇ ਇਸ ਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਅਰਥਸ਼ਾਸਤਰ ਦਾ ਮੁੱਖ ਵਿਸ਼ਾ ਧਨ ਅਤੇ ਧਨ ਨਾਲ ਸੰਬੰਧਿਤ ਸਾਰੀਆਂ ਤਰ੍ਹਾਂ ਦੀਆਂ ਆਰਥਿਕ ਕਿਰਿਆਵਾਂ ਹਨ। ਅਰਥਸ਼ਾਸਤਰ ਸਾਨੂੰ ਇਹ ਗਿਆਨ ਪ੍ਰਦਾਨ ਕਰਵਾਉਂਦਾ ਹੈ ਕਿ "ਰਾਸ਼ਟਰਾਂ ਦੇ ਧਨ ਤੋਂ ਕੀ ਭਾਵ ਹੈ?", "ਇਸ ਧਨ ਦੀ ਮਾਤਰਾ ਨੂੰ ਕਿਵੇਂ ਵਧਾਇਆ ਜਾ ਸਕਦਾ ਹੈ?", "ਜੇਕਰ ਕੋਈ ਦੇਸ਼ ਵਿਕਾਸ ਕਰਨਾ ਚਾਹੁੰਦਾ ਹੈ, ਤਾਂ ਇਸ ਧਨ ਦੀ ਬੱਚਤ ਅਤੇ ਨਿਵੇਸ਼ ਕਿਵੇਂ ਕਰਨਾ ਚਾਹੀਦਾ ਹੈ?" ਆਦਿ।

### 1.2.2 ਭੌਤਿਕ ਕਲਿਆਣ ਸੰਬੰਧੀ ਪਰਿਭਾਸ਼ਾ (Material Welfare Definition)

ਆਪਣੀ ਪਰਿਭਾਸ਼ਾ ਵਿੱਚ ਧਨ ਨੂੰ ਲੋੜ ਤੋਂ ਵੱਧ ਮਹੱਤਵ ਦੇਣ ਕਰਕੇ ਐਡਮ ਸਮਿਥ ਦੀ ਬਹੁਤ ਆਲੋਚਨਾ ਕੀਤੀ ਗਈ। ਉਹਨਾਂ ਤੋਂ ਬਾਅਦ ਪ੍ਰਸਿੱਧ ਅਰਥਸ਼ਾਸਤਰੀ ***ਐਡਵਰਡ ਮਾਰਸ਼ਲ*** ਨੇ 1890 ਈ. ਵਿੱਚ ਲਿਖੀ ਆਪਣੀ ਕਿਤਾਬ ***"Principles of Economics"*** ਵਿੱਚ ਅਰਥਸ਼ਾਸਤਰ ਦੀ ਭੌਤਿਕ ਕਲਿਆਣ ਸੰਬੰਧੀ ਪਰਿਭਾਸ਼ਾ ਦਿੱਤੀ।

ਮਾਰਸ਼ਲ ਦੇ ਅਨੁਸਾਰ, "ਅਰਥਸ਼ਾਸਤਰ ਜੀਵਨ ਦੇ ਸਧਾਰਨ ਕਿੱਤੇ ਦੇ ਸੰਬੰਧ ਵਿੱਚ ਮਾਨਵ ਜਾਤੀ ਦਾ ਅਧਿਐਨ ਹੈ। ਇਹ ਵਿਅਕਤੀਗਤ ਅਤੇ ਸਮਾਜਿਕ ਕੰਮਾਂ ਦੇ ਉਸ ਭਾਗ ਦਾ ਅਧਿਐਨ ਕਰਦਾ ਹੈ, ਜਿਸਦਾ ਗਹਿਰਾ ਸੰਬੰਧ ਕਲਿਆਣ ਪ੍ਰਦਾਨ ਕਰਵਾਉਣ ਵਾਲੇ ਭੌਤਿਕ ਪਦਾਰਥਾਂ ਦੀ ਪ੍ਰਾਪਤੀ ਅਤੇ ਉਹਨਾਂ ਦੀ ਵਰਤੋਂ ਕਰਨ ਨਾਲ ਹੈ।"

ਇਸ ਪਰਿਭਾਸ਼ਾ ਵਿੱਚ, ਮਾਰਸ਼ਲ ਨੇ ਅਰਥਸ਼ਾਸਤਰ ਨੂੰ ਉਹਨਾਂ ਸਾਰੀਆਂ ਕਿਰਿਆਵਾਂ ਦਾ ਅਧਿਐਨ ਮੰਨਿਆ ਜੋ ਕਿ ਇੱਕ ਸਮਾਜਿਕ ਮਨੁੱਖ ਦੁਆਰਾ (ਜੋ ਕਿ ਸਮਾਜ ਵਿੱਚ ਰਹਿੰਦਾ ਹੈ) ਕੀਤੀਆਂ ਜਾਂਦੀਆਂ ਹਨ, ਜਿਹਨਾਂ ਦੁਆਰਾ ਉਹ ਉਹਨਾਂ ਸਾਰੀਆਂ ਭੌਤਿਕ ਵਸਤੂਆਂ ਨੂੰ ਪ੍ਰਾਪਤ ਕਰਨ ਅਤੇ ਉਹਨਾਂ ਦੀ ਵਰਤੋਂ ਕਰਨ ਦੀ ਕੋਸ਼ਸ਼ ਕਰਦਾ ਹੈ, ਜਿਸ ਦੁਆਰਾ ਉਸਨੂੰ

ਸੰਤੁਸ਼ਟੀ ਜਾਂ ਕਲਿਆਣ ਦੀ ਪ੍ਰਾਪਤੀ ਹੋ ਸਕੇ। ਉਹਨਾਂ ਨੇ ਆਪਣੀ ਪਰਿਭਾਸ਼ਾ ਵਿੱਚ ਇਸ ਗੱਲ ਨੂੰ ਸਪੱਸ਼ਟ ਕੀਤਾ ਕਿ ਕਲਿਆਣ ਸਿਰਫ਼ ਭੌਤਿਕ ਵਸਤੂਆਂ, ਭਾਵ ਜਿਹਨਾਂ ਦਾ ਕੋਈ ਅਕਾਰ, ਭਾਰ, ਰੰਗ, ਰੂਪ ਆਦਿ ਹੁੰਦਾ ਹੈ ਅਤੇ ਜਿਹਨਾਂ ਨੂੰ ਛੂਹਿਆ ਜਾ ਸਕਦਾ ਹੈ, ਤੋਂ ਹੀ ਮਿਲਦਾ ਹੈ। ਜੀਵਨ ਦੇ ਸਧਾਰਨ ਕਿੱਤੇ ਤੋਂ ਉਹਨਾਂ ਦਾ ਭਾਵ, ਇੱਕ ਮਨੁੱਖ ਦੀਆਂ ਉਹਨਾਂ ਸਾਰੀਆਂ ਕਿਰਿਆਵਾਂ ਤੋਂ ਸੀ ਜਿਹਨਾਂ ਦਾ ਸੰਬੰਧ ਆਮਦਨ ਨੂੰ ਕਮਾਉਣ ਅਤੇ ਉਸਨੂੰ ਵੱਖ-ਵੱਖ ਵਸਤੂਆਂ ਤੇ ਖ਼ਰਚ ਕਰਨ ਨਾਲ਼ ਹੈ।

ਇਸ ਲਈ, ਅਸੀਂ ਕਹਿ ਸਕਦੇ ਹਾਂ ਕਿ ਅਰਥਸ਼ਾਸਤਰ ਇੱਕ ਅਜਿਹਾ ਵਿਸ਼ਾ ਹੈ ਜੋ ਮਨੁੱਖ ਦੇ ਉਹਨਾਂ ਸਾਰੇ ਕੰਮਾਂ ਦਾ ਅਧਿਐਨ ਕਰਦਾ ਹੈ ਜਿਹਨਾਂ ਦਾ ਸੰਬੰਧ ਉਹਨਾਂ ਸੀਮਿਤ ਸਾਧਨਾਂ, ਜਿਨ੍ਹਾਂ ਦੇ ਵਿਕਲਪਿਕ ਪ੍ਰਯੋਗ ਹਨ, ਦੀ ਪ੍ਰਾਪਤੀ ਅਤੇ ਵਰਤੋਂ ਕਰਨ ਨਾਲ਼ ਹੈ ਤਾਂ ਕਿ ਵੱਧ ਤੋਂ ਵੱਧ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ।




## ਕਿਰਿਆ

1. ਆਪਣੀਆਂ ਕੁਝ ਰੋਜ਼ਾਨਾ ਜ਼ਰੂਰਤਾਂ ਦੀ ਇੱਕ ਸੂਚੀ ਤਿਆਰ ਕਰੋ, ਜਿਸ ਵਿੱਚ ਤੁਹਾਨੂੰ ਦੁਰਲੱਭਤਾ ਦਾ ਸਾਹਮਣਾ ਕਰਨਾ ਪੈਂਦਾ ਹੈ।
2. ਅਸੀਮਿਤ ਸਾਧਨਾਂ ਅਤੇ ਸੀਮਿਤ ਲੋੜਾਂ ਦੀ ਕੋਈ ਇੱਕ ਉਦਾਹਰਨ ਪ੍ਰਦਾਨ ਕਰੋ।
3. ਭੌਤਿਕ ਵਸਤੂਆਂ ਕੀ ਹੁੰਦੀਆਂ ਹਨ?

## 1.3 ਅਰਥਸ਼ਾਸ਼ਤਰ ਦੀਆਂ ਸ਼ਾਖਾਵਾਂ (BRANCHES OF ECONOMICS)


ਅਰਥਸ਼ਾਸਤਰ ਦੀਆਂ ਸ਼ਾਖਾਵਾਂ ਦਾ ਨਿਰਮਾਣ ਆਰਥਿਕ ਕਿਰਿਆਵਾਂ ਦੇ ਪੱਧਰ ਦੇ ਆਧਾਰ ਤੇ ਕੀਤਾ ਗਿਆ ਹੈ, ਜਿਹਨਾਂ ਆਰਥਿਕ ਕਿਰਿਆਵਾਂ ਦਾ ਅਧਿਐਨ ਤੁਸੀਂ ਆਪਣੀ ਪਿਛਲੀ ਜਮਾਤ ਵਿੱਚ ਕਰ ਚੁੱਕੇ ਹੋ। ਆਰਥਿਕ ਕਿਰਿਆਵਾਂ ਦੇ ਪੱਧਰ ਤੋਂ ਭਾਵ ਇਹਨਾਂ ਦੇ ਛੋਟੇ ਜਾਂ ਵੱਡੇ ਪੱਧਰ ਤੋਂ ਹੈ। ਇਸ ਆਧਾਰ ਤੇ ਅਰਥਸ਼ਾਸਤਰ ਦੀਆਂ ਦੋ ਸ਼ਾਖਾਵਾਂ, ਵਿਅਸ਼ਟੀ ਅਰਥਸ਼ਾਸਤਰ ਅਤੇ ਸਮੱਸ਼ਟੀ ਅਰਥਸ਼ਾਸਤਰ ਹਨ।

### 1.3.1 ਵਿਅਸ਼ਟੀ ਅਰਥਸ਼ਾਸਤਰ (Micro Economics)

ਵਿਅਸ਼ਟੀ ਅਰਥਸ਼ਾਸਤਰ ਨੂੰ ਅੰਗਰੇਜ਼ੀ ਭਾਸ਼ਾ ਵਿੱਚ ***MICRO ECONOMICS*** ਕਿਹਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ ***MICRO,*** ਯੂਨਾਨੀ ਭਾਸ਼ਾ ਦੇ ਸ਼ਬਦ ***MIKROS*** ਤੋਂ ਲਿਆ ਗਿਆ ਹੈ, ਜਿਸ ਤੋਂ ਭਾਵ ਹੈ ਛੋਟਾ। ਇਸ ਲਈ ਵਿਅਸ਼ਟੀ ਅਰਥਸ਼ਾਸਤਰ ਵਿੱਚ ਆਰਥਿਕ ਕਿਰਿਆਵਾਂ ਦਾ ਅਧਿਐਨ ਛੋਟੇ ਪੱਧਰ ਤੇ ਭਾਵ ਇੱਕ ਵਿਅਕਤੀ, ਇੱਕ ਪਰਿਵਾਰ ਆਦਿ ਤੇ ਕੀਤਾ ਜਾਂਦਾ ਹੈ। ਵਿਅਸ਼ਟੀ ਅਰਥਸ਼ਾਸਤਰ ਦੇ ਵਿਸ਼ਾ ਖੇਤਰ ਵਿੱਚ ਮੁੱਖ ਤੌਰ ਤੇ ਮੰਗ ਦਾ ਸਿਧਾਂਤ, ਪੂਰਤੀ ਦਾ ਸਿਧਾਂਤ, ਉਤਪਾਦਨ ਦਾ ਸਿਧਾਂਤ, ਲਾਗਤ ਦਾ ਸਿਧਾਂਤ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

### 1.3.2 ਸਮੱਸ਼ਟੀ ਅਰਥਸ਼ਾਸਤਰ (Macro Economics)

ਸਮੱਸ਼ਟੀ ਅਰਥਸ਼ਾਸਤਰ ਨੂੰ ਅੰਗਰੇਜ਼ੀ ਭਾਸ਼ਾ ਵਿੱਚ ***MACRO ECONOMICS*** ਕਿਹਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ ***MACRO***, ਯੂਨਾਨੀ ਭਾਸ਼ਾ ਦੇ ਸ਼ਬਦ ***MAKROS*** ਤੋਂ ਲਿਆ ਗਿਆ ਹੈ, ਜਿਸ ਤੋਂ ਭਾਵ ਹੈ ਵੱਡਾ। ਇਸ ਲਈ ਸਮੱਸ਼ਟੀ ਅਰਥਸ਼ਾਸਤਰ ਵਿੱਚ ਆਰਥਿਕ ਕਿਰਿਆਵਾਂ ਦਾ ਅਧਿਐਨ ਵੱਡੇ ਪੱਧਰ ਭਾਵ ਪੂਰੀ ਦੀ ਪੂਰੀ ਅਰਥਵਿਵਸਥਾ ਦੇ ਪੱਧਰ ਤੇ ਕੀਤਾ ਜਾਂਦਾ ਹੈ। ਸਮੱਸ਼ਟੀ ਅਰਥਸ਼ਾਸਤਰ ਦੇ ਵਿਸ਼ਾ ਖੇਤਰ ਵਿੱਚ ਮੁੱਖ ਤੌਰ ਤੇ ਕੁੱਲ ਮੰਗ, ਕੁੱਲ ਪੂਰਤੀ, ਕੁੱਲ ਉਪਭੋਗ, ਰਾਸ਼ਟਰੀ ਆਮਦਨ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ।



**ਕਿਰਿਆ**

ਵਿਅਸ਼ਟੀ ਅਤੇ ਸਮੱਸ਼ਟੀ ਅਰਥਸ਼ਾਸਤਰ ਵਿੱਚ ਅੰਤਰ

| ਅੰਤਰ ਦਾ ਆਧਾਰ | ਵਿਅਸ਼ਟੀ ਅਰਥਸ਼ਾਸਤਰ | ਸਮੱਸ਼ਟੀ ਅਰਥਸ਼ਾਸਤਰ |
|---|---|---|
| ਸ਼ਬਦ ਦੀ ਉੱਤਪਤੀ | | |
| ਖੇਤਰ | | |
| ਵਿਸ਼ਾ ਵਸਤੂ ਦੀ ਉਦਾਹਰਣ | | |
| | | |

## 1.4 ਸਮੱਸ਼ਟੀ ਅਰਥਸ਼ਾਸਤਰ ਨਾਲ ਸੰਬੰਧਿਤ ਧਾਰਨਾਵਾਂ (CONCEPTS RELATED TO MACRO ECONOMICS)

### 1.4.1 ਉਪਭੋਗ (Consumption) :

ਆਮਤੌਰ ਤੇ ਉਪਭੋਗ ਦਾ ਅਰਥ ਕਿਸੇ ਵੀ ਵਸਤੂ ਨੂੰ ਖਾਣ ਤੋਂ ਲਿਆ ਜਾਂਦਾ ਹੈ। ਪਰ ਅਰਥਸ਼ਾਸਤਰ ਵਿੱਚ ਉਪਭੋਗ ਤੋਂ ਭਾਵ ਵੱਖ-ਵੱਖ ਤਰ੍ਹਾਂ ਦੀਆਂ ਵਸਤੂਆਂ ਅਤੇ ਸੇਵਾਵਾਂ ਦੀ ਵਰਤੋਂ ਕਰਨ ਨਾਲ਼ ਹੈ, ਜਿਸ ਨਾਲ਼ ਪ੍ਰਤੱਖ ਸੰਤੁਸ਼ਟੀ ਪ੍ਰਾਪਤ ਹੋ ਸਕੇ। ਜਦੋਂ ਅਸੀਂ ਕਿਸੇ ਵੀ ਵਸਤੂ ਜਾਂ ਸੇਵਾ ਦੀ ਵਰਤੋਂ ਕਰਦੇ ਹਾਂ, ਇਸ ਦਾ ਅਰਥ ਹੈ ਕਿ ਅਸੀਂ ਉਸ ਵਸਤੂ ਜਾਂ ਸੇਵਾ ਦਾ ਉਪਭੋਗ ਕਰ ਰਹੇ ਹਾਂ ਅਤੇ ਜਦੋਂ ਇਹ ਹੁੰਦਾ ਹੈ ਤਾਂ ਸਾਡੀ ਕੋਈ ਨਾ ਕੋਈ ਲੋੜ ਪੂਰੀ ਹੋ ਜਾਂਦੀ ਹੈ ਅਤੇ ਇਸ ਦੇ ਬਦਲੇ ਸਾਨੂੰ ਸੰਤੁਸ਼ਟੀ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਅਸੀਂ ਕਿਸੇ ਪੈੱਨ, ਕਾਪੀ, ਕੱਪੜਿਆਂ, ਬੈੱਡ, ਬੈਂਚ, ਪੱਖੇ ਆਦਿ ਦੀ ਵਰਤੋਂ ਕਰ ਰਹੇ ਹੁੰਦੇ ਹਾਂ, ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਅਸੀਂ ਇਹਨਾਂ ਦਾ ਉਪਭੋਗ ਕਰ ਰਹੇ ਹੁੰਦੇ ਹਾਂ। ਇਸ ਤਰ੍ਹਾਂ ਹੀ ਟਿਊਸ਼ਨ ਪੜ੍ਹਨਾ, ਕਿਸੇ ਡਾਕਟਰ ਕੋਲ਼ ਇਲਾਜ ਕਰਵਾਉਣ ਲਈ ਜਾਣਾ, ਵਕੀਲ ਦੀਆਂ ਸੇਵਾਵਾਂ ਲੈਣਾ ਆਦਿ ਸੇਵਾਵਾਂ ਦਾ ਉਪਭੋਗ ਕਰਨ ਦੀਆਂ ਕੁਝ ਉਦਾਹਰਣਾਂ ਹਨ। ਆਪਣੀ ਆਮਦਨ ਦਾ ਉਹ ਭਾਗ ਜੋ ਕਿ ਉਪਭੋਗ ਤੇ ਖ਼ਰਚ ਕੀਤਾ ਜਾਂਦਾ ਹੈ, ਉਸਨੂੰ ਉਪਭੋਗ ਖ਼ਰਚ ਕਿਹਾ ਜਾਂਦਾ ਹੈ। ਉਦਾਹਰਨ ਦੇ ਤੌਰ ਤੇ, ਜੇਕਰ ਤੁਹਾਡੇ ਪਿਤਾ ਜੀ ਦੀ ਆਮਦਨ ₹50000 ਮਹੀਨਾ ਹੈ ਅਤੇ ਇਸ ਵਿੱਚੋਂ ਉਹ ਪਰਿਵਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹਰ ਮਹੀਨੇ ₹30000 ਖ਼ਰਚ ਕਰ ਦਿੰਦੇ ਹਨ, ਤਾਂ ₹30000 ਰੁਪਏ ਦੇ ਇਸ ਖ਼ਰਚ ਨੂੰ ਤੁਹਾਡੇ ਪਿਤਾ ਜੀ ਦੁਆਰਾ ਕੀਤਾ ਗਿਆ ਉਪਭੋਗ ਖ਼ਰਚ ਕਿਹਾ ਜਾਵੇਗਾ।




ਭਾਵੇਂ ਇਹ ਸੱਚ ਹੈ ਕਿ ਉਪਭੋਗ ਖ਼ਰਚ, ਆਮਦਨ ਤੇ ਨਿਰਭਰ ਕਰਦਾ ਹੈ, ਪਰ ਇਹ ਵੀ ਸੱਚ ਹੈ ਕਿ ਹਮੇਸ਼ਾਂ ਉਪਭੋਗ ਦਾ ਇੱਕ ਨਿਊਨਤਮ ਪੱਧਰ ਹੁੰਦਾ ਹੈ ਜੋ ਕਿ ਆਮਦਨ ਤੇ ਨਿਰਭਰ ਨਹੀਂ ਕਰਦਾ। ਜੇਕਰ ਆਮਦਨ ਸਿਫ਼ਰ ਵੀ ਹੋਵੇ, ਤਾਂ ਵੀ ਅਸੀਂ ਕੁਝ ਨਾ ਕੁਝ ਉਪਭੋਗ ਜ਼ਰੂਰ ਕਰਦੇ ਹਾਂ। ਇਸ ਉਪਭੋਗ ਨੂੰ ਸਵੈਚਲਿਤ ਉਪਭੋਗ ਕਿਹਾ ਜਾਂਦਾ ਹੈ। ਉਦਾਹਰਨ ਦੇ ਤੌਰ ਤੇ, ਇੱਕ ਵਿਦਿਆਰਥੀ ਹੋਣ ਦੇ ਨਾਤੇ ਤੁਹਾਡੀ ਆਮਦਨ ਸਿਫ਼ਰ ਹੈ, ਪਰ ਫਿਰ ਵੀ ਤੁਸੀਂ ਇੱਕ ਦਿਨ ਵਿੱਚ ਕਈ ਚੀਜ਼ਾਂ ਦਾ ਉਪਭੋਗ ਕਰਦੇ ਹੋ। ਤੁਹਾਡੇ ਦੁਆਰਾ ਕੀਤਾ ਜਾਣ ਵਾਲ਼ਾ ਇਹ ਉਪਭੋਗ ਸਵੈਚਲਿਤ ਉਪਭੋਗ ਹੀ ਹੈ।

## 1.4.2 ਬੱਚਤ (Saving) :

ਸਾਡੇ ਵਿੱਚੋਂ ਸਾਰੇ ਲੋਕ ਆਪਣੀ ਆਮਦਨ ਦੇ ਇੱਕ ਭਾਗ ਦੀ ਬੱਚਤ ਕਰਦੇ ਹਨ ਤਾਂ ਕਿ ਅਸੀਂ ਇਸ ਦੀ ਵਰਤੋਂ ਆਪਣੇ ਆਪ ਨੂੰ ਭਵਿਖ ਵਿੱਚ ਹੋਣ ਵਾਲ਼ੇ ਉਤਰਾਅ-ਚੜ੍ਹਾਅ ਤੋਂ ਬਚਾਉਣ ਲਈ ਕਰ ਸਕੀਏ। ਇਸ ਲਈ ਬੱਚਤ ਤੋਂ ਭਾਵ ਆਮਦਨ ਦੇ ਉਸ ਭਾਗ ਤੋਂ ਹੈ, ਜਿਸ ਨੂੰ ਖ਼ਰਚ ਨਹੀਂ ਕੀਤਾ ਜਾਂਦਾ, ਬਲਕਿ ਆਪਣੇ ਕੋਲ਼ ਬਚਾ ਕੇ ਰੱਖ ਲਿਆ ਜਾਂਦਾ ਹੈ। ਇਸ ਦਾ ਪਤਾ ਆਮਦਨ ਵਿੱਚੋਂ ਉਪਭੋਗ ਖ਼ਰਚ ਨੂੰ ਘਟਾ ਕੇ ਲਗਾਇਆ ਜਾ ਸਕਦਾ ਹੈ।

ਉਦਾਹਰਨ ਦੇ ਤੌਰ ਤੇ ਜੇਕਰ ਵਿਅਸ਼ਟੀ ਪੱਧਰ ਤੇ ਆਰਾਧਿਐ ਦੀ ਆਮਦਨ ₹ 50000 ਮਹੀਨਾ ਹੈ ਅਤੇ ਉਹ ਹਰ ਮਹੀਨੇ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ₹30000 ਖ਼ਰਚ ਕਰਦਾ ਹੈ, ਤਾਂ ਇਹ ₹ 30000 ਉਸ ਦਾ ਉਪਭੋਗ ਖ਼ਰਚ ਹੋਣਗੇ ਅਤੇ ਬਾਕੀ ਦੇ ₹20000 ਨੂੰ ਆਰਾਧਿਐ ਦੀ ਬੱਚਤ ਕਿਹਾ ਜਾਵੇਗਾ।

ਸਮੱਸ਼ਟੀ ਪੱਧਰ ਤੇ, ਜੇਕਰ ਕਿਸੇ ਦੇਸ਼ ਦੀ ਰਾਸ਼ਟਰੀ ਆਮਦਨ ₹5000 ਕਰੋੜ ਹੈ ਅਤੇ ਉਸ ਵਿੱਚੋਂ ਉਸ ਅਰਥਵਿਵਸਥਾ ਵਿੱਚ ₹3000 ਕਰੋੜ ਦਾ ਉਪਭੋਗ ਖ਼ਰਚ ਕੀਤਾ ਜਾਂਦਾ ਹੈ, ਤਾਂ ਉਸ ਦੇਸ਼ ਦੀ ਬੱਚਤ ₹ 2000 ਕਰੋੜ ਦੀ ਹੋਵੇਗੀ।

ਬੱਚਤ = ਆਮਦਨ – ਉਪਭੋਗ ਖ਼ਰਚ

ਬੱਚਤ ਵੀ ਕਈ ਤੱਤਾਂ ਤੇ ਨਿਰਭਰ ਕਰਦੀ ਹੈ, ਪਰ ਇਹਨਾਂ ਸਾਰੇ ਤੱਤਾਂ ਵਿੱਚੋਂ ਸਭ ਤੋਂ ਮੱਹਤਵਪੂਰਨ ਤੱਤ ਆਮਦਨ ਹੈ। ਆਮਦਨ ਅਤੇ ਬੱਚਤ ਵਿੱਚ ਸਿੱਧਾ ਸੰਬੰਧ ਪਾਇਆ ਜਾਂਦਾ ਹੈ। ਆਮਦਨ ਦੇ ਵੱਧਣ ਨਾਲ਼ ਬੱਚਤ ਵੱਧਦੀ ਹੈ ਅਤੇ ਆਮਦਨ ਦੇ ਘੱਟਣ ਨਾਲ਼ ਬੱਚਤ ਘੱਟ ਜਾਂਦੀ ਹੈ।



## ਕਿਰਿਆ

1. ਉਹਨਾਂ ਸਾਰੀਆਂ ਵਸਤੂਆਂ ਅਤੇ ਸੇਵਾਵਾਂ ਦੀ ਇੱਕ ਸੂਚੀ ਬਣਾਉ ਜਿਹਨਾਂ ਦਾ ਤੁਸੀਂ ਅੱਜ ਉਪਭੋਗ ਕੀਤਾ ਹੈ।
2. ਇੱਕ ਵਿਦਿਆਰਥੀ ਹੋਣ ਦੇ ਨਾਤੇ ਤੁਸੀਂ ਕੁਝ ਵੀ ਨਹੀਂ ਕਮਾ ਰਹੇ ਹੋ, ਪਰ ਇਸਦੇ ਬਾਵਜੂਦ ਵੀ ਤੁਸੀਂ ਬਹੁਤ ਸਾਰੀਆਂ ਵਸਤੂਆਂ ਅਤੇ ਸੇਵਾਵਾਂ ਦਾ ਉਪਭੋਗ ਕਰਦੇ ਹੋ। ਹੁਣ ਇਹ ਕਿਵੇਂ ਸੰਭਵ ਹੈ ਕਿ ਤੁਸੀਂ ਆਪਣੀ ਸਿਫ਼ਰ ਆਮਦਨ ਨਾਲ਼ ਇਹਨਾਂ ਵਸਤੂਆਂ ਅਤੇ ਸੇਵਾਵਾਂ ਦਾ ਉਪਭੋਗ ਕਰ ਪਾ ਰਹੇ ਹੋ ?
3. ਪਿਛਲੇ ਤਿੰਨ ਮਹੀਨਿਆਂ ਦੇ ਦੌਰਾਨ ਤੁਹਾਡੇ ਪਿਤਾ ਜੀ ਨੇ ਜਿੰਨੀ ਬੱਚਤ ਕੀਤੀ ਹੈ, ਉਸ ਦੀ ਇੱਕ ਸੂਚੀ ਬਣਾਉ।

## 1.4.3 ਨਿਵੇਸ਼ (Investment) :

ਨਿਵੇਸ਼ ਤੋਂ ਭਾਵ ਇੱਕ ਨਿਸ਼ਚਿਤ ਸਮੇਂ ਦੇ ਦੌਰਾਨ ਪੂੰਜੀ ਭੰਡਾਰ ਵਿੱਚ ਹੋਣ ਵਾਲ਼ੇ ਵਾਧੇ ਤੋਂ ਹੈ। ਆਮਤੌਰ ਤੇ ਇਸ ਸਮੇਂ ਨੂੰ ਇੱਕ ਸਾਲ ਦਾ ਮੰਨਿਆ ਜਾਂਦਾ ਹੈ। ਪੂੰਜੀ ਭੰਡਾਰ ਤੋਂ ਭਾਵ ਇੱਕ ਉਤਪਾਦਕ ਦੇ ਕੋਲ ਪੂੰਜੀ ਵਸਤੂਆਂ ਭਾਵ ਮਸ਼ੀਨਾਂ ਦੇ ਭੰਡਾਰ ਤੋਂ ਹੈ। ਜਦੋਂ ਇੱਕ ਉਤਪਾਦਕ ਦੇ ਕੋਲ਼ ਇਹਨਾਂ ਪੂੰਜੀ ਵਸਤੂਆਂ ਦੇ ਭੰਡਾਰ ਵਿੱਚ ਬਦਲਾਅ ਆਉਂਦਾ ਹੈ, ਤਾਂ ਇਸ ਤੋਂ ਭਾਵ ਇਹ ਹੈ ਕਿ ਉਸ ਉਤਪਾਦਕ ਨੇ ਇਹਨਾਂ ਪੂੰਜੀ ਵਸਤੂਆਂ ਤੇ ਕੋਈ ਨਾ ਕੋਈ ਖ਼ਰਚਾ ਕੀਤਾ ਹੋਵੇਗਾ ਅਤੇ ਇਸ ਖ਼ਰਚ ਨੂੰ ਹੀ ਨਿਵੇਸ਼ ਖ਼ਰਚ ਕਿਹਾ ਜਾਵੇਗਾ। ਉਦਾਹਰਣ ਦੇ ਤੌਰ ਤੇ ਜੇਕਰ ਇੱਕ ਉਤਪਾਦਕ ਕੋਲ਼ ਉਸਦੀ ਫੈਕਟਰੀ ਵਿੱਚ ਪਿਛਲੇ ਸਾਲ ₹ 5 ਲੱਖ ਦੀਆਂ ਮਸ਼ੀਨਾਂ ਦਾ ਭੰਡਾਰ ਸੀ ਅਤੇ ਇਸ ਸਾਲ ਉਸ ਕੋਲ਼ ਉਸਦੀ ਫੈਕਟਰੀ ਵਿੱਚ ₹12 ਲੱਖ ਦੀਆਂ ਮਸ਼ੀਨਾਂ ਦਾ ਭੰਡਾਰ ਹੈ, ਤਾਂ ਇਸ ਦਾ ਭਾਵ ਇਹ ਹੋਇਆ ਕਿ ਉਸਨੇ ਇਸ ਸਾਲ ਇਹਨਾਂ ਮਸ਼ੀਨਾਂ ਤੇ ₹7 ਲੱਖ ਦਾ ਖ਼ਰਚ ਕੀਤਾ ਹੈ ਅਤੇ ਇਸ ਖ਼ਰਚ ਨੂੰ ਹੀ ਨਿਵੇਸ਼ ਕਿਹਾ ਜਾਵੇਗਾ।

ਸੜਕਾਂ, ਯਾਤਾਯਾਤ ਦੇ ਸਾਧਨਾਂ, ਮਸ਼ੀਨਾਂ, ਤਕਨੀਕ, ਫੈਕਟਰੀਆਂ, ਇਮਾਰਤ ਆਦਿ ਤੇ ਕੀਤੇ ਜਾਣ ਵਾਲੇ ਖ਼ਰਚ, ਨਿਵੇਸ਼ ਦੀ ਉਦਾਹਰਨ ਹਨ ਕਿਉਂਕਿ ਇਹਨਾਂ ਦੇ ਕਰਕੇ ਪੂੰਜੀ ਦੇ ਭੰਡਾਰ ਵਿੱਚ ਬਦਲਾਅ ਆ ਜਾਂਦਾ ਹੈ।




## ਕਿਰਿਆ

1. ਨਿਵੇਸ਼ ਨੂੰ ਪੂੰਜੀ ਭੰਡਾਰ ਵਿੱਚ ਹੋਣ ਵਾਲ਼ੇ ਵਾਧੇ ਦੇ ਬਰਾਬਰ ਕਿਉਂ ਮੰਨਿਆ ਜਾਂਦਾ ਹੈ?
2. ਆਪਣੇ ਸਕੂਲ ਵਿੱਚ ਪਿਛਲੇ ਸਾਲ ਦੇ ਦੌਰਾਨ ਕੀਤੇ ਗਏ ਨਿਵੇਸ਼ ਦੀ ਸੂਚੀ ਬਣਾਉ।
3. ਕੀ ਤੁਸੀਂ ਜਾਂ ਤੁਹਾਡੇ ਪਰਿਵਾਰ ਨੇ ਕੋਈ ਨਿਵੇਸ਼ ਕੀਤਾ ਹੈ? ਜੇਕਰ ਹਾਂ, ਤਾਂ ਉਹਨਾਂ ਸਾਰੀਆਂ ਮਦਾਂ ਦੀ ਇੱਕ ਸੂਚੀ ਬਣਾਉ।

### 1.4.4 ਮੁਦਰਾ ਸਫੀਤੀ (Inflation) :

ਮੁਦਰਾ ਸਫੀਤੀ ਜਾਂ ਮਹਿੰਗਾਈ ਨੂੰ ਅੰਗਰੇਜ਼ੀ ਭਾਸ਼ਾ ਵਿੱਚ INFLATION ਕਿਹਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ INFLATION, INFLATE ਤੋਂ ਲਿਆ ਗਿਆ ਹੈ, ਜਿਸ ਤੋਂ ਭਾਵ ਹੈ- ਫੈਲਣਾ। ਜਿਵੇਂ ਕਿ ਅਸੀਂ ਇੱਕ ਗ਼ੁਬਾਰੇ ਨੂੰ ਫੁਲਾਉਂਦੇ ਭਾਵ INFLATE ਕਰਦੇ ਹਾਂ, ਇਸ ਦਾ ਆਕਾਰ ਵੱਡਾ ਹੋ ਜਾਂਦਾ ਹੈ। ਪਰ ਇਸ ਲਈ ਸਾਨੂੰ ਇੱਕ ਗੱਲ ਧਿਆਨ ਵਿੱਚ ਰੱਖਣੀ ਹੋਵੇਗੀ ਕਿ ਜੇਕਰ ਅਸੀਂ ਅਸਲ ਵਿੱਚ ਗ਼ੁਬਾਰੇ ਨੂੰ ਫੁਲਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਇਸ ਵਿੱਚ ਲਗਾਤਾਰ ਹਵਾ ਭਰਨੀ ਹੋਵੇਗੀ। ਜੇਕਰ ਅਸੀਂ ਇੱਕ ਵਾਰ ਇਸ ਵਿੱਚ ਹਵਾ ਭਰਦੇ ਹਾਂ ਅਤੇ ਫਿਰ ਬਾਹਰ ਕੱਢ ਦਿੰਦੇ ਹਾਂ, ਤਾਂ ਅਸੀਂ ਇਸਨੂੰ ਫੁਲਾਉਣ ਵਿੱਚ ਕਾਮਯਾਬ ਨਹੀਂ ਹੋ ਸਕਾਂਗੇ। ਅਰਥਸ਼ਾਸਤਰ ਵਿੱਚ INFLATION ਭਾਵ ਮੁਦਰਾ ਸਫੀਤੀ ਤੋਂ ਵੀ ਇਹੀ ਭਾਵ ਹੈ। ਆਮਤੌਰ ਤੇ ਮੁਦਰਾ ਸਫੀਤੀ ਨੂੰ ਕੀਮਤਾਂ ਵਿੱਚ ਹੋਣ ਵਾਲ਼ਾ ਵਾਧਾ ਮੰਨ ਲਿਆ ਜਾਂਦਾ ਹੈ, ਪਰ ਇਹ ਸਹੀ ਨਹੀਂ ਹੈ। ਜੇਕਰ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਇੱਕ ਸਮੇਂ ਵਿੱਚ ਵੱਧਦੀਆਂ ਹਨ ਅਤੇ ਦੂਜੇ ਸਮੇਂ ਵਿੱਚ ਘੱਟ ਜਾਂਦੀਆਂ ਹਨ, ਤਾਂ ਇਸਨੂੰ ਮੁਦਰਾ ਸਫੀਤੀ ਨਹੀਂ ਕਿਹਾ ਜਾਵੇਗਾ। ਪਰ ਜੇਕਰ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਲਗਾਤਾਰ ਅਤੇ ਲੰਬੇ ਸਮੇਂ ਤੱਕ ਵੱਧਦੀਆਂ ਰਹਿੰਦੀਆਂ ਹਨ, ਤਾਂ ਹੀ ਇਸ ਨੂੰ ਮੁਦਰਾ ਸਫੀਤੀ ਕਿਹਾ ਜਾਵੇਗਾ। ਇਹ ਵੀ ਸੱਚ ਹੈ ਕਿ ਮੁਦਰਾ ਸਫੀਤੀ ਹਮੇਸ਼ਾਂ ਕਿਸੇ ਅਰਥਵਿਵਸਥਾ ਲਈ ਮਾੜੀ ਨਹੀਂ ਹੁੰਦੀ। ਜੇਕਰ ਅਰਥਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਬਹੁਤ ਘੱਟ ਮਾਤਰਾ ਵਿੱਚ ਵੱਧਦੀਆਂ ਹਨ, ਤਾਂ ਇਸ ਨਾਲ਼ ਉਤਪਾਦਕਾਂ ਨੂੰ ਵੱਧ ਉਤਪਾਦਨ ਕਰਨ ਦੀ ਪ੍ਰੇਰਨਾ ਮਿਲ਼ਦੀ ਹੈ ਕਿਉਂਕਿ ਇਸ ਨਾਲ਼ ਉਹਨਾਂ ਨੂੰ ਆਪਣੀ ਵਸਤੂ ਦੀ ਪਹਿਲਾਂ ਨਾਲ਼ੋਂ ਵੱਧ ਕੀਮਤ ਮਿਲ਼ ਰਹੀ ਹੁੰਦੀ ਹੈ। ਇਹ ਸਿਰਫ਼ ਮੁਦਰਾ ਸਫੀਤੀ ਦੀ ਉੱਚੀ ਦਰ ਹੈ, ਜੋ ਅਰਥਵਿਵਸਥਾ ਲਈ ਮਾੜੀ ਸਮਝੀ ਜਾਂਦੀ ਹੈ।

ਗ੍ਰਾਫ਼ 1.1 ਭਾਰਤ ਵਿੱਚ 2019 ਤੋਂ 2022 ਤੱਕ ਮਹਿੰਗਾਈ ਦਰ ਦਾ ਰੁਝਾਨ




ਸਰੋਤ : Ministery of Statistics and Programme Implementation, 2022

### 1.4.4.1 ਮੁਦਰਾ ਸਫੀਤੀ ਦੀਆਂ ਕਿਸਮਾਂ

ਮੁਦਰਾ ਸਫੀਤੀ ਦੀਆਂ ਮੁੱਖ ਤੌਰ ਦੇ ਦੋ ਕਿਸਮਾਂ ਸਵੀਕਾਰ ਕੀਤੀਆਂ ਜਾਂਦੀਆਂ ਹਨ, ਜੋ ਕਿ ਇਸ ਤਰ੍ਹਾਂ ਹਨ :

- ਮੰਗ ਖਿੱਚ ਮੁਦਰਾ ਸਫੀਤੀ : ਜਦੋਂ ਅਰਥਵਿਵਸਥਾ ਵਿੱਚ ਕੁੱਲ ਮੰਗ, ਕੁੱਲ ਪੂਰਤੀ ਤੋਂ ਵੱਧ ਜਾਂਦੀ ਹੈ, ਤਾਂ ਇਸ ਨਾਲ ਅਰਥਵਿਵਸਥਾ ਵਿੱਚ ਵਸਤੂਆਂ ਦੀ ਕਮੀ ਹੋਣ ਕਰਕੇ ਉੱਦਮੀ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧਾ ਕਰ ਦਿੰਦੇ ਹਨ, ਤਾਂ ਕਿ ਉਹ ਵੱਧ ਲਾਭ ਪ੍ਰਾਪਤ ਕਰ ਸਕਣ।

• **ਲਾਗਤ ਧੱਕਾ ਮੁਦਰਾ ਸਫੀਤੀ** : ਜਦੋਂ ਉਤਪਾਦਕਾਂ ਦੁਆਰਾ ਬਣਾਈਆਂ ਜਾਣ ਵਾਲੀਆਂ ਵਸਤੂਆਂ ਦੀ ਲਾਗਤ ਵਿੱਚ ਵਾਧਾ ਹੋ ਜਾਂਦਾ ਹੈ, ਤਾਂ ਉਤਪਾਦਕ ਆਪਣੇ ਲਾਭ ਨੂੰ ਬਣਾ ਕੇ ਰੱਖਣ ਲਈ ਵਸਤੂ ਦੀ ਕੀਮਤ ਵਿੱਚ ਵਾਧਾ ਕਰ ਦਿੰਦੇ ਹਨ।

**ਮੁਦਰਾ ਸਫੀਤੀ ਦੇ ਮਾਪਕ —** ਮੁਦਰਾ ਸਫੀਤੀ ਦਾ ਮਾਪ ਦੋ ਤਰ੍ਹਾਂ ਦੇ ਸੂਚਕ ਅੰਕਾਂ ਦੀ ਮਦਦ ਨਾਲ ਕੀਤਾ ਜਾਂਦਾ ਹੈ, ਜੋ ਕਿ ਇਸ ਤਰ੍ਹਾਂ ਹਨ :

| ਥੋਕ ਕੀਮਤ ਸੂਚਕ ਅੰਕ | ਪਰਚੂਨ ਕੀਮਤ ਸੂਚਕ ਅੰਕ |
|---|---|
| • ਇਸ ਦਾ ਨਿਰਮਾਣ ਥੋਕ ਬਜ਼ਾਰ ਵਿੱਚ ਪ੍ਰਚਲਿਤ ਕੀਮਤਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ।<br>• ਇਸ ਵਿੱਚ ਇੱਕ ਨਿਸ਼ਚਿਤ ਵਸਤੂਆਂ ਦੇ ਸਮੂਹ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਵਰਤਮਾਨ ਸਮੇਂ ਵਿੱਚ ਭਾਰਤ ਸਰਕਾਰ ਦੁਆਰਾ ਇਸ ਲਈ 697 ਵਸਤੂਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।<br>• ਇਸ ਦਾ ਮਾਪ ਭਾਰਤ ਸਰਕਾਰ ਦੁਆਰਾ ਹਫਤਾਵਾਰ ਕੀਤਾ ਜਾਂਦਾ ਹੈ। | • ਇਸ ਦਾ ਨਿਰਮਾਣ ਪਰਚੂਨ ਬਜ਼ਾਰ ਵਿੱਚ ਪ੍ਰਚਲਿਤ ਕੀਮਤਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ।<br>• ਇਸ ਵਿੱਚ ਉਹਨਾਂ ਜ਼ਰੂਰੀ ਵਸਤੂਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਜਿਹਨਾਂ ਦੀ ਵਰਤੋਂ ਪਰਿਵਾਰਾਂ ਦੁਆਰਾ ਕੀਤੀ ਜਾਂਦੀ ਹੈ। ਇਸ ਵਿੱਚ ਰਾਸ਼ਨ, ਕੱਪੜੇ, ਬਿਜਲੀ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ।<br>• ਇਸ ਦਾ ਨਿਰਮਾਣ ਭਾਰਤ ਸਰਕਾਰ ਦੁਆਰਾ ਮਹੀਨਾਵਾਰ ਕੀਤਾ ਜਾਂਦਾ ਹੈ। |



## ਕਿਰਿਆ

1. ਹਾਲ ਦੇ ਸਮੇਂ ਵਿੱਚ ਤੁਸੀਂ ਜਿਹਨਾਂ ਵਸਤੂਆਂ ਵਿੱਚ ਮੁਦਰਾ ਸਫੀਤੀ ਦਾ ਸਾਹਮਣਾ ਕੀਤਾ ਹੈ, ਦੀ ਸੂਚੀ ਤਿਆਰ ਕਰੋ।
2. ਕੀ ਮੁਦਰਾ ਸਫੀਤੀ ਅਰਥਵਿਵਸਥਾ ਲਈ ਚੰਗੀ ਹੈ ? ਆਪਣੇ ਵਿਚਾਰ ਪ੍ਰਦਾਨ ਕਰੋ।

## 1.4.5 ਮੁਦਰਾ ਦੀ ਪੂਰਤੀ (Money Supply)

ਪੂਰਤੀ ਤੋਂ ਭਾਵ ਕਿਸੇ ਵੀ ਵਸਤੂ ਦੀ ਉਸ ਮਾਤਰਾ ਤੋਂ ਹੁੰਦਾ ਹੈ, ਜੋ ਕਿ ਉਸ ਵਸਤੂ ਦੇ ਉਤਪਾਦਕ ਦੁਆਰਾ ਬਜ਼ਾਰ ਵਿੱਚ ਭੇਜੀ ਜਾਂਦੀ ਹੈ। ਉਦਾਹਰਨ ਦੇ ਤੌਰ ਤੇ ਜੇਕਰ ਇੱਕ ਉਤਪਾਦਕ, ਬਜ਼ਾਰ ਵਿੱਚ ਵਿਕਣ ਲਈ 100 ਪੈੱਨ ਬਣਾ ਕੇ ਭੇਜਦਾ ਹੈ, ਤਾਂ ਇਹ ਕਿਹਾ ਜਾਵੇਗਾ ਕਿ ਉਸਨੇ 100 ਪੈੱਨਾਂ ਦੀ ਪੂਰਤੀ ਕੀਤੀ ਹੈ। ਇਸ ਤਰ੍ਹਾਂ ਹੀ ਮੁਦਰਾ ਦੀ ਪੂਰਤੀ ਤੋਂ ਭਾਵ ਮੁਦਰਾ ਦੀ ਉਸ ਮਾਤਰਾ ਤੋਂ ਹੈ ਜੋ ਮੁਦਰਾ ਦੇ ਉਤਪਾਦਕਾਂ ਦੁਆਰਾ ਬਜ਼ਾਰ ਵਿੱਚ ਭੇਜੀ ਜਾਂਦੀ ਹੈ। ਭਾਰਤ ਵਿੱਚ ਮੁਦਰਾ ਦੇ ਦੋ ਉਤਪਾਦਕ ਹਨ, ਜੋ ਕਿ ਭਾਰਤ ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ ਹਨ। ਭਾਰਤ ਸਰਕਾਰ, ਸਾਰੇ ਤਰ੍ਹਾਂ ਦੇ ਸਿੱਕੇ ਅਤੇ 1 ਦੇ ਨੋਟ ਦੀ ਪੂਰਤੀ ਕਰਦੀ ਹੈ ਅਤੇ ਭਾਰਤੀ ਰਿਜ਼ਰਵ ਬੈਂਕ ₹2 ਅਤੇ ਇਸ ਤੋਂ ਉੱਪਰ ਦੇ ਸਾਰੇ ਨੋਟਾਂ ਦੀ ਪੂਰਤੀ ਕਰਦਾ ਹੈ। ਇਸ ਤਰ੍ਹਾਂ ਮੁਦਰਾ ਦੀ ਪੂਰਤੀ ਤੋਂ ਭਾਵ ਮੁਦਰਾ ਦੇ ਉਸ ਕੁੱਲ ਭੰਡਾਰ ਤੋਂ ਹੈ (ਜੋ ਕਿ ਸਿੱਕਿਆਂ ਅਤੇ ਨੋਟਾਂ ਦੇ ਰੂਪ ਵਿੱਚ ਹੁੰਦਾ ਹੈ) ਜੋ ਸਮੇਂ ਦੇ ਇੱਕ ਨਿਸ਼ਚਿਤ ਬਿੰਦੂ ਤੇ ਉਤਪਾਦਕਾਂ ਦੁਆਰਾ ਜਾਰੀ ਕੀਤੇ ਜਾਂਦੇ ਹਨ ਅਤੇ ਲੋਕਾਂ ਦੁਆਰਾ ਰੱਖੇ ਜਾਂਦੇ ਹਨ। ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਮੁਦਰਾ ਦੀ ਪੂਰਤੀ ਨੂੰ ਇੱਕ ਸਟਾਕ ਧਾਰਨਾ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ ਹੈ ਕਿਉਂਕਿ ਇਸ ਦਾ ਮਾਪ ਸਮੇਂ ਦੇ ਇੱਕ ਬਿੰਦੂ ਤੇ ਕੀਤਾ ਜਾਂਦਾ ਹੈ।



*ਚਿੱਤਰ 1.1*

## ਜਾਂਚ ਕਰੋ (Check it)

ਤੁਸੀਂ ਆਪਣੇ ਕੋਲ਼ ਮੌਜੂਦ ਸਿੱਕਿਆਂ ਅਤੇ ₹1 ਦੇ ਨੋਟ ਤੋਂ ਇਹ ਪਤਾ ਕਰ ਸਕਦੇ ਹੋ ਕਿ ਇਹਨਾਂ ਤੇ ਭਾਰਤ ਅਤੇ ਭਾਰਤ ਸਰਕਾਰ ਲਿਖਿਆ ਹੋਇਆ ਹੈ ਅਤੇ ₹1 ਦੇ ਨੋਟ ਦੇ ਹੇਠਾਂ ਵਿੱਤ ਸਕੱਤਰ ਦੇ ਹਸਤਾਖਰ ਹਨ। ₹2 ਤੋਂ ਵੱਧ ਮੁੱਲ ਦੇ ਨੋਟਾਂ ਤੇ ਭਾਰਤੀ ਰਿਜਰਵ ਬੈਂਕ ਲਿਖਿਆ ਹੋਇਆ ਹੈ ਅਤੇ ਇਸ ਤੇ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਦੇ ਹਸਤਾਖਰ ਹਨ। ਇਸ ਤੋਂ ਭਾਵ ਹੈ ਕਿ ਸਾਰੇ ਸਿੱਕੇ ਅਤੇ ₹1 ਦਾ ਨੋਟ ਭਾਰਤ ਸਰਕਾਰ ਦੁਆਰਾ ਅਤੇ ₹2 ਅਤੇ ਇਸ ਤੋਂ ਵੱਧ ਮੁੱਲ ਦੇ ਸਾਰੇ ਕਰੰਸੀ ਨੋਟ ਭਾਰਤੀ ਰਿਜ਼ਰਵ ਬੈਂਕ ਦੁਆਰਾ ਜਾਰੀ ਕੀਤੇ ਜਾਂਦੇ ਹਨ।


## ਚਰ ਦੀ ਧਾਰਨਾ (Concept of Variable)

ਆਮਤੌਰ ਤੇ ਸਾਡੇ ਦੁਆਰਾ ਹਰੇਕ ਉਸ ਚੀਜ਼ ਨੂੰ ਜਿਸ ਦੇ ਮੁੱਲ ਵਿੱਚ ਬਦਲਾਅ ਆਉਂਦਾ ਹੈ, ਨੂੰ ਚਰ ਸਮਝ ਲਿਆ ਜਾਂਦਾ ਹੈ। ਪਰ ਕਿਸੇ ਵੀ ਚੀਜ਼ ਨੂੰ ਚਰ ਕਹਿਣ ਤੋਂ ਪਹਿਲਾਂ ਦੋ ਸ਼ਰਤਾਂ ਦਾ ਪੂਰਾ ਹੋਣਾ ਜ਼ਰੂਰੀ ਹੈ। ਪਹਿਲਾਂ ਤਾਂ ਇਹ ਕਿ ਉਸ ਦੇ ਮੁੱਲ ਵਿੱਚ ਬਦਲਾਅ ਹੋ ਸਕੇ ਅਤੇ ਦੂਜਾ ਉਸ ਬਦਲਾਅ ਦਾ ਮਾਪ ਕੀਤਾ ਜਾ ਸਕੇ। ਉਦਾਹਰਨ ਦੇ ਤੌਰ ਤੇ ਸਾਡੇ ਵਾਲ਼ਾਂ ਦਾ ਰੰਗ, ਸਾਡੀ ਚਮੜੀ ਦਾ ਰੰਗ, ਸਾਡੀ ਸ਼ਖ਼ਸੀਅਤ ਵਿੱਚ ਵੀ ਬਦਲਾਅ ਹੁੰਦਾ ਰਹਿੰਦਾ ਹੈ, ਪਰ ਇਹਨਾਂ ਵਿੱਚ ਹੋਣ ਵਾਲ਼ੇ ਬਦਲਾਅ ਨੂੰ ਮਾਪਿਆ ਜਾਣਾ ਸੰਭਵ ਨਹੀਂ ਹੈ, ਇਸ ਲਈ ਇਹਨਾਂ ਨੂੰ ਚਰ ਨਹੀਂ ਕਿਹਾ ਜਾ ਸਕਦਾ, ਬਲਕਿ ਇਹਨਾਂ ਨੂੰ ਵਿਸ਼ੇਸ਼ਤਾ ਕਿਹਾ ਜਾਵੇਗਾ। ਪਰ ਸਾਡਾ ਕੱਦ, ਸਾਡਾ ਭਾਰ, ਸਾਡੇ ਪ੍ਰੀਖਿਆ ਵਿੱਚ ਅੰਕ ਬਦਲਦੇ ਰਹਿੰਦੇ ਹਨ ਅਤੇ ਇਹਨਾਂ ਵਿੱਚ ਆਉਣ ਵਾਲੇ ਬਦਲਾਅ ਨੂੰ ਮਾਪਿਆ ਜਾਣਾ ਵੀ ਸੰਭਵ ਹੈ, ਇਸ ਲਈ ਇਹਨਾਂ ਨੂੰ ਚਰ ਕਿਹਾ ਜਾਵੇਗਾ। ਅਰਥਸ਼ਾਸਤਰ ਵਿੱਚ ਦੋ ਤਰ੍ਹਾਂ ਦੇ ਚਰ ਹੁੰਦੇ ਹਨ, ਇੱਕ ਸਟਾਕ ਚਰ ਅਤੇ ਦੂਜੇ ਪ੍ਰਵਾਹ ਚਰ। ਸਟਾਕ ਚਰਾਂ ਤੋਂ ਭਾਵ ਉਹਨਾਂ ਸਾਰੇ ਚਰਾਂ ਤੋਂ ਹੁੰਦਾ ਹੈ, ਜਿਹਨਾਂ ਦਾ ਮਾਪ ਸਮੇਂ ਦੇ ਇੱਕ ਨਿਸ਼ਚਿਤ ਬਿੰਦੂ ਤੇ ਕੀਤਾ ਜਾਂਦਾ ਹੈ। ਉਦਾਹਰਨ ਦੇ ਤੌਰ ਤੇ, ਜੇਕਰ ਸਮੇਂ ਦੇ ਇੱਕ ਨਿਸ਼ਚਿਤ ਬਿੰਦੂ ਤੇ ਤੁਹਾਡੇ ਬੈਂਕ ਖਾਤੇ ਵਿੱਚ 2 ਲੱਖ ਰੁਪਏ ਮੌਜੂਦ ਹਨ, ਤਾਂ ਇਸਨੂੰ ਸਟਾਕ ਕਿਹਾ ਜਾਵੇਗਾ। ਪ੍ਰਵਾਹ ਚਰ ਉਹ ਚਰ ਹੁੰਦੇ ਹਨ, ਜਿਹਨਾਂ ਦਾ ਮਾਪ ਸਮੇਂ ਦੀ ਇੱਕ ਨਿਸ਼ਚਿਤ ਅਵਧੀ ਵਿੱਚ ਕੀਤਾ ਜਾਂਦਾ ਹੈ। ਉਦਾਹਰਨ ਦੇ ਤੌਰ ਤੇ ਜੇਕਰ 1 ਜਨਵਰੀ ਤੋਂ 31 ਜਨਵਰੀ ਦੇ ਦੌਰਾਨ ਤੁਹਾਡੇ ਬੈਂਕ ਖਾਤੇ ਵਿੱਚ 5 ਲੱਖ ਰੁਪਏ ਮੌਜੂਦ ਸਨ, ਤਾਂ ਇਸਨੂੰ ਪ੍ਰਵਾਹ ਚਰ ਕਿਹਾ ਜਾਵੇਗਾ।

### 1.4.6 ਸਰਕਾਰੀ ਬਜਟ (Government Budget)

ਜਿਵੇਂ ਕਿ ਅਸੀਂ ਆਪਣੇ ਘਰ ਦੇ ਲਈ ਬਜਟ ਤਿਆਰ ਕਰਦੇ ਹਾਂ ਕਿਉਂਕਿ ਸਾਡੀਆਂ ਜ਼ਰੂਰਤਾਂ ਦੇ ਮੁਕਾਬਲੇ ਸਾਡੇ ਕੋਲ਼ ਸਾਧਨ ਸੀਮਿਤ ਹੁੰਦੇ ਹਨ, ਠੀਕ ਉਸੇ ਤਰ੍ਹਾਂ ਹੀ ਸਰਕਾਰ ਦੇਸ਼ ਦੇ ਲਈ ਬਜਟ ਤਿਆਰ ਕਰਦੀ ਹੈ ਕਿਉਂਕਿ ਸਰਕਾਰ ਦੀ ਆਮਦਨ ਵੀ ਉਸ ਦੇ ਖ਼ਰਚੇ ਦੇ ਮੁਕਾਬਲੇ ਸੀਮਿਤ ਹੁੰਦੀ ਹੈ, ਜਿਸ ਕਰਕੇ ਸਰਕਾਰ ਨੂੰ ਦੁਰਲੱਭਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਦੇਸ਼ ਲਈ ਬਜਟ ਤਿਆਰ ਕਰਨਾ ਪੈਂਦਾ ਹੈ।

ਸਰਕਾਰੀ ਬਜਟ ਇੱਕ ਵਿੱਤੀ ਖਾਤਾ ਹੈ ਜਿਸ ਵਿੱਚ ਸਰਕਾਰ ਦੀਆਂ ਮਦਾਂ ਮੁਤਾਬਿਕ ਅਗਲੇ ਵਿੱਤੀ ਸਾਲ ਲਈ ਅਨੁਮਾਨਿਤ ਆਮਦਨ ਅਤੇ ਅਨੁਮਾਨਿਤ ਖ਼ਰਚ ਦਾ ਵਰਣਨ ਹੁੰਦਾ ਹੈ। ਇਸ ਵਿੱਚ ਪਿਛਲੇ ਸਾਲ ਦੌਰਾਨ ਸਰਕਾਰ ਦੇ ਵਿੱਤੀ ਪ੍ਰਦਰਸ਼ਨ ਦਾ ਵੀ ਵਰਣਨ ਹੁੰਦਾ ਹੈ, ਪਰ ਇਸ ਪੱਖ ਤੇ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ।




ਇਹ ਗੱਲ ਧਿਆਨ ਦੇਣ ਵਾਲ਼ੀ ਹੈ ਕਿ ਸਰਕਾਰੀ ਬਜਟ, ਸਰਕਾਰ ਦੀਆਂ ਵਾਸਤਵਿਕ ਪ੍ਰਾਪਤੀਆਂ ਅਤੇ ਵਾਸਤਵਿਕ ਖ਼ਰਚ ਦਾ ਬਿਊਰਾ ਨਹੀਂ ਹੁੰਦਾ। ਕਿਉਂਕਿ ਸਰਕਾਰੀ ਬਜਟ ਹਮੇਸ਼ਾਂ ਅਗਲੇ ਵਿੱਤੀ ਸਾਲ ਲਈ ਤਿਆਰ ਕੀਤਾ ਜਾਂਦਾ ਹੈ, ਇਸ ਲਈ ਇਹ ਅਗਲੇ ਵਿੱਤੀ ਸਾਲ ਲਈ ਸਰਕਾਰ ਦੀ ਅਨੁਮਾਨਿਤ ਆਮਦਨ ਅਤੇ ਅਨੁਮਾਨਿਤ ਖ਼ਰਚ ਦਾ ਬਿਊਰਾ ਹੁੰਦਾ ਹੈ। ਭਾਰਤ ਵਿੱਚ ਹਰ ਸਾਲ ਇੱਕ ਫਰਵਰੀ ਨੂੰ ਵਿੱਤ ਮੰਤਰੀ ਦੁਆਰਾ ਭਾਰਤੀ ਸੰਸਦ ਵਿੱਚ ਵਿਚਾਰ ਵਟਾਂਦਰੇ ਅਤੇ ਮੰਜ਼ੂਰੀ ਲਈ ਬਜਟ ਪੇਸ਼ ਕੀਤਾ ਜਾਂਦਾ ਹੈ।

### 1.4.6.1 ਸਰਕਾਰੀ ਖ਼ਰਚ ਦੀਆਂ ਵੱਖ-ਵੱਖ ਮਦਾਂ (Various Items of Government Expenditure) :

ਸਰਕਾਰ ਦੁਆਰਾ ਮੁੱਖ ਤੌਰ ਤੇ ਆਪਣਾ ਖ਼ਰਚ ਦੇਸ਼ ਦੀ ਸੁਰੱਖਿਆ, ਪੁਲਿਸ, ਸਕੂਲ, ਹਸਪਤਾਲ, ਸੜਕ, ਬਿਜਲੀ, ਪ੍ਰਸ਼ਾਸਨ, ਵੱਖ-ਵੱਖ ਖੇਤਰਾਂ ਜਿਵੇਂ ਕਿ ਖੇਤੀਬਾੜੀ, ਉਦਯੋਗ, ਸੇਵਾ ਖੇਤਰ ਦੇ ਵਿਕਾਸ, ਸਮਾਜਿਕ ਕਲਿਆਣ ਜਿਵੇਂ ਕਿ

ਅਨੇਕਾਂ ਤਰ੍ਹਾਂ ਦੀਆਂ ਰਿਆਇਤਾਂ ਪ੍ਰਦਾਨ ਕਰਵਾਉਣਾ, ਪੈਨਸ਼ਨ, ਵਜ਼ੀਫੇ, ਆਰਥਿਕ ਨਿਯੋਜਨ, ਪੇਂਡੂ ਅਤੇ ਸ਼ਹਿਰੀ ਖੇਤਰ ਲਈ ਢਾਂਚੇ ਦੇ ਨਿਰਮਾਣ ਅਤੇ ਵਿਕਾਸ ਆਦਿ ਤੇ ਕੀਤਾ ਜਾਂਦਾ ਹੈ।

### 1.4.6.2 ਸਰਕਾਰੀ ਆਮਦਨ ਦੀਆਂ ਵੱਖ-ਵੱਖ ਮਦਾਂ (Various Items of Government Income) :

ਸਰਕਾਰ ਨੂੰ ਆਪਣੀ ਆਮਦਨ ਵੱਖ-ਵੱਖ ਤਰ੍ਹਾਂ ਦੇ ਕਰ ਅਤੇ ਗੈਰ ਕਰ ਸਾਧਨਾਂ ਤੋਂ ਹੁੰਦੀ ਹੈ। ਸਰਕਾਰ ਦੇ ਕਰ ਸਾਧਨਾਂ ਵਿੱਚ ਮੁੱਖ ਤੌਰ ਤੇ ਵਸਤੂ ਅਤੇ ਸੇਵਾ ਕਰ, ਆਮਦਨ ਕਰ, ਆਬਕਾਰੀ ਕਰ ਆਦਿ ਹਨ। ਸਰਕਾਰ ਦੇ ਗੈਰ ਕਰ ਸਾਧਨਾਂ ਵਿੱਚ ਮੁੱਖ ਤੌਰ ਤੇ ਸਰਕਾਰ ਨੂੰ ਪ੍ਰਾਪਤ ਹੋਣ ਵਾਲੀਆਂ ਵੱਖ-ਵੱਖ ਤਰ੍ਹਾਂ ਦੀਆਂ ਫ਼ੀਸਾਂ, ਜੁਰਮਾਨੇ, ਦਾਨ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।



## ਕਿਰਿਆ

1. ਇਕ ਸਧਾਰਨ ਸਾਲ ਅਤੇ ਵਿੱਤੀ ਸਾਲ ਵਿੱਚ ਕੀ ਅੰਤਰ ਹੈ ? ਆਪਣੇ ਅਧਿਆਪਕ ਨਾਲ਼ ਚਰਚਾ ਕਰੋ।
2. ਸਰਕਾਰੀ ਆਮਦਨ ਦੀਆਂ ਕੁਝ ਮਦਾਂ ਦੀ ਸੂਚੀ ਤਿਆਰ ਕਰੋ।
3. ਸਰਕਾਰੀ ਖ਼ਰਚ ਦੀਆਂ ਕੁਝ ਮਦਾਂ ਦੀ ਸੂਚੀ ਤਿਆਰ ਕਰੋ।
4. ਆਪਣੇ ਅਧਿਆਪਕ ਦੀ ਮਦਦ ਨਾਲ ਵਸਤੂ ਅਤੇ ਸੇਵਾ ਕਰ ਤੇ ਇੱਕ ਨੋਟ ਲਿਖੋ।

### 1.4.7 ਘਾਟੇ ਦੀ ਵਿੱਤ ਵਿਵਸਥਾ (Deficit Financing)

ਕਈ ਵਾਰ ਸਰਕਾਰ ਨੂੰ ਆਪਣੇ ਬਜਟ ਵਿੱਚ ਘਾਟੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਤੱਦ ਹੁੰਦਾ ਹੈ, ਜਦੋਂ ਸਰਕਾਰ ਦਾ ਖ਼ਰਚ, ਉਸਦੀ ਆਮਦਨ ਤੋਂ ਵੱਧ ਜਾਂਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸਰਕਾਰ ਇੱਕ ਕਲਿਆਣਕਾਰੀ ਸੰਸਥਾ ਦੇ ਤੌਰ ਤੇ ਕੰਮ ਕਰਦੀ ਹੈ ਅਤੇ ਕਈ ਵਾਰ ਇਸਨੂੰ ਆਪਣੀ ਆਮਦਨ ਦੇ ਮੁਕਾਬਲੇ ਵੱਧ ਮਾਤਰਾ ਵਿੱਚ ਖ਼ਰਚ ਕਰਨਾ ਪੈਂਦਾ ਹੈ। ਜਿਸ ਕਰਕੇ ਸਰਕਾਰ ਨੂੰ ਆਪਣੇ ਬਜਟ ਵਿੱਚ ਘਾਟੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮੱਸਿਆ ਨੂੰ ਦੂਰ ਕਰਨ ਲਈ ਸਰਕਾਰ ਨੂੰ ਕਿਸੇ ਨਾ ਕਿਸੇ ਸਾਧਨ ਤੋਂ ਧਨ ਜਾਂ ਵਿੱਤ ਦਾ ਪ੍ਰਬੰਧ ਕਰਨਾ ਹੁੰਦਾ ਹੈ, ਤਾਂ ਕਿ ਇਸ ਦੁਆਰਾ ਸਰਕਾਰ ਵੱਧ ਖ਼ਰਚਾ ਕਰ ਸਕੇ। ਇਹ ਸਾਰੇ ਪ੍ਰਬੰਧ ਜੋ ਕਿ ਬਜਟ ਵਿੱਚ ਹੋਣ ਵਾਲ਼ੇ ਘਾਟੇ ਨੂੰ ਪੂਰਾ ਕਰਨ ਲਈ ਵਿੱਤ ਦੀ ਵਿਵਸਥਾ ਜਾਂ ਇੰਤਜ਼ਾਮ ਨਾਲ ਸੰਬੰਧਿਤ ਹੁੰਦੇ ਹਨ, ਨੂੰ ਹੀ ਘਾਟੇ ਦੀ ਵਿੱਤ ਵਿਵਸਥਾ ਕਿਹਾ ਜਾਂਦਾ ਹੈ। ਜ਼ਿਆਦਾਤਰ ਹਲਾਤਾਂ ਵਿੱਚ ਸਰਕਾਰ ਇਸ ਵਿੱਤ ਜਾਂ ਧਨ ਦੀ ਵਿਵਸਥਾ ਭਾਰਤੀ ਰਿਜ਼ਰਵ ਬੈਂਕ ਕੋਲੋਂ ਧਨ ਉਧਾਰ ਲੈ ਕੇ ਕਰਦੀ ਹੈ, ਜੋ ਕਿ ਸਰਕਾਰ ਨੂੰ ਇਹ ਧਨ ਨਵੇਂ ਨੋਟ ਛਾਪ ਕੇ ਦਿੰਦਾ ਹੈ। ਇਸ ਤਰ੍ਹਾਂ, ਭਾਰਤੀ ਰਿਜ਼ਰਵ ਬੈਂਕ ਸਰਕਾਰ ਦੀ ਮਦਦ ਕਰਦਾ ਹੈ, ਤਾਂ ਕਿ ਉਹ ਆਪਣੇ ਬਜਟ ਦੇ ਘਾਟੇ ਨੂੰ ਪੂਰਾ ਕਰ ਸਕੇ।




ਇੱਕ ਪ੍ਰਸ਼ਨ ਜੋ ਕਿ ਤੁਹਾਡੇ ਮਨ ਵਿੱਚ ਆ ਸਕਦਾ ਹੈ, ਉਹ ਇਹ ਹੈ ਕਿ ਜਦੋਂ ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ, ਬਜਟ ਵਿੱਚ ਹੋਣ ਵਾਲ਼ੇ ਘਾਟੇ ਦੀ ਹਾਲਤ ਵਿੱਚ ਵੱਧ ਕਰੰਸੀ ਛਾਪ ਸਕਦੇ ਹਨ, ਤਾਂ ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ ਦੋਵੇਂ ਮਿਲ਼ ਕੇ ਵੱਧ ਮਾਤਰਾ ਵਿੱਚ ਇਹ ਕਰੰਸੀ ਕਿਉਂ ਨਹੀਂ ਛਾਪਦੇ ਅਤੇ ਇਸ ਕਰੰਸੀ ਨੂੰ ਉਹਨਾਂ ਲੋਕਾਂ ਨੂੰ ਕਿਉਂ ਨਹੀਂ ਦੇ ਦਿੰਦੇ, ਜਿਹਨਾਂ ਕੋਲ਼ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਧਨ ਮੌਜੂਦ ਨਹੀਂ ਹੈ ? ਪਰ ਵੱਧ ਮਾਤਰਾ ਵਿੱਚ ਕਰੰਸੀ ਛਾਪਣਾ ਅਰਥਵਿਵਸਥਾ ਲਈ ਚੰਗਾ ਨਹੀਂ ਹੁੰਦਾ ਕਿਉਂਕਿ ਇਸ ਨਾਲ਼ ਲੋਕਾਂ ਕੋਲ਼ ਮੁਦਰਾ ਦੀ ਮਾਤਰਾ ਵੱਧ ਜਾਵੇਗੀ, ਜਿਸ ਨਾਲ਼ ਉਹ ਵੱਧ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਕਰਨਾ ਸ਼ੁਰੂ ਕਰ ਦੇਣਗੇ। ਜਿਸਦੇ ਨਤੀਜੇ ਵਜੋਂ ਅਰਥਵਿਵਸਥਾ ਵਿੱਚ ਮੰਗ ਵੱਧ ਜਾਵੇਗੀ ਅਤੇ ਜਿਸ ਨਾਲ਼ ਕੀਮਤਾਂ ਵੱਧ ਜਾਣਗੀਆਂ ਅਤੇ ਅਰਥਵਿਵਸਥਾ ਨੂੰ ਮਹਿੰਗਾਈ ਦੀ ਸਮੱਸਿਆ ਦਾ ਸਾਹਮਣਾ ਕਰਨਾ ਹੋਵੇਗਾ। ਇਸ ਤੋਂ ਇਲਾਵਾ ਭਾਰਤ ਕਰੰਸੀ ਜਾਰੀ ਕਰਨ ਲਈ ਨਿਊਨਤਮ ਨਿਧੀ ਪ੍ਰਬੰਧ ਦੀ ਪਾਲਣਾ ਕਰਦਾ ਹੈ, ਜਿਸ ਬਾਰੇ ਤੁਸੀਂ ਆਪਣੀ ਅਗਲੀ ਜਮਾਤ ਵਿੱਚ ਪੜ੍ਹੋਗੇ। ਇਸ ਲਈ ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ ਦੁਆਰਾ ਆਪਣੀ ਮਰਜ਼ੀ ਨਾਲ਼ ਜਿੰਨੀ ਮਰਜ਼ੀ ਕਰੰਸੀ ਜਾਰੀ ਕਰਨਾ ਸੰਭਵ ਨਹੀਂ ਹੈ।

## 1.4.8 ਸਰਵਜਨਕ ਵਿੱਤ (Public Finance)

ਸਰਵਜਨਕ ਵਿੱਤ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ ਜੋ ਕਿ ਸਰਵਜਨਕ ਅਤੇ ਵਿੱਤ ਹਨ। ਇੱਥੇ 'ਸਰਵਜਨਕ' ਤੋਂ ਭਾਵ ਹੈ 'ਲੋਕਾਂ ਦਾ ਸਮੂਹ' ਜਿਸਦੀ ਪ੍ਰਤੀਨਿਧਤਾ ਸਰਕਾਰ ਦੁਆਰਾ ਕੀਤੀ ਜਾਂਦੀ ਹੈ। ਇਸ ਲਈ ਸੰਖੇਪ ਵਿੱਚ ਸਰਵਜਨਕ ਤੋਂ ਭਾਵ ਸਰਕਾਰ ਤੋਂ ਹੈ। ਵਿੱਤ ਸ਼ਬਦ ਤੋਂ ਭਾਵ ਵਿੱਤੀ ਸਾਧਨਾਂ ਤੋਂ ਹੈ ਭਾਵ ਉਹਨਾਂ ਸਾਧਨਾਂ ਤੋਂ ਹੈ, ਜਿਹਨਾਂ ਦਾ ਸੰਬੰਧ ਆਮਦਨ ਅਤੇ ਖ਼ਰਚ ਦੇ ਨਾਲ਼ ਹੁੰਦਾ ਹੈ। ਇਸ ਲਈ ਸਰਵਜਨਕ ਵਿੱਤ ਤੋਂ ਭਾਵ ਸਰਕਾਰ ਦੇ ਵਿੱਤੀ ਸਾਧਨਾਂ ਤੋਂ ਹੈ ਭਾਵ ਉਹਨਾਂ ਸਾਧਨਾਂ ਤੋਂ ਹੈ ਜਿਹਨਾਂ ਦਾ ਸੰਬੰਧ ਸਰਕਾਰ ਦੀ ਆਮਦਨ ਅਤੇ ਖ਼ਰਚ ਦੇ ਨਾਲ਼ ਹੈ। ਇੱਥੇ ਇਹ ਗੱਲ ਧਿਆਨ ਵਿੱਚ ਰੱਖੀ ਜਾਣ ਵਾਲੀ ਹੈ ਕਿ ਸਰਕਾਰ ਤੋਂ ਭਾਵ ਰਾਜ ਸਰਕਾਰ ਅਤੇ ਕੇਂਦਰੀ ਸਰਕਾਰ ਦੋਹਾਂ ਤੋਂ ਹੈ। ਇਸ ਲਈ ਸਰਵਜਨਕ ਵਿੱਤ ਵਿੱਚ ਅਸੀਂ ਸਰਕਾਰ ਦੀ ਆਮਦਨ ਅਤੇ ਖ਼ਰਚ ਦੇ ਨਾਲ਼ ਸੰਬੰਧਿਤ ਸਾਰੇ ਸਾਧਨਾਂ ਦਾ ਅਧਿਐਨ ਕਰਦੇ ਹਾਂ। ਆਮਦਨ ਪੱਖ ਵਿੱਚ, ਅਸੀਂ ਸਰਕਾਰ ਦੀ ਆਮਦਨ ਦੇ ਵੱਖ-ਵੱਖ ਸਾਧਨਾਂ ਜਿਵੇਂ ਕਿ ਕਰ ਅਤੇ ਗ਼ੈਰ ਕਰ ਸਾਧਨਾਂ ਅਤੇ ਖ਼ਰਚ ਪੱਖ ਵਿੱਚ ਸਰਕਾਰ ਦੇ ਵੱਖ-ਵੱਖ ਖ਼ਰਚੇ ਜਿਵੇਂ ਕਿ ਸਰਕਾਰ ਦੁਆਰਾ ਕੀਤੇ ਜਾਣ ਵਾਲੇ ਵੱਖ-ਵੱਖ ਵਿਕਾਸ ਅਤੇ ਗ਼ੈਰ ਵਿਕਾਸ ਖ਼ਰਚੇ, ਯੋਜਨਾਬੱਧ ਅਤੇ ਗ਼ੈਰ ਯੋਜਨਾਬੱਧ ਖ਼ਰਚਿਆਂ ਆਦਿ ਦਾ ਅਧਿਐਨ ਕਰਦੇ ਹਾਂ।



### ਕਿਰਿਆ

**ਸਰਕਾਰ ਦੀ ਆਮਦਨ ਦੇ ਵੱਖ-ਵੱਖ ਕਰ ਅਤੇ ਗ਼ੈਰ ਕਰ ਸਾਧਨਾਂ ਦੀ ਸੂਚੀ ਤਿਆਰ ਕਰੋ।**

| ਲੜੀ ਨੰ. | ਕਰ ਸਾਧਨ | ਗ਼ੈਰ ਕਰ ਸਾਧਨ |
|---|---|---|
| 1 | | |
| 2 | | |
| 3 | | |

## 1.4.9 ਸਰਵਜਨਕ ਕਰਜ਼ (Public Debt)

ਜਦੋਂ ਸਰਕਾਰ ਦੁਆਰਾ ਦੇਸ਼ ਲਈ ਬਜਟ ਤਿਆਰ ਕੀਤਾ ਜਾਂਦਾ ਹੈ, ਤਾਂ ਸਭ ਤੋਂ ਪਹਿਲਾਂ ਸਰਕਾਰ ਆਪਣੇ ਦੁਆਰਾ ਕੀਤੇ ਜਾਣ ਵਾਲੇ ਖ਼ਰਚ ਦਾ ਅੰਦਾਜ਼ਾ ਲਗਾਉਂਦੀ ਹੈ ਅਤੇ ਉਸ ਤੋਂ ਬਾਅਦ ਆਪਣੇ ਆਪ ਨੂੰ ਪ੍ਰਾਪਤ ਹੋਣ ਵਾਲੀ ਆਮਦਨ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਇਹ ਸਰਕਾਰ ਦਾ ਫਰਜ਼ ਹੈ ਕਿ ਉਹ ਆਪਣੇ ਆਪ ਨੂੰ ਇੱਕ ਕਲਿਆਣਕਾਰੀ ਸੰਸਥਾ ਸਾਬਿਤ ਕਰਨ ਲਈ ਕੁਝ ਜ਼ਰੂਰੀ ਵਸਤੂਆਂ ਤੇ ਜ਼ਰੂਰ ਖ਼ਰਚ ਕਰੇ ਭਾਵੇਂ ਉਹਨਾਂ ਤੋਂ ਕੋਈ ਆਮਦਨ ਪ੍ਰਾਪਤ ਹੋਵੇ ਭਾਵੇਂ ਨਹੀਂ। ਇਸ ਲਈ ਸਰਕਾਰੀ ਬਜਟ ਵਿੱਚ ਘਾਟਾ ਪੈਣ ਦੀ ਕਾਫੀ ਸੰਭਾਵਨਾ ਹੁੰਦੀ ਹੈ। ਪਰ ਜੇਕਰ ਅਸੀਂ ਇੱਕ ਨਿੱਜੀ ਵਿਅਕਤੀ ਦੁਆਰਾ ਤਿਆਰ ਕੀਤੇ ਜਾਣ ਵਾਲੇ ਬਜਟ ਦੀ ਗੱਲ ਕਰੀਏ, ਤਾਂ ਉਹ ਨਿੱਜੀ ਵਿਅਕਤੀ ਪਹਿਲਾਂ ਆਪਣੀ ਆਮਦਨ ਬਾਰੇ ਅੰਦਾਜ਼ਾ ਲਗਾਉਂਦਾ ਹੈ ਅਤੇ ਫਿਰ ਆਪਣੇ ਦੁਆਰਾ ਕੀਤੇ ਜਾਣ ਵਾਲ਼ੇ ਖ਼ਰਚ ਬਾਰੇ ਸੋਚਦਾ ਹੈ। ਇਸ ਲਈ ਨਿੱਜੀ ਬਜਟ ਵਿੱਚ ਘਾਟਾ ਹੋਣ ਦੀ ਸੰਭਾਵਨਾ ਕਾਫੀ ਘੱਟ ਹੁੰਦੀ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸਰਕਾਰ ਦੀ ਆਮਦਨ ਦੇ ਸਾਧਨ, ਸਰਕਾਰ ਦੇ ਖਰਚਿਆਂ ਦੇ ਮੁਕਾਬਲੇ ਕਾਫ਼ੀ ਸੀਮਿਤ ਹੁੰਦੇ ਹਨ। ਜਦੋਂ ਸਰਕਾਰ ਦੀ ਆਮਦਨ, ਉਸਦੇ ਖ਼ਰਚਿਆਂ ਦੇ ਮੁਕਾਬਲੇ ਘੱਟ ਰਹਿ ਜਾਂਦੀ ਹੈ ਜੋ ਕਿ ਸਰਕਾਰ ਨੇ ਕੁਝ ਜ਼ਰੂਰੀ ਵਸਤੂਆਂ ਤੇ ਕਰਨੇ ਹੀ ਹੁੰਦੇ ਹਨ, ਤਾਂ ਸਰਕਾਰ ਨੂੰ ਇਸ ਘਾਟੇ ਨੂੰ ਪੂਰਾ ਕਰਨ ਲਈ ਕਈ ਸਾਧਨਾਂ ਤੋਂ ਕਰਜ਼ਾ ਲੈਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਸ ਲਈ ਵੱਖ-ਵੱਖ ਸਾਧਨਾਂ ਤੋਂ ਸਰਕਾਰ ਦੁਆਰਾ ਲਏ ਜਾਣ ਵਾਲ਼ੇ ਸਾਰੇ ਤਰ੍ਹਾਂ ਦੇ

ਕਰਜ਼ਿਆਂ, ਚਾਹੇ ਉਹ ਅੰਦਰੂਨੀ ਸਾਧਨ ਹੋਣ (ਜੋ ਕਿ ਦੇਸ਼ ਦੇ ਅੰਦਰ ਹੁੰਦੇ ਹਨ), ਚਾਹੇ ਬਾਹਰੀ ਸਾਧਨ (ਜੋ ਕਿ ਦੇਸ਼ ਦੇ ਬਾਹਰ ਸਥਿਤ ਹੁੰਦੇ ਹਨ), ਨੂੰ ਸਰਵਜਨਕ ਕਰਜ਼ ਕਿਹਾ ਜਾਂਦਾ ਹੈ।

### 1.4.10 ਵਿਕਾਸ ਦਰ (Growth Rate)

ਕਿਸੇ ਦੇਸ਼ ਦੀ ਸਰਕਾਰ ਦੁਆਰਾ ਜਿਨੀਆਂ ਵੀ ਨੀਤੀਆਂ ਦਾ ਨਿਰਮਾਣ ਕੀਤਾ ਜਾਂਦਾ ਹੈ, ਉਹਨਾਂ ਸਾਰੀਆਂ ਨੀਤੀਆਂ ਦਾ ਮੁੱਖ ਉਦੇਸ਼ ਦੇਸ਼ ਦੀ ਵਿਕਾਸ ਦਰ ਨੂੰ ਤੇਜ਼ ਕਰਨਾ ਹੁੰਦਾ ਹੈ, ਤਾਂ ਕਿ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ। ਇਸ ਲਈ ਹਰੇਕ ਦੇਸ਼ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਆਪਣੀ ਵਿਕਾਸ ਦਰ ਦਾ ਮਾਪ ਕਰੇ ਅਤੇ ਇਸ ਨੂੰ ਵਧਾਉਣ ਲਈ ਕੋਸ਼ਿਸ਼ ਕਰੇ।

***ਕਿਸੇ ਵੀ ਦੇਸ਼ ਦੀ ਵਿਕਾਸ ਦਰ ਤੋਂ ਭਾਵ ਕਿਸੇ ਵਿਸ਼ੇਸ਼ ਸਾਲ ਵਿੱਚ, ਪਿਛਲੇ ਸਾਲ ਦੇ ਮੁਕਾਬਲੇ, ਇਸ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਹੋਣ ਵਾਲ਼ੇ ਪ੍ਰਤਿਸ਼ਤ ਵਾਧੇ ਦੀ ਦਰ ਤੋਂ ਹੈ।***

**ਕੁੱਲ ਘਰੇਲੂ ਉਤਪਾਦਨ ਦੀ ਧਾਰਨਾ (Concept of Gross Domestic Product)**

ਇੱਕ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਦੀ ਧਾਰਨਾ ਵਿੱਚ ਮੁੱਖ ਤੌਰ ਤੇ ਤਿੰਨ ਸ਼ਬਦ ਹਨ, ਜੋ ਕਿ ਕੁੱਲ, ਘਰੇਲੂ ਅਤੇ ਉਤਪਾਦਨ ਹਨ। ਇਸ ਵਿੱਚ ਕੁੱਲ ਉਤਪਾਦਨ ਤੋਂ ਭਾਵ ਉਸ ਦੇਸ਼ ਵਿੱਚ ਪੈਦਾ ਹੋਣ ਵਾਲੇ ਉਤਪਾਦਨ ਦੀ ਕੁੱਲ ਮਾਤਰਾ ਤੋਂ ਹੈ ਜਿਸ ਵਿੱਚ ਘਿਸਾਵਟ ਖ਼ਰਚ ਨੂੰ ਸ਼ਾਮਲ ਕੀਤਾ ਜਾਂਦਾ ਹੈ ਅਤੇ ਘਰੇਲੂ ਤੋਂ ਭਾਵ ਕਿਸੇ ਦੇਸ਼ ਦੀ ਘਰੇਲੂ ਸੀਮਾ ਤੋਂ ਹੈ। ਇਸ ਲਈ ਕੁੱਲ ਘਰੇਲੂ ਉਤਪਾਦਨ ਤੋਂ ਭਾਵ ਇੱਕ ਦੇਸ਼ ਦੀ ਘਰੇਲੂ ਸੀਮਾ ਦੇ ਅੰਦਰ ਇੱਕ ਸਾਲ ਦੀ ਸਮਾਂ ਅਵਧੀ ਦੇ ਦੌਰਾਨ ਪੈਦਾ ਹੋਣ ਵਾਲੀਆਂ ਅੰਤਿਮ ਵਸਤੂਆਂ ਅਤੇ ਸੇਵਾਵਾਂ ਦੀ ਕੁੱਲ ਮਾਤਰਾ ਤੋਂ ਹੈ।

ਉਦਾਹਰਣ ਦੇ ਤੌਰ ਤੇ ਜੇਕਰ ਕਿਸੇ ਦੇਸ਼ ਦਾ ਕੁੱਲ ਘਰੇਲੂ ਉਤਪਾਦਨ ਪਿਛਲੇ ਸਾਲ ਵਿੱਚ ₹100 ਕਰੋੜ ਸੀ ਅਤੇ ਇਸ ਸਾਲ ਵਿੱਚ ₹110 ਕਰੋੜ ਹੈ, ਤਾਂ ਉਸ ਦੇਸ਼ ਦੀ ਵਿਕਾਸ ਦਰ ਦੀ ਗਣਨਾ ਇਸ ਤਰ੍ਹਾਂ ਨਾਲ ਕੀਤੀ ਜਾ ਸਕਦੀ ਹੈ:

₹

$$\textbf{ਵਿਕਾਸ ਦਰ} = \frac{\text{ਵਰਤਮਾਨ ਸਾਲ ਦਾ ਕੁੱਲ ਘਰੇਲੂ ਉਤਪਾਦਨ} - \text{ਪਿਛਲੇ ਸਾਲ ਦਾ ਕੁੱਲ ਘਰੇਲੂ ਉਤਪਾਦਨ}}{\text{ਪਿਛਲੇ ਸਾਲ ਦਾ ਕੁੱਲ ਘਰੇਲੂ ਉਤਪਾਦਨ}} \times 100$$

$$\textbf{ਵਿਕਾਸ ਦਰ} = \frac{₹110 \text{ ਕਰੋੜ} - 100 \text{ ਕਰੋੜ}}{₹100 \text{ ਕਰੋੜ}} \quad 100$$

**ਵਿਕਾਸ ਦਰ** = 10%

### 1.4.11 ਭੁਗਤਾਨ ਬਾਕੀ (Balance of Payment)

ਵਰਤਮਾਨ ਸਮੇਂ ਵਿੱਚ ਹਰੇਕ ਅਰਥਵਿਵਸਥਾ ਖੁੱਲ੍ਹੀ ਅਰਥਵਿਵਸਥਾ ਹੈ। ਇੱਕ ਖੁੱਲ੍ਹੀ ਅਰਥਵਿਵਸਥਾ ਉਹ ਅਰਥਵਿਵਸਥਾ ਹੁੰਦੀ ਹੈ, ਜਿਸਦਾ ਵਸਤੂਆਂ ਅਤੇ ਸੇਵਾਵਾਂ ਦੇ ਆਯਾਤ-ਨਿਰਯਾਤ ਅਤੇ ਹੋਰ ਪੂੰਜੀ ਦੇ ਲੈਣ-ਦੇਣ ਦੇ ਪੱਖੋਂ ਸੰਸਾਰ ਦੇ ਦੂਜੇ ਦੇਸ਼ਾਂ ਦੇ ਨਾਲ਼ ਆਰਥਿਕ ਲੈਣ-ਦੇਣ ਹੁੰਦਾ ਹੈ।

ਇਸ ਲਈ ਜਦੋਂ ਇੱਕ ਦੇਸ਼ ਸੰਸਾਰ ਦੇ ਬਾਕੀ ਦੇਸ਼ਾਂ ਦੇ ਨਾਲ਼ ਕਿਸੇ ਵੀ ਤਰ੍ਹਾਂ ਦੇ ਆਰਥਿਕ ਲੈਣ-ਦੇਣ ਕਰਦਾ ਹੈ, ਤਾਂ ਉਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਇਹਨਾਂ ਸਾਰੇ ਆਰਥਿਕ ਲੈਣ-ਦੇਣ ਦਾ ਇੱਕ ਖਾਤਾ ਤਿਆਰ ਕਰੇ ਅਤੇ ਇਸ ਖਾਤੇ ਨੂੰ ਹੀ *ਭੁਗਤਾਨ ਬਾਕੀ* ਕਿਹਾ ਜਾਂਦਾ ਹੈ।

ਤਾਲਿਕਾ 1.1 : ਭਾਰਤ ਦੇ ਭੁਗਤਾਨ ਬਾਕੀ ਦੀਆਂ ਮੁੱਖ ਮਦਾਂ

(ਅੰਕੜੇ ਬਿਲੀਅਨ ਅਮਰੀਕੀ ਡਾਲਰ ਵਿੱਚ)

| | April-June 2021 P | | | April-June 2020 PR | | |
|---|---|---|---|---|---|---|
| | ਪ੍ਰਾਪਤੀਆਂ | ਭੁਗਤਾਨ | ਸ਼ੁੱਧ | ਪ੍ਰਾਪਤੀਆਂ | ਭੁਗਤਾਨ | ਸ਼ੁੱਧ |
| A. ਚਾਲੂ ਖਾਤਾ | 180.0 | 173.5 | 6.5 | 122.4 | 103.3 | 19.1 |
| 1 ਵਸਤੂਆਂ | 97.4 | 128.1 | –30.7 | 52.2 | 63.2 | –11.0 |
| ਜਿਹਨਾਂ ਵਿੱਚੋਂ | | | | | | |
| POL (Petroleum Oil Lubricant) | 13.0 | 31.0 | –18.0 | 4.8 | 13.2 | –8.3 |
| 2. ਸੇਵਾਵਾਂ | 56.2 | 30.4 | 25.8 | 47.0 | 26.2 | 20.8 |
| 3. ਪ੍ਰਾਥਮਿਕ ਆਮਦਨ | 5.4 | 13.0 | –7.5 | 5.0 | 12.7 | –7.7 |
| 4. ਗੌਣ ਆਮਦਨ | 20.9 | 1.9 | 19.0 | 18.2 | 1.2 | 17.0 |
| B. ਪੂੰਜੀ ਖਾਤਾ ਅਤੇ ਵਿੱਤੀ ਖਾਤਾ ਜਿਹਨਾਂ ਵਿੱਚੋਂ | 155.3 | 161.4 | –6.1 | 120.2 | 138.6 | –18.5 |
| ਨਿਧੀਆਂ ਵਿੱਚ ਬਦਲਾਅ ਵਾਧਾ (-)/ਕਮੀ (+) | 0.0 | 31.9 | –31.9 | 0.0 | 19.8 | –19.8 |
| C. ਭੁੱਲ-ਚੁੱਕ (-)(A+B) | | 0.4 | –0.4 | | 0.6 | –0.6 |
| P: Preliminary; PR: Partially Revised | | | | | | |

ਨੋਟ : ਉਪਭਾਗਾਂ ਦੇ ਜੋੜ ਦਾ ਕੁੱਲ ਜੋੜ ਨਾਲ਼ ਮਿਲਾਣ ਹੋਣਾ ਜ਼ਰੂਰੀ ਨਹੀਂ ਹੈ, ਕਿਉਂਕਿ ਮਦਾਂ ਨੂੰ ਲਿਖਦੇ ਸਮੇਂ Rounding off ਦਾ ਸਹਾਰਾ ਲਿਆ ਗਿਆ ਹੈ।

**Source:** RBI, https://www.rbi.org.in/Scripts/Bs PressReleaseDisplay.aspx?prid=44937#T1

ਆਮਤੌਰ ਤੇ ਅਸੀਂ ਭੁਗਤਾਨ ਬਾਕੀ ਦਾ ਅਰਥ ਗ਼ਲਤ ਸਮਝ ਲੈਂਦੇ ਹਾਂ ਕਿ ਜਦੋਂ ਇੱਕ ਦੇਸ਼ ਦੂਜੇ ਦੇਸ਼ਾਂ ਦੇ ਨਾਲ਼ ਆਰਥਿਕ ਲੈਣ-ਦੇਣ ਕਰਦਾ ਹੈ, ਤਾਂ ਇਹਨਾਂ ਆਰਥਿਕ ਲੈਣ-ਦੇਣ ਕਰਕੇ ਉਸ ਦੇਸ਼ ਦੁਆਰਾ ਕਿੰਨਾਂ ਭੁਗਤਾਨ ਕਰਨਾ ਬਾਕੀ ਰਹਿ ਗਿਆ ਹੈ ? ਪਰ ਇੱਥੇ BALANCE ਤੋਂ ਭਾਵ BALANCE SHEET ਤੋਂ ਹੈ ਅਤੇ PAYMENT ਤੋਂ ਭਾਵ ਸਿਰਫ਼ ਭੁਗਤਾਨ ਤੋਂ ਨਹੀਂ ਬਲਕਿ ਪ੍ਰਾਪਤੀਆਂ ਅਤੇ ਭੁਗਤਾਨ ਦੋਹਾਂ ਤੋਂ ਹੈ ਕਿਉਂਕਿ ਪਹਿਲੇ ਦੇਸ਼ ਦੀਆਂ ਪ੍ਰਾਪਤੀਆਂ ਦੂਜੇ ਦੇਸ਼ ਦੇ ਭੁਗਤਾਨ ਹੁੰਦੇ ਹਨ ਅਤੇ ਦੂਜੇ ਦੇਸ਼ ਦੀ ਪ੍ਰਾਪਤੀਆਂ, ਪਹਿਲੇ ਦੇਸ਼ ਦੇ ਭੁਗਤਾਨ ਹੁੰਦੇ ਹਨ। ਇਸ ਲਈ ਇਸ BALANCE SHEET ਵਿੱਚ ਦੋ ਪੱਖ ਹੁੰਦੇ ਹਨ ਜੋ ਕਿ ਪ੍ਰਾਪਤੀਆਂ ਅਤੇ ਭੁਗਤਾਨ ਹਨ। ਪ੍ਰਾਪਤੀਆਂ ਵਿੱਚ ਸਰਕਾਰ ਨੂੰ ਹੋਣ ਵਾਲ਼ੀ ਆਮਦਨ ਦਾ ਬਿਊਰਾ ਅਤੇ ਭੁਗਤਾਨ ਵਿੱਚ ਸਰਕਾਰ ਦੁਆਰਾ ਕੀਤੇ ਜਾਣ ਵਾਲ਼ੇ ਹਰੇਕ ਤਰ੍ਹਾਂ ਦੇ ਖ਼ਰਚ ਦਾ ਬਿਊਰਾ ਸ਼ਾਮਲ ਹੁੰਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਭੁਗਤਾਨ ਬਾਕੀ ਤੋਂ ਭਾਵ ਇੱਕ ਨਿਸ਼ਚਿਤ ਸਮੇਂ ਦੇ ਦੌਰਾਨ ਸਰਕਾਰ ਦੁਆਰਾ ਬਾਕੀ ਸੰਸਾਰ ਦੇ ਨਾਲ਼ ਕੀਤੇ ਜਾਣ ਵਾਲੇ ਹਰੇਕ ਤਰ੍ਹਾਂ ਦੇ ਆਰਥਿਕ ਲੈਣ-ਦੇਣ ਭਾਵ ਪ੍ਰਾਪਤੀਆਂ ਅਤੇ ਭੁਗਤਾਨ ਦਾ ਇੱਕ ਵਿਵਸਥਿਤ ਰਿਕਾਰਡ ਹੁੰਦਾ ਹੈ। ਆਮ ਤੌਰ ਤੇ ਇਸ ਸਮੇਂ ਨੂੰ ਇੱਕ ਸਾਲ ਮੰਨਿਆ ਜਾਂਦਾ ਹੈ।

### 1.4.12 ਮੌਦਰਿਕ ਨੀਤੀ (Monetary Policy)

ਮੌਦਰਿਕ ਨੀਤੀ ਨੂੰ ਅੰਗਰੇਜ਼ੀ ਭਾਸ਼ਾ ਵਿੱਚ MONETARY POLICY ਕਿਹਾ ਜਾਂਦਾ ਹੈ। ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਪੱਸ਼ਟ ਹੈ ਕਿ ਇਹ ਇੱਕ ਅਜਿਹੀ ਨੀਤੀ ਹੈ ਜੋ ਕਿ ਇੱਕ ਅਰਥਵਿਵਸਥਾ ਵਿੱਚ ਮੁਦਰਾ ਦੇ ਨਾਲ਼ ਸੰਬੰਧਿਤ ਹੁੰਦੀ ਹੈ। ਜਦੋਂ ਵੀ ਅਸੀਂ ਮੁਦਰਾ ਦੀ ਗੱਲ ਕਰਦੇ ਹਾਂ ਤਾਂ ਮੁਦਰਾ ਦੇ ਸੰਬੰਧ ਵਿੱਚ ਦੋ ਪੱਖ ਹੋ ਸਕਦੇ ਹਨ ਜੋ ਕਿ ਮੁਦਰਾ ਦੀ ਮੰਗ ਅਤੇ ਮੁਦਰਾ ਦੀ ਪੂਰਤੀ ਹਨ। ਇਸ ਲਈ ਇੱਕ ਅਜਿਹੀ ਨੀਤੀ, ਜੋ ਮੁਦਰਾ ਦੀ ਮੰਗ ਅਤੇ ਮੁਦਰਾ ਦੀ ਪੂਰਤੀ ਨਾਲ਼ ਸੰਬੰਧਿਤ ਹੁੰਦੀ ਹੈ, ਨੂੰ ਮੌਦਰਿਕ ਨੀਤੀ ਕਿਹਾ ਜਾਂਦਾ ਹੈ।

ਹੁਣ ਪ੍ਰਸ਼ਨ ਇਹ ਉੱਠਦਾ ਹੈ ਕਿ ਇੱਕ ਅਰਥਵਿਵਸਥਾ ਵਿੱਚ ਮੁਦਰਾ ਦੀ ਮੰਗ ਅਤੇ ਪੂਰਤੀ ਨੂੰ ਕਿਵੇਂ ਨਿਯੰਤਰਿਤ ਕੀਤਾ ਜਾਂਦਾ ਹੈ ? ਜਿੱਥੋਂ ਤਕ ਮੁਦਰਾ ਦੀ ਪੂਰਤੀ ਦਾ ਪ੍ਰਸ਼ਨ ਹੈ, ਇਸਨੂੰ ਭਾਰਤ ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ ਅਤੇ ਮੁਦਰਾ ਦੀ ਮੰਗ ਅਰਥਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੀ ਮੰਗ

ਤੇ ਨਿਰਭਰ ਕਰਦੀ ਹੈ। ਜੇਕਰ ਅਰਥਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਵੱਧ ਹੈ, ਤਾਂ ਮੁਦਰਾ ਦੀ ਮੰਗ ਵੀ ਵੱਧ ਹੋਵੇਗੀ ਅਤੇ ਜੇਕਰ ਅਰਥਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਘੱਟ ਹੈ, ਤਾਂ ਮੁਦਰਾ ਦੀ ਮੰਗ ਵੀ ਘੱਟ ਹੋਵੇਗੀ। ਇਸ ਲਈ ਮੌਦਰਿਕ ਨੀਤੀ ਤੋਂ ਭਾਵ ਇੱਕ ਅਜਿਹੀ ਨੀਤੀ ਤੋਂ ਹੈ ਜਿਸ ਵਿੱਚ ਦੇਸ਼ ਦਾ ਕੇਂਦਰੀ ਬੈਂਕ ਅਤੇ ਸਰਕਾਰ ਕੁੱਝ ਵਿਸ਼ੇਸ਼ ਉਦੇਸ਼ਾਂ ਦੀ ਪ੍ਰਾਪਤੀ ਲਈ ਮੁਦਰਾ ਦੀ ਮੰਗ ਅਤੇ ਪੂਰਤੀ ਨੂੰ ਨਿਯੰਤਰਿਤ ਕਰਦੇ ਹਨ।

### 1.4.12.1 ਮੌਦਰਿਕ ਨੀਤੀ ਦੇ ਉਪਕਰਨ

ਭਾਰਤੀ ਰਿਜ਼ਰਵ ਬੈਂਕ ਦੁਆਰਾ ਆਪਣੀ ਮੌਦਰਿਕ ਨੀਤੀ ਨੂੰ ਲਾਗੂ ਕਰਨ ਲਈ ਹੇਠ ਲਿਖੇ ਉਪਕਰਨਾਂ ਦੀ ਮਦਦ ਲਈ ਜਾਂਦੀ ਹੈ :

(i) **ਬੈਂਕ ਦਰ** : ਬੈਂਕ ਦਰ ਉਹ ਦਰ ਹੁੰਦੀ ਹੈ, ਜਿਸ ਤੇ ਕਿਸੇ ਵੀ ਦੇਸ਼ ਦਾ ਕੇਂਦਰੀ ਬੈਂਕ ਵਪਾਰਕ ਬੈਂਕਾਂ ਨੂੰ ਕਰਜ਼ਾ ਪ੍ਰਦਾਨ ਕਰਵਾਉਂਦਾ ਹੈ।

(ii) **ਨਕਦ ਨਿਧੀ ਅਨੁਪਾਤ** : ਵਪਾਰਕ ਬੈਂਕਾਂ ਨੂੰ ਆਪਣੀ ਕੁੱਲ ਰਕਮ ਦਾ ਇੱਕ ਨਿਸ਼ਚਿਤ ਪ੍ਰਤੀਸ਼ਤ ਹਿੱਸਾ ਕੇਂਦਰੀ ਬੈਂਕ ਕੋਲ ਜਮਾਂ ਰੱਖਣਾ ਹੁੰਦਾ ਹੈ, ਇਸ ਨੂੰ ਨਕਦ ਨਿਧੀ ਅਨੁਪਾਤ ਕਿਹਾ ਜਾਂਦਾ ਹੈ।

(iii) **ਤਰਲਤਾ ਅਨੁਪਾਤ** : ਤਰਲਤਾ ਅਨੁਪਾਤ ਤੋਂ ਭਾਵ ਬੈਂਕਾਂ ਦੇ ਕੁੱਲ ਜਮਾਂ ਦੇ ਉਸ ਨਿਊਨਤਮ ਪ੍ਰਤੀਸ਼ਤ ਭਾਗ ਤੋਂ ਹੈ, ਜੋ ਬੈਂਕਾਂ ਨੂੰ ਕੇਂਦਰੀ ਬੈਂਕ ਦੇ ਨਿਯਮਾਂ ਅਨੁਸਾਰ ਆਪਣੇ ਕੋਲ ਨਕਦ ਜਾਂ ਤਰਲ ਸੰਪਤੀਆਂ ਦੇ ਰੂਪ ਵਿੱਚ ਰੱਖਣਾ ਹੁੰਦਾ ਹੈ।

(iv) **ਖੁਲ੍ਹੇ ਬਜ਼ਾਰ ਦੀਆਂ ਕਿਰਿਆਵਾਂ** : ਖੁਲ੍ਹੇ ਬਜ਼ਾਰ ਦੀਆਂ ਕਿਰਿਆਵਾਂ ਵਿੱਚ ਕੇਂਦਰੀ ਬੈਂਕ ਆਪਣੇ ਕੋਲ ਮੌਜੂਦ ਪ੍ਰਤੀਭੂਤੀਆਂ ਦੀ ਖਰੀਦ ਵੇਚ ਕਰਕੇ ਅਰਥਵਿਵਸਥਾ ਵਿੱਚ ਮੁਦਰਾ ਦੀ ਮੰਗ ਅਤੇ ਪੂਰਤੀ ਨੂੰ ਪ੍ਰਭਾਵਿਤ ਕਰਦਾ ਹੈ।

(v) **ਰੈਪੋ ਦਰ** : ਰੈਪੋ ਦਰ ਤੋਂ ਭਾਵ ਉਸ ਦਰ ਤੋਂ ਹੈ, ਜਿਸ ਦਰ ਤੇ ਵਪਾਰਕ ਬੈਂਕ, ਕੇਂਦਰੀ ਬੈਂਕ ਤੋਂ ਕਰਜ਼ਾ ਲੈਣ ਲਈ ਉਸ ਕੋਲ ਸਰਕਾਰੀ ਪ੍ਰਤੀਭੂਤੀਆਂ ਨੂੰ ਗਿਰਵੀ ਰੱਖ ਕੇ ਅਲਪਕਾਲੀਨ ਕਰਜ਼ਾ ਪ੍ਰਾਪਤ ਕਰਦੇ ਹਨ।

### 1.4.13 ਰਾਜਕੋਸ਼ੀ ਨੀਤੀ (Fiscal Policy)

ਰਾਜਕੋਸ਼ੀ ਨੀਤੀ ਨੂੰ ਅੰਗਰੇਜ਼ੀ ਭਾਸ਼ਾ ਵਿੱਚ ***FISCAL POLICY*** ਕਿਹਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ ***FISCAL, FISC*** ਸ਼ਬਦ ਤੋਂ ਲਿਆ ਗਿਆ ਹੈ, ਜਿਸ ਤੋਂ ਭਾਵ ਹੈ ਖ਼ਜ਼ਾਨਾ। ਇਸ ਲਈ ਰਾਜਕੋਸ਼ੀ ਨੀਤੀ ਇੱਕ ਅਜਿਹੀ ਨੀਤੀ ਹੈ, ਜੋ ਕਿ ਸਰਕਾਰ ਦੇ ਖ਼ਜ਼ਾਨੇ ਨਾਲ਼ ਸੰਬੰਧਿਤ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸਰਕਾਰ ਦੇ ਖ਼ਜ਼ਾਨੇ ਵਿੱਚ ਕਿੰਨਾ ਧਨ ਹੋਵੇਗਾ, ਇਹ ਦੋ ਗੱਲਾਂ ਤੇ ਨਿਰਭਰ ਕਰਦਾ ਹੈ; ਇੱਕ ਸਰਕਾਰ ਦੀ ਆਮਦਨ ਤੇ ਅਤੇ ਦੂਜਾ ਸਰਕਾਰ ਦੇ ਖ਼ਰਚੇ ਤੇ। ਜੇਕਰ ਸਰਕਾਰ ਦੀ ਆਮਦਨ ਵੱਧ ਹੈ ਅਤੇ ਖ਼ਰਚਾ ਘੱਟ ਹੈ, ਤਾਂ ਸਰਕਾਰ ਦੇ ਖ਼ਜ਼ਾਨੇ ਵਿੱਚ ਵੱਧ ਧਨ ਹੋਵੇਗਾ ਅਤੇ ਜੇਕਰ ਸਰਕਾਰ ਦੀ ਆਮਦਨ ਘੱਟ ਹੈ ਅਤੇ ਖ਼ਰਚਾ ਵੱਧ ਹੈ, ਤਾਂ ਸਰਕਾਰ ਦੇ ਖ਼ਜ਼ਾਨੇ ਵਿੱਚ ਧਨ ਘੱਟ ਹੋਵੇਗਾ।

*ਇਸ ਲਈ ਕਿਹਾ ਜਾ ਸਕਦਾ ਹੈ ਕਿ ਸਰਕਾਰ ਦੀ ਆਮਦਨ ਅਤੇ ਖ਼ਰਚ ਨਾਲ਼ ਸੰਬੰਧਿਤ ਨੀਤੀ ਨੂੰ ਰਾਜਕੋਸ਼ੀ ਨੀਤੀ ਕਿਹਾ ਜਾਂਦਾ ਹੈ।*

## ਸਾਰ

- ਅਰਥਸ਼ਾਸਤਰ ਤੋਂ ਭਾਵ ਘਰੇਲੂ ਪ੍ਰਬੰਧ ਤੋਂ ਹੈ। ਇਹ ਇਸ ਗੱਲ ਨਾਲ ਸੰਬੰਧਿਤ ਹੈ ਕਿ ਇੱਕ ਵਿਅਕਤੀ ਅਤੇ ਸਰਕਾਰ ਆਪਣੇ ਸੀਮਿਤ ਸਾਧਨਾਂ, ਜਿਹਨਾਂ ਦੇ ਵਿਕਲਪਿਕ ਪ੍ਰਯੋਗ ਹੁੰਦੇ ਹਨ, ਦੀ ਕਿਸ ਤਰ੍ਹਾਂ ਕੁਸ਼ਲ ਵਰਤੋਂ ਕਰਦੇ ਹਨ ਜਿਸ ਨਾਲ਼ ਵਿਅਕਤੀਗਤ ਅਤੇ ਸਮਾਜਿਕ ਕਲਿਆਣ ਨੂੰ ਅਧਿਕਤਮ ਕੀਤਾ ਜਾ ਸਕੇ।
- ਵਿਅਸ਼ਟੀ ਅਰਥਸ਼ਾਸਤਰ, ਆਰਥਿਕ ਕਿਰਿਆਵਾਂ ਦਾ ਅਧਿਐਨ ਛੋਟੇ ਪੱਧਰ ਭਾਵ ਇੱਕ ਵਿਅਕਤੀ, ਇੱਕ ਪਰਿਵਾਰ, ਇੱਕ ਫ਼ਰਮ ਆਦਿ ਤੇ ਕਰਦਾ ਹੈ।
- ਸਮੱਸ਼ਟੀ ਅਰਥਸ਼ਾਸਤਰ ਆਰਥਿਕ ਕਿਰਿਆਵਾਂ ਦਾ ਅਧਿਐਨ ਵੱਡੇ ਭਾਵ ਪੂਰੀ ਦੀ ਪੂਰੀ ਅਰਥਵਿਵਸਥਾ ਦੇ ਪੱਧਰ ਤੇ ਕਰਦਾ ਹੈ।
- ਉਪਭੋਗ ਤੋਂ ਭਾਵ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦੀ ਵਰਤੋਂ ਕਰਨ ਨਾਲ ਹੈ, ਜਿਸ ਤੋਂ ਪ੍ਰਤੱਖ ਸੰਤੁਸ਼ਟੀ ਪ੍ਰਾਪਤ ਕੀਤੀ ਜਾ ਸਕੇ।

- ਬੱਚਤ ਤੋਂ ਭਾਵ ਆਮਦਨ ਦੇ ਉਸ ਭਾਗ ਤੋਂ ਹੈ, ਜਿਸਨੂੰ ਖ਼ਰਚ ਨਹੀਂ ਕੀਤਾ ਜਾਂਦਾ।
- ਨਿਵੇਸ਼ ਤੋਂ ਭਾਵ ਇੱਕ ਨਿਸ਼ਚਿਤ ਸਮੇਂ ਭਾਵ ਇੱਕ ਸਾਲ ਦੀ ਸਮਾਂ ਅਵਧੀ ਦੇ ਦੌਰਾਨ ਪੂੰਜੀ ਭੰਡਾਰ ਵਿੱਚ ਹੋਣ ਵਾਲ਼ੇ ਵਾਧੇ ਤੋਂ ਹੈ।
- ਮੁਦਰਾ ਸਫੀਤੀ ਤੋਂ ਭਾਵ ਕਿਸੇ ਅਰਥਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਅਤੇ ਲੰਬੇ ਸਮੇਂ ਵਿੱਚ ਹੋਣ ਵਾਲ਼ਾ ਵਾਧਾ ਹੈ।
- ਮੁਦਰਾ ਪੂਰਤੀ ਤੋਂ ਭਾਵ ਕਿਸੇ ਅਰਥਵਿਵਸਥਾ ਵਿੱਚ ਲੋਕਾਂ ਕੋਲ਼ ਸਮੇਂ ਦੇ ਇੱਕ ਨਿਸ਼ਚਿਤ ਬਿੰਦੂ ਤੇ ਮੁਦਰਾ ਦੇ ਕੁੱਲ ਸਟਾਕ (ਕਰੰਸੀ ਨੋਟਾਂ ਅਤੇ ਸਿੱਕਿਆਂ ਦੇ ਰੂਪ ਵਿੱਚ) ਤੋਂ ਹੈ।
- ਸਰਕਾਰੀ ਬਜਟ ਤੋਂ ਭਾਵ ਇੱਕ ਵਿੱਤੀ ਸਾਲ ਦੇ ਦੌਰਾਨ ਸਰਕਾਰ ਦੀ ਅਨੁਮਾਨਿਤ ਆਮਦਨ ਅਤੇ ਅਨੁਮਾਨਿਤ ਖ਼ਰਚ ਦੇ ਵਿੱਤੀ ਬਿਊਰੇ ਤੋਂ ਹੈ।
- ਘਾਟੇ ਦੀ ਵਿੱਤ ਵਿਵਸਥਾ ਤੋਂ ਭਾਵ ਕੇਂਦਰੀ ਬੈਂਕ ਦੁਆਰਾ ਸਰਕਾਰ ਨੂੰ ਨਵੇਂ ਨੋਟ ਛਾਪ ਕੇ ਮੁਦਰਾ ਪ੍ਰਦਾਨ ਕਰਵਾਉਣ ਦੀ ਪ੍ਰਕਿਰਿਆ ਤੋਂ ਹੈ, ਤਾਂ ਕਿ ਸਰਕਾਰ, ਬਜਟ ਵਿੱਚ ਪੈਣ ਵਾਲੇ ਘਾਟੇ ਦੀ ਸਮੱਸਿਆ ਦਾ ਹੱਲ ਕਰ ਸਕੇ।
- ਸਰਵਜਨਕ ਵਿੱਤ ਤੋਂ ਭਾਵ ਸਰਕਾਰ ਦੇ ਵਿੱਤੀ ਸਾਧਨਾਂ ਭਾਵ ਸਰਕਾਰ ਦੀ ਆਮਦਨ ਅਤੇ ਖ਼ਰਚ ਨਾਲ਼ ਸੰਬੰਧਿਤ ਸਾਰੇ ਸਾਧਨਾਂ ਤੋਂ ਹੈ।
- ਸਰਵਜਨਕ ਕਰਜ਼ ਤੋਂ ਭਾਵ ਸਰਕਾਰ ਦੁਆਰਾ ਆਪਣੀਆਂ ਵਿੱਤੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹਰੇਕ ਤਰ੍ਹਾਂ ਦੇ ਅੰਦਰੂਨੀ ਅਤੇ ਬਾਹਰੀ ਸਾਧਨਾਂ ਤੋਂ ਲਏ ਗਏ ਕਰਜ਼ੇ ਤੋਂ ਹੈ।
- ਵਿਕਾਸ ਦਰ ਤੋਂ ਭਾਵ ਕਿਸੇ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਚਾਲੂ ਸਾਲ ਵਿੱਚ ਹੋਣ ਵਾਲ਼ੇ ਪ੍ਰਤਿਸ਼ਤ ਬਦਲਾਅ ਤੋਂ ਹੈ।
- ਭੁਗਤਾਨ ਬਾਕੀ ਤੋਂ ਭਾਵ ਇੱਕ ਨਿਸ਼ਚਿਤ ਸਮੇਂ ਦੌਰਾਨ ਇੱਕ ਦੇਸ਼ ਦੁਆਰਾ ਬਾਕੀ ਦੇਸ਼ਾਂ ਨਾਲ਼ ਕੀਤੇ ਜਾਣ ਵਾਲੇ ਹਰੇਕ ਤਰ੍ਹਾਂ ਦੇ ਭੁਗਤਾਨ ਅਤੇ ਪ੍ਰਾਪਤੀਆਂ ਦੇ ਵਿਵਸਥਿਤ ਰਿਕਾਰਡ ਤੋਂ ਹੈ।
- ਮੌਦਰਿਕ ਨੀਤੀ ਤੋਂ ਭਾਵ ਕਿਸੇ ਦੇਸ਼ ਦੇ ਕੇਂਦਰੀ ਬੈਂਕ ਅਤੇ ਸਰਕਾਰ ਦੁਆਰਾ ਅਪਣਾਈ ਜਾਣ ਵਾਲ਼ੀ ਉਸ ਨੀਤੀ ਤੋਂ ਹੈ, ਜਿਸ ਵਿੱਚ ਮੁਦਰਾ ਦੀ ਮੰਗ, ਮੁਦਰਾ ਦੀ ਪੂਰਤੀ ਅਤੇ ਇਸ ਨਾਲ਼ ਸੰਬੰਧਿਤ ਸਾਰੇ ਪੱਖਾਂ ਨੂੰ ਨਿਯੰਤਰਿਤ ਕੀਤਾ ਜਾਂਦਾ ਹੈ।
- ਰਾਜਕੋਸ਼ੀ ਨੀਤੀ ਸਰਕਾਰ ਦੀ ਆਮਦਨ ਅਤੇ ਖ਼ਰਚ ਨਾਲ਼ ਸੰਬੰਧਿਤ ਨੀਤੀ ਹੁੰਦੀ ਹੈ।



## ਅਭਿਆਸ

## ੳ. ਵਸਤੂਨਿਸ਼ਠ ਪ੍ਰਸ਼ਨ

**1. ਖ਼ਾਲੀ ਥਾਵਾਂ ਭਰੋ—**

(i) ਅਰਥਸ਼ਾਸਤਰ ਸ਼ਬਦ ................ ਭਾਸ਼ਾ ਤੋਂ ਲਿਆ ਗਿਆ ਹੈ।

(ii) ਵਿਅਸ਼ਟੀ ਅਰਥਸ਼ਾਸਤਰ ਯੂਨਾਨੀ ਭਾਸ਼ਾ ਦੇ ................ ਸ਼ਬਦ ਤੋਂ ਲਿਆ ਗਿਆ ਹੈ।

(iii) ਉਪਭੋਗ ਦਾ ਸੰਬੰਧ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦੀ ................ ਕਰਨ ਨਾਲ਼ ਹੈ।

(iv) ਮੁਦਰਾ ਸਫੀਤੀ ਸ਼ਬਦ ................ ਸ਼ਬਦ ਤੋਂ ਲਿਆ ਗਿਆ ਹੈ।

(v) ਸਰਕਾਰ ਦੁਆਰਾ ਆਪਣਾ ਬਜਟ ਹਰ ਸਾਲ ............... ਨੂੰ ਸੰਸਦ ਵਿੱਚ ਪੇਸ਼ ਕੀਤਾ ਜਾਂਦਾ ਹੈ।

(vi) ਰਾਜਕੋਸ਼ੀ ਨੀਤੀ ਦਾ ਸਬੰਧ ਸਰਕਾਰ ਦੀ ............... ਅਤੇ ............... ਨਾਲ਼ ਹੈ।

**2. ਬਹੁ-ਵਿਕਲਪਿਕ ਚੋਣ ਪ੍ਰਸ਼ਨ—**

(i) ਅਰਥਸ਼ਾਸਤਰ ਦੀ ਧਨ ਸੰਬੰਧੀ ਪਰਿਭਾਸ਼ਾ ਕਿਸਨੇ ਦਿੱਤੀ?

(ੳ) ਐਲਫ੍ਰਡ ਮਾਰਸ਼ਲ (ਅ) ਐਡਮ ਸਮਿਥ

(ੲ) ਏ.ਸੀ.ਪੀਗੂ (ਸ) ਸੈਮੂਅਲਸਨ

(ii) ਅਰਥਸ਼ਾਸਤਰ ਦੀ ਭੌਤਿਕ ਕਲਿਆਣ ਸਬੰਧੀ ਪਰਿਭਾਸ਼ਾ ਕਿਸਨੇ ਦਿੱਤੀ ?

(ੳ) ਐਲਫ੍ਰਡ ਮਾਰਸ਼ਲ (ਅ) ਐਡਮ ਸਮਿਥ

(ੲ) ਏ.ਸੀ.ਪੀਗੂ (ਸ) ਸੈਮੂਅਲਸਨ

(iii) ਸਰਵਜਨਕ ਕਰਜ਼ ਦੇ ਮੁੱਖ ਸਾਧਨ ਕਿਹੜੇ ਹਨ ?

(ੳ) ਅੰਦਰੂਨੀ ਸਾਧਨ (ਅ) ਬਾਹਰੀ ਸਾਧਨ

(ੲ) ੳ ਅਤੇ ਅ ਦੋਵੇਂ (ਸ) ਉਪਰੋਕਤ ਵਿੱਚੋਂ ਕੋਈ ਨਹੀਂ

(iv) ਭੁਗਤਾਨ ਬਾਕੀ ਦਾ ਸੰਬੰਧ ਕਿਹੜੀ ਅਰਥਵਿਵਸਥਾ ਨਾਲ ਹੈ ?

(ੳ) ਖੁੱਲ੍ਹੀ ਅਰਥਵਿਵਸਥਾ (ਅ) ਬੰਦ ਅਰਥਵਿਵਸਥਾ

(ੲ) ਨਿੱਜੀ ਅਰਥਵਿਵਸਥਾ (ਸ) ਮੁਕਤ ਅਰਥਵਿਵਸਥਾ

(v) ਸਰਕਾਰ ਦੀ ਮੌਦਰਿਕ ਨੀਤੀ ਦਾ ਸੰਬੰਧ ਕਿਸ ਨਾਲ਼ ਹੈ ?

(ੳ) ਸਰਕਾਰ ਦੀ ਆਮਦਨ (ਅ) ਸਰਕਾਰ ਦੇ ਖ਼ਰਚ

(ੲ) ਮੁਦਰਾ ਦੀ ਮੰਗ ਅਤੇ ਪੂਰਤੀ (ਸ) ਭੁਗਤਾਨ ਬਾਕੀ

3. ਸਹੀ/ਗ਼ਲਤ—

(i) ਵਿਅਸ਼ਟੀ ਅਰਥਸ਼ਾਸਤਰ ਦਾ ਸੰਬੰਧ ਸੰਪੂਰਨ ਅਰਥਵਿਵਸਥਾ ਨਾਲ਼ ਹੈ। (ਸਹੀ/ਗ਼ਲਤ)

(ii) **MACRO ECONOMICS** ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ **MACROS** ਤੋਂ ਲਿਆ ਗਿਆ ਹੈ। (ਸਹੀ/ਗ਼ਲਤ)

(iii) ਮੁਦਰਾ ਦੀ ਪੂਰਤੀ ਇੱਕ ਸਟਾਕ ਚਰ ਹੈ। (ਸਹੀ/ਗ਼ਲਤ)

(iv) ਘਾਟੇ ਦੀ ਵਿੱਤ ਵਿਵਸਥਾ ਤੋਂ ਭਾਵ ਸਰਕਾਰ ਦੁਆਰਾ ਨਵੇਂ ਨੋਟ ਛਾਪਣ ਦੀ ਪ੍ਰਕਿਰਿਆ ਤੋਂ ਹੈ।(ਸਹੀ/ਗ਼ਲਤ)

(v) ਬੱਚਤ ਤੋਂ ਭਾਵ ਆਮਦਨ ਦੇ ਉਸ ਭਾਗ ਤੋਂ ਹੈ, ਜਿਸਨੂੰ ਖ਼ਰਚ ਨਹੀਂ ਕੀਤਾ ਜਾਂਦਾ। (ਸਹੀ/ਗ਼ਲਤ)

4. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ। ਇਹਨਾਂ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿੱਤਾ ਜਾਵੇ।

(i) ਅਰਥਸ਼ਾਸਤਰ ਤੋਂ ਕੀ ਭਾਵ ਹੈ ?

(ii) ਦੁਰਲੱਭਤਾ ਤੋਂ ਕੀ ਭਾਵ ਹੈ ?

(iii) ਵਿਅਸ਼ਟੀ ਅਰਥਸ਼ਾਸਤਰ ਤੋਂ ਕੀ ਭਾਵ ਹੈ ?

(iv) ਸਮੱਸ਼ਟੀ ਅਰਥਸ਼ਾਸਤਰ ਤੋਂ ਕੀ ਭਾਵ ਹੈ ?

(v) ਉਪਭੋਗ ਤੋਂ ਕੀ ਭਾਵ ਹੈ ?

(vi) ਉਪਭੋਗਤਾ ਤੋਂ ਕੀ ਭਾਵ ਹੈ ?

(vii) ਨਿਵੇਸ਼ ਤੋਂ ਕੀ ਭਾਵ ਹੈ ?

(viii) ਬੱਚਤ ਤੋਂ ਕੀ ਭਾਵ ਹੈ ?

(ix) ਮੁਦਰਾ ਸਫੀਤੀ ਤੋਂ ਕੀ ਭਾਵ ਹੈ ?

(x) ਮੁਦਰਾ ਦੀ ਪੂਰਤੀ ਤੋਂ ਕੀ ਭਾਵ ਹੈ ?

(xi) ਸਰਕਾਰੀ ਬਜਟ ਤੋਂ ਕੀ ਭਾਵ ਹੈ ?

(xii) ਸਰਕਾਰੀ ਆਮਦਨ ਦੀਆਂ ਕੁਝ ਮਦਾਂ ਦਾ ਵਰਣਨ ਕਰੋ।

(xiii) ਸਰਕਾਰੀ ਖ਼ਰਚ ਦੀਆਂ ਕੁਝ ਮਦਾਂ ਦਾ ਵਰਣਨ ਕਰੋ।

(xiv) ਘਾਟੇ ਦੀ ਵਿੱਤ ਵਿਵਸਥਾ ਤੋਂ ਤੁਹਾਡਾ ਕੀ ਭਾਵ ਹੈ ?

(xv) ਸਰਵਜਨਕ ਵਿੱਤ ਤੋਂ ਕੀ ਭਾਵ ਹੈ ?

(xvi) ਸਰਵਜਨਕ ਕਰਜ਼ ਤੋਂ ਕੀ ਭਾਵ ਹੈ ?

(xvii) ਵਿਕਾਸ ਦਰ ਤੋਂ ਕੀ ਭਾਵ ਹੈ ?

(xviii) ਭੁਗਤਾਨ ਬਾਕੀ ਤੋਂ ਕੀ ਭਾਵ ਹੈ ?

(xix) ਮੌਦਰਿਕ ਨੀਤੀ ਤੋਂ ਕੀ ਭਾਵ ਹੈ ?

(xx) ਸਰਕਾਰ ਦੀ ਰਾਜਕੋਸ਼ੀ ਨੀਤੀ ਤੋਂ ਤੁਹਾਡਾ ਕੀ ਭਾਵ ਹੈ ?

## ਅ. ਛੋਟੇ ਉੱਤਰ ਵਾਲੇ ਪ੍ਰਸ਼ਨ

**ਇਹਨਾਂ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਦਿੱਤਾ ਜਾਵੇ:-**

1. ਅਰਥਸ਼ਾਸਤਰ ਦੀ ਧਨ ਸੰਬੰਧੀ ਪਰਿਭਾਸ਼ਾ ਦੀ ਵਿਆਖਿਆ ਕਰੋ।
2. ਅਰਥਸ਼ਾਸਤਰ ਦੀ ਭੌਤਿਕ ਕਲਿਆਣ ਸੰਬੰਧੀ ਪਰਿਭਾਸ਼ਾ ਦੀ ਵਿਆਖਿਆ ਕਰੋ।
3. ਵਿਅਸ਼ਟੀ ਅਤੇ ਸਮੱਸ਼ਟੀ ਅਰਥਸ਼ਾਸਤਰ ਵਿੱਚ ਅੰਤਰ ਸਪੱਸ਼ਟ ਕਰੋ।
4. ਸਰਕਾਰੀ ਬਜਟ ਤੋਂ ਕੀ ਭਾਵ ਹੈ? ਸਰਕਾਰ ਦੀ ਆਮਦਨ ਅਤੇ ਖ਼ਰਚ ਦੀਆਂ ਮਦਾਂ ਦਾ ਵਰਣਨ ਕਰੋ।
5. ਸਰਵਜਨਕ ਵਿੱਤ ਤੋਂ ਕੀ ਭਾਵ ਹੈ? ਸਰਵਜਨਕ ਵਿੱਤ ਵਿੱਚ ਸ਼ਾਮਲ ਵੱਖ-ਵੱਖ ਮਦਾਂ ਦਾ ਵਰਣਨ ਕਰੋ।
6. ਵਿਕਾਸ ਦਰ ਤੋਂ ਕੀ ਭਾਵ ਹੈ? ਇਸ ਦਾ ਮਾਪ ਕਿਵੇਂ ਕੀਤਾ ਜਾ ਸਕਦਾ ਹੈ?
7. ਸਰਵਜਨਕ ਕਰਜ਼ੇ ਤੋਂ ਕੀ ਭਾਵ ਹੈ? ਇਸਦੇ ਵੱਖ-ਵੱਖ ਸਾਧਨਾਂ ਦੀ ਵਿਆਖਿਆ ਕਰੋ।

# 2

# ਵਿਕਾਸ ਅਤੇ ਇਸਦਾ ਮਾਪ

# (DEVELOPMENT AND ITS MEASUREMENT)



## 2.1 ਭੂਮਿਕਾ (INTRODUCTION)

ਪਿਆਰੇ ਵਿਦਿਆਰਥੀਓ, ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਬਦਲਾਅ ਕੁਦਰਤ ਦਾ ਨਿਯਮ ਹੈ। ਅਸੀਂ ਸਾਰੇ ਆਪਣੀ ਜ਼ਿੰਦਗੀ ਵਿੱਚ ਬਦਲਾਅ ਚਾਹੁੰਦੇ ਹਾਂ, ਤਾਂ ਕਿ ਅਸੀਂ ਜ਼ਿੰਦਗੀ ਵਿੱਚ ਪਹਿਲਾਂ ਨਾਲੋਂ ਬਿਹਤਰ ਬਣ ਸਕੀਏ ਅਤੇ ਆਪਣਾ ਵਿਕਾਸ ਕਰ ਸਕੀਏ। ਸਾਡੇ ਦੁਆਰਾ ਕੀਤਾ ਜਾਣ ਵਾਲਾ ਵਿਕਾਸ ਸਾਡੀਆਂ ਇੱਛਾਵਾਂ ਦੇ ਪੂਰਾ ਹੋਣ ਤੇ ਨਿਰਭਰ ਕਰਦਾ ਹੈ ਕਿਉਂਕਿ ਜਦੋਂ ਅਸੀਂ ਆਪਣੇ ਆਲੇ-ਦੁਆਲੇ ਵੇਖਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਸਾਡੇ ਸਮੇਤ ਸਾਰੇ ਲੋਕਾਂ ਦੀਆਂ ਜ਼ਿੰਦਗੀ ਵਿੱਚ ਕੁਝ ਇੱਛਾਵਾਂ ਹੁੰਦੀਆਂ ਹਨ ਕਿ ਅਸੀਂ ਆਪਣੀ ਜ਼ਿੰਦਗੀ ਵਿੱਚ ਕੀ ਕਰਨਾ ਚਾਹੁੰਦੇ ਹਾਂ? ਅਤੇ ਕਿਵੇਂ ਆਪਣੀ ਜ਼ਿੰਦਗੀ ਜਿਊਣਾ ਚਾਹੁੰਦੇ ਹਾਂ? ਉਦਾਹਰਣ ਦੇ ਤੌਰ ਤੇ:

- ਇੱਕ ਰਿਕਸ਼ਾ ਚਲਾਉਣ ਵਾਲਾ ਜੋ ਕਿਰਾਏ ਦੀ ਰਿਕਸ਼ਾ ਚਲਾਉਂਦਾ ਹੈ ਅਤੇ ਇੱਕ ਝੁੱਗੀ-ਝੌਂਪੜੀ ਵਿੱਚ ਰਹਿੰਦਾ ਹੈ, ਉਸ ਦੀ ਇੱਛਾ ਹੁੰਦੀ ਹੈ ਕਿ ਉਸ ਕੋਲ ਆਪਣਾ ਖ਼ੁਦ ਦਾ ਰਿਕਸ਼ਾ ਹੋਵੇ ਅਤੇ ਆਪਣਾ ਖ਼ੁਦ ਦਾ ਘਰ ਹੋਵੇ, ਜਿੱਥੇ ਉਹ ਅਰਾਮ ਨਾਲ ਰਹਿ ਸਕੇ।
- ਉਹ ਖੇਤ ਮਜ਼ਦੂਰ ਜਿਸ ਕੋਲ ਆਪਣੀ ਖ਼ੁਦ ਦੀ ਜ਼ਮੀਨ ਨਹੀਂ ਹੈ, ਉਹ ਚਾਹੁੰਦਾ ਹੈ ਕਿ ਉਸਨੂੰ ਲਗਾਤਾਰ ਕੰਮ ਮਿਲਦਾ ਰਹੇ ਅਤੇ ਇਸ ਦੇ ਨਾਲ-ਨਾਲ ਚੰਗੀ ਮਜ਼ਦੂਰੀ ਮਿਲੇ, ਤਾਂ ਕਿ ਉਹ ਆਪਣੇ ਬੱਚਿਆਂ ਨੂੰ ਚੰਗੀ ਜ਼ਿੰਦਗੀ ਅਤੇ ਚੰਗੀ ਸਿੱਖਿਆ ਦੇ ਸਕੇ।
- ਪੰਜਾਬ ਦਾ ਕਿਸਾਨ ਇਹ ਚਾਹੁੰਦਾ ਹੈ ਕਿ ਸਰਕਾਰ ਉਸਦੀ ਫ਼ਸਲ ਦੀ ਚੰਗੀ ਕੀਮਤ ਨਿਰਧਾਰਿਤ ਕਰੇ ਤਾਂ ਕਿ ਉਸਨੂੰ ਵੱਧ ਆਮਦਨ ਮਿਲ ਸਕੇ ਅਤੇ ਉਹ ਆਪਣੇ ਬੱਚਿਆਂ ਨੂੰ ਵਿਦੇਸ਼ ਵਿੱਚ ਭੇਜ ਸਕੇ।
- ਇੱਕ ਪੜ੍ਹਿਆ ਲਿਖਿਆ ਸ਼ਹਿਰੀ ਬੇਰੁਜ਼ਗਾਰ ਨੌਜਵਾਨ ਇਹ ਚਾਹੁੰਦਾ ਹੈ ਕਿ ਉਸਨੂੰ ਆਪਣੀ ਉਪਜੀਵਿਕਾ ਕਮਾਉਣ ਲਈ ਇੱਕ ਚੰਗਾ ਰੁਜ਼ਗਾਰ ਪ੍ਰਾਪਤ ਹੋਵੇ।

- ਪਿੰਡ ਵਿੱਚ ਰਹਿਣ ਵਾਲ਼ੀ ਇੱਕ ਕੁੜੀ ਇਹ ਚਾਹੁੰਦੀ ਹੈ ਕਿ ਉਹ ਆਪਣੀ ਪੜ੍ਹਾਈ ਜਾਰੀ ਰੱਖ ਸਕੇ ਅਤੇ ਉਸਨੂੰ ਵੀ ਉਨੀ ਹੀ ਅਜ਼ਾਦੀ ਮਿਲ਼ੇ ਜਿੰਨੀ ਕਿ ਉਸਦੇ ਭਰਾ ਨੂੰ ਮਿਲ਼ਦੀ ਹੈ।

ਇਸ ਤਰ੍ਹਾਂ ਹੀ ਅਸੀਂ ਆਪਣੇ ਦੇਸ਼ ਬਾਰੇ ਵੀ ਸੋਚਦੇ ਹਾਂ ਕਿ ਅਸੀਂ ਕਿਸ ਤਰ੍ਹਾਂ ਆਪਣੇ ਦੇਸ਼ ਨੂੰ ਪਹਿਲਾਂ ਨਾਲ਼ੋਂ ਵਧੀਆ ਬਣਾ ਸਕਦੇ ਹਾਂ ਅਤੇ ਕਿਵੇਂ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕ ਸਕਦੇ ਹਾਂ ? ਇਸ ਤਰ੍ਹਾਂ ਵਿਕਾਸ ਇਹਨਾਂ ਸਾਰੇ ਪ੍ਰਸ਼ਨਾਂ ਬਾਰੇ ਵਿਚਾਰਾਂ ਨੂੰ ਅਤੇ ਇਹਨਾਂ ਨੂੰ ਪ੍ਰਾਪਤ ਕਰਨ ਲਈ ਚੁੱਕੇ ਗਏ ਕਦਮਾਂ ਨੂੰ ਸ਼ਾਮਲ ਕਰਦਾ ਹੈ ਜਿਸ ਦੁਆਰਾ ਅਸੀਂ ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਕਰ ਸਕਦੇ ਹਾਂ।

## 2.2 ਵਿਕਾਸ ਦੇ ਵੱਖ-ਵੱਖ ਉਦੇਸ਼ (DIFFERENT DEVELOPMENTAL GOALS)

ਜਿਵੇਂ ਕਿ ਅਸੀਂ ਉਪਰੋਕਤ ਉਦਾਹਰਨਾਂ ਵਿੱਚ ਵੇਖਿਆ ਹੈ ਕਿ ਵੱਖ-ਵੱਖ ਲੋਕਾਂ ਦੇ ਆਪਣੀ ਜ਼ਿੰਦਗੀ ਵਿੱਚ ਵਿਕਾਸ ਬਾਰੇ ਵੱਖ-ਵੱਖ ਵਿਚਾਰ ਹੁੰਦੇ ਹਨ। ਹਰੇਕ ਵਿਅਕਤੀ ਉਹਨਾਂ ਚੀਜ਼ਾਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ, ਜਿਹਨਾਂ ਨੂੰ ਉਹ ਆਪਣੇ ਲਈ ਸਭ ਤੋਂ ਮਹੱਤਵਪੂਰਨ ਸਮਝਦਾ ਹੈ ਅਤੇ ਜੋ ਉਸ ਦੀਆਂ ਇੱਛਾਵਾਂ ਨੂੰ ਪੂਰਾ ਕਰ ਸਕਦੀਆਂ ਹਨ। ਪਰ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਦੋ ਵਿਅਕਤੀ ਆਪਣੇ ਵਿਕਾਸ ਲਈ ਜਿਹਨਾਂ ਚੀਜ਼ਾਂ ਦੀ ਮੰਗ ਕਰਦੇ ਹਨ, ਉਹ ਪਰਸਪਰ ਵਿਰੋਧੀ ਸੁਭਾਅ ਵਾਲ਼ੀਆਂ ਹੁੰਦੀਆਂ ਹਨ। ਜਿਵੇਂ ਕਿ:

- ਇੱਕ ਬਿਲਡਰ ਇੱਕ ਧਾਰਮਿਕ ਸਥਾਨ ਦੇ ਨਾਲ਼ ਇੱਕ ਸ਼ਾਪਿੰਗ ਮਾਲ ਬਣਾਉਣਾ ਚਾਹੁੰਦਾ ਹੈ, ਪਰ ਉਹ ਲੋਕ ਜੋ ਉਸ ਧਾਰਮਿਕ ਸਥਾਨ ਵਿੱਚ ਸਿਮਰਨ ਕਰਨ ਲਈ ਆਉਂਦੇ ਹਨ, ਉਹਨਾਂ ਨੂੰ ਲਗਦਾ ਹੈ ਕਿ ਇਸ ਨਾਲ਼ ਉਹਨਾਂ ਦੀ ਮਾਨਸਿਕ ਸ਼ਾਂਤੀ ਖ਼ਰਾਬ ਹੋਵੇਗੀ।
- ਇਸ ਤਰ੍ਹਾਂ ਹੀ ਇੱਕ ਬਿਲਡਰ ਵੱਧ ਤੋਂ ਵੱਧ ਜ਼ਮੀਨ ਲੈ ਕੇ ਉਸ ਤੇ ਘਰ ਅਤੇ ਬਹੁ-ਮੰਜ਼ਿਲਾ ਇਮਾਰਤਾਂ ਖੜ੍ਹੀਆਂ ਕਰਨਾ ਚਾਹੁੰਦਾ ਹੈ। ਪਰ ਉਹ ਕਿਸਾਨ ਜਿਹਨਾਂ ਦੀ ਜ਼ਮੀਨ ਇਸ ਉਦੇਸ਼ ਲਈ ਉਹਨਾਂ ਤੋਂ ਲਈ ਜਾ ਰਹੀ ਹੈ, ਉਹ ਇਹ ਨਹੀਂ ਚਾਹੁੰਦੇ ਕਿਉਂਕਿ ਉਹਨਾਂ ਨੂੰ ਲਗਦਾ ਹੈ ਕਿ ਇਸ ਨਾਲ਼ ਉਹਨਾਂ ਦੇ ਬੁਢਾਪੇ ਦਾ ਸਹਾਰਾ ਉਹਨਾਂ ਤੋਂ ਖੋਹਿਆ ਜਾ ਰਿਹਾ ਹੈ।

*ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਵੱਖ-ਵੱਖ ਲੋਕਾਂ ਦੇ ਵੱਖ-ਵੱਖ ਵਿਕਾਸ ਉਦੇਸ਼ ਹੁੰਦੇ ਹਨ ਅਤੇ ਇੱਕ ਵਿਅਕਤੀ ਲਈ ਜੋ ਵਿਕਾਸ ਹੈ, ਇਹ ਸੰਭਵ ਹੈ ਕਿ ਦੂਸਰੇ ਵਿਅਕਤੀ ਲਈ ਉਹ ਵਿਕਾਸ ਨਾ ਹੋਵੇ ਅਤੇ ਕਈ ਵਾਰ ਤਾਂ ਇੱਕ ਵਿਅਕਤੀ ਦਾ ਵਿਕਾਸ ਦੂਸਰੇ ਵਿਅਕਤੀ ਲਈ ਵਿਨਾਸ਼ ਵੀ ਸਿੱਧ ਹੋ ਜਾਂਦਾ ਹੈ।*

### ਚਰਚਾ ਕਰੋ

1. ਤੁਹਾਡੇ ਆਪਣੇ ਪਰਿਵਾਰ ਦੇ ਵਿਕਾਸ ਲਈ ਕੀ ਉਦੇਸ਼ ਹਨ ?
2. ਕੁਝ ਹੋਰ ਉਦਾਹਰਨਾਂ ਦੇ ਕੇ ਸਪੱਸ਼ਟ ਕਰੋ ਕਿ ਵਿਕਾਸ ਉਦੇਸ਼ ਪਰਸਪਰ ਵਿਰੋਧੀ ਹੋ ਸਕਦੇ ਹਨ।
3. ਇੱਕ ਸ਼ਹਿਰੀ ਅਮੀਰ ਪਰਿਵਾਰ ਦੇ ਮੁੰਡੇ ਅਤੇ ਕੁੜੀ ਦੇ ਕੀ ਵਿਕਾਸ ਉਦੇਸ਼ ਹੋ ਸਕਦੇ ਹਨ ?

## 2.3 ਵਿਕਾਸ ਦੇ ਉਦੇਸ਼ ਅਤੇ ਆਮਦਨ (DEVELOPMENT GOALS AND INCOME)

ਉਪਰੋਕਤ ਉਦਾਹਰਣਾਂ ਵਿੱਚ ਅਸੀਂ ਇਹ ਵੇਖਿਆ ਕਿ ਲੋਕ ਆਪਣੇ ਲਈ ਲਗਾਤਾਰ ਕੰਮ, ਵੱਧ ਮਜ਼ਦੂਰੀਆਂ ਅਤੇ ਆਪਣੀ ਫ਼ਸਲ ਅਤੇ ਵਸਤੂਆਂ ਲਈ ਵੱਧ ਕੀਮਤ ਦੀ ਇੱਛਾ ਕਰਦੇ ਹਨ। ਇਹ ਸਾਰੇ ਵਿਕਾਸ ਉਦੇਸ਼ ਭਾਵੇਂ ਵੱਖ-ਵੱਖ ਲੋਕਾਂ ਲਈ ਵੱਖ-ਵੱਖ ਹੋ ਸਕਦੇ ਹਨ, ਪਰ ਇਹਨਾਂ ਵਿੱਚ ਇੱਕ ਚੀਜ਼ ਸਾਂਝੀ ਹੈ ਕਿ ਇਹ ਸਾਰੇ ਲੋਕ ਆਪਣੇ ਲਈ ਇਹਨਾਂ ਸਾਰੇ ਕੰਮਾਂ ਦੁਆਰਾ ਵੱਧ ਆਮਦਨ ਪ੍ਰਾਪਤ ਕਰਨਾ ਚਾਹੁੰਦੇ ਹਨ। ਇਸ ਲਈ ਆਮਦਨ ਨੂੰ ਵਿਕਾਸ ਦਾ ਸਭ ਤੋਂ ਮਹੱਤਵਪੂਰਨ ਤੱਤ ਕਿਹਾ ਜਾ ਸਕਦਾ ਹੈ।

ਸਾਡਾ ਜੀਵਨ ਜੇਕਰ ਸਭ ਤੋਂ ਵੱਧ ਕਿਸੇ ਚੀਜ਼ 'ਤੇ ਨਿਰਭਰ ਕਰਦਾ ਹੈ ਤਾਂ ਉਹ ਧਨ ਹੈ ਜਾਂ ਉਹ ਸਾਰੀਆਂ ਭੌਤਿਕ ਵਸਤੂਆਂ ਹਨ, ਜੋ ਇਸ ਧਨ ਨਾਲ ਖ਼ਰੀਦੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਸਾਡੇ ਜੀਵਨ ਦੀ ਗੁਣਵੱਤਾ ਕਈ ਅਭੌਤਿਕ ਤੱਤਾਂ ਜਿਵੇਂ ਕਿ ਸਮਾਨ ਅਜ਼ਾਦੀ ਅਤੇ ਵਿਵਹਾਰ, ਸੁਰੱਖਿਆ ਤੇ ਸਭ ਲਈ ਸਮਾਨ ਸਨਮਾਨ ਆਦਿ ਤੇ ਵੀ ਨਿਰਭਰ ਕਰਦੀ ਹੈ। ਲੋਕ ਇਸ ਤੋਂ ਇਲਾਵਾ ਭੇਦਭਾਵ ਦੀ ਅਣਹੋਂਦ, ਸ਼ਾਂਤੀ, ਰੁਜ਼ਗਾਰ, ਪ੍ਰਦੂਸ਼ਣ ਮੁਕਤ ਵਾਤਾਵਰਨ ਅਤੇ ਚੰਗੀ ਸਿਹਤ ਦੀ ਵੀ ਮੰਗ ਕਰਦੇ ਹਨ।

ਇਸ ਲਈ ਵਿਕਾਸ ਤੋਂ ਭਾਵ ਵੱਧ ਆਮਦਨ, ਵੱਧ ਸੁਰੱਖਿਆ, ਚੰਗੀ ਸਿੱਖਿਆ, ਚੰਗੀਆਂ ਸਿਹਤ ਸੁਵਿਧਾਵਾਂ, ਕੰਮ ਕਰਨ ਦੀਆਂ ਚੰਗੀਆਂ ਹਾਲਤਾਂ ਆਦਿ ਤੋਂ ਹੈ।

ਵਿਕਾਸ ਦੇ ਕੁਝ ਤੱਤ ਜਿਵੇਂ ਕਿ ਆਮਦਨ ਆਦਿ ਅਜਿਹੇ ਹਨ ਜਿਹਨਾਂ ਨੂੰ ਮਾਪਿਆ ਜਾ ਸਕਦਾ ਹੈ ਪਰ ਵਿਕਾਸ ਦੇ ਕੁੱਝ ਤੱਤ ਅਜਿਹੇ ਵੀ ਹਨ ਜੋ ਕਿ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਰੱਖਦੇ ਹਨ ਅਤੇ ਜਿਹਨਾਂ ਨੂੰ ਵਿਕਾਸ ਦਾ ਮਾਪ ਕਰਦੇ ਸਮੇਂ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ, ਪਰ ਇਹ ਵੀ ਸੱਚ ਹੈ ਕਿ ਇਹਨਾਂ ਦਾ ਮਾਪ ਕਰਨਾ ਸੰਭਵ ਨਹੀਂ ਹੈ। ਇਸ ਲਈ ਇੱਕ ਹੋਰ ਉਦਾਹਰਨ ਲਈ ਜਾ ਸਕਦੀ ਹੈ। ਜਦੋਂ ਤੁਸੀਂ ਆਪਣੇ ਘਰ ਤੋਂ ਦੂਰ ਕਿਸੇ ਥਾਂ ਤੇ ਨੌਕਰੀ ਨੂੰ ਸਵੀਕਾਰ ਕਰਦੇ ਹੋ, ਤਾਂ ਤੁਸੀਂ ਸਿਰਫ਼ ਇਹ ਨਹੀਂ ਵੇਖਦੇ ਕਿ ਇਸ ਨੌਕਰੀ ਦੇ ਬਦਲੇ ਤੁਹਾਨੂੰ ਕਿੰਨੀ ਤਨਖ਼ਾਹ ਮਿਲ਼ ਰਹੀ ਹੈ? ਬਲਕਿ ਇਸ ਦੇ ਨਾਲ਼-ਨਾਲ਼ ਤੁਸੀਂ ਇਹ ਵੀ ਵੇਖਦੇ ਹੋ ਕਿ ਉਸ ਥਾਂ ਤੇ ਤੁਹਾਡੇ ਪਰਿਵਾਰ ਲਈ ਕਿਹੜੀਆਂ ਸੁਵਿਧਾਵਾਂ ਮੌਜੂਦ ਹਨ? ਤੁਹਾਡੇ ਕੰਮ ਦੀਆਂ ਸਥਿਤੀਆਂ ਕਿਹੋ ਜਿਹੀਆਂ ਹਨ? ਤੁਹਾਡੇ ਰਹਿਣ ਦੀ ਥਾਂ ਤੋਂ ਤੁਹਾਡੇ ਕੰਮ ਕਰਨ ਦੀ ਥਾਂ ਕਿੰਨੀ ਦੂਰ ਹੈ? ਆਦਿ। ਬਹੁਤ ਸਾਰੇ ਲੋਕ ਅਜਿਹੇ ਵੀ ਹੁੰਦੇ ਹਨ ਜੋ ਇੱਕ ਅਜਿਹੀ ਨੌਕਰੀ ਜਿਸ ਵਿੱਚ ਤਨਖ਼ਾਹ ਵੱਧ ਹੋਵੇ, ਪਰ ਕੋਈ ਸੁਰੱਖਿਆ ਨਾ ਹੋਵੇ ਅਤੇ ਜਿਸ ਵਿੱਚ ਉਹ ਆਪਣੇ ਪਰਿਵਾਰ ਲਈ ਕੋਈ ਸਮਾਂ ਨਾ ਕੱਢ ਸਕਦੇ ਹੋਣ, ਦੀ ਥਾਂ ਤੇ ਘੱਟ ਤਨਖ਼ਾਹ ਵਾਲੀ, ਪਰ ਵੱਧ ਸੁਵਿਧਾਵਾਂ ਵਾਲ਼ੀ ਅਤੇ ਵੱਧ ਸੁਰੱਖਿਆ ਵਾਲ਼ੀ ਨੌਕਰੀ ਲੈਣਾ ਪਸੰਦ ਕਰਦੇ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਵੱਖ-ਵੱਖ ਲੋਕਾਂ ਦੇ ਵਿਕਾਸ ਦੇ ਬਾਰੇ ਵਿਚਾਰ ਵੱਖ-ਵੱਖ ਹੁੰਦੇ ਹਨ ਕਿਉਂਕਿ ਸਾਰੇ ਲੋਕਾਂ ਦੇ ਜੀਵਨ ਦੇ ਹਾਲਾਤ ਵੱਖ-ਵੱਖ ਹੁੰਦੇ ਹਨ।

## ਕਿਰਿਆ

1. ਲੋਕਾਂ ਦੇ ਵਿਕਾਸ ਦੇ ਉਦੇਸ਼ ਵੱਖ-ਵੱਖ ਹੁੰਦੇ ਹਨ। ਉਦਾਹਰਨਾਂ ਰਾਹੀਂ ਸਪੱਸ਼ਟ ਕਰੋ।
2. ਕੁਝ ਅਜਿਹੀਆਂ ਉਦਾਹਰਨਾਂ ਪ੍ਰਦਾਨ ਕਰੋ ਜਿਹਨਾਂ ਤੋਂ ਇਹ ਸਪੱਸ਼ਟ ਹੋਵੇ ਕਿ ਆਮਦਨ ਦੀ ਥਾਂ ਤੇ ਹੋਰ ਤੱਤ ਵੀ ਸਾਡੇ ਜੀਵਨ ਲਈ ਵਧੇਰੇ ਮਹੱਤਵਪੂਰਨ ਹਨ।

## 2.4 ਰਾਸ਼ਟਰੀ ਵਿਕਾਸ (NATIONAL DEVELOPMENT)

ਹੁਣ ਤੁਸੀਂ ਆਪਣੇ ਆਲ਼ੇ-ਦੁਆਲ਼ੇ ਵੇਖੋ। ਕੀ ਤੁਹਾਨੂੰ ਆਪਣੇ ਆਲ਼ੇ-ਦੁਆਲ਼ੇ ਗ਼ਰੀਬੀ, ਬੇਰੁਜ਼ਗਾਰੀ, ਭੁੱਖਮਰੀ, ਅਨਪੜ੍ਹਤਾ, ਲੋਕਾਂ ਦਾ ਨੀਵਾਂ ਜੀਵਨ ਪੱਧਰ ਆਦਿ ਦਿਖਾਈ ਦਿੰਦੇ ਹਨ? ਜੇਕਰ ਹਾਂ। ਤਾਂ ਤੁਸੀਂ ਆਪਣੇ ਦੇਸ਼ ਨੂੰ ਇੱਕ ਵਿਕਸਿਤ ਦੇਸ਼ ਨਹੀਂ ਕਹਿ ਸਕਦੇ। ਪਰ ਜੇਕਰ ਤੁਹਾਡੇ ਆਲ਼ੇ-ਦੁਆਲ਼ੇ ਚੰਗੀਆਂ ਯਾਤਾਯਾਤ ਸੁਵਿਧਾਵਾਂ, ਲੋਕਾਂ ਦਾ ਉੱਚਾ ਜੀਵਨ ਪੱਧਰ, ਪੂਰਨ ਰੁਜ਼ਗਾਰ, ਸਾਰਿਆਂ ਲਈ ਸਿੱਖਿਆ, ਚੰਗੀਆਂ ਸਿਹਤ ਸੁਵਿਧਾਵਾਂ ਆਦਿ ਮੌਜੂਦ ਹਨ, ਤਾਂ ਤੁਸੀਂ ਆਪਣੇ ਦੇਸ਼ ਨੂੰ ਇੱਕ ਵਿਕਸਿਤ ਦੇਸ਼ ਕਹਿ ਸਕਦੇ ਹੋ। ਪਰ ਇਹ ਸਾਰੀਆਂ ਸੁਵਿਧਾਵਾਂ ਕਿਸੇ ਦੇਸ਼ ਨੂੰ ਰਾਤੋਂ ਰਾਤ ਹੀ ਪ੍ਰਾਪਤ ਨਹੀਂ ਹੋ ਜਾਂਦੀਆਂ, ਬਲਕਿ ਇਹ ਇੱਕ ਦੀਰਘਕਾਲੀਨ ਪ੍ਰਕਿਰਿਆ ਹੈ, ਜਿਸ ਵਿੱਚ ਇੱਕ ਦੇਸ਼ ਅਤੇ ਉਸਦੇ ਲੋਕਾਂ ਨੂੰ ਲਗਾਤਾਰ ਕੰਮ ਕਰਨਾ ਪੈਂਦਾ ਹੈ ਤਾਂ ਕਿ ਇਹਨਾਂ ਸਾਰੀਆਂ ਸੁਵਿਧਾਵਾਂ ਦੀ ਪ੍ਰਾਪਤੀ ਹੋ ਸਕੇ ਅਤੇ ਇਸ ਕਰਕੇ ਹੀ ਵਿਕਾਸ ਨੂੰ ਇੱਕ ਦੀਰਘਕਾਲੀਨ ਪ੍ਰਕਿਰਿਆ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ।

ਵਿਕਾਸ ਕੋਈ ਨਵੀਂ ਧਾਰਨਾ ਨਹੀਂ ਹੈ। ਇਸਦਾ ਵਿਚਾਰ ਲਗਭਗ 200 ਸਾਲ ਪੁਰਾਣਾ ਮੰਨਿਆ ਜਾਂਦਾ ਹੈ। ਪਰ ਇਸ ਵਿਚਾਰ ਨੂੰ ਪਹਿਚਾਣ ਲਗਭਗ 100 ਸਾਲ ਪਹਿਲਾਂ ਹੀ ਪ੍ਰਾਪਤ ਹੋਈ ਹੈ। ਜਦੋਂ 1929-32 ਤੱਕ ਦੁਨੀਆਂ ਵਿੱਚ ਮਹਾਨ ਆਰਥਿਕ ਮੰਦੀ ਆਈ ਅਤੇ ਉਸ ਤੋਂ ਬਾਅਦ ਦੂਜਾ ਸੰਸਾਰ ਯੁੱਧ ਹੋਇਆ, ਤਾਂ ਇਹਨਾਂ ਦੋ ਘਟਨਾਵਾਂ ਕਰਕੇ ਦੁਨੀਆਂ ਦੇ ਲਗਭਗ ਸਾਰੇ ਦੇਸ਼ਾਂ ਨੂੰ ਬਹੁਤ ਨੁਕਸਾਨ ਹੋਇਆ ਅਤੇ ਉਹਨਾਂ ਦੇ ਸਾਹਮਣੇ ਇੱਕ ਸਮੱਸਿਆ ਖੜ੍ਹੀ ਹੋ ਗਈ ਕਿ ਉਹ ਆਪਣੇ ਵਿਕਾਸ ਦੇ ਪੁਰਾਣੇ ਪੱਧਰ ਨੂੰ ਕਿਵੇਂ ਪ੍ਰਾਪਤ ਕਰਨ? ਇਸ ਸਥਿਤੀ ਨੇ ਦੁਨੀਆਂ ਦੇ ਸਾਰੇ ਅਰਥਸ਼ਾਸਤਰੀਆਂ ਦਾ ਧਿਆਨ ਵਿਕਾਸ ਦੇ ਮੁੱਦੇ ਵੱਲ ਖਿੱਚਿਆ। ਆਪਣੇ ਅਰੰਭਿਕ ਸਾਲਾਂ ਵਿੱਚ ਵਿਕਾਸ ਦਾ ਮੁੱਖ ਉਦੇਸ਼ ਗ਼ਰੀਬੀ ਦਾ ਖ਼ਾਤਮਾ ਕਰਨਾ ਅਤੇ ਪਿਛੜੇਪਨ ਨੂੰ ਦੂਰ ਕਰਨਾ ਸੀ। ਪਰ ਅੱਜ ਦੇ ਸਮੇਂ ਵਿੱਚ ਵਿਕਾਸ ਇੱਕ ਬਹੁਪੱਖੀ ਧਾਰਨਾ ਬਣ ਗਈ ਹੈ। ਕਈ ਵਾਰ ਆਰਥਿਕ ਵਿਕਾਸ ਨੂੰ ਕਿਸੇ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਲੰਬੇ ਸਮੇਂ ਵਿੱਚ ਹੋਣ ਵਾਲੇ ਵਾਧੇ ਦੇ ਤੌਰ ਤੇ ਸਵੀਕਾਰ ਕਰ ਲਿਆ ਜਾਂਦਾ ਹੈ। ਉਦਾਹਰਨ ਦੇ ਤੌਰ ਤੇ ਜੇਕਰ ਕਿਸੇ ਦੇਸ਼ ਦਾ ਕੁੱਲ ਘਰੇਲੂ ਉਤਪਾਦਨ ਬਹੁਤ ਤੇਜ਼ ਦਰ ਨਾਲ਼ ਵਧ ਰਿਹਾ ਹੈ, ਤਾਂ ਉਸ ਦੇਸ਼ ਨੂੰ ਆਰਥਿਕ ਤੌਰ ਤੇ ਵਿਕਸਿਤ ਦੇਸ਼ ਮੰਨ ਲਿਆ ਜਾਵੇਗਾ। ਪਰ ਕੁੱਲ

ਘਰੇਲੂ ਉਤਪਾਦਨ ਵਿੱਚ ਹੋਣ ਵਾਲਾ ਵਾਧਾ, ਆਰਥਿਕ ਵਿਕਾਸ ਦਾ ਸਿਰਫ਼ ਇੱਕ ਪੱਖ ਹੈ, ਇਹ ਆਪਣੇ ਆਪ ਵਿੱਚ ਸੰਪੂਰਨ ਆਰਥਿਕ ਵਿਕਾਸ ਨੂੰ ਨਹੀਂ ਦਰਸਾਉਂਦਾ। ਉਦਾਹਰਣ ਦੇ ਤੌਰ ਤੇ ਜੇਕਰ ਇੱਕ ਦੇਸ਼ ਕੋਲ਼ ਬਹੁਤ ਵੱਧ ਮਾਤਰਾ ਵਿੱਚ ਧਨ ਮੌਜੂਦ ਹੈ, ਪਰ ਉਸ ਦੇਸ਼ ਵਿੱਚ ਇਸ ਧਨ ਦੀ ਵੰਡ ਸਮਾਨ ਨਹੀਂ ਹੈ ਅਤੇ ਉਸ ਦੇਸ਼ ਦੀ ਜਨਸੰਖਿਆ ਦਾ ਇੱਕ ਬਹੁਤ ਵੱਡਾ ਹਿੱਸਾ ਬਹੁਤ ਹੀ ਮਾੜਾ ਜੀਵਨ ਜੀ ਰਿਹਾ ਹੈ, ਤਾਂ ਉਸ ਦੇਸ਼ ਨੂੰ ਵਿਕਸਿਤ ਨਹੀਂ ਕਿਹਾ ਜਾ ਸਕਦਾ। ਇਸ ਲਈ ਸਿਰਫ਼ ਉਸ ਸਮੇਂ ਹੀ ਇੱਕ ਦੇਸ਼ ਨੂੰ ਵਿਕਸਿਤ ਕਿਹਾ ਜਾਵੇਗਾ ਜਦੋਂ ਇੱਕ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਵਾਧਾ ਹੋਣ ਦੇ ਨਾਲ਼-ਨਾਲ਼ ਉਸ ਦੇਸ਼ ਵਿੱਚ ਰਹਿਣ ਵਾਲੇ ਸਾਰੇ ਦੇ ਸਾਰੇ ਲੋਕਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਵੀ ਸੁਧਾਰ ਹੋਵੇ, ਤਾਂ ਕਿ ਵਿਕਾਸ ਦੇ ਲਾਭ ਸਭ ਨੂੰ ਪ੍ਰਾਪਤ ਹੋ ਸਕਣ।

### ਆਰਥਿਕ ਵਿਕਾਸ (Economic Development)

ਆਰਥਿਕ ਵਿਕਾਸ ਨੂੰ ਇੱਕ ਅਜਿਹੀ ਦੀਰਘਕਾਲੀਨ ਪ੍ਰਕਿਰਿਆ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜਿਸ ਵਿੱਚ ਇੱਕ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਵਾਧਾ ਹੋਣ ਦੇ ਨਾਲ਼-ਨਾਲ਼ ਉਸ ਦੇ ਲੋਕਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਵੀ ਸੁਧਾਰ ਹੁੰਦਾ ਹੈ।

### ਕੁੱਲ ਘਰੇਲੂ ਉਤਪਾਦਨ ਦੀ ਧਾਰਨਾ (Concept of Gross Domestic Prouduct)

ਇੱਕ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਦੀ ਧਾਰਨਾ ਵਿੱਚ ਮੁੱਖ ਤੌਰ ਤੇ ਤਿੰਨ ਸ਼ਬਦ ਹਨ, ਜੋ ਕਿ ਕੁੱਲ, ਘਰੇਲੂ ਅਤੇ ਉਤਪਾਦਨ ਹਨ। ਇਸ ਵਿੱਚ ਕੁੱਲ ਉਤਪਾਦਨ ਤੋਂ ਭਾਵ ਉਸ ਦੇਸ਼ ਵਿੱਚ ਪੈਦਾ ਹੋਣ ਵਾਲੇ ਉਤਪਾਦਨ ਦੀ ਕੁੱਲ ਮਾਤਰਾ ਤੋਂ ਹੈ ਅਤੇ ਘਰੇਲੂ ਤੋਂ ਭਾਵ ਉਸ ਦੇਸ਼ ਦੀ ਘਰੇਲੂ ਸੀਮਾ ਤੋਂ ਹੈ। ਇਸ ਲਈ ਕੁੱਲ ਘਰੇਲੂ ਉਤਪਾਦਨ ਤੋਂ ਭਾਵ ਇੱਕ ਦੇਸ਼ ਦੀ ਘਰੇਲੂ ਸੀਮਾ ਦੇ ਅੰਦਰ ਇੱਕ ਸਾਲ ਦੀ ਸਮਾਂ ਅਵਧੀ ਦੇ ਦੌਰਾਨ ਪੈਦਾ ਹੋਣ ਵਾਲੀਆਂ ਅੰਤਿਮ ਵਸਤੂਆਂ ਅਤੇ ਸੇਵਾਵਾਂ ਦੀ ਕੁੱਲ ਮਾਤਰਾ ਤੋਂ ਹੈ।



### ਕਿਰਿਆ

1. 1929-32 ਤੱਕ ਦੀ ਮਹਾਨ ਆਰਥਿਕ ਮੰਦੀ ਤੇ ਆਪਣੇ ਅਧਿਆਪਕ ਦੀ ਮਦਦ ਨਾਲ਼ ਇੱਕ ਨੋਟ ਲਿਖੋ।
2. ਕੁੱਲ ਘਰੇਲੂ ਉਤਪਾਦਨ ਤੋਂ ਇਲਾਵਾ ਹੋਰ ਗੱਲਾਂ ਸਾਡੇ ਵਿਕਸਿਤ ਹੋਣ ਲਈ ਕਿਵੇਂ ਮਹੱਤਵਪੂਰਨ ਹਨ ?
3. ਵਿਕਾਸ ਨੂੰ ਇੱਕ ਪ੍ਰਕਿਰਿਆ ਦੇ ਤੌਰ ਤੇ ਸਵੀਕਾਰ ਕਿਉਂ ਕੀਤਾ ਜਾਂਦਾ ਹੈ ?
4. ਇਹ ਕਿਉਂ ਕਿਹਾ ਜਾਂਦਾ ਹੈ ਕਿ ਵਿਕਾਸ ਇੱਕ ਦੀਰਘਕਾਲੀਨ ਪ੍ਰਕਿਰਿਆ ਹੈ ?

## 2.5 ਆਰਥਿਕ ਵਿਕਾਸ ਨੂੰ ਆਰਥਿਕ ਵਾਧਾ ਨਹੀਂ ਸਮਝਣਾ ਚਾਹੀਦਾ (ECONOMIC DEVELOPMENT SHOULD NOT BE CONFUSED WITH ECONOMIC GROWTH)

ਕਈ ਵਾਰ ਸਾਡੇ ਦੁਆਰਾ ਆਰਥਿਕ ਵਿਕਾਸ ਅਤੇ ਆਰਥਿਕ ਵਾਧੇ ਨੂੰ ਇੱਕ ਹੀ ਸਮਝ ਲਿਆ ਜਾਂਦਾ ਹੈ। ਪਰ ਇਹ ਦੋਵੇਂ ਧਾਰਨਾਵਾਂ ਇੱਕ ਦੂਜੇ ਤੋਂ ਕਾਫ਼ੀ ਵੱਖ ਹਨ। ਆਰਥਿਕ ਵਾਧੇ ਤੋਂ ਭਾਵ ਇੱਕ ਦੇਸ਼ ਦੀ ਅਰਥਵਿਵਸਥਾ ਵਿੱਚ ਹੋਣ ਵਾਲੇ ਸਿਰਫ਼ ਮਾਤਰਾਤਮਕ ਬਦਲਾਅ ਭਾਵ ਇੱਕ ਦੇਸ਼ ਵਿੱਚ ਸਿਰਫ਼ ਵਸਤੂਆਂ ਅਤੇ ਸੇਵਾਵਾਂ ਦੀ ਵੱਧ ਮਾਤਰਾ ਦਾ ਉਤਪਾਦਨ ਹੋਣ ਤੋਂ ਹੈ। ਪਰ ਆਰਥਿਕ ਵਿਕਾਸ ਤੋਂ ਭਾਵ ਇੱਕ ਦੇਸ਼ ਦੀ ਅਰਥਵਿਵਸਥਾ ਵਿੱਚ ਹੋਣ ਵਾਲ਼ੇ ਮਾਤਰਾਤਮਕ ਅਤੇ ਗੁਣਾਤਮਕ ਦੋਹਾਂ ਤਰ੍ਹਾਂ ਦੇ ਬਦਲਾਆਂ ਤੋਂ ਹੈ, ਜਿਸ ਵਿੱਚ ਗੁਣਾਤਮਕ ਬਦਲਾਅ ਵਿੱਚ ਕਿਸੇ ਦੇਸ਼ ਵਿੱਚ ਆਉਣ ਵਾਲ਼ੇ ਸਮਾਜਿਕ, ਨੈਤਿਕ, ਧਾਰਮਿਕ ਅਤੇ ਰਾਜਨੀਤਿਕ ਬਦਲਾਅ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਵਿਕਸਿਤ ਦੇਸ਼ਾਂ ਵਿੱਚ ਇਹ ਗੁਣਾਤਮਕ ਬਦਲਾਅ ਪਹਿਲਾਂ ਹੀ ਆ ਚੁੱਕੇ ਹੁੰਦੇ ਹਨ ਅਤੇ ਉਹਨਾਂ ਕੋਲ਼ ਸਿਰਫ਼ ਇੱਕ ਹੀ ਵਿਕਲਪ ਮੌਜੂਦ ਹੁੰਦਾ ਹੈ ਕਿ ਉਹ ਸਿਰਫ਼ ਆਪਣੇ ਕੁੱਲ ਘਰੇਲੂ ਉਤਪਾਦਨ ਵਿੱਚ ਹੀ ਵਾਧਾ ਕਰ ਸਕਦੇ ਹਨ। ਇਸ ਲਈ ਆਰਥਿਕ ਵਾਧੇ ਦੀ ਧਾਰਨਾ ਦੀ ਵਰਤੋਂ ਵਿਕਸਿਤ ਦੇਸ਼ਾਂ ਲਈ ਕੀਤੀ ਜਾਂਦੀ ਹੈ। ਪਰ ਅਲਪਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਹੁਣ ਵੀ ਇਹ ਸੰਭਾਵਨਾ ਮੌਜੂਦ ਹੁੰਦੀ ਹੈ ਕਿ ਉਹ ਆਪਣੇ ਕੁੱਲ ਘਰੇਲੂ ਉਤਪਾਦਨ ਵਿੱਚ ਵਾਧਾ ਕਰਨ ਦੇ ਨਾਲ਼-ਨਾਲ਼ ਆਪਣੇ ਸਮਾਜਿਕ, ਨੈਤਿਕ, ਧਾਰਮਿਕ ਅਤੇ ਰਾਜਨੀਤਿਕ ਢਾਂਚੇ ਵਿੱਚ ਬਦਲਾਅ ਕਰਨ। ਇਸ ਲਈ ਆਰਥਿਕ ਵਿਕਾਸ ਦੀ ਧਾਰਨਾ ਦੀ ਵਰਤੋਂ ਅਲਪਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਲਈ ਕੀਤੀ ਜਾਂਦੀ ਹੈ।

## 2.5.1 ਆਰਥਿਕ ਵਾਧੇ ਅਤੇ ਆਰਥਿਕ ਵਿਕਾਸ ਵਿੱਚ ਅੰਤਰ (Difference between Economic Growth and Economic Development)

ਆਰਥਿਕ ਵਾਧੇ ਅਤੇ ਆਰਥਿਕ ਵਿਕਾਸ ਵਿੱਚ ਪਾਏ ਜਾਣ ਵਾਲ਼ੇ ਕੁਝ ਮਹੱਤਵਪੂਰਨ ਅੰਤਰ ਇਸ ਤਰ੍ਹਾਂ ਹਨ:

| ਲੜੀ ਨੰ. | ਆਰਥਿਕ ਵਾਧਾ | ਆਰਥਿਕ ਵਿਕਾਸ |
|---|---|---|
| 1. | ਇਹ ਇੱਕਪੱਖੀ ਧਾਰਨਾ ਹੈ। | ਇਹ ਇੱਕ ਬਹੁਪੱਖੀ ਧਾਰਨਾ ਹੈ। |
| 2. | ਇਸ ਵਿੱਚ ਸਿਰਫ਼ ਇੱਕ ਦੇਸ਼ ਵਿੱਚ ਹੋਣ ਵਾਲ਼ੇ ਮਾਤਰਾਤਮਕ ਬਦਲਾਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। | ਇਸ ਵਿੱਚ ਇੱਕ ਦੇਸ਼ ਵਿੱਚ ਹੋਣ ਵਾਲੇ ਮਾਤਰਾਤਮਕ ਅਤੇ ਗੁਣਾਤਮਕ ਦੋਹਾਂ ਤਰ੍ਹਾਂ ਦੇ ਬਦਲਾਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। |
| 3. | ਇਸ ਧਾਰਨਾ ਦੀ ਵਰਤੋਂ ਵਿਕਸਿਤ ਦੇਸ਼ਾਂ ਲਈ ਕੀਤੀ ਜਾਂਦੀ ਹੈ। | ਇਸ ਧਾਰਨਾ ਦੀ ਵਰਤੋਂ ਅਲਪਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਲਈ ਕੀਤੀ ਜਾਂਦੀ ਹੈ। |
| 4. | ਆਰਥਿਕ ਵਾਧਾ ਬਿਨਾਂ ਆਰਥਿਕ ਵਿਕਾਸ ਦੇ ਹੋ ਸਕਦਾ ਹੈ | ਆਰਥਿਕ ਵਿਕਾਸ ਲਈ ਆਰਥਿਕ ਵਾਧੇ ਦਾ ਥੋੜ੍ਹਾ ਬਹੁਤ ਪੱਧਰ ਜ਼ਰੂਰ ਹੋਣਾ ਚਾਹੀਦਾ ਹੈ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਜੇਕਰ ਅਸੀਂ ਕਿਸੇ ਦੇਸ਼ ਵਿੱਚ ਗੁਣਾਤਮਕ ਬਦਲਾਅ ਲਿਆਉਣਾ ਚਾਹੁੰਦੇ ਹਾਂ, ਤਾਂ ਉਸ ਲਈ ਸਾਡੇ ਕੋਲ਼ ਥੋੜ੍ਹਾ ਬਹੁਤ ਧਨ ਭਾਵ ਆਰਥਿਕ ਵਾਧਾ ਜ਼ਰੂਰ ਹੋਇਆ ਹੋਣਾ ਚਾਹੀਦਾ ਹੈ। |



### ਕਿਰਿਆ

1. ਸਿੱਧ ਕਰੋ ਕਿ ਆਰਥਿਕ ਵਾਧਾ, ਆਰਥਿਕ ਵਿਕਾਸ ਦਾ ਇੱਕ ਭਾਗ ਹੈ।
2. ਆਰਥਿਕ ਵਾਧਾ, ਆਰਥਿਕ ਵਿਕਾਸ ਲਈ ਕਿਵੇਂ ਜ਼ਰੂਰੀ ਹੈ?
3. ਕੀ ਬਿਨਾਂ ਆਰਥਿਕ ਵਾਧੇ ਦੇ ਆਰਥਿਕ ਵਿਕਾਸ ਹੋ ਸਕਦਾ ਹੈ?
4. "ਭਾਰਤ-ਆਰਥਿਕ ਵਾਧੇ ਜਾਂ ਆਰਥਿਕ ਵਿਕਾਸ ਵੱਲ" 'ਤੇ ਆਪਣੇ ਅਧਿਆਪਕ ਦੀ ਮਦਦ ਨਾਲ਼ ਇੱਕ ਨੋਟ ਲਿਖੋ।

## 2.6 ਟਿਕਾਊ ਵਿਕਾਸ (SUSTAINABLE DEVELOPMENT)

ਵਰਤਮਾਨ ਸਮੇਂ ਵਿੱਚ ਵਾਤਾਵਰਨ ਦੀ ਸੁਰੱਖਿਆ ਦਾ ਵਿਚਾਰ ਸਾਰੇ ਲੋਕਾਂ ਦਾ ਬਹੁਤ ਜ਼ਿਆਦਾ ਧਿਆਨ ਖਿੱਚ ਰਿਹਾ ਹੈ। ਇਹ ਇਸ ਕਰਕੇ ਹੈ ਕਿਉਂਕਿ ਅਸੀਂ ਵਾਤਾਵਰਨੀ ਗਿਰਾਵਟ ਦੇ ਆਖ਼ਰੀ ਬਿੰਦੂ ਤੱਕ ਪਹੁੰਚ ਚੁੱਕੇ ਹਾਂ। ਆਪਣੇ ਆਪ ਨੂੰ ਵਿਕਸਿਤ ਕਹਾਉਣ ਅਤੇ ਆਪਣੇ ਕੁੱਲ ਘਰੇਲੂ ਉਤਪਾਦਨ ਵਿੱਚ ਵਾਧਾ ਕਰਨ ਦੇ ਲਾਲਚ ਵਿੱਚ ਸਾਡੇ ਦੁਆਰਾ ਜਿਹਨਾਂ ਵੀ ਨੀਤੀਆਂ ਦਾ ਨਿਰਮਾਣ ਕੀਤਾ ਗਿਆ, ਉਹਨਾਂ ਸਾਰੀਆਂ ਨੀਤੀਆਂ ਨੇ ਅਖੀਰ ਵਿੱਚ ਸਾਡੇ ਵਾਤਾਵਰਣ ਨੂੰ ਨੁਕਸਾਨ ਹੀ ਪਹੁੰਚਾਇਆ ਹੈ। ਅਸੀਂ ਆਪਣੇ ਵਾਤਾਵਰਣ ਨੂੰ ਇਸ ਹੱਦ ਤੱਕ ਖ਼ਰਾਬ ਕਰ ਚੁੱਕੇ ਹਾਂ ਕਿ ਹੁਣ ਉਸਦੀ ਮੁਰੰਮਤ ਕਰਨੀ ਇੰਨੀ ਸੌਖੀ ਨਹੀਂ ਹੈ। ਸੰਖੇਪ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਅਸੀਂ ਆਪਣਾ ਭਵਿਖ ਤਾਂ ਖ਼ਰਾਬ ਕੀਤਾ ਹੀ ਹੈ, ਨਾਲ਼ ਦੇ ਨਾਲ਼ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿਖ ਵੀ ਖ਼ਰਾਬ ਕਰ ਦਿੱਤਾ ਹੈ।

ਇਹ ਵਰਤਮਾਨ ਪੀੜ੍ਹੀ ਦੀ ਇੱਕ ਨੈਤਿਕ ਜ਼ੁੰਮੇਵਾਰੀ ਹੈ ਕਿ ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਚੰਗਾ ਅਤੇ ਸਿਹਤਮੰਦ ਵਾਤਾਵਰਣ ਪ੍ਰਦਾਨ ਕਰਵਾਏ। ਪਰ ਜ਼ਰਾ ਸੋਚੋ! ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੀ ਛੱਡਿਆ ਹੈ? ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਵਿਰਾਸਤ ਵਿੱਚ ਪ੍ਰਦੂਸ਼ਿਤ ਹਵਾ, ਪ੍ਰਦੂਸ਼ਿਤ ਪਾਣੀ, ਪ੍ਰਦੂਸ਼ਿਤ ਜ਼ਮੀਨ ਅਤੇ ਇੱਕ ਅਜਿਹੀ ਧਰਤੀ ਜੋ ਕੁਦਰਤੀ ਸਾਧਨਾਂ ਦੇ ਨਾਂ ਤੇ ਖ਼ਾਲੀ ਹੋ ਚੁੱਕੀ ਹੈ, ਦੇ ਕੇ ਜਾ ਰਹੇ ਹਾਂ। ਅਸੀਂ ਇਹ ਸਾਰਾ ਕੁਝ ਆਪਣੇ ਲਾਭ, ਆਪਣੇ ਭਵਿਖ, ਆਪਣੇ ਜੀਵਨ ਪੱਧਰ ਲਈ ਕੀਤਾ ਹੈ, ਪਰ ਇਹ ਕਰਦੇ ਸਮੇਂ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਪੂਰੀ ਤਰ੍ਹਾਂ ਨਾਲ਼ ਭੁਲਾ ਦਿੱਤਾ ਹੈ।

ਹੁਣ ਨਤੀਜਾ ਸਾਡੇ ਸਾਹਮਣੇ ਹੈ। ਅੱਜ ਦੇ ਸਮੇਂ ਵਿੱਚ ਅਸੀਂ ਹਵਾ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ, ਪਾਣੀ ਦੀ ਕਮੀ,

ਵਾਤਾਵਰਨੀ ਬਦਲਾਅ, ਕੋਇਲੇ ਅਤੇ ਪੈਟਰੋਲ ਪਦਾਰਥਾਂ ਦੀ ਕਮੀ ਆਦਿ ਦਾ ਸਾਹਮਣਾ ਕਰ ਰਹੇ ਹਾਂ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ 2017 ਵਿੱਚ ਪੰਜਾਬ ਵਿੱਚ ਸਮੋਗ (ਧੁਆਂਖੀ ਧੁੰਦ) ਦੀ ਸਮੱਸਿਆ ਇੰਨੀ ਖ਼ਤਰਨਾਕ ਹੋ ਗਈ ਸੀ ਕਿ ਸਰਕਾਰ ਨੂੰ ਸਾਰੇ ਸਕੂਲ ਅਤੇ ਕਾਲਜ ਬੰਦ ਕਰਨੇ ਪਏ ਸਨ ਅਤੇ ਨਵੀਂ ਦਿੱਲੀ ਵਿੱਚ ਸਰਕਾਰ ਨੂੰ ਯਾਤਾਯਾਤ ਦੇ ਸਾਧਨਾਂ ਤੇ ਸਮ-ਵਿਸ਼ਮ (Even-odd) ਦਾ ਸੂਤਰ ਲਾਗੂ ਕਰਨਾ ਪਿਆ ਸੀ। ਇਹ ਸਭ ਕੁਝ ਕੁਦਰਤ ਦੀ ਪ੍ਰਤੀਕ੍ਰਿਆ ਹੈ ਜੋ ਉਸਨੇ ਸਾਡੀਆਂ ਵਿਨਾਸ਼ਕਾਰੀ ਨੀਤੀਆਂ ਦੇ ਬਦਲੇ ਵਿੱਚ ਦਿੱਤੀ ਹੈ।

ਇਸ ਲਈ ਵਰਤਮਾਨ ਸਮੇਂ ਵਿੱਚ ਮੁੱਦਾ ਸਿਰਫ਼ ਵਿਕਾਸ ਦਾ ਨਹੀਂ ਹੈ, ਬਲਕਿ ਵਿਕਾਸ ਦੀ ਇਸ ਗਤੀ ਨੂੰ ਬਣਾ ਕੇ ਰੱਖਣ ਦਾ ਵੀ ਹੈ, ਤਾਂ ਕਿ ਵਿਕਾਸ ਦੇ ਲਾਭ ਸਿਰਫ਼ ਵਰਤਮਾਨ ਪੀੜ੍ਹੀ ਨੂੰ ਹੀ ਨਹੀਂ, ਬਲਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਪ੍ਰਾਪਤ ਹੋ ਸਕਣ। ਇਸ ਵਿਚਾਰ ਨੇ ਹੀ ਅਰਥਸ਼ਾਸਤਰੀਆਂ ਦਾ ਧਿਆਨ ਵਿਕਾਸ ਤੋਂ ਟਿਕਾਊ ਵਿਕਾਸ ਵੱਲ ਖਿੱਚਿਆ ਹੈ। ਇਸ ਲਈ ਇੱਕ ਅਜਿਹੀ ਵਿਕਾਸ ਨੀਤੀ ਜੋ ਵਿਕਾਸ ਨੂੰ ਇੱਕ ਦੀਰਘਕਾਲੀਨ ਪ੍ਰਕਿਰਿਆ ਬਣਾਵੇ, ਜਿਸ ਨਾਲ਼ ਨਾ ਸਿਰਫ਼ ਵਰਤਮਾਨ ਪੀੜ੍ਹੀ ਬਲਕਿ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਵੀ ਵਿਕਾਸ ਦੇ ਲਾਭ ਪ੍ਰਾਪਤ ਹੋ ਸਕਣ, ਨੂੰ ਟਿਕਾਊ ਵਿਕਾਸ ਕਿਹਾ ਜਾਂਦਾ ਹੈ।

## ਟਿਕਾਊ ਵਿਕਾਸ (Sustainable Development)

ਟਿਕਾਊ ਵਿਕਾਸ ਸ਼ਬਦ ਦੀ ਸਭ ਤੋਂ ਪਹਿਲਾਂ ਵਰਤੋਂ 1980 ਵਿੱਚ 'International Union for the Conservation of Nature and Natural Resources' ਦੁਆਰਾ ਪੇਸ਼ ਕੀਤੀ ਗਈ 'World Conservation Strategy' ਵਿੱਚ ਕੀਤੀ ਗਈ ਸੀ। ਟਿਕਾਊ ਵਿਕਾਸ ਇੱਕ ਅਜਿਹੀ ਵਿਕਾਸ ਪ੍ਰਕਿਰਿਆ ਹੈ ਜੋ ਵਰਤਮਾਨ ਪੀੜ੍ਹੀ ਦੇ ਨਾਲ਼-ਨਾਲ਼ ਭਵਿੱਖ ਦੀ ਪੀੜ੍ਹੀ ਦੀਆਂ ਲੋੜਾਂ ਨੂੰ ਅਤੇ ਵਾਤਾਵਰਣ ਦੀ ਸੁਰੱਖਿਆ ਨੂੰ ਵੀ ਧਿਆਨ ਵਿੱਚ ਰੱਖਦੀ ਹੈ ਭਾਵ ਇਹ ਇੱਕ ਅਜਿਹੀ ਵਿਕਾਸ ਪ੍ਰਕਿਰਿਆ ਹੈ ਜੋ ਵਾਤਾਵਰਨੀ ਸਾਧਨਾਂ ਦੀ ਮਾਤਰਾ ਅਤੇ ਗੁਣਵੱਤਾ ਨੂੰ ਨੁਕਸਾਨ ਪੁਚਾਏ ਬਿਨਾਂ ਵਿਕਾਸ ਪ੍ਰਕਿਰਿਆ ਨੂੰ ਯਕੀਨੀ ਬਣਾਉਂਦੀ ਹੈ।

### 2.6.1 ਟਿਕਾਊ ਵਿਕਾਸ ਦੀ ਲੋੜ (Need for Sustinable Development)

ਵਰਤਮਾਨ ਸਮਾਜ ਟਿਕਾਊ ਵਿਕਾਸ ਦੀ ਬਹੁਤ ਜ਼ਿਆਦਾ ਲੋੜ ਮਹਿਸੂਸ ਕਰ ਰਿਹਾ ਹੈ। ਇਸ ਦੇ ਲਈ ਹੇਠ ਲਿਖੇ ਕਾਰਨ ਜਾਂ ਤੱਤ ਜ਼ਿੰਮੇਵਾਰ ਹਨ:

- ਵਾਤਾਵਰਨੀ ਗਿਰਾਵਟ ਨੂੰ ਰੋਕਣਾ
- ਜੈਵ-ਵਿਵਿਧਤਾ ਨੂੰ ਬਣਾ ਕੇ ਰੱਖਣਾ ਭਾਵ ਦੁਨੀਆਂ ਵਿੱਚ ਵੱਖ-ਵੱਖ ਜੀਵਾਂ ਦੀ ਹੋਂਦ ਨੂੰ ਕਾਇਮ ਰੱਖਣਾ
- ਵਰਤਮਾਨ ਅਤੇ ਭਵਿਖ ਦੀ ਪੀੜ੍ਹੀ ਦੀ ਜੀਵਨ ਗੁਣਵੱਤਾ ਨੂੰ ਬਣਾ ਕੇ ਰੱਖਣਾ
- ਵਾਤਾਵਰਨੀ ਬਦਲਾਅ ਦੇ ਵਰਤਮਾਨ ਅਤੇ ਭਵਿਖ ਦੀ ਪੀੜ੍ਹੀ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਬਚਾਉਣਾ
- ਸਾਧਨਾਂ ਦੀ ਅਸਮਾਨ ਵੰਡ ਦੀ ਸਮੱਸਿਆ ਦਾ ਹੱਲ ਕਰਨਾ

### 2.6.2 ਆਰਥਿਕ ਵਾਧੇ ਅਤੇ ਟਿਕਾਊ ਵਿਕਾਸ ਵਿੱਚ ਅੰਤਰ (Difference between Economic Growth and Sustainable Development)

ਇਹਨਾਂ ਦੋਹਾਂ ਧਾਰਨਾਵਾਂ ਵਿੱਚ ਅੰਤਰ ਅੱਗੇ ਦਿੱਤੇ ਗਏ ਚਿੱਤਰ ਤੋਂ ਸਪੱਸ਼ਟ ਹੋ ਰਿਹਾ ਹੈ। ਇਸ ਚਿੱਤਰ ਦੇ ਇੱਕ ਪਾਸੇ ਭਾਰੀ ਉਦਯੋਗਿਕ ਵਿਕਾਸ ਹੈ ਜੋ ਕਿ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਕੇ ਇਸ ਦੀ ਗੁਣਵੱਤਾ ਨੂੰ ਖ਼ਰਾਬ ਕਰ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਸ ਉਦਯੋਗੀਕਰਣ ਕਰਕੇ ਦੇਸ਼ ਵਿੱਚ ਉਤਪਾਦਨ ਅਤੇ ਆਮਦਨ ਦੇ ਪੱਧਰ ਵਿੱਚ ਵਾਧਾ ਹੋਵੇਗਾ, ਪਰ ਇਸ ਦੇ ਨਾਲ਼-ਨਾਲ਼ ਵਰਤਮਾਨ ਅਤੇ ਭਵਿਖ ਦੀ ਪੀੜ੍ਹੀ ਦੀ ਜੀਵਨ ਦੇ ਗੁਣਵੱਤਾ ਵੀ ਘੱਟ ਹੋ ਜਾਵੇਗੀ। ਇਸ ਚਿੱਤਰ ਦੇ ਦੂਜੇ ਪਾਸੇ ਹਰਿਆਲੀ ਅਤੇ ਸਾਫ਼ ਵਾਤਾਵਰਨ ਹੈ, ਜਿਸ ਨਾਲ਼ ਲੋਕਾਂ ਦੇ ਜੀਵਨ ਦੀ ਗੁਣਵੱਤਾ ਪਹਿਲਾਂ ਨਾਲ਼ੋਂ ਚੰਗੀ ਹੋ ਜਾਵੇਗੀ। ਇਸਨੂੰ ਹੀ ਟਿਕਾਊ ਵਿਕਾਸ ਕਿਹਾ ਜਾਵੇਗਾ। ਇਹ ਸਹੀ ਹੈ ਕਿ ਇੱਕ ਦੇਸ਼ ਦੇ ਲਈ ਆਰਥਿਕ ਵਾਧਾ ਬਹੁਤ ਜ਼ਰੂਰੀ ਹੈ, ਪਰ ਜੇਕਰ ਸਾਡੇ ਕੋਲ਼ ਰਹਿਣ ਲਈ ਸਾਫ਼ ਵਾਤਾਵਰਨ, ਸਾਫ਼ ਹਵਾ, ਸ਼ੁੱਧ ਪਾਣੀ ਆਦਿ ਨਹੀਂ ਹੋਵੇਗਾ, ਤਾਂ ਇਸ ਆਰਥਿਕ ਵਾਧੇ ਦਾ ਸਾਨੂੰ ਕੀ ਲਾਭ ਹੈ? ਇਸ ਲਈ ਵਰਤਮਾਨ ਸਮੇਂ ਵਿੱਚ ਲੋੜ ਹੈ ਕਿ ਅਸੀਂ ਆਪਣਾ ਧਿਆਨ ਟਿਕਾਊ ਵਿਕਾਸ ਵੱਲ ਲਾਈਏ, ਤਾਂ ਕਿ ਆਪਣੇ ਜੀਵਨ ਨੂੰ ਪਹਿਲਾਂ ਨਾਲ਼ੋਂ ਚੰਗਾ ਬਣਾਇਆ ਜਾ ਸਕੇ।




ਚਿੱਤਰ 2.1

## ਕਿਰਿਆ

1. ਕੀ ਭਾਰਤ ਟਿਕਾਊ ਵਿਕਾਸ ਦੀਆਂ ਸ਼ਰਤਾਂ ਨੂੰ ਪੂਰਾ ਕਰ ਰਿਹਾ ਹੈ ? ਟਿੱਪਣੀ ਕਰੋ।
2. ਟਿਕਾਊ ਵਿਕਾਸ ਲਈ ਜ਼ਰੂਰੀ ਕੁਝ ਨੀਤੀਆਂ ਦੀ ਵਿਆਖਿਆ ਕਰੋ।
3. ਕੀ ਵਾਤਾਵਰਣ ਨੂੰ ਵਧੇਰੇ ਨੁਕਸਾਨ ਵਿਕਸਿਤ ਦੇਸ਼ ਪਹੁੰਚਾ ਰਹੇ ਹਨ ਜਾਂ ਅਲਪਵਿਕਸਿਤ ਦੇਸ਼ ? ਟਿੱਪਣੀ ਕਰੋ ?
4. You Tube 'ਤੇ ਸੰਤ ਸੀਚੇਵਾਲ ਦਾ ਵਿਕਾਸ ਮਾਡਲ ਵੇਖੋ। ਇਸਦਾ ਲਿੰਕ ਹੈ: https://www.youtube.com/watch?v=29XNCfwidMI

## 2.7 ਆਰਥਿਕ ਵਿਕਾਸ ਦਾ ਮਾਪ (MEASUREMENT OF ECONOMIC DEVELOPMENT)

ਅਰਥਸ਼ਾਸਤਰੀਆਂ ਦੁਆਰਾ ਆਰਥਿਕ ਵਿਕਾਸ ਦਾ ਮਾਪ ਕਰਨ ਲਈ ਦਿੱਤੀਆਂ ਗਈਆਂ ਕੁਝ ਮਹੱਤਵਪੂਰਨ ਵਿਧੀਆਂ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ:

### 2.7.1 ਰਾਸ਼ਟਰੀ ਆਮਦਨ ਦੇ ਅਧਾਰ ਤੇ ਮਾਪ (Measurement on the basis of National Income)

ਬਹੁਤ ਸਾਰੇ ਅਰਥਸ਼ਾਸਤਰੀਆਂ ਦਾ ਵਿਚਾਰ ਹੈ ਕਿ ਆਰਥਿਕ ਵਿਕਾਸ ਦੇ ਮਾਪ ਦਾ ਆਧਾਰ ਕਿਸੇ ਦੇਸ਼ ਦੀ ਰਾਸ਼ਟਰੀ ਆਮਦਨ ਹੋਣੀ ਚਾਹੀਦੀ ਹੈ। ਜੇਕਰ ਕਿਸੇ ਦੇਸ਼ ਦੀ ਰਾਸ਼ਟਰੀ ਆਮਦਨ ਵੱਧ ਹੈ ਤਾਂ ਇਸ ਦਾ ਅਰਥ ਹੈ ਕਿ ਉਸ ਦੇਸ਼ ਦੇ ਆਰਥਿਕ ਵਿਕਾਸ ਦਾ ਪੱਧਰ ਉੱਚਾ ਹੈ ਅਤੇ ਜੇਕਰ ਕਿਸੇ ਦੇਸ਼ ਦੀ ਰਾਸ਼ਟਰੀ ਆਮਦਨ ਘੱਟ ਹੈ, ਤਾਂ ਇਸਦਾ ਅਰਥ ਹੈ ਕਿ ਉਸ ਦੇਸ਼ ਦੇ ਆਰਥਿਕ ਵਿਕਾਸ ਦਾ ਪੱਧਰ ਨੀਵਾਂ ਹੈ। ਇਸ ਦਾ ਕਾਰਨ ਇਹ ਹੈ ਕਿ ਜਿਸ ਦੇਸ਼ ਦੀ ਰਾਸ਼ਟਰੀ ਆਮਦਨ ਵੱਧ ਹੈ, ਉਹ ਦੇਸ਼ ਆਪਣੇ ਵਿਕਾਸ ਤੇ ਵੱਧ ਧਨ ਖ਼ਰਚ ਕਰ ਸਕਦਾ ਹੈ ਅਤੇ ਵਿਕਾਸ ਦੇ ਉੱਚੇ ਪੱਧਰਾਂ ਨੂੰ ਪ੍ਰਾਪਤ ਕਰ ਸਕਦਾ ਹੈ ਅਤੇ ਇਸ ਦੇ ਉਲਟ ਜਿਸ ਦੇਸ਼ ਦੀ ਰਾਸ਼ਟਰੀ ਆਮਦਨ ਘੱਟ ਹੈ, ਉਹ ਦੇਸ਼ ਆਪਣੇ ਵਿਕਾਸ ਤੇ ਘੱਟ ਖ਼ਰਚ ਕਰ ਸਕੇਗਾ ਅਤੇ ਜਿਸ ਕਰਕੇ ਉਸਦਾ ਵਿਕਾਸ ਦਾ ਪੱਧਰ ਨੀਵਾਂ ਹੋਵੇਗਾ। ਪਰ ਇਹ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ ਰਾਸ਼ਟਰੀ ਆਮਦਨ ਵਿੱਚ ਹੋਣ ਵਾਲਾ ਇਹ ਵਾਧਾ ਲੰਬੇ ਸਮੇਂ ਲਈ ਹੋਣਾ ਚਾਹੀਦਾ ਹੈ ਕਿਉਂਕਿ ਆਰਥਿਕ ਵਿਕਾਸ ਨੂੰ ਲੰਬੇ ਸਮੇਂ ਦੀ ਪ੍ਰਕਿਰਿਆ ਦੇ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ ਅਤੇ ਇਸ ਕਰਕੇ ਜੇਕਰ ਕਿਸੇ ਦੇਸ਼ ਦੀ ਰਾਸ਼ਟਰੀ ਆਮਦਨ ਵਿੱਚ ਲੰਬੇ ਸਮੇਂ ਵਿੱਚ ਵਾਧਾ ਹੁੰਦਾ ਹੈ, ਤਾਂ ਹੀ ਉਸ ਦੇਸ਼ ਦੇ ਲਈ ਇਹ ਸੰਭਵ ਹੋਵੇਗਾ ਕਿ ਉਹ ਆਪਣੇ ਵਿਕਾਸ ਲਈ ਲੰਬੇ ਸਮੇਂ ਦੀਆਂ ਯੋਜਨਾਵਾਂ ਬਣਾ ਸਕੇ ਅਤੇ ਲਾਗੂ ਕਰ ਸਕੇ ਤਾਂ ਕਿ ਉਸਦੇ ਆਰਥਿਕ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ।

ਪਰ ਰਾਸ਼ਟਰੀ ਆਮਦਨ ਵਿੱਚ ਵਾਧੇ ਦੇ ਨਾਲ-ਨਾਲ ਇਸ ਦੀ ਸੰਰਚਨਾ ਜਾਂ ਢਾਂਚੇ ਨੂੰ ਵੀ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਉਸ ਦੇਸ਼ ਦੁਆਰਾ ਕਿਹੜੀਆਂ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਕੀਤਾ ਜਾ ਰਿਹਾ ਹੈ ? ਉਦਾਹਰਨ ਦੇ ਤੌਰ ਤੇ ਜੇਕਰ ਇੱਕ ਦੇਸ਼ ਵੱਧ ਲੜਾਈ ਦਾ ਸਮਾਨ ਬਣਾ ਕੇ ਜਾਂ ਮਸ਼ੀਨਾਂ ਦੁਆਰਾ ਉਤਪਾਦਨ ਕਰਕੇ ਆਪਣੀ

ਰਾਸ਼ਟਰੀ ਆਮਦਨ ਵਿੱਚ ਵਾਧਾ ਕਰ ਲੈਂਦਾ ਹੈ ਅਤੇ ਇਸ ਨਾਲ ਦੇਸ਼ ਵਿੱਚ ਲੋਕਾਂ ਦੇ ਜੀਵਨ ਪੱਧਰ ਅਤੇ ਰੁਜ਼ਗਾਰ ਦੇ ਪੱਧਰ ਵਿੱਚ ਕੋਈ ਵਾਧਾ ਨਹੀਂ ਹੁੰਦਾ ਅਤੇ ਵਧੀ ਹੋਈ ਰਾਸ਼ਟਰੀ ਆਮਦਨ ਕੁਝ ਇੱਕ ਲੋਕਾਂ ਦੇ ਹੱਥ ਵਿੱਚ ਇਕੱਠੀ ਹੋ ਜਾਂਦੀ ਹੈ, ਤਾਂ ਇਸ ਨੂੰ ਆਰਥਿਕ ਵਿਕਾਸ ਨਹੀਂ ਕਿਹਾ ਜਾਵੇਗਾ।

### 2.7.2 ਪ੍ਰਤੀ ਵਿਅਕਤੀ ਆਮਦਨ ਦੇ ਆਧਾਰ ਤੇ ਮਾਪ (Measurement on the basis of Per Capita Income)

ਜੇਕਰ ਅਸੀਂ ਆਰਥਿਕ ਵਿਕਾਸ ਦੀ ਪ੍ਰਕਿਰਿਆ ਦਾ ਧਿਆਨ ਨਾਲ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਇਸ ਦਾ ਮੁੱਖ ਉਦੇਸ਼ ਲੋਕਾਂ ਦੇ ਜੀਵਨ ਪੱਧਰ ਵਿੱਚ ਵਾਧਾ ਕਰਨਾ ਹੁੰਦਾ ਹੈ। ਲੋਕਾਂ ਦਾ ਜੀਵਨ ਪੱਧਰ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਲੋਕਾਂ ਕੋਲ ਕਿੰਨੀ ਮਾਤਰਾ ਵਿੱਚ ਵਸਤੂਆਂ ਅਤੇ ਸੇਵਾਵਾਂ ਮੌਜੂਦ ਹਨ। ਇਹ ਅਸਲ ਵਿੱਚ ਉਹਨਾਂ ਦੀ ਪ੍ਰਤਿ ਵਿਅਕਤੀ ਆਮਦਨ ਤੇ ਨਿਰਭਰ ਕਰਦਾ ਹੈ। ਪ੍ਰਤਿ ਵਿਅਕਤੀ ਆਮਦਨ ਤੋਂ ਭਾਵ ਇੱਕ ਵਿਅਕਤੀ ਦੀ ਔਸਤ ਆਮਦਨ ਤੋਂ ਹੈ। ਇਸ ਦਾ ਪਤਾ ਇੱਕ ਦੇਸ਼ ਦੀ ਰਾਸ਼ਟਰੀ ਆਮਦਨ ਨੂੰ ਉਸ ਦੇਸ਼ ਦੀ ਜਨਸੰਖਿਆ ਨਾਲ ਭਾਗ ਕਰਕੇ ਲਗਾਇਆ ਜਾਂਦਾ ਹੈ।

$$\text{ਪ੍ਰਤੀ ਵਿਅਕਤੀ ਆਮਦਨ} = \frac{\text{ਰਾਸ਼ਟਰੀ ਆਮਦਨ}}{\text{ਜਨਸੰਖਿਆ}}$$

ਇਸ ਲਈ ਜੇਕਰ ਕਿਸੇ ਦੇਸ਼ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਿੱਚ ਲੰਬੇ ਸਮੇਂ ਦੇ ਦੌਰਾਨ ਵਾਧਾ ਹੁੰਦਾ ਹੈ, ਤਾਂ ਇਹ ਕਿਹਾ ਜਾ ਸਕਦਾ ਹੈ ਕਿ ਉਹ ਦੇਸ਼ ਆਪਣੇ ਆਰਥਿਕ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਵਿੱਚ ਸਫਲ ਹੋ ਗਿਆ ਹੈ।




ਵੱਧ ਪ੍ਰਤੀ ਵਿਅਕਤੀ ਆਮਦਨ ਦਾ ਭਾਵ ਇਹ ਹੈ ਕਿ ਅਸੀਂ ਵੱਧ ਵਸਤੂਆਂ ਅਤੇ ਸੇਵਾਵਾਂ ਖ਼ਰੀਦ ਸਕਦੇ ਹਾਂ ਅਤੇ ਵੱਧ ਸੁਵਿਧਾਵਾਂ ਨੂੰ ਪ੍ਰਾਪਤ ਕਰ ਸਕਦੇ ਹਾਂ ਅਤੇ ਵੱਧ ਸੁਵਿਧਾਵਾਂ ਨੂੰ ਪ੍ਰਾਪਤ ਕਰਨ ਤੋਂ ਭਾਵ ਹੈ ਕਿ ਸਾਡਾ ਜੀਵਨ ਪੱਧਰ ਉੱਚਾ ਹੋਵੇਗਾ। ਇਸ ਨੂੰ ਵਿਕਾਸ ਕ੍ਰਿਹਾ ਜਾ ਸਕਦਾ ਹੈ ਕਿਉਂਕਿ ਇਸ ਨਾਲ ਅਸੀਂ ਵੱਧ ਲਾਭ ਪ੍ਰਾਪਤ ਕਰ ਸਕਦੇ ਹਾਂ।

ਪਰ ਇਸ ਗੱਲ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ ਕਿ ਪ੍ਰਤਿ ਵਿਅਕਤੀ ਆਮਦਨ ਇੱਕ ਦੇਸ਼ ਦੇ ਲੋਕਾਂ ਦੀ ਸਿਰਫ਼ ਔਸਤ ਆਮਦਨ ਹੁੰਦੀ ਹੈ, ਇਸ ਦਾ ਅਰਥ ਇਹ ਨਹੀਂ ਹੈ ਕਿ ਉਸ ਦੇਸ਼ ਦੇ ਸਾਰੇ ਲੋਕਾਂ ਦੀ ਆਮਦਨ ਉਸ ਔਸਤ ਆਮਦਨ ਦੇ ਬਰਾਬਰ ਹੀ ਹੋਵੇ। ਇਸ ਲਈ ਜੇਕਰ ਇੱਕ ਦੇਸ਼ ਵਿੱਚ ਆਮਦਨ ਨੂੰ ਲੈ ਕੇ ਅਸਮਾਨਤਾਵਾਂ ਪਾਈਆਂ ਜਾਂਦੀਆਂ ਹਨ, ਤਾਂ ਉਸ ਦੇਸ਼ ਨੂੰ ਵਿਕਸਿਤ ਨਹੀਂ ਕਿਹਾ ਜਾਵੇਗਾ। ਉਦਾਹਰਨ ਦੇ ਤੌਰ ਤੇ ਜੇਕਰ ਭਾਰਤ ਦੀ ਰਾਸ਼ਟਰੀ ਆਮਦਨ 1000 ਹੋਵੇ ਅਤੇ ਭਾਰਤ ਦੀ ਜਨਸੰਖਿਆ 100 ਲੋਕਾਂ ਦੀ ਹੋਵੇ, ਤਾਂ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ = 1000/100 = ₹10 ਹੋਵੇਗੀ।

ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਭਾਰਤ ਦੇ ਸਾਰੇ ਲੋਕਾਂ ਦੀ ਪ੍ਰਤਿ ਵਿਅਕਤੀ ਆਮਦਨ ₹10 ਹੀ ਹੈ। ਇਹ ਤਾਂ ਸਿਰਫ਼ ਇੱਕ ਤਰ੍ਹਾਂ ਦੀ ਔਸਤ ਹੈ। ਜੇਕਰ ਉਸ ਦੇਸ਼ ਦੇ ਅਮੀਰ ਲੋਕ ਇਸ ਆਮਦਨ ਦਾ ਇੱਕ ਵੱਡਾ ਹਿੱਸਾ ਪ੍ਰਾਪਤ ਕਰ ਰਹੇ ਹਨ ਅਤੇ ਗ਼ਰੀਬ ਲੋਕਾਂ ਨੂੰ ਇਸ ਆਮਦਨ ਦਾ ਇੱਕ ਛੋਟਾ ਜਿਹਾ ਹਿੱਸਾ ਪ੍ਰਾਪਤ ਹੋ ਰਿਹਾ ਹੈ, ਤਾਂ ਇਸ ਨੂੰ ਉਸ ਦੇਸ਼ ਦਾ ਆਰਥਿਕ ਵਿਕਾਸ ਨਹੀਂ ਕਿਹਾ ਜਾਵੇਗਾ।

### 2.7.3 ਸ਼ਿਸ਼ੂ ਮੌਤ ਦਰ ਦੇ ਆਧਾਰ ਤੇ ਮਾਪ (Measurement on the basis of Infant Mortality Rate)

ਸ਼ਿਸ਼ੂ ਮੌਤ ਦਰ ਨੂੰ ਆਰਥਿਕ ਵਿਕਾਸ ਦਾ ਇੱਕ ਸਮਾਜਿਕ ਮਾਪਕ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਦੁਆਰਾ ਇਹ ਪਤਾ ਲਗਦਾ ਹੈ ਕਿ ਇੱਕ ਦੇਸ਼ ਦਾ ਸਮਾਜਿਕ ਢਾਂਚਾ ਖਾਸਤੌਰ ਤੇ ਉਸ ਦੇਸ਼ ਦਾ ਸਿਹਤ ਢਾਂਚਾ ਕਿੰਨਾ ਚੰਗਾ ਹੈ ? ਇਸ ਤੋਂ ਭਾਵ 1 ਸਾਲ ਦੀ ਜੀਵਨ ਅਵਧੀ ਪੂਰੀ ਹੋਣ ਤੋਂ ਪਹਿਲਾਂ ਪ੍ਰਤਿ 1000 ਨਵੇਂ ਜੰਮੇ ਬੱਚਿਆਂ ਦੇ ਪਿੱਛੇ ਮਰ ਜਾਣ ਵਾਲੇ ਬੱਚਿਆਂ ਦੀ ਗਿਣਤੀ ਤੋਂ ਹੁੰਦਾ ਹੈ। ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ ਦੇ ਮੁਤਾਬਿਕ 2022 ਵਿੱਚ ਦੁਨੀਆਂ ਵਿੱਚ ਸ਼ਿਸ਼ੂ ਮੌਤ ਦਰ 27.695 ਸੀ। ਜਿਹਨਾਂ ਦੇਸ਼ਾਂ ਵਿੱਚ ਸ਼ਿਸ਼ੂ ਮੌਤ ਦਰ ਇਸ ਤੋਂ ਵੱਧ ਹੈ, ਉਹਨਾਂ ਦੇਸ਼ਾਂ ਨੂੰ


ਅਲਪਵਿਕਸਿਤ ਦੇਸ਼ ਅਤੇ ਜਿਹਨਾਂ ਦੇਸ਼ਾਂ ਵਿੱਚ ਸ਼ਿਸ਼ੂ ਮੌਰ ਦਰ ਇਸ ਤੋਂ ਘੱਟ ਹੈ, ਉਹਨਾਂ ਦੇਸ਼ਾਂ ਨੂੰ ਵਿਕਸਿਤ ਦੇਸ਼ ਕਿਹਾ ਜਾਵੇਗਾ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਵਿਕਸਿਤ ਦੇਸ਼ਾਂ ਵਿੱਚ ਸਿਹਤ ਸੁਵਿਧਾਵਾਂ ਦਾ ਪੱਧਰ ਬਹੁਤ ਉੱਚਾ ਹੁੰਦਾ ਹੈ। ਜਿਸ ਦੇ ਨਤੀਜੇ ਵਜੋਂ, ਸ਼ਿਸ਼ੂਆਂ ਨੂੰ ਪੂਰੀਆਂ ਸੁਵਿਧਾਵਾਂ ਪ੍ਰਾਪਤ ਹੁੰਦੀਆਂ ਹਨ ਅਤੇ ਜਿਸ ਕਰਕੇ ਇਹਨਾਂ ਵਿਕਸਿਤ ਦੇਸ਼ਾਂ ਵਿੱਚ ਸ਼ਿਸ਼ੂ ਮੌਤ ਦਰ ਬਹੁਤ ਘੱਟ ਹੁੰਦੀ ਹੈ। ਇਸ ਦੇ ਉਲਟ ਅਲਪਵਿਕਸਿਤ ਦੇਸ਼ਾਂ ਵਿੱਚ ਹਾਲਾਤ ਬਿਲਕੁਲ ਉਲਟ ਹੁੰਦੇ ਹਨ। ਸਿਹਤ ਸੁਵਿਧਾਵਾਂ ਦੀ ਕਮੀ ਹੋਣ ਕਰਕੇ, ਉਹਨਾਂ ਦੀ ਅਸਮਾਨ ਵੰਡ ਹੋਣ ਕਰਕੇ, ਲੋਕਾਂ ਵਿੱਚ ਸਿਹਤ ਸੁਵਿਧਾਵਾਂ ਦੇ ਪ੍ਰਤਿ ਜਾਗਰੂਕਤਾ ਦੀ ਕਮੀ ਹੋਣ ਕਰਕੇ ਅਤੇ ਸਰਕਾਰ ਦੁਆਰਾ ਸਹੀ ਕਦਮ ਨਾ ਚੁੱਕੇ ਜਾਣ ਕਰਕੇ ਸ਼ਿਸ਼ੂ ਮੌਤ ਦਰ ਬਹੁਤ ਜ਼ਿਆਦਾ ਹੁੰਦੀ ਹੈ। ਇਹੀ ਕਾਰਨ ਹੁੰਦਾ ਹੈ ਕਿ ਇਹ ਦੇਸ਼ ਆਪਣੇ ਸ਼ਿਸ਼ੂਆਂ ਦੀ ਸਹੀ ਦੇਖਭਾਲ ਨਹੀਂ ਕਰ ਪਾਉਂਦੇ ਜਿਸ ਕਰਕੇ ਇਹਨਾਂ ਦੀ ਮੌਤ ਦਰ ਵੱਧ ਹੁੰਦੀ ਹੈ। ਇਸ ਲਈ ਇਸ ਦਰ ਦੇ ਆਧਾਰ ਤੇ ਵੀ ਇੱਕ ਦੇਸ਼ ਦੇ ਆਰਥਿਕ ਵਿਕਾਸ ਦੇ ਪੱਧਰ ਨੂੰ ਮਾਪਿਆ ਜਾ ਸਕਦਾ ਹੈ।

### ਸ਼ਿਸ਼ੂ ਮੌਤ ਦਰ ਅਤੇ ਬਾਲ ਮੌਤ ਦਰ ਦੋ ਵੱਖਰੀਆਂ ਧਾਰਨਾਵਾਂ ਹਨ

### (Infant Mortality Rate and Child Mortality Rate are Two Different Concepts)

ਆਮਤੌਰ ਤੇ ਇਹਨਾਂ ਦੋਹਾਂ ਧਾਰਨਾਵਾਂ ਨੂੰ ਇੱਕ ਹੀ ਸਮਝ ਲਿਆ ਜਾਂਦਾ ਹੈ। ਸ਼ਿਸ਼ੂ ਮੌਤ ਦਰ ਤੋਂ ਭਾਵ 1 ਸਾਲ ਦੀ ਜੀਵਨ ਅਵਧੀ ਪੂਰੀ ਹੋਣ ਤੋਂ ਪਹਿਲਾਂ ਪ੍ਰਤਿ 1000 ਨਵੇਂ ਜੰਮੇ ਬੱਚਿਆਂ ਦੇ ਪਿੱਛੇ ਮਰ ਜਾਣ ਵਾਲੇ ਬੱਚਿਆਂ ਦੀ ਗਿਣਤੀ ਤੋਂ ਹੁੰਦਾ ਹੈ। ਜਦ ਕਿ ਬਾਲ ਮੌਤ ਦਰ ਤੋਂ ਭਾਵ 4 ਸਾਲ ਦੀ ਜੀਵਨ ਅਵਧੀ ਪੂਰੀ ਹੋਣ ਤੋਂ ਪਹਿਲਾਂ ਪ੍ਰਤਿ 1000 ਨਵੇਂ ਜੰਮੇ ਬੱਚਿਆਂ ਦੇ ਪਿੱਛੇ ਮਰ ਜਾਣ ਵਾਲੇ ਬੱਚਿਆਂ ਦੀ ਗਿਣਤੀ ਤੋਂ ਹੁੰਦਾ ਹੈ।



## ਕਿਰਿਆ

1. ਆਰਥਿਕ ਵਿਕਾਸ ਦਾ ਮਾਪ ਕਰਨ ਲਈ ਆਰਥਿਕ ਮਾਪਕਾਂ ਦੇ ਨਾਲ-ਨਾਲ ਸਮਾਜਿਕ ਮਾਪਕਾਂ ਨੂੰ ਸ਼ਾਮਲ ਕਰਨਾ ਕਿਉਂ ਜ਼ਰੂਰੀ ਹੁੰਦਾ ਹੈ?
2. ਭਾਰਤ ਦੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਸ਼ਿਸ਼ੂ ਮੌਤ ਦਰ ਦੇ ਰੁਝਾਨਾਂ ਬਾਰੇ ਆਪਣੇ ਅਧਿਆਪਕ ਦੀ ਮਦਦ ਨਾਲ ਟਿੱਪਣੀ ਪ੍ਰਦਾਨ ਕਰੋ।

## 2.7.4 ਲਿੰਗ ਅਨੁਪਾਤ ਦੇ ਆਧਾਰ ਤੇ ਮਾਪ (Measurement on the basis of Sex Ratio)

ਲਿੰਗ ਅਨੁਪਾਤ ਵੀ ਆਰਥਿਕ ਵਿਕਾਸ ਦਾ ਮਾਪ ਕਰਨ ਦਾ ਇੱਕ ਸਮਾਜਿਕ ਮਾਪਕ ਹੈ। ਇਸ ਤੋਂ ਭਾਵ 1000 ਪੁਰਸ਼ਾਂ ਦੇ ਪਿੱਛੇ ਇਸਤਰੀਆਂ ਦੀ ਗਿਣਤੀ ਤੋਂ ਹੁੰਦਾ ਹੈ। ਆਮਤੌਰ ਤੇ ਅਲਪਵਿਕਸਿਤ ਦੇਸ਼ਾਂ ਵਿੱਚ ਇਹ ਲਿੰਗ ਅਨੁਪਾਤ ਕਾਫ਼ੀ ਨੀਵਾਂ ਹੁੰਦਾ ਹੈ ਕਿਉਂਕਿ ਇਹਨਾਂ ਦੇਸ਼ਾਂ ਵਿੱਚ ਇਸਤਰੀਆਂ ਦੀ ਹਾਲਤ ਬੜੀ ਤਰਸਯੋਗ ਹੁੰਦੀ ਹੈ। ਇਹ ਇਹਨਾਂ ਦੇਸ਼ਾਂ ਵਿੱਚ ਪਾਈ ਜਾਣ ਵਾਲੀ ਅਨਪੜ੍ਹਤਾ, ਇਸਤਰੀਆਂ ਦੇ ਪ੍ਰਤਿ ਛੋਟੀ ਸੋਚ ਅਤੇ ਲੋਕਾਂ ਦੇ ਵਿੱਚ ਜਾਗਰੂਕਤਾ ਦੀ ਕਮੀ ਕਰਕੇ ਹੁੰਦਾ ਹੈ। ਇਹਨਾਂ ਸਾਰੇ ਕਾਰਨਾਂ ਕਰਕੇ ਇਹਨਾਂ ਦੇਸ਼ਾਂ ਵਿੱਚ ਕੁੜੀਆਂ ਦੀ ਥਾਂ ਤੇ ਮੁੰਡਾ ਹੋਣ ਨੂੰ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ। ਜਿਸ ਕਰਕੇ ਇਹਨਾਂ ਦੇਸ਼ਾਂ ਵਿੱਚ ਇਹ ਲਿੰਗ ਅਨੁਪਾਤ ਇਸਤਰੀਆਂ ਦੇ ਖ਼ਿਲਾਫ਼ ਹੁੰਦਾ ਹੈ। ਇਸਦੇ ਉਲਟ ਵਿਕਸਿਤ ਦੇਸ਼ਾਂ ਵਿੱਚ ਇਹ ਲਿੰਗ ਅਨੁਪਾਤ ਕਾਫ਼ੀ ਉੱਚਾ ਹੁੰਦਾ ਹੈ। ਇਸ ਲਈ ਇਸ ਮਾਪਕ ਨੂੰ ਵੀ ਕਿਸੇ ਦੇਸ਼ ਦੇ ਆਰਥਿਕ ਵਿਕਾਸ ਦਾ ਮਾਪ ਕਰਨ ਲਈ ਵਰਤਿਆ ਜਾ ਸਕਦਾ ਹੈ।

ਉਦਾਹਰਣ ਦੇ ਤੌਰ ਤੇ 2011 ਦੀ ਜਨਗਣਨਾ ਦੇ ਮੁਤਾਬਿਕ ਭਾਰਤ ਵਿੱਚ ਲਿੰਗ ਅਨੁਪਾਤ 943 ਸੀ ਭਾਵ ਭਾਰਤ ਵਿੱਚ ਹਰੇਕ 1000 ਪੁਰਸ਼ਾਂ ਦੇ ਪਿੱਛੇ 943 ਇਸਤਰੀਆਂ ਹਨ। ਜਦ ਕਿ ਦੂਜੇ ਪਾਸੇ ਇਸ ਸਮਾਂ ਅਵਧੀ ਵਿੱਚ ਅਮਰੀਕਾ ਵਿੱਚ ਇਹ ਲਿੰਗ ਅਨੁਪਾਤ 1050 ਸੀ ਭਾਵ ਅਮਰੀਕਾ ਵਿੱਚ 1000 ਪੁਰਸ਼ਾਂ ਦੇ ਪਿੱਛੇ 1050 ਇਸਤਰੀਆਂ ਸਨ। ਇਸ ਲਈ ਇਸ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਭਾਰਤ ਵਿੱਚ ਲਿੰਗ ਅਨੁਪਾਤ ਇਸਤਰੀਆਂ ਦੇ ਖ਼ਿਲਾਫ਼ ਹੈ ਕਿਉਂਕਿ ਭਾਰਤ ਵਿੱਚ ਹਰੇਕ 1000 ਪੁਰਸ਼ਾਂ ਦੇ ਪਿੱਛੇ 57 ਇਸਤਰੀਆਂ ਦੀ ਕਮੀ ਹੈ। ਇਸ ਲਈ ਭਾਰਤ ਨੂੰ ਆਪਣੇ ਆਪ ਨੂੰ ਇੱਕ ਵਿਕਸਿਤ ਦੇਸ਼ ਅਖਵਾਉਣ ਲਈ ਇਸ ਲਿੰਗ ਅਨੁਪਾਤ ਨੂੰ ਸੁਧਾਰਨ ਦੀ ਲੋੜ ਹੈ।

## ਕਿਰਿਆ

1. ਭਾਰਤ ਵਿੱਚ ਲਿੰਗ ਅਨੁਪਾਤ ਇਸਤਰੀਆਂ ਦੇ ਖ਼ਿਲਾਫ਼ ਕਿਉਂ ਹੈ ?
2. ਭਾਰਤ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਲਿੰਗ ਅਨੁਪਾਤ ਦੇ ਰੁਝਾਨਾਂ ਬਾਰੇ ਜਾਣਕਾਰੀ ਪ੍ਰਦਾਨ ਕਰੋ।
3. ਕੀ ਇਹ ਸੱਚ ਹੈ ਕਿ ਪਿਛਲੇ ਕੁਝ ਸਾਲਾਂ ਦੇ ਦੌਰਾਨ ਭਾਰਤ ਵਿੱਚ ਲਿੰਗ ਅਨੁਪਾਤ ਵਿੱਚ ਸੁਧਾਰ ਆਇਆ ਹੈ ?

### 2.7.5 ਜੀਵਨ ਪੱਧਰ ਦੇ ਅਧਾਰ ਤੇ ਮਾਪ (Measurement on the basis of Standard of Living)

ਕੁਝ ਅਰਥਸ਼ਾਸਤਰੀਆਂ ਦਾ ਵਿਚਾਰ ਹੈ ਕਿ ਅਸਲ ਵਿੱਚ ਆਰਥਿਕ ਵਿਕਾਸ ਦਾ ਮੁੱਖ ਉਦੇਸ਼ ਲੋਕਾਂ ਦੇ ਜੀਵਨ ਪੱਧਰ ਵਿੱਚ ਵਾਧਾ ਕਰਨਾ ਹੁੰਦਾ ਹੈ। ਇਸ ਲਈ ਆਰਥਿਕ ਵਿਕਾਸ ਦਾ ਮਾਪ ਕਰਨ ਲਈ ਇਸ ਮਾਪਕ ਨੂੰ ਵੀ ਵਰਤਿਆ ਜਾ ਸਕਦਾ ਹੈ। ਇਸ ਦੇ ਆਧਾਰ ਤੇ ਜੇਕਰ ਕਿਸੇ ਦੇਸ਼ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੈ ਅਤੇ ਉਹ ਜੀਵਨ ਦੀਆਂ ਬਹੁਤ ਸਾਰੀਆਂ ਸੁਵਿਧਾਵਾਂ ਦਾ ਅਨੰਦ ਪ੍ਰਾਪਤ ਕਰ ਰਹੇ ਹਨ, ਤਾਂ ਉਸ ਦੇਸ਼ ਨੂੰ ਵਿਕਸਿਤ ਦੇਸ਼ ਕਿਹਾ ਜਾਵੇਗਾ। ਇਹ ਪੂਰਨ ਸੱਚ ਹੈ ਕਿ ਅਲਪਵਿਕਸਿਤ ਦੇਸ਼ਾਂ ਵਿੱਚ ਲੋਕਾਂ ਦਾ ਜੀਵਨ ਪੱਧਰ ਕਾਫ਼ੀ ਨੀਵਾਂ ਹੁੰਦਾ ਹੈ ਅਤੇ ਉਹਨਾਂ ਕੋਲ਼ ਜੀਵਨ ਦੀਆਂ ਬਹੁਤ ਘੱਟ ਸੁਵਿਧਾਵਾਂ ਮੌਜੂਦ ਹੁੰਦੀਆਂ ਹਨ, ਜਿਸ ਕਰਕੇ ਹੀ ਉਹ ਅਲਪਵਿਕਸਿਤ ਹੁੰਦੇ ਹਨ। ਇਸ ਲਈ ਇਸ ਮਾਪਕ ਦੇ ਆਧਾਰ ਤੇ ਵੀ ਕਿਸੇ ਦੇਸ਼ ਦੇ ਆਰਥਿਕ ਵਿਕਾਸ ਦੇ ਪੱਧਰ ਦਾ ਪਤਾ ਲਗਾਇਆ ਜਾ ਸਕਦਾ ਹੈ।

## ਕਿਰਿਆ

1. ਆਰਥਿਕ ਵਿਕਾਸ ਦਾ ਮਾਪ ਕਰਨ ਲਈ ਵਰਤੇ ਜਾਣ ਵਾਲ਼ੇ ਰਾਸ਼ਟਰੀ ਆਮਦਨ, ਪ੍ਰਤਿ ਵਿਅਕਤੀ ਆਮਦਨ ਅਤੇ ਜੀਵਨ ਪੱਧਰ ਮਾਪਕ ਦੀ ਤੁਲਨਾ ਕਰੋ।
2. ਆਪਣੇ ਜਮਾਤ ਅਧਿਆਪਕ ਦੀ ਮਦਦ ਨਾਲ ਪਿਛਲੇ ਕੁਝ ਸਾਲਾਂ ਦੇ ਦੌਰਾਨ ਪੰਜਾਬੀਆਂ ਦੇ ਜੀਵਨ ਪੱਧਰ ਵਿੱਚ ਆਏ ਬਦਲਾਅ ਬਾਰੇ ਜਾਣਕਾਰੀ ਪ੍ਰਦਾਨ ਕਰੋ।

## 2.8 ਆਰਥਿਕ ਵਿਕਾਸ ਦੇ ਆਧੁਨਿਕ ਮਾਪ (MODERN MEASURES OF ECONOMIC DEVELOPMENT)

ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ ਕਿ ਆਰਥਿਕ ਵਿਕਾਸ ਦਾ ਮਾਪ ਕਰਨ ਦੇ ਪਰੰਪਰਾਵਾਦੀ ਮਾਪ ਆਪਣੇ ਆਪ ਵਿੱਚ ਸੰਤੋਸ਼ਜਨਕ ਨਹੀਂ ਹਨ ਕਿਉਂਕਿ ਇਹ ਆਰਥਿਕ ਵਿਕਾਸ ਦਾ ਮਾਪ ਕਰਦੇ ਸਮੇਂ ਆਪਣੇ ਆਪ ਨੂੰ ਆਰਥਿਕ ਵਿਕਾਸ ਦੇ ਸਿਰਫ਼ ਇੱਕ ਪੱਖ ਤਕ ਹੀ ਸੀਮਿਤ ਰੱਖਦੇ ਹਨ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਆਧੁਨਿਕ ਅਰਥਸ਼ਾਸਤਰੀਆਂ ਨੇ ਆਰਥਿਕ ਵਿਕਾਸ ਦਾ ਮਾਪ ਕਰਨ ਦੇ ਕਈ ਆਧੁਨਿਕ ਮਾਪਕਾਂ ਦਾ ਨਿਰਮਾਣ ਕੀਤਾ ਹੈ, ਜੋ ਕਿ ਆਰਥਿਕ ਵਿਕਾਸ ਦਾ ਮਾਪ ਕਰਦੇ ਸਮੇਂ ਆਰਥਿਕ ਵਿਕਾਸ ਦੇ ਵੱਧ ਪੱਖਾਂ ਨੂੰ ਸ਼ਾਮਲ ਕਰਦੇ ਹਨ। ਇਹਨਾਂ ਵਿੱਚੋਂ ਦੋ ਆਧੁਨਿਕ ਮਾਪਕਾਂ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ:

### 2.8.1 ਜੀਵਨ ਦਾ ਭੌਤਿਕ ਗੁਣਵੱਤਾ ਸੂਚਕ ਅੰਕ (Physical Quality of Life Index)

ਆਰਥਿਕ ਵਿਕਾਸ ਦੇ ਇਸ ਮਾਪ ਦਾ ਨਿਰਮਾਣ ਸਭ ਤੋਂ ਪਹਿਲਾਂ Morris D. Morris ਨੇ 1979 ਵਿੱਚ ਕੀਤਾ ਸੀ। ਉਹਨਾਂ ਦਾ ਕਹਿਣਾ ਸੀ ਕਿ ਇਸ ਤੋਂ ਪਹਿਲਾਂ ਆਰਥਿਕ ਵਿਕਾਸ ਦਾ ਮਾਪ ਕਰਨ ਲਈ ਜਿੰਨੇ ਵੀ ਮਾਪਕ ਪ੍ਰਦਾਨ ਕਰਵਾਏ ਗਏ ਹਨ, ਉਹਨਾਂ ਨੇ ਆਰਥਿਕ ਵਿਕਾਸ ਦਾ ਮਾਪ ਕਰਨ ਲਈ ਸਿਰਫ਼ ਆਰਥਿਕ ਤੱਤਾਂ ਨੂੰ ਹੀ ਸ਼ਾਮਲ ਕੀਤਾ ਹੈ, ਪਰ ਆਰਥਿਕ ਵਿਕਾਸ ਦਾ ਸਹੀ ਮਾਪ ਕਰਨ ਲਈ ਇਸ ਵਿੱਚ ਸਮਾਜਿਕ ਤੱਤਾਂ ਨੂੰ ਵੀ ਸ਼ਾਮਲ ਕਰਨਾ ਜ਼ਰੂਰੀ ਹੈ। ਇਸ ਲਈ ਉਹਨਾਂ ਨੇ ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਨਿਰਮਾਣ ਕਰਦੇ ਸਮੇਂ ਔਸਤ ਜੀਵਨ ਅਵਧੀ, ਸ਼ਿਸ਼ੂ ਮੌਤ ਦਰ ਅਤੇ ਮੂਲਭੂਤ ਸਾਖਰਤਾ ਸੂਚਕ ਅੰਕ ਨੂੰ ਵੀ ਸ਼ਾਮਲ ਕੀਤਾ। ਉਹਨਾਂ ਨੇ ਇਹਨਾਂ ਸਾਰੇ ਸੂਚਕਾਂ ਨੂੰ 0 ਤੋਂ

100 ਤੱਕ ਦਰਜਾ ਪ੍ਰਦਾਨ ਕਰਵਾਇਆ, ਜਿਸ ਵਿੱਚ 0 ਸਭ ਤੋਂ ਖ਼ਰਾਬ ਪ੍ਰਦਰਸ਼ਨ ਨੂੰ ਅਤੇ 100 ਸਭ ਤੋਂ ਵਧੀਆ ਪ੍ਰਦਰਸ਼ਨ ਨੂੰ ਦਰਸਾਉਂਦਾ ਹੈ। ਇਹਨਾਂ ਸਾਰੇ ਸੂਚਕਾਂ ਨੂੰ 0 ਤੋਂ 100 ਤਕ ਦਰਜਾ ਪ੍ਰਦਾਨ ਕਰਵਾਉਣ ਤੋਂ ਬਾਦ ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਅੰਤਿਮ ਮੁੱਲ ਪ੍ਰਾਪਤ ਕਰਨ ਲਈ ਇਹਨਾਂ ਤਿੰਨਾਂ ਦਰਜਿਆਂ ਦੀ ਸਧਾਰਨ ਔਸਤ ਦਾ ਪਤਾ ਕਰ ਲਿਆ ਜਾਂਦਾ ਹੈ। ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਵਿੱਚ ਵਰਤੀਆਂ ਜਾਣ ਵਾਲੀਆਂ ਇਹਨਾਂ ਮੂਲਭੂਤ ਧਾਰਨਾਵਾਂ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ:

(ੳ) **ਔਸਤ ਜੀਵਨ ਅਵਧੀ ਮਾਪਕ (Life Expectancy Indicator)** : ਇਸ ਤੋਂ ਭਾਵ ਇੱਕ ਦੇਸ਼ ਦੇ ਲੋਕਾਂ ਦੀ ਔਸਤ ਉਮਰ ਤੋਂ ਹੈ ਭਾਵ ਉਸ ਦੇਸ਼ ਦੇ ਲੋਕਾਂ ਦੀ ਉਮਰ ਕਿੰਨੀਂ ਲੰਬੀ ਹੈ ? ਇਸ ਮਾਪਕ ਦਾ ਕਿਸੇ ਦੇਸ਼ ਦੇ ਆਰਥਿਕ ਵਿਕਾਸ ਦੇ ਨਾਲ਼ ਸਿੱਧਾ ਸੰਬੰਧ ਹੁੰਦਾ ਹੈ ਕਿਉਂਕਿ ਇੱਕ ਦੇਸ਼ ਦੇ ਲੋਕਾਂ ਦੀ ਔਸਤ ਜੀਵਨ ਅਵਧੀ ਜਿੰਨੀ ਵੱਧ ਹੋਵੇਗੀ, ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਮੁੱਲ ਉਨਾਂ ਹੀ ਵੱਧ ਹੋਵੇਗਾ ਅਤੇ ਇੱਕ ਦੇਸ਼ ਦੇ ਲੋਕਾਂ ਦੀ ਔਸਤ ਜੀਵਨ ਅਵਧੀ ਜਿੰਨੀਂ ਘੱਟ ਹੋਵੇਗੀ, ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਮੁੱਲ ਉਨਾਂ ਹੀ ਘੱਟ ਹੋਵੇਗਾ।

(ਅ) **ਸ਼ਿਸ਼ੂ ਮੌਤ ਦਰ (Infant Mortality Rate)** : ਇਸ ਤੋਂ ਭਾਵ 1 ਸਾਲ ਦੀ ਜੀਵਨ ਅਵਧੀ ਪੂਰੀ ਹੋਣ ਤੋਂ ਪਹਿਲਾਂ ਪ੍ਰਤੀ 1000 ਨਵੇਂ ਜੰਮੇ ਬੱਚਿਆਂ ਦੇ ਪਿੱਛੇ ਮਰ ਜਾਣ ਵਾਲ਼ੇ ਬੱਚਿਆਂ ਦੀ ਗਿਣਤੀ ਤੋਂ ਹੁੰਦਾ ਹੈ। ਇਸ ਮਾਪਕ ਦਾ ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦੇ ਨਾਲ਼ ਉਲਟ ਸੰਬੰਧ ਹੁੰਦਾ ਹੈ। ਸ਼ਿਸ਼ੂ ਮੌਤ ਦਰ ਦਾ ਮੁੱਲ ਜਿੰਨਾਂ ਵੱਧ ਹੋਵੇਗਾ, ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਮੁੱਲ ਉਨਾਂ ਹੀ ਘੱਟ ਹੋਵੇਗਾ ਅਤੇ ਸ਼ਿਸ਼ੂ ਮੌਤ ਦਰ ਦਾ ਮੁੱਲ ਜਿੰਨਾਂ ਘੱਟ ਹੋਵੇਗਾ, ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਮੁੱਲ ਉਨਾਂ ਹੀ ਵੱਧ ਹੋਵੇਗਾ।

(ੲ) **ਮੂਲਭੂਤ ਸਾਖਰਤਾ ਦਰ (Basic Literacy Rate)** : ਇਸ ਤੋਂ ਭਾਵ ਪ੍ਰਤਿ 100 ਵਿਅਕਤੀਆਂ ਦੇ ਪਿੱਛੇ ਪੜ੍ਹੇ-ਲਿਖੇ ਵਿਅਕਤੀਆਂ ਦੀ ਗਿਣਤੀ ਤੋਂ ਹੁੰਦਾ ਹੈ। ਇਸ ਦਾ ਮਾਪ ਹਮੇਸ਼ਾਂ ਪ੍ਰਤਿਸ਼ਤ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਇਸ ਮਾਪਕ ਦਾ ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦੇ ਨਾਲ਼ ਸਿੱਧਾ ਸੰਬੰਧ ਹੁੰਦਾ ਹੈ। ਮੂਲਭੂਤ ਸਾਖਰਤਾ ਦਰ ਦਾ ਮੁੱਲ ਜਿੰਨਾਂ ਵੱਧ ਹੋਵੇਗਾ, ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਮੁੱਲ ਉਨਾਂ ਹੀ ਵੱਧ ਹੋਵੇਗਾ ਅਤੇ ਮੂਲਭੂਤ ਸਾਖਰਤਾ ਦਰ ਦਾ ਮੁੱਲ ਜਿੰਨਾਂ ਘੱਟ ਹੋਵੇਗਾ, ਜੀਵਨ ਦੇ ਭੌਤਿਕ ਗੁਣਵਤਾ ਸੂਚਕ ਅੰਕ ਦਾ ਮੁੱਲ ਉਨਾਂ ਹੀ ਘੱਟ ਹੋਵੇਗਾ।

## ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦੀ ਗਣਨਾ (Calculation of PQLI) :

ਉਪਰੋਕਤ ਤਿੰਨਾਂ ਮਾਪਕਾਂ ਦੀ 0 ਤੋਂ 100 ਤੱਕ ਦੇ ਦਰਜ਼ੇ ਦੇ ਮੁਤਾਬਿਕ ਗਣਨਾ ਕਰ ਲੈਣ ਤੋਂ ਬਾਅਦ ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦੀ ਗਣਨਾ ਕਰਨ ਲਈ ਇਹਨਾਂ ਸਾਰੇ ਮਾਪਕਾਂ ਦਾ ਸਧਾਰਨ ਅੰਕਗਣਿਤੀ ਔਸਤ ਪਤਾ ਕੀਤਾ ਜਾਂਦਾ ਹੈ। ਜੋ ਕਿ ਇਸ ਤਰ੍ਹਾਂ ਹੈ:

$$\text{ਜੀਵਨ ਦਾ ਭੌਤਿਕ ਗੁਣਵੱਤਾ ਸੂਚਕ ਅੰਕ} = \frac{\text{ਔਸਤ ਜੀਵਨ ਅਵਧੀ ਮਾਪਕ ਤੇ ਪ੍ਰਾਪਤ ਦਰਜਾ} + \text{ਸ਼ਿਸ਼ੂ ਮੌਤ ਦਰ ਤੇ ਪ੍ਰਾਪਤ ਦਰਜਾ} + \text{ਮੂਲਭੂਤ ਸਾਖਰਤਾ ਦਰ ਤੇ ਪ੍ਰਾਪਤ ਦਰਜਾ}}{3}$$

ਇੱਥੇ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਲੋਕਾਂ ਦੇ ਕਲਿਆਣ ਦਾ ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦੇ ਮੁੱਲ ਨਾਲ਼ ਸਿੱਧਾ ਸੰਬੰਧ ਹੁੰਦਾ ਹੈ। ਜੇਕਰ ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਮੁੱਲ ਵੱਧ ਹੈ ਤਾਂ ਲੋਕਾਂ ਦਾ ਕਲਿਆਣ ਵੀ ਵੱਧ ਹੋਵੇਗਾ ਅਤੇ ਜੇਕਰ ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਮੁੱਲ ਘੱਟ ਹੈ, ਤਾਂ ਲੋਕਾਂ ਦੇ ਕਲਿਆਣ ਦਾ ਮੁੱਲ ਵੀ ਘੱਟ ਹੋਵੇਗਾ।

### 2.8.2 ਮਾਨਵ ਵਿਕਾਸ ਸੂਚਕ ਅੰਕ (Human Development Index)

ਮਾਨਵ ਵਿਕਾਸ ਸੂਚਕ ਅੰਕ, ਕਿਸੇ ਦੇਸ਼ ਦੇ ਆਰਥਿਕ ਵਿਕਾਸ ਨੂੰ ਮਾਪਣ ਵਾਲ਼ਾ ਇੱਕ ਹੋਰ ਮਹੱਤਵਪੂਰਨ ਮਾਪਕ ਹੈ, ਜਿਸਨੂੰ ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਵਿੱਚ ਇੱਕ ਸੁਧਾਰ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ ਹੈ। ਇਸ ਵਿੱਚ ਸਭ ਤੋਂ ਵੱਡਾ ਸੁਧਾਰ ਤਾਂ ਇਹ ਹੈ ਕਿ ਇਹ ਕਿਸੇ ਦੇਸ਼ ਦੇ ਆਰਥਿਕ ਵਿਕਾਸ ਦਾ ਮਾਪ ਕਰਦੇ ਸਮੇਂ ਸਿਰਫ਼ ਗ਼ੈਰ-ਆਮਦਨ ਆਧਾਰਿਤ ਸਾਧਨਾਂ ਨੂੰ ਹੀ ਨਹੀਂ, ਬਲਕਿ ਆਮਦਨ ਆਧਾਰਿਤ ਸਾਧਨਾਂ ਨੂੰ ਵੀ ਸ਼ਾਮਲ ਕਰਦਾ ਹੈ।

ਆਰਥਿਕ ਵਿਕਾਸ ਦੇ ਇਸ ਮਾਪਕ ਦਾ ਨਿਰਮਾਣ ਅਤੇ ਵਿਕਾਸ 1990 ਵਿੱਚ ਸੰਯੁਕਤ ਰਾਸ਼ਟਰ ਵਿਕਾਸ ਕਾਰਜਕ੍ਰਮ ਦੁਆਰਾ ਕੀਤਾ ਗਿਆ ਸੀ। ਆਰਥਿਕ ਵਿਕਾਸ ਦਾ ਇਹ ਮਾਪਕ, ਆਰਥਿਕ ਵਿਕਾਸ ਦੇ ਸੂਚਕਾਂ ਨੂੰ 0 ਤੋਂ 1 ਦੇ ਵਿਚਕਾਰ ਦਰਜਾ ਦਿੰਦਾ ਹੈ, ਜਿਸ ਵਿੱਚ 0 ਤੋਂ ਭਾਵ ਸਭ ਤੋਂ ਘਟੀਆ ਪ੍ਰਦਰਸ਼ਨ ਅਤੇ 1 ਤੋਂ ਭਾਵ ਸਭ ਤੋਂ ਵਧੀਆ ਪ੍ਰਦਰਸ਼ਨ ਤੋਂ ਹੁੰਦਾ ਹੈ।

## ਮਾਨਵ ਵਿਕਾਸ ਸੂਚਕ ਅੰਕ ਦੇ ਮਾਪ (Indicator of HDI)

ਮਾਨਵ ਵਿਕਾਸ ਸੂਚਕ ਅੰਕ ਕਿਸੇ ਦੇਸ਼ ਦੇ ਆਰਥਿਕ ਵਿਕਾਸ ਦਾ ਮਾਪ ਕਰਨ ਲਈ ਹੇਠ ਲਿਖੇ ਤਿੰਨ ਮਾਪਕਾਂ ਨੂੰ ਸ਼ਾਮਲ ਕਰਦਾ ਹੈ:

(ੳ) **ਜੀਵਨ ਦੀ ਔਸਤ ਅਵਧੀ (Longivity of Life Expectancy)** : ਇਸ ਤੋਂ ਭਾਵ ਜਨਮ ਦੇ ਸਮੇਂ ਤੇ ਜੀਵਨ ਦੀ ਸੰਭਾਵਨਾ ਤੋਂ ਹੈ। ਇਸ ਤੋਂ ਭਾਵ ਹੈ ਕਿ ਇੱਕ ਨਵੇਂ ਜੰਮੇ ਬੱਚੇ ਦੇ ਕਿੰਨੇ ਸਾਲ ਜ਼ਿੰਦਾ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ ? ਇਸ ਮਾਪਕ ਦਾ ਮਾਨਵ ਵਿਕਾਸ ਸੂਚਕ ਅੰਕ ਨਾਲ਼ ਸਿੱਧਾ ਸੰਬੰਧ ਹੈ ਕਿਉਂਕਿ ਜਿੰਨੀ ਇਹ ਔਸਤ ਜੀਵਨ ਅਵਧੀ ਵੱਧ ਹੋਵੇਗੀ, ਉਨਾਂ ਹੀ ਮਾਨਵ ਵਿਕਾਸ ਸੂਚਕ ਅੰਕ ਦਾ ਮੁੱਲ ਵੱਧ ਹੋਵੇਗਾ ਅਤੇ ਉਨ੍ਹਾਂ ਹੀ ਉਸ ਦੇਸ਼ ਦੇ ਆਰਥਿਕ ਵਿਕਾਸ ਦਾ ਪੱਧਰ ਉੱਚਾ ਹੋਵੇਗਾ ਅਤੇ ਜਿੰਨੀ ਇਹ ਔਸਤ ਜੀਵਨ ਅਵਧੀ ਘੱਟ ਹੋਵੇਗੀ, ਉਨਾਂ ਹੀ ਮਾਨਵ ਵਿਕਾਸ ਸੂਚਕ ਅੰਕ ਦਾ ਮੁੱਲ ਘੱਟ ਹੋਵੇਗਾ ਅਤੇ ਉਨਾਂ ਹੀ ਉਸ ਦੇਸ਼ ਦੇ ਆਰਥਿਕ ਵਿਕਾਸ ਦਾ ਪੱਧਰ ਨੀਵਾਂ ਹੋਵੇਗਾ।

(ਅ) **ਸਿੱਖਿਆ ਪ੍ਰਾਪਤੀ ਸੂਚਕ ਅੰਕ (Educational Attainment Index)**: ਇਸ ਤੋਂ ਭਾਵ ਇੱਕ ਦੇਸ਼ ਦੇ ਲੋਕਾਂ ਦੇ ਸਿੱਖਿਆ ਦੇ ਪੱਧਰ ਤੋਂ ਹੈ। ਇਸ ਮਾਪਕ ਦਾ ਮਾਨਵ ਵਿਕਾਸ ਸੂਚਕ ਅੰਕ ਨਾਲ਼ ਸਿੱਧਾ ਸੰਬੰਧ ਹੈ ਕਿਉਂਕਿ ਜਿੰਨਾਂ ਇਹ ਸਿੱਖਿਆ ਪ੍ਰਾਪਤੀ ਸੂਚਕ ਅੰਕ ਵੱਧ ਹੋਵੇਗਾ, ਉਨਾਂ ਹੀ ਮਾਨਵ ਵਿਕਾਸ ਸੂਚਕ ਅੰਕ ਦਾ ਮੁੱਲ ਵੱਧ ਹੋਵੇਗਾ ਅਤੇ ਉਨਾਂ ਹੀ ਉਸ ਦੇਸ਼ ਦੇ ਆਰਥਿਕ ਵਿਕਾਸ ਦਾ ਪੱਧਰ ਉੱਚਾ ਹੋਵੇਗਾ ਅਤੇ ਜਿੰਨਾਂ ਇਹ ਸਿੱਖਿਆ ਪ੍ਰਾਪਤੀ ਸੂਚਕ ਅੰਕ ਘੱਟ ਹੋਵੇਗਾ, ਉਨਾਂ ਹੀ ਮਾਨਵ ਵਿਕਾਸ ਸੂਚਕ ਅੰਕ ਦਾ ਮੁੱਲ ਘੱਟ ਹੋਵੇਗਾ ਅਤੇ ਉਨਾਂ ਹੀ ਉਸ ਦੇਸ਼ ਦੇ ਆਰਥਿਕ ਵਿਕਾਸ ਦਾ ਪੱਧਰ ਨੀਵਾਂ ਹੋਵੇਗਾ। ਇਸ ਮਾਪਕ ਦੇ ਦੋ ਹਿੱਸੇ ਹਨ, ਜੋ ਕਿ ਇਸ ਤਰ੍ਹਾਂ ਹਨ:

- **ਬਾਲਗ ਸਾਖਰਤਾ ਦਰ (Adult Literacy Rate)**: ਇਸ ਤੋਂ ਭਾਵ ਉਹਨਾਂ ਲੋਕਾਂ ਦੀ ਸਾਖਰਤਾ ਦਰ ਤੋਂ ਹੈ, ਜਿਹਨਾਂ ਦੀ ਉਮਰ 15 ਸਾਲ ਜਾਂ ਉਸ ਤੋਂ ਵੱਧ ਹੈ। ਇੱਥੇ ਸਾਖਰਤਾ ਤੋਂ ਭਾਵ ਸਮਝਣ, ਪੜ੍ਹਣ ਅਤੇ ਲਿਖਣ ਦੀ ਯੋਗਤਾ ਤੋਂ ਹੈ। ਇਸ ਲਈ ਜੇਕਰ ਇੱਕ ਵਿਅਕਤੀ ਆਪਣਾ ਨਾਂ ਇੱਕ ਹਸਤਾਖਰ ਦੇ ਰੂਪ ਵਿੱਚ ਲਿਖ ਸਕਦਾ ਹੈ, ਪਰ ਸਧਾਰਨ ਵਾਕਾਂ ਨੂੰ ਪੜ੍ਹਣ ਅਤੇ ਲਿਖਣ ਦੀ ਯੋਗਤਾ ਨਹੀਂ ਰੱਖਦਾ, ਤਾਂ ਉਸ ਨੂੰ ਸਾਖਰ ਨਹੀਂ ਕਿਹਾ ਜਾਵੇਗਾ।
- **ਕੁੱਲ ਨਾਮਾਂਕਣ ਅਨੁਪਾਤ (Gross Enrolment Ratio)**: ਇਸ ਤੋਂ ਭਾਵ ਵਿਦਿਆਰਥੀਆਂ ਦੀ ਉਸ ਗਿਣਤੀ ਤੋਂ ਹੈ ਜੋ ਕਿ ਸਿੱਖਿਆ ਦੇ ਵੱਖ-ਵੱਖ ਪੱਧਰਾਂ ਜਿਵੇਂ ਕਿ ਪ੍ਰਾਥਮਿਕ, ਸੈਕੰਡਰੀ ਅਤੇ ਟਰਸ਼ਰੀ ਆਦਿ ਪੱਧਰਾਂ ਤੇ ਆਪਣਾ ਨਾਮਾਂਕਣ ਕਰਵਾਉਂਦੇ ਹਨ ਭਾਵ ਆਪਣੇ ਆਪ ਨੂੰ ਦਾਖ਼ਲ ਕਰਵਾਉਂਦੇ ਹਨ। ਇੱਥੇ ਪ੍ਰਾਥਮਿਕ ਸਿੱਖਿਆ ਤੋਂ ਭਾਵ 5ਵੀਂ ਜਮਾਤ ਤੱਕ ਦੀ ਸਿੱਖਿਆ, ਸੈਕੰਡਰੀ ਸਿੱਖਿਆ ਤੋਂ ਭਾਵ 10ਵੀਂ ਜਮਾਤ ਤੱਕ ਦੀ ਸਿੱਖਿਆ ਅਤੇ ਟਰਸ਼ਰੀ ਪੱਧਰ ਦੀ ਸਿੱਖਿਆ ਤੋਂ ਭਾਵ ਕਾਲਜ ਅਤੇ ਵਿਸ਼ਵਵਿਦਿਆਲੇ ਪੱਧਰ ਤੱਕ ਦੀ ਸਿੱਖਿਆ ਤੋਂ ਹੈ।

ਕੁੱਲ ਨਾਮਾਂਕਣ ਅਨੁਪਾਤ ਦਾ ਪਤਾ ਕਰਨ ਲਈ ਅਜਿਹੇ ਸਾਰੇ ਵਿਦਿਆਰਥੀ ਜਿਹਨਾਂ ਨੇ ਆਪਣੇ ਆਪ ਨੂੰ ਇਹਨਾਂ ਤਿੰਨ ਪੱਧਰਾਂ ਤੇ ਦਾਖ਼ਲ ਕਰਵਾਇਆ ਹੋਵੇਗਾ, ਉਹਨਾਂ ਦੀ ਗਿਣਤੀ ਨੂੰ ਜੋੜ ਕੇ ਪੂਰੇ ਦੇਸ਼ ਵਿੱਚ ਬੱਚਿਆਂ ਦੀ ਜਨਸੰਖਿਆ ਦੇ ਨਾਲ਼ ਭਾਗ ਕਰ ਦਿੱਤਾ ਜਾਵੇਗਾ। ਇਸ ਦਾ ਪਤਾ ਇਸ ਤਰ੍ਹਾਂ ਲਗਾਇਆ ਜਾ ਸਕਦਾ ਹੈ:

$$\text{ਕੁੱਲ ਨਾਮਾਂਕਣ ਅਨੁਪਾਤ} = \frac{\text{ਸਿੱਖਿਆ ਦੇ ਹਰੇਕ ਪੱਧਰ ਤੇ ਦਾਖ਼ਲ ਹੋਣ ਵਾਲ਼ੇ ਵਿਦਿਆਰਥੀ}}{\text{ਦੇਸ਼ ਦੀ ਕੁੱਲ ਬਾਲ ਜਨਸੰਖਿਆ}} \times 100$$

ਉਦਾਹਰਣ ਦੇ ਤੌਰ ਤੇ ਜੇਕਰ ਦੇਸ਼ ਵਿੱਚ ਸਿੱਖਿਆ ਦੇ ਹਰੇਕ ਪੱਧਰ ਤੇ ਦਾਖ਼ਲ ਹੋਣ ਵਾਲ਼ੇ ਵਿਦਿਆਰਥੀਆਂ ਦੀ ਗਿਣਤੀ 20 ਕਰੋੜ ਹੈ ਅਤੇ ਸਾਰੇ ਦੇਸ਼ ਦੀ ਕੁੱਲ ਬਾਲ ਜਨਸੰਖਿਆ 40 ਕਰੋੜ ਹੈ, ਤਾਂ ਕੁੱਲ ਨਾਮਾਂਕਣ ਅਨੁਪਾਤ ਇਸ ਤਰ੍ਹਾਂ ਹੋਵੇਗਾ:

$$\text{ਕੁੱਲ ਨਾਮਾਂਕਣ ਅਨੁਪਾਤ} = \frac{20 \text{ ਕਰੋੜ}}{40 \text{ ਕਰੋੜ}} \times 100$$

$$= 50\%$$

ਇਸ ਮਾਪਕ ਦਾ ਮਾਨਵ ਵਿਕਾਸ ਸੂਚਕ ਅੰਕ ਨਾਲ ਸਿੱਧਾ ਸੰਬੰਧ ਹੈ ਕਿਉਂਕਿ ਜਿੰਨਾ ਇਹ ਕੁੱਲ ਨਾਮਾਂਕਣ ਅਨੁਪਾਤ ਵੱਧ ਹੋਵੇਗਾ, ਉਨਾਂ ਹੀ ਮਾਨਵ ਵਿਕਾਸ ਸੂਚਕ ਅੰਕ ਦਾ ਮੁੱਲ ਵੱਧ ਹੋਵੇਗਾ ਅਤੇ ਉਨਾਂ ਹੀ ਉਸ ਦੇਸ਼ ਦੇ ਆਰਥਿਕ ਵਿਕਾਸ ਦਾ ਪੱਧਰ ਉੱਚਾ ਹੋਵੇਗਾ ਅਤੇ ਜਿੰਨਾ ਇਹ ਕੁੱਲ ਨਾਮਾਂਕਣ ਅਨੁਪਾਤ ਘੱਟ ਹੋਵੇਗਾ, ਉਨਾਂ ਹੀ ਮਾਨਵ ਵਿਕਾਸ ਸੂਚਕ ਅੰਕ ਦਾ ਮੁੱਲ ਘੱਟ ਹੋਵੇਗਾ ਅਤੇ ਉਨਾਂ ਹੀ ਉਸ ਦੇਸ਼ ਦੇ ਆਰਥਿਕ ਵਿਕਾਸ ਦਾ ਪੱਧਰ ਵੀ ਨੀਵਾਂ ਹੋਵੇਗਾ।

(ੲ) **ਵਾਸਤਵਿਕ ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦ (Real Per Capita GDP)**: ਇਸ ਤੋਂ ਭਾਵ ਵਸਤੂਆਂ ਅਤੇ ਸੇਵਾਵਾਂ ਦੀ ਉਸ ਮਾਤਰਾ ਤੋਂ ਹੈ, ਜਿਸਨੂੰ ਲੋਕ ਆਪਣੀ ਮੌਦਰਿਕ ਆਮਦਨ ਦੇ ਨਾਲ ਖ਼ਰੀਦ ਸਕਦੇ ਹਨ। ਇਸ ਦਾ ਕਾਰਨ ਇਹ ਹੈ ਕਿ ਲੋਕਾਂ ਦਾ ਜੀਵਨ ਪੱਧਰ ਇਸ ਗੱਲ ਤੇ ਨਿਰਭਰ ਨਹੀਂ ਕਰਦਾ ਕਿ ਲੋਕਾਂ ਕੋਲ ਕਿੰਨੀਂ ਮੌਦਰਿਕ ਆਮਦਨ ਹੈ ? ਪਰ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਇਸ ਮੌਦਰਿਕ ਆਮਦਨ ਨਾਲ ਉਹ ਕਿੰਨੀਆਂ ਵਸਤੂਆਂ ਅਤੇ ਸੇਵਾਵਾਂ ਖ਼ਰੀਦ ਸਕਦੇ ਹਨ ? ਉਦਾਹਰਣ ਦੇ ਤੌਰ ਤੇ ਜੇਕਰ ਇੱਕ ਵਿਅਕਤੀ ਕੋਲ 100 ਰੁਪਏ ਦੀ ਮੌਦਰਿਕ ਆਮਦਨ ਹੈ ਅਤੇ ਜੋ ਵਸਤੂ ਉਸਨੇ ਖ਼ਰੀਦ ਕਰਨੀ ਹੈ, ਉਸ ਦੀ ਕੀਮਤ 5 ਰੁਪਏ ਹੈ, ਤਾਂ ਉਸਦੀ ਵਾਸਤਵਿਕ ਆਮਦਨ ਜਾਂ ਉਸਦੀ ਖ਼ਰੀਦ ਸ਼ਕਤੀ 20 ਹੋਵੇਗੀ। ਜੇਕਰ ਅਸੀਂ ਕਿਸੇ ਦੇਸ਼ ਦੇ ਵਾਸਤਵਿਕ ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦਨ ਦਾ ਪਤਾ ਲਗਾਉਣਾ ਚਾਹੁੰਦੇ ਹਾਂ, ਤਾਂ ਇਸ ਦਾ ਪਤਾ ਲਗਾਉਣ ਲਈ ਸਾਨੂੰ ਉਸ ਦੇ ਵਾਸਤਵਿਕ ਕੁੱਲ ਘਰੇਲੂ ਉਤਪਾਦਨ ਨੂੰ ਉਸ ਦੇਸ਼ ਦੀ ਜਨਸੰਖਿਆ ਦੇ ਨਾਲ ਭਾਗ ਕਰਨਾ ਹੋਵੇਗਾ, ਤਾਂ ਕਿ ਪ੍ਰਤਿ ਵਿਅਕਤੀ ਵਾਸਤਵਿਕ ਘਰੇਲੂ ਉਤਪਾਦਨ ਦਾ ਪਤਾ ਲਗਾਇਆ ਜਾ ਸਕੇ।

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ

$$\text{ਵਾਸਤਵਿਕ ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦਨ} = \frac{\text{ਦੇਸ਼ ਦਾ ਵਾਸਤਵਿਕ ਕੁੱਲ ਘਰੇਲੂ ਉਤਪਾਦਨ}}{\text{ਕੁੱਲ ਜਨਸੰਖਿਆ}}$$

## ਮਾਨਵ ਵਿਕਾਸ ਸੂਚਕ ਅੰਕ ਦਾ ਨਿਰਮਾਣ (Construction of HDI)

ਉਪਰੋਕਤ ਤਿੰਨਾਂ ਮਾਪਕਾਂ ਦੀ ਵਿਅਕਤੀਗਤ ਪੱਧਰ ਤੇ 0 ਤੋਂ 1 ਦੇ ਵਿਚਕਾਰ ਦਰਜਾਬੰਦੀ ਕਰਨ ਤੋਂ ਬਾਅਦ, ਹੇਠ ਦਿੱਤੇ ਗਏ ਸੂਤਰ ਦੀ ਮਦਦ ਨਾਲ ਇਹਨਾਂ ਦੀ ਸਧਾਰਨ ਔਸਤ ਦਾ ਮੁੱਲ ਪਤਾ ਕੀਤਾ ਜਾਵੇਗਾ ਅਤੇ ਇਸ ਆਧਾਰ ਤੇ ਮਾਨਵ ਵਿਕਾਸ ਸੂਚਕ ਅੰਕ ਦਾ ਮੁੱਲ ਪਤਾ ਕਰ ਲਿਆ ਜਾਵੇਗਾ:

$$\text{ਮਾਨਵ ਵਿਕਾਸ ਸੂਚਕ ਅੰਕ} = \frac{\text{ਜੀਵਨ ਦੀ ਔਸਤ ਅਵਧੀ ਤੇ ਦਰਜਾ} + \text{ਸਿੱਖਿਆ ਪ੍ਰਾਪਤੀ ਸੂਚਕਅੰਕ ਦੇ ਦਰਜਾ} + \text{ਵਾਸਤਵਿਕ ਪ੍ਰਤੀ ਵਿਅਕਤੀ ਕੁੱਲ ਘਰੇਲੂ ਉਤਪਾਦ ਦੇ ਦਰਜਾ}}{3}$$

ਉਦਾਹਰਨ ਦੇ ਤੌਰ ਤੇ ਜੇਕਰ ਜੀਵਨ ਦੀ ਔਸਤ ਅਵਧੀ ਦੀ ਦਰਜਾਬੰਦੀ 0.58 ਹੈ, ਸਿੱਖਿਆ ਪ੍ਰਾਪਤੀ ਸੂਚਕ ਅੰਕ ਤੇ ਦਰਜਾਬੰਦੀ 0.68 ਹੈ ਅਤੇ ਵਾਸਤਵਿਕ ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦ ਤੇ ਦਰਜਾਬੰਦੀ 0.52 ਹੈ, ਤਾਂ ਮਾਨਵ ਵਿਕਾਸ ਸੂਚਕ ਅੰਕ ਦਾ ਪਤਾ ਇਸ ਤਰ੍ਹਾਂ ਲਗਾਇਆ ਜਾਵੇਗਾ:

$$\text{ਮਾਨਵ ਵਿਕਾਸ ਸੂਚਕ ਅੰਕ} = \frac{0.58 + 0.68 + 0.52}{3} = \frac{1.78}{3}$$

$$= 0.593 \text{ ਹੋਵੇਗਾ।}$$

ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਲੋਕਾਂ ਦੇ ਕਲਿਆਣ ਦਾ ਮਾਨਵ ਵਿਕਾਸ ਸੂਚਕ ਅੰਕ ਦੇ ਨਾਲ ਸਿੱਧਾ ਸੰਬੰਧ ਹੈ ਭਾਵ ਮਾਨਵ ਵਿਕਾਸ ਸੂਚਕ ਅੰਕ ਦਾ ਮੁੱਲ ਜਿੰਨਾ ਵੱਧ ਹੋਵੇਗਾ, ਲੋਕਾਂ ਦੇ ਕਲਿਆਣ ਦਾ ਪੱਧਰ ਉਨਾਂ ਹੀ ਵੱਧ ਹੋਵੇਗਾ ਅਤੇ ਮਾਨਵ ਵਿਕਾਸ ਸੂਚਕ ਅੰਕ ਦਾ ਮੁੱਲ ਜਿੰਨਾ ਘੱਟ ਹੋਵੇਗਾ, ਲੋਕਾਂ ਦੇ ਕਲਿਆਣ ਦਾ ਪੱਧਰ ਉਨਾਂ ਹੀ ਘੱਟ ਹੋਵੇਗਾ। 2021 ਵਿੱਚ ਭਾਰਤ ਦਾ ਮਾਨਵ ਵਿਕਾਸ ਸੂਚਕ ਅੰਕ ਵਿੱਚ ਦਰਜਾ 132 ਸੀ।

## 2.9 ਕੇਰਲ, ਪੰਜਾਬ ਅਤੇ ਬਿਹਾਰ ਦੇ ਵਿਕਾਸ ਅਨੁਭਵਾਂ ਦਾ ਤੁਲਨਾਤਮਕ ਅਧਿਐਨ

## (COMPARATIVE STUDY OF DEVELOPMENTAL EXPERIENCES OF KERALA, PUNJAB AND BIHAR)

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਭਾਰਤ ਇੱਕ ਭਿੰਨਤਾਵਾਂ ਭਰਿਆ ਦੇਸ਼ ਹੈ ਅਤੇ ਇਹ ਭਿੰਨਤਾਵਾਂ ਸਿਰਫ਼ ਆਰਥਿਕ ਪੱਧਰ ਤੇ ਹੀ ਨਹੀਂ, ਬਲਕਿ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਹੋਰ ਬਹੁਤ ਸਾਰੇ ਪੱਧਰਾਂ ਤੇ ਪਾਈਆਂ ਜਾਂਦੀਆਂ ਹਨ। ਹੇਠਾਂ ਦਿੱਤੇ ਗਏ ਭਾਗ ਵਿੱਚ ਭਾਰਤ ਦੇ ਤਿੰਨ ਰਾਜਾਂ ਕੇਰਲ, ਪੰਜਾਬ ਅਤੇ ਬਿਹਾਰ ਦਾ ਕਈ ਸੂਚਕਾਂ ਦੇ ਆਧਾਰ ਤੇ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਇਸ ਤੁਲਨਾਤਮਕ ਅਧਿਐਨ ਨੂੰ ਕਰਨ ਲਈ ਕਿਸੇ ਇੱਕ ਸੂਚਕ ਨੂੰ ਸ਼ਾਮਲ ਨਾ ਕਰਕੇ ਕਈ ਸੂਚਕਾਂ ਨੂੰ ਸ਼ਾਮਲ ਕੀਤਾ ਗਿਆ ਹੈ, ਤਾਂ ਕਿ ਇਸ ਤੁਲਨਾਤਮਕ ਅਧਿਐਨ ਨੂੰ ਵਿਸਤ੍ਰਿਤ ਬਣਾਇਆ ਜਾ ਸਕੇ।

ਤਾਲਿਕਾ 2.1 ਕੇਰਲ, ਪੰਜਾਬ ਅਤੇ ਬਿਹਾਰ ਰਾਜਾਂ ਦਾ ਆਮਦਨ ਅਤੇ ਗੈਰ ਆਮਦਨ ਸੂਚਕਾਂ ਦੇ ਆਧਾਰ ਤੇ ਤੁਲਨਾਤਮਕ ਅਧਿਐਨ

| ਸੂਚਕ | ਰਾਜ | | |
|---|---|---|---|
| | ਕੇਰਲ | ਪੰਜਾਬ | ਬਿਹਾਰ |
| **ਵਿਕਾਸ ਦੇ ਆਮਦਨ ਅਧਾਰਿਤ ਸੂਚਕ** | | | |
| **ਪ੍ਰਤਿ ਵਿਅਕਤੀ ਆਮਦਨ** | 50146 | 44769 | 12090 |
| **ਗ਼ਰੀਬੀ ਰੇਖਾ ਤੋਂ ਹੇਠਾਂ ਜਨਸੰਖਿਆ ਦਾ ਅਨੁਪਾਤ** | 7.05% | 8.26% | 33.74% |
| **ਵਿਕਾਸ ਦੇ ਗ਼ੈਰ-ਆਮਦਨ ਆਧਾਰਿਤ ਸੂਚਕ** | | | |
| **ਲਿੰਗ ਅਨੁਪਾਤ** | 1084 | 895 | 918 |
| **ਸ਼ਿਸ਼ੂ ਮੌਤ ਦਰ** | 12 | 30 | 44 |
| **ਮਾਤਾ ਮੌਤ ਦਰ** | 66 | 155 | 219 |
| **ਸਾਖਰਤਾ ਦਰ** | 94.00% | 75.84% | 61.80% |

**ਸਰੋਤ** : ਭਾਰਤ ਦੀ ਜਨਗਣਨਾ, 2011

ਅਸੀਂ ਇਹਨਾਂ ਤਿੰਨਾਂ ਰਾਜਾਂ ਦੇ ਵਿਕਾਸ ਦੇ ਪੱਧਰ ਦੀ ਤੁਲਨਾ ਦੋ ਤਰ੍ਹਾਂ ਦੇ ਸੂਚਕਾਂ ਦੇ ਆਧਾਰ ਤੇ ਕਰਾਂਗੇ ਜਿਹਨਾਂ ਵਿੱਚੋਂ ਇੱਕ ਆਮਦਨ ਆਧਾਰਿਤ ਸੂਚਕ ਹੋਣਗੇ ਅਤੇ ਦੂਜੇ ਗ਼ੈਰ-ਆਮਦਨ ਆਧਾਰਿਤ ਸੂਚਕ ਹੋਣਗੇ। ਇਹਨਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ:

### 2.9.1 ਆਮਦਨ ਆਧਾਰਿਤ ਸੂਚਕ (Income Based Indicators):

ਆਮਦਨ ਆਧਾਰਿਤ ਸੂਚਕਾਂ ਵਿੱਚ ਦੋ ਤਰ੍ਹਾਂ ਦੇ ਸੂਚਕਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਜੋ ਕਿ ਪ੍ਰਤਿ ਵਿਅਕਤੀ ਆਮਦਨ ਅਤੇ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਜਨਸੰਖਿਆ ਦੀ ਗਿਣਤੀ ਹੈ। ਇਹਨਾਂ ਦੋ ਸੂਚਕਾਂ ਦੇ ਆਧਾਰ ਤੇ ਇਹਨਾਂ ਤਿੰਨਾਂ ਰਾਜਾਂ ਦੀ ਤੁਲਨਾ ਇਸ ਤਰ੍ਹਾਂ ਕੀਤੀ ਗਈ ਹੈ।

**2.9.1.1 ਪ੍ਰਤਿ ਵਿਅਕਤੀ ਆਮਦਨ (Per Capita Income) :** ਪ੍ਰਤਿ ਵਿਅਕਤੀ ਆਮਦਨ ਤੋਂ ਭਾਵ ਇੱਕ ਵਿਅਕਤੀ ਨੂੰ ਪ੍ਰਾਪਤ ਹੋਣ ਵਾਲ਼ੀ ਔਸਤ ਆਮਦਨ ਤੋਂ ਹੁੰਦਾ ਹੈ। ਇਸ ਪ੍ਰਤਿ ਵਿਅਕਤੀ ਆਮਦਨ ਦਾ ਪਤਾ ਕਿਸੇ ਦੇਸ਼ ਦੀ ਰਾਸ਼ਟਰੀ ਆਮਦਨ ਨੂੰ ਉਸ ਦੇਸ਼ ਦੀ ਜਨਸੰਖਿਆ ਨਾਲ਼ ਭਾਗ ਦੇ ਕੇ ਲਗਾਇਆ ਜਾ ਸਕਦਾ ਹੈ ਅਤੇ ਇਸ ਤੋਂ ਕਿਸੇ ਦੇਸ਼ ਦੇ ਲੋਕਾਂ ਦੇ ਜੀਵਨ ਪੱਧਰ ਦਾ ਪਤਾ ਲਗਾਇਆ ਜਾ ਸਕਦਾ ਹੈ। ਜੇਕਰ ਇਸ ਪ੍ਰਤਿ ਵਿਅਕਤੀ ਆਮਦਨ ਦਾ ਮੁੱਲ ਵੱਧ ਹੈ, ਤਾਂ ਉਸ ਦੇਸ਼ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਵੇਗਾ ਅਤੇ ਜੇਕਰ ਇਸ ਪ੍ਰਤਿ ਵਿਅਕਤੀ ਆਮਦਨ ਦਾ ਮੁੱਲ ਘੱਟ ਹੈ, ਤਾਂ ਉਸ ਦੇਸ਼ ਦੇ ਲੋਕਾਂ ਦਾ ਜੀਵਨ ਪੱਧਰ ਨੀਵਾਂ ਹੋਵੇਗਾ। ਇਸ ਸੂਚਕ ਦੇ ਆਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਕੇਰਲ ਅਤੇ ਪੰਜਾਬ ਰਾਜਾਂ ਦੀ ਪ੍ਰਤਿ ਵਿਅਕਤੀ ਆਮਦਨ ਬਿਹਾਰ ਦੀ ਪ੍ਰਤਿ ਵਿਅਕਤੀ ਆਮਦਨ ਤੋਂ ਬਹੁਤ ਜ਼ਿਆਦਾ ਹੈ, ਜੋ ਕਿ ਇਹਨਾਂ ਦੋਹਾਂ ਰਾਜਾਂ ਦੀ ਬਿਹਾਰ ਤੇ ਉੱਤਮਤਾ ਨੂੰ ਦਰਸਾਉਂਦਾ ਹੈ।

**2.9.1.2 ਗ਼ਰੀਬੀ ਰੇਖਾ ਤੋਂ ਹੇਠਾਂ ਜਨਸੰਖਿਆ ਦੀ ਗਿਣਤੀ (Below Poverty Line Population) :** ਇਸ ਤੋਂ ਭਾਵ ਕਿਸੇ ਦੇਸ਼ ਦੀ ਜਨਸੰਖਿਆ ਦੇ ਉਸ ਭਾਗ ਤੋਂ ਹੁੰਦਾ ਹੈ, ਜੋ ਆਪਣੀਆਂ ਮੂਲਭੂਤ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੇ

ਅਤੇ ਘੋਰ ਗ਼ਰੀਬੀ ਵਿੱਚ ਰਹਿੰਦੇ ਹਨ। ਭਾਰਤ ਵਿੱਚ ਗ਼ਰੀਬੀ ਰੇਖਾ ਦਾ ਅਨੁਮਾਨ ਪ੍ਰਤਿ ਮਹੀਨਾ ਕੀਤੇ ਜਾਣ ਵਾਲੇ ਉਪਭੋਗ ਖ਼ਰਚ ਦੇ ਰੂਪ ਵਿੱਚ ਲਗਾਇਆ ਜਾਂਦਾ ਹੈ। ਭਾਰਤ ਦੀ 2011 ਦੀ ਜਨਗਣਨਾ ਦੇ ਮੁਤਾਬਿਕ, ਭਾਰਤ ਵਿੱਚ 21.9 ਪ੍ਰਤਿਸ਼ਤ ਜਨਸੰਖਿਆ ਗ਼ਰੀਬੀ ਰੇਖਾ ਦੇ ਹੇਠਾਂ ਰਹਿੰਦੀ ਹੈ। ਇਸ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬ ਅਤੇ ਕੇਰਲ ਵਿੱਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੀ ਜਨਸੰਖਿਆ ਦਾ ਅਨੁਪਾਤ ਬਿਹਾਰ ਦੇ ਮੁਕਾਬਲੇ ਬਹੁਤ ਘੱਟ ਹੈ। ਬਿਹਾਰ ਦੀ 33.74 ਪ੍ਰਤਿਸ਼ਤ ਜਨਸੰਖਿਆ ਗ਼ਰੀਬੀ ਰੇਖਾ ਦੇ ਹੇਠਾਂ ਰਹਿੰਦੀ ਹੈ ਜਦੋਂ ਕਿ ਪੰਜਾਬ ਦੀ 8.26 ਪ੍ਰਤੀਸ਼ਤ ਅਤੇ ਕੇਰਲ ਦੀ 7.05 ਪ੍ਰਤਿਸ਼ਤ ਜਨਸੰਖਿਆ ਗ਼ਰੀਬੀ ਰੇਖਾ ਦੇ ਹੇਠਾਂ ਰਹਿੰਦੀ ਹੈ।

### 2.9.2 ਗ਼ੈਰ-ਆਮਦਨ ਆਧਾਰਿਤ ਸੂਚਕ (Non-Income based Indicators) :

ਗ਼ੈਰ-ਆਮਦਨ ਆਧਾਰਿਤ ਸੂਚਕਾਂ ਵਿੱਚ ਮੁੱਖ ਤੌਰ ਤੇ ਆਰਥਿਕ ਵਿਕਾਸ ਦੇ ਸਮਾਜਿਕ ਸੂਚਕਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਤੇ ਇਸ ਆਧਾਰ ਤੇ ਵਿਕਾਸ ਦੇ ਪੱਧਰ ਦੀ ਤੁਲਨਾ ਕੀਤੀ ਜਾ ਸਕਦੀ ਹੈ। ਇਹਨਾਂ ਸੂਚਕਾਂ ਦੇ ਆਧਾਰ ਤੇ ਇਹਨਾਂ ਤਿੰਨਾਂ ਰਾਜਾਂ ਦੀ ਤੁਲਨਾ ਇਸ ਤਰ੍ਹਾਂ ਕੀਤੀ ਗਈ ਹੈ:

**2.9.2.1 ਲਿੰਗ ਅਨੁਪਾਤ (Sex Ratio):** ਇਸ ਤੋਂ ਭਾਵ 1000 ਪੁਰਸ਼ਾਂ ਦੇ ਪਿੱਛੇ ਇਸਤਰੀਆਂ ਦੀ ਗਿਣਤੀ ਤੋਂ ਹੁੰਦਾ ਹੈ। ਇਸ ਪੱਖ ਦੇ ਆਧਾਰ ਤੇ ਕੇਰਲ ਦੇ ਵਿਕਾਸ ਦਾ ਪੱਧਰ ਪੰਜਾਬ ਅਤੇ ਬਿਹਾਰ ਨਾਲੋਂ ਉੱਚਾ ਹੈ ਕਿਉਂਕਿ ਕੇਰਲ ਵਿੱਚ ਇਹ ਲਿੰਗ ਅਨੁਪਾਤ ਪ੍ਰਤਿ 1000 ਪੁਰਸ਼ਾਂ ਦੇ ਪਿੱਛੇ 1084 ਇਸਤਰੀਆਂ ਦਾ ਹੈ ਭਾਵ ਲਿੰਗ ਅਨੁਪਾਤ ਇਸਤਰੀਆਂ ਦੇ ਪੱਖ ਵਿੱਚ ਹੈ। ਜਦੋਂ ਕਿ ਪੰਜਾਬ ਅਤੇ ਬਿਹਾਰ ਵਿੱਚ ਇਹ ਲਿੰਗ ਅਨੁਪਾਤ ਇਸਤਰੀਆਂ ਦੇ ਖ਼ਿਲਾਫ਼ ਹੈ ਕਿਉਂਕਿ ਪੰਜਾਬ ਵਿੱਚ 1000 ਪੁਰਸ਼ਾਂ ਦੇ ਪਿੱਛੇ ਇਸਤਰੀਆਂ ਦੀ ਗਿਣਤੀ 895 ਅਤੇ ਬਿਹਾਰ ਵਿੱਚ 918 ਹੈ।

**2.9.2.2 ਸ਼ਿਸ਼ੂ ਮੌਤ ਦਰ (Infant Mortality Rate):** ਇਸ ਤੋਂ ਭਾਵ 1 ਸਾਲ ਦੀ ਜੀਵਨ ਅਵਧੀ ਪੂਰੀ ਹੋਣ ਤੋਂ ਪਹਿਲਾਂ ਪ੍ਰਤਿ 1000 ਨਵੇਂ ਜੰਮੇ ਬੱਚਿਆਂ ਦੇ ਪਿੱਛੇ ਮਰ ਜਾਣ ਵਾਲੇ ਬੱਚਿਆਂ ਦੀ ਗਿਣਤੀ ਤੋਂ ਹੁੰਦਾ ਹੈ। ਕੇਰਲ ਵਿੱਚ ਇਹ ਸ਼ਿਸ਼ੂ ਮੌਤ ਦਰ ਸਿਰਫ਼ 12 ਹੈ ਜਦ ਕਿ ਪੰਜਾਬ ਵਿੱਚ ਇਹ ਦਰ 30 ਅਤੇ ਬਿਹਾਰ ਵਿੱਚ 44 ਹੈ। ਇਸ ਤੋਂ ਕੇਰਲ ਵਿੱਚ ਸਿਹਤ ਸੁਵਿਧਾਵਾਂ ਦੇ ਚੰਗੇ ਪੱਧਰ ਦਾ ਪਤਾ ਲਗਦਾ ਹੈ, ਜਦੋਂ ਕਿ ਪੰਜਾਬ ਅਤੇ ਬਿਹਾਰ ਵਿੱਚ ਸਿਹਤ ਸੁਵਿਧਾਵਾਂ ਓਨੀਆਂ ਵਿਕਸਿਤ ਨਹੀਂ ਹਨ।

**2.9.2.3. ਮਾਤਾ ਮੌਤ ਦਰ (Maternal Mortality Rate) :** ਇਸ ਤੋਂ ਭਾਵ ਪ੍ਰਤੀ 1,00,000 ਔਰਤਾਂ ਦੇ ਪਿੱਛੇ, ਜੋ ਬੱਚੇ ਨੂੰ ਜਨਮ ਦਿੰਦੀਆਂ ਹਨ, ਦੀ ਹੋਣ ਵਾਲੀ ਮੌਤ ਦੀ ਦਰ ਤੋਂ ਹੈ ਭਾਵ ਬੱਚੇ ਨੂੰ ਜਨਮ ਦਿੰਦੇ ਸਮੇਂ ਪ੍ਰਤਿ 1,00,000 ਔਰਤਾਂ ਵਿੱਚੋਂ ਕਿੰਨੀਆਂ ਔਰਤਾਂ ਦੀ ਮੌਤ ਹੋ ਜਾਂਦੀ ਹੈ ? ਕੇਰਲ ਵਿੱਚ ਇਹ ਮੌਤ ਦਰ ਸਿਰਫ਼ 66 ਹੈ, ਜਦਕਿ ਪੰਜਾਬ ਵਿੱਚ ਇਹ ਮੌਤ ਦਰ 155 ਅਤੇ ਬਿਹਾਰ ਵਿੱਚ 219 ਹੈ। ਇਸ ਤੋਂ ਇਹਨਾਂ ਤਿੰਨਾਂ ਰਾਜਾਂ ਵਿੱਚ ਹਸਪਤਾਲ ਵਿੱਚ ਬੱਚੇ ਨੂੰ ਜਨਮ ਦਿੰਦੀਆਂ ਮਾਤਾਵਾਂ ਨੂੰ ਪ੍ਰਦਾਨ ਕਰਵਾਈਆਂ ਜਾਣ ਵਾਲੀਆਂ ਸਹੂਲਤਾਂ ਦੇ ਪੱਧਰ ਦਾ ਪਤਾ ਲੱਗਦਾ ਹੈ। ਇਸ ਵਿਸ਼ਲੇਸ਼ਣ ਤੋਂ ਇਹ ਪਤਾ ਲਗਦਾ ਹੈ ਕਿ ਇਹਨਾਂ ਸੁਵਿਧਾਵਾਂ ਦਾ ਪੱਧਰ ਕੇਰਲ ਵਿੱਚ ਬਹੁਤ ਵਧੀਆ ਹੈ, ਪਰ ਪੰਜਾਬ ਅਤੇ ਬਿਹਾਰ ਵਿੱਚ ਇਹਨਾਂ ਦਾ ਪੱਧਰ ਓਨਾ ਵਧੀਆ ਨਹੀਂ ਹੈ।

**2.9.2.4 ਸਾਖਰਤਾ ਦਰ (Literacy Rate):** ਇਸ ਤੋਂ ਭਾਵ ਜਨਸੰਖਿਆ ਦੇ ਉਸ ਭਾਗ ਤੋਂ ਹੁੰਦਾ ਹੈ, ਜੋ ਕਿ ਸਮਝਣ, ਪੜ੍ਹਣ ਤੇ ਲਿਖਣ ਦੀ ਯੋਗਤਾ ਰੱਖਦੇ ਹਨ। ਇਸ ਤੋਂ ਕਿਸੇ ਵੀ ਖੇਤਰ ਦੇ ਲੋਕਾਂ ਦੇ ਸਿੱਖਿਆ ਪ੍ਰਾਪਤੀ ਦੇ ਪੱਧਰ ਦਾ ਪਤਾ ਲਗਦਾ ਹੈ। ਕੇਰਲ ਵਿੱਚ ਇਹ ਸਾਖਰਤਾ ਦਰ 94.00 ਪ੍ਰਤਿਸ਼ਤ ਹੈ, ਜਦੋਂ ਕਿ ਪੰਜਾਬ ਵਿੱਚ ਇਹ ਸਾਖਰਤਾ ਦਰ 75.84 ਪ੍ਰਤਿਸ਼ਤ ਅਤੇ ਬਿਹਾਰ ਵਿੱਚ 61.80 ਪ੍ਰਤਿਸ਼ਤ ਹੈ। ਇਸ ਦਰ ਦੇ ਆਧਾਰ ਤੇ ਅਸੀਂ ਇਹਨਾਂ ਤਿੰਨਾਂ ਰਾਜਾਂ ਦੇ ਸਿੱਖਿਆ ਪ੍ਰਾਪਤੀ ਦੇ ਪੱਧਰ ਦੀ ਤੁਲਨਾ ਕਰ ਸਕਦੇ ਹਾਂ ਕਿ ਕੇਰਲ ਆਪਣੇ ਨਾਗਰਿਕਾਂ ਨੂੰ ਸਿੱਖਿਆ ਸੁਵਿਧਾਵਾਂ ਪ੍ਰਦਾਨ ਕਰਵਾਉਣ ਵਿੱਚ ਪੰਜਾਬ ਅਤੇ ਬਿਹਾਰ ਨਾਲੋਂ ਵੱਧ ਵਿਕਸਿਤ ਹੈ।

ਅੰਤ ਵਿੱਚ ਅਸੀਂ ਇਹ ਨਤੀਜਾ ਪ੍ਰਾਪਤ ਕਰ ਸਕਦੇ ਹਾਂ ਕਿ ਉਪਰੋਕਤ ਚੁਣੇ ਗਏ ਸਾਰੇ ਸੂਚਕਾਂ ਤੇ ਕੇਰਲ, ਪੰਜਾਬ ਅਤੇ ਬਿਹਾਰ ਦੇ ਮੁਕਾਬਲੇ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ ਅਤੇ ਇਸ ਆਧਾਰ ਤੇ ਅਸੀਂ ਕੇਰਲ ਨੂੰ ਇੱਕ ਤੁਲਨਾਤਮਕ ਤੌਰ ਤੇ ਵਿਕਸਿਤ ਭਾਰਤੀ ਰਾਜ ਕਹਿ ਸਕਦੇ ਹਾਂ। ਪੰਜਾਬ ਕਿਉਂਕਿ ਵਿਕਾਸ ਦੇ ਰਸਤੇ ਦੇ ਵਿਚਕਾਰ ਵਿੱਚ ਹੈ, ਇਸ ਲਈ ਇਸ ਨੂੰ ਤੁਲਨਾਤਮਕ ਤੌਰ ਤੇ ਵਿਕਾਸਸ਼ੀਲ ਭਾਰਤੀ ਰਾਜ ਕਿਹਾ ਜਾ ਸਕਦਾ ਹੈ ਅਤੇ ਕਿਉਂਕਿ ਬਿਹਾਰ ਇਹਨਾਂ ਸਾਰੇ ਸੂਚਕਾਂ ਦੇ ਆਧਾਰ ਤੇ ਪੰਜਾਬ ਅਤੇ ਕੇਰਲ ਦੇ ਮੁਕਾਬਲੇ ਵਿੱਚ ਪ੍ਰਦਰਸ਼ਨ ਨਹੀਂ ਕਰ ਪਾ ਰਿਹਾ ਹੈ, ਇਸ ਲਈ ਇਸ ਨੂੰ ਤੁਲਨਾਤਮਕ ਤੌਰ ਤੇ ਇੱਕ ਅਲਪਵਿਕਸਿਤ ਰਾਜ ਕਿਹਾ ਜਾ ਸਕਦਾ ਹੈ।

## ਕਿਰਿਆ

1. ਭਾਰਤ ਦੇ ਕੁਝ ਹੋਰ ਰਾਜਾਂ ਦੀ ਚੋਣ ਕਰਕੇ ਉਪਰੋਕਤ ਸੂਚਕਾਂ ਦੇ ਆਧਾਰ ਤੇ ਉਹਨਾਂ ਦੀ ਤੁਲਨਾ ਕਰੋ।
2. ਕੀ ਵਿਕਾਸ ਦੇ ਕੁਝ ਹੋਰ ਸੂਚਕ ਵੀ ਹੋ ਸਕਦੇ ਹਨ? ਜੇਕਰ ਹਾਂ, ਤਾਂ ਉਹਨਾਂ ਸੂਚਕਾਂ ਦੇ ਆਧਾਰ ਤੇ ਇਹਨਾਂ ਤਿੰਨ ਰਾਜਾਂ ਦੀ ਤੁਲਨਾ ਕਰੋ ਅਤੇ ਨਤੀਜਿਆਂ ਦਾ ਮੁਲਾਂਕਣ ਕਰੋ।
3. ਇਹਨਾਂ ਤਿੰਨਾਂ ਰਾਜਾਂ ਦੇ ਵਿਕਾਸ ਦੇ ਪੱਧਰ ਵਿੱਚ ਪਾਈ ਜਾਣ ਵਾਲੀ ਅਸਮਾਨਤਾ ਦੇ ਪਿੱਛੇ ਕੀ ਕਾਰਨ ਹੋ ਸਕਦੇ ਹਨ?

## ਸਾਰ

- ਆਰਥਿਕ ਵਿਕਾਸ ਤੋਂ ਭਾਵ ਇੱਕ ਅਜਿਹੀ ਦੀਰਘਕਾਲੀਨ ਪ੍ਰਕਿਰਿਆ ਤੋਂ ਹੈ, ਜਿਸ ਵਿੱਚ ਕਿਸੇ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਦੇ ਮੁੱਲ ਅਤੇ ਲੋਕਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਲਗਾਤਾਰ ਅਤੇ ਸਥਿਰ ਰੂਪ ਨਾਲ਼ ਵਾਧਾ ਹੁੰਦਾ ਹੈ।
- ਟਿਕਾਊ ਵਿਕਾਸ ਤੋਂ ਭਾਵ ਇੱਕ ਅਜਿਹੀ ਪ੍ਰਕਿਰਿਆ ਤੋਂ ਹੈ ਜੋ ਕਿ ਵਾਤਾਵਰਣ ਦੀ ਸੁਰੱਖਿਆ ਦੇ ਨਾਲ਼-ਨਾਲ਼ ਵਰਤਮਾਨ ਅਤੇ ਭਵਿਖ ਦੋਹਾਂ ਪੀੜ੍ਹੀਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੀ ਹੈ।
- ਪ੍ਰਤਿ ਵਿਅਕਤੀ ਆਮਦਨ ਤੋਂ ਭਾਵ ਇੱਕ ਵਿਅਕਤੀ ਨੂੰ ਪ੍ਰਾਪਤ ਹੋਣ ਵਾਲ਼ੀ ਔਸਤ ਆਮਦਨ ਤੋਂ ਹੁੰਦਾ ਹੈ। ਇਸ ਪ੍ਰਤਿ ਵਿਅਕਤੀ ਆਮਦਨ ਦਾ ਪਤਾ ਕਿਸੇ ਦੇਸ਼ ਦੀ ਰਾਸ਼ਟਰੀ ਆਮਦਨ ਨੂੰ ਉਸ ਦੇਸ਼ ਦੀ ਜਨਸੰਖਿਆ ਨਾਲ਼ ਭਾਗ ਦੇ ਕੇ ਲਗਾਇਆ ਜਾ ਸਕਦਾ ਹੈ।
- ਸ਼ਿਸ਼ੂ ਮੌਤ ਦਰ ਤੋਂ ਭਾਵ 1 ਸਾਲ ਦੀ ਜੀਵਨ ਅਵਧੀ ਪੂਰੀ ਹੋਣ ਤੋਂ ਪਹਿਲਾਂ ਪ੍ਰਤਿ 1000 ਨਵੇਂ ਜੰਮੇ ਬੱਚਿਆਂ ਦੇ ਪਿੱਛੇ ਮਰ ਜਾਣ ਵਾਲ਼ੇ ਬੱਚਿਆਂ ਦੀ ਗਿਣਤੀ ਤੋਂ ਹੁੰਦਾ ਹੈ।
- ਮਾਤਾ ਮੌਤ ਦਰ ਤੋਂ ਭਾਵ ਪ੍ਰਤਿ 1,00,000 ਔਰਤਾਂ ਦੇ ਪਿੱਛੇ ਜੋ ਬੱਚੇ ਨੂੰ ਜਨਮ ਦਿੰਦੀਆਂ ਹਨ, ਦੀ ਹੋਣ ਵਾਲ਼ੀ ਮੌਤ ਦੀ ਦਰ ਤੋਂ ਹੈ ਭਾਵ ਬੱਚੇ ਨੂੰ ਜਨਮ ਦਿੰਦੇ ਸਮੇਂ ਪ੍ਰਤਿ 1,00,000 ਔਰਤਾਂ ਵਿੱਚੋਂ ਕਿੰਨੀਆਂ ਔਰਤਾਂ ਦੀ ਮੌਤ ਹੋ ਜਾਂਦੀ ਹੈ?
- ਲਿੰਗ ਅਨੁਪਾਤ ਤੋਂ ਭਾਵ ਪ੍ਰਤਿ 1000 ਪੁਰਸ਼ਾਂ ਦੇ ਪਿੱਛੇ ਇਸਤਰੀਆਂ ਦੀ ਸੰਖਿਆ ਤੋਂ ਹੈ।
- ਜੀਵਨ ਦਾ ਭੌਤਿਕ ਗੁਣਵੱਤਾ ਸੂਚਕ ਅੰਕ ਆਰਥਿਕ ਵਿਕਾਸ ਦਾ ਮਾਪ ਕਰਦੇ ਸਮੇਂ ਔਸਤ ਜੀਵਨ ਅਵਧੀ, ਸ਼ਿਸ਼ੂ ਮੌਤ ਦਰ ਅਤੇ ਮੂਲਭੂਤ ਸਾਖਰਤਾ ਦਰ ਨੂੰ ਆਰਥਿਕ ਵਿਕਾਸ ਦੇ ਸਮਾਜਿਕ ਸੂਚਕਾਂ ਦੇ ਤੌਰ ਤੇ ਸ਼ਾਮਲ ਕਰਦਾ ਹੈ।
- ਮਾਨਵ ਵਿਕਾਸ ਸੂਚਕ ਅੰਕ ਆਰਥਿਕ ਵਿਕਾਸ ਦਾ ਮਾਪ ਕਰਦੇ ਸਮੇਂ ਔਸਤ ਜੀਵਨ ਅਵਧੀ, ਸਿੱਖਿਆ ਪ੍ਰਾਪਤੀ ਸੂਚਕ ਅੰਕ ਅਤੇ ਵਾਸਤਵਿਕ ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦਨ ਨੂੰ ਸ਼ਾਮਲ ਕਰਦਾ ਹੈ।
- ਗ਼ਰੀਬੀ ਰੇਖਾ ਤੋਂ ਹੇਠਾਂ ਜਨਸੰਖਿਆ ਦੀ ਗਿਣਤੀ ਤੋਂ ਭਾਵ ਕਿਸੇ ਦੇਸ਼ ਦੀ ਜਨਸੰਖਿਆ ਦੇ ਉਸ ਭਾਗ ਤੋਂ ਹੁੰਦਾ ਹੈ, ਜੋ ਆਪਣੀਆਂ ਮੂਲਭੂਤ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੇ ਅਤੇ ਘੋਰ ਗ਼ਰੀਬੀ ਵਿੱਚ ਰਹਿੰਦੇ ਹਨ।

# ਅਭਿਆਸ

## ੳ. ਵਸਤੂਨਿਸ਼ਠ ਪ੍ਰਸ਼ਨ

1. ਖ਼ਾਲੀ ਥਾਵਾਂ ਭਰੋ—

(i) ਟਿਕਾਊ ਵਿਕਾਸ ਦੀ ਧਾਰਨਾ ਦੀ ਵਰਤੋਂ ਸਭ ਤੋਂ ਪਹਿਲਾਂ ..............ਸਾਲ ਵਿੱਚ ਕੀਤੀ ਗਈ ਸੀ।

(ii) ਆਰਥਿਕ ਵਿਕਾਸ ਲਈ ਰਾਸ਼ਟਰੀ ਆਮਦਨ ਵਿਚ ............. ਸਮੇਂ ਲਈ ਵਾਧਾ ਹੋਣਾ ਚਾਹੀਦਾ ਹੈ।

(iii) ਪ੍ਰਤਿ ਵਿਅਕਤੀ ਆਮਦਨ ਤੋਂ ਭਾਵ ਇੱਕ ਵਿਅਕਤੀ ਦੀ ............... ਆਮਦਨ ਤੋਂ ਹੁੰਦਾ ਹੈ।

(iv) 2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਤ ਸ਼ਿਸ਼ੂ ਮੌਤ ਦਰ ............... ਸੀ।

(v) 2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਚ ਲਿੰਗ ਅਨੁਪਾਤ ............... ਸੀ।

(vi) 2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਚ ਸਾਖਰਤਾ ਦਰ ............... ਸੀ।

(vii) ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਨਿਰਮਾਣ ............... ਦੁਆਰਾ ਕੀਤਾ ਗਿਆ।

(viii) ਜੀਵਨ ਦਾ ਭੌਤਿਕ ਗੁਣਵੱਤਾ ਸੂਚਕ ਅੰਕ ਵਿਕਾਸ ਦੇ ............... ਮਾਪਕਾਂ ਦੀ ਵਰਤੋਂ ਕਰਦਾ ਹੈ।

(ix) ਮਾਨਵ ਵਿਕਾਸ ਸੂਚਕ ਅੰਕ ਦਾ ਨਿਰਮਾਣ ............... ਦੁਆਰਾ ਕੀਤਾ ਗਿਆ।

(x) ਮਾਨਵ ਵਿਕਾਸ ਸੂਚਕ ਅੰਕ ਵਿਕਾਸ ਦੇ ............... ਮਾਪਕਾਂ ਦੀ ਵਰਤੋਂ ਕਰਦਾ ਹੈ।

2. ਬਹੁ-ਵਿਕਲਪਿਕ ਚੋਣ—

(i) ਆਰਥਿਕ ਵਿਕਾਸ ਵਿੱਚ ਹੇਠਾਂ ਲਿਖਿਆਂ ਵਿੱਚੋਂ ਕਿਸਨੂੰ ਸ਼ਾਮਲ ਕੀਤਾ ਜਾਂਦਾ ਹੈ?

(ੳ) ਮਾਤਰਾਤਮਕ ਬਦਲਾਅ (ਅ) ਗੁਣਾਤਮਕ ਬਦਲਾਅ

(ੲ) ੳ ਅਤੇ ਅ ਦੋਵੇਂ (ਸ) ਜੀਵਨ ਪੱਧਰ

(ii) ਸ਼ਿਸ਼ੂ ਮੌਤ ਦਰ ਵਿੱਚ ਕਿੰਨੇ ਸਾਲ ਤੋਂ ਛੋਟੀ ਉਮਰ ਦੇ ਬੱਚਿਆਂ ਦੀ ਮੌਤ ਦਰ ਨੂੰ ਸ਼ਾਮਲ ਕੀਤਾ ਜਾਂਦਾ ਹੈ?

(ੳ) 1 ਸਾਲ (ਅ) 2 ਸਾਲ

(ੲ) 3 ਸਾਲ (ਸ) 4 ਸਾਲ

(iii) ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਨਿਰਮਾਣ ਕਿਸ ਦੁਆਰਾ ਕੀਤਾ ਗਿਆ?

(ੳ) ਮੌਰਿਸ ਡੀ. ਮੌਰਿਸ (ਅ) ਸੰਯੁਕਤ ਰਾਸ਼ਟਰ ਵਿਕਾਸ ਕਾਰਜਕ੍ਰਮ

(ੲ) ਸੰਯੁਕਤ ਰਾਸ਼ਟਰ ਸੰਘ (ਸ) ਸੰਯੁਕਤ ਰਾਸ਼ਟਰ ਬਾਲ ਫੰਡ

(iv) 2021 ਵਿੱਚ ਭਾਰਤ ਦਾ ਮਾਨਵ ਵਿਕਾਸ ਸੂਚਕ ਅੰਕ ਵਿੱਚ ਕੀ ਦਰਜਾ ਸੀ?

(ੳ) 129 (ਅ) 130

(ੲ) 131 (ਸ) 132

(v) ਕੇਰਲ ਵਿੱਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲ਼ੀ ਜਨਸੰਖਿਆ ਦਾ ਅਨੁਪਾਤ ਕਿੰਨਾਂ ਹੈ?

(ੳ) 6.05% (ਅ) 7.00%

(ੲ) 7.05% (ਸ) 7.10%

(vi) 2011 ਦੀ ਜਨਗਣਨਾ ਮੁਤਾਬਕ ਭਾਰਤ ਦੀ ਕਿੰਨੇ ਪ੍ਰਤਿਸ਼ਤ ਜਨਸੰਖਿਆ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਸੀ?

(ੳ) 20.9% (ਅ) 21.9%

(ੲ) 22.9%　　(ਸ) 23.9%

(vii) ਮਾਤਾ ਮੌਤ ਦਰ ਤੋਂ ਭਾਵ ਪ੍ਰਤਿ ................ ਬੱਚਿਆਂ ਨੂੰ ਜਨਮ ਦਿੰਦੇ ਸਮੇਂ ਮਾਤਾਵਾਂ ਦੀ ਹੋਣ ਵਾਲ਼ੀ ਮੌਤ ਦੀ ਦਰ ਤੋਂ ਹੈ।

(ੳ) 1000　　(ਅ) 10000

(ੲ) 100000　　(ਸ) 1000000

## 3. ਸਹੀ/ਗ਼ਲਤ—

(i) ਆਰਥਿਕ ਵਿਕਾਸ ਤੋਂ ਭਾਵ ਇੱਕ ਦੀਰਘਕਾਲੀਨ ਪ੍ਰਕਿਰਿਆ ਤੋਂ ਹੈ। (ਸਹੀ/ਗ਼ਲਤ)

(ii) ਆਰਥਿਕ ਵਾਧਾ ਅਤੇ ਆਰਥਿਕ ਵਿਕਾਸ ਸਮਾਨਰਥੀ ਸ਼ਬਦ ਹਨ। (ਸਹੀ/ਗ਼ਲਤ)

(iii) ਕੁੱਲ ਘਰੇਲੂ ਉਤਪਾਦਨ ਆਰਥਿਕ ਵਿਕਾਸ ਦਾ ਇੱਕ ਚੰਗਾ ਮਾਪਕ ਹੈ। (ਸਹੀ/ਗ਼ਲਤ)

(iv) ਟਿਕਾਊ ਵਿਕਾਸ ਦੀ ਧਾਰਨਾ ਦੀ ਸਭ ਤੋਂ ਪਹਿਲਾਂ ਵਰਤੋਂ World Conservation Strategy ਵਿੱਚ ਕੀਤੀ ਗਈ ਸੀ। (ਸਹੀ/ਗ਼ਲਤ)

(v) ਪ੍ਰਤਿ ਵਿਅਕਤੀ ਆਮਦਨ ਤੋਂ ਭਾਵ ਕਿਸੇ ਦੇਸ਼ ਦੇ ਸਾਰੇ ਨਿਵਾਸੀਆਂ ਦੀ ਔਸਤ ਆਮਦਨ ਤੋਂ ਹੁੰਦਾ ਹੈ। (ਸਹੀ/ਗ਼ਲਤ)

(vi) ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਨਿਰਮਾਣ ਸਭ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਵਿਕਾਸ ਕਾਰਜਕ੍ਰਮ ਦੁਆਰਾ ਕੀਤਾ ਗਿਆ ਸੀ। (ਸਹੀ/ਗ਼ਲਤ)

(vii) ਮਾਨਵ ਵਿਕਾਸ ਸੂਚਕ ਅੰਕ ਵਿੱਚ ਸਿਰਫ਼ ਆਮਦਨ ਆਧਾਰਿਤ ਮਾਪਕਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। (ਸਹੀ/ਗ਼ਲਤ)

(viii) ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲ਼ੀ ਜਨਸੰਖਿਆ ਦੇ ਮਾਮਲੇ ਵਿੱਚ ਪੰਜਾਬ ਦਾ ਪ੍ਰਦਰਸ਼ਨ ਬਿਹਾਰ ਨਾਲੋਂ ਚੰਗਾ ਹੈ। (ਸਹੀ/ਗ਼ਲਤ)

(ix) ਬਿਹਾਰ ਵਿੱਚ ਲਿੰਗ ਅਨੁਪਾਤ ਇਸਤਰੀਆਂ ਦੇ ਹੱਕ ਵਿੱਚ ਹੈ। (ਸਹੀ/ਗ਼ਲਤ)

(x) ਸਾਖਰਤਾ ਦਰ ਤੇ ਪੰਜਾਬ ਅਤੇ ਬਿਹਾਰ ਦੇ ਮੁਕਾਬਲੇ ਕੇਰਲ ਦਾ ਪ੍ਰਦਰਸ਼ਨ ਵਧੀਆ ਹੈ। (ਸਹੀ/ਗ਼ਲਤ)

## 4. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ—

**ਇਹਨਾਂ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿੱਤਾ ਜਾਵੇ।**

(i) ਆਰਥਿਕ ਵਿਕਾਸ ਤੋਂ ਕੀ ਭਾਵ ਹੈ?

(ii) ਆਰਥਿਕ ਵਾਧੇ ਤੋਂ ਕੀ ਭਾਵ ਹੈ?

(iii) ਟਿਕਾਊ ਵਿਕਾਸ ਤੋਂ ਕੀ ਭਾਵ ਹੈ?

(iv) ਰਾਸ਼ਟਰੀ ਆਮਦਨ ਤੋਂ ਕੀ ਭਾਵ ਹੈ?

(v) ਪ੍ਰਤਿ ਵਿਅਕਤੀ ਆਮਦਨ ਤੋਂ ਕੀ ਭਾਵ ਹੈ?

(vi) ਸ਼ਿਸ਼ੂ ਮੌਤ ਦਰ ਤੋਂ ਕੀ ਭਾਵ ਹੈ?

(vii) ਲਿੰਗ ਅਨੁਪਾਤ ਤੋਂ ਕੀ ਭਾਵ ਹੈ?

(viii) ਲੋਕਾਂ ਦੇ ਜੀਵਨ ਪੱਧਰ ਤੋਂ ਕੀ ਭਾਵ ਹੈ?

(ix) PQLI ਦਾ ਪੂਰਾ ਨਾਂ ਲਿਖੋ।

(x) ਜੀਵਨ ਦੀ ਔਸਤ ਅਵਧੀ ਤੋਂ ਕੀ ਭਾਵ ਹੈ?

(xi) ਸਾਖਰਤਾ ਦਰ ਤੋਂ ਕੀ ਭਾਵ ਹੈ?

(xii) HDI ਦਾ ਪੂਰਾ ਨਾਂ ਲਿਖੋ।

(xiii) ਗ਼ਰੀਬੀ ਰੇਖਾ ਤੋਂ ਕੀ ਭਾਵ ਹੈ ?

(xiv) ਭਾਰਤ ਵਿੱਚ ਗ਼ਰੀਬੀ ਰੇਖਾ ਦਾ ਨਿਰਧਾਰਨ ਕਿਵੇਂ ਹੁੰਦਾ ਹੈ ?

(xv) 2011 ਦੀ ਜਨਗਣਨਾ ਦੇ ਅਨੁਸਾਰ ਭਾਰਤ ਦੀ ਕਿੰਨੇ ਪ੍ਰਤਿਸ਼ਤ ਜਨਸੰਖਿਆ ਗ਼ਰੀਬੀ ਰੇਖਾ ਦੇ ਹੇਠਾਂ ਰਹਿੰਦੀ ਹੈ ?

(xvi) ਭਾਰਤ ਵਿੱਚ ਪੇਂਡੂ ਅਤੇ ਸ਼ਹਿਰੀ ਖੇਤਰ ਵਿੱਚ ਗ਼ਰੀਬੀ ਰੇਖਾ ਦਾ ਨਿਰਧਾਰਨ ਕਰਨ ਲਈ ਕਿਹੜੇ ਪ੍ਰਤਿ ਵਿਅਕਤੀ ਉਪਭੋਗ ਖ਼ਰਚ ਦੇ ਪੱਧਰਾਂ ਦਾ ਨਿਰਧਾਰਨ ਕੀਤਾ ਗਿਆ ਹੈ ?

(xvii) ਪ੍ਰਤਿ ਵਿਅਕਤੀ ਆਮਦਨ ਅਤੇ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਜਨਸੰਖਿਆ ਦੇ ਆਧਾਰ ਤੇ ਕੇਰਲ, ਪੰਜਾਬ ਅਤੇ ਬਿਹਾਰ ਵਿੱਚੋਂ ਕਿਹੜੇ ਰਾਜ ਦਾ ਪ੍ਰਦਰਸ਼ਨ ਸਭ ਤੋਂ ਵਧੀਆ ਹੈ ?

(xviii) ਲਿੰਗ ਅਨੁਪਾਤ ਅਤੇ ਸਾਖਰਤਾ ਦਰ ਦੇ ਆਧਾਰ ਤੇ ਕੇਰਲ, ਪੰਜਾਬ ਅਤੇ ਬਿਹਾਰ ਵਿੱਚੋਂ ਕਿਹੜੇ ਰਾਜ ਦਾ ਪ੍ਰਦਰਸ਼ਨ ਸਭ ਤੋਂ ਵਧੀਆ ਹੈ ?

(xix) ਸ਼ਿਸ਼ੂ ਮੌਤ ਦਰ ਦੇ ਆਧਾਰ ਤੇ ਕੇਰਲ, ਪੰਜਾਬ ਅਤੇ ਬਿਹਾਰ ਵਿੱਚੋਂ ਕਿਹੜੇ ਰਾਜ ਦਾ ਪ੍ਰਦਰਸ਼ਨ ਸਭ ਤੋਂ ਵਧੀਆ ਹੈ ?

(xx) ਮਾਤਾ ਮੌਤ ਦਰ ਦੇ ਆਧਾਰ ਤੇ ਕੇਰਲ, ਪੰਜਾਬ ਅਤੇ ਬਿਹਾਰ ਵਿੱਚੋਂ ਕਿਹੜੇ ਰਾਜ ਦਾ ਪ੍ਰਦਰਸ਼ਨ ਸਭ ਤੋਂ ਵਧੀਆ ਹੈ ?

## ਅ. ਛੋਟੇ ਉੱਤਰ ਵਾਲੇ ਪ੍ਰਸ਼ਨ—

**ਇਹਨਾਂ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਦਿੱਤਾ ਜਾਵੇ।**

1. ਆਰਥਿਕ ਵਾਧਾ ਅਤੇ ਆਰਥਿਕ ਵਿਕਾਸ ਵਿੱਚ ਅੰਤਰ ਸਪੱਸ਼ਟ ਕਰੋ।
2. ਟਿਕਾਊ ਵਿਕਾਸ ਤੋਂ ਕੀ ਭਾਵ ਹੈ ? ਇਹ ਕਿਉਂ ਜ਼ਰੂਰੀ ਹੈ ?
3. ਟਿਕਾਊ ਵਿਕਾਸ ਦੀ ਲੋੜ ਤੇ ਇੱਕ ਨੋਟ ਲਿਖੋ।
4. ਰਾਸ਼ਟਰੀ ਆਮਦਨ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ ?
5. ਪ੍ਰਤਿ ਵਿਅਕਤੀ ਆਮਦਨ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ ?
6. ਸ਼ਿਸ਼ੂ ਮੌਤ ਦਰ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ ?
7. ਲਿੰਗ ਅਨੁਪਾਤ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ ?
8. ਲੋਕਾਂ ਦੇ ਜੀਵਨ ਪੱਧਰ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ ?
9. ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਤੋਂ ਕੀ ਭਾਵ ਹੈ ? ਆਰਥਿਕ ਵਿਕਾਸ ਦਾ ਮਾਪ ਕਰਨ ਲਈ ਇਸ ਦੁਆਰਾ ਕਿਹੜੇ ਸੂਚਕਾਂ ਦੀ ਵਰਤੋਂ ਕੀਤੀ ਜਾਂਦੀ ਹੈ ?
10. ਮਾਨਵ ਵਿਕਾਸ ਸੂਚਕ ਅੰਕ ਤੋਂ ਕੀ ਭਾਵ ਹੈ ? ਆਰਥਿਕ ਵਿਕਾਸ ਦਾ ਮਾਪ ਕਰਨ ਲਈ ਇਸ ਦੁਆਰਾ ਕਿਹੜੇ ਸੂਚਕਾਂ ਦੀ ਵਰਤੋਂ ਕੀਤੀ ਜਾਂਦੀ ਹੈ ?
11. ਕੁੱਲ ਨਾਮਾਂਕਣ ਅਨੁਪਾਤ ਤੋਂ ਕੀ ਭਾਵ ਹੈ ? ਇਸ ਦੇ ਭਾਗਾਂ ਦਾ ਵਰਣਨ ਕਰੋ।
12. ਆਮਦਨ ਆਧਾਰਿਤ ਸੂਚਕਾਂ ਦੇ ਆਧਾਰ ਤੇ ਕੇਰਲ, ਪੰਜਾਬ ਅਤੇ ਬਿਹਾਰ ਦੇ ਆਰਥਿਕ ਵਿਕਾਸ ਦੇ ਪੱਧਰ ਦੀ ਤੁਲਨਾ ਕਰੋ।
13. ਗ਼ੈਰ ਆਮਦਨ ਆਧਾਰਿਤ ਸੂਚਕਾਂ ਦੇ ਆਧਾਰ ਤੇ ਕੇਰਲ, ਪੰਜਾਬ ਅਤੇ ਬਿਹਾਰ ਦੇ ਆਰਥਿਕ ਵਿਕਾਸ ਦੇ ਪੱਧਰ ਦੀ ਤੁਲਨਾ ਕਰੋ।

# 3

# ਮੁਦਰਾ ਅਤੇ ਵਿੱਤੀ ਪ੍ਰਨਾਲ਼ੀ

# (MONEY AND FINANCIAL SYSTEM)



## 3.1 ਜਾਣ-ਪਛਾਣ (INTRODUCTION) :

ਮਨੁੱਖ ਜਾਤੀ ਦੀਆਂ ਤਿੰਨ ਮਹਾਨ ਕਾਢਾਂ (ਅੱਗ, ਪਹੀਆ ਅਤੇ ਮੁਦਰਾ) ਵਿਚੋਂ ਮੁਦਰਾ ਨੂੰ ਇੱਕ ਮੰਨਿਆ ਜਾਂਦਾ ਹੈ। ਸਾਰੀਆਂ ਆਧੁਨਿਕ ਅਰਥਵਿਵਸਥਾਵਾਂ ਮੁਦਰਾ ਦੀ ਵਰਤੋਂ ਕਰਦੀਆਂ ਹਨ, ਜਿਨ੍ਹਾਂ ਵਿੱਚ ਵਸਤੂਆਂ ਅਤੇ ਸੇਵਾਵਾਂ ਦਾ ਲੈਣ-ਦੇਣ ਮੁਦਰਾ ਨਾਲ਼ ਕੀਤਾ ਜਾਂਦਾ ਹੈ। ਆਪਣੇ ਆਲ਼ੇ-ਦੁਆਲ਼ੇ ਨੂੰ ਵੇਖਦੇ ਹੋਏ; ਅਸੀਂ ਆਸਾਨੀ ਨਾਲ਼ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਮੁਦਰਾ ਨਾਲ਼ ਜੁੜੇ ਵੱਖ-ਵੱਖ ਲੈਣ-ਦੇਣ ਦੀ ਪਛਾਣ ਕਰ ਸਕਦੇ ਹਾਂ। ਇਸ ਅਧਿਆਇ ਵਿੱਚ ਅਸੀਂ ਸਭ ਤੋਂ ਪਹਿਲਾਂ ਵਸਤੂ ਵਟਾਂਦਰਾ ਪ੍ਰਨਾਲ਼ੀ ਅਤੇ ਇਸ ਦੀਆਂ ਮੁਸ਼ਕਲਾਂ ਬਾਰੇ ਚਰਚਾ ਕਰਾਂਗੇ, ਜਿੰਨ੍ਹਾਂ ਕਰਕੇ ਮੁਦਰਾ ਦਾ ਵਿਕਾਸ ਹੋਇਆ। ਇਸ ਤੋਂ ਇਲਾਵਾ ਮੁਦਰਾ ਦੇ ਵੱਖੋ-ਵੱਖਰੇ ਰੂਪਾਂ, ਆਧੁਨਿਕ ਬੈਂਕਿੰਗ ਅਤੇ ਵਿੱਤੀ-ਪ੍ਰਨਾਲ਼ੀ ਆਦਿ ਦਾ ਅਧਿਐਨ ਕਰਾਂਗੇ।

## 3.2 ਵਸਤੂ ਵਟਾਂਦਰਾ ਪ੍ਰਨਾਲ਼ੀ (BARTER SYSTEM OF EXCHANGE):

ਵਸਤੂ ਵਟਾਂਦਰਾ ਪ੍ਰਨਾਲ਼ੀ ਉਹ ਪ੍ਰਨਾਲ਼ੀ ਸੀ ਜਿਸ ਵਿੱਚ ਵਸਤੂਆਂ ਲਈ ਵਸਤੂਆਂ ਦਾ ਆਦਾਨ-ਪ੍ਰਦਾਨ ਹੁੰਦਾ ਸੀ। ਜਦੋਂ ਸਮਾਜ ਵਿੱਚ ਵਸਤੂਆਂ ਅਤੇ ਸੇਵਾਵਾਂ ਲਈ ਲੋਕਾਂ ਦੀਆਂ ਜ਼ਰੂਰਤਾਂ ਸੀਮਿਤ ਹੁੰਦੀਆਂ ਸਨ, ਤਾਂ ਉਹ ਆਸਾਨੀ ਨਾਲ਼ ਵਸਤੂਆਂ ਦਾ ਵਸਤੂਆਂ ਨਾਲ਼ ਆਦਾਨ-ਪ੍ਰਦਾਨ ਕਰਦੇ ਸਨ। ਪੁਰਾਣੇ ਸਮੇਂ ਵਿੱਚ, ਜਦੋਂ ਇੱਕ ਮੋਚੀ ਜੁੱਤੀਆਂ ਬਣਾਉਂਦਾ ਸੀ ਅਤੇ ਇੱਕ ਕਿਸਾਨ ਦੁਆਰਾ ਉਗਾਈ ਗਈ ਕਣਕ ਲਈ ਆਪਣੀਆਂ ਜੁੱਤੀਆਂ ਦਾ ਆਦਾਨ-ਪ੍ਰਦਾਨ ਕਰਨਾ ਚਾਹੁੰਦਾ ਸੀ, ਤਦ ਉਸ ਨੂੰ ਇੱਕ ਅਜਿਹੇ ਕਿਸਾਨ ਦੀ ਭਾਲ਼ ਕਰਨੀ ਹੁੰਦੀ ਸੀ, ਜੋ ਆਪਣੀ ਕਣਕ ਨੂੰ ਮੋਚੀ ਦੀਆਂ ਜੁੱਤੀਆਂ ਨਾਲ਼ ਬਦਲਣਾ ਚਾਹੁੰਦਾ ਸੀ। ਇਸ ਦਾ ਅਰਥ ਇਹ ਹੈ ਕਿ ਮੋਚੀ ਅਤੇ ਕਿਸਾਨ ਦੋਵੇਂ ਇੱਕ ਦੂਜੇ ਦੀਆਂ ਵਸਤੂਆਂ ਵੇਚਣ ਅਤੇ ਖ਼ਰੀਦਣ ਲਈ ਸਹਿਮਤ ਹੁੰਦੇ ਸਨ। ਇਸੇ ਤਰ੍ਹਾਂ, ਇੱਕ ਖੇਤ ਮਜ਼ਦੂਰ ਨੂੰ ਆਪਣੀ ਕਿਰਤ ਦੇ ਇਨਾਮ ਵਜੋਂ ਅਨਾਜ ਮਿਲ਼ਦਾ ਸੀ ਅਤੇ ਖੇਤੀਬਾੜੀ ਦੇ ਸੰਦ ਬਣਾਉਣ ਲਈ ਇੱਕ ਲੁਹਾਰ ਨੂੰ ਅਨਾਜ ਦੇ ਰੂਪ ਵਿੱਚ ਭੁਗਤਾਨ ਕੀਤਾ ਜਾਂਦਾ ਸੀ। ਇਸ ਪ੍ਰਨਾਲ਼ੀ ਨੂੰ ਵਸਤੂ ਨਾਲ਼ ਵਸਤੂ ਵਟਾਂਦਰਾ (C-C) ਪ੍ਰਨਾਲ਼ੀ ਕਿਹਾ ਜਾਂਦਾ ਸੀ।

### 3.2.1 ਵਸਤੂ ਵਟਾਂਦਰਾ ਪ੍ਰਨਾਲ਼ੀ ਦੇ ਔਗੁਣ (Demerits of Barter System):

ਜਦੋਂ ਲੋਕਾਂ ਦੀਆਂ ਜ਼ਰੂਰਤਾਂ ਵੱਧ ਗਈਆਂ, ਤਾਂ ਉਹਨਾਂ ਲਈ ਆਪਣੀਆਂ ਵਸਤੂਆਂ ਦਾ ਦੂਜੇ ਲੋਕਾਂ ਦੀਆਂ ਵਸਤੂਆਂ ਨਾਲ਼ ਆਦਾਨ-ਪ੍ਰਦਾਨ ਕਰਨਾ ਮੁਸ਼ਕਲ ਹੋ ਗਿਆ ਅਤੇ ਇਸ ਤਰ੍ਹਾਂ ਵਸਤੂ ਵਟਾਂਦਰਾ ਪ੍ਰਨਾਲ਼ੀ ਬਹੁਤ ਲੰਬੇ ਸਮੇਂ

ਤੱਕ ਨਾ ਚੱਲ ਸਕੀ। ਵਸਤੂ-ਵਟਾਂਦਰਾ ਪ੍ਰਨਾਲ਼ੀ ਦੀਆਂ ਮੁੱਖ ਕਮੀਆਂ ਨੂੰ ਹੇਠਾਂ ਸਮਝਾਇਆ ਗਿਆ ਹੈ:

(i) ਵਸਤੂ ਵਟਾਂਦਰਾ ਪ੍ਰਨਾਲ਼ੀ ਲੋੜਾਂ ਦੇ ਦੋਹਰੇ ਸੰਜੋਗ ਦੀ ਮੰਗ ਕਰਦੀ ਹੈ। ਲੋੜਾਂ ਦੇ ਦੋਹਰੇ ਸੰਜੋਗ ਦਾ ਅਰਥ ਹੈ ਕਿ ਪਹਿਲਾ ਵਿਅਕਤੀ ਜੋ ਵਸਤੂ ਵੇਚਣਾ ਚਾਹੁੰਦਾ ਹੈ, ਦੂਸਰਾ ਵਿਅਕਤੀ ਉਹੀ ਵਸਤੂ ਖ਼ਰੀਦਣਾ ਚਾਹੁੰਦਾ ਹੋਵੇ ਅਤੇ ਜੋ ਵਸਤੂ ਦੂਸਰਾ ਵਿਅਕਤੀ ਵੇਚਣਾ ਚਾਹੁੰਦਾ ਹੈ, ਪਹਿਲਾ ਵਿਅਕਤੀ ਉਹ ਵਸਤੂ ਖ਼ਰੀਦਣਾ ਚਾਹੁੰਦਾ ਹੋਵੇ। ਉਦਾਹਰਣ ਵਜੋਂ, ਜੇ ਕਿਸੇ ਵਿਅਕਤੀ ਕੋਲ਼ ਕਣਕ ਹੈ ਅਤੇ ਉਹ ਕਣਕ ਦੇ ਬਦਲੇ ਚਾਵਲ ਚਾਹੁੰਦਾ ਹੈ, ਤਾਂ ਉਸ ਨੂੰ ਉਸ ਵਿਅਕਤੀ ਨੂੰ ਲੱਭਣਾ ਹੋਵੇਗਾ, ਜਿਸ ਕੋਲ ਚਾਵਲ ਮੌਜੂਦ ਹੋਣ ਅਤੇ ਜੋ ਚਾਵਲ ਦੇ ਬਦਲੇ ਕਣਕ ਚਾਹੁੰਦਾ ਹੋਵੇ। ਪਰ ਅਜਿਹੇ ਵਿਅਕਤੀ ਨੂੰ ਲੱਭਣਾ ਬਹੁਤ ਮੁਸ਼ਕਲ ਸੀ। ਉਦਾਹਰਣ ਵਜੋਂ ਇੱਕ ਜੁਲਾਹਾ ਕਣਕ ਦੇ ਬਦਲੇ ਕੱਪੜੇ ਦਾ ਆਦਾਨ-ਪ੍ਰਦਾਨ ਕਰਨਾ ਚਾਹੁੰਦਾ ਹੈ, ਪਰ ਕਿਸਾਨ ਆਪਣੀ ਕਣਕ ਨੂੰ ਜੁੱਤੀਆਂ ਦੇ ਬਦਲੇ ਬਦਲਣਾ ਚਾਹੁੰਦਾ ਹੈ ਅਤੇ ਉਸੇ ਸਮੇਂ, ਜੁੱਤੀਆਂ ਬਣਾਉਣ ਵਾਲ਼ਾ ਆਪਣੀਆਂ ਜੁੱਤੀਆਂ ਨੂੰ ਗਾਂ ਲਈ ਬਦਲਣਾ ਚਾਹੁੰਦਾ ਹੈ। ਫਿਰ ਕੋਈ ਵੀ ਇੱਕ ਦੂਜੇ ਦੀ ਇੱਛਾ ਨੂੰ ਕਿਵੇਂ ਪੂਰਾ ਕਰ ਸਕਦਾ ਹੈ? ਅਜਿਹੀ ਸਥਿਤੀ ਵਿੱਚ ਵਸਤੂ ਵਟਾਂਦਰਾ ਪ੍ਰਨਾਲ਼ੀ ਅਸਫਲ ਹੋ ਜਾਂਦੀ ਸੀ।

(ii) ਇਸ ਤੋਂ ਇਲਾਵਾ, ਪਹਿਲੇ ਵਿਅਕਤੀ ਨੂੰ, ਕਿਸੇ ਦੂਸਰੇ ਵਿਅਕਤੀ ਨੂੰ ਲੱਭਣ ਲਈ ਕਾਫ਼ੀ ਲੰਬਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਸੀ, ਜੋ ਆਪਣੀ ਜ਼ਰੂਰਤ ਦੇ ਅਨੁਸਾਰ ਉਸ ਦੀ ਵਸਤੂ ਖ਼ਰੀਦਣ ਲਈ ਤਿਆਰ ਹੋਵੇ। ਕਈ ਵਾਰ ਇੰਤਜ਼ਾਰ ਦਾ ਇਹ ਸਮਾਂ ਕਾਫ਼ੀ ਲੰਬਾ ਹੋ ਜਾਂਦਾ ਸੀ। ਜਿਸ ਲਈ, ਇੱਕ ਵਿਅਕਤੀ ਨੂੰ ਇਸ ਸਥਿਤੀ ਵਿੱਚ ਅਸੁਵਿਧਾ ਦਾ ਸਾਹਮਣਾ ਕਰਨਾ ਪੈਂਦਾ ਸੀ।

(iii) ਲੰਬੇ ਸਮੇਂ ਲਈ ਵਸਤੂਆਂ ਨੂੰ ਭੰਡਾਰ ਕਰਕੇ ਰੱਖਣਾ ਸੰਭਵ ਨਹੀਂ ਸੀ ਕਿਉਂਕਿ ਸਮੇਂ ਦੇ ਬੀਤਣ ਨਾਲ ਉਹ ਵਸਤੂਆਂ ਖ਼ਰਾਬ ਹੋ ਸਕਦੀਆਂ ਸਨ।

(iv) ਵਸਤੂਆਂ ਦੀ ਢੋਆ-ਢੁਆਈ ਵਿੱਚ ਖ਼ਰਚੇ ਦੇ ਸੰਬੰਧ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਸ਼ਾਮਲ ਹੁੰਦੀਆਂ ਸਨ। ਉਦਾਹਰਣ ਵਜੋਂ, ਜੇ ਕਿਸੇ ਵਿਅਕਤੀ ਕੋਲ 100 ਟਨ ਕਣਕ ਸੀ, ਤਾਂ ਇਸ ਕਣਕ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣਾ ਬਹੁਤ ਮੁਸ਼ਕਲ ਸੀ ਅਤੇ ਇਸ ਵਿੱਚ ਬਹੁਤ ਵੱਡੀ ਲਾਗਤ ਵੀ ਆਉਂਦੀ ਸੀ।

ਇਨ੍ਹਾਂ ਸਾਰੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦਿਆਂ, ਆਰਥਿਕ ਪ੍ਰਨਾਲ਼ੀ ਵਿੱਚ ਮੁਦਰਾ ਨੂੰ ਸ਼ੁਰੂ ਕੀਤਾ ਗਿਆ। ਹੁਣ, ਜੁਲਾਹੇ ਨੂੰ ਅਜਿਹੇ ਕਿਸਾਨ ਦੀ ਭਾਲ਼ ਕਰਨ ਦੀ ਜ਼ਰੂਰਤ ਨਹੀਂ ਹੈ, ਜੋ ਉਸਦਾ ਕੱਪੜਾ ਖ਼ਰੀਦੇ ਅਤੇ ਉਸੇ ਸਮੇਂ ਉਸ ਨੂੰ ਕਣਕ ਵੇਚ ਦੇਵੇ। ਇੱਕ ਵਾਰ ਜਦੋਂ ਉਸਨੇ ਪੈਸੇ ਲਈ ਆਪਣੇ ਕੱਪੜੇ ਦਾ ਆਦਾਨ-ਪ੍ਰਦਾਨ ਕੀਤਾ, ਤਾਂ ਉਹ ਆਪਣੀ ਪਸੰਦ ਦੇ ਅਨੁਸਾਰ ਮੰਡੀ ਵਿੱਚ ਕਣਕ ਜਾਂ ਕੋਈ ਹੋਰ ਵਸਤੂ ਖ਼ਰੀਦ ਸਕਦਾ ਹੈ। ਇਸ ਤਰ੍ਹਾਂ ਮੁਦਰਾ ਨੇ ਲੈਣ-ਦੇਣ ਦਾ ਮਾਧਿਅਮ ਬਣ ਕੇ ਵਸਤੂਆਂ ਦੇ ਆਦਾਨ-ਪ੍ਰਦਾਨ ਦੀ ਪ੍ਰਕਿਰਿਆ ਨੂੰ ਸੌਖਾ ਬਣਾ ਦਿੱਤਾ ਹੈ।

## 3.3 ਮੁਦਰਾ ਦਾ ਵਿਕਾਸ (EVOLUTION OF MONEY)


ਮੁਦਰਾ ਸ਼ਬਦ ਮੇਸੋਪੋਟਾਮੀਆ ਵਿੱਚ 3000 ਬੀ.ਸੀ ਵਿੱਚ 'ਮੋਨੇਟਾ' ਸ਼ਬਦ ਤੋਂ ਲਿਆ ਗਿਆ ਹੈ। ਮੋਨੇਟਾ ਰੋਮ ਦੀ ਦੇਵੀ 'ਜੂਨੋ' ਦਾ ਇੱਕ ਹੋਰ ਨਾਮ ਹੈ, ਜਿੱਥੇ ਦੇਵੀ ਦੇ ਮੰਦਰ ਵਿੱਚ ਧਾਤ ਦੇ ਸਿੱਕੇ ਪਹਿਲੀ ਵਾਰ ਬਣਾਏ ਗਏ ਸਨ। ਇਸ ਲਈ, ਮੋਨੇਟਾ ਦੇਵੀ ਦੇ ਨਾਮ ਤੇ, ਮਨੀ (ਮੁਦਰਾ) ਸ਼ਬਦ ਹੋਂਦ ਵਿੱਚ ਆਇਆ।




*ਚਿਤਰ 3.1*

ਸਭ ਤੋਂ ਪਹਿਲਾਂ, ਮੁਦਰਾ ਸਿੱਕਿਆਂ ਦੇ ਰੂਪ ਵਿੱਚ ਸ਼ੁਰੂ ਕੀਤੀ ਗਈ, ਜੋ ਸੋਨਾ, ਚਾਂਦੀ, ਤਾਂਬਾ, ਪਿੱਤਲ ਆਦਿ ਦੇ ਬਣੇ ਹੁੰਦੇ ਸਨ। ਇਸ ਤੋਂ ਬਾਅਦ ਸਿੱਕੇ ਮਿਸ਼ਰਤ ਧਾਤਾਂ (Alloy) ਦੇ ਬਣਨੇ ਸ਼ੁਰੂ ਹੋ ਗਏ। ਪਰ ਇਹ ਸਿੱਕੇ ਸਿਰਫ਼ ਥੋੜ੍ਹੇ ਮੁੱਲ ਦੀ ਅਦਾਇਗੀ

ਕਰਨ ਲਈ ਵਰਤੇ ਜਾਂਦੇ ਸਨ। ਉਸ ਤੋਂ ਬਾਅਦ ਵਧੇਰੇ ਮੁੱਲ ਦਾ ਭੁਗਤਾਨ ਕਰਨ ਲਈ, ਕਾਗਜ਼ੀ ਮੁਦਰਾ ਦੀ ਕਾਢ ਕੱਢੀ ਗਈ ਸੀ। ਇਸ ਸਮੇਂ ਸੰਸਾਰ ਦੇ ਸਾਰੇ ਦੇਸ਼ ਕਾਗਜ਼ੀ ਮੁਦਰਾ ਦੇ ਨਾਲ਼-ਨਾਲ਼ ਡੈਬਿਟ ਅਤੇ ਕ੍ਰੈਡਿਟ ਕਾਰਡਾਂ ਦੇ ਰੂਪ ਵਿੱਚ ਪਲਾਸਟਿਕ ਮੁਦਰਾ ਦੀ ਵਰਤੋਂ ਕਰਦੇ ਹਨ। ਇਸ ਦੇ ਨਾਲ਼ ਹੀ Electronic Money ਦੇ ਰੂਪ ਵਿੱਚ ਡਿਜੀਟਲ ਲੈਣ-ਦੇਣ ਵੀ ਕੀਤਾ ਜਾਂਦਾ ਹੈ, ਜਿਸ ਨੂੰ ਈ-ਮਨੀ (E-Money) ਵੀ ਕਿਹਾ ਜਾਂਦਾ ਹੈ। ਹੁਣ ਕ੍ਰਿਪਟੋ ਮੁਦਰਾ ਦੀ ਧਾਰਨਾ ਵੀ ਸ਼ੁਰੂ ਹੋ ਗਈ ਹੈ।




*ਚਿੱਤਰ 3.2*

> **ਯਾਦ ਰੱਖੋ**
>
> ਕ੍ਰਿਪਟੋ ਮੁਦਰਾ ਤੋਂ ਭਾਵ ਇੱਕ ਅਜਿਹੀ ਮੁਦਰਾ ਤੋਂ ਹੁੰਦਾ ਹੈ, ਜਿਸ ਵਿੱਚ ਸਾਰੇ ਲੈਣ-ਦੇਣ ਦੀ ਜਾਂਚ ਅਤੇ ਰਿਕਾਰਡ ਵਿਕੇਂਦਰੀਕ੍ਰਿਤ ਨਿਯੰਤਰਣ ਦੁਆਰਾ ਰੱਖੇ ਜਾਂਦੇ ਹਨ। ਭਾਵ ਇਹ ਕਿ ਇਹ ਸਾਰੇ ਕੰਮ ਕਿਸੇ ਇੱਕ ਵਿਅਕਤੀ ਜਾਂ ਸਰਕਾਰ ਦੁਆਰਾ ਨਹੀਂ ਕੀਤੇ ਜਾਂਦੇ।

## 3.4 ਮੁਦਰਾ ਦੇ ਆਧੁਨਿਕ ਰੂਪ (MODERN FORMS OF MONEY):

ਜਿਵੇਂ ਕਿ ਅਸੀਂ ਜਾਣਦੇ ਹਾਂ, ਮੁਦਰਾ ਨੂੰ ਆਮ ਤੌਰ ਤੇ ਲੈਣ-ਦੇਣ ਦੇ ਮਾਧਿਅਮ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਸਿੱਕਿਆਂ ਦੀ ਸ਼ੁਰੂਆਤ ਤੋਂ ਪਹਿਲਾਂ, ਕਈ ਤਰ੍ਹਾਂ ਦੀਆਂ ਵਸਤੂਆਂ ਨੂੰ ਮੁਦਰਾ ਵਜੋਂ ਵਰਤਿਆ ਜਾਂਦਾ ਸੀ, ਜਿਵੇਂ ਕਿ ਅਨਾਜ, ਪਸ਼ੂ, ਸੰਦ ਆਦਿ। ਉਸ ਤੋਂ ਬਾਅਦ ਸੋਨੇ ਅਤੇ ਚਾਂਦੀ ਦੇ ਸਿੱਕੇ ਸ਼ੁਰੂ ਕੀਤੇ ਗਏ ਅਤੇ ਬਾਅਦ ਵਿੱਚ ਮਿਸ਼ਰਤ ਧਾਤਾਂ ਨੂੰ ਸਿੱਕੇ ਬਣਾਉਣ ਲਈ ਵਰਤਿਆ ਗਿਆ। ਇਸ ਤੋਂ ਬਾਅਦ ਕਾਗਜ਼ੀ ਮੁਦਰਾ ਵੀ ਸ਼ੁਰੂ ਕੀਤੀ ਗਈ। ਅਜੋਕੇ ਸਮੇਂ ਵਿੱਚ ਡੈਬਿਟ ਕਾਰਡਾਂ ਅਤੇ ਕ੍ਰੈਡਿਟ ਕਾਰਡਾਂ ਦੇ ਰੂਪ ਵਿੱਚ ਪਲਾਸਟਿਕ ਮੁਦਰਾ ਦਾ ਰੁਝਾਨ ਹੈ। ਹੇਠਾਂ ਮੁਦਰਾ ਦੇ ਵੱਖ-ਵੱਖ ਰੂਪਾਂ ਦਾ ਵਰਣਨ ਕੀਤਾ ਗਿਆ ਹੈ—

**3.4.1 ਕਰੰਸੀ (Currency) :** ਕਰੰਸੀ ਮੁਦਰਾ ਦਾ ਆਧੁਨਿਕ ਰੂਪ ਹੈ। ਜਿਸ ਵਿੱਚ ਕਾਗਜ਼ੀ ਨੋਟ ਅਤੇ ਸਿੱਕੇ ਸ਼ਾਮਲ ਹੁੰਦੇ ਹਨ। ਪਹਿਲੇ ਸਮਿਆਂ ਤੋਂ ਉਲਟ, ਅਜੋਕੀ ਮੁਦਰਾ ਕੀਮਤੀ ਧਾਤਾਂ ਜਿਵੇਂ ਸੋਨਾ, ਚਾਂਦੀ ਅਤੇ ਤਾਂਬੇ ਦੀ ਨਹੀਂ ਬਣੀ ਹੁੰਦੀ ਹੈ ਅਤੇ ਇਹ ਅਨਾਜ ਅਤੇ ਪਸ਼ੂਆਂ ਦੇ ਰੂਪ ਵਿੱਚ ਵਰਤੀ ਜਾਣ ਵਾਲੀ ਮੁਦਰਾ ਵਰਗੀ ਵੀ ਨਹੀਂ ਹੈ। ਆਧੁਨਿਕ ਮੁਦਰਾ ਕਿਸੇ ਦੇਸ਼ ਦੀ ਸਰਕਾਰ ਦੁਆਰਾ ਅਧਿਕਾਰਤ ਕੀਤੀ ਜਾਂਦੀ ਹੈ ਅਤੇ ਇਸ ਲਈ, ਇਸ ਨੂੰ ਲੈਣ-ਦੇਣ ਦੇ ਮਾਧਿਅਮ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਇਸ ਨੂੰ ਪ੍ਰਤੀਨਿਧ ਮੁਦਰਾ ਕਿਹਾ ਜਾਂਦਾ ਹੈ।

> **ਯਾਦ ਰੱਖੋ**
>
> ਪ੍ਰਤਿਨਿਧ ਮੁਦਰਾ ਉਹ ਮੁਦਰਾ ਹੈ ਜਿਸ ਦਾ ਵਸਤੂ ਮੁੱਲ ਇਸ ਦੇ ਚਿਹਰੇ ਦੇ ਮੁੱਲ ਨਾਲ਼ੋਂ ਘੱਟ ਹੁੰਦਾ ਹੈ। ਚਿਹਰਾ ਮੁੱਲ ਉਹ ਮੁੱਲ ਹੈ ਜੋ ਕਿਸੇ ਸਿੱਕੇ ਜਾਂ ਮੁਦਰਾ ਨੋਟ ਤੇ ਲਿਖਿਆ ਹੋਇਆ ਹੁੰਦਾ ਹੈ। ਉਦਾਹਰਨ ਵਜੋਂ, ₹5 ਰੁਪਏ ਦੇ ਨੋਟ ਦਾ ਚਿਹਰਾ ਮੁੱਲ ₹5 ਹੈ ਅਤੇ ₹500 ਦੇ ਨੋਟ ਦਾ ਚਿਹਰਾ ਮੁੱਲ ₹500 ਹੈ ਕਿਉਂਕਿ ਇਸ ਉੱਤੇ ₹5 ਅਤੇ ₹500 ਰੁਪਏ ਲਿਖਿਆ ਹੋਇਆ ਹੈ। ਮੁਦਰਾ ਦਾ ਵਸਤੂ ਮੁੱਲ ਉਸ ਧਾਤੂ ਦਾ ਮੁੱਲ ਹੁੰਦਾ ਹੈ, ਜਿਸ ਨਾਲ ਮੁਦਰਾ ਨੂੰ ਬਣਾਇਆ ਜਾਂਦਾ ਹੈ। ਉਦਾਹਰਨ ਵਜੋਂ, ਭਾਰਤ ਵਿੱਚ ਸਾਰੇ ਨੋਟ ਕਾਗਜ਼ ਦੇ ਬਣੇ ਹੋਏ ਹਨ ਅਤੇ ਜੋ ਕੁਝ ਉਸ ਕਾਗਜ਼ ਦਾ ਮੁੱਲ ਹੋਵੇਗਾ, ਉਹ ਉਸ ਨੋਟ ਦਾ ਵਸਤੂ ਮੁੱਲ ਹੈ। ਪਰ ਬ੍ਰਿਟਿਸ਼ ਰਾਜ ਦੌਰਾਨ ਸਿੱਕੇ ਚਾਂਦੀ ਦੇ ਬਣੇ ਹੋਏ ਸਨ ਅਤੇ ਜੇਕਰ ₹1 ਦੇ ਸਿੱਕੇ ਤੇ ₹1 ਲਿਖਿਆ ਹੁੰਦਾ ਸੀ, ਤਾਂ ਇਸ ਵਿੱਚ ₹1 ਰੁਪਏ ਦੀ ਚਾਂਦੀ ਵੀ ਲੱਗੀ ਹੁੰਦੀ ਸੀ। ਇਸ ਲਈ ਮੁਦਰਾ ਦਾ ਚਿਹਰਾ ਮੁੱਲ ਅਤੇ ਵਸਤੂ ਮੁੱਲ ਇੱਕੋ ਸੀ ਅਤੇ ਇਸ ਨੂੰ ਪੂਰਨ ਕਾਇਆ ਮੁਦਰਾ ਕਿਹਾ ਜਾਂਦਾ ਹੈ। ਪਰ ਹੁਣ ਇੱਕ ਕਾਗਜ਼ ਸਿਰਫ਼ ₹5 ਅਤੇ ₹500 ਦੀ ਨੁਮਾਇੰਦਗੀ ਕਰ ਰਿਹਾ ਹੈ ਅਤੇ ਇਸ ਕਾਗਜ਼ ਦਾ ਮੁੱਲ ₹5 ਜਾਂ ₹500 ਨਹੀਂ ਹੈ। ਇਸ ਲਈ ਇਸ ਨੂੰ ਪ੍ਰਤਿਨਿਧ ਮੁਦਰਾ ਕਿਹਾ ਜਾਂਦਾ ਹੈ।

ਹਰ ਦੇਸ਼ ਦੀ ਆਪਣੀ ਇੱਕ ਮੁਦਰਾ (Currency) ਇਕਾਈ ਹੁੰਦੀ ਹੈ। ਜਿਵੇਂ ਕਿ ਭਾਰਤੀ ਮੁਦਰਾ ਦਾ ਨਾਮ ਰੁਪਏ (₹) ਹੈ, ਅਮਰੀਕੀ ਕਰੰਸੀ ਯੂ.ਐਸ. ਡਾਲਰ ($) ਹੈ, ਇੰਗਲੈਂਡ ਦੀ ਕਰੰਸੀ ਪੌਂਡ ਸਟਰਲਿੰਗ (£) ਹੈ ਅਤੇ ਇਸ ਤਰ੍ਹਾਂ ਹੋਰ ਦੇਸ਼ਾਂ ਦੀਆਂ ਵੀ ਆਪਣੀਆਂ-ਆਪਣੀਆਂ ਕਰੰਸੀਆਂ ਹਨ।

## ਕਿਰਿਆ

ਹੇਠਾਂ ਦਿੱਤੇ ਦੇਸ਼ਾਂ ਦੀਆਂ ਮੁਦਰਾਵਾਂ ਦੇ ਨਾਮ ਦੀ ਸੂਚੀ ਬਣਾਓ:

| ਲੜੀ ਨੰ. | ਦੇਸ਼ ਦਾ ਨਾਮ | ਕਰੰਸੀ ਦਾ ਨਾਮ |
|---|---|---|
| 1 | ਪਾਕਿਸਤਾਨ | |
| 2 | ਬੰਗਲਾਦੇਸ਼ | |
| 3 | ਸ਼੍ਰੀ ਲੰਕਾ | |
| 4 | ਚੀਨ | |
| 5 | ਜਪਾਨ | |
| 6 | ਨੇਪਾਲ | |

ਭਾਰਤ ਵਿੱਚ, ਭਾਰਤੀ ਰਿਜ਼ਰਵ ਬੈਂਕ ਭਾਰਤ ਸਰਕਾਰ ਦੀ ਤਰਫੋਂ ਮੁਦਰਾ ਨੋਟ ਜਾਰੀ ਕਰਦਾ ਹੈ। ਸਾਰੇ ਸਿੱਕੇ ਅਤੇ ₹1 ਦਾ ਨੋਟ ਵਿੱਤ ਮੰਤਰਾਲਾ, ਭਾਰਤ ਸਰਕਾਰ ਦੁਆਰਾ ਜਾਰੀ ਕੀਤੇ ਜਾਂਦੇ ਹਨ। ਇਸ ਮੁੱਲ ਵਰਗ ਦੇ ਉੱਪਰਲੇ ਕਰੰਸੀ ਨੋਟ ਜਿਵੇਂ ₹2 ਅਤੇ ਇਸ ਤੋਂ ਵੱਧ ਰਕਮ ਦੇ ਮੁਦਰਾ ਨੋਟ, ਭਾਰਤੀ ਰਿਜ਼ਰਵ ਬੈਂਕ ਦੁਆਰਾ ਜਾਰੀ ਕੀਤੇ ਜਾਂਦੇ ਹਨ। ਕਿਸੇ ਵੀ ਹੋਰ ਵਿਅਕਤੀ ਜਾਂ ਸੰਗਠਨ ਨੂੰ ਭਾਰਤੀ ਕਾਨੂੰਨ ਦੇ ਅਨੁਸਾਰ ਮੁਦਰਾ ਜਾਰੀ ਕਰਨ ਦੀ ਆਗਿਆ ਨਹੀਂ ਹੈ। ਅਸੀਂ ਇਸ ਨੂੰ ਨੋਟਾਂ ਅਤੇ ਸਿੱਕਿਆਂ ਤੋਂ ਦੇਖ ਸਕਦੇ ਹਾਂ ਕਿ ₹1 ਦੇ ਨੋਟ ਉੱਤੇ ਭਾਰਤ ਸਰਕਾਰ ਲਿਖਿਆ ਹੋਇਆ ਹੈ ਅਤੇ ਇਸ 'ਤੇ ਵਿੱਤ ਸਕੱਤਰ ਦੇ ਦਸਤਖਤ ਹਨ ਅਤੇ ਇਸ ਮੁੱਲ ਵਰਗ ਤੋਂ ਉੱਪਰ ਦਿੱਤੇ ਸਾਰੇ ਨੋਟਾਂ ਤੇ ਭਾਰਤੀ ਰਿਜ਼ਰਵ ਬੈਂਕ ਲਿਖਿਆ ਹੋਇਆ ਹੁੰਦਾ ਹੈ ਅਤੇ ਇਸ ਤੇ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਦੇ ਦਸਤਖਤ ਹੁੰਦੇ ਹਨ।




ਚਿੱਤਰ 3.3

## ਕਿਰਿਆ

ਕੋਈ ਨੋਟ ਵੇਖੋ ਅਤੇ ਇਸ 'ਤੇ ਹੇਠ ਲਿਖੀਆਂ ਮਹੱਤਵਪੂਰਣ ਵਿਸ਼ੇਸ਼ਤਾਵਾਂ ਨੂੰ ਨੋਟ ਕਰੋ:

1. ਸਾਡੇ ਰਾਸ਼ਟਰ ਪਿਤਾ ਦੀ ਤਸਵੀਰ।
2. ਜਾਰੀ ਕਰਨ ਵਾਲੀ ਸੰਸਥਾ ਦਾ ਨਾਮ ਅਰਥਾਤ ਭਾਰਤੀ ਰਿਜ਼ਰਵ ਬੈਂਕ ਜਾਂ ਭਾਰਤ ਸਰਕਾਰ।
3. ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਜਾਂ ਵਿੱਤ ਸਕੱਤਰ ਦੁਆਰਾ ਦਸਤਖ਼ਤ ਦੇ ਨਾਲ਼ ਵਾਅਦਾ।
4. ਭਾਰਤ ਦਾ ਰਾਸ਼ਟਰੀ ਚਿੰਨ੍ਹ।
5. ਇਸ ਦੀਆਂ ਹੋਰ ਵਧੇਰੇ ਵਿਸ਼ੇਸ਼ਤਾਵਾਂ ਅਤੇ ਉਨ੍ਹਾਂ ਦੇ ਮਹੱਤਵ ਬਾਰੇ ਆਪਣੇ ਅਧਿਆਪਕ ਨਾਲ਼ ਵਿਚਾਰ ਕਰੋ।

### 3.4.2 ਬੈਂਕਾਂ ਕੋਲ ਜਮ੍ਹਾਂ ਰਕਮ (Deposits with Banks):

ਮੁਦਰਾ ਦਾ ਦੂਸਰਾ ਰੂਪ ਬੈਂਕਾਂ ਕੋਲ਼ ਜਮ੍ਹਾਂ ਹੈ। ਉਦਾਹਰਨ ਵਜੋਂ, ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ ਬਾਅਦ ਲੋਕਾਂ ਕੋਲ਼ ਕੁਝ ਵਾਧੂ ਪੈਸੇ ਬਚ ਜਾਂਦੇ ਹਨ, ਲੋਕ ਇਸ ਵਾਧੂ ਪੈਸੇ ਦਾ ਕੀ ਕਰਦੇ ਹਨ ? ਉਹ ਆਪਣੇ ਨਾਮ ਤੇ ਬੈਂਕ ਖਾਤਾ ਖੋਲ੍ਹ ਕੇ ਇਸ ਪੈਸੇ ਨੂੰ ਬੈਂਕ ਵਿੱਚ ਜਮ੍ਹਾਂ ਕਰਦੇ ਹਨ ਅਤੇ ਜਦੋਂ ਉਨ੍ਹਾਂ ਨੂੰ ਨਕਦ ਦੀ ਜ਼ਰੂਰਤ ਹੁੰਦੀ ਹੈ, ਤਾਂ ਉਹ ਬੈਂਕਾਂ ਤੋਂ ਆਪਣੇ ਪੈਸੇ ਵਾਪਸ ਲੈ ਸਕਦੇ ਹਨ। ਇਸ ਲਈ, ਲੋਕਾਂ ਦਾ ਬੈਂਕਾਂ ਕੋਲ਼ ਜੋ ਕੁਝ ਵੀ ਜਮ੍ਹਾਂ ਹੁੰਦਾ ਹੈ, ਨੂੰ ਵੀ ਮੁਦਰਾ ਦਾ ਰੂਪ ਮੰਨਿਆ ਜਾਂਦਾ ਹੈ। ਇਸ ਤਰੀਕੇ ਨਾਲ ਲੋਕਾਂ ਦਾ ਪੈਸਾ ਬੈਂਕਾਂ ਕੋਲ਼ ਸੁਰੱਖਿਅਤ ਰਹਿੰਦਾ ਹੈ ਅਤੇ ਉਹ ਕੁਝ ਵਿਆਜ ਦਰ ਵੀ ਕਮਾਉਂਦੇ ਹਨ। ਬੈਂਕਾਂ ਕੋਲ਼ ਜਮ੍ਹਾਂ ਦੋ ਕਿਸਮਾਂ ਦੇ ਹੁੰਦੇ ਹਨ, ਜੋ ਕਿ ਇਸ ਤਰ੍ਹਾਂ ਹਨ—

(i) **ਮੰਗ ਜਮ੍ਹਾਂ (Demand Deposits):-** ਇਹ ਬੈਂਕਾਂ ਦੇ ਕੋਲ਼ ਉਹ ਜਮ੍ਹਾਂ ਹੁੰਦੇ ਹਨ ਜਿਨ੍ਹਾਂ ਵਿੱਚ ਗ੍ਰਾਹਕ ਨੂੰ ਕਿਸੇ ਵੀ ਸਮੇਂ ਆਪਣੇ ਖਾਤੇ ਵਿਰੁੱਧ ਚੈੱਕ ਜਾਰੀ ਕਰਕੇ ਜਾਂ ਏਟੀਐਮ (ATM) ਤੋਂ ਡੈਬਿਟ ਕਾਰਡ ਦੀ ਵਰਤੋਂ ਕਰਕੇ ਆਪਣੇ ਪੈਸੇ ਵਾਪਸ ਲੈਣ ਦੀ ਪੂਰੀ ਆਜ਼ਾਦੀ ਦਿੱਤੀ ਜਾਂਦੀ ਹੈ। ਲੋਕ ਆਪਣੇ ਨਾਮ ਤੋਂ ਚੈੱਕ ਜਾਰੀ ਕਰਕੇ ਜਾਂ ਏਟੀਐਮ ਤੋਂ ਫੰਡ ਟ੍ਰਾਂਸਫਰ ਦੀ ਸਹੂਲਤ ਦੀ ਵਰਤੋਂ ਕਰਕੇ ਜਾਂ ਇੰਟਰਨੈੱਟ ਬੈਂਕਿੰਗ ਰਾਹੀਂ ਆਪਣੇ ਖਾਤੇ ਤੋਂ ਪੈਸੇ ਕਿਸੇ ਹੋਰ ਵਿਅਕਤੀ ਦੇ ਖਾਤੇ ਵਿੱਚ ਤਬਦੀਲ ਵੀ ਕਰ ਸਕਦੇ ਹਨ। ਆਮ ਤੌਰ 'ਤੇ ਇਸ ਕਿਸਮ ਦੀਆਂ 'ਜਮ੍ਹਾਂ ਰਕਮਾਂ' ਤੇ ਘੱਟ ਵਿਆਜ਼ ਦਰ ਦਿੱਤੀ ਜਾਂਦੀ ਹੈ।

(ii) **ਸਮਾਂ ਜਮ੍ਹਾਂ (Time Deposits):-** ਇਹ ਬੈਂਕਾਂ ਕੋਲ਼ ਉਹ ਜਮ੍ਹਾਂ ਹਨ ਜਿਸ ਵਿੱਚ ਇੱਕ ਨਿਸ਼ਚਿਤ ਸਮੇਂ ਲਈ ਪੈਸੇ ਜਮ੍ਹਾਂ ਹੁੰਦੇ ਹਨ। ਆਮ ਤੌਰ 'ਤੇ, ਇਸ ਕਿਸਮ ਦੀਆਂ ਜਮ੍ਹਾਂ ਰਕਮਾਂ 'ਤੇ ਵਿਆਜ਼ ਦੀ ਉੱਚੀ ਦਰ ਪ੍ਰਦਾਨ ਕੀਤੀ ਜਾਂਦੀ ਹੈ।



*ਚਿੱਤਰ 3.4*

**ਯਾਦ ਰੱਖੋ**

ਇੱਕ ਚੈੱਕ ਵਿਸ਼ੇਸ਼ ਤੌਰ 'ਤੇ ਛਾਪਿਆ ਗਿਆ ਫ਼ਾਰਮ ਹੁੰਦਾ ਹੈ, ਜੋ ਬੈਂਕ ਨੂੰ ਉਸ ਵਿਅਕਤੀ ਦੇ ਖਾਤੇ ਵਿੱਚੋਂ ਦੱਸੀ ਗਈ ਰਕਮ ਦਾ ਭੁਗਤਾਨ ਕਰਨ ਦੀ ਹਦਾਇਤ ਕਰਦਾ ਹੈ, ਜੋ ਇਸ ਨੂੰ ਜਾਰੀ ਕਰਦਾ ਹੈ। ਇੱਕ ਵਿਅਕਤੀ ਕਾਨੂੰਨੀ ਤੌਰ ਤੇ ਚੈੱਕਾਂ ਦੁਆਰਾ ਭੁਗਤਾਨ ਸਵੀਕਾਰ ਕਰਨ ਤੋਂ ਇਨਕਾਰ ਕਰ ਸਕਦਾ ਹੈ। ਜਿਹੜਾ ਵਿਅਕਤੀ ਅਦਾਇਗੀ ਲਈ ਚੈੱਕ ਜਾਰੀ ਕਰਦਾ ਹੈ, ਉਸ ਨੂੰ ਲਾਜ਼ਮੀ ਤੌਰ 'ਤੇ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਉਸਦੇ ਬੈਂਕ ਖਾਤੇ ਵਿੱਚ ਲੋੜੀਂਦਾ ਪੈਸਾ ਹੈ। ਉਸ ਦੇ ਬੈਂਕ ਖਾਤੇ ਵਿੱਚ ਪੈਸੇ ਦੀ ਘਾਟ ਹੋਣ ਦੀ ਸੂਰਤ ਵਿੱਚ, ਉਸ ਦਾ ਚੈੱਕ ਰੱਦ ਹੋ ਜਾਵੇਗਾ ਜੋ ਕਾਨੂੰਨੀ ਤੌਰ ਤੇ ਸਜ਼ਾ ਯੋਗ ਹੈ।


भारतीय डेमो बैंक
Demo Bank of India
375, COMMERCIAL POINT BRANCH
NETAJI SUBHAS ROAD
KOLKATA 700001
IFS Code: DBIK0039122
1 7 0 9 2 0 1 7
D D M M Y Y Y Y
PAY HSBC CAR LOAN A/C NO. 5893252132 को या उनके आदेश पर OR ORDER
रुपये RUPEES ONE LAKH TWENTY THREE THOUSAND FIVE HUNDRED ONLY
अदा करें ₹ ***1,23,500/-
A/c No. 230995329781824
A/c Payee
for PDS Infotech Inc.
Prefix : 1515900002
MULTI-CITY CHEQUE Payable at Par at All Branches of SBI
Please sign above
⑈950020⑈ 695002032⑆ 002860⑈ 31

*ਚਿੱਤਰ 3.5*

## ਚੈੱਕ ਦੇਖੋ ਅਤੇ ਹੇਠ ਦਿੱਤੇ ਦੇ ਜਵਾਬ ਦਿਓ

1. ਚੈੱਕ ਦੀ ਮਿਤੀ ਅਤੇ ਨੰਬਰ ਲਿਖੋ।
2. ਖਾਤਾ ਧਾਰਕ ਦਾ ਖਾਤਾ ਨੰਬਰ ਕੀ ਹੈ ?
3. ਕਿੰਨੀ ਰਕਮ ਅਦਾ ਕਰਨੀ ਹੈ ?
4. ਕਿਸ ਦੇ ਨਾਮ ਤੇ ਪੈਸੇ ਅਦਾ ਕੀਤੇ ਜਾਣਗੇ ?
5. ਚੈੱਕ ਤੇ ਲਿਖੇ A/C Payee ਦਾ ਕੀ ਅਰਥ ਹੈ ?

### 3.4.3 ਬੈਂਕਾਂ ਦੁਆਰਾ ਦਿੱਤੇ ਜਾਣ ਵਾਲੇ ਕਰਜ਼ੇ ਦੀਆਂ ਕਿਸਮਾਂ (Types of loans provided by the Banks)

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਸਾਡੀਆਂ ਲੋੜਾਂ ਵੱਖ-ਵੱਖ ਹੁੰਦੀਆਂ ਹਨ ਅਤੇ ਇਹਨਾਂ ਨੂੰ ਪੂਰਾ ਕਰਨ ਲਈ ਸਾਨੂੰ ਵੱਖ-ਵੱਖ ਤਰ੍ਹਾਂ ਦੇ ਕਰਜ਼ੇ ਦੀ ਲੋੜ ਹੁੰਦੀ ਹੈ। ਇਹਨਾਂ ਕਰਜ਼ਿਆਂ ਦਾ ਵਰਣਨ ਹੇਠ ਹੈ :

1. **ਘਰੇਲੂ ਕਰਜ਼ਾ** : ਘਰ ਬਣਾਉਣ ਲਈ ਭਾਰੀ ਮਾਤਰਾ ਵਿੱਚ ਧਨ ਦੀ ਲੋੜ ਹੁੰਦੀ ਹੈ। ਧਨ ਦੀ ਇਸ ਕਮੀ ਨੂੰ ਬੈਂਕ ਦੁਆਰਾ ਕਰਜ਼ਾ ਪ੍ਰਦਾਨ ਕਰਵਾ ਕੇ ਪੂਰਾ ਕੀਤਾ ਜਾਂਦਾ ਹੈ।
2. ਵਿਅਕਤੀਗਤ ਕਰਜ਼ਾ : ਇਹ ਕਰਜ਼ਾ ਬੈਂਕ ਦੁਆਰਾ ਲੋਕਾਂ ਦੀਆਂ ਵਿਅਕਤੀਗਤ ਲੋੜਾਂ ਨੂੰ ਪੂਰਾ ਕਰਨ ਲਈ ਦਿੱਤਾ ਜਾਂਦਾ ਹੈ।
3. **ਵਾਹਨ ਕਰਜ਼ਾ** : ਇਹ ਕਰਜ਼ਾ ਬੈਂਕ ਦੁਆਰਾ ਲੋਕਾਂ ਨੂੰ ਕਾਰ ਜਾਂ ਮੋਟਰਸਾਈਕਲ ਦੀ ਖਰੀਦ ਕਰਨ ਲਈ ਦਿੱਤਾ ਜਾਂਦਾ ਹੈ।
4. **ਸਿੱਖਿਆ ਕਰਜ਼ਾ** : ਇਹ ਕਰਜ਼ਾ ਬੈਂਕ ਦੁਆਰਾ ਉਹਨਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ, ਜੋ ਉੱਚ ਸਿੱਖਿਆ ਪ੍ਰਾਪਤ ਕਰਨਾ ਚਾਹੁੰਦੇ ਹਨ।
5. **ਸੋਨੇ ਤੇ ਕਰਜ਼ਾ** : ਇਸ ਕਰਜ਼ੇ ਨੂੰ ਪ੍ਰਾਪਤ ਕਰਨ ਲਈ ਵਿਅਕਤੀ ਦੁਆਰਾ ਆਪਣਾ ਸੋਨਾ ਬੈਂਕ ਕੋਲ ਗਿਰਵੀ ਰੱਖਿਆ ਜਾਂਦਾ ਹੈ ਅਤੇ ਬੈਂਕ ਉਸ ਸੋਨੇ ਦੀ ਰਕਮ ਦਾ ਇੱਕ ਨਿਸ਼ਚਿਤ ਪ੍ਰਤੀਸ਼ਤ ਵਿਅਕਤੀ ਨੂੰ ਕਰਜ਼ੇ ਦੇ ਰੂਪ ਵਿੱਚ ਪ੍ਰਦਾਨ ਕਰਵਾਉਂਦਾ ਹੈ।
6. **ਖੇਤੀ ਲਈ ਕਰਜ਼ਾ** : ਇਹ ਕਰਜ਼ਾ ਬੈਂਕ ਦੁਆਰਾ ਕਿਸਾਨਾਂ ਨੂੰ ਖੇਤੀ ਦਾ ਵਿਕਾਸ ਕਰਨ ਲਈ ਦਿੱਤਾ ਜਾਂਦਾ ਹੈ। ਇਸ ਕਰਜ਼ੇ ਨਾਲ ਕਿਸਾਨ ਖਾਦ, ਦਵਾਈਆਂ, ਖੇਤੀ ਯੰਤਰ, ਨਵੀਂ ਜ਼ਮੀਨ ਆਦਿ ਦੀ ਖਰੀਦ ਕਰ ਸਕਦੇ ਹਨ।

7. **ਓਵਰ ਡਰਾਫਟ** : ਇਸ ਵਿੱਚ ਬੈਂਕ ਦੁਆਰਾ ਆਪਣੇ ਕੁੱਝ ਖਾਸ ਗ੍ਰਾਹਕਾਂ ਨੂੰ ਇਹ ਸੁਵਿਧਾ ਪ੍ਰਦਾਨ ਕੀਤੀ ਜਾਂਦੀ ਹੈ ਕਿ ਜਿੰਨੀ ਰਕਮ ਉਹਨਾਂ ਦੇ ਖਾਤੇ ਵਿੱਚ ਜਮਾਂ ਹੈ, ਉਹ ਉਸ ਰਕਮ ਤੋਂ ਵੱਧ ਰਕਮ ਕਢਵਾ ਸਕਦੇ ਹਨ।
8. **ਵਪਾਰਕ ਕਰਜ਼ਾ** : ਇਹ ਕਰਜ਼ਾ ਬੈਂਕ ਦੁਆਰਾ ਉਹਨਾਂ ਲੋਕਾਂ ਨੂੰ ਪ੍ਰਦਾਨ ਕਰਵਾਇਆ ਜਾਂਦਾ ਹੈ, ਜੋ ਆਪਣੇ ਵਰਤਮਾਨ ਵਪਾਰ ਦਾ ਵਿਸਥਾਰ ਕਰਨਾ ਚਾਹੁੰਦੇ ਹਨ ਜਾਂ ਨਵਾਂ ਵਪਾਰ ਸ਼ੁਰੂ ਕਰਨਾ ਚਾਹੁੰਦੇ ਹਨ।

## 3.5 ਮੁਦਰਾ ਦੇ ਕੰਮ (FUNCTIONS OF MONEY):

ਵਿਲੀਅਮ ਸਟੈਨਲੇ ਜੇਵੰਸ ਨੇ ਮੁੱਖ ਰੂਪ ਵਿੱਚ ਚਾਰ ਕਾਰਜਾਂ ਦੇ ਆਧਾਰ ਤੇ ਮੁਦਰਾ ਦਾ ਵਿਸ਼ਲੇਸ਼ਣ ਕੀਤਾ; ਵਟਾਂਦਰੇ ਦਾ ਮਾਧਿਅਮ, ਮੁੱਲ ਦਾ ਮਾਪ, ਮੁਲਤਵੀ ਭੁਗਤਾਨ ਦਾ ਮਾਨਕ ਅਤੇ ਮੁੱਲ ਦਾ ਭੰਡਾਰ। ਇਹ ਕਾਰਜ ਹੇਠਾਂ ਦੱਸੇ ਗਏ ਹਨ;

(i) **ਵਟਾਂਦਰੇ ਦਾ ਮਾਧਿਅਮ (Medium of Exchange)** : ਵਟਾਂਦਰੇ ਦਾ ਅਰਥ ਖ਼ਰੀਦਣ ਅਤੇ ਵੇਚਣ ਨਾਲ ਸੰਬੰਧਿਤ ਗਤੀਵਿਧੀਆਂ ਤੋਂ ਹੈ। ਜਦੋਂ ਮੁਦਰਾ ਨੂੰ ਵਸਤੂਆਂ ਅਤੇ ਸੇਵਾਵਾਂ ਖ਼ਰੀਦਣ ਅਤੇ ਵੇਚਣ ਲਈ ਵਰਤਿਆ ਜਾਂਦਾ ਹੈ, ਤਾਂ ਇਹ ਵਟਾਂਦਰੇ ਦੇ ਮਾਧਿਅਮ ਦੇ ਤੌਰ ਤੇ ਕੰਮ ਕਰਦੀ ਹੈ। ਇਹ ਇਸ ਤਰ੍ਹਾਂ 'ਲੋੜਾਂ ਦੇ ਦੋਹਰੇ ਸੰਜੋਗ' ਦੀ ਸਮੱਸਿਆ ਦਾ ਹੱਲ ਕਰਦਾ ਹੈ। ਲੋਕ ਵੱਖ-ਵੱਖ ਕਿਸਮਾਂ ਦੀਆਂ ਵਸਤੂਆਂ ਅਤੇ ਸੇਵਾਵਾਂ ਨੂੰ ਖ਼ਰੀਦਣ ਲਈ ਆਪਣੀ ਮੁਦਰਾ ਦਾ ਆਦਾਨ-ਪ੍ਰਦਾਨ ਕਰ ਸਕਦੇ ਹਨ ਅਤੇ ਕੋਈ ਵੀ ਇਸ ਵਟਾਂਦਰਾ ਪ੍ਰਨਾਲ਼ੀ ਵਿੱਚ ਮੁਦਰਾ ਲੈਣ ਤੋਂ ਇਨਕਾਰ ਨਹੀਂ ਕਰ ਸਕਦਾ।

(ii) **ਮੁੱਲ ਦਾ ਮਾਪ (Measure of Value):-** ਮੁੱਲ ਦਾ ਅਰਥ ਕੀਮਤ ਤੋਂ ਹੈ। ਮੁਦਰਾ ਦੀ ਵਰਤੋਂ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ ਦਾ ਮਾਪ ਕਰਨ ਲਈ ਕੀਤੀ ਜਾਂਦੀ ਹੈ। ਸਾਰੀਆਂ ਵਸਤੂਆਂ ਅਤੇ ਸੇਵਾਵਾਂ ਦਾ ਮੁੱਲ ਹਮੇਸ਼ਾਂ ਮੁਦਰਾ ਦੇ ਰੂਪ ਵਿੱਚ ਮਾਪਿਆ ਜਾਂਦਾ ਹੈ। ਜਿਵੇਂ ਕਿ ਇੱਕ ਪੱਖੇ ਦੀ ਕੀਮਤ ₹2000 ਹੋ ਸਕਦੀ ਹੈ ਜਾਂ ਪੈੱਨ ਦੀ ਕੀਮਤ ₹10 ਹੋ ਸਕਦੀ ਹੈ ਆਦਿ। ਇਸ ਕਾਰਜ ਦੁਆਰਾ, ਮੁਦਰਾ ਨੇ ਸਾਰੀਆਂ ਵਸਤੂਆਂ ਅਤੇ ਸੇਵਾਵਾਂ ਦਾ ਮੁੱਲ ਨਿਰਧਾਰਤ ਕਰਨਾ ਸੌਖਾ ਬਣਾ ਦਿੱਤਾ ਹੈ, ਜੋ ਵਸਤੂ ਵਟਾਂਦਰਾ ਪ੍ਰਨਾਲ਼ੀ ਵਿੱਚ ਇੰਨਾ ਸੌਖਾ ਨਹੀਂ ਸੀ।

(iii) **ਮੁਲਤਵੀ ਭੁਗਤਾਨ ਦਾ ਮਾਨਕ (Standard of Deferred Payments) :-** ਮੁਲਤਵੀ ਭੁਗਤਾਨ ਦਾ ਅਰਥ ਹੈ ਭੁਗਤਾਨ ਭਵਿਖ ਵਿੱਚ ਕਰਨਾ। ਮੁਦਰਾ ਦੀ ਵਰਤੋਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਭੁਗਤਾਨ ਲਈ ਵੀ ਕੀਤੀ ਜਾਂਦੀ ਹੈ। ਵਸਤੂਆਂ ਅਤੇ ਸੇਵਾਵਾਂ ਦੀ ਥਾਂ ਤੇ ਮੁਦਰਾ ਦੇ ਰੂਪ ਵਿੱਚ ਅਜਿਹੀਆਂ ਅਦਾਇਗੀਆਂ ਕਰਨਾ ਸੌਖਾ ਹੈ, ਕਿਉਂਕਿ ਭਵਿਖ ਵਿੱਚ ਕਣਕ ਜਾਂ ਚਾਵਲ ਆਦਿ ਦੇ ਰੂਪ ਵਿੱਚ ਭੁਗਤਾਨ ਕਰਨਾ ਸੰਭਵ ਨਹੀਂ ਹੈ ਕਿਉਂਕਿ ਭਵਿਖ ਵਿੱਚ ਉਨ੍ਹਾਂ ਦੀ ਗੁਣਵੱਤਾ ਬਦਲ ਸਕਦੀ ਹੈ।

(iv) **ਮੁੱਲ ਦਾ ਭੰਡਾਰ (Store of Value):-** ਮੁਦਰਾ ਨੂੰ ਮੁੱਲ ਦੇ ਭੰਡਾਰ ਵਜੋਂ ਵੀ ਵਰਤਿਆ ਜਾ ਸਕਦਾ ਹੈ। ਵਸਤੂ ਵਟਾਂਦਰਾ ਪ੍ਰਨਾਲ਼ੀ ਵਿੱਚ ਵਸਤੂਆਂ ਅਤੇ ਸੇਵਾਵਾਂ ਦੇ ਮੁਕਾਬਲੇ ਮੁਦਰਾ ਦਾ ਭੰਡਾਰ ਕਰਨਾ ਸੌਖਾ ਹੈ। ਉਦਾਹਰਣ ਵਜੋਂ, ਅਸੀਂ ਆਸਾਨੀ ਨਾਲ ₹2 ਕਰੋੜ ਦੀ ਮੁਦਰਾ ਦਾ ਭੰਡਾਰ ਕਰ ਸਕਦੇ ਹਾਂ। ਪਰ ਇੰਨੀ ਹੀ ਕੀਮਤ ਦੇ ਘੋੜਿਆਂ ਦਾ ਭੰਡਾਰ ਕਰਨਾ ਬਹੁਤ ਮੁਸ਼ਕਿਲ ਹੈ। ਮੁਦਰਾ ਨੂੰ ਭੰਡਾਰ ਕਰਨ ਲਈ ਵੀ ਘੱਟ ਥਾਂ ਦੀ ਲੋੜ ਹੁੰਦੀ ਹੈ।


## 3.6. ਵਿੱਤੀ ਪ੍ਰਨਾਲ਼ੀ (FINANCIAL SYSTEM) :

ਹਰ ਦੇਸ਼ ਆਰਥਿਕ ਤੌਰ ਤੇ ਵਿਕਸਤ ਹੋਣਾ ਚਾਹੁੰਦਾ ਹੈ। ਪਰ ਕਿਸੇ ਵੀ ਦੇਸ਼ ਦਾ ਵਿਕਾਸ ਨਾ ਸਿਰਫ਼ ਵਿੱਤੀ ਸਰੋਤਾਂ ਦੀ ਮਾਤਰਾ 'ਤੇ ਨਿਰਭਰ ਕਰਦਾ ਹੈ, ਬਲਕਿ ਇਨ੍ਹਾਂ ਦੀ ਸਹੀ ਵਰਤੋਂ ਤੇ ਵੀ ਨਿਰਭਰ ਕਰਦਾ ਹੈ। ਜੇ ਕੋਈ ਦੇਸ਼ ਆਪਣੇ ਵਿੱਤੀ ਸਰੋਤਾਂ ਦੀ ਪੂਰੀ ਅਤੇ ਕੁਸ਼ਲ ਵਰਤੋਂ ਕਰਨ ਵਿੱਚ ਸਫਲ ਹੁੰਦਾ ਹੈ, ਤਾਂ ਹੀ ਇਸ ਨੂੰ ਵਿਕਸਤ ਦੇਸ਼ ਕਿਹਾ ਜਾ ਸਕਦਾ ਹੈ। ਹੁਣ ਸਵਾਲ ਉੱਠਦਾ ਹੈ ਕਿ ਕਿਸੇ ਦੇਸ਼ ਦੇ ਵਿੱਤੀ ਸਰੋਤਾਂ ਦੀ ਪੂਰੀ ਅਤੇ ਕੁਸ਼ਲਤਾ ਨਾਲ਼ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ ? ਇਸ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਕਿਸੇ ਦੇਸ਼ ਨੂੰ ਇੱਕ ਅਜਿਹੀ ਪ੍ਰਨਾਲ਼ੀ ਦੀ ਜ਼ਰੂਰਤ ਹੁੰਦੀ ਹੈ ਜੋ ਇਹ ਕਾਰਜ ਕਰ ਸਕੇ। ਉਸ ਪ੍ਰਨਾਲ਼ੀ ਨੂੰ ਵਿੱਤੀ ਪ੍ਰਨਾਲ਼ੀ ਕਿਹਾ ਜਾਂਦਾ ਹੈ।

ਵਿੱਤੀ ਪ੍ਰਨਾਲ਼ੀ ਉਹ ਪ੍ਰਨਾਲ਼ੀ ਹੈ ਜੋ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਥੋੜ੍ਹੇ ਸਮੇਂ ਲਈ ਅਤੇ ਲੰਬੇ ਸਮੇਂ ਲਈ ਵਿੱਤ ਪ੍ਰਦਾਨ ਕਰਦੀ ਹੈ ਅਤੇ ਵੱਖ-ਵੱਖ ਰੂਪਾਂ ਵਿੱਚ ਜਮ੍ਹਾਂ ਰਾਸ਼ੀ ਨੂੰ ਵੀ ਸਵੀਕਾਰ ਕਰਦੀ ਹੈ। ਇਸ ਵਿੱਚ ਸਾਖ ਦੇ ਰਸਮੀ ਅਤੇ ਗ਼ੈਰ-ਰਸਮੀ ਦੋਵੇਂ ਸਰੋਤਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

### 3.6.1 ਸਾਖ ਦੇ ਸਰੋਤ (Sources of Credit):

ਸਾਖ ਦਾ ਅਰਥ ਹੈ ਉਧਾਰ। ਕਈ ਵਾਰ, ਲੋਕਾਂ ਨੂੰ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸਾਖ ਦੀ ਜ਼ਰੂਰਤ ਹੁੰਦੀ ਹੈ ਅਤੇ ਇਸ ਦੇ ਲਈ ਉਨ੍ਹਾਂ ਨੂੰ ਅਜਿਹੇ ਸਰੋਤਾਂ ਦੀ ਜ਼ਰੂਰਤ ਹੁੰਦੀ ਹੈ ਜਿੱਥੋਂ ਉਹ ਇਹ ਸਾਖ ਪ੍ਰਾਪਤ ਕਰ ਸਕਣ। ਇਨ੍ਹਾਂ ਸਰੋਤਾਂ ਨੂੰ ਸਾਖ ਦੇ ਸਰੋਤ ਕਿਹਾ ਜਾਂਦਾ ਹੈ। ਇਸ ਲਈ, ਅਸੀਂ ਕਹਿ ਸਕਦੇ ਹਾਂ ਕਿ ਸਾਖ ਦੇ ਸਰੋਤਾਂ ਦਾ ਮਤਲਬ ਵੱਖੋ-ਵੱਖਰੇ ਸਰੋਤ ਹਨ, ਜਿੱਥੋਂ ਕੁਝ ਵਿਆਜ ਦੀ ਦਰ ਤੇ ਵੱਖ-ਵੱਖ ਉਦੇਸ਼ਾਂ ਲਈ ਮੁਦਰਾ ਉਧਾਰ ਲਈ ਜਾ ਸਕਦੀ ਹੈ। ਇਹ ਸਰੋਤ ਦੋ ਕਿਸਮਾਂ ਦੇ ਹਨ:




(ੳ) **ਗੈਰ-ਸੰਸਥਾਗਤ ਜਾਂ ਗ਼ੈਰ-ਰਸਮੀ ਸਰੋਤ (Non-Institutional or Informal Sources)** : ਸਾਖ ਦੇ ਗ਼ੈਰ-ਸੰਸਥਾਗਤ ਜਾਂ ਗੈਰ-ਰਸਮੀ ਸਰੋਤ ਦਾ ਅਰਥ ਉਹ ਸਰੋਤ ਹਨ ਜੋ ਲੋਕਾਂ ਨੂੰ ਕਰਜ਼ਾ ਪ੍ਰਦਾਨ ਕਰਦੇ ਸਮੇਂ ਕਿਸੇ ਨਿਯਮ ਅਤੇ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ ਜਿਵੇਂ ਕਿ ਕਰਜ਼ੇ ਦੀ ਰਕਮ, ਕਰਜ਼ੇ ਦੀ ਮਿਆਦ, ਵਿਆਜ ਦੀ ਦਰ ਆਦਿ। ਇਹਨਾਂ ਵਿੱਚ ਇਹ ਸਾਰੇ ਫੈਸਲੇ ਉਹਨਾਂ ਦੁਆਰਾ ਆਪਣੀ ਮਰਜ਼ੀ ਨਾਲ਼ ਲਏ ਜਾਂਦੇ ਹਨ। ਇਸ ਵਿੱਚ ਸ਼ਾਹੂਕਾਰ, ਵਪਾਰੀ, ਮਾਲਕ, ਰਿਸ਼ਤੇਦਾਰ ਅਤੇ ਦੋਸਤ ਸ਼ਾਮਲ ਹੁੰਦੇ ਹਨ। ਇੱਕ ਅਨੁਮਾਨ ਅਨੁਸਾਰ ਪੇਂਡੂ ਖੇਤਰਾਂ ਵਿੱਚ ਗਰੀਬ ਲੋਕਾਂ ਦੁਆਰਾ ਵਧੇਰੇ ਕਰਜ਼ੇ ਗੈਰ-ਰਸਮੀ ਸਰੋਤਾਂ ਤੋਂ ਲਏ ਜਾਂਦੇ ਹਨ। ਜਦੋਂ ਕਿ ਅਮੀਰ ਪਰਿਵਾਰਾਂ ਵੱਲੋਂ ਆਪਣੇ ਕਰਜ਼ਿਆਂ ਵਿੱਚੋਂ ਸਿਰਫ਼ 10 ਪ੍ਰਤਿਸ਼ਤ ਕਰਜ਼ੇ ਗ਼ੈਰ-ਰਸਮੀ ਸਰੋਤਾਂ ਤੋਂ ਲਏ ਜਾਂਦੇ ਹਨ। ਇਹ ਸਰੋਤ ਉਧਾਰ ਦੇਣ 'ਤੇ ਬਹੁਤ ਜ਼ਿਆਦਾ ਵਿਆਜ ਦਰ ਲੈਂਦੇ ਹਨ। ਗ਼ੈਰ-ਸੰਸਥਾਗਤ ਖੇਤਰ ਤੋਂ ਮਹਿੰਗੀ ਵਿਆਜ ਦਰ ਤੇ ਕਰਜ਼ੇ ਲੈਣ ਦਾ ਅਰਥ ਹੈ ਕਿ ਕਰਜ਼ਾ ਲੈਣ ਵਾਲ਼ੇ ਦੀ ਕਮਾਈ ਦਾ ਵੱਡਾ ਹਿੱਸਾ ਕਰਜ਼ਾ ਮੋੜਨ ਲਈ ਵਰਤਿਆ ਜਾਂਦਾ ਹੈ। ਇਸ ਤਰ੍ਹਾਂ, ਕਰਜ਼ਾ ਲੈਣ ਵਾਲ਼ੇ ਕੋਲ਼ ਆਪਣੇ ਲਈ ਘੱਟ ਆਮਦਨੀ ਬਚਦੀ ਹੈ। ਇਸ ਲਈ ਉਹ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਯੋਗ ਨਹੀਂ ਹੁੰਦੇ ਹਨ ਅਤੇ ਦੁਬਾਰਾ ਉਨ੍ਹਾਂ ਨੂੰ ਇਨ੍ਹਾਂ ਲੋਕਾਂ ਤੋਂ ਕਰਜ਼ਾ ਲੈਣਾ ਪੈਂਦਾ ਹੈ ਅਤੇ ਇਸ ਤਰ੍ਹਾਂ ਉਹ ਕਰਜ਼ੇ ਦੇ ਕੁਚੱਕਰ ਵਿੱਚ ਫਸ ਜਾਂਦੇ ਹਨ ਅਤੇ ਆਪਣੇ ਆਪ ਨੂੰ ਇਸ ਕਰਜ਼ੇ ਦੇ ਜਾਲ ਤੋਂ ਕਦੇ ਮੁਕਤ ਨਹੀਂ ਕਰ ਸਕਦੇ।

(ਅ) **ਸੰਸਥਾਗਤ ਜਾਂ ਰਸਮੀ ਸਰੋਤ (Institutional or Formal Sourcs)** : ਸਾਖ ਦੇ ਰਸਮੀ ਸਰੋਤ ਉਹ ਸਰੋਤ ਹਨ ਜਿਨ੍ਹਾਂ ਨੂੰ ਦਿੱਤੇ ਗਏ ਕਰਜ਼ਿਆਂ ਦੀ ਮਾਤਰਾ, ਕਰਜ਼ੇ ਦੀ ਮਿਆਦ, ਵਿਆਜ ਦੀ ਦਰ ਆਦਿ ਬਾਰੇ ਕੁਝ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ ਉਹ ਇਨ੍ਹਾਂ ਨਿਯਮਾਂ ਅਤੇ ਕਾਨੂੰਨਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੇ। ਇਸ ਵਿੱਚ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਕਰਜ਼ੇ ਪ੍ਰਦਾਨ ਕਰਨ ਵਿੱਚ ਰਸਮੀ ਸਰੋਤਾਂ ਦਾ ਹਿੱਸਾ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਇਹ ਖੇਤਰ ਦੇਸ਼ ਦੇ ਵਿਕਾਸ

ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਰਸਮੀ ਸਰੋਤ, ਗ਼ੈਰ-ਰਸਮੀ ਸਰੋਤ ਦੇ ਮੁਕਾਬਲੇ ਸਸਤੇ ਕਰਜ਼ੇ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਇਸ ਖੇਤਰ ਦਾ ਕਰਜ਼ਾ ਗ਼ਰੀਬਾਂ ਨੂੰ ਲਾਭ ਪਹੁੰਚਾਏਗਾ ਅਤੇ ਉਨ੍ਹਾਂ ਦੀ ਜ਼ਿੰਦਗੀ ਦਾ ਪੱਧਰ ਉੱਚਾ ਕਰੇਗਾ। ਪੇਂਡੂ ਖੇਤਰਾਂ ਦੇ ਅਮੀਰ ਪਰਿਵਾਰ ਰਸਮੀ ਸਰੋਤਾਂ ਤੋਂ ਸਸਤੇ ਉਧਾਰ ਲੈਂਦੇ ਹਨ, ਜਿੱਥੇ ਗ਼ਰੀਬ ਪਰਿਵਾਰ ਗ਼ੈਰ-ਰਸਮੀ ਸਰੋਤਾਂ ਤੋਂ ਉਧਾਰ ਲੈਣ ਲਈ ਵੱਡੀ ਰਕਮ ਅਦਾ ਕਰਦੇ ਹਨ।

ਭਾਰਤੀ ਰਿਜ਼ਰਵ ਬੈਂਕ ਦੇਸ਼ ਦਾ ਸਰਵੋਤਮ ਬੈਂਕ ਹੈ, ਜੋ ਉਧਾਰ ਦੇ ਰਸਮੀ ਸਰੋਤਾਂ ਦੇ ਕੰਮਕਾਜ ਦੀ ਨਿਗਰਾਨੀ ਕਰਦਾ ਹੈ। ਇਸਦਾ ਉਹਨਾਂ ਦੀਆਂ ਗਤੀਵਿਧੀਆਂ ਉੱਤੇ ਪੂਰਾ ਨਿਯੰਤਰਣ ਹੈ। ਇਹ ਸੁਨਿਸ਼ਚਿਤ ਕਰਦਾ ਹੈ ਕਿ ਉਧਾਰ ਦੇ ਇਹ ਸਰੋਤ ਨਿਰਦੇਸ਼ਾਂ ਅਨੁਸਾਰ ਸਹੀ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਨ। ਇਹ ਸਮਾਜ ਦੇ ਸਾਰੇ ਵਰਗਾਂ ਖਾਸ ਕਰਕੇ ਗ਼ਰੀਬਾਂ ਅਤੇ ਪੇਂਡੂ ਵਰਗਾਂ ਨੂੰ ਉਨ੍ਹਾਂ ਦੀਆਂ ਉਤਪਾਦਕੀ ਜ਼ਰੂਰਤਾਂ ਲਈ ਕਰਜ਼ੇ ਦੀ ਸਮੇਂ ਸਿਰ ਅਤੇ ਢੁੱਕਵੀਂ ਉਪਲੱਬਧਤਾ ਨੂੰ ਵੀ ਯਕੀਨੀ ਬਣਾਉਂਦਾ ਹੈ। ਇਸ ਤਰ੍ਹਾਂ ਅਰਥਵਿਵਸਥਾ ਦੇ ਵਿਕਾਸ ਲਈ, ਇਹ ਜ਼ਰੂਰੀ ਹੈ ਕਿ :

(1) ਰਸਮੀ ਸਰੋਤ (ਬੈਂਕ ਅਤੇ ਸਹਿਕਾਰੀ ਸਮਿਤੀਆਂ) ਨੂੰ ਖ਼ਾਸ ਕਰਕੇ ਦਿਹਾਤੀ ਖੇਤਰਾਂ ਵਿੱਚ ਉਹਨਾਂ ਦੁਆਰਾ ਦਿੱਤੇ ਜਾਣ ਵਾਲ਼ੇ ਉਧਾਰ ਵਿੱਚ ਵਾਧਾ ਕਰਨਾ ਚਾਹੀਦਾ ਹੈ, ਤਾਂ ਜੋ ਉਧਾਰ ਦੇ ਗ਼ੈਰ-ਰਸਮੀ ਸਰੋਤਾਂ 'ਤੇ ਪੇਂਡੂ ਲੋਕਾਂ ਦੀ ਨਿਰਭਰਤਾ ਨੂੰ ਘਟਾਇਆ ਜਾ ਸਕੇ।

(2) ਰਸਮੀ ਖੇਤਰ ਦੇ ਕਰਜ਼ਿਆਂ ਦਾ ਵਿਸਥਾਰ ਕਰਨ ਦੀ ਜ਼ਰੂਰਤ ਹੈ ਅਤੇ ਇਹ ਹਰੇਕ ਲਈ ਉਪਲੱਬਧ ਹੋਣੇ ਚਾਹੀਦੇ ਹਨ।

(3) ਰਸਮੀ ਤੌਰ 'ਤੇ ਉਧਾਰ ਨੂੰ ਬਰਾਬਰ ਵੰਡਿਆ ਜਾਣਾ ਚਾਹੀਦਾ ਹੈ ਤਾਂ ਜੋ ਗ਼ਰੀਬਾਂ ਨੂੰ ਸਸਤੇ ਕਰਜ਼ਿਆਂ ਦਾ ਲਾਭ ਪਹੁੰਚਾਇਆ ਜਾ ਸਕੇ।

(ਏ) **ਸਹਿਕਾਰਤਾਵਾਂ ਤੋਂ ਕਰਜ਼ੇ (Loans from Co-operatives)** : ਸਹਿਕਾਰਤਾ, ਬੈਂਕਾਂ ਤੋਂ ਇਲਾਵਾ ਪੇਂਡੂ ਖੇਤਰਾਂ ਵਿੱਚ ਸਸਤਾ ਉਧਾਰ ਪ੍ਰਦਾਨ ਕਰਵਾਉਣ ਦਾ ਇੱਕ ਹੋਰ ਪ੍ਰਮੁੱਖ ਸਰੋਤ ਹਨ। ਕਿਸਾਨ, ਜੁਲਾਹੇ, ਉਦਯੋਗਿਕ ਕਾਮੇ ਆਪੋ ਆਪਣੀ ਸਹਿਕਾਰਤਾ ਅਤੇ ਆਪਣੀ ਜਮ੍ਹਾਂ ਰਾਸ਼ੀ ਬਣਾਉਂਦੇ ਹਨ ਅਤੇ ਇਸ ਜਮ੍ਹਾਂ ਰਾਸ਼ੀ ਨੂੰ ਪ੍ਰਤੀਭੂਤੀ ਵਜੋਂ ਵਰਤ ਕੇ ਉਹ ਸਹਿਕਾਰੀ ਬੈਂਕਾਂ ਤੋਂ ਕਰਜ਼ਾ ਪ੍ਰਾਪਤ ਕਰ ਸਕਦੇ ਹਨ। ਸਹਿਕਾਰਤਾ ਦੀ ਸਫਲਤਾ ਮੈਂਬਰਾਂ ਦੀ ਅਖੰਡਤਾ ਤੇ ਨਿਰਭਰ ਕਰਦੀ ਹੈ। ਕਿਸਾਨ ਸਹਿਕਾਰਤਾ, ਖੇਤੀਬਾੜੀ ਉਪਕਰਣਾਂ ਦੀ ਖ਼ਰੀਦ ਲਈ, ਕਾਸ਼ਤ ਲਈ, ਮੱਛੀ ਪਾਲਣ ਲਈ, ਮਕਾਨਾਂ ਦੀ ਉਸਾਰੀ ਆਦਿ ਲਈ ਕਰਜ਼ੇ ਪ੍ਰਦਾਨ ਕਰਦੀ ਹੈ। ਅਮੂਲ (AMUL–Anand Milk Union Limited) ਛੋਟੇ ਡੇਅਰੀ ਮਾਲਕਾਂ ਦੇ ਸਹਿਯੋਗ ਦੀ ਇੱਕ ਸਫਲ ਕਹਾਣੀ ਹੈ।




ਚਿੱਤਰ 3.6

(ਸ) **ਗ਼ਰੀਬਾਂ ਲਈ ਸਵੈ-ਸਹਾਇਤਾ ਸਮੂਹ (Self-Help Groups for the Poors):-** ਅਜੋਕੇ ਸਾਲਾਂ ਵਿੱਚ, ਲੋਕ ਕਰਜ਼ੇ ਦੀ ਸਹੂਲਤ ਪ੍ਰਾਪਤ ਕਰਨ ਦੇ ਕੁਝ ਨਵੇਂ ਤਰੀਕਿਆਂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇੱਕ ਅਜਿਹਾ ਤਰੀਕਾ ਹੈ ਸਵੈ ਸਹਾਇਤਾ ਸਮੂਹ। ਜਿਵੇਂ ਕਿ ਇਹਨਾਂ ਦਾ ਨਾਂ ਦੱਸਦਾ ਹੈ, ਇਹਨਾਂ ਸਮੂਹਾਂ ਦੇ ਮੈਂਬਰ ਇੱਕ ਦੂਜੇ ਨੂੰ ਉਨ੍ਹਾਂ ਦੀਆਂ ਉਧਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੇ ਹਨ। ਇੱਕ ਸਵੈ-ਸਹਾਇਤਾ ਸਮੂਹ ਦੇ 15-20 ਮੈਂਬਰ ਹੁੰਦੇ ਹਨ, ਜੋ ਕਿ ਆਮ ਤੌਰ ਤੇ ਇੱਕ ਗੁਆਂਢ ਨਾਲ ਸੰਬੰਧਿਤ ਹੁੰਦੇ ਹਨ, ਜੋ ਨਿਯਮਿਤ ਤੌਰ ਤੇ ਮਿਲਦੇ ਹਨ ਅਤੇ ਬੱਚਤ ਕਰਦੇ ਹਨ। ਉਹਨਾਂ ਦੀ ਬੱਚਤ ਕਰਨ ਦੀ ਯੋਗਤਾ ਪ੍ਰਤਿ ਮੈਂਬਰ ₹25 ਤੋਂ ਲੈ ਕੇ ₹100 ਜਾਂ ਇਸ ਤੋਂ ਵੱਧ ਹੁੰਦੀ ਹੈ। ਮੈਂਬਰ ਆਪਣੀਆਂ ਨਿਯਮਤ ਲੋੜਾਂ ਪੂਰੀਆਂ ਕਰਨ ਲਈ ਸਮੂਹ ਤੋਂ ਛੋਟੇ ਕਰਜ਼ੇ ਲੈ ਸਕਦੇ ਹਨ। ਸਮੂਹ ਇਨ੍ਹਾਂ ਕਰਜ਼ਿਆਂ 'ਤੇ ਵਿਆਜ ਵੀ ਲੈਂਦਾ ਹੈ, ਪਰ ਇਹ ਉਸ ਵਿਆਜ਼ ਤੋਂ ਘੱਟ ਹੁੰਦੀ ਹੈ ਜੋ ਸ਼ਾਹੂਕਾਰ ਉਨ੍ਹਾਂ ਤੋਂ ਲੈਂਦੇ ਹਨ।

ਇੱਕ ਜਾਂ ਦੋ ਸਾਲ ਬਾਅਦ, ਜੇਕਰ ਸਮੂਹ ਬਚਤ ਵਿੱਚ ਨਿਯਮਤ ਹੋ ਜਾਂਦਾ ਹੈ, ਤਾਂ ਇਹ ਬੈਂਕ ਤੋਂ ਕਰਜ਼ੇ ਲੈਣ ਦੇ ਯੋਗ ਬਣ ਜਾਂਦਾ ਹੈ। ਕਰਜ਼ੇ ਨੂੰ ਸਮੂਹ ਦੇ ਨਾਂ ਤੇ ਮਨਜ਼ੂਰ ਕੀਤਾ ਜਾਂਦਾ ਹੈ ਅਤੇ ਇਸਦਾ ਉਦੇਸ਼ ਇਸਦੇ ਮੈਂਬਰਾਂ ਲਈ ਸਵੈ-ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਹੁੰਦਾ ਹੈ। ਉਦਾਹਰਨ ਦੇ ਲਈ, ਗਿਰਵੀ ਰੱਖੀ ਹੋਈ ਜ਼ਮੀਨ ਨੂੰ ਮੁਕਤ ਕਰਵਾਉਣ, ਕਾਰਜਸ਼ੀਲ ਪੂੰਜੀ (ਬੀਜ, ਖਾਦ, ਕੱਚੇ ਮਾਲ ਜਿਵੇਂ ਬਾਂਸ ਅਤੇ ਕੱਪੜੇ ਖ਼ਰੀਦਣ ਲਈ) ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ, ਸਿਲਾਈ ਮਸ਼ੀਨ, ਹੈਂਡਲੂਮਜ਼, ਪਸ਼ੂਆਂ ਆਦਿ ਦੀਆਂ ਛੋਟੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮੈਂਬਰਾਂ ਨੂੰ ਕਰਜ਼ੇ ਪ੍ਰਦਾਨ ਕੀਤੇ ਜਾਂਦੇ ਹਨ।

## ਕਾਰਜਸ਼ੀਲ ਪੂੰਜੀ (Working Capital)

ਕਾਰਜਸ਼ੀਲ ਪੂੰਜੀ ਦਾ ਅਰਥ ਹੈ ਲੋਕਾਂ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਲੋੜੀਂਦਾ ਧਨ। ਜੇਕਰ ਅਸੀਂ ਇੱਕ ਕਿਸਾਨ ਦੀ ਉਦਾਹਰਨ ਲੈਂਦੇ ਹਾਂ, ਤਾਂ ਉਸ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ; ਬੀਜ, ਖਾਦ, ਕੀਟਨਾਸ਼ਕ ਖ਼ਰੀਦਣੀਆਂ, ਰੋਜ਼ਾਨਾ ਮਜ਼ਦੂਰਾਂ ਨੂੰ ਦਿਹਾੜੀ ਦੀ ਅਦਾਇਗੀ ਆਦਿ ਕਰਨ ਦੀਆਂ ਹੁੰਦੀਆਂ ਹਨ। ਇਨ੍ਹਾਂ ਸਾਰੇ ਉਦੇਸ਼ਾਂ ਲਈ ਜੋ ਵੀ ਪੈਸਾ ਚਾਹੀਦਾ ਹੈ, ਉਸਨੂੰ ਕਾਰਜਸ਼ੀਲ ਪੂੰਜੀ ਕਿਹਾ ਜਾਂਦਾ ਹੈ।

ਬੱਚਤ ਅਤੇ ਕਰਜ਼ੇ ਦੀਆਂ ਗਤੀਵਿਧੀਆਂ ਦੇ ਬਾਰੇ ਵਿੱਚ ਬਹੁਤ ਸਾਰੇ ਮਹੱਤਵਪੂਰਨ ਫੈਸਲੇ ਸਮੂਹ ਮੈਂਬਰਾਂ ਦੁਆਰਾ ਲਏ ਜਾਂਦੇ ਹਨ। ਸਮੂਹ ਦੁਆਰਾ ਦਿੱਤੇ ਜਾਣ ਵਾਲੇ ਕਰਜ਼ਿਆਂ, ਕਰਜ਼ੇ ਦੇ ਉਦੇਸ਼, ਲਈ ਜਾਣ ਵਾਲੀ ਵਿਆਜ ਦੀ ਦਰ, ਮੁੜ ਅਦਾਇਗੀ ਦਾ ਸਮਾਂ-ਤਹਿ ਆਦਿ ਬਾਰੇ ਫੈਸਲਾ ਸਮੂਹ ਦੁਆਰਾ ਲਿਆ ਜਾਂਦਾ ਹੈ। ਸਮੂਹ ਦੇ ਕਿਸੇ ਵੀ ਮੈਂਬਰ ਦੁਆਰਾ ਕਰਜ਼ੇ ਦੀ ਅਦਾਇਗੀ ਨਾ ਕਰਨ ਦੇ ਮਾਮਲੇ ਦਾ ਸਮੂਹ ਦੇ ਹੋਰ ਮੈਂਬਰਾਂ ਦੁਆਰਾ ਗੰਭੀਰਤਾ ਨਾਲ ਪਾਲਣ ਕੀਤਾ ਜਾਂਦਾ ਹੈ। ਇਸ ਵਿਸ਼ੇਸ਼ਤਾ ਦੇ ਕਾਰਨ, ਬੈਂਕ ਗ਼ਰੀਬ ਔਰਤਾਂ ਨੂੰ ਉਧਾਰ ਦੇਣ ਲਈ ਤਿਆਰ ਹੋ ਜਾਂਦੇ ਹਨ, ਜਦੋਂ ਉਹ ਸਵੈ-ਸਹਾਇਤਾ ਸਮੂਹ ਵਿੱਚ ਸੰਗਠਤ ਹੋ ਜਾਂਦੀਆਂ ਹਨ ਭਾਵੇਂ ਉਨ੍ਹਾਂ ਕੋਲ ਕੋਈ ਜਮ੍ਹਾਂ-ਜਾਇਦਾਦ ਨਹੀਂ ਹੁੰਦੀ ਹੈ।

ਇਸ ਤਰ੍ਹਾਂ ਸਵੈ-ਸਹਾਇਤਾ ਸਮੂਹ ਕਰਜ਼ਦਾਰਾਂ ਦੀ ਕਿਸੇ ਵੀ ਚੀਜ਼ ਨੂੰ ਗਿਰਵੀਂ ਰੱਖਣ ਦੀ ਘਾਟ ਦੀ ਸਮੱਸਿਆ ਨੂੰ ਦੂਰ ਕਰਨ ਵਿੱਚ ਸਹਾਇਤਾ ਕਰਦੇ ਹਨ। ਉਹ ਕਈ ਉਦੇਸ਼ਾਂ ਲਈ ਉਚਿਤ ਵਿਆਜ ਦਰ 'ਤੇ ਸਮੇਂ ਸਿਰ ਕਰਜ਼ੇ ਪ੍ਰਾਪਤ ਕਰ ਸਕਦੇ ਹਨ। ਔਰਤਾਂ ਨੂੰ ਆਰਥਿਕ ਤੌਰ 'ਤੇ ਸਵੈ ਨਿਰਭਰ ਬਣਨ ਵਿੱਚ ਸਹਾਇਤਾ ਕਰਨ ਤੋਂ ਇਲਾਵਾ, ਸਵੈ-ਸਹਾਇਤਾ ਸਮੂਹ ਦੀਆਂ ਨਿਯਮਤ ਮੀਟਿੰਗਾਂ ਕਈ ਤਰ੍ਹਾਂ ਦੇ ਸਮਾਜਿਕ ਮੁੱਦਿਆਂ ਜਿਵੇਂ ਕਿ ਸਿਹਤ, ਪੋਸ਼ਣ, ਘਰੇਲੂ ਹਿੰਸਾ ਆਦਿ ਬਾਰੇ ਵਿਚਾਰ ਵਟਾਂਦਰੇ ਅਤੇ ਕਾਰਜ ਕਰਨ ਲਈ ਇੱਕ ਮੰਚ ਪ੍ਰਦਾਨ ਕਰਦੀਆਂ ਹਨ।

### 3.6.2 ਉਧਾਰ ਦੀਆਂ ਸ਼ਰਤਾਂ (Terms of Credit):

ਰਿਣਦਾਤਾ, ਉਧਾਰ ਲੈਣ ਵਾਲੇ ਨੂੰ ਉਧਾਰ ਦਿੰਦਾ ਹੈ ਅਤੇ ਮੂਲ ਰਕਮ ਦੀ ਮੁੜ ਅਦਾਇਗੀ ਦੇ ਨਾਲ਼-ਨਾਲ਼ ਵਿਆਜ ਵਸੂਲਦਾ ਹੈ। ਪਰ ਮਾੜੇ ਹਾਲਾਤ ਉਦੋਂ ਪੈਦਾ ਹੁੰਦੇ ਹਨ, ਜਦੋਂ ਉਧਾਰ ਲੈਣ ਵਾਲੇ ਉਧਾਰ ਵਾਪਸ ਕਰਨ ਵਿੱਚ ਅਸਮਰੱਥ ਹੁੰਦੇ ਹਨ। ਇਨ੍ਹਾਂ ਸਥਿਤੀਆਂ ਵਿੱਚ, ਰਿਣਦਾਤਾ ਰਕਮ ਦਾ ਵਾਪਸ ਭੁਗਤਾਨ ਨਾ ਹੋਣਾ ਸਹਿਣ ਨਹੀਂ ਕਰ ਸਕਦਾ। ਇਸ ਲਈ, ਵਿਆਜ ਤੋਂ ਇਲਾਵਾ, ਰਿਣਦਾਤਾ ਕਰਜ਼ਿਆਂ ਦੇ ਵਿਰੁੱਧ ਜਮ੍ਹਾਂ ਸੁਰੱਖਿਆ ਵਜੋਂ ਰੱਖੀ ਜਾਂਦੀ ਕੁਝ ਗਰੰਟੀ ਦੀ ਮੰਗ ਕਰ ਸਕਦਾ ਹੈ।

## ਜਮ੍ਹਾਂ ਸੁਰੱਖਿਆ (Collateral)

*ਜਮ੍ਹਾਂ ਸੁਰੱਖਿਆ ਇੱਕ ਜਾਇਦਾਦ ਹੈ ਜਿਸਦਾ ਉਧਾਰ ਲੈਣ ਵਾਲਾ ਮਾਲਕ ਹੈ (ਜਿਵੇਂ ਕਿ ਜ਼ਮੀਨ, ਇਮਾਰਤ, ਵਾਹਨ, ਪਸ਼ੂ, ਬੈਂਕਾਂ ਕੋਲ਼ ਜਮ੍ਹਾਂ) ਅਤੇ ਇਸ ਦਾ ਇਸਤੇਮਾਲ ਉਦੋਂ ਤੱਕ ਕਰਜ਼ਾ ਦੇਣ ਵਾਲਾ ਗਰੰਟੀ ਦੇ ਤੌਰ 'ਤੇ ਕਰਦਾ ਹੈ, ਜਦੋਂ ਤੱਕ ਕਰਜ਼ਾ ਵਾਪਸ ਨਹੀਂ ਕੀਤਾ ਜਾਂਦਾ। ਕਰਜ਼ਾ ਲੈਣ ਵਾਲੇ ਦੀ ਕਰਜ਼ੇ ਦੀ ਮੁੜ ਅਦਾਇਗੀ ਕਰਨ ਵਿੱਚ ਅਸਫਲ ਰਹਿਣ ਦੀ ਸੂਰਤ ਵਿੱਚ ਆਪਣੀ ਰਕਮ ਪ੍ਰਾਪਤ ਕਰਨ ਲਈ ਕਰਜ਼ਾਦਾਤਾ ਨੂੰ ਜਾਇਦਾਦ ਜਾਂ ਜਮ੍ਹਾਂ ਵੇਚਣ ਦਾ ਅਧਿਕਾਰ ਹੁੰਦਾ ਹੈ।*

ਉਦਾਹਰਨ ਵਜੋਂ, ਸਤਨਾਮ ਨੇ ਆਪਣੇ ਛੋਟੇ ਜਿਹੇ ਕਸਬੇ ਵਿੱਚ ਘਰ ਖ਼ਰੀਦਣ ਲਈ ਬੈਂਕ ਤੋਂ ₹10 ਲੱਖ ਦਾ ਕਰਜ਼ਾ ਲਿਆ ਹੈ। ਇਹ ਕਰਜ਼ਾ 15 ਸਾਲਾਂ ਵਿੱਚ ਮਹੀਨਾਵਾਰ ਕਿਸ਼ਤਾਂ ਵਿੱਚ ਅਦਾ ਕਰਨਾ ਹੈ। ਉਸਨੇ ਆਪਣੇ ਰੁਜ਼ਗਾਰ ਦੇ ਰਿਕਾਰਡ ਅਤੇ ਮਹੀਨਾਵਾਰ ਤਨਖ਼ਾਹ ਦੇ ਅੰਕੜੇ ਬੈਂਕ ਨੂੰ ਸੌਂਪੇ ਹਨ। ਬੈਂਕ ਨੇ ਨਵੇਂ ਮਕਾਨ ਦੇ ਕਾਗਜ਼ ਜਮ੍ਹਾਂ ਸੁਰੱਖਿਆ ਵਜੋਂ ਰੱਖੇ ਸਨ, ਜੋ ਸਤਨਾਮ ਨੂੰ ਉਦੋਂ ਵਾਪਸ ਕਰ ਦਿੱਤੇ ਜਾਣਗੇ, ਜਦੋਂ ਉਹ ਸਾਰਾ ਕਰਜ਼ਾ ਸਮੇਤ ਵਿਆਜ਼ ਨਾਲ਼ ਅਦਾ ਕਰ ਦੇਵੇਗਾ। ਜਦੋਂ ਤੱਕ ਕਰਜ਼ਾ ਮੋੜਿਆ ਨਹੀਂ ਜਾਂਦਾ, ਸਤਨਾਮ ਘਰ ਦੀ ਵਰਤੋਂ ਤਾਂ ਕਰ ਸਕਦਾ ਹੈ, ਪਰ ਜਾਇਦਾਦ ਦੇ ਅਧਿਕਾਰ ਦਾ ਇਸਤੇਮਾਲ ਨਹੀਂ ਕਰ ਸਕਦਾ। ਕਰਜ਼ੇ ਦੀ ਅਦਾਇਗੀ ਨਾ ਕਰਨ ਦੀ ਸਥਿਤੀ ਵਿੱਚ, ਬੈਂਕ ਮਕਾਨ ਵੇਚ ਸਕਦਾ ਹੈ ਅਤੇ ਬਕਾਇਆ ਰਕਮ ਦੀ ਵਸੂਲੀ ਕਰ ਸਕਦਾ ਹੈ।

ਇਸ ਲਈ ਉਧਾਰ ਦੀਆਂ ਸ਼ਰਤਾਂ ਹਨ :

ੳ. ਵਿਆਜ ਦਰ

ਅ. ਜਮ੍ਹਾਂ ਸੁਰੱਖਿਆ ਅਤੇ ਦਸਤਾਵੇਜ਼ੀ ਜ਼ਰੂਰਤ ਅਤੇ

ੲ. ਭੁਗਤਾਨ ਦਾ ਢੰਗ

ਉਧਾਰ ਦੀਆਂ ਸ਼ਰਤਾਂ ਉਧਾਰ ਦੇ ਸੁਭਾਅ, ਰਿਣਦਾਤਾ ਅਤੇ ਰਿਣ ਪ੍ਰਾਪਤ ਕਰਤਾ ਦੇ ਆਧਾਰ ਤੇ ਇੱਕ ਦੂਜੇ ਤੋਂ ਵੱਖਰੀਆਂ ਹੁੰਦੀਆਂ ਹਨ।



## ਕਿਰਿਆ

1. ਤੁਹਾਡੇ ਖੇਤਰ ਵਿੱਚ ਮੌਜੂਦ ਵੱਖ-ਵੱਖ ਉਧਾਰ ਪ੍ਰਬੰਧਾਂ ਦਾ ਪਤਾ ਲਗਾਓ।
2. ਉਧਾਰ ਦੇਣ ਵਾਲ਼ੇ ਲੋਕਾਂ ਦਾ ਪਤਾ ਲਗਾਉ।
3. ਉਧਾਰ ਲੈਣ ਵਾਲ਼ੇ ਕੌਣ ਹਨ ਅਤੇ ਉਨ੍ਹਾਂ ਨੂੰ ਕਿਸ ਉਦੇਸ਼ ਲਈ ਉਧਾਰ ਦੀ ਜ਼ਰੂਰਤ ਹੈ ?
4. ਉਧਾਰ ਦੀਆਂ ਸ਼ਰਤਾਂ ਕੀ ਹਨ ?

### 3.6.3 ਉਧਾਰ ਪ੍ਰਨਾਲ਼ੀ ਦਾ ਆਲੋਚਨਾਤਮਕ ਮੁਲਾਂਕਣ (Critical Appraisal of Credit System):

ਉਧਾਰ ਪ੍ਰਨਾਲ਼ੀ ਦੇ ਆਲੋਚਨਾਤਮਕ ਮੁਲਾਂਕਣ ਵਿੱਚ ਉਧਾਰ ਪ੍ਰਨਾਲ਼ੀ ਦੇ ਗੁਣ ਅਤੇ ਔਗੁਣ ਦੋਵੇਂ ਸ਼ਾਮਲ ਹੁੰਦੇ ਹਨ। ਉਧਾਰ ਪ੍ਰਨਾਲ਼ੀ ਦਾ ਇੱਕ ਯੋਜਨਾਬੱਧ ਵਿਸ਼ਲੇਸ਼ਣ ਹੇਠਾਂ ਦਿੱਤਾ ਗਿਆ ਹੈ:

### 3.6.3.1 ਉਧਾਰ ਪ੍ਰਨਾਲ਼ੀ ਦੇ ਗੁਣ (Merits of Credit System)

ਉਧਾਰ ਪ੍ਰਨਾਲ਼ੀ ਦੇ ਬਹੁਤ ਸਾਰੇ ਗੁਣ ਹਨ। ਉਨ੍ਹਾਂ ਵਿਚੋਂ ਕੁੱਝ ਹੇਠਾਂ ਦਿੱਤੇ ਗਏ ਹਨ:

(ੳ) ਉਧਾਰ ਉੱਦਮੀਆਂ ਨੂੰ ਆਪਣੀ ਕਮਾਈ ਵਧਾਉਣ ਵਿੱਚ ਮਦਦ ਕਰਦਾ ਹੈ। ਉਨ੍ਹਾਂ ਨੂੰ ਪਹਿਲਾਂ ਨਾਲੋਂ ਬਿਹਤਰ ਬਣਾਉਂਦਾ ਹੈ, ਕਿਉਂਕਿ ਉਧਾਰ ਦੀ ਮਦਦ ਨਾਲ਼ ਉਹ ਨਵੀਆਂ ਕਾਰੋਬਾਰੀ ਇਕਾਈਆਂ ਦੀ ਸ਼ੁਰੂਆਤ ਕਰ ਸਕਦੇ ਹਨ ਅਤੇ ਚੰਗੀ ਆਮਦਨ ਪ੍ਰਾਪਤ ਕਰ ਸਕਦੇ ਹਨ।

(ਅ) ਉਧਾਰ ਲੈਣਾ ਵਪਾਰੀਆਂ, ਕਾਰੋਬਾਰੀਆਂ, ਉੱਦਮੀਆਂ, ਵਿਦਿਆਰਥੀਆਂ ਅਤੇ ਸਮਾਜ ਦੇ ਕਈ ਤਰ੍ਹਾਂ ਦੇ ਲੋਕਾਂ ਨੂੰ ਤਾਂ ਹੀ ਲਾਭਕਾਰੀ ਹੋ ਸਕਦਾ ਹੈ, ਜੇਕਰ ਉਧਾਰ ਨੂੰ ਉਤਪਾਦਕੀ ਕੰਮਾਂ ਲਈ ਵਰਤਿਆ ਜਾਵੇ।

(ੲ) ਉਧਾਰ ਹੁਣ ਮਕਾਨ ਬਣਾਉਣ, ਕਾਰਾਂ ਖਰੀਦਣ, ਪੇਸ਼ੇਵਰ ਸਿੱਖਿਆ ਆਦਿ ਲਈ ਬੈਂਕਾਂ ਤੋਂ ਉੱਚਿਤ ਵਿਆਜ ਦਰਾਂ ਅਤੇ ਸ਼ਰਤਾਂ 'ਤੇ ਉਪਲੱਬਧ ਹੈ।

(ਸ) ਉਧਾਰ ਸਮਾਜ ਵਿੱਚ ਮੰਗ ਵਧਾਉਣ ਲਈ ਵੀ ਫਾਇਦੇਮੰਦ ਹੈ ਕਿਉਂਕਿ ਲੋਕ ਉਧਾਰ ਦੀ ਮਦਦ ਨਾਲ ਬਾਜ਼ਾਰ ਤੋਂ ਵੱਖ-ਵੱਖ ਵਸਤੂਆਂ ਖਰੀਦ ਸਕਦੇ ਹਨ, ਜਿਨ੍ਹਾਂ ਨੂੰ ਬਿਨਾਂ ਉਧਾਰ ਤੋਂ ਖ਼ਰੀਦ ਕਰਨਾ ਉਹਨਾਂ ਲਈ ਸੰਭਵ ਨਹੀਂ ਹੁੰਦਾ।

(ਹ) ਵਿਦਿਆਰਥੀ ਬੈਂਕ ਤੋਂ ਸਿੱਖਿਆ ਕਰਜ਼ਾ ਵੀ ਲੈ ਸਕਦੇ ਹਨ ਅਤੇ ਆਪਣਾ ਕੈਰੀਅਰ ਬਣਾ ਸਕਦੇ ਹਨ।

### 3.6.3.2 ਉਧਾਰ ਪ੍ਰਨਾਲ਼ੀ ਦੇ ਔਗੁਣ (Demerits of Credit System):

ਉਧਾਰ ਪ੍ਰਨਾਲ਼ੀ ਦੇ ਕੁਝ ਔਗੁਣ ਵੀ ਹਨ। ਇਨ੍ਹਾਂ ਵਿਚੋਂ ਕੁਝ ਹੇਠਾਂ ਦਿੱਤੇ ਗਏ ਹਨ:

(ੳ) ਜਿਵੇਂ ਕਿ ਅਸੀਂ ਅਕਸਰ ਜ਼ਿੰਦਗੀ ਵਿੱਚ ਵੇਖਦੇ ਹਾਂ, ਕਰਜ਼ੇ ਹਰੇਕ ਲਈ ਇੱਕੋ ਜਿਹੇ ਲਾਭਕਾਰੀ ਨਹੀਂ ਹੁੰਦੇ। ਜੇ ਕਰਜ਼ੇ ਇੱਕ ਸ਼ਾਹੂਕਾਰ ਤੋਂ ਲਏ ਜਾਂਦੇ ਹਨ, ਤਾਂ ਇਹ ਲੋਕਾਂ ਲਈ ਤੁਲਨਾਤਮਕ ਮਹਿੰਗੇ ਹੁੰਦੇ ਹਨ ਕਿਉਂਕਿ ਪੈਸੇ ਦੇਣ ਵਾਲੇ ਬਹੁਤ ਜ਼ਿਆਦਾ ਵਿਆਜ਼ ਦਰ ਵਸੂਲ ਕਰਦੇ ਹਨ। ਜਦੋਂ ਕੋਈ ਕਰਜ਼ਾ ਲੈਣ ਵਾਲ਼ਾ ਆਪਣੇ ਕਾਰੋਬਾਰ ਤੋਂ ਕਰਜ਼ਾ ਮੋੜਨ ਲਈ ਵਾਧੂ ਆਮਦਨੀ ਪੈਦਾ ਕਰਨ ਵਿੱਚ ਅਸਫਲ ਹੁੰਦਾ ਹੈ, ਤਾਂ ਉਹ ਕਰਜ਼ੇ ਦੇ ਜਾਲ ਵਿੱਚ ਫਸ ਜਾਂਦਾ ਹੈ। ਭਾਰਤ ਦੇ ਖੇਤੀਬਾੜੀ ਖੇਤਰ ਵਿੱਚ, ਇਹ ਸਥਿਤੀ ਕਾਫ਼ੀ ਲੰਬੇ ਸਮੇਂ ਤੋਂ ਬਣੀ ਹੋਈ ਹੈ।

(ਅ) ਪੇਂਡੂ ਖੇਤਰਾਂ ਵਿੱਚ ਉਧਾਰ ਜਾਂ ਕਰਜ਼ੇ ਦੀ ਮੁੱਖ ਮੰਗ ਫਸਲਾਂ ਦੇ ਉਤਪਾਦਨ ਲਈ ਹੁੰਦੀ ਹੈ। ਆਮ ਤੌਰ ਤੇ ਬੀਜ, ਖਾਦ ਅਤੇ ਕੀਟਨਾਸ਼ਕਾਂ ਆਦਿ ਦੀ ਖ਼ਰੀਦ ਕਰਨੀ ਹੁੰਦੀ ਹੈ। ਕਿਸਾਨ ਆਮ ਤੌਰ 'ਤੇ ਫਸਲ ਬੀਜਣ ਦੇ ਸ਼ੁਰੂ ਵਿੱਚ ਕਰਜ਼ਾ ਲੈਂਦੇ ਹਨ ਅਤੇ ਫਸਲ ਕੱਟਣ ਤੇ ਵਾਪਸ ਕਰਦੇ ਹਨ। ਕਰਜ਼ਿਆਂ ਦੀ ਮੁੜ ਅਦਾਇਗੀ ਕਿਸਾਨ ਦੀ ਆਮਦਨ ਤੇ ਨਿਰਭਰ ਕਰਦੀ ਹੈ। ਕੁਦਰਤੀ ਆਫ਼ਤਾਂ ਜਿਵੇਂ ਸੋਕਾ, ਹੜ੍ਹਾਂ ਆਦਿ ਕਾਰਨ ਫਸਲਾਂ ਦੀ ਬਰਬਾਦੀ ਕਰਜ਼ੇ ਨੂੰ ਮੋੜਨਾ ਅਸੰਭਵ ਕਰ ਦਿੰਦੀ ਹੈ।

(ੲ) ਕਈ ਵਾਰ, ਕਰਜ਼ੇ ਉਤਪਾਦਕੀ ਉਦੇਸ਼ਾਂ ਲਈ ਲਏ ਜਾਂਦੇ ਹਨ, ਪਰ ਜਦੋਂ ਵਰਤੇ ਜਾਂਦੇ ਹਨ, ਤਾਂ ਉਹ ਇੰਨੇ ਉਤਪਾਦਕੀ ਨਹੀਂ ਹੁੰਦੇ। ਇਹ ਕਿਸਾਨਾਂ 'ਤੇ ਕਰਜ਼ਿਆਂ ਦਾ ਬੋਝ ਵੀ ਵਧਾਉਂਦਾ ਹੈ। ਨਤੀਜੇ ਵਜੋਂ, ਕਰਜ਼ਾ ਵਾਪਸ ਕਰਨ ਲਈ ਆਮਤੌਰ ਤੇ ਕਿਸਾਨ ਨੂੰ ਆਪਣੀ ਜ਼ਮੀਨ ਦਾ ਕੁੱਝ ਹਿੱਸਾ ਵੇਚਣਾ ਪੈਂਦਾ ਹੈ। ਇਸ ਤਰ੍ਹਾਂ ਇਨ੍ਹਾਂ ਕਿਸਾਨਾਂ ਦੀ ਮਦਦ ਕਰਨ ਦੀ ਥਾਂ ਤੇ ਉਧਾਰ ਜਾਂ ਕਰਜ਼ੇ ਉਨ੍ਹਾਂ ਨੂੰ ਮਾੜੀ ਸਥਿਤੀ ਵਿੱਚ ਛੱਡ ਦਿੰਦੇ ਹਨ। ਇਸ ਤਰ੍ਹਾਂ ਕਰਜ਼ਾ ਲੈਣ ਵਾਲ਼ੇ ਨੂੰ ਅਜਿਹੀ ਸਥਿਤੀ ਵਿੱਚ ਧੱਕਿਆ ਜਾਂਦਾ ਹੈ, ਜਿੱਥੋਂ ਵਾਪਸੀ ਬਹੁਤ ਦੁਖਦਾਈ ਹੁੰਦੀ ਹੈ। ਭਾਰਤ ਵਿੱਚ ਪਿਛਲੇ ਕਈ ਸਾਲਾਂ ਤੋਂ ਇਹ ਸਥਿਤੀ ਬਹੁਤ ਗੰਭੀਰ ਬਣ ਗਈ ਹੈ, ਸਿੱਟੇ ਵਜੋਂ, ਬਹੁਤ ਸਾਰੇ ਕਿਸਾਨਾਂ ਨੇ ਕਰਜ਼ੇ ਕਾਰਨ ਖੁਦਕੁਸ਼ੀਆਂ ਕੀਤੀਆਂ ਹਨ।

## 3.7 ਆਧੁਨਿਕ ਵਿੱਤੀ ਪ੍ਰਨਾਲ਼ੀ (MODERN FINANCIAL SYSTEM):

ਆਧੁਨਿਕ ਵਿੱਤੀ ਪ੍ਰਨਾਲ਼ੀ ਵਿੱਚ ਬੈਂਕ ਗਾਹਕਾਂ ਨੂੰ ਵਿੱਤੀ ਸੇਵਾਵਾਂ ਪ੍ਰਦਾਨ ਕਰਦੇ ਸਮੇਂ ਇਲੈਕਟ੍ਰਾਨਿਕ ਮਾਧਿਅਮਾਂ ਦੀ ਵਰਤੋਂ ਕੀਤੀ ਜਾਂਦੀ ਹੈ। ਈ-ਡਿਲਿਵਰੀ ਚੈਨਲਾਂ ਦੀ ਇਹ ਵਰਤੋਂ ਈ-ਬੈਂਕਿੰਗ ਵੱਲ ਲੈ ਕੇ ਜਾਂਦੀ ਹੈ। ਈ-ਬੈਂਕਿੰਗ ਨੂੰ ਬਿਜਲਈ ਬੈਂਕਿੰਗ, ਔਨਲਾਈਨ ਬੈਂਕਿੰਗ ਜਾਂ ਇੰਟਰਨੈੱਟ ਬੈਂਕਿੰਗ ਵੀ ਕਿਹਾ ਜਾਂਦਾ ਹੈ। ਇਹ ਇੱਕ ਇਲੈਕਟ੍ਰੌਨਿਕ ਭੁਗਤਾਨ ਪ੍ਰਨਾਲ਼ੀ ਹੈ ਜੋ ਕਿਸੇ ਬੈਂਕ ਜਾਂ ਹੋਰ ਵਿੱਤੀ ਸੰਸਥਾਵਾਂ ਦੇ ਗਾਹਕਾਂ ਨੂੰ ਵਿੱਤੀ ਸੰਸਥਾ ਦੀ ਵੈਬਸਾਈਟ ਦੁਆਰਾ ਵਿੱਤੀ ਲੈਣ-ਦੇਣ ਕਰਨ ਦੇ ਯੋਗ ਬਣਾਉਂਦੀ ਹੈ।

ਕਿਸੇ ਵਿੱਤੀ ਸੰਸਥਾ ਦੀ ਈ-ਬੈਂਕਿੰਗ ਸਹੂਲਤ ਦੀ ਵਰਤੋਂ ਕਰਨ ਲਈ, ਇੰਟਰਨੈੱਟ ਦੀ ਸਹੂਲਤ ਵਾਲ਼ੇ ਗਾਹਕ ਨੂੰ ਖ਼ਾਸ ਸੇਵਾ ਲਈ ਸੰਸਥਾ ਨਾਲ਼ ਆਪਣਾ ਖਾਤਾ ਰਜਿਸਟਰ ਕਰਵਾਉਣ ਦੀ ਜ਼ਰੂਰਤ ਹੁੰਦੀ ਹੈ।

## ਈ-ਡਿਲਿਵਰੀ ਚੈਨਲ (E-Delivery Channels)

ਈ-ਡਿਲਿਵਰੀ ਚੈਨਲ ਦਾ ਮਤਲਬ ਹੈ ਕਿ ਉਹ ਸਾਰੇ ਮਾਧਿਅਮ ਜੋ ਈ-ਬੈਂਕਿੰਗ ਸਹੂਲਤ ਪ੍ਰਦਾਨ ਕਰ ਸਕਦੇ ਹਨ। ਇਨ੍ਹਾਂ ਚੈਨਲਾਂ ਵਿੱਚ ਏਟੀਐਮ, ਡੈਬਿਟ ਕਾਰਡ, ਕ੍ਰੈਡਿਟ ਕਾਰਡ, ਇੰਟਰਨੈੱਟ ਬੈਂਕਿੰਗ, ਮੋਬਾਈਲ ਬੈਂਕਿੰਗ, ਟੈਲੀ-ਬੈਂਕਿੰਗ ਆਦਿ ਸ਼ਾਮਲ ਕੀਤੇ ਜਾਂਦੇ ਹਨ।

ਗਾਹਕ ਵਿੱਤੀ ਸੰਸਥਾ ਦੀ ਸੁਰੱਖਿਅਤ ਵੈਬਸਾਈਟ ਤੇ ਜਾਂਦੇ ਹਨ ਅਤੇ ਔਨਲਾਈਨ ਬੈਂਕਿੰਗ ਦੀ ਸਹੂਲਤ ਦੀ ਚੋਣ ਕਰਦੇ ਹਨ। ਵਿੱਤੀ ਲੈਣ-ਦੇਣ ਦੀਆਂ ਕਿਸਮਾਂ ਜਿਨ੍ਹਾਂ ਦਾ ਗਾਹਕ ਔਨਲਾਈਨ ਬੈਂਕਿੰਗ ਦੁਆਰਾ ਲੈਣ-ਦੇਣ ਕਰ ਸਕਦਾ ਹੈ, ਉਹ ਇਸ ਤਰ੍ਹਾਂ ਹਨ; ਜਿਵੇਂ ਕਿ, ਖਾਤੇ ਦਾ ਬਕਾਇਆ ਪ੍ਰਾਪਤ ਕਰਨਾ, ਤਾਜ਼ਾ ਲੈਣ-ਦੇਣ ਦੀ ਸੂਚੀ, ਇਲੈਕਟ੍ਰਾਨਿਕ ਬਿੱਲ ਭੁਗਤਾਨ, ਫੰਡਾਂ ਦੀ ਤਬਦੀਲੀ ਆਦਿ। ਬੈਂਕ ਆਪਣੇ ਗਾਹਕਾਂ ਦੀਆਂ ਬੈਂਕ ਸਟੇਟਮੈਂਟਸ ਡਾਊਨਲੋਡ ਕਰਨ ਵਿੱਚ ਸਹਾਇਤਾ ਕਰਦੇ ਹਨ। ਈ-ਬੈਂਕਿੰਗ ਸਹੂਲਤ ਗਾਹਕ ਨੂੰ ਚੈੱਕ ਬੁੱਕ, ਕ੍ਰੈਡਿਟ ਕਾਰਡਾਂ ਦੇ ਗੁਆਚਣ ਸੰਬੰਧੀ ਰਿਪੋਰਟ, ਚੈੱਕ ਤੇ ਭੁਗਤਾਨ ਰੋਕਣ, ਪਤਾ ਬਦਲਣ ਵਿੱਚ ਅਤੇ ਹੋਰ ਆਮ ਕਾਰਵਾਈਆਂ ਔਨਲਾਈਨ ਕਰਨ ਦੀ ਸਹੂਲਤ ਪ੍ਰਦਾਨ ਕਰਦੀ ਹੈ।

ਅੱਜ ਕੱਲ੍ਹ ਸਾਰੇ ਬੈਂਕਾਂ ਵਿੱਚ ਈ-ਬੈਂਕਿੰਗ ਦੀ ਸਹੂਲਤ ਹੈ। ਇਸ ਸਹੂਲਤ ਨਾਲ, ਇਨ੍ਹਾਂ ਬੈਂਕਾਂ ਨੇ ਗਾਹਕਾਂ ਦੇ ਦਰਵਾਜ਼ੇ ਤੇ ਬੈਂਕਿੰਗ ਸਹੂਲਤਾਂ ਉਪਲਬੱਧ ਕਰਵਾਈਆਂ ਹਨ। ਗਾਹਕ ਬੈਂਕ ਸ਼ਾਖਾ ਵਿੱਚ ਬਿਨਾਂ ਗਏ ਹੀ ਆਪਣੇ ਸਾਰੇ ਬੈਂਕਿੰਗ ਕਾਰਜ ਕਰ ਸਕਦੇ ਹਨ ਅਤੇ ਇਹ ਉਨੀ ਹੀ ਸੁਰੱਖਿਅਤ ਹਨ ਜਿੰਨੀ ਰਵਾਇਤੀ ਬੈਂਕਿੰਗ ਪ੍ਰਨਾਲ਼ੀ। ਬੈਂਕ ਆਪਣੇ ਗਾਹਕ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਸੁਰੱਖਿਅਤ ਪਾਸਵਰਡ ਅਤੇ ਸੁਰੱਖਿਅਤ ਵੈਬਸਾਈਟਾਂ ਪ੍ਰਦਾਨ ਕਰਦੇ ਹਨ। ਇਸ ਨਾਲ਼ ਬੈਂਕ ਦੀ ਭਰੋਸੇਯੋਗਤਾ ਵੀ ਵਧਦੀ ਹੈ।

### 3.7.1 ਈ-ਬੈਂਕਿੰਗ ਦੇ ਫਾਇਦੇ (Advantages of E-Banking):-

(ੳ) ਈ-ਬੈਂਕਿੰਗ ਰਾਹੀਂ ਬੈਂਕ-ਗਾਹਕਾਂ ਨੂੰ ਪੂਰਾ ਸਾਲ (24×7) ਬੈਂਕ ਸੇਵਾ ਪ੍ਰਦਾਨ ਕਰਦੇ ਹਨ।

(ਅ) ਗਾਹਕਾਂ ਆਪਣੇ ਦਫ਼ਤਰ ਤੋਂ ਜਾਂ ਆਪਣੇ ਘਰ ਤੋਂ ਜਾਂ ਯਾਤਰਾ ਕਰਦੇ ਸਮੇਂ ਮੋਬਾਈਲ ਫ਼ੋਨ ਰਾਹੀਂ ਲੈਣ-ਦੇਣ ਕਰ ਸਕਦੇ ਹਨ।

(ੲ) ਇਹ ਬੈਂਕਾਂ ਨੂੰ ਗਾਹਕਾਂ ਨਾਲ਼ ਸੰਬੰਧ ਸਥਾਪਿਤ ਕਰਨ ਅਤੇ ਨਵੇਂ ਗਾਹਕਾਂ ਨੂੰ ਆਕਰਸ਼ਤ ਕਰਨ ਵਿੱਚ ਸਹਾਇਤਾ ਕਰਦਾ ਹੈ।

(ਸ) ਇਹ ਗਾਹਕਾਂ ਦੇ ਬੈਂਕ ਸ਼ਾਖਾਵਾਂ ਦੇ ਵਿੱਚ ਵਾਰ-ਵਾਰ ਆਉਣ-ਜਾਣ ਨੂੰ ਘਟਾਉਂਦਾ ਹੈ ਅਤੇ ਇਸ ਤਰ੍ਹਾਂ ਬੈਂਕਿੰਗ ਨੂੰ ਉਨ੍ਹਾਂ ਲਈ ਵਧੇਰੇ ਸੁਵਿਧਾਜਨਕ ਬਣਾਉਂਦਾ ਹੈ।

(ਹ) ਈ-ਬੈਂਕਿੰਗ ਅਤੇ ਈ-ਕਾਮਰਸ ਲੈਣ-ਦੇਣ ਵਿੱਚ ਪਾਰਦਰਸ਼ਤਾ ਨੂੰ ਵੀ ਬਿਹਤਰ ਬਣਾਉਂਦੇ ਹਨ।

### 3.8 ਕੇਂਦਰੀ ਬੈਂਕ (Central Bank)

ਕੇਂਦਰੀ ਬੈਂਕ ਨੂੰ ਕਿਸੇ ਵੀ ਦੇਸ਼ ਦੀ ਬੈਂਕਿੰਗ ਪ੍ਰਨਾਲੀ ਦਾ ਸ਼ਿਖਰ ਕਿਹਾ ਜਾਂਦਾ ਹੈ। ਦੁਨੀਆਂ ਵਿੱਚ ਪਹਿਲਾਂ ਕੇਂਦਰੀ ਬੈਂਕ ਸਵੀਡਨ ਵਿੱਚ 1656 ਈ. ਵਿੱਚ ਸਥਾਪਿਤ ਕੀਤਾ ਗਿਆ ਸੀ, ਪਰ ਜੇਕਰ ਆਧੁਨਿਕ ਕੇਂਦਰੀ ਬੈਂਕਾਂ ਦੇ ਕੰਮਾਂ ਦੇ ਪੱਖੋਂ ਵੇਖਿਆ ਜਾਵੇ, ਤਾਂ ਦੁਨੀਆਂ ਦਾ ਪਹਿਲਾ ਵਿਕਸਿਤ ਕੇਂਦਰੀ ਬੈਂਕ 1694 ਈ. ਵਿੱਚ ਇੰਗਲੈਂਡ ਵਿੱਚ ਸਥਾਪਿਤ ਕੀਤਾ ਗਿਆ ਸੀ, ਜਿਸ ਦਾ ਨਾਂ **BANK OF ENGLAND** ਸੀ। ਭਾਰਤ ਦੇ ਕੇਂਦਰੀ ਬੈਂਕ ਦਾ ਨਾਂ ਭਾਰਤੀ ਰਿਜ਼ਰਵ ਬੈਂਕ ਜਾਂ **RESERVE BANK OF INDIA** ਹੈ, ਜਿਸ ਦੀ ਸਥਾਪਨਾ 1 ਅਪ੍ਰੈਲ 1935 ਨੂੰ ਹੋਈ ਸੀ।

### 3.8.1. ਕੇਂਦਰੀ ਬੈਂਕ ਦੇ ਕੰਮ

ਕੇਂਦਰੀ ਬੈਂਕ ਦੇ ਮੁੱਖ ਕੰਮ ਇਸ ਤਰ੍ਹਾਂ ਹਨ :

1. ਨੋਟ ਜਾਰੀ ਕਰਨਾ

2. ਸਰਕਾਰ ਦੇ ਬੈਂਕ ਦੇ ਤੌਰ ਦੇ ਕੰਮ ਕਰਨਾ

3. ਬੈਂਕਾਂ ਦੇ ਬੈਂਕ ਦੇ ਤੌਰ ਤੇ ਕੰਮ ਕਰਨਾ

4. ਬੈਂਕਿੰਗ ਪ੍ਰਨਾਲ਼ੀ ਦੀ ਨਿਗਰਾਨੀ ਕਰਨਾ

5. ਆਖਰੀ ਕਰਜ਼ਦਾਤਾ ਦੇ ਤੌਰ ਤੇ ਕੰਮ ਕਰਨਾ

6. ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਦੇ ਰਖਵਾਲੇ ਦੇ ਤੌਰ ਤੇ ਕੰਮ ਕਰਨਾ

## ਸਾਰ

- ਵਸਤੂ ਵਟਾਂਦਰਾ ਪ੍ਰਨਾਲ਼ੀ ਉਹ ਪ੍ਰਨਾਲ਼ੀ ਹੈ ਜਿਸ ਵਿੱਚ ਵਸਤੂਆਂ ਦਾ ਵਟਾਂਦਰਾ ਵਸਤੂਆਂ ਨਾਲ ਹੁੰਦਾ ਹੈ। ਇਸ ਨੂੰ ਸੀ-ਸੀ ਸਿਸਟਮ ਅਰਥਾਤ ਵਸਤੂ-ਵਸਤੂ ਪ੍ਰਨਾਲ਼ੀ ਵੀ ਕਿਹਾ ਜਾਂਦਾ ਹੈ।
- ਲੋੜਾਂ ਦੇ ਦੋਹਰੇ ਸੰਜੋਗ ਦਾ ਅਰਥ ਹੈ ਕਿ ਇੱਕ ਵਿਅਕਤੀ ਜੋ ਵੇਚਣਾ ਚਾਹੁੰਦਾ ਹੈ ਬਿਲਕੁਲ ਉਹੀ ਹੈ ਜੋ ਦੂਸਰਾ ਖ਼ਰੀਦਣਾ ਚਾਹੁੰਦਾ ਹੈ ਅਤੇ ਇਸ ਦੇ ਉਲਟ ਦੂਜਾ ਵਿਅਕਤੀ ਜੋ ਵੇਚਣਾ ਚਾਹੁੰਦਾ ਹੈ, ਪਹਿਲਾ ਵਿਅਕਤੀ ਉਹ ਖ਼ਰੀਦਣਾ ਚਾਹੁੰਦਾ ਹੈ।
- ਮੁਦਰਾ ਉਹ ਹੈ ਜੋ ਲੈਣ-ਦੇਣ ਦੇ ਮਾਧਿਅਮ, ਮਾਪ ਦੀ ਇਕਾਈ ਅਤੇ ਮੁੱਲ ਦੇ ਭੰਡਾਰ ਦੀ ਸਾਂਝੀ ਇਕਾਈ ਵਜੋਂ ਕੰਮ ਕਰਦੀ ਹੈ।
- ਮੁਦਰਾ ਸ਼ਬਦ 'ਮੋਨੇਟਾ' ਸ਼ਬਦ ਤੋਂ ਲਿਆ ਗਿਆ ਹੈ ਜੋ ਕਿ ਰੋਮ ਦੀ ਦੇਵੀ ਜੂਨੋ ਦਾ ਦੂਜਾ ਨਾਂ ਹੈ।
- ਭਾਰਤ ਵਿੱਚ, ਰਿਜ਼ਰਵ ਬੈਂਕ, ਜੋ ਦੇਸ਼ ਦਾ ਸਰਵੋਤਮ ਬੈਂਕ ਹੈ, ਕੇਂਦਰ ਸਰਕਾਰ ਦੀ ਤਰਫੋਂ ਮੁਦਰਾ ਨੋਟ ਜਾਰੀ ਕਰਦਾ ਹੈ। ਸਾਰੇ ਸਿੱਕੇ ਅਤੇ ਇੱਕ ਰੁਪਏ ਦਾ ਨੋਟ ਵਿੱਤ ਮੰਤਰਾਲਾ, ਭਾਰਤ ਸਰਕਾਰ ਦੁਆਰਾ ਜਾਰੀ ਕੀਤਾ ਜਾਂਦਾ ਹੈ।
- ਮੰਗ ਜਮ੍ਹਾਂ ਬੈਂਕ ਦੇ ਕੋਲ ਉਹ ਜਮ੍ਹਾਂ ਹਨ, ਜਿਸ ਵਿੱਚ ਗਾਹਕ ਨੂੰ ਕਿਸੇ ਵੀ ਸਮੇਂ ਆਪਣੇ ਪੈਸੇ ਵਾਪਸ ਲੈਣ ਦੀ ਪੂਰੀ ਆਜ਼ਾਦੀ ਦਿੱਤੀ ਜਾਂਦੀ ਹੈ।
- ਸਮਾਂ ਜਮ੍ਹਾਂ ਬੈਂਕਾਂ ਕੋਲ ਉਹ ਜਮ੍ਹਾਂ ਹੁੰਦੀਆਂ ਹਨ, ਜਿਸ ਵਿੱਚ ਇੱਕ ਨਿਸ਼ਚਿਤ ਸਮੇਂ ਲਈ ਪੈਸੇ ਜਮ੍ਹਾਂ ਹੁੰਦੇ ਹਨ ਅਤੇ ਬੈਂਕ ਗਾਹਕ ਨੂੰ ਉਸ ਸਮੇਂ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਆਪਣੇ ਪੈਸੇ ਕਢਵਾਉਣ ਦੀ ਆਗਿਆ ਨਹੀਂ ਹੁੰਦੀ।
- ਮੁਦਰਾ ਵਟਾਂਦਰੇ ਦੇ ਮਾਧਿਅਮ, ਮੁੱਲ ਦੇ ਭੰਡਾਰ, ਮੁੱਲ ਦੇ ਮਾਪ ਅਤੇ ਮੁਲਤਵੀ ਭੁਗਤਾਨਾਂ ਲਈ ਇੱਕ ਸਾਧਨ ਵਜੋਂ ਕੰਮ ਕਰਦੀ ਹੈ।
- ਵਿੱਤੀ ਪ੍ਰਨਾਲ਼ੀ ਉਹ ਪ੍ਰਨਾਲ਼ੀ ਹੈ ਜੋ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਥੋੜ੍ਹੇ ਸਮੇਂ ਲਈ ਅਤੇ ਲੰਬੇ ਸਮੇਂ ਲਈ ਵਿੱਤ ਪ੍ਰਦਾਨ ਕਰਦੀ ਹੈ ਅਤੇ ਵੱਖ-ਵੱਖ ਰੂਪਾਂ ਵਿੱਚ ਜਮ੍ਹਾਂ ਰਾਸ਼ੀ ਨੂੰ ਵੀ ਸਵੀਕਾਰ ਕਰਦੀ ਹੈ।
- ਉਧਾਰ ਦੇ ਗ਼ੈਰ-ਰਸਮੀ ਸਰੋਤਾਂ ਵਿੱਚ ਸ਼ਾਹੂਕਾਰ, ਵਪਾਰੀ, ਮਾਲਕ, ਰਿਸ਼ਤੇਦਾਰ ਅਤੇ ਦੋਸਤ ਸ਼ਾਮਲ ਹੁੰਦੇ ਹਨ।
- ਸੰਸਥਾਗਤ (ਰਸਮੀ) ਸਰੋਤਾਂ ਵਿੱਚ ਬੈਂਕ ਅਤੇ ਸਹਿਕਾਰੀ ਸੰਸਥਾਵਾਂ ਸ਼ਾਮਲ ਹੁੰਦੇ ਹਨ।
- ਈ-ਬੈਂਕਿੰਗ ਇੱਕ ਇਲੈਕਟ੍ਰਾਨਿਕ ਭੁਗਤਾਨ ਪ੍ਰਨਾਲ਼ੀ ਹੈ ਜੋ ਇੱਕ ਬੈਂਕ ਜਾਂ ਹੋਰ ਵਿੱਤੀ ਸੰਸਥਾਵਾਂ ਦੇ ਗਾਹਕ ਨੂੰ ਵਿੱਤੀ ਸੰਸਥਾ ਦੀ ਵੈਬਸਾਈਟ ਦੁਆਰਾ ਵਿੱਤੀ ਲੈਣ-ਦੇਣ ਕਰਨ ਦੇ ਯੋਗ ਬਣਾਉਂਦੀ ਹੈ।



# ਅਭਿਆਸ

## ੳ. ਵਸਤੂਨਿਸ਼ਠ ਪ੍ਰਸ਼ਨ

**1. ਖ਼ਾਲੀ ਥਾਵਾਂ ਭਰੋ।**

(i) ਵਸਤੂ ਵਟਾਂਦਰਾ ਪ੍ਰਨਾਲ਼ੀ ਵਿੱਚ, ਵਸਤੂ ਦਾ ....................ਲਈ ਲੈਣ-ਦੇਣ ਕੀਤਾ ਜਾਂਦਾ ਸੀ।

(ii) ਵਸਤੂ ਵਟਾਂਦਰਾ ਪ੍ਰਨਾਲ਼ੀ ਨੂੰ .................... ਪ੍ਰਨਾਲ਼ੀ ਨਾਲ ਬਦਲਿਆ ਗਿਆ ਸੀ।

(iii) ਮੁਦਰਾ ਵਟਾਂਦਰੇ ਦੇ .................... ਵਜੋਂ ਕੰਮ ਕਰਦੀ ਹੈ।

(iv) ਮੁਦਰਾ ਸ਼ਬਦ .................... ਸ਼ਬਦ ਤੋਂ ਲਿਆ ਗਿਆ ਹੈ।

(v) ਭਾਰਤ ਵਿੱਚ .................... ਬੈਂਕ ਮੁਦਰਾ ਨੋਟ ਜਾਰੀ ਕਰਦਾ ਹੈ।

(vi) ਭਾਰਤ ਵਿੱਚ, ਹਰ ਕਿਸਮ ਦੇ ਸਿੱਕੇ ਅਤੇ ਇੱਕ ਰੁਪਏ ਦਾ ਨੋਟ .................... ਦੁਆਰਾ ਜਾਰੀ ਕੀਤਾ ਜਾਂਦਾ ਹੈ।

(vii) ਸ਼ਾਹੂਕਾਰ ਉਧਾਰ ਦੇ .................... ਸਰੋਤ ਹਨ।

(viii) ਬੈਂਕ ਅਤੇ ਸਹਿਕਾਰੀ ਸੰਸਥਾਵਾਂ ਉਧਾਰ ਦੇ .................... ਸਰੋਤ ਹਨ।

(ix) ਈ-ਬੈਂਕਿੰਗ ਵਿੱਚ 'ਈ' ਸ਼ਬਦ .................... ਨੂੰ ਦਰਸਾਉਂਦਾ ਹੈ।

(x) ਇੰਟਰਨੈੱਟ ਬੈਂਕਿੰਗ .................... ਦਾ ਇੱਕ ਰੂਪ ਹੈ।

**2. ਬਹੁ ਵਿਕਲਪਿਕ ਚੋਣ—**

(i) ਕਿਸ ਸਮੇਂ, ਗਾਹਕਾਂ ਨੂੰ ਉਨ੍ਹਾਂ ਦੇ ਮੰਗ ਜਮ੍ਹਾਂ ਖਾਤੇ ਵਿੱਚੋਂ ਪੈਸੇ ਵਾਪਸ ਲੈਣ ਦੀ ਆਗਿਆ ਹੁੰਦੀ ਹੈ?

(ੳ) ਕਦੇ ਵੀ (ਅ) ਸਮੇਂ ਦੀ ਸਮਾਪਤੀ ਤੋਂ ਪਹਿਲਾਂ

(ੲ) ਸਮੇਂ ਦੀ ਸਮਾਪਤੀ ਤੋਂ ਬਾਅਦ (ਸ) ਕਦੇ ਨਹੀਂ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਮੁਦਰਾ ਦਾ ਕਾਰਜ ਨਹੀਂ ਹੈ?

(ੳ) ਵਟਾਂਦਰੇ ਦਾ ਸਾਧਨ (ਅ) ਮੁੱਲ ਦਾ ਮਾਪ

(ੲ) ਮੁੱਲ ਦਾ ਭੰਡਾਰ (ਸ) ਬੱਚਤ ਖਾਤਾ

(iii) ਹੇਠ ਲਿਖਿਆਂ ਵਿੱਚੋਂ ਕਿਹੜਾ ਉਧਾਰ ਦਾ ਰਸਮੀ ਸਰੋਤ ਨਹੀਂ ਹੈ?

(ੳ) ਰਾਸ਼ਟਰੀਕ੍ਰਿਤ ਬੈਂਕ (ਅ) ਸਹਿਕਾਰੀ

(ੲ) ਨਿੱਜੀ ਬੈਂਕ (ਸ) ਮਹਾਜਨ

**3. ਸਹੀ/ਗ਼ਲਤ :-**

(i) ਵਸਤੂ ਵਟਾਂਦਰਾ ਪ੍ਰਨਾਲ਼ੀ ਇੱਕ ਅਜਿਹੀ ਪ੍ਰਨਾਲ਼ੀ ਹੈ, ਜਿਸ ਵਿੱਚ ਵਸਤੂਆਂ ਲਈ ਵਸਤੂਆਂ ਦਾ ਲੈਣ-ਦੇਣ ਕੀਤਾ ਜਾਂਦਾ ਸੀ। (ਸਹੀ/ਗ਼ਲਤ)

(ii) ਲੋੜਾਂ ਦਾ ਦੋਹਰਾ ਸੰਜੋਗ ਵਸਤੂ ਵਟਾਂਦਰਾ ਪ੍ਰਨਾਲ਼ੀ ਦੀ ਇੱਕ ਆਮ ਵਿਸ਼ੇਸ਼ਤਾ ਹੈ।(ਸਹੀ/ਗ਼ਲਤ)

(iii) ਮੁਦਰਾ ਵਟਾਂਦਰੇ ਦੇ ਮਾਧਿਅਮ ਵਜੋਂ ਕੰਮ ਨਹੀਂ ਕਰਦੀ ਹੈ। (ਸਹੀ/ਗ਼ਲਤ)

(iv) ਕਾਗਜ਼ੀ ਮੁਦਰਾ 13ਵੀਂ ਸਦੀ ਵਿੱਚ ਯੂਰਪ ਵਿੱਚ ਵਰਤੋਂ ਵਿੱਚ ਆਈ। (ਸਹੀ/ਗਲਤ)

(v) ਮੁਦਰਾ ਦੇ ਆਧੁਨਿਕ ਰੂਪ ਵਿੱਚ ਸਿਰਫ ਕਾਗਜ਼ੀ ਨੋਟ ਸ਼ਾਮਲ ਕੀਤੇ ਜਾਂਦੇ ਹਨ। (ਸਹੀ/ਗਲਤ)

4. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ।

**ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿੱਤੇ ਜਾਣ।**

(i) ਵਸਤੂ ਵਟਾਂਦਰਾ ਪ੍ਰਨਾਲ਼ੀ ਤੋਂ ਤੁਹਾਡਾ ਕੀ ਭਾਵ ਹੈ ?

(ii) ਲੋੜਾਂ ਦੇ ਦੋਹਰੇ ਸੰਜੋਗ ਦਾ ਕੀ ਅਰਥ ਹੈ ?

(iii) ਸਿੱਕਿਆਂ ਦੀ ਸ਼ੁਰੂਆਤ ਤੋਂ ਪਹਿਲਾਂ ਕਿਹੜੀਆਂ ਕਿਸਮਾਂ ਦੀਆਂ ਵਸਤੂਆਂ ਮੁਦਰਾ ਵਜੋਂ ਵਰਤੀਆਂ ਜਾਂਦੀਆਂ ਸਨ ?

(iv) ਉਧਾਰ ਦੇ ਰਸਮੀ ਸਰੋਤ ਕਿਹੜੇ ਹਨ ?

(v) ਉਧਾਰ ਦੇ ਗੈਰ-ਰਸਮੀ ਸਰੋਤ ਕਿਹੜੇ ਹਨ ?

## ਅ. ਛੋਟੇ ਉੱਤਰ ਵਾਲੇ ਪ੍ਰਸ਼ਨ

ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿੱਤੇ ਜਾਣ-

1. ਵਸਤੂ ਵਟਾਂਦਰਾ ਪ੍ਰਨਾਲ਼ੀ ਦੀਆਂ ਕਮੀਆਂ ਦਾ ਵਰਣਨ ਕਰੋ।
2. ਮੁਦਰਾ ਤੋਂ ਤੁਹਾਡਾ ਕੀ ਭਾਵ ਹੈ ?
3. ਮੁਦਰਾ ਦੇ ਮੁੱਖ ਕਾਰਜ ਕੀ ਹਨ ?
4. ਮੁਦਰਾ ਦੇ ਆਧੁਨਿਕ ਰੂਪ ਕਿਹੜੇ ਹਨ ?
5. ਉਧਾਰ ਦੇ ਵੱਖੋ-ਵੱਖਰੇ ਸਰੋਤਾਂ ਦੀ ਵਿਆਖਿਆ ਕਰੋ।
6. ਸਵੈ ਸਹਾਇਤਾ ਸਮੂਹਾਂ ਤੋਂ ਤੁਹਾਡਾ ਕੀ ਭਾਵ ਹੈ ?
7. ਉਧਾਰ ਗਾਹਕ ਲਈ ਕਿਵੇਂ ਲਾਭਦਾਇਕ ਹੋ ਸਕਦਾ ਹੈ ?
8. ਈ-ਬੈਂਕਿੰਗ ਕੀ ਹੈ ?

# 4

# ਭਾਰਤੀ ਅਰਥਵਿਵਸਥਾ ਵਿੱਚ ਸੇਵਾ ਖੇਤਰ (SERVICE SECTOR IN INDIAN ECONOMY)



## 4.1 ਭੂਮਿਕਾ (INTRODUCTION)

ਪਿਆਰੇ ਵਿਦਿਆਰਥੀਓ, ਜੇਕਰ ਤੁਹਾਨੂੰ ਇੱਕ ਅਰਥਵਿਵਸਥਾ ਨੂੰ ਪਰਿਭਾਸ਼ਿਤ ਕਰਨ ਲਈ ਕਿਹਾ ਜਾਵੇ, ਤਾਂ ਤੁਸੀਂ ਸਧਾਰਨ ਤੌਰ ਤੇ ਇਸ ਨੂੰ ਇੱਕ ਅਜਿਹੇ ਖੇਤਰ ਦੇ ਨਾਲ਼ ਸਬੰਧਤ ਕਰੋਗੇ, ਜਿਸ ਵਿੱਚ ਬਹੁਤ ਸਾਰੀਆਂ ਆਰਥਿਕ ਕਿਰਿਆਵਾਂ ਹੁੰਦੀਆਂ ਹਨ। ਉਦਾਹਰਨ ਦੇ ਤੌਰ ਤੇ ਜੇਕਰ ਅਸੀਂ ਭਾਰਤੀ ਅਰਥਵਿਵਸਥਾ ਦੀ ਗੱਲ ਕਰੀਏ, ਤਾਂ ਸਧਾਰਨ ਤੌਰ ਤੇ ਇਸ ਤੋਂ ਭਾਵ ਭਾਰਤ ਦੇ ਰਾਜਨੀਤਿਕ ਨਕਸ਼ੇ ਦੇ ਮੁਤਾਬਿਕ ਭਾਰਤ ਦੀ ਸੀਮਾ ਵਿੱਚ ਆਉਣ ਵਾਲ਼ੇ ਖੇਤਰ ਤੋਂ ਹੋਵੇਗਾ। ਪਰ ਅਰਥਸ਼ਾਸਤਰ ਦੇ ਮੁਤਾਬਿਕ ਇਹ ਇੱਕ ਸੰਕੁਚਿਤ ਧਾਰਨਾ ਹੈ ਕਿਉਂਕਿ ਅਰਥਵਿਵਸਥਾ ਨੂੰ ਕਿਸੇ ਵਿਸ਼ੇਸ਼ ਖੇਤਰ ਨਾਲ਼ ਸੰਬੰਧਿਤ ਨਹੀਂ ਕੀਤਾ ਜਾ ਸਕਦਾ। ਅਸਲ ਵਿੱਚ ਅਰਥਵਿਵਸਥਾ ਤੋਂ ਭਾਵ ਇੱਕ ਪ੍ਰਬੰਧ ਤੋਂ ਹੁੰਦਾ ਹੈ ਜਿਸ ਦੇ ਮੁਤਾਬਿਕ ਕਿਸੇ ਦੇਸ਼ ਵਿੱਚ ਆਰਥਿਕ ਕਿਰਿਆਵਾਂ ਦਾ ਪ੍ਰਬੰਧ ਜਾਂ ਨਿਯੰਤਰਣ ਕੀਤਾ ਜਾਂਦਾ ਹੈ। ਕਿਸੇ ਅਰਥਵਿਵਸਥਾ ਵਿੱਚ ਇਹਨਾਂ ਆਰਥਿਕ ਕਿਰਿਆਵਾਂ ਦਾ ਪ੍ਰਬੰਧ ਸਰਕਾਰ ਦੇ ਹੱਥਾਂ ਵਿੱਚ ਹੁੰਦਾ ਹੈ, ਕਿਸੇ ਅਰਥਵਿਵਸਥਾ ਵਿੱਚ ਨਿੱਜੀ ਖੇਤਰ ਇਹਨਾਂ ਤੇ ਆਪਣਾ ਅਧਿਕਾਰ ਰੱਖਦਾ ਹੈ ਅਤੇ ਕਿਸੇ ਅਰਥਵਿਵਸਥਾ ਵਿੱਚ ਇਹ ਦੋਵੇਂ ਖੇਤਰ ਇੱਕ ਦੂਜੇ ਦੇ ਨਾਲ਼ ਮਿਲ਼ ਕੇ ਕੰਮ ਕਰ ਰਹੇ ਹੁੰਦੇ ਹਨ। ਕਿਸੇ ਅਰਥਵਿਵਸਥਾ ਵਿੱਚ ਖੇਤੀ ਨੂੰ ਆਰਥਿਕ ਕਿਰਿਆ ਦੇ ਤੌਰ ਤੇ ਮਹੱਤਵ ਪ੍ਰਦਾਨ ਕਰਵਾਇਆ ਜਾਂਦਾ ਹੈ ਅਤੇ ਕਿਸੇ ਅਰਥਵਿਵਸਥਾ ਵਿੱਚ ਉਦਯੋਗਾਂ ਅਤੇ ਵਪਾਰ ਦੀ ਥਾਂ ਵੱਧ ਮਹੱਤਵਪੂਰਨ ਹੁੰਦੀ ਹੈ।

### ਅਰਥਵਿਵਸਥਾ (Economy)

ਅਰਥਵਿਵਸਥਾ ਤੋਂ ਭਾਵ ਇੱਕ ਅਜਿਹੇ ਪ੍ਰਬੰਧ ਤੋਂ ਹੈ, ਜਿਸ ਦੇ ਮੁਤਾਬਿਕ ਵੱਖ-ਵੱਖ ਤਰ੍ਹਾਂ ਦੀਆਂ ਆਰਥਿਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਇਹ ਸਾਨੂੰ ਆਰਥਿਕ ਕਿਰਿਆਵਾਂ ਦੇ ਸੁਭਾਅ ਅਤੇ ਪੱਧਰ ਬਾਰੇ ਜਾਣਕਾਰੀ ਪ੍ਰਦਾਨ ਕਰਵਾਉਂਦੀ ਹੈ। ਇਸ ਨੂੰ ਕਿਸੇ ਵੀ ਵਿਸ਼ੇਸ਼ ਖੇਤਰ ਜਾਂ ਸੀਮਾ ਤੱਕ ਸੀਮਿਤ ਨਹੀਂ ਕਰਨਾ ਚਾਹੀਦਾ। ਆਰਥਿਕ ਕਿਰਿਆਵਾਂ ਦੇ ਸੁਭਾਅ ਤੋਂ ਭਾਵ ਹੈ ਕਿ ਅਰਥਵਿਵਸਥਾ ਵਿੱਚ ਕਿਸ ਤਰ੍ਹਾਂ ਦੀਆਂ ਆਰਥਿਕ ਕਿਰਿਆਵਾਂ ਹੋ ਰਹੀਆਂ ਹਨ ਅਤੇ ਆਰਥਿਕ ਕਿਰਿਆਵਾਂ ਦੇ ਪੱਧਰ ਤੋਂ ਭਾਵ ਹੈ ਕਿ ਇਹਨਾਂ ਆਰਥਿਕ ਕਿਰਿਆਵਾਂ ਦਾ ਅਧਿਐਨ ਛੋਟੇ ਪੱਧਰ ਤੇ ਹੋ ਰਿਹਾ ਹੈ ਜਾਂ ਵੱਡੇ ਪੱਧਰ ਤੇ ?

## 4.2 ਅਰਥਵਿਵਸਥਾ ਦੇ ਖੇਤਰ (SECTORS OF ECONOMY)

ਪਿਆਰੇ ਵਿਦਿਆਰਥੀਓ, ਤੁਸੀਂ ਜਿਸ ਥਾਂ ਤੇ ਰਹਿੰਦੇ ਹੋ, ਉਸ ਥਾਂ ਦੇ ਆਲ਼ੇ-ਦੁਆਲ਼ੇ ਝਾਤ ਮਾਰੋ। ਤੁਹਾਨੂੰ ਆਪਣੇ ਆਲ਼ੇ-ਦੁਆਲ਼ੇ ਕਿਸਾਨ ਖੇਤੀ ਕਰਦੇ ਨਜ਼ਰ ਆਉਣਗੇ, ਅਧਿਆਪਕ ਸਕੂਲ ਵਿੱਚ ਪੜ੍ਹਾਉਣ ਲਈ ਜਾਂਦੇ ਹੋਏ ਨਜ਼ਰ ਆਉਣਗੇ, ਦੁਕਾਨਦਾਰ ਵੱਖ-ਵੱਖ ਤਰ੍ਹਾਂ ਦੀਆਂ ਵਸਤੂਆਂ ਨੂੰ ਵੇਚਦੇ ਹੋਏ ਨਜ਼ਰ ਆਉਣਗੇ, ਗੰਨੇ ਤੋਂ ਗੁੜ ਬਣਦਾ ਹੋਇਆ ਨਜ਼ਰ ਆਵੇਗਾ, ਟਰੱਕਾਂ 'ਤੇ ਸਾਮਾਨ ਇੱਕ ਥਾਂ ਤੋਂ ਦੂਜੀ ਥਾਂ ਤੇ ਜਾਂਦਾ ਹੋਇਆ ਨਜ਼ਰ ਆਵੇਗਾ ਆਦਿ। ਇਸ ਤਰ੍ਹਾਂ ਸਾਨੂੰ ਵੱਖ-ਵੱਖ ਲੋਕ ਵੱਖ-ਵੱਖ ਕੰਮ ਕਰਦੇ ਹੋਏ ਨਜ਼ਰ ਆਉਣਗੇ, ਜਿਸਨੂੰ ਅਸੀਂ ਆਰਥਿਕ ਕਿਰਿਆਵਾਂ ਕਹਾਂਗੇ, ਜਿਸ ਬਾਰੇ ਤੁਸੀਂ ਆਪਣੀ ਪਿਛਲੀ ਜਮਾਤ ਵਿੱਚ ਪੜ੍ਹ ਚੁੱਕੇ ਹੋ। ਇਹਨਾਂ ਆਰਥਿਕ ਕਿਰਿਆਵਾਂ ਨੂੰ ਕਰਨ ਦੇ ਪਿੱਛੇ ਮੁੱਖ ਉਦੇਸ਼ ਧਨ ਕਮਾਉਣਾ ਹੁੰਦਾ ਹੈ। ਹਰੇਕ ਵਿਅਕਤੀ ਇਹ ਆਰਥਿਕ ਕਿਰਿਆਵਾਂ ਕਿਸੇ ਇੱਕ ਜਾਂ ਦੂਜੇ ਖੇਤਰ ਵਿੱਚ ਰਹਿ ਕੇ ਕਰਦਾ ਹੈ ਅਤੇ ਇਹਨਾਂ ਖੇਤਰਾਂ ਦੇ ਆਧਾਰ ਤੇ ਹੀ ਇੱਕ ਅਰਥਵਿਵਸਥਾ ਨੂੰ ਕਈ ਭਾਗਾਂ ਵਿੱਚ ਵੰਡਿਆ ਜਾਂਦਾ ਹੈ, ਜਿਸ ਨੂੰ ਉਸ ਅਰਥਵਿਵਸਥਾ ਦੇ ਖੇਤਰ ਕਿਹਾ ਜਾਂਦਾ ਹੈ। ਇਹਨਾਂ ਖੇਤਰਾਂ ਦਾ ਨਿਰਮਾਣ ਕਈ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਂਦਾ ਹੈ। ਇਹਨਾਂ ਵਿੱਚੋਂ ਕੁਝ ਪੱਖਾਂ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ:

### 4.2.1 ਮਲਕੀਅਤ ਦੇ ਆਧਾਰ ਤੇ (On the Basis of Ownership)

ਮਲਕੀਅਤ ਤੋਂ ਭਾਵ ਹੈ ਕਿ ਕਿਹੜਾ ਖੇਤਰ ਅਰਥਵਿਵਸਥਾ ਵਿੱਚ ਉਤਪਾਦਨ ਦੇ ਸਾਧਨਾਂ ਦਾ ਮਾਲਕ ਹੈ? ਭਾਵ ਕਿਹੜਾ ਖੇਤਰ ਅਰਥਵਿਵਸਥਾ ਵਿੱਚ ਆਰਥਿਕ ਕਿਰਿਆਵਾਂ ਨੂੰ ਚਲਾ ਰਿਹਾ ਹੈ? ਇਸ ਆਧਾਰ ਤੇ ਇੱਕ ਅਰਥਵਿਵਸਥਾ ਵਿੱਚ ਤਿੰਨ ਖੇਤਰਾਂ ਦਾ ਨਿਰਮਾਣ ਕੀਤਾ ਜਾ ਸਕਦਾ ਹੈ, ਜੋ ਕਿ ਇਸ ਤਰ੍ਹਾਂ ਹਨ:-

(ੳ) **ਸਰਵਜਨਕ ਖੇਤਰ (Public Sector)** :- ਸਰਵਜਨਕ ਖੇਤਰ ਨੂੰ ਸਰਕਾਰੀ ਖੇਤਰ ਵੀ ਕਿਹਾ ਜਾਂਦਾ ਹੈ। ਇਸ ਵਿੱਚ ਉਹਨਾਂ ਸਾਰੇ ਖੇਤਰਾਂ ਦੀ ਮਲਕੀਅਤ ਨੂੰ ਸ਼ਾਮਲ ਕੀਤਾ ਜਾਂਦਾ ਹੈ ਜਿਹਨਾਂ ਤੇ ਸਰਕਾਰ ਜਾਂ ਸਰਕਾਰ ਦੁਆਰਾ ਨਿਯੁਕਤ ਕੀਤੀ ਗਈ ਕਿਸੇ ਏਜੰਸੀ ਦਾ ਅਧਿਕਾਰ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਸਰਕਾਰ ਹਮੇਸ਼ਾਂ ਇੱਕ ਕਲਿਆਣਕਾਰੀ ਸੰਸਥਾ ਦੇ ਤੌਰ ਤੇ ਕੰਮ ਕਰਦੀ ਹੈ ਅਤੇ ਇਸ ਦੇ ਨਾਤੇ ਸਾਰੇ ਲੋਕਾਂ ਨੂੰ ਉਹਨਾਂ ਦੀਆਂ ਮੂਲਭੂਤ ਸੁਵਿਧਾਵਾਂ ਪ੍ਰਦਾਨ ਕਰਵਾਉਣਾ ਚਾਹੁੰਦੀ ਹੈ ਅਤੇ ਨਾਲ਼-ਨਾਲ਼ ਉਹਨਾਂ ਨੂੰ ਨਿੱਜੀ ਖੇਤਰ ਦੇ ਸ਼ੋਸ਼ਣ ਤੋਂ ਵੀ ਬਚਾਉਣਾ ਚਾਹੁੰਦੀ ਹੈ। ਇਸ ਤਰ੍ਹਾਂ ਦੀ ਅਰਥਵਿਵਸਥਾ ਵਿੱਚ ਸਾਰੇ ਆਰਥਿਕ ਨਿਰਣੇ ਸਰਕਾਰ ਦੁਆਰਾ ਲਏ ਜਾਂਦੇ ਹਨ। ਉਦਾਹਰਨ ਦੇ ਤੌਰ ਤੇ, ਭਾਰਤ ਵਿੱਚ, ਭਾਰਤ ਸਰਕਾਰ ਦਾ ਪਰਮਾਣੂ ਊਰਜਾ ਤੇ ਪੂਰਾ ਨਿਯੰਤਰਣ ਹੈ ਅਤੇ ਰੇਲਵੇ, ਸਿੱਖਿਆ, ਸਿਹਤ ਅਤੇ ਊਰਜਾ ਆਦਿ ਖੇਤਰਾਂ ਤੇ ਅੰਸ਼ਿਕ ਨਿਯੰਤਰਣ ਹੈ। ਇਸ ਲਈ ਇਹਨਾਂ ਸਾਰਿਆਂ ਨੂੰ ਸਰਕਾਰੀ ਖੇਤਰ ਵਿੱਚ ਸ਼ਾਮਲ ਕੀਤਾ ਜਾਵੇਗਾ।

(ਅ) **ਨਿੱਜੀ ਖੇਤਰ (Private Sector)**:- ਨਿੱਜੀ ਖੇਤਰ ਨੂੰ ਪੂੰਜੀਵਾਦੀ ਖੇਤਰ ਵੀ ਕਿਹਾ ਜਾਂਦਾ ਹੈ। ਇਸ ਵਿੱਚ ਉਹਨਾਂ ਸਾਰੇ ਖੇਤਰਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਜਿਹਨਾਂ ਤੇ ਨਿੱਜੀ ਖੇਤਰ ਦਾ ਪੂਰਾ ਅਧਿਕਾਰ ਹੁੰਦਾ ਹੈ। ਇਹ ਖੇਤਰ ਸਿਰਫ਼ ਲਾਭ ਅਧਿਕਤਮ ਕਰਨ ਦੇ ਉਦੇਸ਼ ਨਾਲ਼ ਕੰਮ ਕਰਦਾ ਹੈ। ਇਸ ਤਰ੍ਹਾਂ ਦੇ ਖੇਤਰ ਵਿੱਚ ਨਿੱਜੀ ਖੇਤਰ ਨੂੰ ਵੱਖ-ਵੱਖ ਤਰ੍ਹਾਂ ਦੀਆਂ ਆਰਥਿਕ ਕਿਰਿਆਵਾਂ ਕਰਨ ਦੀ ਪੂਰੀ ਅਜ਼ਾਦੀ ਪ੍ਰਦਾਨ ਕਰਵਾਈ ਜਾਂਦੀ ਹੈ ਅਤੇ ਸਾਰੇ ਨਿਰਣੇ ਨਿੱਜੀ ਖੇਤਰ ਦੁਆਰਾ ਲਏ ਜਾਂਦੇ ਹਨ।

(ੲ) **ਮਿਸ਼ਰਿਤ ਖੇਤਰ (Mixed Sector)**:- ਮਿਸ਼ਰਿਤ ਖੇਤਰ ਉਹ ਖੇਤਰ ਹੁੰਦਾ ਹੈ, ਜਿਸ ਵਿੱਚ ਸਰਕਾਰੀ ਅਤੇ ਨਿੱਜੀ ਖੇਤਰ ਮਿਲ਼ ਕੇ ਕੰਮ ਕਰਦੇ ਹਨ। ਅਰਥਵਿਵਸਥਾ ਦੇ ਸਭ ਤੋਂ ਮਹੱਤਵਪੂਰਨ ਖੇਤਰਾਂ ਤੇ ਸਰਕਾਰ ਆਪਣਾ ਅਧਿਕਾਰ ਰੱਖਦੀ ਹੈ ਅਤੇ ਘੱਟ ਮਹੱਤਵਪੂਰਨ ਖੇਤਰਾਂ ਨੂੰ ਨਿੱਜੀ ਖੇਤਰ ਨੂੰ ਸੌਂਪ ਦਿੰਦੀ ਹੈ। ਇਸ ਵਿੱਚ ਇਹ ਦੋਵੇਂ ਖੇਤਰ ਮਿਲ਼ ਕੇ ਆਰਥਿਕ ਨਿਰਣੇ ਲੈਂਦੇ ਹਨ। ਭਾਰਤ ਇਸ ਤਰ੍ਹਾਂ ਦੀ ਮਿਸ਼ਰਿਤ ਅਰਥਵਿਵਸਥਾ ਦੀ ਹੀ ਇੱਕ ਉਦਾਹਰਨ ਹੈ।

### 4.2.2. ਕੰਮ ਦੀਆਂ ਸਥਿਤੀਆਂ ਦੇ ਆਧਾਰ ਤੇ (On the basis of Working Conditions) :

ਕੰਮ ਦੀਆਂ ਸਥਿਤੀਆਂ ਤੋਂ ਭਾਵ ਕਰਮਚਾਰੀਆਂ ਦੇ ਕੰਮ ਕਰਨ ਲਈ ਨਿਰਧਾਰਿਤ ਕੀਤੀਆਂ ਗਈਆਂ ਸ਼ਰਤਾਂ ਅਤੇ ਸਥਿਤੀਆਂ ਤੋਂ ਹੈ ਭਾਵ ਕੀ ਕਰਮਚਾਰੀ ਪਹਿਲਾਂ ਤੋਂ ਹੀ ਕੰਮ ਲਈ ਨਿਰਧਾਰਿਤ ਨਿਯਮਾਂ ਅਤੇ ਕਾਨੂੰਨਾਂ ਹੇਠ ਕੰਮ ਕਰਨਗੇ

ਜਾਂ ਨਹੀਂ ? ਇਸ ਆਧਾਰ ਤੇ ਕਿਸੇ ਅਰਥਵਿਵਸਥਾ ਵਿੱਚ ਦੋ ਖੇਤਰ ਹੁੰਦੇ ਹਨ, ਜੋ ਕਿ ਇਸ ਤਰ੍ਹਾਂ ਹਨ:-

(ੳ) **ਸੰਗਠਿਤ ਖੇਤਰ (Organized Sector)**:- ਜਿਵੇਂ ਕਿ ਇਸ ਖੇਤਰ ਦੇ ਨਾਂ ਤੋਂ ਹੀ ਸਪੱਸ਼ਟ ਹੈ ਕਿ ਇਹ ਉਹ ਖੇਤਰ ਹੁੰਦਾ ਹੈ ਜੋ ਕਿ ਪੂਰੀ ਤਰ੍ਹਾਂ ਨਾਲ਼ ਸੰਗਠਿਤ ਹੁੰਦਾ ਹੈ ਭਾਵ ਇਸ ਵਿਚ ਕੰਮ ਕਰਨ ਵਾਲ਼ੇ ਕਰਮਚਾਰੀ ਵਿਸ਼ੇਸ਼ ਨਿਯਮਾਂ ਅਤੇ ਕਾਨੂੰਨਾਂ ਹੇਠ ਕੰਮ ਕਰਦੇ ਹਨ। ਇਸ ਖੇਤਰ ਵਿੱਚ ਕੰਮ ਕਰਨ ਵਾਲ਼ੇ ਕਰਮਚਾਰੀਆਂ ਦੀਆਂ ਨਿਸ਼ਚਿਤ ਤਨਖਾਹਾਂ, ਭੱਤੇ, ਕੰਮ ਕਰਨ ਦੇ ਘੰਟੇ, ਛੁੱਟੀ ਦੇ ਨਿਯਮ, ਪੈਨਸ਼ਨ ਅਤੇ ਹੋਰ ਸਮਾਜਿਕ ਸੁਰੱਖਿਆ ਨਿਯਮ ਹੁੰਦੇ ਹਨ। ਕਿਉਂਕਿ ਇਸ ਖੇਤਰ ਦੇ ਕਰਮਚਾਰੀ ਇੱਕ ਬਹੁਤ ਹੀ ਪ੍ਰਬੰਧਤ ਅਤੇ ਨਿਯੰਤਰਿਤ ਖੇਤਰ ਵਿੱਚ ਕੰਮ ਕਰ ਰਹੇ ਹੁੰਦੇ ਹਨ, ਇਸ ਲਈ ਉਹ ਆਪਣੀ ਨੌਕਰੀ ਦੇ ਪੱਖੋਂ ਬਹੁਤ ਹੀ ਸੁਰੱਖਿਅਤ ਹੁੰਦੇ ਹਨ। ਆਮਤੌਰ ਤੇ ਜੋ ਲੋਕ ਸਰਕਾਰੀ ਜਾਂ ਅਰਧ-ਸਰਕਾਰੀ ਸੰਸਥਾਵਾਂ ਵਿੱਚ ਕੰਮ ਕਰ ਰਹੇ ਹੁੰਦੇ ਹਨ, ਉਹਨਾਂ ਨੂੰ ਸੰਗਠਿਤ ਖੇਤਰ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

(ਅ) **ਅਸੰਗਠਿਤ ਖੇਤਰ (Unorganised Sector)**:- ਇਹ ਖੇਤਰ ਕੰਮ ਕਰਨ ਵਾਲ਼ੇ ਕਰਮਚਾਰੀਆਂ ਦੀਆਂ ਤਨਖਾਹਾਂ, ਭੱਤੇ, ਕੰਮ ਕਰਨ ਦੇ ਘੰਟੇ, ਛੁੱਟੀ ਦੇ ਨਿਯਮ, ਪੈਨਸ਼ਨ ਅਤੇ ਹੋਰ ਸਮਾਜਿਕ ਸੁਰੱਖਿਆ ਨਿਯਮਾਂ ਦੇ ਪੱਖੋਂ ਸੰਗਠਿਤ ਖੇਤਰ ਦੇ ਬਿਲਕੁਲ ਵਿਪਰੀਤ ਹੁੰਦਾ ਹੈ ਕਿਉਂਕਿ ਇਸ ਖੇਤਰ ਵਿੱਚ ਇਹ ਸਾਰੇ ਨਿਸ਼ਚਿਤ ਨਹੀਂ ਹੁੰਦੇ। ਕੰਮ ਕਰਨ ਦੀਆਂ ਸ਼ਰਤਾਂ ਅਤੇ ਹੋਰ ਨਿਯਮ ਪੂਰੀ ਤਰ੍ਹਾਂ ਨਾਲ਼ ਕੰਮ ਦੇਣ ਵਾਲੇ ਵਿਅਕਤੀ ਦੀ ਮਰਜ਼ੀ ਤੇ ਨਿਰਭਰ ਕਰਦੇ ਹਨ। ਮਾਲਕ, ਕਰਮਚਾਰੀਆਂ ਤੋਂ ਆਪਣੀ ਮਰਜ਼ੀ ਦੇ ਮੁਤਾਬਿਕ ਕੰਮ ਲੈਂਦਾ ਹੈ ਅਤੇ ਉਹਨਾਂ ਨੂੰ ਆਪਣੀ ਮਰਜ਼ੀ ਦੇ ਮੁਤਾਬਕ ਤਨਖ਼ਾਹ ਪ੍ਰਦਾਨ ਕਰਵਾਉਂਦਾ ਹੈ। ਮਜ਼ਦੂਰਾਂ ਨੂੰ ਪੱਕਾ ਕੰਮ, ਪੱਕੀ ਤਨਖ਼ਾਹ ਅਤੇ ਹੋਰ ਸਮਾਜਿਕ ਸੁਰੱਖਿਆ ਲਾਭ ਪ੍ਰਾਪਤ ਨਹੀਂ ਹੁੰਦੇ। ਉਹਨਾਂ ਨੂੰ ਛੁੱਟੀ ਦੇ ਲਾਭ ਅਤੇ ਸਹੀ ਕੰਮ ਕਰਨ ਦੀਆਂ ਸਥਿਤੀਆਂ ਪ੍ਰਦਾਨ ਨਹੀਂ ਕਰਵਾਈਆਂ ਜਾਂਦੀਆਂ। ਅਸੰਗਠਿਤ ਖੇਤਰ ਵਿੱਚ ਮੁੱਖ ਤੌਰ ਤੇ ਪੇਂਡੂ ਮਜ਼ਦੂਰਾਂ ਅਤੇ ਸ਼ਹਿਰੀ ਮਜ਼ਦੂਰਾਂ ਦੇ ਇੱਕ ਬਹੁਤ ਵੱਡੇ ਭਾਗ ਨੂੰ ਸ਼ਾਮਲ ਕੀਤਾ ਜਾਂਦਾ ਹੈ। ਛੋਟੇ ਅਤੇ ਸੀਮਾਂਤ ਮਜ਼ਦੂਰ, ਭੂਮੀਹੀਨ ਕਿਸਾਨ, ਠੇਕੇ ਤੇ ਰੱਖੇ ਗਏ ਮਜ਼ਦੂਰ ਅਤੇ ਕੱਚੇ ਮਜ਼ਦੂਰ, ਘਰੇਲੂ ਨੌਕਰ, ਮੱਛੀਆਂ ਫੜਨ ਵਾਲੇ, ਸਬਜ਼ੀ ਅਤੇ ਫਲ ਵੇਚਣ ਵਾਲ਼ੇ, ਅਖ਼ਬਾਰ ਵੰਡਣ ਵਾਲ਼ੇ ਆਦਿ ਲੋਕਾਂ ਨੂੰ ਇਸ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

### 4.2.3 ਆਰਥਿਕ ਕਿਰਿਆਵਾਂ ਦੇ ਸੁਭਾਅ ਦੇ ਆਧਾਰ ਤੇ (On the basis of Nature of Economic Activities)

ਇਸ ਵਿੱਚ ਲੋਕਾਂ ਨੂੰ ਉਹਨਾਂ ਦੁਆਰਾ ਕੀਤੀਆਂ ਜਾਣ ਵਾਲ਼ੀਆਂ ਆਰਥਿਕ ਕਿਰਿਆਵਾਂ ਦੇ ਸੁਭਾਅ ਦੇ ਆਧਾਰ ਤੇ ਭਾਵ ਉਹਨਾਂ ਦੁਆਰਾ ਕਿਸ ਤਰ੍ਹਾਂ ਦੀਆਂ ਆਰਥਿਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ, ਦੇ ਆਧਾਰ ਤੇ ਵੱਖ-ਵੱਖ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਇਸ ਆਧਾਰ ਤੇ ਅਰਥਵਿਵਸਥਾ ਵਿੱਚ ਹੇਠ ਲਿਖੇ ਖੇਤਰ ਹੋ ਸਕਦੇ ਹਨ:

(ੳ) **ਪ੍ਰਾਥਮਿਕ ਖੇਤਰ (Primary Sector)** :- ਆਮਤੌਰ ਤੇ ਪ੍ਰਾਥਮਿਕ ਖੇਤਰ ਨੂੰ ਸਿਰਫ਼ ਖੇਤੀ ਕਰਨ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਪਰ ਇਹ ਪ੍ਰਾਥਮਿਕ ਖੇਤਰ ਦਾ ਇੱਕ ਸੰਕੁਚਿਤ ਅਰਥ ਹੈ। ਜਦਕਿ ਪ੍ਰਾਥਮਿਕ ਖੇਤਰ ਤੋਂ ਭਾਵ ਇੱਕ ਅਜਿਹੇ ਖੇਤਰ ਤੋਂ ਹੈ ਜਿਸਦਾ ਸੰਬੰਧ ਉਹਨਾਂ ਕਿਰਿਆਵਾਂ ਦੇ ਨਾਲ਼ ਹੈ ਜੋ ਕਿ ਸਿੱਧੇ ਤੌਰ ਤੇ ਕੁਦਰਤ ਤੇ ਨਿਰਭਰ



ਚਿੱਤਰ 4.1

ਕਰਦੀਆਂ ਹਨ ਕਿਉਂਕਿ ਇਹਨਾਂ ਕਿਰਿਆਵਾਂ ਵਿੱਚ ਕੁਦਰਤ ਦੁਆਰਾ ਦਿੱਤੇ ਗਏ ਸਾਧਨਾਂ ਜਿਵੇਂ ਕਿ ਭੂਮੀ, ਪਾਣੀ, ਵਨਸਪਤੀ ਅਤੇ ਖਣਿਜ ਪਦਾਰਥਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਸ ਲਈ ਉਹ ਖੇਤਰ ਜੋ ਉਤਪਾਦਨ ਕਰਨ ਲਈ ਕੁਦਰਤੀ ਸਾਧਨਾਂ ਦੀ ਵਰਤੋਂ ਕਰਦਾ ਹੈ, ਨੂੰ ਪ੍ਰਾਥਮਿਕ ਖੇਤਰ ਕਿਹਾ ਜਾਂਦਾ ਹੈ। ਇਸ ਵਿੱਚ ਉਪਰੋਕਤ ਤੋਂ ਇਲਾਵਾ ਸ਼ਿਕਾਰ, ਪੇਂਡੂ ਕਿਰਿਆਵਾਂ, ਮੱਛੀ ਪਾਲਣ, ਵਣ, ਖੇਤੀ, ਡੇਅਰੀ ਫਾਰਮਿੰਗ ਆਦਿ

ਨੂੰ ਸ਼ਾਮਲ ਕੀਤਾ ਜਾਂਦਾ ਹੈ।

(ਅ) **ਗੌਣ ਖੇਤਰ (Secondary Sector):-** ਗੌਣ ਖੇਤਰ ਨੂੰ ਨਿਰਮਾਣ ਖੇਤਰ ਵੀ ਕਿਹਾ ਜਾਂਦਾ ਹੈ। ਇਹ ਖੇਤਰ ਪ੍ਰਾਥਮਿਕ ਖੇਤਰ ਦੁਆਰਾ ਪ੍ਰਦਾਨ ਕਰਵਾਏ ਗਏ ਸਾਧਨਾਂ ਦੀ ਕੱਚੇ ਮਾਲ ਦੇ ਤੌਰ ਤੇ ਵਰਤੋਂ ਕਰਦਾ ਹੈ ਅਤੇ ਇੱਕ ਉਤਪਾਦਨ ਪ੍ਰਕਿਰਿਆ ਦੇ ਦੁਆਰਾ ਇਸ ਕੱਚੇ ਮਾਲ ਨੂੰ ਅੰਤਿਮ ਵਸਤੂਆਂ ਵਿੱਚ ਬਦਲਦਾ ਹੈ। ਉਦਾਹਰਣ ਦੇ ਤੌਰ ਤੇ, ਇਹ ਖੇਤਰ



*ਚਿੱਤਰ 4.2*

ਪ੍ਰਾਥਮਿਕ ਖੇਤਰ ਤੋਂ ਨਰਮਾ ਪ੍ਰਾਪਤ ਕਰਦਾ ਹੈ ਅਤੇ ਉਸ ਤੋਂ ਕੱਪੜੇ ਦਾ ਨਿਰਮਾਣ ਕਰਦਾ ਹੈ। ਇਸ ਤਰ੍ਹਾਂ ਇਹ ਖੇਤਰ ਪ੍ਰਾਥਮਿਕ ਖੇਤਰ ਤੋਂ ਗੰਨਾ ਪ੍ਰਾਪਤ ਕਰਦਾ ਹੈ ਅਤੇ ਉਸ ਤੋਂ ਖੰਡ ਦਾ ਨਿਰਮਾਣ ਕਰਦਾ ਹੈ। ਇਸ ਤਰ੍ਹਾਂ ਹੀ ਇਹ ਪ੍ਰਾਥਮਿਕ ਖੇਤਰ ਤੋਂ ਬਹੁਤ ਸਾਰੇ ਖਣਿਜ ਪਦਾਰਥ ਪ੍ਰਾਪਤ ਕਰਦਾ ਹੈ ਅਤੇ ਉਹਨਾਂ ਨੂੰ ਅੰਤਿਮ ਵਸਤੂਆਂ ਵਿੱਚ ਬਦਲਣ ਦਾ ਕੰਮ ਕਰਦਾ ਹੈ। ਇਸ ਖੇਤਰ ਵਿੱਚ ਮੁੱਖ ਤੌਰ ਤੇ ਛੋਟੀਆਂ ਵਰਕਸ਼ਾਪਾਂ, ਮਿੱਟੀ ਦੇ ਬਰਤਨ ਬਣਾਉਣ ਵਾਲੇ ਘੁਮਿਆਰ, ਰੰਗ ਕਰਨ ਵਾਲੇ, ਕੱਪੜਾ, ਲੋਹਾ-ਇਸਪਾਤ, ਰਸਾਇਣ, ਪਲਾਸਟਿਕ, ਕਾਰਾਂ ਆਦਿ ਬਣਾਉਣ ਵਾਲੀਆਂ ਫ਼ਰਮਾਂ ਅਤੇ ਫੈਕਟਰੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

(ੲ) **ਟਰਸ਼ਰੀ ਖੇਤਰ ਜਾਂ ਸੇਵਾ ਖੇਤਰ (Tertiary Sector or Service Sector):-** ਟਰਸ਼ਰੀ ਖੇਤਰ ਜਾਂ ਸੇਵਾ ਖੇਤਰ ਨੂੰ ਅਰਥਵਿਵਸਥਾ ਦਾ ਤੀਜਾ ਸਭ ਤੋਂ ਮਹੱਤਵਪੂਰਨ ਖੇਤਰ ਮੰਨਿਆ ਜਾਂਦਾ ਹੈ। ਇਹ ਖੇਤਰ ਵਸਤੂਆਂ ਦੇ ਪ੍ਰਤੱਖ ਉਤਪਾਦਨ ਦੇ ਨਾਲ ਸਬੰਧ ਨਹੀਂ ਰੱਖਦਾ। ਇਹ ਖੇਤਰ ਤਾਂ ਪ੍ਰਾਥਮਿਕ ਖੇਤਰ ਅਤੇ ਗੌਣ ਖੇਤਰ ਨੂੰ ਆਪਣੀਆਂ ਵਸਤੂਆਂ ਬਣਾਉਣ ਅਤੇ ਉਹਨਾਂ ਦੀ ਵੰਡ ਕਰਨ ਲਈ ਆਪਣੀਆਂ ਸੇਵਾਵਾਂ ਪ੍ਰਦਾਨ ਕਰਵਾਉਂਦਾ ਹੈ। ਉਦਾਹਰਨ ਦੇ ਤੌਰ ਤੇ ਪ੍ਰਾਥਮਿਕ ਖੇਤਰ ਗੰਨੇ ਦਾ ਉਤਪਾਦਨ ਕਰਦਾ ਹੈ, ਜਿਸ ਦੀ ਵਰਤੋਂ ਗੌਣ ਖੇਤਰ ਦੁਆਰਾ ਕੱਚੇ ਮਾਲ ਦੇ ਤੌਰ ਤੇ ਕੀਤੀ ਜਾਂਦੀ ਹੈ ਤਾਂ ਕਿ ਉਹ



*ਚਿੱਤਰ 4.3*

ਇਸ ਤੋਂ ਖੰਡ ਦਾ ਉਤਪਾਦਨ ਕਰ ਸਕੇ। ਸੇਵਾ ਖੇਤਰ, ਪ੍ਰਾਥਮਿਕ ਅਤੇ ਗੌਣ ਖੇਤਰ ਦੀ ਬੈਂਕਾਂ ਤੋਂ ਵਿੱਤ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ ਤਾਂ ਕਿ ਉਹ ਇਸ ਉਤਪਾਦਨ ਨੂੰ ਕਰਨ ਲਈ ਧਨ ਦੀ ਕਮੀ ਮਹਿਸੂਸ ਨਾ ਕਰਨ ਅਤੇ ਇਸ ਤੋਂ ਬਾਅਦ ਇਸ ਉਤਪਾਦਨ ਦੀ ਦੇਸ਼ ਅਤੇ ਵਿਦੇਸ਼ਾਂ ਵਿੱਚ ਵੰਡ ਕਰਨ ਲਈ ਯਾਤਾਯਾਤ ਸੇਵਾਵਾਂ ਦੇ ਰੂਪ ਵਿੱਚ ਮਦਦ ਕਰਦਾ ਹੈ। ਇਸ ਖੇਤਰ ਵਿੱਚ ਮੁੱਖ ਤੌਰ ਤੇ ਬੈਂਕਿੰਗ ਸੇਵਾਵਾਂ, ਬੀਮਾ ਸੇਵਾਵਾਂ, ਯਾਤਾਯਾਤ ਦੇ ਸਾਧਨਾਂ ਦੀਆਂ ਸੇਵਾਵਾਂ, ਸੰਚਾਰ ਦੇ ਸਾਧਨਾਂ ਦੀਆਂ ਸੇਵਾਵਾਂ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਸ ਵਿੱਚ ਇਹਨਾਂ ਤੋਂ ਇਲਾਵਾ ਅਧਿਆਪਕ, ਡਾਕਟਰ, ਇੰਜੀਨੀਅਰ ਆਦਿ ਦੀਆਂ ਸੇਵਾਵਾਂ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ, ਜੋ ਕਿ ਪ੍ਰਤੱਖ ਰੂਪ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕਰਵਾਉਂਦੇ ਹਨ।

### 4.2.3.1 ਖੇਤਰਾਂ ਦੀ ਆਪਸੀ ਨਿਰਭਰਤਾ (Interdependence among the Sectors)

ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਦਾ ਅਧਿਐਨ ਕਰਨ ਤੋਂ ਬਾਅਦ ਇਹ ਗੱਲ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ

ਕਿ ਅਰਥਵਿਵਸਥਾ ਦੇ ਇਹ ਤਿੰਨ ਖੇਤਰ ਭਾਵ ਪ੍ਰਾਥਮਿਕ ਖੇਤਰ, ਗੌਣ ਖੇਤਰ ਅਤੇ ਸੇਵਾ ਖੇਤਰ ਆਦਿ ਆਪਣੇ ਆਪ ਵਿੱਚ ਆਤਮ-ਨਿਰਭਰ ਖੇਤਰ ਨਹੀਂ ਹਨ, ਬਲਕਿ ਇੱਕ ਦੂਜੇ ਤੇ ਕਾਫ਼ੀ ਹੱਦ ਤੱਕ ਨਿਰਭਰ ਕਰਦੇ ਹਨ। ਇਹਨਾਂ ਖੇਤਰਾਂ ਦੀ ਆਪਸੀ ਨਿਰਭਰਤਾ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ:

(ੳ) ਪ੍ਰਾਥਮਿਕ ਖੇਤਰ, ਗੌਣ ਖੇਤਰ ਨੂੰ ਵੱਖ-ਵੱਖ ਵਸਤੂਆਂ ਦਾ ਉਤਪਾਦਨ ਕਰਨ ਲਈ ਕੱਚਾ ਮਾਲ ਪ੍ਰਦਾਨ ਕਰਵਾਉਂਦਾ ਹੈ ਅਤੇ ਇਸ ਕੱਚੇ ਮਾਲ ਦੀ ਮਦਦ ਨਾਲ਼ ਹੀ ਗੌਣ ਖੇਤਰ ਵੱਖ-ਵੱਖ ਅੰਤਿਮ ਵਸਤੂਆਂ ਦਾ ਉਤਪਾਦਨ ਕਰ ਪਾਉਂਦਾ ਹੈ।

(ਅ) ਪ੍ਰਾਥਮਿਕ ਖੇਤਰ, ਗੌਣ ਖੇਤਰ ਦੁਆਰਾ ਬਣਾਈਆਂ ਹੋਈਆਂ ਵਸਤੂਆਂ ਅਤੇ ਸੇਵਾ ਖੇਤਰ ਦੁਆਰਾ ਪ੍ਰਦਾਨ ਕਰਵਾਈਆਂ ਗਈਆਂ ਸੇਵਾਵਾਂ ਦਾ ਖ਼ਰੀਦਦਾਰ ਵੀ ਹੁੰਦਾ ਹੈ। ਜੇਕਰ ਕਿਸੇ ਦੇਸ਼ ਦਾ ਪ੍ਰਾਥਮਿਕ ਖੇਤਰ ਵਿਕਸਿਤ ਹੋਵੇਗਾ, ਤਾਂ ਇਸ ਖੇਤਰ ਵਿੱਚ ਕੰਮ ਕਰ ਰਹੇ ਲੋਕਾਂ ਦੀ ਆਮਦਨ ਵੀ ਵੱਧ ਹੋਵੇਗੀ ਅਤੇ ਜਿਸ ਨਾਲ਼ ਉਹ ਗੌਣ ਖੇਤਰ ਦੀਆਂ ਵਸਤੂਆਂ ਅਤੇ ਸੇਵਾ ਖੇਤਰ ਦੀਆਂ ਸੇਵਾਵਾਂ ਦੀ ਮੰਗ ਵੱਧ ਕਰਣਗੇ। ਇਸ ਤਰ੍ਹਾਂ ਪ੍ਰਾਥਮਿਕ ਖੇਤਰ, ਗੌਣ ਅਤੇ ਸੇਵਾ ਖੇਤਰ ਦੀਆਂ ਵਸਤੂਆਂ ਅਤੇ ਸੇਵਾਵਾਂ ਲਈ ਮੰਗ ਪੈਦਾ ਕਰਕੇ ਇਹਨਾਂ ਖੇਤਰਾਂ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਦਿੰਦਾ ਹੈ।

(ੲ) ਪ੍ਰਾਥਮਿਕ ਖੇਤਰ, ਗੌਣ ਖੇਤਰ ਅਤੇ ਸੇਵਾ ਖੇਤਰ ਵਿੱਚ ਕੰਮ ਕਰ ਰਹੇ ਲੋਕਾਂ ਨੂੰ ਖਾਣ-ਪੀਣ ਦੀਆਂ ਵਸਤੂਆਂ ਜਿਵੇਂ ਕਿ ਕਣਕ, ਚਾਵਲ, ਦਾਲਾਂ ਆਦਿ ਪ੍ਰਦਾਨ ਕਰਵਾਉਂਦਾ ਹੈ।

(ਸ) ਪ੍ਰਾਥਮਿਕ ਅਤੇ ਸੇਵਾ ਖੇਤਰ ਨੂੰ ਆਪਣਾ ਵਿਕਾਸ ਕਰਨ ਲਈ ਨਵੀਆਂ ਤਕਨੀਕਾਂ ਦੀ ਲੋੜ ਹੁੰਦੀ ਹੈ ਅਤੇ ਇਹ ਨਵੀਆਂ ਤਕਨੀਕਾਂ ਇਹਨਾਂ ਦੋਹਾਂ ਖੇਤਰਾਂ ਨੂੰ ਗੌਣ ਖੇਤਰ ਦੁਆਰਾ ਪ੍ਰਦਾਨ ਕਰਵਾਈਆਂ ਜਾਂਦੀਆਂ ਹਨ। ਗੌਣ ਖੇਤਰ, ਪ੍ਰਾਥਮਿਕ ਖੇਤਰ ਲਈ ਟਰੈਕਟਰ, ਕੰਬਾਈਨ, ਮੋਟਰਾਂ ਆਦਿ ਦਾ ਨਿਰਮਾਣ ਕਰਦਾ ਹੈ ਅਤੇ ਸੇਵਾ ਖੇਤਰ ਲਈ ਯਾਤਾਯਾਤ ਦੇ ਸਾਧਨਾਂ ਜਿਵੇਂ ਕਿ ਬੱਸਾਂ, ਰੇਲਾਂ, ਹਵਾਈ ਜਹਾਜ਼ਾਂ ਅਤੇ ਬੈਂਕਿੰਗ ਯੰਤਰਾਂ ਜਿਵੇਂ ਕਿ ATMs, ਕੰਪਿਊਟਰਾਂ ਆਦਿ ਦਾ ਨਿਰਮਾਣ ਕਰਦਾ ਹੈ।

(ਹ) ਗੌਣ ਖੇਤਰ, ਪ੍ਰਾਥਮਿਕ ਖੇਤਰ ਨੂੰ ਵਧੀਆ ਬੀਜ, ਖਾਦਾਂ, ਦਵਾਈਆਂ ਆਦਿ ਪ੍ਰਦਾਨ ਕਰਵਾਉਂਦਾ ਹੈ, ਤਾਂ ਕਿ ਇਹ ਖੇਤਰ ਆਪਣਾ ਵਿਕਾਸ ਕਰ ਸਕੇ।

(ਕ) ਗੌਣ ਖੇਤਰ, ਪ੍ਰਾਥਮਿਕ ਖੇਤਰ ਦੀ ਵਾਧੂ ਕਿਰਤ ਸ਼ਕਤੀ ਭਾਵ ਅਜਿਹੇ ਮਜ਼ਦੂਰ ਜਿਹਨਾਂ ਨੂੰ ਪ੍ਰਾਥਮਿਕ ਖੇਤਰ ਵਿੱਚ ਕੰਮ ਨਹੀਂ ਮਿਲ਼ਦਾ, ਨੂੰ ਕੰਮ ਪ੍ਰਦਾਨ ਕਰਵਾਉਂਦਾ ਹੈ। ਇਸ ਤਰ੍ਹਾਂ ਗੌਣ ਖੇਤਰ, ਪ੍ਰਾਥਮਿਕ ਖੇਤਰ ਵਿੱਚ ਪਾਈ ਜਾਣ ਵਾਲੀ ਛੁਪੀ ਹੋਈ ਬੇਰੁਜ਼ਗਾਰੀ ਦੀ ਸਮੱਸਿਆ ਦਾ ਹੱਲ ਕਰਨ ਵਿੱਚ ਮਦਦ ਕਰਦਾ ਹੈ।

(ਖ) ਗੌਣ ਖੇਤਰ, ਪ੍ਰਾਥਮਿਕ ਖੇਤਰ ਵਿੱਚ ਕੰਮ ਕਰ ਰਹੇ ਲੋਕਾਂ ਨੂੰ ਬਹੁਤ ਸਾਰੀਆਂ ਜੀਵਨ ਸੁਵਿਧਾਵਾਂ ਜਿਵੇਂ ਕਿ ਰੈਫਰੀਜਰੇਟਰ, ਟੈਲੀਵਿਜ਼ਨ, ਕਾਰ, ਏਅਰ ਕੰਡੀਸ਼ਨਰ ਆਦਿ ਪ੍ਰਦਾਨ ਕਰਵਾਉਂਦਾ ਹੈ, ਤਾਂ ਕਿ ਉਹ ਆਪਣੀ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾ ਸਕਣ।

(ਗ) ਪ੍ਰਾਥਮਿਕ ਅਤੇ ਗੌਣ ਖੇਤਰ ਨੂੰ ਆਪਣਾ ਵਿਕਾਸ ਕਰਨ ਲਈ ਵਿੱਤ ਦੀ ਲੋੜ ਹੁੰਦੀ ਹੈ ਅਤੇ ਇਹ ਵਿੱਤ ਇਹਨਾਂ ਖੇਤਰਾਂ ਨੂੰ ਸੇਵਾ ਖੇਤਰ ਦੁਆਰਾ ਬੈਂਕਾਂ, ਬੀਮਾ ਕੰਪਨੀਆਂ ਅਤੇ ਹੋਰ ਵਿੱਤੀ ਸੰਸਥਾਵਾਂ ਦੁਆਰਾ ਪ੍ਰਦਾਨ ਕਰਵਾਇਆ ਜਾਂਦਾ ਹੈ।

(ਘ) ਸੇਵਾ ਖੇਤਰ, ਪ੍ਰਾਥਮਿਕ ਅਤੇ ਗੌਣ ਖੇਤਰ ਦੀ ਆਪਣੀਆਂ ਯਾਤਾਯਾਤ ਸੇਵਾਵਾਂ ਰਾਹੀਂ ਮਦਦ ਕਰਦਾ ਹੈ, ਤਾਂ ਕਿ ਇਹਨਾਂ ਦੁਆਰਾ ਬਣਾਈਆਂ ਗਈਆਂ ਵਸਤੂਆਂ ਨੂੰ ਹਰ ਥਾਂ ਤੇ ਉਪਲੱਬਧ ਕਰਵਾਇਆ ਜਾ ਸਕੇ।

(ਙ) ਸੇਵਾ ਖੇਤਰ, ਪ੍ਰਾਥਮਿਕ ਖੇਤਰ ਅਤੇ ਗੌਣ ਖੇਤਰ ਨੂੰ ਸੰਚਾਰ ਦੇ ਸਾਧਨਾਂ ਦੀਆਂ ਸੇਵਾਵਾਂ ਪ੍ਰਦਾਨ ਕਰਵਾਉਂਦਾ ਹੈ, ਤਾਂ ਕਿ ਇਹਨਾਂ ਖੇਤਰਾਂ ਨੂੰ ਬਜ਼ਾਰ ਦੀਆਂ ਸੂਚਨਾਵਾਂ ਸਮੇਂ ਸਿਰ ਪ੍ਰਾਪਤ ਹੋ ਸਕਣ।

(ਚ) ਸੇਵਾ ਖੇਤਰ ਦੁਆਰਾ ਬਹੁਤ ਸਾਰੀਆਂ ਸੇਵਾਵਾਂ ਜਿਵੇਂ ਕਿ ਅਧਿਆਪਨ, ਸਿਹਤ, ਕਾਨੂੰਨ, ਸੂਚਨਾ ਤਕਨੀਕ ਆਦਿ ਪ੍ਰਦਾਨ ਕਰਵਾਈਆਂ ਜਾਂਦੀਆਂ ਹਨ, ਜੋ ਕਿ ਪ੍ਰਤੱਖ ਰੂਪ ਵਿੱਚ ਵਸਤੂਆਂ ਦਾ ਉਤਪਾਦਨ ਕਰਨ ਵਿਚ ਮਦਦ ਨਹੀਂ ਕਰਦੀਆਂ, ਪਰ ਫਿਰ ਵੀ ਪ੍ਰਾਥਮਿਕ ਅਤੇ ਗੌਣ ਖੇਤਰ ਵਿੱਚ ਉਤਪਾਦਨ ਕਰਨ ਲਈ ਜ਼ਰੂਰੀ ਹਨ।

## ਕਿਰਿਆ

1. ਸਰਕਾਰ ਸਰਵਜਨਕ ਖੇਤਰ ਵਿੱਚ ਆਰਥਿਕ ਕਿਰਿਆਵਾਂ ਤੇ ਆਪਣਾ ਨਿਯੰਤਰਣ ਕਿਉਂ ਰੱਖਦੀ ਹੈ?
2. "ਨਿੱਜੀ ਖੇਤਰ ਵੀ ਕਿਸੇ ਦੇਸ਼ ਦੇ ਵਿਕਾਸ ਦੇ ਲਈ ਜ਼ਰੂਰੀ ਹੈ।" ਟਿੱਪਣੀ ਕਰੋ।
3. ਲੋਕਾਂ ਨੂੰ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਲਈ ਕਿਉਂ ਮਜਬੂਰ ਹੋਣਾ ਪੈਂਦਾ ਹੈ? ਕਾਰਨ ਦੱਸੋ।
4. ਭਾਰਤ ਹੁਣ ਤੱਕ ਆਪਣੀ ਕਿਰਤ ਸ਼ਕਤੀ ਨੂੰ ਅਸੰਗਠਿਤ ਖੇਤਰ ਤੋਂ ਸੰਗਠਿਤ ਖੇਤਰ ਵਿੱਚ ਲਿਆਉਣ ਵਿੱਚ ਕਿਉਂ ਕਾਮਯਾਬ ਨਹੀਂ ਹੋ ਸਕਿਆ ਹੈ?
5. ਪ੍ਰਾਥਮਿਕ, ਗੌਣ ਅਤੇ ਸੇਵਾ ਖੇਤਰ ਦਾ ਇਹਨਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਆਰਥਿਕ ਕਿਰਿਆਵਾਂ ਦੇ ਆਧਾਰ ਤੇ ਤੁਲਨਾਤਮਕ ਅਧਿਐਨ ਕਰੋ।


## 4.3 ਆਮਦਨ ਅਤੇ ਰੁਜ਼ਗਾਰ ਦੇ ਸਿਰਜਣ ਵਿੱਚ ਸੇਵਾ ਖੇਤਰ ਦਾ ਯੋਗਦਾਨ (IMPORTANCE OF SERVICE SECTOR IN THE GENERATION OF INCOME AND EMPLOYMENT)

ਜਿੱਥੇ ਤੱਕ ਕਿਸੇ ਅਰਥਵਿਵਸਥਾ ਦੇ ਵਿਕਾਸ ਦਾ ਸੰਬੰਧ ਹੈ, ਇਹ ਉਸ ਅਰਥਵਿਵਸਥਾ ਵਿੱਚ ਆਮਦਨ ਅਤੇ ਰੁਜ਼ਗਾਰ ਦੇ ਸਿਰਜਣ ਤੇ ਨਿਰਭਰ ਕਰਦਾ ਹੈ ਅਤੇ ਉਪਰੋਕਤ ਦੱਸੇ ਗਏ ਤਿੰਨੋਂ ਖੇਤਰ ਭਾਵ ਪ੍ਰਾਥਮਿਕ ਖੇਤਰ, ਗੌਣ ਖੇਤਰ ਅਤੇ ਸੇਵਾ ਖੇਤਰ ਇਸ ਵਿੱਚ ਆਪਣਾ ਯੋਗਦਾਨ ਦਿੰਦੇ ਹਨ। ਪਰ ਜਿਵੇਂ-ਜਿਵੇਂ ਵਿਕਾਸ ਦੀ ਪ੍ਰਕਿਰਿਆ ਅੱਗੇ ਵੱਧਦੀ ਹੈ, ਇਹਨਾਂ ਤਿੰਨਾਂ ਖੇਤਰਾਂ ਦੁਆਰਾ ਅਰਥਵਿਵਸਥਾ ਦੇ ਵਿਕਾਸ ਵਿੱਚ ਦਿੱਤਾ ਜਾਣ ਵਾਲਾ ਯੋਗਦਾਨ ਤੁਲਨਾਤਮਕ ਰੂਪ ਨਾਲ ਬਦਲਦਾ ਰਹਿੰਦਾ ਹੈ ਜਿਸ ਵਿੱਚ ਪ੍ਰਾਥਮਿਕ ਖੇਤਰ ਅਤੇ ਗੌਣ ਖੇਤਰ ਦਾ ਯੋਗਦਾਨ ਘੱਟਦਾ ਜਾਂਦਾ ਹੈ, ਜਦਕਿ ਸੇਵਾ ਖੇਤਰ ਦਾ ਯੋਗਦਾਨ ਵੱਧਦਾ ਹੈ। ਇਹ ਹੇਠ ਲਿਖੇ ਕਾਰਨਾਂ ਕਰਕੇ ਹੁੰਦਾ ਹੈ:

(ੳ) **ਪ੍ਰਾਥਮਿਕ ਅਤੇ ਗੌਣ ਖੇਤਰ ਦੀ ਵਾਧੂ ਕਾਰਜ ਸ਼ਕਤੀ ਨੂੰ ਕੰਮ ਪ੍ਰਦਾਨ ਕਰਵਾਉਣਾ :(Provides Employment to Additional Workforce of Primary and Secondary Sector)**: ਜਦੋਂ ਕਿਸੇ ਦੇਸ਼ ਵਿੱਚ ਆਰਥਿਕ ਵਿਕਾਸ ਦੀ ਪ੍ਰਕਿਰਿਆ ਦੀ ਸ਼ੁਰੂਆਤ ਹੁੰਦੀ ਹੈ, ਤਾਂ ਉਸ ਸਮੇਂ ਵਧੇਰੇ ਆਰਥਿਕ ਕਿਰਿਆਵਾਂ ਮਜ਼ਦੂਰਾਂ ਦੀ ਵਰਤੋਂ ਕਰਕੇ ਕਰਵਾਈਆਂ ਜਾਂਦੀਆਂ ਹਨ, ਜਿਸ ਕਰਕੇ ਪ੍ਰਾਥਮਿਕ ਅਤੇ ਗੌਣ ਖੇਤਰ ਵਿੱਚ ਮਜ਼ਦੂਰਾਂ ਦੀ ਮੰਗ ਵੱਧ ਹੁੰਦੀ ਹੈ। ਪਰ ਹੌਲ਼ੀ-ਹੌਲ਼ੀ ਤਕਨੀਕ ਦਾ ਵਿਕਾਸ ਹੋ ਜਾਣ ਕਰਕੇ ਮਜ਼ਦੂਰਾਂ ਦੀ ਥਾਂ ਤੇ ਮਸ਼ੀਨਾਂ ਦੀ ਵਰਤੋਂ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਸ ਕਰਕੇ ਪ੍ਰਾਥਮਿਕ ਅਤੇ ਗੌਣ ਖੇਤਰ ਵਿੱਚ ਮਜ਼ਦੂਰਾਂ ਦੀ ਮੰਗ ਘਟ ਜਾਂਦੀ ਹੈ ਅਤੇ ਜਿਸ ਕਰਕੇ ਮਜ਼ਦੂਰ ਕੰਮ ਦੀ ਭਾਲ ਵਿੱਚ ਸੇਵਾ ਖੇਤਰ ਵੱਲ ਜਾਣਾ ਸ਼ੁਰੂ ਕਰ ਦਿੰਦੇ ਹਨ। ਜਿਸ ਨਾਲ਼ ਵਿਕਾਸ ਦੇ ਪੱਧਰ ਤੇ ਅੱਗੇ ਵੱਧਦੇ ਹੋਏ ਸੇਵਾ ਖੇਤਰ ਦੀ ਮਜ਼ਦੂਰਾਂ ਨੂੰ ਕੰਮ ਪ੍ਰਦਾਨ ਕਰਵਾਉਣ ਦੀ ਮਹੱਤਤਾ ਵਿੱਚ ਵਾਧਾ ਹੁੰਦਾ ਹੈ। 2018-19 ਵਿੱਚ ਭਾਰਤ ਵਿੱਚ ਸੇਵਾ ਖੇਤਰ ਕੁੱਲ ਕਾਰਜ ਸ਼ਕਤੀ ਦੇ ਲਗਭਗ 34 ਪ੍ਰਤਿਸ਼ਤ ਭਾਗ ਨੂੰ ਰੁਜ਼ਗਾਰ ਪ੍ਰਦਾਨ ਕਰਵਾ ਰਿਹਾ ਸੀ।

(ਅ) **ਕੁੱਲ ਘਰੇਲੂ ਉਤਪਾਦਨ ਵਿੱਚ ਯੋਗਦਾਨ (Contribution to GDP)**:- ਇੱਕ ਬਹੁਤ ਵੱਡਾ ਯੋਗਦਾਨ ਜੋ ਸੇਵਾ ਖੇਤਰ ਦੁਆਰਾ ਭਾਰਤੀ ਅਰਥਵਿਵਸਥਾ ਵਿੱਚ ਦਿੱਤਾ ਜਾਂਦਾ ਹੈ, ਉਹ ਇਹ ਹੈ ਕਿ ਇਹ ਖੇਤਰ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਯੋਗਦਾਨ ਦੇਣ ਵਾਲੇ ਵੱਖ-ਵੱਖ ਖੇਤਰਾਂ ਵਿੱਚੋਂ ਇੱਕ ਮੁੱਖ ਖੇਤਰ ਹੈ। ਭਾਰਤ ਦੇ ਸੇਵਾ ਖੇਤਰ ਦਾ ਯੋਗਦਾਨ ਜੋ ਕਿ ਸਥਿਰ ਕੀਮਤਾਂ ਤੇ 1950-51 ਵਿੱਚ ਕੁੱਲ ਘਰੇਲੂ ਉਤਪਾਦਨ ਦਾ 28.5 ਪ੍ਰਤਿਸ਼ਤ ਸੀ, 2020-21 ਵਿੱਚ ਵੱਧ ਕੇ 53.89 ਪ੍ਰਤਿਸ਼ਤ ਹੋ ਗਿਆ ਹੈ।

**2020-21 ਵਿੱਚ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਵੱਖ-ਵੱਖ ਖੇਤਰਾਂ ਦਾ ਪ੍ਰਤੀਸ਼ਤ ਯੋਗਦਾਨ**





*ਵ੍ਰਿਤ ਚਿੱਤਰ 4.1*

ਇਸ ਤੋਂ ਭਾਵ ਹੈ ਕਿ ਸੇਵਾ ਖੇਤਰ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਦੇ ਅੱਧੇ ਭਾਗ ਤੋਂ ਵੀ ਵੱਧ ਦਾ ਯੋਗਦਾਨ ਪ੍ਰਦਾਨ ਕਰਵਾ ਰਿਹਾ ਹੈ।

(ੲ) **ਅਰਥਵਿਵਸਥਾ ਨੂੰ ਤੇਜ਼ ਵਿਕਾਸ ਦਰ ਪ੍ਰਦਾਨ ਕਰਵਾਉਣਾ (Provides Higher Growth Rate to the Economy)** :- ਇਸ ਖੇਤਰ ਦਾ ਮਹੱਤਵ ਇਸ ਗੱਲ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਖੇਤਰ ਦੀ ਵਿਕਾਸ ਦਰ ਬਾਕੀ ਖੇਤਰਾਂ ਦੇ ਮੁਕਾਬਲੇ ਕਾਫ਼ੀ ਵੱਧ ਹੈ। ਇਸ ਖੇਤਰ ਦੀ ਵਿਕਾਸ ਦਰ 1950-51 ਵਿੱਚ 6.65 ਪ੍ਰਤਿਸ਼ਤ ਸੀ, ਜੋ ਕਿ 2018-19 ਵਿੱਚ ਵੱਧ ਕੇ 7.50 ਪ੍ਰਤਿਸ਼ਤ ਹੋ ਗਈ। ਪੂਰੇ ਯੋਜਨਾਕਾਲ ਦੇ ਦੌਰਾਨ ਇਸ ਖੇਤਰ ਦੀ ਵਿਕਾਸ ਦਰ 9 ਪ੍ਰਤਿਸ਼ਤ ਦੇ ਲਗਭਗ ਰਹੀ ਹੈ, ਜੋ ਕਿ ਪ੍ਰਾਥਮਿਕ ਖੇਤਰ ਅਤੇ ਗੌਣ ਖੇਤਰ, ਜਿਹਨਾਂ ਦੀ ਵਿਕਾਸ ਦਰ ਪੂਰੇ ਯੋਜਨਾਕਾਲ ਦੇ ਦੌਰਾਨ ਲੜੀਵਾਰ 4 ਪ੍ਰਤਿਸ਼ਤ ਅਤੇ 6 ਪ੍ਰਤਿਸ਼ਤ ਰਹੀ ਹੈ, ਤੋਂ ਕਾਫ਼ੀ ਵੱਧ ਹੈ।

ਯੋਜਨਾ ਕਾਲ ਦੇ ਦੌਰਾਨ ਵੱਖ-ਵੱਖ ਖੇਤਰਾਂ ਦੀ ਵਿਕਾਸ ਦਰ (% ਵਿੱਚ)

ਗ੍ਰਾਫ 4.1




(ਸ) **ਭਾਰਤ ਦੇ ਵਿਦੇਸ਼ੀ ਵਪਾਰ ਵਿੱਚ ਯੋਗਦਾਨ (Contributes to India's Foreign Trade)** :- ਸੇਵਾ ਖੇਤਰ ਭਾਰਤ ਦੇ ਵਿਦੇਸ਼ੀ ਵਪਾਰ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪ੍ਰਦਾਨ ਕਰਵਾਉਂਦਾ ਹੈ। 2018-19 ਵਿੱਚ ਸੇਵਾ ਖੇਤਰ ਦੁਆਰਾ 208 ਬਿਲੀਅਨ ਅਮਰੀਕੀ ਡਾਲਰ ਦੇ ਨਿਰਯਾਤ ਕੀਤੇ ਗਏ, ਜਦਕਿ 126.1 ਬਿਲੀਅਨ ਅਮਰੀਕੀ ਡਾਲਰ ਦੇ ਆਯਾਤ ਕੀਤੇ ਗਏ। 2018-19 ਵਿੱਚ ਸੇਵਾ ਖੇਤਰ ਦੁਆਰਾ ਕੀਤੇ ਜਾਣ ਵਾਲੇ ਨਿਰਯਾਤਾਂ ਦੀ ਵਿਕਾਸ ਦਰ 6.6 ਪ੍ਰਤਿਸ਼ਤ ਰਹੀ ਹੈ, ਜਦੋਂ ਕਿ ਇਸ ਖੇਤਰ ਦੁਆਰਾ ਕੀਤੇ ਜਾਣ ਵਾਲੇ ਆਯਾਤਾਂ ਦੀ ਵਿਕਾਸ ਦਰ 7.3 ਪ੍ਰਤਿਸ਼ਤ ਰਹੀ ਹੈ।

(ਹ) **ਮਨੁੱਖੀ ਪੂੰਜੀ ਨਿਰਮਾਣ ਵਿੱਚ ਯੋਗਦਾਨ (Contributes in the Development of Human Capital)**:- ਕਿਸੇ ਵੀ ਅਰਥਵਿਵਸਥਾ ਦੇ ਵਿਕਾਸ ਦੇ ਲਈ ਮਨੁੱਖੀ ਪੂੰਜੀ ਨਿਰਮਾਣ ਨੂੰ ਇੱਕ ਪੂਰਵ-ਸ਼ਰਤ ਮੰਨਿਆ ਜਾਂਦਾ ਹੈ। ਸੇਵਾ ਖੇਤਰ ਭਾਰਤ ਵਿੱਚ ਮਨੁੱਖੀ ਪੂੰਜੀ ਦਾ ਨਿਰਮਾਣ ਕਰਨ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪ੍ਰਦਾਨ ਕਰਵਾ ਰਿਹਾ ਹੈ। ਇਹ ਖੇਤਰ ਆਪਣੀਆਂ ਸਿਹਤ ਸੁਵਿਧਾਵਾਂ, ਸਿੱਖਿਆ, ਸੰਚਾਰ ਤਕਨੀਕ, ਕੌਸ਼ਲ ਨਿਰਮਾਣ, ਸੈਰ-ਸਪਾਟਾ, ਖੇਡ ਅਤੇ ਕਲਾ ਸਬੰਧੀ ਸੇਵਾਵਾਂ ਦੀ ਮਦਦ ਨਾਲ ਭਾਰਤ ਵਿੱਚ ਮਨੁੱਖੀ ਪੂੰਜੀ ਨਿਰਮਾਣ ਅਤੇ ਲੋਕਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਹੋਣ ਵਾਲੇ ਸੁਧਾਰ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪ੍ਰਦਾਨ ਕਰਵਾ ਰਿਹਾ ਹੈ।

## ਮਨੁੱਖੀ ਪੂੰਜੀ (Human Capital)

ਮਨੁੱਖੀ ਪੂੰਜੀ ਤੋਂ ਭਾਵ ਕਿਸੇ ਦੇਸ਼ ਵਿੱਚ ਕੁਸ਼ਲ ਅਤੇ ਯੋਗ ਵਿਅਕਤੀਆਂ ਦੇ ਕੁੱਲ ਭੰਡਾਰ ਤੋਂ ਹੁੰਦਾ ਹੈ। ਇਸ ਤੋਂ ਭਾਵ ਉਹਨਾਂ ਸਾਰੇ ਲੋਕਾਂ ਤੋਂ ਹੁੰਦਾ ਹੈ ਜਿਹਨਾਂ ਵਿੱਚ ਆਪਣੇ ਵਰਗੇ ਹੋਰ ਵਿਅਕਤੀ ਪੈਦਾ ਕਰਨ ਦਾ ਕੌਸ਼ਲ, ਯੋਗਤਾ ਅਤੇ ਅਨੁਭਵ ਹੁੰਦਾ ਹੈ। ਇਹ ਮਨੁੱਖੀ ਪੂੰਜੀ ਹੀ ਹੈ, ਜੋ ਕਿ ਕਿਸੇ ਦੇਸ਼ ਦੇ ਸਾਧਨਾਂ ਦੀ ਸਹੀ ਵਰਤੋਂ ਕਰਨ ਵਿੱਚ ਮਦਦ ਕਰਦੀ ਹੈ ਅਤੇ ਇਸ ਤਰ੍ਹਾਂ ਉਸ ਦੇਸ਼ ਦੇ ਆਰਥਿਕ ਵਿਕਾਸ ਵਿੱਚ ਆਪਣਾ ਯੋਗਦਾਨ ਪ੍ਰਦਾਨ ਕਰਵਾਉਂਦੀ ਹੈ। ਮਨੁੱਖੀ ਪੂੰਜੀ ਦੇ ਇਸ ਭੰਡਾਰ ਵਿੱਚ ਮੁੱਖ ਤੌਰ ਤੇ ਇੱਕ ਦੇਸ਼ ਵਿੱਚ ਮੌਜੂਦ ਡਾਕਟਰਾਂ, ਇੰਜੀਨੀਅਰਾਂ, ਅਧਿਆਪਕਾਂ, ਵਕੀਲਾਂ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

(ਕ) **ਪ੍ਰਤੱਖ ਵਿਦੇਸ਼ੀ ਨਿਵੇਸ਼ ਨੂੰ ਦੇਸ਼ ਵਿੱਚ ਲਿਆਉਣ ਵਿੱਚ ਸਹਾਇਕ (Helpful in FDI Inflows in the Country)**:- ਭਾਰਤ ਕੁਦਰਤੀ ਸਾਧਨਾਂ ਦੀ ਮੌਜੂਦਗੀ ਦੇ ਪੱਖੋਂ ਕਾਫ਼ੀ ਵਿਕਸਿਤ ਹੈ, ਪਰ ਫਿਰ ਵੀ ਭਾਰਤ ਨੂੰ ਇੱਕ

ਵਿਕਾਸਸ਼ੀਲ ਦੇਸ਼ ਕਿਹਾ ਜਾਂਦਾ ਹੈ। ਭਾਰਤ ਦੀ ਮੁੱਖ ਸਮੱਸਿਆ ਕੁਦਰਤੀ ਸਾਧਨਾਂ ਦੀ ਕਮੀ ਨਹੀਂ, ਬਲਕਿ ਇਹਨਾਂ ਦੀ ਘੱਟ ਵਰਤੋਂ ਹੋਣਾ ਹੈ। ਇਸ ਸੰਬੰਧ ਵਿੱਚ ਭਾਰਤ ਵਿੱਚ ਹੋਣ ਵਾਲਾ ਪ੍ਰਤੱਖ ਵਿਦੇਸ਼ੀ ਨਿਵੇਸ਼ ਭਾਰਤ ਦੀ ਮਦਦ ਕਰ ਸਕਦਾ ਹੈ ਅਤੇ ਭਾਰਤ ਦੇ ਆਰਥਿਕ ਵਿਕਾਸ ਨੂੰ ਯਕੀਨੀ ਬਣਾ ਸਕਦਾ ਹੈ। ਭਾਰਤ ਵਿੱਚ ਸਭ ਤੋਂ ਵੱਧ ਪ੍ਰਤੱਖ ਵਿਦੇਸ਼ੀ ਨਿਵੇਸ਼ ਸੇਵਾ ਖੇਤਰ ਵਿੱਚ ਹੁੰਦਾ ਹੈ। 2018-19 ਵਿੱਚ ਸੇਵਾ ਖੇਤਰ ਵਿੱਚ ਹੋਣ ਵਾਲਾ ਪ੍ਰਤੱਖ ਵਿਦੇਸ਼ੀ ਨਿਵੇਸ਼ ਵੱਧ ਕੇ 63.7 ਪ੍ਰਤਿਸ਼ਤ ਹੋ ਗਿਆ ਹੈ।

(ਖ) **ਆਰਥਿਕ ਢਾਂਚੇ ਅਤੇ ਸੰਚਾਰ ਸੇਵਾਵਾਂ ਦੇ ਵਿਕਾਸ ਵਿੱਚ ਸਹਾਇਕ (Contributes in the Development of Infrastructure and Communication Services)**:- ਸੇਵਾ ਖੇਤਰ ਇਸ ਸਮੇਂ ਭਾਰਤ ਵਿੱਚ ਆਰਥਿਕ ਢਾਂਚੇ ਦਾ ਨਿਰਮਾਣ ਕਰਨ ਵਿੱਚ, ਜਿਸ ਵਿੱਚ ਮੁੱਖ ਤੌਰ ਤੇ ਯਾਤਾਯਾਤ ਦੇ ਸਾਧਨਾਂ ਅਤੇ ਸੰਚਾਰ ਦੇ ਸਾਧਨਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਮਹੱਤਵਪੂਰਨ ਯੋਗਦਾਨ ਦੇ ਰਿਹਾ ਹੈ। ਇਸ ਵਿੱਚ ਮੁੱਖ ਤੌਰ ਤੇ ਤੇਜ਼ ਗਤੀ ਨਾਲ਼ ਚੱਲਣ ਵਾਲੀਆਂ ਰੇਲਾਂ, 4G ਮੋਬਾਈਲ ਸੇਵਾਵਾਂ ਅਤੇ ਤੇਜ਼ ਗਤੀ ਨਾਲ਼ ਮਿਲਣ ਵਾਲ਼ੀਆਂ ਇੰਟਰਨੈੱਟ ਸੇਵਾਵਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਇਹਨਾਂ ਸੇਵਾਵਾਂ ਦੀ ਮਦਦ ਨਾਲ, ਭਾਰਤ ਆਪਣੇ ਆਪ ਨੂੰ ਵਿਸ਼ਵ ਅਰਥਵਿਵਸਥਾ ਨਾਲ਼ ਚੰਗੀ ਤਰ੍ਹਾਂ ਜੋੜ ਸਕਦਾ ਹੈ।

(ਗ) **ਅਰਥਵਿਵਸਥਾ ਨੂੰ ਸਥਿਰਤਾ ਪ੍ਰਦਾਨ ਕਰਵਾਉਣਾ (Provides Stability to the Economy)** :- ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਖੇਤੀ ਖੇਤਰ ਵਿੱਚ ਕੰਮ ਕਰ ਰਹੇ ਲੋਕ ਪੂਰੀ ਤਰ੍ਹਾਂ ਮਾਨਸੂਨ ਤੇ ਨਿਰਭਰ ਕਰਦੇ ਹਨ। ਜੇਕਰ ਮਾਨਸੂਨ ਉਹਨਾਂ ਦਾ ਸਾਥ ਦਿੰਦਾ ਹੈ, ਤਾਂ ਉਹ ਖੇਤੀ ਤੋਂ ਇੱਕ ਚੰਗੀ ਆਮਦਨ ਪ੍ਰਾਪਤ ਹੋਣ ਦੀ ਉਮੀਦ ਕਰ ਸਕਦੇ ਹਨ। ਇਸ ਲਈ ਖੇਤੀ ਵਿੱਚ ਕੰਮ ਕਰ ਰਹੇ ਲੋਕਾਂ ਦੀ ਆਮਦਨ ਸਥਿਰ ਨਹੀਂ ਹੁੰਦੀ। ਪਰ ਸੇਵਾ ਖੇਤਰ ਵਿੱਚ, ਮਾਨਸੂਨ ਦਾ ਇੰਨਾ ਵੱਧ ਪ੍ਰਭਾਵ ਨਹੀਂ ਹੁੰਦਾ ਜਿਸ ਕਰਕੇ ਇਸ ਖੇਤਰ ਵਿੱਚ ਕੰਮ ਕਰ ਰਹੇ ਲੋਕ ਇੱਕ ਸਥਿਰ ਆਮਦਨ ਪ੍ਰਾਪਤ ਕਰਦੇ ਹਨ। ਇਸ ਕਰਕੇ ਇਹ ਖੇਤਰ ਆਪਣੇ ਵਿੱਚ ਕੰਮ ਕਰ ਰਹੇ ਲੋਕਾਂ ਨੂੰ ਇੱਕ ਸਥਿਰ ਆਮਦਨ ਪ੍ਰਦਾਨ ਕਰਵਾ ਕੇ ਅਰਥਵਿਵਸਥਾ ਨੂੰ ਸਥਿਰਤਾ ਪ੍ਰਦਾਨ ਕਰਵਾ ਸਕਦਾ ਹੈ।



## ਕਿਰਿਆ

1. ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਸੇਵਾ ਖੇਤਰ ਦਾ ਯੋਗਦਾਨ ਕਿਉਂ ਵਧ ਰਿਹਾ ਹੈ ਅਤੇ ਬਾਕੀ ਖੇਤਰਾਂ ਦਾ ਯੋਗਦਾਨ ਕਿਉਂ ਘੱਟ ਰਿਹਾ ਹੈ?
2. ਵਿਕਾਸ ਪ੍ਰਕਿਰਿਆ ਦੇ ਨਾਲ਼ ਮਜ਼ਦੂਰਾਂ ਦਾ ਪਲਾਇਣ ਪਹਿਲਾਂ ਪ੍ਰਾਥਮਿਕ ਖੇਤਰ ਤੋਂ ਗੌਣ ਖੇਤਰ ਅਤੇ ਫਿਰ ਗੌਣ ਖੇਤਰ ਤੋਂ ਸੇਵਾ ਖੇਤਰ ਵੱਲ ਕਿਉਂ ਹੁੰਦਾ ਹੈ?
3. "ਪ੍ਰਤੱਖ ਵਿਦੇਸ਼ੀ ਨਿਵੇਸ਼ ਭਾਰਤੀ ਅਰਥਵਿਵਸਥਾ ਲਈ ਬਹੁਤ ਜ਼ਰੂਰੀ ਹੈ।" ਇਸ ਕਥਨ ਦੇ ਸਮਰਥਨ ਵਿੱਚ ਆਪਣੇ ਵਿਚਾਰ ਪ੍ਰਦਾਨ ਕਰੋ।
4. "ਸਿਰਫ ਮਨੁੱਖੀ ਪੂੰਜੀ ਨਿਰਮਾਣ ਹੀ ਇੱਕ ਦੇਸ਼ ਦਾ ਆਰਥਿਕ ਵਿਕਾਸ ਕਰ ਸਕਦਾ ਹੈ।" ਇਸ ਦੇ ਪੱਖ ਜਾਂ ਵਿਰੋਧ ਵਿੱਚ ਕਾਰਨਾਂ ਸਹਿਤ ਆਪਣੇ ਵਿਚਾਰ ਪ੍ਰਦਾਨ ਕਰੋ।

## 4.4 ਭਾਰਤ ਵਿੱਚ ਸੇਵਾ ਖੇਤਰ ਦੇ ਵਿਕਾਸ ਦੇ ਕਾਰਨ (CAUSES FOR THE DEVELOPMENT OF SERVICE SECTOR IN INDIA)

ਭਾਰਤ ਵਿੱਚ ਸੇਵਾ ਖੇਤਰ ਦੇ ਵਿਕਾਸ ਦਾ ਪਤਾ ਇਸਦੇ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਦਿੱਤੇ ਜਾਣ ਵਾਲ਼ੇ ਯੋਗਦਾਨ, ਰੁਜ਼ਗਾਰ ਦੇ ਮੌਕਿਆਂ ਨੂੰ ਪੈਦਾ ਕਰਨ ਵਿੱਚ ਦਿੱਤੇ ਜਾਣ ਵਾਲ਼ੇ ਯੋਗਦਾਨ, ਦੇਸ਼ ਦੇ ਲੋਕਾਂ ਨੂੰ ਪ੍ਰਦਾਨ ਕਰਵਾਈਆਂ ਜਾਣ ਵਾਲ਼ੀਆਂ ਬੇਸ਼ਕੀਮਤੀ ਸੇਵਾਵਾਂ ਆਦਿ ਤੋਂ ਸਪੱਸ਼ਟ ਹੋ ਜਾਂਦਾ ਹੈ। ਸਮੇਂ ਦੇ ਨਾਲ਼-ਨਾਲ਼ ਇਸ ਖੇਤਰ ਦੇ ਵਿਕਾਸ ਦੇ ਲਈ ਅਨੇਕਾਂ ਕਾਰਨ ਜ਼ੁੰਮੇਵਾਰ ਹਨ। ਇਹਨਾਂ ਵਿੱਚੋਂ ਕੁਝ ਕਾਰਨਾਂ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ:

(ੳ) **ਲੋਕਾਂ ਦੁਆਰਾ ਜ਼ਰੂਰੀ ਸੇਵਾਵਾਂ ਦੀ ਵੱਧਦੀ ਹੋਈ ਮੰਗ (Increasing Demand of Essential Services by the People)**:- ਜਿਵੇਂ-ਜਿਵੇਂ ਕਿਸੇ ਦੇਸ਼ ਦੀ ਅਰਥਵਿਵਸਥਾ ਦਾ ਵਿਕਾਸ ਹੁੰਦਾ ਹੈ, ਦੇਸ਼ ਦੇ ਲੋਕਾਂ ਦੁਆਰਾ ਕੀਤੀ ਜਾਣ ਵਾਲ਼ੀ ਜ਼ਰੂਰੀ ਵਸਤੂਆਂ ਦੀ ਮੰਗ ਜਿਵੇਂ ਕਿ ਸਿੱਖਿਆ, ਸਿਹਤ, ਯਾਤਾਯਾਤ ਦੇ ਸਾਧਨ, ਸੰਚਾਰ ਦੇ ਸਾਧਨ, ਪ੍ਰਸ਼ਾਸਨਿਕ ਸੇਵਾਵਾਂ, ਸੁਰੱਖਿਆ, ਬੈਂਕਿੰਗ, ਵਿੱਤ ਆਦਿ ਦੀ ਮੰਗ ਲਗਾਤਾਰ ਵੱਧਣੀ ਸ਼ੁਰੂ ਹੋ

ਜਾਂਦੀ ਹੈ ਅਤੇ ਹੌਲ਼ੀ-ਹੌਲ਼ੀ ਇਹ ਸੇਵਾਵਾਂ ਲੋਕਾਂ ਦੀ ਜ਼ਿੰਦਗੀ ਦਾ ਇੱਕ ਅਨਿੱਖੜਵਾਂ ਅੰਗ ਬਣ ਜਾਂਦੀਆਂ ਹਨ। ਕਿਉਂਕਿ ਇਹ ਸੇਵਾਵਾਂ ਪ੍ਰਾਥਮਿਕ ਖੇਤਰ ਦੁਆਰਾ ਪ੍ਰਦਾਨ ਨਹੀਂ ਕਰਵਾਈਆਂ ਜਾ ਸਕਦੀਆਂ, ਇਸ ਲਈ ਇਹਨਾਂ ਜ਼ਰੂਰੀ ਸੇਵਾਵਾਂ ਨੂੰ ਪ੍ਰਦਾਨ ਕਰਵਾਉਣ ਲਈ ਸੇਵਾ ਖੇਤਰ ਦਾ ਵਿਕਾਸ ਜ਼ਰੂਰੀ ਹੋ ਜਾਂਦਾ ਹੈ।

(ਅ) **ਲੋਕਾਂ ਦੁਆਰਾ ਨਵੀਆਂ ਸੇਵਾਵਾਂ ਦੀ ਮੰਗ (Demand of New Services by the People)** :- ਕਿਸੇ ਅਰਥਵਿਵਸਥਾ ਦਾ ਵਿਕਾਸ ਹੋਣ ਦੇ ਨਾਲ਼-ਨਾਲ਼ ਜ਼ਰੂਰੀ ਸੇਵਾਵਾਂ ਦੇ ਨਾਲ਼-ਨਾਲ਼ ਬਹੁਤ ਸਾਰੀਆਂ ਨਵੀਆਂ ਸੇਵਾਵਾਂ ਦੀ ਮੰਗ ਵੀ ਲੋਕਾਂ ਦੁਆਰਾ ਕੀਤੀ ਜਾਣ ਲੱਗ ਪੈਂਦੀ ਹੈ। ਇਹਨਾਂ ਨਵੀਆਂ ਸੇਵਾਵਾਂ ਵਿੱਚ ਵਧੀਆ ਅਤੇ ਵਿਕਸਿਤ ਸੰਚਾਰ ਸੇਵਾਵਾਂ, ਯਾਤਾਯਾਤ ਦੇ ਸਾਧਨਾਂ ਦੀਆਂ ਸੇਵਾਵਾਂ, ਬੈਂਕਿੰਗ ਅਤੇ ਹੋਰ ਸੇਵਾਵਾਂ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ। ਲੋਕਾਂ ਦੀਆਂ ਇਹਨਾਂ ਲਗਾਤਾਰ ਵੱਧਦੀਆਂ ਹੋਈਆਂ ਲੋੜਾਂ ਦੀ ਪੂਰਤੀ ਸਿਰਫ਼ ਸੇਵਾ ਖੇਤਰ ਦਾ ਵਿਕਾਸ ਕਰਕੇ ਹੀ ਕੀਤੀ ਜਾ ਸਕਦੀ ਹੈ।

(ੲ) **ਨਵੇਂ ਖੇਤਰਾਂ ਦਾ ਵਿਕਾਸ (Development of New Areas)** :- ਇਸ ਤਰ੍ਹਾਂ ਹੀ, ਵਿਕਾਸ ਦੇ ਨਾਲ਼-ਨਾਲ਼ ਲੋਕਾਂ ਦੀ ਆਮਦਨ ਵਿੱਚ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਜਿਸ ਕਰਕੇ ਉਹ ਨਵੀਆਂ ਸੁਵਿਧਾਵਾਂ ਦੀ ਮੰਗ ਕਰਨੀ ਸ਼ੁਰੂ ਕਰ ਦਿੰਦੇ ਹਨ ਜਿਸ ਦੇ ਨਤੀਜੇ ਵਜੋਂ ਬਹੁਤ ਸਾਰੇ ਨਵੇਂ ਉਤਪਾਦਕੀ ਖੇਤਰਾਂ ਦਾ ਵਿਕਾਸ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਯਾਤਾਯਾਤ ਦੇ ਸਾਧਨਾਂ ਦਾ ਵਿਕਾਸ ਹੋਣ ਨਾਲ਼ ਲੋਕਾਂ ਦੀ ਸੈਰ-ਸਪਾਟੇ ਲਈ ਮੰਗ ਵਧਣੀ ਸ਼ੁਰੂ ਹੋ ਜਾਂਦੀ ਹੈ, ਜਿਸ ਕਰਕੇ ਕਈ ਨਵੇਂ ਸੈਰ-ਸਪਾਟੇ ਵਾਲੀਆਂ ਥਾਵਾਂ ਦਾ ਵਿਕਾਸ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਹੀ ਖਾਣ-ਪੀਣ ਦੀਆਂ ਥਾਵਾਂ, ਹੋਟਲ, ਨਿੱਜੀ ਹਸਪਤਾਲ, ਨਿੱਜੀ ਸਕੂਲ, ਮਨੋਰੰਜਨ ਪਾਰਕਾਂ ਆਦਿ ਦਾ ਵਿਕਾਸ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹਨਾਂ ਸਾਰੇ ਨਵੇਂ ਖੇਤਰਾਂ ਦੇ ਵਿਕਾਸ ਦੇ ਲਈ ਸੇਵਾ ਖੇਤਰ ਦਾ ਵਿਕਾਸ ਜ਼ਰੂਰੀ ਹੋ ਜਾਂਦਾ ਹੈ।

(ਸ) **ਅਰਥਵਿਵਸਥਾ ਦੇ ਹੋਰ ਖੇਤਰਾਂ ਦਾ ਵਿਕਾਸ (Development of Other Sectors of the Economy)**:- ਸੇਵਾ ਖੇਤਰ, ਇੱਕ ਅਰਥਵਿਵਸਥਾ ਦੇ ਹੋਰ ਖੇਤਰਾਂ ਜਿਵੇਂ ਕਿ ਪ੍ਰਾਥਮਿਕ ਖੇਤਰ ਅਤੇ ਗੌਣ ਖੇਤਰ ਦੇ ਵਿਕਾਸ ਵਿੱਚ ਵੀ ਮਦਦ ਕਰਦਾ ਹੈ। ਉਦਾਹਰਨ ਦੇ ਤੌਰ ਤੇ, ਸੇਵਾ ਖੇਤਰ ਇਹਨਾਂ ਖੇਤਰਾਂ ਨੂੰ ਨਿਵੇਸ਼ ਕਰਨ ਲਈ ਵਿੱਤ ਪ੍ਰਦਾਨ ਕਰਵਾਉਂਦਾ ਹੈ, ਦੂਰ ਥਾਵਾਂ ਤੇ ਆਪਣੀਆਂ ਵਸਤੂਆਂ ਨੂੰ ਵੇਚਣ ਦੇ ਲਈ ਯਾਤਾਯਾਤ ਦੀਆਂ ਸੇਵਾਵਾਂ ਪ੍ਰਦਾਨ ਕਰਵਾਉਂਦਾ ਹੈ, ਆਪਣੇ ਉਤਪਾਦਨ ਨੂੰ ਸੁਰੱਖਿਅਤ ਰੱਖਣ ਲਈ ਭੰਡਾਰਨ ਦੀ ਸੁਵਿਧਾ ਪ੍ਰਦਾਨ ਕਰਵਾਉਂਦਾ ਹੈ ਆਦਿ। ਜੇਕਰ ਕਿਸੇ ਅਰਥਵਿਵਸਥਾ ਵਿੱਚ ਸੇਵਾ ਖੇਤਰ ਦਾ ਵਿਕਾਸ ਨਿਸ਼ਚਿਤ ਹੋ ਜਾਵੇ, ਤਾਂ ਇਹਨਾਂ ਬਾਕੀ ਖੇਤਰਾਂ ਦਾ ਵਿਕਾਸ ਵੀ ਨਿਸ਼ਚਿਤ ਕੀਤਾ ਜਾ ਸਕਦਾ ਹੈ।



## ਕਿਰਿਆ

1. ਸੇਵਾ ਖੇਤਰ ਦੇ ਵਿਕਾਸ ਨੇ ਭਾਰਤੀ ਅਰਥਵਿਵਸਥਾ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ?
2. ਕੀ ਸੇਵਾ ਖੇਤਰ ਦੇ ਵਿਕਾਸ ਨੂੰ ਬਾਕੀ ਦੋ ਖੇਤਰਾਂ ਦੀ ਘੱਟਦੀ ਮਹੱਤਤਾ ਦੇ ਰੂਪ ਵਿੱਚ ਵੇਖਿਆ ਜਾਣਾ ਚਾਹੀਦਾ ਹੈ? ਟਿੱਪਣੀ ਕਰੋ।
3. ਭਾਰਤ ਦੇ ਸੇਵਾ ਖੇਤਰ ਦੀ ਸਹੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ?
4. "ਭਾਰਤੀ ਅਰਥਵਿਵਸਥਾ ਦਾ ਸੇਵਾ ਖੇਤਰ-ਅੱਗੇ ਰਸਤਾ" ਵਿਸ਼ੇ ਤੇ ਇੱਕ ਨੋਟ ਲਿਖੋ।

## 4.5 ਸਿੱਖਿਆ ਅਤੇ ਸਿਹਤ ਵਿੱਚ ਸਰਕਾਰੀ ਨਿਵੇਸ਼ ਦੀ ਲੋੜ (NEED OF PUBLIC INVESTMENT IN EDUCATION AND HEALTH)


ਸਿੱਖਿਆ ਅਤੇ ਸਿਹਤ ਨੂੰ ਇੱਕ ਵਿਅਕਤੀ ਦੀਆਂ ਦੋ ਮੂਲਭੂਤ ਜ਼ਰੂਰਤਾਂ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ ਹੈ। ਇਹਨਾਂ ਸੁਵਿਧਾਵਾਂ ਤੋਂ ਬਿਨਾਂ ਇੱਕ ਵਿਅਕਤੀ ਲਈ ਸਿਹਤਮੰਦ ਅਤੇ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰਨਾ ਨਾਮੁਮਕਿਨ ਹੈ। ਇਸ ਲਈ ਇਹ ਸੁਵਿਧਾਵਾਂ ਦੇਸ਼ ਦੇ ਸਾਰੇ ਲੋਕਾਂ ਨੂੰ ਪ੍ਰਾਪਤ ਹੋਣ, ਇਸਨੂੰ ਯਕੀਨੀ ਬਣਾਉਣਾ ਇੱਕ ਦੇਸ਼ ਦੀ ਸਰਕਾਰ ਦੇ ਲਈ ਬਹੁਤ ਮਹੱਤਵਪੂਰਨ ਹੋ ਜਾਂਦਾ ਹੈ। ਪਰ ਜਿੱਥੇ ਤੱਕ ਭਾਰਤੀ ਅਰਥਵਿਵਸਥਾ ਦੀ ਗੱਲ ਹੈ, ਇਹ ਆਪਣੇ ਆਪ ਵਿੱਚ ਬਹੁਤ ਹੀ ਨਿਰਾਸ਼ਾਜਨਕ ਹੈ ਕਿ ਭਾਰਤ ਸਰਕਾਰ ਇਹਨਾਂ ਸੁਵਿਧਾਵਾਂ ਨੂੰ ਹੁਣ ਵੀ ਸਾਰੇ ਲੋਕਾਂ ਤੱਕ ਖ਼ਾਸਤੌਰ ਤੇ ਪੇਂਡੂ ਲੋਕਾਂ ਅਤੇ ਦੂਰ-ਦੁਰਾਡੇ ਦੇ ਇਲਾਕੇ ਵਿੱਚ ਰਹਿੰਦੇ ਲੋਕਾਂ ਤੱਕ ਪਹੁੰਚਾਉਣ ਵਿੱਚ ਕਾਮਯਾਬ ਨਹੀਂ ਹੋਈ ਹੈ। ਇਸ ਲਈ ਇਹ ਲੋਕ

ਹੁਣ ਵੀ ਆਪਣੇ ਆਪ ਨੂੰ ਇਹਨਾਂ ਸੁਵਿਧਾਵਾਂ ਤੋਂ ਵਾਂਝਾ ਸਮਝਦੇ ਹਨ। ਹੇਠ ਲਿਖੇ ਕਾਰਨਾਂ ਤੋਂ ਸਿੱਖਿਆ ਅਤੇ ਸਿਹਤ ਸੁਵਿਧਾਵਾਂ ਵਿੱਚ ਸਰਕਾਰੀ ਨਿਵੇਸ਼ ਦਾ ਮਹੱਤਵ ਸਪੱਸ਼ਟ ਹੋ ਜਾਂਦਾ ਹੈ:

(ੳ) **ਘੋਰ ਗ਼ਰੀਬੀ (Extreme Poverty)** :- ਭਾਰਤ ਇੱਕ ਅਜਿਹਾ ਦੇਸ਼ ਹੈ, ਜਿਸ ਵਿੱਚ ਲੋਕ ਘੋਰ ਗ਼ਰੀਬੀ ਵਿੱਚ ਰਹਿੰਦੇ ਹਨ। ਗ਼ਰੀਬੀ, ਘੱਟ ਸਾਖਰਤਾ ਦਰ ਅਤੇ ਸਿਹਤ ਸੁਵਿਧਾਵਾਂ ਦੀ ਘੱਟ ਪ੍ਰਾਪਤੀ ਦਾ ਕਾਰਨ ਹੈ। ਭਾਵ ਗ਼ਰੀਬੀ ਇੱਕ ਪਾਸੇ ਜਿੱਥੇ ਇੱਕ ਵਿਅਕਤੀ ਨੂੰ ਸਿੱਖਿਆ ਅਤੇ ਸਿਹਤ ਦੀ ਪ੍ਰਾਪਤੀ ਹੋਣ ਤੋਂ ਰੋਕਦੀ ਹੈ, ਉੱਥੇ ਦੂਜੇ ਪਾਸੇ ਉਸ ਦੀ ਗ਼ਰੀਬੀ ਦੇ ਪੱਧਰ ਨੂੰ ਹੋਰ ਵਧਾ ਦਿੰਦੀ ਹੈ। 2011 ਦੀ ਭਾਰਤ ਦੀ ਜਨਗਣਨਾ ਦੇ ਮੁਤਾਬਿਕ ਭਾਰਤ ਦੀ 21.9 ਪ੍ਰਤਿਸ਼ਤ ਜਨਸੰਖਿਆ ਗ਼ਰੀਬੀ ਰੇਖਾ ਦੇ ਹੇਠਾਂ ਰਹਿੰਦੀ ਹੈ। ਜੇਕਰ ਭਾਰਤ ਸਰਕਾਰ ਆਪਣੇ ਸਾਰੇ ਨਾਗਰਿਕਾਂ ਨੂੰ ਸਿੱਖਿਆ ਅਤੇ ਸਿਹਤ ਸੁਵਿਧਾਵਾਂ ਸਹੀ ਰੂਪ ਵਿੱਚ ਪ੍ਰਦਾਨ ਕਰਵਾਉਣਾ ਚਾਹੁੰਦੀ ਹੈ, ਤਾਂ ਉਸ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਇਹਨਾਂ ਸੁਵਿਧਾਵਾਂ ਵਿੱਚ ਭਾਰੀ ਮਾਤਰਾ ਵਿੱਚ ਨਿਵੇਸ਼ ਕਰੇ ਤਾਂ ਕਿ ਇਹਨਾਂ ਸੁਵਿਧਾਵਾਂ ਦਾ ਲੋਕਾਂ ਦੀ ਪਹੁੰਚ ਵਿੱਚ ਹੋਣਾ ਯਕੀਨੀ ਬਣਾਇਆ ਜਾ ਸਕੇ।


(ਅ) **ਸ਼ਹਿਰੀ ਕੇਂਦਰੀਕਰਨ (Urban Biased)** :- ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸੁਵਿਧਾਵਾਂ ਸੰਬੰਧੀ ਮੁੱਖ ਸਮੱਸਿਆ ਇਹ ਹੈ ਕਿ ਇਹ ਸੁਵਿਧਾਵਾਂ ਮੁੱਖ ਤੌਰ ਤੇ ਸ਼ਹਿਰੀ ਖੇਤਰਾਂ ਵਿੱਚ ਕੇਂਦਰਿਤ ਹਨ ਅਤੇ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਲੋਕ ਇਹਨਾਂ ਦੀ ਗ਼ੈਰ-ਮੌਜੂਦਗੀ ਨਾਲ ਪੀੜਿਤ ਹਨ। ਪੇਂਡੂ ਇਲਾਕਿਆਂ ਵਿੱਚ ਸਿਰਫ਼ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਹਨ ਅਤੇ ਇਸ ਕਰਕੇ ਇੱਥੋਂ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਲਈ ਸ਼ਹਿਰਾਂ ਵੱਲ ਜਾਣਾ ਪੈਂਦਾ ਹੈ। ਇਸ ਤਰ੍ਹਾਂ ਹੀ ਪੇਂਡੂ ਇਲਾਕਿਆਂ ਵਿੱਚ ਸਿਰਫ਼ ਪ੍ਰਾਥਮਿਕ ਸਿਹਤ ਕੇਂਦਰ ਹਨ, ਜੋ ਕਿ ਲੋਕਾਂ ਨੂੰ ਸਿਰਫ਼ ਪ੍ਰਾਥਮਿਕ ਉਪਚਾਰ ਹੀ ਪ੍ਰਦਾਨ ਕਰਵਾ ਸਕਦੇ ਹਨ, ਇਸ ਲਈ ਕਿਸੇ ਆਪਾਤਕਾਲ ਵਿੱਚ ਇਹਨਾਂ ਪੇਂਡੂ ਲੋਕਾਂ ਨੂੰ ਸ਼ਹਿਰਾਂ ਵਿੱਚ ਸਥਿਤ ਵੱਡੇ ਹਸਪਤਾਲਾਂ ਵੱਲ ਜਾਣਾ ਪੈਂਦਾ ਹੈ। ਇਸ ਲਈ ਇਹ ਸਰਕਾਰ ਦੀ ਜ਼ੁੰਮੇਵਾਰੀ ਬਣ ਜਾਂਦੀ ਹੈ ਕਿ ਉਹ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਲੋਕਾਂ ਨੂੰ ਇਹ ਸੁਵਿਧਾਵਾਂ ਪ੍ਰਦਾਨ ਕਰਵਾਏ, ਤਾਂ ਕਿ ਇਹਨਾਂ ਖੇਤਰਾਂ ਵਿੱਚ ਰਹਿਣ ਵਾਲੇ ਲੋਕ ਵੀ ਇਹਨਾਂ ਸੁਵਿਧਾਵਾਂ ਦਾ ਅਨੰਦ ਮਾਣ ਸਕਣ ਅਤੇ ਇਹ ਤਾਂ ਹੀ ਸੰਭਵ ਹੈ, ਜੇਕਰ ਸਰਕਾਰ ਇਹਨਾਂ ਖੇਤਰਾਂ ਵਿੱਚ ਇਹਨਾਂ ਸੁਵਿਧਾਵਾਂ ਨੂੰ ਪ੍ਰਦਾਨ ਕਰਵਾਉਣ ਲਈ ਭਾਰੀ ਮਾਤਰਾ ਵਿੱਚ ਨਿਵੇਸ਼ ਕਰੇ।

ਗ੍ਰਾਫ਼ 4.2




(ੲ) **ਖੇਤਰੀ ਪੱਖਪਾਤ (Regional Biasness)** :- ਭਾਰਤ ਦੇ ਸਾਰੇ ਰਾਜ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਬਰਾਬਰ ਪ੍ਰਦਰਸ਼ਨ ਨਹੀਂ ਕਰ ਰਹੇ ਹਨ। ਭਾਰਤ ਦੇ ਕੁਝ ਰਾਜ ਜਿਵੇਂ ਕਿ ਮਹਾਰਾਸ਼ਟਰ, ਨਵੀਂ ਦਿੱਲੀ, ਪੰਜਾਬ ਆਦਿ ਇਹ ਸੁਵਿਧਾਵਾਂ ਆਪਣੇ ਲੋਕਾਂ ਤੱਕ ਪਹੁੰਚਾਉਣ ਲਈ ਬਹੁਤ ਚੰਗਾ ਪ੍ਰਦਰਸ਼ਨ ਕਰ ਰਹੇ ਹਨ। ਪਰ ਭਾਰਤ ਦੇ ਕਈ ਹੋਰ ਰਾਜ ਜਿਵੇਂ ਕਿ ਛੱਤੀਸਗੜ੍ਹ, ਓਡੀਸ਼ਾ ਅਤੇ ਉੱਤਰ ਪ੍ਰਦੇਸ਼ ਅਜਿਹੇ ਹਨ, ਜੋ ਕਿ ਇਹਨਾਂ ਸੁਵਿਧਾਵਾਂ ਨੂੰ ਆਪਣੇ ਲੋਕਾਂ ਤੱਕ ਪੁਚਾਉਣ ਲਈ ਕੋਈ ਖ਼ਾਸ ਚੰਗਾ ਪ੍ਰਦਰਸ਼ਨ ਨਹੀਂ ਕਰ ਰਹੇ ਹਨ। ਕਿਉਂਕਿ ਇਹ ਸੁਵਿਧਾਵਾਂ ਲੋਕਾਂ ਦਾ ਹੱਕ ਅਤੇ ਸਰਕਾਰ ਦੀ ਮੁੱਖ ਜ਼ੁੰਮੇਵਾਰੀ ਹੁੰਦੀ ਹੈ, ਇਸ ਲਈ

ਗ੍ਰਾਫ਼ 4.3



ਸਰਕਾਰ ਨੂੰ ਇਸ ਖੇਤਰ ਵਿੱਚ ਵੱਧ ਨਿਵੇਸ਼ ਕਰਕੇ ਪਹਿਲ ਕਰਨੀ ਚਾਹੀਦੀ ਹੈ, ਜਿਸ ਨਾਲ਼ ਭਾਰਤ ਦੇ ਸਾਰੇ ਖੇਤਰਾਂ ਦਾ ਇਹਨਾਂ ਸੁਵਿਧਾਵਾਂ ਦੇ ਪੱਖੋਂ ਬਰਾਬਰ ਵਿਕਾਸ ਕੀਤਾ ਜਾ ਸਕੇ।

(ਸ) **ਢਾਂਚਾਗਤ ਵਿਕਾਸ ਅਤੇ ਸੁਵਿਧਾਵਾਂ ਦੀ ਕਮੀ (Lack of Infrastructural Development and Facilities):-** ਭਾਰਤ ਵਿੱਚ ਸੇਵਾ ਖੇਤਰ ਦੇ ਵਿਕਾਸ ਲਈ ਢਾਂਚਾਗਤ ਵਿਕਾਸ ਅਤੇ ਸੁਵਿਧਾਵਾਂ ਦੀ ਭਾਰੀ ਕਮੀ ਹੈ। ਪ੍ਰਾਥਮਿਕ ਪੱਧਰ ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਅਨੁਪਾਤ 34:1 ਹੈ, ਜੋ ਕਿ ਬਹੁਤ ਜ਼ਿਆਦਾ ਹੈ। ਇਸ ਤਰ੍ਹਾਂ ਹੀ ਸਿਹਤ ਸੁਵਿਧਾਵਾਂ ਦੇ ਪੱਖੋਂ ਭਾਰਤ ਵਿੱਚ 1000 ਮਰੀਜ਼ਾਂ ਤੇ 1 ਡਾਕਟਰ ਵੀ ਨਹੀਂ ਹੈ। 2019 ਵਿੱਚ ਭਾਰਤ ਵਿੱਚ ਡਾਕਟਰਾਂ ਅਤੇ ਮਰੀਜ਼ਾਂ ਦਾ ਅਨੁਪਾਤ 1:1456 ਸੀ ਅਤੇ ਇਸਦੇ ਨਾਲ਼-ਨਾਲ਼ ਭਾਰਤ ਵਿੱਚ 1000 ਮਰੀਜ਼ਾਂ ਦੇ ਪਿੱਛੇ ਹਸਪਤਾਲਾਂ ਵਿੱਚ 1 ਬਿਸਤਰ ਤੋਂ ਵੀ ਘੱਟ ਹੈ। ਸਿਹਤ ਅਤੇ ਸਿੱਖਿਆ ਸੁਵਿਧਾਵਾਂ ਦੀ ਇਸ ਕਮੀ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਵੱਡੇ ਪੱਧਰ ਤੇ ਇਹਨਾਂ ਸੇਵਾਵਾਂ ਵਿੱਚ ਨਿਵੇਸ਼ ਕਰਨ ਦੀ ਲੋੜ ਹੈ। ਉਪਰੋਕਤ ਤਾਲਿਕਾ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਅਨੁਪਾਤ 24:1 ਹੈ ਜੋ ਕਿ ਦੁਨੀਆਂ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ, ਜੋ ਕਿ ਭਾਰਤ ਵਿੱਚ ਸਿੱਖਿਆ ਸੁਵਿਧਾਵਾਂ ਦੇ ਪਿਛੜੇ ਪੱਧਰ ਨੂੰ ਦਿਖਾ ਰਿਹਾ ਹੈ।

ਸਾਰਨੀ 4.1 2019 ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਵਿਦਿਆਰਥੀ-ਅਧਿਆਪਕ ਅਨੁਪਾਤ

| ਲੜੀ ਨੰ: | ਦੇਸ਼ | ਵਿਦਿਆਰਥੀ-ਅਧਿਆਪਕ ਅਨੁਪਾਤ |
|---|---|---|
| 1 | ਭਾਰਤ | 24:1 |
| 2 | ਬ੍ਰਾਜ਼ੀਲ | 19:1 |
| 3 | ਚੀਨ | 19:1 |
| 4 | ਬ੍ਰਿਟੇਨ | 16:1 |
| 5 | ਸਵੀਡਨ | 12:1 |
| 6 | ਰੂਸ | 10:1 |
| 7 | ਕੈਨੇਡਾ | 9:1 |


ਸਰੋਤ: ਵਿਸ਼ਵ ਬੈਂਕ ਅੰਕੜੇ, 2019

ਇਸ ਤਰ੍ਹਾਂ ਹੀ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ ਦੁਆਰਾ 31 ਮਾਰਚ 2019 ਨੂੰ ਲੋਕ ਸਭਾ ਵਿੱਚ ਪ੍ਰਦਾਨ ਕਰਵਾਏ ਗਏ ਅੰਕੜਿਆਂ ਦੇ ਮੁਤਾਬਕ ਭਾਰਤ ਵਿੱਚ 11.59 ਲੱਖ ਰਜਿਸਟਰਡ ਐਲੋਪੈਥੀ ਡਾਕਟਰ ਹਨ। ਇਸ ਮੰਤਰਾਲੇ ਦੇ ਮੁਤਾਬਕ ਕਿਉਂਕਿ ਭਾਰਤ ਦੀ ਜਨ-ਸੰਖਿਆ 135 ਕਰੋੜ ਦੇ ਲਗਭਗ ਹੈ, ਇਸ ਲਈ ਭਾਰਤ ਵਿੱਚ ਮਰੀਜ਼ਾਂ ਅਤੇ ਡਾਕਟਰਾਂ ਦਾ ਅਨੁਪਾਤ 1456:1 ਹੈ ਭਾਵ ਭਾਰਤ ਵਿੱਚ ਹਰੇਕ 1456 ਮਰੀਜ਼ਾਂ ਤੇ ਇੱਕ ਡਾਕਟਰ ਹੈ। ਵਿਸ਼ਵ ਸਿਹਤ ਸੰਗਠਨ ਦੇ ਮੁਤਾਬਕ, ਮਰੀਜ਼ਾਂ ਅਤੇ ਡਾਕਟਰਾਂ ਦਾ ਸਹੀ ਅਨੁਪਾਤ 1000:1 ਹੋਣਾ ਚਾਹੀਦਾ ਹੈ ਅਤੇ ਇਸ ਪੱਖੋਂ ਭਾਰਤ ਵਿਸ਼ਵ ਸਿਹਤ ਸੰਗਠਨ ਦੇ ਨਿਯਮਾਂ ਤੋਂ ਬਹੁਤ ਪਿੱਛੇ ਹੈ। ਵਿਸ਼ਵ ਸੰਗਠਨ ਦੇ ਮੁਤਾਬਿਕ ਭਾਰਤ ਨੂੰ ਇਹਨਾਂ ਨਿਯਮਾਂ ਨੂੰ ਪੂਰਾ ਕਰਨ ਲਈ ਇਸ ਸਮੇਂ 5 ਲੱਖ ਡਾਕਟਰਾਂ ਦੀ ਹੋਰ ਲੋੜ ਹੈ।

(ਹ) **ਜਨ-ਸੰਖਿਆ ਵਿੱਚ ਤੇਜ਼ ਵਾਧਾ (High Population Growth Rate):-** ਭਾਰਤ ਦੀ ਜਨ-ਸੰਖਿਆ ਦੀ ਵਾਧਾ ਦਰ ਸਲਾਨਾ 1.7% ਹੈ, ਜੋ ਕਿ ਬਹੁਤ ਜ਼ਿਆਦਾ ਹੈ। ਇਸ ਨਾਲ਼ ਵਰਤਮਾਨ ਸਮੇਂ ਵਿੱਚ ਮੌਜੂਦ ਸਿੱਖਿਆ ਅਤੇ ਸਿਹਤ ਸੁਵਿਧਾਵਾਂ ਦੀ ਕਮੀ ਹੋ ਗਈ ਹੈ। ਲੋਕਾਂ ਵਿੱਚ ਮੁੰਡਾ ਹੋਣ ਦੀ ਇੱਛਾ ਦੇ ਵੱਧ ਹੋਣ ਅਤੇ ਹੋਰ ਬਹੁਤ ਸਾਰੇ ਕਾਰਨਾਂ ਕਰਕੇ ਭਾਰਤ ਦੀ ਜਨ-ਸੰਖਿਆ ਬੜੀ ਤੇਜ਼ੀ ਨਾਲ਼ ਵਧੀ ਹੈ। ਇਸ ਲਈ ਇਹ ਸਰਕਾਰ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਇਸ ਲਗਾਤਾਰ ਵਧਦੀ ਹੋਈ ਜਨ-ਸੰਖਿਆ ਦੀਆਂ ਸਿੱਖਿਆ ਅਤੇ ਸਿਹਤ

ਗ੍ਰਾਫ 4.4

ਭਾਰਤ ਵਿੱਚ ਜਨ-ਸੰਖਿਆ ਦਾ ਵਿਕਾਸ 1951-2011




ਸਰੋਤ : ਭਾਰਤ ਦੀ ਜਨਗਣਨਾ, 2011

ਸੁਵਿਧਾਵਾਂ ਦੀ ਲਗਾਤਾਰ ਵਧਦੀ ਹੋਈ ਮੰਗ ਨੂੰ ਪੂਰਾ ਕਰਨ ਲਈ ਪ੍ਰਬੰਧ ਕਰੇ, ਜਿਸ ਨਾਲ਼ ਇਹਨਾਂ ਲੋਕਾਂ ਨੂੰ ਉਹਨਾਂ ਦੇ ਜੀਵਨ ਦੀਆਂ ਮੂਲਭੂਤ ਸੁਵਿਧਾਵਾਂ ਦੀ ਪ੍ਰਾਪਤੀ ਕਰਵਾਈ ਜਾ ਸਕੇ ਅਤੇ ਜਿਸ ਕਰਕੇ ਸਰਕਾਰ ਨੂੰ ਇਹਨਾਂ ਸੁਵਿਧਾਵਾਂ ਵਿੱਚ ਲਗਾਤਾਰ ਭਾਰੀ ਮਾਤਰਾ ਵਿੱਚ ਨਿਵੇਸ਼ ਕਰਨ ਦੀ ਲੋੜ ਹੈ।

(ਕ) **ਇਸਤਰੀਆਂ ਦਾ ਮਾੜਾ ਸਮਾਜਿਕ ਅਤੇ ਆਰਥਿਕ ਪੱਧਰ (Low Socio-Economic Status of Women)**:- ਭਾਰਤ ਵਿੱਚ ਇਸਤਰੀਆਂ ਦੀ ਸਾਖਰਤਾ ਦਰ ਬਹੁਤ ਹੀ ਘੱਟ ਹੈ, ਜੋ ਕਿ ਇਸਤਰੀਆਂ ਦੇ ਸਮਾਜਿਕ ਅਤੇ ਆਰਥਿਕ ਪੱਧਰ ਨੂੰ ਘੱਟ ਕਰ ਦਿੰਦੀ ਹੈ। ਉਹਨਾਂ ਨੂੰ ਕਈ ਤਰ੍ਹਾਂ ਦੀਆਂ ਸਿਹਤ ਅਤੇ ਸਿੱਖਿਆ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਨੂੰ ਆਪਣੀਆਂ ਸਿਹਤ ਸਮੱਸਿਆਵਾਂ ਤੇ ਖੁੱਲ੍ਹ ਕੇ ਬੋਲਣ ਦੀ ਅਜ਼ਾਦੀ ਨਹੀਂ ਹੈ। ਉਹਨਾਂ ਨੂੰ ਇਹ ਸਾਰੀਆਂ ਸਮੱਸਿਆਵਾਂ ਚੁਪਚਾਪ ਸਹਿਣ ਕਰਨੀਆਂ ਪੈਂਦੀਆਂ ਹਨ ਕਿਉਂਕਿ ਉਹ ਇੰਨੀਆਂ ਪੜ੍ਹੀਆਂ-ਲਿਖੀਆਂ ਨਹੀਂ ਹਨ ਕਿ ਇਹਨਾਂ ਸਮੱਸਿਆਵਾਂ ਨੂੰ ਸਮਝ ਸਕਣ ਅਤੇ ਇਸ ਕਾਰਨ ਉਹ ਆਪਣੀ ਅਤੇ ਆਪਣੇ ਬੱਚਿਆਂ ਦੀ ਪੂਰੀ ਦੇਖਭਾਲ ਨਹੀਂ ਕਰ ਪਾਉਂਦੀਆਂ। ਜੇਕਰ ਮਾਂ ਪੜ੍ਹੀ-ਲਿਖੀ ਹੋਵੇਗੀ, ਤਾਂ ਉਹ ਆਪਣੀ ਅਤੇ ਆਪਣੇ ਬੱਚਿਆਂ ਦੀ ਇਹਨਾਂ ਸਿਹਤ ਸਬੰਧੀ ਵਿਸ਼ਿਆਂ ਤੇ ਵਧੀਆ ਦੇਖ-ਭਾਲ ਕਰ ਸਕੇਗੀ। ਇਸ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਇਸਤਰੀਆਂ ਨੂੰ ਸਾਖਰ ਕਰਨ ਲਈ ਨਿਵੇਸ਼ ਕਰੇ ਤਾਂ ਕਿ ਇਹਨਾਂ ਦੀ ਸਥਿਤੀ ਨੂੰ ਬਿਹਤਰ ਬਣਾਇਆ ਜਾ ਸਕੇ।

(ਖ) **ਨਿੱਜੀ ਖੇਤਰ ਵਿੱਚ ਮਹਿੰਗੀਆਂ ਸਿਹਤ ਅਤੇ ਸਿੱਖਿਆ ਸੁਵਿਧਾਵਾਂ (Costly Health and Educational Facilities under Private Sector)** :- ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਨਿੱਜੀ ਖੇਤਰ ਸਿਰਫ਼ ਲਾਭ ਪ੍ਰਾਪਤੀ ਦੇ ਉਦੇਸ਼ ਨਾਲ਼ ਹੀ ਕੰਮ ਕਰਦਾ ਹੈ। ਇਸ ਲਈ ਜਦੋਂ ਸਿਹਤ ਅਤੇ ਸਿੱਖਿਆ ਸੁਵਿਧਾਵਾਂ ਨਿੱਜੀ ਖੇਤਰ ਦੁਆਰਾ ਪ੍ਰਦਾਨ ਕਰਵਾਈਆਂ ਜਾਂਦੀਆਂ ਹਨ, ਤਾਂ ਇਹ ਬਹੁਤ ਮਹਿੰਗੀਆਂ ਹੋਣ ਕਰਕੇ ਇੱਕ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਹਨ। ਕੁਝ ਨਿੱਜੀ ਸਕੂਲਾਂ ਅਤੇ ਨਿੱਜੀ ਹਸਪਤਾਲਾਂ ਵਿੱਚ ਸਰਕਾਰੀ ਸੰਸਥਾਵਾਂ ਦੇ ਮੁਕਾਬਲੇ ਵਿੱਚ ਵਧੇਰੇ ਚੰਗੀਆਂ ਸੁਵਿਧਾਵਾਂ ਮੌਜੂਦ ਹਨ। ਇਸ ਲਈ ਸਰਕਾਰ ਨੂੰ ਇਹਨਾਂ ਖੇਤਰਾਂ ਵਿੱਚ ਭਾਰੀ ਮਾਤਰਾ ਵਿੱਚ ਨਿਵੇਸ਼ ਕਰਨ ਦੀ ਲੋੜ ਹੈ, ਤਾਂ ਕਿ ਨਿੱਜੀ ਖੇਤਰ ਦਾ ਮੁਕਾਬਲਾ ਕੀਤਾ ਜਾ ਸਕੇ ਅਤੇ ਲੋਕਾਂ ਨੂੰ ਇਹਨਾਂ ਸੁਵਿਧਾਵਾਂ ਦਾ ਲਾਭ ਪੁਚਾਇਆ ਜਾ ਸਕੇ।






*ਚਿੱਤਰ 4.4*

(ਗ) **ਸਿੱਖਿਆ ਅਤੇ ਸਿਹਤ ਤੇ ਸਰਕਾਰ ਦਾ ਘੱਟ ਖਰਚ (Low Government Expenditure on Education and Health)** :- ਸਿੱਖਿਆ ਅਤੇ ਸਿਹਤ ਸਮਿਤੀ ਦੇ ਮੁਤਾਬਕ ਸਿੱਖਿਆ ਤੇ ਸਿਹਤ ਦੀ ਸਥਿਤੀ ਦਾ ਸੁਧਾਰ ਕਰਨ ਲਈ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਦਾ ਘੱਟ ਤੋਂ ਘੱਟ 6 ਪ੍ਰਤਿਸ਼ਤ ਹਿੱਸਾ ਸਿੱਖਿਆ ਅਤੇ ਸਿਹਤ ਤੇ ਖਰਚ ਹੋਣਾ ਚਾਹੀਦਾ ਹੈ। ਪਰ ਵਰਤਮਾਨ ਸਮੇਂ ਵਿੱਚ ਸਰਕਾਰ ਆਪਣੇ ਕੁੱਲ ਘਰੇਲੂ ਉਤਪਾਦਨ ਦਾ ਸਿਰਫ 4 ਪ੍ਰਤਿਸ਼ਤ ਹਿੱਸਾ ਹੀ ਇਹਨਾਂ ਸੁਵਿਧਾਵਾਂ ਤੇ ਖ਼ਰਚ ਕਰ ਰਹੀ ਹੈ। ਇਸ ਲਈ ਸਰਕਾਰ ਨੂੰ ਇਹਨਾਂ ਸੁਵਿਧਾਵਾਂ ਦਾ ਵਿਕਾਸ ਕਰਨ ਲਈ ਵੱਧ ਮਾਤਰਾ ਵਿੱਚ ਧਨ ਖ਼ਰਚ ਕਰਨ ਦੀ ਲੋੜ ਹੈ।

(ਘ) **ਜਾਨਲੇਵਾ ਬਿਮਾਰੀਆਂ ਦਾ ਆਉਣਾ (Emergence of Deadly Diseases)**:- ਅੱਜ ਕੱਲ੍ਹ ਕਈ ਨਵੀਂ ਤਰ੍ਹਾਂ ਦੀਆਂ ਜਾਨਲੇਵਾ ਬਿਮਾਰੀਆਂ ਜਿਵੇਂ ਕਿ ਕੋਰੋਨਾ, ਏਡਜ਼, ਕੈਂਸਰ ਆਦਿ ਸਾਡੇ ਦੇਸ਼ ਦੇ ਲੋਕਾਂ ਦੀ ਸਿਹਤ ਦੇ ਲਈ ਇੱਕ ਵੱਡਾ ਖ਼ਤਰਾ ਬਣ ਕੇ ਆਈਆਂ ਹਨ ਅਤੇ ਨਿੱਜੀ ਹਸਪਤਾਲਾਂ ਵਿੱਚ ਇਹਨਾਂ ਬਿਮਾਰੀਆਂ ਦਾ ਇਲਾਜ ਬਹੁਤ ਹੀ ਮਹਿੰਗਾ ਹੈ। ਇਸ ਲਈ ਇਸ ਖੇਤਰ ਵਿੱਚ ਸਰਕਾਰ ਨੂੰ ਭਾਰੀ ਮਾਤਰਾ ਵਿੱਚ ਨਿਵੇਸ਼ ਕਰਨ ਦੀ ਲੋੜ ਹੈ, ਤਾਂ ਕਿ ਲੋਕਾਂ ਨੂੰ ਸਿਹਤ ਪੱਖੋਂ ਠੀਕ ਰੱਖਿਆ ਜਾ ਸਕੇ ਅਤੇ ਉਹਨਾਂ ਦੀ ਸਿਹਤ ਦੇ ਪੱਧਰ ਨੂੰ ਸਹੀ ਤਰੀਕੇ ਨਾਲ਼ ਬਣਾ ਕੇ ਰੱਖਿਆ ਜਾ ਸਕੇ।

## ਕਿਰਿਆ

1. 1971 ਤੋਂ 2011 ਦੇ ਵਿਚਕਾਰ ਭਾਰਤ ਦੀ ਜਨਸੰਖਿਆ ਦੇ ਵਾਧੇ ਦੇ ਕੀ ਰੁਝਾਨ ਸਨ?
2. ਸਰਕਾਰ ਨੂੰ ਔਰਤਾਂ ਨੂੰ ਸਿੱਖਿਅਤ ਕਿਉਂ ਕਰਨਾ ਚਾਹੀਦਾ ਹੈ?
3. ਕੁਝ ਜਾਨਲੇਵਾ ਬੀਮਾਰੀਆਂ ਦੀ ਇੱਕ ਸੂਚੀ ਤਿਆਰ ਕਰੋ।

## ਸਾਰ

- ਅਰਥਵਿਵਸਥਾ ਤੋਂ ਭਾਵ ਉਸ ਪ੍ਰਬੰਧ ਤੋਂ ਹੈ ਜਿਸਦੇ ਮੁਤਾਬਕ ਆਰਥਿਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਇਸ ਤੋਂ ਸਾਨੂੰ ਆਰਥਿਕ ਕਿਰਿਆਵਾਂ ਦੇ ਸੁਭਾਅ ਅਤੇ ਪੱਧਰ ਬਾਰੇ ਜਾਣਕਾਰੀ ਮਿਲ਼ਦੀ ਹੈ। ਅਰਥਵਿਵਸਥਾ ਨੂੰ ਕਿਸੇ ਵਿਸ਼ੇਸ਼ ਖੇਤਰ ਜਾਂ ਸੀਮਾ ਤੱਕ ਸੀਮਿਤ ਨਹੀਂ ਕੀਤਾ ਜਾਣਾ ਚਾਹੀਦਾ।
- ਮਲਕੀਅਤ ਦੇ ਆਧਾਰ ਤੇ ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ ਜੋ ਕਿ ਸਰਕਾਰੀ ਖੇਤਰ, ਨਿੱਜੀ ਖੇਤਰ ਅਤੇ ਮਿਸ਼ਰਿਤ ਖੇਤਰ ਹਨ।
- ਕੰਮ ਕਰਨ ਦੀਆਂ ਸਥਿਤੀਆਂ ਦੇ ਆਧਾਰ ਤੇ ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ ਜੋ ਕਿ ਸੰਗਠਿਤ ਖੇਤਰ ਅਤੇ ਅਸੰਗਠਿਤ ਖੇਤਰ ਹਨ।
- ਆਰਥਿਕ ਕਿਰਿਆਵਾਂ ਦੇ ਸੁਭਾਅ ਦੇ ਆਧਾਰ ਤੇ ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ ਜੋ ਕਿ ਪ੍ਰਾਥਮਿਕ ਖੇਤਰ, ਗੌਣ ਖੇਤਰ ਅਤੇ ਸੇਵਾ ਖੇਤਰ ਹਨ।
- ਭਾਰਤ ਦੇ ਸੇਵਾ ਖੇਤਰ ਦਾ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਯੋਗਦਾਨ ਜੋ ਕਿ ਸਥਿਰ ਕੀਮਤਾਂ ਤੇ 1950-51 ਵਿੱਚ 28.5 ਪ੍ਰਤਿਸ਼ਤ ਸੀ, 2020-21 ਵਿੱਚ ਵਧ ਕੇ 53.89 ਪ੍ਰਤਿਸ਼ਤ ਹੋ ਗਿਆ ਹੈ।
- ਯੋਜਨਾਕਾਲ ਦੇ ਦੌਰਾਨ ਸੇਵਾ ਖੇਤਰ ਦੀ ਔਸਤ ਵਾਧਾ ਦਰ ਲਗਭਗ 9 ਪ੍ਰਤੀਸ਼ਤ ਰਹੀ ਹੈ।
- ਸੇਵਾ ਖੇਤਰ ਭਾਰਤ ਦੇ ਵਿਦੇਸ਼ੀ ਵਪਾਰ ਵਿੱਚ ਲਗਭਗ 20 ਪ੍ਰਤਿਸ਼ਤ ਦਾ ਯੋਗਦਾਨ ਪ੍ਰਦਾਨ ਕਰਵਾ ਰਿਹਾ ਹੈ।
- ਭਾਰਤ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਅਨੁਪਾਤ 24:1 ਹੈ ਜੋ ਕਿ ਦੂਜੇ ਦੇਸ਼ਾਂ ਦੇ ਮੁਕਾਬਲੇ ਜ਼ਿਆਦਾ ਹੈ।
- 2019 ਵਿੱਚ ਭਾਰਤ ਵਿੱਚ ਮਰੀਜ਼ਾਂ ਅਤੇ ਡਾਕਟਰਾਂ ਦਾ ਅਨੁਪਾਤ 1456:1 ਸੀ ਅਤੇ ਇੱਕ ਹਜ਼ਾਰ ਮਰੀਜ਼ਾਂ ਦੇ ਪਿੱਛੇ ਇੱਕ ਬਿਸਤਰ ਵੀ ਉਪਲਬਧ ਨਹੀਂ ਸੀ।
- ਵਰਤਮਾਨ ਸਮੇਂ ਵਿੱਚ ਸਰਕਾਰ ਦੁਆਰਾ ਆਪਣੇ ਕੁੱਲ ਘਰੇਲੂ ਉਤਪਾਦਨ ਦਾ ਲਗਭਗ 4 ਪ੍ਰਤਿਸ਼ਤ ਹਿੱਸਾ ਸਿੱਖਿਆ ਅਤੇ ਸਿਹਤ ਤੇ ਖ਼ਰਚ ਕੀਤਾ ਜਾ ਰਿਹਾ ਹੈ।

## ਅਭਿਆਸ

### ੳ. ਵਸਤੂਨਿਸ਼ਠ ਪ੍ਰਸ਼ਨ

1. ਖ਼ਾਲੀ ਥਾਵਾਂ ਭਰੋ:

(i) ਮਲਕੀਅਤ ਦੇ ਆਧਾਰ ਤੇ ਅਰਥਵਿਵਸਥਾ .................... ਤਰ੍ਹਾਂ ਦੀ ਹੁੰਦੀ ਹੈ।
(ii) ਆਰਥਿਕ ਕਿਰਿਆਵਾਂ ਦੇ ਸੁਭਾਅ ਦੇ ਆਧਾਰ ਤੇ ਅਰਥਵਿਵਸਥਾ ................. ਤਰ੍ਹਾਂ ਦੀ ਹੁੰਦੀ ਹੈ।
(iii) ਕੰਮ ਦੀਆਂ ਸਥਿਤੀਆਂ ਦੇ ਆਧਾਰ ਤੇ ਅਰਥਵਿਵਸਥਾ ..................... ਤਰ੍ਹਾਂ ਦੀ ਹੁੰਦੀ ਹੈ।
(iv) .......... ਖੇਤਰ ਵਿੱਚ ਸਾਰੀਆਂ ਆਰਥਿਕ ਕਿਰਿਆਵਾਂ ਤੇ ਸਰਕਾਰ ਦਾ ਪੂਰਾ ਨਿਯੰਤਰਣ ਹੁੰਦਾ ਹੈ।
(v) ..................... ਖੇਤਰ ਸਿਰਫ਼ ਲਾਭ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੰਮ ਕਰਦਾ ਹੈ।
(vi) ਸਾਲ 2018-19 ਵਿੱਚ ਪ੍ਰਾਥਮਿਕ ਖੇਤਰ ਦੀ ਵਿਕਾਸ ਦਰ ..................... ਪ੍ਰਤਿਸ਼ਤ ਸੀ।
(vii) ਸਾਲ 2018-19 ਵਿੱਚ ਗੌਣ ਖੇਤਰ ਦੀ ਵਿਕਾਸ ਦਰ ..................... ਪ੍ਰਤਿਸ਼ਤ ਸੀ।
(viii) ਸਾਲ 2018-19 ਵਿੱਚ ਸੇਵਾ ਖੇਤਰ ਦੀ ਵਿਕਾਸ ਦਰ ..................... ਪ੍ਰਤਿਸ਼ਤ ਸੀ।
(ix) ਕਿਸੇ ਦੇਸ਼ ਵਿੱਚ ਮੌਜੂਦ ਅਨੁਭਵੀ ਅਤੇ ਕਾਬਲ ਲੋਕਾਂ ਦੇ ਭੰਡਾਰ ਨੂੰ ......... ਪੂੰਜੀ ਕਿਹਾ ਜਾਂਦਾ ਹੈ।

(x) 2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਚ .................... ਪ੍ਰਤਿਸ਼ਤ ਲੋਕ ਗ਼ਰੀਬੀ ਰੇਖਾ ਦੇ ਹੇਠਾਂ ਰਹਿ ਰਹੇ ਸਨ।

2. ਬਹੁ-ਵਿਕਲਪਿਕ ਚੋਣ—

(i) ਹੇਠਾਂ ਲਿਖਿਆਂ ਵਿੱਚੋਂ ਕਿਹੜੀ ਆਰਥਿਕ ਕਿਰਿਆ ਨੂੰ ਗੌਣ ਖੇਤਰ ਵਿੱਚ ਸ਼ਾਮਲ ਕੀਤਾ ਜਾਂਦਾ ਹੈ ?
(ੳ) ਖੁਦਾਈ (ਅ) ਨਿਰਮਾਣ
(ੲ) ਯਾਤਾਯਾਤ ਅਤੇ ਸੰਚਾਰ (ਸ) ਉਪਰੋਕਤ ਸਾਰੇ

(ii) 2020-21 ਵਿੱਚ ਸੇਵਾ ਖੇਤਰ ਦਾ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਯੋਗਦਾਨ ਕਿੰਨੇ ਪ੍ਰਤਿਸ਼ਤ ਸੀ ?
(ੳ) 50.4 (ਅ) 51.3 (ੲ) 52.8 (ਸ) 53.89

(iii) ਯੋਜਨਾਕਾਲ ਦੇ ਦੌਰਾਨ, ਭਾਰਤ ਵਿੱਚ ਸੇਵਾ ਖੇਤਰ ਦੀ ਵਿਕਾਸ ਦਰ ਕਿੰਨੇ ਪ੍ਰਤਿਸ਼ਤ ਰਹੀ ਹੈ ?
(ੳ) 8 (ਅ) 9 (ੲ) 10 (ਸ) 11

(iv) ਹੇਠ ਲਿਖਿਆਂ ਵਿੱਚੋਂ ਕਿਸਨੂੰ ਮਨੁੱਖੀ ਪੂੰਜੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ ?
(ੳ) ਅਧਿਆਪਕ (ਅ) ਡਾਕਟਰ (ੲ) ਇੰਜੀਨੀਅਰ (ਸ) ਉਪਰੋਕਤ ਸਾਰੇ

(v) ਆਮਦਨ ਦੇ ਪੱਖੋਂ ਕਿਹੜੇ ਖੇਤਰ ਅਰਥਵਿਵਸਥਾ ਨੂੰ ਸਥਿਰਤਾ ਪ੍ਰਦਾਨ ਕਰਵਾਉਂਦੇ ਹਨ ?
(ੳ) ਪ੍ਰਾਥਮਿਕ ਅਤੇ ਗੌਣ ਖੇਤਰ (ਅ) ਪ੍ਰਾਥਮਿਕ ਅਤੇ ਸੇਵਾ ਖੇਤਰ
(ੲ) ਗੌਣ ਅਤੇ ਸੇਵਾ ਖੇਤਰ (ਸ) ਸਰਕਾਰੀ ਖੇਤਰ

(vi) ਭਾਰਤ ਦੀ ਜਨਸੰਖਿਆ ਦੀ ਸਲਾਨਾ ਵਾਧਾ ਦਰ ਕਿੰਨੇ ਪ੍ਰਤਿਸ਼ਤ ਹੈ ?
(ੳ) 1.6 (ਅ) 1.7 (ੲ) 1.8 (ਸ) 1.9

(vii) ਵਰਤਮਾਨ ਸਮੇਂ ਵਿੱਚ ਸਰਕਾਰ ਦੁਆਰਾ ਸਿਹਤ ਅਤੇ ਸਿੱਖਿਆ ਤੇ ਕੁੱਲ ਘਰੇਲੂ ਉਤਪਾਦਨ ਦਾ ਕਿੰਨੇ ਪ੍ਰਤਿਸ਼ਤ ਖ਼ਰਚ ਕੀਤਾ ਜਾ ਰਿਹਾ ਹੈ ?
(ੳ) 4 (ਅ) 5 (ੲ) 6 (ਸ) 7

(viii) ਸੇਵਾ ਖੇਤਰ, ਭਾਰਤ ਦੇ ਵਿਦੇਸ਼ੀ ਵਪਾਰ ਵਿੱਚ .................. ਪ੍ਰਤਿਸ਼ਤ ਯੋਗਦਾਨ ਦੇ ਰਿਹਾ ਹੈ।
(ੳ) 19 (ਅ) 20 (ੲ) 21 (ਸ) 22

3. ਸਹੀ/ਗ਼ਲਤ:-

(i) ਸਰਕਾਰੀ ਖੇਤਰ ਲੋਕਾਂ ਦੇ ਕਲਿਆਣ ਦੇ ਉਦੇਸ਼ ਲਈ ਕੰਮ ਕਰਦਾ ਹੈ। (ਸਹੀ/ਗ਼ਲਤ)

(ii) ਅਸੰਗਠਿਤ ਖੇਤਰ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਲਈ ਪੱਕੀਆਂ ਤਨਖਾਹਾਂ ਅਤੇ ਕੰਮ ਕਰਨ ਦੇ ਪੱਕੇ ਨਿਯਮ ਹੁੰਦੇ ਹਨ। (ਸਹੀ/ਗ਼ਲਤ)

(iii) ਵਿਕਾਸ ਦੇ ਨਾਲ਼-ਨਾਲ਼, ਪ੍ਰਾਥਮਿਕ ਖੇਤਰ ਦੀ ਤੁਲਨਾਤਮਕ ਮਹੱਤਤਾ ਵਿੱਚ ਵਾਧਾ ਹੁੰਦਾ ਹੈ। (ਸਹੀ/ਗ਼ਲਤ)

(iv) ਸੇਵਾ ਖੇਤਰ ਵਿੱਚ ਉਹਨਾਂ ਕਿਰਿਆਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਜਿਹਨਾਂ ਵਿੱਚ ਕੁਦਰਤੀ ਸਾਧਨਾਂ ਦੀ ਵਰਤੋਂ ਹੁੰਦੀ ਹੈ। (ਸਹੀ/ਗ਼ਲਤ)

(v) ਪ੍ਰਤੱਖ ਵਿਦੇਸ਼ੀ ਨਿਵੇਸ਼ ਇੱਕ ਦੇਸ਼ ਦੇ ਨਿੱਜੀ ਖੇਤਰ ਦੁਆਰਾ ਕੀਤਾ ਜਾਂਦਾ ਹੈ। (ਸਹੀ/ਗ਼ਲਤ)

(vi) ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸੁਵਿਧਾਵਾਂ ਸ਼ਹਿਰੀ ਖੇਤਰਾਂ ਵਿੱਚ ਵੱਧ ਕੇਂਦਰਿਤ ਹਨ। (ਸਹੀ/ਗ਼ਲਤ)

4. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ।

**ਇਹਨਾਂ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿੱਤਾ ਜਾਵੇ।**

(i) ਅਰਥਵਿਵਸਥਾ ਤੋਂ ਕੀ ਭਾਵ ਹੈ ?
(ii) ਸਰਵਜਨਕ ਖੇਤਰ ਤੋਂ ਕੀ ਭਾਵ ਹੈ ?
(iii) ਸਰਵਜਨਕ ਖੇਤਰ ਅਧੀਨ ਆਉਣ ਵਾਲ਼ੇ ਕਿਸੇ ਦੋ ਉਤਪਾਦਨ ਖੇਤਰਾਂ ਦਾ ਨਾਂ ਦੱਸੋ।
(iv) ਨਿੱਜੀ ਖੇਤਰ ਤੋਂ ਕੀ ਭਾਵ ਹੈ ?
(v) ਸੰਗਠਿਤ ਖੇਤਰ ਤੋਂ ਕੀ ਭਾਵ ਹੈ ?
(vi) ਅਸੰਗਠਿਤ ਖੇਤਰ ਤੋਂ ਕੀ ਭਾਵ ਹੈ ?
(vii) ਅਸੰਗਠਿਤ ਖੇਤਰ ਵਿੱਚ ਕਿਸ ਤਰ੍ਹਾਂ ਦੇ ਕਰਮਚਾਰੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ ?
(viii) ਪ੍ਰਾਥਮਿਕ ਖੇਤਰ ਤੋਂ ਕੀ ਭਾਵ ਹੈ ?

(ix) ਪ੍ਰਾਥਮਿਕ ਖੇਤਰ ਦੁਆਰਾ ਕੀਤੀਆਂ ਜਾਣ ਵਾਲ਼ੀਆਂ ਦੋ ਕਿਰਿਆਵਾਂ ਦਾ ਵਰਣਨ ਕਰੋ।
(x) ਗੌਣ ਖੇਤਰ ਤੋਂ ਕੀ ਭਾਵ ਹੈ?
(xi) ਗੌਣ ਖੇਤਰ ਦੁਆਰਾ ਕੀਤੀਆਂ ਜਾਣ ਵਾਲ਼ੀਆਂ ਦੋ ਕਿਰਿਆਵਾਂ ਦਾ ਵਰਣਨ ਕਰੋ।
(xii) ਸੇਵਾ ਖੇਤਰ ਤੋਂ ਕੀ ਭਾਵ ਹੈ?
(xiii) ਸੇਵਾ ਖੇਤਰ ਦੁਆਰਾ ਕੀਤੀਆਂ ਜਾਣ ਵਾਲ਼ੀਆਂ ਦੋ ਕਿਰਿਆਵਾਂ ਦਾ ਵਰਣਨ ਕਰੋ।
(xiv) ਵਿਦੇਸ਼ੀ ਵਪਾਰ ਤੋਂ ਕੀ ਭਾਵ ਹੈ?
(xv) ਮਨੁੱਖੀ ਪੂੰਜੀ ਤੋਂ ਕੀ ਭਾਵ ਹੈ?
(xvi) FDI ਦਾ ਪੂਰਾ ਨਾਂ ਲਿਖੋ।
(xvii) ਸੇਵਾ ਖੇਤਰ ਦਾ ਵਿਕਾਸ ਹੋਣ ਦੇ ਨਾਲ-ਨਾਲ ਅਰਥਵਿਵਸਥਾ ਵਿੱਚ ਕਿਹੜੇ ਨਵੇਂ ਖੇਤਰਾਂ ਦਾ ਵਿਕਾਸ ਹੁੰਦਾ ਹੈ?
(xviii) ਭਾਰਤ ਦੇ ਦੋ ਅਜਿਹੇ ਰਾਜਾਂ ਦਾ ਨਾਂ ਦੱਸੋ, ਜੋ ਕਿ ਸਿੱਖਿਆ ਅਤੇ ਸਿਹਤ ਦੇ ਪੱਖੋਂ ਵਿਕਸਿਤ ਰਾਜ ਹਨ।
(xix) ਭਾਰਤ ਸਰਕਾਰ ਦੁਆਰਾ ਸਿਹਤ ਅਤੇ ਸਿੱਖਿਆ 'ਤੇ ਆਪਣੇ ਕੁੱਲ ਘਰੇਲੂ ਉਤਪਾਦਨ ਦਾ ਕਿੰਨਾਂ ਪ੍ਰਤਿਸ਼ਤ ਹਿੱਸਾ ਖ਼ਰਚ ਕੀਤਾ ਜਾ ਰਿਹਾ ਹੈ?
(xx) ਪਿਛਲੇ ਕੁਝ ਸਮੇਂ ਵਿੱਚ ਪੈਦਾ ਹੋਣ ਵਾਲ਼ੀਆਂ ਦੋ ਖ਼ਤਰਨਾਕ ਬੀਮਾਰੀਆਂ ਦਾ ਨਾਂ ਲਿਖੋ।

## ਅ. ਛੋਟੇ ਉੱਤਰ ਵਾਲੇ ਪ੍ਰਸ਼ਨ

**ਇਨ੍ਹਾਂ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਦਿੱਤਾ ਜਾਵੇ।**

1. ਮਲਕੀਅਤ ਦੇ ਆਧਾਰ ਤੇ ਅਰਥਵਿਵਸਥਾ ਦੀਆਂ ਕਿਸਮਾਂ ਦਾ ਵਰਣਨ ਕਰੋ।
2. ਕੰਮ ਕਰਨ ਦੀਆਂ ਸਥਿਤੀਆਂ ਦੇ ਆਧਾਰ ਤੇ ਅਰਥਵਿਵਸਥਾ ਦੀਆਂ ਕਿਸਮਾਂ ਦਾ ਵਰਣਨ ਕਰੋ।
3. ਅਸੰਗਠਿਤ ਖੇਤਰ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਕੰਮ ਕਰਨ ਦੀਆਂ ਸਥਿਤੀਆਂ 'ਤੇ ਨੋਟ ਲਿਖੋ।
4. ਸੰਗਠਿਤ ਖੇਤਰ ਅਤੇ ਅਸੰਗਠਿਤ ਖੇਤਰ ਵਿੱਚ ਅੰਤਰ ਸਪੱਸ਼ਟ ਕਰੋ।
5. ਕੰਮ ਦੇ ਸੁਭਾਅ ਦੇ ਆਧਾਰ ਤੇ ਅਰਥਵਿਵਸਥਾ ਦੀਆਂ ਕਿਸਮਾਂ ਦਾ ਵਰਣਨ ਕਰੋ।
6. ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਸੇਵਾ ਖੇਤਰ ਦੁਆਰਾ ਦਿੱਤੇ ਜਾਣ ਵਾਲ਼ੇ ਯੋਗਦਾਨ ਦੀ ਵਿਆਖਿਆ ਕਰੋ।
7. ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਦੇ ਤੁਲਨਾਤਮਕ ਮਹੱਤਵ ਦਾ ਵਰਣਨ ਕਰੋ।
8. ਸੇਵਾ ਖੇਤਰ ਦੁਆਰਾ ਭਾਰਤ ਦੇ ਵਿਦੇਸ਼ੀ ਵਪਾਰ ਵਿੱਚ ਦਿੱਤੇ ਜਾਣ ਵਾਲ਼ੇ ਯੋਗਦਾਨ ਦੀ ਵਿਆਖਿਆ ਕਰੋ।
9. ਸੇਵਾ ਖੇਤਰ ਦੁਆਰਾ ਮਨੁੱਖੀ ਪੂੰਜੀ ਨਿਰਮਾਣ ਵਿੱਚ ਦਿੱਤੇ ਜਾਣ ਵਾਲ਼ੇ ਯੋਗਦਾਨ ਦੀ ਵਿਆਖਿਆ ਕਰੋ।
10. ਸੇਵਾ ਖੇਤਰ ਦੁਆਰਾ ਪ੍ਰਤੱਖ ਵਿਦੇਸ਼ੀ ਨਿਵੇਸ਼ ਦੇ ਪ੍ਰਵਾਹ ਵਿੱਚ ਦਿੱਤੇ ਜਾਣ ਵਾਲ਼ੇ ਯੋਗਦਾਨ ਦੀ ਵਿਆਖਿਆ ਕਰੋ।
11. ਸੇਵਾ ਖੇਤਰ ਦੁਆਰਾ ਅਰਥਵਿਵਸਥਾ ਦੇ ਢਾਂਚੇ ਦੇ ਨਿਰਮਾਣ ਵਿੱਚ ਦਿੱਤੇ ਜਾਣ ਵਾਲ਼ੇ ਯੋਗਦਾਨ ਦੀ ਵਿਆਖਿਆ ਕਰੋ।
12. ਸੇਵਾ ਖੇਤਰ ਅਰਥਵਿਵਸਥਾ ਨੂੰ ਸਥਿਰਤਾ ਕਿਵੇਂ ਪ੍ਰਦਾਨ ਕਰਵਾਉਂਦਾ ਹੈ?
13. ਭਾਰਤ ਵਿੱਚ ਸੇਵਾ ਖੇਤਰ ਦੇ ਵਿਕਾਸ ਦੇ ਵੱਖ-ਵੱਖ ਕਾਰਨਾਂ ਦੀ ਵਿਆਖਿਆ ਕਰੋ।
14. ਸਿੱਖਿਆ ਖੇਤਰ ਵਿੱਚ ਸਰਕਾਰ ਦੇ ਵੱਧ ਨਿਵੇਸ਼ ਦੀ ਲੋੜ ਕਿਉਂ ਹੈ?
15. ਸਿਹਤ ਸੁਵਿਧਾਵਾਂ ਦੇ ਖੇਤਰ ਵਿੱਚ ਸਰਕਾਰ ਦੇ ਵੱਧ ਨਿਵੇਸ਼ ਦੀ ਲੋੜ ਕਿਉਂ ਹੈ?
16. ਭਾਰਤ ਵਿਚ ਪਾਈ ਜਾਣ ਵਾਲ਼ੀ ਘੋਰ ਗਰੀਬੀ ਸੇਵਾ ਖੇਤਰ ਦੇ ਵਿਕਾਸ ਵਿੱਚ ਇੱਕ ਰੁਕਾਵਟ ਕਿਵੇਂ ਹੈ?
17. ਸਾਬਿਤ ਕਰੋ ਕਿ ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸੁਵਿਧਾਵਾਂ ਸ਼ਹਿਰੀ ਖੇਤਰਾਂ ਵਿੱਚ ਕੇਂਦਰਿਤ ਹਨ।
18. ਸਾਬਿਤ ਕਰੋ ਕਿ ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸੁਵਿਧਾਵਾਂ ਦੇ ਪੱਖੋਂ ਖੇਤਰੀ ਅਸਮਾਨਤਾ ਪਾਈ ਜਾਂਦੀ ਹੈ।
19. ਭਾਰਤ ਦੀ ਜਨਸੰਖਿਆ ਵਿੱਚ ਹੋਣ ਵਾਲ਼ਾ ਵਾਧਾ ਭਾਰਤ ਵਿੱਚ ਸੇਵਾ ਖੇਤਰ ਦੇ ਵਿਕਾਸ ਵਿੱਚ ਇੱਕ ਰੁਕਾਵਟ ਕਿਵੇਂ ਹੈ?
20. ਢਾਂਚੇ ਦੀ ਕਮੀ ਭਾਰਤ ਵਿੱਚ ਸੇਵਾ ਖੇਤਰ ਦੇ ਵਿਕਾਸ ਵਿੱਚ ਇੱਕ ਰੁਕਾਵਟ ਕਿਵੇਂ ਹੈ?

# 5

# ਵਿਸ਼ਵੀਕਰਨ
# (GLOBALISATION)



ਪਿਆਰੇ ਵਿਦਿਆਰਥੀਓ, ਕੀ ਤੁਸੀਂ ਕਦੇ ਇਕਾਂਤਵਾਸ ਵਿੱਚ ਰਹਿਣਾ ਸੋਚ ਸਕਦੇ ਹੋ ? ਤੁਹਾਡਾ ਉੱਤਰ ਸੁਭਾਵਿਕ ਹੀ ਨਾਂਹ ਵਿੱਚ ਹੋਵੇਗਾ ਕਿਉਂਕਿ ਸਾਡੇ ਸਾਰਿਆਂ ਲਈ ਇਕਾਂਤਵਾਸ ਦੀ ਸਥਿਤੀ ਵਿੱਚ ਰਹਿਣਾ ਸੰਭਵ ਨਹੀਂ ਹੈ, ਜਿੱਥੇ ਸਾਡਾ ਇੱਕ ਦੂਸਰੇ ਨਾਲ ਕੋਈ ਸੰਪਰਕ ਕਾਇਮ ਨਹੀਂ ਰਹਿੰਦਾ। ਜਿਸ ਤਰ੍ਹਾਂ ਅਸੀਂ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਲਈ ਦੂਸਰਿਆਂ ਤੇ ਨਿਰਭਰ ਕਰਦੇ ਹਾਂ ਉਸ ਤਰ੍ਹਾਂ ਦੂਸਰੇ ਆਪਣੀਆਂ ਜ਼ਰੂਰਤਾਂ ਲਈ ਸਾਡੇ ਤੇ ਨਿਰਭਰ ਕਰਦੇ ਹਨ। ਇਸ ਤਰ੍ਹਾਂ ਇੱਕ ਦੂਸਰੇ ਤੇ ਨਿਰਭਰ ਹੋਣ ਦੀ ਇਹ ਪ੍ਰਕਿਰਿਆ ਵਿਅਕਤੀਆਂ, ਖੇਤਰਾਂ ਅਤੇ ਦੇਸ਼ਾਂ ਵਿਚਕਾਰ ਆਪਸੀ ਸੰਬੰਧ ਪੈਦਾ ਕਰਦੀ ਹੈ। ਇਸੇ ਤੱਥ ਦੇ ਨਤੀਜੇ ਵਜੋਂ ਖੁੱਲ੍ਹੀ ਅਰਥਵਿਵਸਥਾ ਦਾ ਵਿਚਾਰ ਪੈਦਾ ਹੁੰਦਾ ਹੈ। ਖੁੱਲ੍ਹੀ ਅਰਥਵਿਵਸਥਾ ਦੇ ਇਸ ਵਰਤਾਰੇ ਦੇ ਕਈ ਮਾਪ (ਅਯਾਮ) ਜਿਵੇਂ ਕਿ ਆਰਥਿਕ, ਰਾਜਨੀਤਿਕ, ਸਮਾਜਿਕ ਅਤੇ ਸੱਭਿਆਚਾਰਕ ਹਨ। ਇਹ ਅਧਿਆਇ ਖ਼ਾਸ ਤੌਰ ਤੇ ਇਸਦੇ ਆਰਥਿਕ ਭਾਗ ਦੇ ਕੁਝ ਪੱਖਾਂ ਜੋ ਕਿ ਮੁੱਖ ਰੂਪ ਵਿੱਚ ਵਿਸ਼ਵੀਕਰਨ ਨਾਲ ਸੰਬੰਧਿਤ ਹਨ, ਤੇ ਚਾਨਣਾ ਪਾਉਂਦਾ ਹੈ। ਇਸ ਅਧਿਆਇ ਵਿੱਚ ਵਿਸ਼ਵੀਕਰਨ ਦੇ ਅਰਥ ਤੋਂ ਇਲਾਵਾ, ਭਾਰਤ ਨੂੰ ਵਿਸ਼ਵੀਕਰਨ ਵੱਲ ਲਿਜਾਉਣ ਵਾਲੇ ਜ਼ੁੰਮੇਵਾਰ ਕਾਰਕ, ਭਾਰਤ 'ਤੇ ਵਿਸ਼ਵੀਕਰਨ ਦੇ ਪ੍ਰਭਾਵ ਅਤੇ ਨਿਰਪੱਖ ਵਿਸ਼ਵੀਕਰਨ ਦੀ ਲੋੜ ਨੂੰ ਵਿਚਾਰਿਆ ਗਿਆ ਹੈ।

### ਖੁੱਲ੍ਹੀ ਅਰਥਵਿਵਸਥਾ (OPEN ECONOMY)

ਖੁੱਲ੍ਹੀ ਅਰਥਵਿਵਸਥਾ ਦੀ ਤੁਲਨਾ ਇੱਕ ਖੁੱਲ੍ਹੇ ਕਮਰੇ ਨਾਲ ਕੀਤੀ ਜਾ ਸਕਦੀ ਹੈ ਜਿਸ ਵਿੱਚ ਕੋਈ ਵੀ ਅੰਦਰ ਆ ਸਕਦਾ ਹੈ ਅਤੇ ਇਸ ਵਿੱਚੋਂ ਕੋਈ ਵੀ ਬਾਹਰ ਜਾ ਸਕਦਾ ਹੈ। ਇਹ ਅਰਥਵਿਵਸਥਾ ਦੀ ਅਜਿਹੀ ਕਿਸਮ ਹੈ, ਜਿਸ ਵਿੱਚ ਦੂਸਰੇ ਦੇਸ਼ਾਂ ਨਾਲ ਵਸਤੂਆਂ ਅਤੇ ਸੇਵਾਵਾਂ ਦਾ ਸੁਤੰਤਰ ਵਪਾਰ ਕੀਤਾ ਜਾਂਦਾ ਹੈ ਭਾਵ ਅਯਾਤਾਂ ਅਤੇ ਨਿਰਯਾਤਾਂ ਉੱਪਰ ਕੋਈ ਰੁਕਾਵਟਾਂ ਨਹੀਂ ਹੁੰਦੀਆਂ।

## 5.1 ਵਿਸ਼ਵੀਕਰਨ ਦਾ ਅਰਥ (MEANING OF GLOBALISATION):

ਵਿਸ਼ਵੀਕਰਨ ਨੂੰ ਅੰਗਰੇਜ਼ੀ ਵਿੱਚ Globalisation ਕਿਹਾ ਜਾਂਦਾ ਹੈ। ਆਕਸਫੋਰਡ ਡਿਕਸ਼ਨਰੀ ਅਨੁਸਾਰ "ਇਹ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਦੁਆਰਾ ਕਾਰੋਬਾਰੀ ਜਾਂ ਹੋਰ ਸੰਗਠਨ ਅੰਤਰਰਾਸ਼ਟਰੀ ਪ੍ਰਭਾਵ ਪੈਦਾ ਕਰਕੇ ਅੰਤਰਰਾਸ਼ਟਰੀ ਪੱਧਰ ਤੇ ਕੰਮ ਸ਼ੁਰੂ ਕਰਦੇ ਹਨ।" ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ, ਘਰੇਲੂ/ਦੇਸੀ ਅਰਥਵਿਵਸਥਾ ਨੂੰ ਬਹੁ-ਰਾਸ਼ਟਰੀ ਨਿਗਮਾਂ (Multi National Corporations) ਦੁਆਰਾ ਕੀਤੇ ਜਾਣ ਵਾਲੇ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਰਾਹੀਂ ਸਮੁੱਚੇ ਵਿਸ਼ਵ ਲਈ ਖੋਲ੍ਹਣਾ ਹੈ। ਵਿਸ਼ਵੀਕਰਨ ਵਿੱਚ ਵਿਦੇਸ਼ੀ ਕੰਪਨੀਆਂ, ਸੰਸਥਾਵਾਂ ਅਤੇ ਹੋਰ ਏਜੰਸੀਆਂ ਆਪਣੀਆਂ-ਆਪਣੀਆਂ ਕਾਰੋਬਾਰੀ ਕਿਰਿਆਵਾਂ ਲਈ ਘਰੇਲੂ ਅਰਥਵਿਵਸਥਾ/ਦੇਸ਼ ਵਿੱਚ ਕੰਮ ਕਰਦੀਆਂ ਹਨ ਅਤੇ

ਘਰੇਲੂ ਕੰਪਨੀਆਂ, ਸੰਸਥਾਵਾਂ ਤੇ ਹੋਰ ਏਜੰਸੀਆਂ ਹੋਰ ਦੇਸ਼ਾਂ ਵਿੱਚ ਕੰਮ ਕਰਦੀਆਂ ਹਨ ਅਤੇ ਦੋਵੇਂ ਧਿਰਾਂ ਵਿਚਕਾਰ ਕਾਰੋਬਾਰੀ ਸੰਬੰਧ ਪੈਦਾ ਹੋ ਜਾਂਦੇ ਹਨ।

## ਬਹੁ-ਰਾਸ਼ਟਰੀ ਨਿਗਮ (Multi National Corporation)

ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਪੱਸ਼ਟ ਹੈ ਕਿ ਬਹੁ-ਰਾਸ਼ਟਰੀ ਨਿਗਮ ਇੱਕ ਅਜਿਹੀ ਕਾਰੋਬਾਰੀ ਕੰਪਨੀ ਹੈ ਜਿਸਦਾ ਮੁੱਖ ਦਫ਼ਤਰ ਇੱਕ ਦੇਸ਼ ਵਿੱਚ ਹੁੰਦਾ ਹੈ, ਪਰ ਉਸ ਸਮੇਂ ਇਹ ਆਪਣੀਆਂ ਕਾਰੋਬਾਰੀ ਕਿਰਿਆਵਾਂ ਬਹੁਤੇ ਦੇਸ਼ਾਂ ਵਿੱਚ ਚਲਾਉਂਦੀ ਹੈ ਜਾਂ ਇਹ ਇੱਕ ਅਜਿਹੀ ਕੰਪਨੀ ਹੁੰਦੀ ਹੈ, ਜਿਸਦੀਆਂ ਕਾਰੋਬਾਰੀ ਕਿਰਿਆਵਾਂ ਇੱਕ ਤੋਂ ਵਧੇਰੇ ਦੇਸ਼ਾਂ ਵਿੱਚ ਹੁੰਦੀਆਂ ਹਨ, ਜਿਹਨਾਂ ਦਾ ਮੁੱਖ ਉਦੇਸ਼ ਘਰੇਲੂ ਉਤਪਾਦਕਾਂ ਨਾਲ਼ ਮੁਕਾਬਲਾ ਕਰਕੇ ਆਪਣੇ ਉਤਪਾਦਾਂ ਨੂੰ ਸਸਤੀ ਕੀਮਤ ਤੇ ਵੇਚ ਕੇ ਵੀ ਲਾਭ ਪ੍ਰਾਪਤ ਕਰਨਾ ਹੁੰਦਾ ਹੈ।

ਦੋ ਤੋਂ ਤਿੰਨ ਦਹਾਕੇ ਪਹਿਲਾਂ ਵਿਸ਼ਵ ਦੇ ਬਹੁਤੇ ਖੇਤਰ ਇੱਕ ਦੂਸਰੇ ਨਾਲ਼ ਨੇੜਲੇ ਸੰਪਰਕ ਵਿੱਚ ਨਹੀਂ ਸਨ। ਇਹ ਬਹੁ-ਰਾਸ਼ਟਰੀ ਨਿਗਮਾਂ ਕਰਕੇ ਹੀ ਹੈ ਕਿ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿਚਕਾਰ ਆਪਸੀ ਸੰਪਰਕ ਪੈਦਾ ਹੋਏ ਹਨ। ਇਸ ਕਾਰਨ ਦੇਸ਼ਾਂ ਵਿਚਕਾਰ ਵਿਦੇਸ਼ੀ ਵਪਾਰ ਤੇਜ਼ੀ ਨਾਲ਼ ਵੱਧ ਰਿਹਾ ਹੈ। ਅੱਜ ਕੱਲ੍ਹ ਵਿਸ਼ਵ ਦੇ ਵਿਦੇਸ਼ੀ ਵਪਾਰ ਦਾ ਵੱਡਾ ਹਿੱਸਾ ਬਹੁ-ਰਾਸ਼ਟਰੀ ਨਿਗਮਾਂ ਦੇ ਨਿਯੰਤਰਣ ਅਧੀਨ ਹੈ।



ਚਿੱਤਰ 5.1 *ਟੈਲੀਫੋਨ ਅਤੇ ਇੰਟਰਨੈਟ ਸੁਵਿਧਾਵਾਂ ਸਹਿਤ ਦੇਸ਼ ਵਿੱਚ ਜਾਂ ਦੇਸ਼ ਤੋਂ ਬਾਹਰ ਗਾਹਕਾਂ ਨੂੰ ਸੂਚਨਾ ਦੇਣ ਲਈ ਕਾਲ ਸੈਂਟਰ ਦਾ ਦ੍ਰਿਸ਼*

*ਆਮ ਤੌਰ ਤੇ ਇੱਕ ਬਹੁ-ਰਾਸ਼ਟਰੀ ਨਿਗਮ ਅਪਣੀ ਉਤਪਾਦਨ ਇਕਾਈ ਲਗਾਉਣ ਸਮੇਂ ਹੁਨਰਮੰਦ ਅਤੇ ਗ਼ੈਰ-ਹੁਨਰਮੰਦ ਕਾਮੇ, ਕੱਚਾ ਮਾਲ ਅਤੇ ਬਾਕੀ ਉਤਪਾਦਨ ਦੇ ਸਾਧਨਾਂ ਦੀ ਸਸਤੀ ਲਾਗਤ ਤੇ ਉਪਲਬੱਧਤਾ ਦਾ ਧਿਆਨ ਰੱਖਦੀ ਹੈ। ਉਤਪਾਦਨ ਇਕਾਈਆਂ ਨੂੰ ਬਜ਼ਾਰ ਦੇ ਨੇੜੇ ਸਥਾਪਿਤ ਕੀਤਾ ਜਾਂਦਾ ਹੈ। ਸੰਬੰਧਿਤ ਸਰਕਾਰ ਦੀਆਂ ਹਿੱਤਕਾਰੀ ਨੀਤੀਆਂ ਵੀ ਬਹੁ-ਰਾਸ਼ਟਰੀ ਨਿਗਮਾਂ ਨੂੰ ਕੰਮ ਕਰਨ ਲਈ ਅਕਰਸ਼ਿਤ ਕਰਦੀਆਂ ਹਨ।*

ਉਦਾਹਰਨ ਦੇ ਤੌਰ ਤੇ ਭਾਰਤ ਵਿੱਚ ਫੋਰਡ ਮੋਟਰ (ਤਾਮਿਲਨਾਡੂ, ਗੁਜ਼ਰਾਤ ਆਦਿ) ਸਿਰਫ਼ ਭਾਰਤੀ ਬਜ਼ਾਰ ਲਈ ਹੀ ਕਾਰਾਂ ਦਾ ਉਤਪਾਦਨ ਨਹੀਂ ਕਰਦੀ, ਬਲਕਿ ਇਹਨਾਂ ਦਾ ਉਤਪਾਦਨ ਨਿਰਯਾਤ ਕਰਨ ਲਈ ਵੀ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਮਾਰੂਤੀ ਸੂਜ਼ੂਕੀ ਇੰਡੀਆ ਲਿਮਿਟਡ ਦੇ ਕਾਰ ਨਿਰਮਾਣ ਪਲਾਂਟ (ਮਾਨੇਸਰ ਅਤੇ ਗੁੜਗਾਓਂ-ਹਰਿਆਣਾ ਵਿੱਚ) ਕਾਰਾਂ ਨੂੰ ਘਰੇਲੂ ਬਜ਼ਾਰ ਵਿੱਚ ਵੇਚਣ ਤੋਂ ਇਲਾਵਾ ਇਹਨਾਂ ਦਾ ਵਿਸ਼ਵ ਦੇ ਦੂਸਰੇ ਦੇਸ਼ਾਂ ਨੂੰ ਨਿਰਯਾਤ ਵੀ ਕਰਦੇ ਹਨ। ਇਸ ਤੋਂ ਇਲਾਵਾ ਇਹ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿੱਚ ਸਥਾਪਿਤ ਆਪਣੀਆਂ ਫੈਕਟਰੀਆਂ ਲਈ ਕਾਰਾਂ ਦੇ ਉਪਕਰਣ ਅਤੇ ਹਿੱਸੇ ਵੀ ਨਿਰਯਾਤ ਕਰਦੇ ਹਨ। ਇਸ ਤਰ੍ਹਾਂ ਨਾਲ਼ ਬਹੁਤ ਸਾਰੇ ਬਹੁ-ਰਾਸ਼ਟਰੀ ਨਿਗਮ ਵਸਤੂਆਂ ਅਤੇ ਸੇਵਾਵਾਂ ਦੇ ਵਪਾਰ ਦੇ ਵੱਡੇ ਭਾਗ ਵਿੱਚ ਰੁੱਝੇ ਹੋਏ ਹਨ। ਇਸਦੇ ਨਤੀਜੇ ਵਜੋਂ ਭਾਰੀ ਮਾਤਰਾ ਵਿੱਚ ਵਿਦੇਸ਼ੀ ਨਿਵੇਸ਼ ਅਤੇ ਵਿਦੇਸ਼ੀ ਵਪਾਰ ਪੈਦਾ ਹੁੰਦਾ ਹੈ, ਜਿਸ ਨਾਲ਼ ਦੇਸ਼ਾਂ ਵਿਚਕਾਰ ਮੰਡੀਆਂ ਦਾ ਵੱਡਾ ਏਕੀਕਰਨ ਹੋਂਦ ਵਿੱਚ ਆਉਂਦਾ ਹੈ। ਇਹ ਵਰਤਾਰਾ ਇਸ਼ਾਰਾ ਕਰਦਾ ਹੈ ਕਿ ਬਹੁ-ਰਾਸ਼ਟਰੀ ਨਿਗਮ ਵਿਸ਼ਵੀਕਰਨ ਦੀ ਪ੍ਰਕਿਰਿਆ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ।

### ਆਓ ਨਿਮਨਲਿਖਤ ਪ੍ਰਸ਼ਨਾਂ ਨੂੰ ਹੱਲ ਕਰੀਏ-

1. ਬਹੁ-ਰਾਸ਼ਟਰੀ ਨਿਗਮ ਆਮ ਤੌਰ ਤੇ ਆਪਣੀਆਂ ਉਤਪਾਦਨ ਇਕਾਈਆਂ ਕਿੱਥੇ ਸਥਾਪਿਤ ਕਰਦੇ ਹਨ?
2. ਭਾਰਤ ਵਿੱਚ ਕੰਮ ਕਰ ਰਹੀਆਂ ਕੁਝ ਬਹੁ-ਰਾਸ਼ਟਰੀ ਨਿਗਮਾਂ ਦੀ ਸੂਚੀ ਤਿਆਰ ਕਰੋ।
3. ਬਹੁ-ਰਾਸ਼ਟਰੀ ਨਿਗਮ ਵਿਸ਼ਵੀਕਰਨ ਦੀ ਪ੍ਰਕਿਰਿਆ ਵਿੱਚ ਆਪਣਾ ਯੋਗਦਾਨ ਕਿਵੇਂ ਪਾਉਂਦੇ ਹਨ?

## 5.2 ਭਾਰਤ ਨੂੰ ਵਿਸ਼ਵੀਕਰਨ ਵੱਲ ਲੈ ਕੇ ਜਾਣ ਵਾਲੇ ਕਾਰਕ (FACTORS THAT LED INDIA TOWRDS GLOBALISATION)

ਵਿਸ਼ਵੀਕਰਨ ਆਪਣੇ ਆਪ ਵਿੱਚ ਇੱਕ ਅੰਤਿਮ ਪਸਾਰਾ ਨਹੀਂ ਹੈ, ਬਲਕਿ ਇਹ ਇੱਕ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ, ਜਿਸ ਨੂੰ ਵਾਸਤਵਿਕ ਬਣਨ ਲਈ ਕਈ ਸਾਲ ਲੱਗ ਜਾਂਦੇ ਹਨ। ਭਾਰਤ ਲਈ ਵੀ ਇਹ ਕਦਮ ਅਜਿਹਾ ਹੀ ਹੈ। ਇਹ ਵੇਖਿਆ ਜਾਣਾ ਬਣਦਾ ਹੈ ਕਿ ਵਿਸ਼ਵੀਕਰਨ ਦਾ ਰੁਝਾਨ ਭਾਰਤ ਵਿੱਚ ਕਿਵੇਂ ਪੈਦਾ ਹੋਇਆ ਜਾਂ ਭਾਰਤ ਨੂੰ ਇਸ ਵੱਲ ਲੈ ਕੇ ਜਾਣ ਲਈ ਜ਼ੁੰਮੇਵਾਰ ਕਾਰਕ ਕਿਹੜੇ-ਕਿਹੜੇ ਹਨ ? ਇਹਨਾਂ ਕਾਰਕਾਂ ਦੀ ਸੂਚੀ ਲੰਬੀ ਹੈ ਪਰ ਇਹਨਾਂ ਵਿੱਚੋਂ ਕੁਝ ਮਹੱਤਵਪੂਰਨ ਕਾਰਕ ਅਜਿਹੇ ਹਨ ਜਿਹਨਾਂ ਨੇ ਵਿਸ਼ਵੀਕਰਨ ਨੂੰ ਭਾਰਤੀ ਸੰਦਰਭ ਵਿੱਚ ਅਸਲੀਅਤ ਦਾ ਰੂਪ ਦਿੱਤਾ ਹੈ, ਜਿਵੇਂ-ਤਕਨੀਕ, ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਨੀਤੀ ਦਾ ਉਦਾਰੀਕਰਨ ਅਤੇ ਵਿਸ਼ਵ ਵਪਾਰ ਸੰਗਠਨ ਆਦਿ। ਇਹਨਾਂ ਦੀ ਵਿਆਖਿਆ ਨਿਮਨਲਿਖਤ ਅਨੁਸਾਰ ਹੈ-

### 5.2.1 ਤਕਨੀਕ (Technology)

ਹਰ ਖੇਤਰ ਵਿੱਚ ਤਕਨੀਕ ਵਿੱਚ ਤੇਜ਼ੀ ਨਾਲ਼ ਹੋਏ ਸੁਧਾਰਾਂ ਨੂੰ ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਵੱਡੀ ਸ਼ਕਤੀ ਮੰਨਿਆ ਗਿਆ ਹੈ। ਉਦਾਹਰਨ ਦੇ ਤੌਰ ਤੇ ਪਾਣੀ, ਅਕਾਸ਼ ਅਤੇ ਧਰਤੀ ਤੇ ਚੱਲਣ ਵਾਲ਼ੇ ਆਵਾਜਾਈ ਦੇ ਸਾਧਨਾਂ ਸੰਬੰਧੀ ਤਕਨੀਕ ਵਿੱਚ ਤੇਜ਼ੀ ਨਾਲ਼ ਹੋਏ ਵਾਧੇ ਨੇ ਵਿਸ਼ਵ ਪੱਧਰੀ ਯਾਤਰਾ ਸੌਖੀ ਕਰ ਦਿੱਤੀ ਹੈ। ਇਸਨੇ ਲੰਬੀਆਂ ਦੂਰੀਆਂ ਤੇ ਵਸਤੂਆਂ ਅਤੇ ਇਨਸਾਨਾਂ ਨੂੰ ਪਹਿਲਾਂ ਨਾਲ਼ੋਂ ਘੱਟ ਲਾਗਤ, ਤੇਜ਼ੀ ਅਤੇ ਸੁਰੱਖਿਅਤ ਤਰੀਕੇ ਨਾਲ਼ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਨੇ ਵੱਖ-ਵੱਖ ਦੇਸ਼ਾਂ ਨੂੰ ਬਹੁਤ ਸੌਖੀ ਤਰ੍ਹਾਂ ਇੱਕ ਦੂਸਰੇ ਨਾਲ਼ ਸੰਪਰਕ ਵਿੱਚ ਰਹਿਣ ਦੇ ਯੋਗ ਬਣਾਇਆ ਹੈ ਜਿਸ ਨਾਲ਼ ਇਹਨਾਂ ਵਿੱਚਕਾਰ ਬੇਹਤਰ ਤਾਲਮੇਲ ਪੈਦਾ ਹੋਇਆ ਹੈ।

*ਬੰਦਰਗਾਹਾਂ ਤੇ ਸੁਧਰੀ ਹੋਈ ਆਵਾਜਾਈ ਤੇ ਢਾਂਚਾਗਤ ਸੁਵਿਧਾਵਾਂ ਨੇ ਅੰਤਰਰਾਸ਼ਟਰੀ ਬਜ਼ਾਰ ਵਿੱਚ ਵਪਾਰ ਨੂੰ ਵਧਾਉਣ ਵਿੱਚ ਸਹਾਇਤਾ ਕੀਤੀ ਹੈ। ਸਮੁੰਦਰੀ ਜਹਾਜ਼ਾਂ ਦੇ ਵੱਧਦੇ ਅਕਾਰਾਂ ਅਤੇ ਗਿਣਤੀ ਨੇ ਦੇਸ਼ਾਂ ਵਿਚਕਾਰ ਵਪਾਰ ਨੂੰ ਹੋਰ ਵੀ ਵਧਾਇਆ ਹੈ। ਵਪਾਰ ਦੀ ਵਧਦੀ ਮਾਤਰਾ ਨਾਲ਼ ਆਵਾਜਾਈ ਲਾਗਤਾਂ ਵਿੱਚ ਕਮੀ ਆਈ ਹੈ, ਜਿਸ ਨੇ ਉਪਭੋਗਤਾਵਾਂ ਨੂੰ ਬਜ਼ਾਰ ਵਿੱਚ ਸਸਤੀਆਂ ਅਤੇ ਵੱਖ-ਵੱਖ ਕਿਸਮ ਦੀਆਂ ਵਸਤੂਆਂ ਉਪਲਬੱਧ ਕਰਵਾ ਕੇ ਫ਼ਾਇਦਾ ਪਹੁੰਚਾਇਆ ਹੈ।*



*ਚਿੱਤਰ 5.2 ਬੰਦਰਗਾਹ ਤੇ ਸਮੁੰਦਰੀ ਜਹਾਜ਼ਾਂ ਵਿੱਚ ਵਪਾਰਕ ਵਸਤੂਆਂ ਨੂੰ ਲੱਦਦੇ ਹੋਏ*

ਦੂਰ ਸੰਚਾਰ, ਕੰਪਿਊਟਰ, ਇੰਟਰਨੈੱਟ, ਮੋਬਾਈਲ ਫ਼ੋਨ, ਫੈਕਸ ਆਦਿ ਦੇ ਖੇਤਰ ਵਿੱਚ ਤਕਨੀਕੀ ਵਿਕਾਸ ਨੇ ਵੀ ਸੰਸਾਰ ਪੱਧਰ ਤੇ ਤੁਰੰਤ ਸੂਚਨਾ ਪ੍ਰਾਪਤ ਕਰਨ ਲਈ ਅਤੇ ਇੱਕ ਦੂਸਰੇ ਨਾਲ਼ ਸੰਪਰਕ ਕਰਨ ਵਿੱਚ ਸਹਾਇਤਾ ਕੀਤੀ ਹੈ। ਇਸ ਨੇ ਦੇਸ਼ ਵਿੱਚ ਦੂਰ ਦੁਰਾਡੇ ਸਥਿਤ ਪੇਂਡੂ ਖੇਤਰਾਂ ਵਿੱਚ ਪਹੁੰਚ ਬਣਾਉਣਾ ਵੀ ਸੰਭਵ ਕੀਤਾ ਹੈ। ਅੱਜ-ਕੱਲ੍ਹ ਦੇ ਸੰਸਾਰ ਵਿੱਚ ਲੋਕ ਇੰਟਰਨੈੱਟ ਦੀ ਸਹਾਇਤਾ ਨਾਲ਼ ਵੱਖ-ਵੱਖ ਉਪਕਰਨਾਂ ਰਾਹੀਂ ਲੱਗਭਗ ਹਰ ਤਰ੍ਹਾਂ ਦੀ ਸੂਚਨਾ ਪ੍ਰਾਪਤ ਕਰਦੇ ਹਨ ਅਤੇ ਇਸ ਨੂੰ ਸਾਂਝਾ ਵੀ ਕਰਦੇ ਹਨ। ਇਸ ਤੋਂ ਇਲਾਵਾ ਵੱਖ-ਵੱਖ ਉਪਕਰਨ ਜਿਵੇਂ ਕੰਪਿਊਟਰ (ਡੈਸਕਟੌਪ, ਲੈਪਟਾਪ, ਟੈਬਲੈਟਸ ਆਦਿ), ਸਮਾਰਟ ਫ਼ੋਨ ਆਦਿ ਰਾਹੀਂ ਅਸੀਂ ਸੰਸਾਰ ਪੱਧਰ ਤੇ ਤੁਰੰਤ ਇਲੈਕਟ੍ਰਾਨਿਕ ਮੇਲ ਅਤੇ ਗੱਲਬਾਤ ਬਹੁਤ ਹੀ ਘੱਟ ਲਾਗਤ ਤੇ ਕਰ ਸਕਦੇ ਹਾਂ। ਇਹ ਦੂਸਰਿਆਂ ਨਾਲ ਤੇਜ਼ੀ ਨਾਲ਼, ਸੌਖੀ ਤਰ੍ਹਾਂ ਅਤੇ ਸਸਤੀ ਲਾਗਤ ਤੇ ਸੰਪਰਕ ਸਥਾਪਿਤ ਕਰਨਾ ਸੰਭਵ ਕਰਦਾ ਹੈ ਜੋ ਕਿ ਵਿਸ਼ਵੀਕਰਨ ਲਈ ਪੂਰਵ ਸ਼ਰਤ ਹੈ।

### 5.2.2 ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨੀਤੀ ਦਾ ਉਦਾਰੀਕਰਨ (Libralisaton of Foreign Trade and Foreign Policy) :

ਉਹ ਵਪਾਰ ਜੋ ਦੇਸ਼ਾਂ ਵਿਚਕਾਰ ਹੁੰਦਾ ਹੈ, ਉਸ ਨੂੰ ਵਿਦੇਸ਼ੀ ਵਪਾਰ ਕਿਹਾ ਜਾਂਦਾ ਹੈ ਅਤੇ ਵਿਦੇਸ਼ੀ ਨਿਵੇਸ਼ ਉਹ ਹੁੰਦਾ ਹੈ, ਜੋ ਇੱਕ ਦੇਸ਼ ਜਾਂ ਉੱਥੋਂ ਦੇ ਵਿਅਕਤੀਆਂ ਦੁਆਰਾ ਦੂਸਰੇ ਦੇਸ਼ਾਂ ਵਿੱਚ ਆਮਦਨ/ਲਾਭ ਪ੍ਰਾਪਤ ਕਰਨ ਦੇ ਉਦੇਸ਼

ਨਾਲ ਕੀਤਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿੱਚ ਵਿਦੇਸ਼ੀ ਵਪਾਰ ਤੋਂ ਭਾਵ ਉਸ ਵਪਾਰ ਤੋਂ ਹੁੰਦਾ ਹੈ, ਜੋ ਕਿ ਇੱਕ ਦੇਸ਼ ਦੁਆਰਾ ਸੰਸਾਰ ਦੇ ਦੂਜੇ ਦੇਸ਼ਾਂ ਦੇ ਨਾਲ਼ ਨਿਰਯਾਤ ਜਾਂ ਅਯਾਤ ਦੇ ਰੂਪ ਵਿੱਚ ਕੀਤਾ ਜਾਂਦਾ ਹੈ ਅਤੇ ਹਰੇਕ ਦੇਸ਼ ਦੀ ਆਪਣੇ ਦੁਆਰਾ ਕੀਤੇ ਜਾਣ ਵਾਲ਼ੇ ਇਸ ਵਪਾਰ ਦੇ ਸੰਬੰਧ ਵਿੱਚ ਇੱਕ ਨੀਤੀ ਹੁੰਦੀ ਹੈ, ਜਿਸਨੂੰ ਉਸ ਦੇਸ਼ ਦੀ ਵਿਦੇਸ਼ੀ ਵਪਾਰ ਨੀਤੀ ਕਿਹਾ ਜਾਂਦਾ ਹੈ। ਇਸ ਨੀਤੀ ਵਿੱਚ ਉਹ ਦੇਸ਼ ਕੁਝ ਨਿਯਮਾਂ ਅਤੇ ਕਾਨੂੰਨਾਂ ਦਾ ਨਿਰਮਾਣ ਕਰਦਾ ਹੈ ਅਤੇ ਇਹ ਨਿਯਮ ਕਿਹੜੀਆਂ ਵਸਤੂਆਂ ਅਤੇ ਸੇਵਾਵਾਂ ਦਾ ਅਯਾਤ ਜਾਂ ਨਿਰਯਾਤ ਕੀਤਾ ਜਾਣਾ ਹੈ ? ਕਿਹੜੇ ਦੇਸ਼ਾਂ ਤੋਂ ਉਹਨਾਂ ਵਸਤੂਆਂ ਅਤੇ ਸੇਵਾਵਾਂ ਦਾ ਅਯਾਤ ਜਾਂ ਨਿਰਯਾਤ ਕੀਤਾ ਜਾਣਾ ਹੈ ? ਕਿਸ ਮਾਤਰਾ ਵਿੱਚ ਉਹਨਾਂ ਵਸਤੂਆਂ ਅਤੇ ਸੇਵਾਵਾਂ ਦਾ ਅਯਾਤ ਜਾਂ ਨਿਰਯਾਤ ਕੀਤਾ ਜਾਣਾ ਹੈ ? ਇਹਨਾਂ ਅਯਾਤਾਂ ਅਤੇ ਨਿਰਯਾਤਾਂ ਤੇ ਕਿੰਨੀ ਮਾਤਰਾ ਵਿੱਚ ਕਰ ਲਗਾਏ ਜਾਣੇ ਹਨ ? ਆਦਿ ਨਾਲ਼ ਸੰਬੰਧਿਤ ਹੁੰਦੇ ਹਨ ਅਤੇ ਇਹ ਸਾਰੇ ਉਸ ਦੇਸ਼ ਦੀ ਵਿਦੇਸ਼ੀ ਵਪਾਰ ਨੀਤੀ ਦਾ ਭਾਗ ਹੁੰਦੇ ਹਨ।

ਇਹ ਇੱਕ ਦੇਸ਼ ਤੇ ਹੀ ਨਿਰਭਰ ਕਰਦਾ ਹੈ ਕਿ ਉਸਦੀ ਵਿਦੇਸ਼ੀ ਵਪਾਰ ਨੀਤੀ ਕਿਹੋ ਜਿਹੀ ਹੋਵੇਗੀ ? ਇਹ ਵੀ ਜ਼ਰੂਰੀ ਨਹੀਂ ਹੁੰਦਾ ਕਿ ਹਮੇਸ਼ਾਂ ਇੱਕ ਤਰ੍ਹਾਂ ਦੀ ਹੀ ਵਿਦੇਸ਼ੀ ਵਪਾਰ ਨੀਤੀ ਅਪਣਾਈ ਜਾਵੇ। ਭਾਰਤ ਦੇਸ਼ ਆਪਣੇ ਆਪ ਵਿੱਚ ਇਸਦੀ ਇੱਕ ਵਧੀਆ ਉਦਾਹਰਨ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਭਾਰਤ ਲੰਬੇ ਸਮੇਂ ਤੱਕ ਅੰਗਰੇਜ਼ਾਂ ਦੇ ਅਧੀਨ ਰਿਹਾ ਹੈ। ਇਸਦਾ ਆਰਥਿਕ ਸ਼ੋਸ਼ਣ ਵੀ ਹੁੰਦਾ ਰਿਹਾ ਹੈ, ਜਿਸਦੇ ਕਾਰਨ ਸਾਰੇ ਘਰੇਲੂ ਉਤਪਾਦਕ ਕਮਜ਼ੋਰ ਹੋ ਗਏ। ਉਹ ਇਸ ਸਥਿਤੀ ਵਿੱਚ ਨਹੀਂ ਰਹੇ ਕਿ ਵਿਦੇਸ਼ੀ ਵਪਾਰੀਆਂ ਜਾਂ ਉਤਪਾਦਕਾਂ ਦਾ ਮੁਕਾਬਲਾ ਕਰ ਸਕਣ। ਇਸ ਲਈ ਅਜ਼ਾਦੀ ਤੋਂ ਬਾਅਦ ਉਹਨਾਂ ਨੂੰ ਵਿਦੇਸ਼ੀ ਮੁਕਾਬਲੇ ਤੋਂ ਬਚਾਉਣ ਲਈ ਭਾਰਤ ਸਰਕਾਰ ਨੇ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਨੀਤੀ ਤੇ ਰੁਕਾਵਟਾਂ ਲਗਾ ਦਿੱਤੀਆਂ ਸਨ। ਪੰਜ ਸਾਲਾ ਯੋਜਨਾਵਾਂ ਦੀ ਸ਼ੁਰੂਆਤ (ਸਾਲ 1951) ਤੋਂ ਲੈ ਕੇ 1991 ਵਿੱਚ ਨਵੀਂ ਆਰਥਿਕ ਨੀਤੀ ਨੂੰ ਅਪਨਾਉਣ ਤੱਕ, ਉਦਯੋਗਾਂ ਨੂੰ ਵਿਦੇਸ਼ਾਂ ਨਾਲ ਕੋਈ ਮੁਕਾਬਲਾ ਨਹੀਂ ਕਰਨਾ ਪਿਆ ਕਿਉਂਕਿ ਭਾਰਤ ਨੇ ਆਪਣੀ ਵਿਦੇਸ਼ੀ ਵਪਾਰ ਨੀਤੀ ਤਹਿਤ ਸਿਰਫ਼ ਜ਼ਰੂਰੀ ਵਸਤੂਆਂ ਜਿਵੇਂ-ਮਸ਼ੀਨਾਂ, ਖਾਦਾਂ, ਪੈਟਰੋਲੀਅਮ ਆਦਿ ਦੇ ਅਯਾਤ ਦੀ ਹੀ ਪ੍ਰਵਾਨਗੀ ਦਿੱਤੀ ਸੀ। ਜਿਵੇਂ-ਜਿਵੇਂ ਆਰਥਿਕ ਯੋਜਨਾਵਾਂ ਅੱਗੇ ਵੱਧਦੀਆਂ ਗਈਆਂ ਅਯਾਤ ਕੀਤੀਆਂ ਜਾਣ ਵਾਲ਼ੀਆਂ ਵਸਤੂਆਂ ਦੀ ਗਿਣਤੀ ਅਤੇ ਮਾਤਰਾ ਵੀ ਵੱਧਦੀ ਗਈ। ਸਾਲ 1991 ਤੱਕ ਇਹ ਆਰਥਿਕ ਦ੍ਰਿਸ਼ ਲਗਭਗ ਇੱਕੋ ਜਿਹਾ ਰਿਹਾ, ਪਰ ਇਹ ਜ਼ਿਆਦਾ ਲੰਬੇ ਸਮੇਂ ਤੱਕ ਜਾਰੀ ਨਾ ਰਿਹਾ। ਸਾਲ 1991 ਵਿੱਚ ਆਰਥਿਕ ਸੁਧਾਰਾਂ ਦੀ ਲੋੜ ਪੈਦਾ ਹੋ ਗਈ। ਜਿਸ ਲਈ ਮੁੱਖ ਕਾਰਨ ਹੇਠ ਲਿਖੇ ਸਨ-

- ਭਾਰਤ ਸਰਕਾਰ ਨੇ ਸਰਵਜਨਕ ਖੇਤਰ ਦੀਆਂ ਇਕਾਈਆਂ ਤੇ ਭਾਰੀ ਮਾਤਰਾ ਵਿੱਚ ਖ਼ਰਚ ਕੀਤਾ, ਪਰ ਇਹਨਾਂ ਇਕਾਈਆਂ ਤੋਂ ਪ੍ਰਾਪਤ ਆਮਦਨ ਬਹੁਤ ਘੱਟ ਸੀ। ਇਸ ਲਈ ਸਰਕਾਰ ਦੀ ਆਮਦਨ ਅਤੇ ਖ਼ਰਚ ਵਿਚਕਾਰ ਪਾੜਾ ਵੱਧਦਾ ਗਿਆ ਜਿਸਨੇ ਸਰਕਾਰ ਨੂੰ ਇੱਕ ਵੱਡੇ ਰਾਜਕੋਸ਼ੀ ਘਾਟੇ ਵੱਲ ਧੱਕ ਦਿੱਤਾ। ਇਸ ਘਾਟੇ ਨੂੰ ਠੀਕ ਕਰਨ ਲਈ ਆਰਥਿਕ ਸੁਧਾਰਾਂ ਨੂੰ ਅਪਣਾਉਣਾ ਜ਼ਰੂਰੀ ਹੋ ਗਿਆ ਸੀ।

### ਰਾਜਕੋਸ਼ੀ ਘਾਟਾ (Fiscal Deficit)

ਰਾਜਕੋਸ਼ੀ ਸ਼ਬਦ ਨੂੰ ਅੰਗਰੇਜ਼ੀ ਭਾਸ਼ਾ ਵਿੱਚ Fiscal ਕਿਹਾ ਜਾਂਦਾ ਹੈ, ਜੋ ਕਿ Fisc ਸ਼ਬਦ ਤੋਂ ਲਿਆ ਗਿਆ ਹੈ। ਜਿਸ ਦਾ ਅਰਥ ਹੁੰਦਾ ਹੈ, ਖ਼ਜ਼ਾਨਾ। ਇਸ ਲਈ ਰਾਜਕੋਸ਼ੀ ਘਾਟਾ ਸਰਕਾਰ ਦੇ ਖ਼ਜ਼ਾਨੇ ਦਾ ਘਾਟਾ ਹੁੰਦਾ ਹੈ। ਇਹ ਉਸ ਸਮੇਂ ਵਾਪਰਦਾ ਹੈ ਜਦੋਂ ਇੱਕ ਵਿੱਤੀ ਵਰ੍ਹੇ ਦੌਰਾਨ ਸਰਕਾਰ ਦਾ ਕੁੱਲ ਖ਼ਰਚ ਉਸਦੀ ਕੁੱਲ ਆਮਦਨ ਤੋਂ ਵਧੇਰੇ ਹੋ ਜਾਂਦਾ ਹੈ।

**ਰਾਜਕੋਸ਼ੀ ਘਾਟਾ = ਕੁੱਲ ਖ਼ਰਚ — ਕੁੱਲ ਆਮਦਨ**

- ਭੁਗਤਾਨ ਸੰਤੁਲਨ ਵਿੱਚ ਘਾਟਾ ਬਹੁਤ ਜ਼ਿਆਦਾ ਵੱਧ ਗਿਆ ਸੀ। ਇਸ ਘਾਟੇ ਨੂੰ ਠੀਕ ਕਰਨ ਲਈ ਸਰਕਾਰ ਨੂੰ ਬਾਹਰੀ ਉਧਾਰ ਤੇ ਨਿਰਭਰ ਹੋਣਾ ਪਿਆ। ਉਧਾਰ ਦੀ ਇਹ ਰਕਮ ਇੰਨੀ ਜ਼ਿਆਦਾ ਹੋ ਗਈ ਸੀ ਕਿ ਸਰਕਾਰ ਲਈ ਇਸ ਦਾ ਭੁਗਤਾਨ ਕਰਨਾ ਮੁਸ਼ਕਲ ਹੋ ਗਿਆ ਸੀ। ਇਸ ਲਈ ਨਵੀਂ ਆਰਥਿਕ ਨੀਤੀ ਦਾ ਅਪਣਾਇਆ ਜਾਣਾ ਜ਼ਰੂਰੀ ਹੋ ਗਿਆ।

## ਭੁਗਤਾਨ ਸੰਤੁਲਨ (Balance of Payment)

ਇਹ ਇੱਕ ਦੇਸ਼ ਦੇ ਸੰਸਾਰ ਦੇ ਦੂਸਰੇ ਦੇਸ਼ਾਂ ਨਾਲ਼ ਕੀਤੇ ਜਾਣ ਵਾਲ਼ੇ ਹਰ ਤਰ੍ਹਾਂ ਦੇ ਆਰਥਿਕ ਲੈਣ-ਦੇਣ ਜਿਵੇਂ ਕਿ ਅਯਾਤਾਂ-ਨਿਰਯਾਤਾਂ ਦਾ ਯੋਜਨਾਬੱਧ ਰਿਕਾਰਡ ਹੈ। ਭੁਗਤਾਨ ਸੰਤੁਲਨ ਵਿੱਚ ਘਾਟੇ ਦਾ ਭਾਵ ਇੱਕ ਦੇਸ਼ ਦੇ ਅਯਾਤਾਂ ਦੀ ਕੀਮਤ ਦਾ ਉਸ ਦੇਸ਼ ਦੇ ਨਿਰਯਾਤਾਂ ਦੀ ਕੀਮਤ ਤੋਂ ਵੱਧ ਹੋਣਾ ਹੈ। ਜੇਕਰ ਕਿਸੇ ਦੇਸ਼ ਵਿੱਚ ਅਜਿਹਾ ਘਾਟਾ ਪੈਦਾ ਹੋ ਜਾਂਦਾ ਹੈ, ਤਾਂ ਉਸ ਦੇਸ਼ ਦੀ ਸਰਕਾਰ ਨੂੰ ਅਯਾਤ ਕੀਤੀਆਂ ਵਸਤੂਆਂ ਦੀ ਅਜਿਹੀ ਕੀਮਤ ਅਦਾ ਕਰਨ ਲਈ ਕਰਜ਼ਾ ਚੁੱਕਣਾ ਪੈਂਦਾ ਹੈ।

- ਸਰਵਜਨਕ ਖੇਤਰ ਦੀਆਂ ਇਕਾਈਆਂ ਵੱਲੋਂ ਪੈਦਾ ਕੀਤਾ ਜਾਣ ਵਾਲ਼ਾ ਉਤਪਾਦਨ ਬਹੁਤ ਘੱਟ ਸੀ, ਜਿਸਦੇ ਨਤੀਜੇ ਵਜੋਂ ਇਹ ਖੇਤਰ ਬਜ਼ਾਰ ਵਿੱਚ ਵਸਤੂਆਂ ਦੀ ਵੱਧ ਰਹੀ ਮੰਗ ਨੂੰ ਪੂਰਾ ਨਹੀਂ ਕਰ ਸਕਿਆ। ਜਿਸ ਨਾਲ ਬਜ਼ਾਰ ਵਿੱਚ ਵਸਤੂਆਂ ਦੀਆਂ ਕੀਮਤਾਂ ਵੱਧਣੀਆਂ ਸ਼ੁਰੂ ਹੋ ਗਈਆਂ ਅਤੇ ਮੁਦਰਾ ਸਫੀਤੀ ਦੀ ਦਰ ਦਾ ਪੱਧਰ 16.7 ਪ੍ਰਤਿਸ਼ਤ ਤੱਕ ਪਹੁੰਚ ਗਿਆ। ਇਸ ਲਈ ਸਰਕਾਰ ਕੋਲ਼ ਆਪਣੀ ਆਰਥਿਕ ਨੀਤੀ ਨੂੰ ਬਦਲਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਿਹਾ।
- ਜਿਵੇਂ ਕਿ ਸਰਵਜਨਕ ਖੇਤਰ ਦੀਆਂ ਇਕਾਈਆਂ ਵਸਤੂਆਂ ਅਤੇ ਸੇਵਾਵਾਂ ਦੀ ਘਰੇਲੂ ਮੰਗ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੋ ਗਈਆਂ ਸਨ। ਇਸ ਕਰਕੇ ਸਰਕਾਰ ਨੂੰ ਵੱਡੀ ਮਾਤਰਾ ਵਿੱਚ ਵਸਤੂਆਂ ਦਾ ਅਯਾਤ ਕਰਨਾ ਪਿਆ, ਨਤੀਜੇ ਵਜੋਂ ਅਯਾਤ ਕੀਤੀਆਂ ਜਾਣ ਵਾਲ਼ੀਆਂ ਵਸਤੂਆਂ ਦੇ ਬਿੱਲ ਵੱਧਦੇ ਗਏ ਅਤੇ ਨਾਲ਼-ਨਾਲ਼ ਘੱਟਦੇ ਹੋਏ ਨਿਰਯਾਤਾਂ ਕਾਰਨ ਇਹਨਾਂ ਤੋਂ ਹੋਣ ਵਾਲ਼ੀ ਆਮਦਨ ਵੀ ਘੱਟ ਗਈ। ਇਹ ਸੰਕਟ ਇੰਨਾਂ ਗੰਭੀਰ ਸੀ ਕਿ ਉਸ ਸਮੇਂ ਦੀ ਸਰਕਾਰ ਨੂੰ ਵਿਦੇਸ਼ੀ ਕਰਜ਼ਾ ਅਤੇ ਇਸ ਉਪਰਲੇ ਵਿਆਜ਼ ਦੀ ਰਕਮ ਚੁਕਾਉਣ ਲਈ ਵਿਦੇਸ਼ਾਂ ਵਿੱਚ ਸੋਨਾ ਗਹਿਣੇ ਰੱਖਣਾ ਪਿਆ। ਇਸ ਸਥਿਤੀ ਨੇ ਭਾਰਤ ਨੂੰ ਵਿਦੇਸ਼ੀ ਮੁਦਰਾ ਭੰਡਾਰ ਇੱਕਠਾ ਕਰਨ ਦੇ ਨਵੇਂ ਤਰੀਕੇ ਅਪਣਾਉਣ ਲਈ ਮਜ਼ਬੂਰ ਕਰ ਦਿੱਤਾ।
- ਸਰਕਾਰੀ ਖੇਤਰ ਦੀਆਂ ਇਕਾਈਆਂ ਦੇ ਤਰਸਯੋਗ/ਮਾੜੇ ਯੋਗਦਾਨ ਨੇ ਨਿੱਜੀਕਰਨ ਦੀ ਨੀਤੀ ਨੂੰ ਅਪਣਾਉਣ ਲਈ ਸਰਕਾਰ ਨੂੰ ਬੇਵੱਸ ਕਰ ਦਿੱਤਾ।
- ਇਰਾਕ ਅਤੇ ਇਰਾਨ ਵਿਚਕਾਰ 1990-91 ਦੌਰਾਨ ਹੋਏ ਖਾੜੀ ਯੁੱਧ ਕਾਰਨ ਅੰਤਰਰਾਸ਼ਟਰੀ ਬਜ਼ਾਰ ਵਿੱਚ ਪੈਟਰੋਲ ਦੀਆਂ ਕੀਮਤਾਂ ਵਿੱਚ ਤਿੱਖਾ ਵਾਧਾ ਹੋ ਗਿਆ, ਕਿਉਂਕਿ ਭਾਰਤ ਇਹਨਾਂ ਦੇਸ਼ਾਂ ਤੋਂ ਭਾਰੀ ਮਾਤਰਾ ਵਿੱਚ ਪੈਟਰੋਲੀਅਮ ਉਤਪਾਦ ਖ਼ਰੀਦਦਾ ਸੀ, ਇਸ ਲਈ ਇਹਨਾਂ ਉਤਪਾਦਾਂ ਦੇ ਅਯਾਤ ਬਿੱਲ ਵੱਧ ਗਏ ਅਤੇ ਖਾੜੀ ਦੇਸ਼ਾਂ ਨੂੰ ਭਾਰਤ ਦੁਆਰਾ ਕੀਤਾ ਜਾਣ ਵਾਲ਼ਾ ਨਿਰਯਾਤ ਇਕਦਮ ਘੱਟ ਗਿਆ। ਜਿਸ ਨਾਲ਼ ਭਾਰਤ ਦਾ ਭੁਗਤਾਨ ਸੰਤੁਲਨ ਹੋਰ ਵੀ ਨਿਰਾਸ਼ਾਜਨਕ ਹੋ ਗਿਆ।

ਇਹਨਾਂ ਸਾਰੇ ਕਾਰਕਾਂ ਨੇ ਭਾਰਤ ਦੀ ਸਰਕਾਰ ਨੂੰ ਨਵੀਂ ਆਰਥਿਕ ਨੀਤੀ ਅਪਣਾਉਣ ਲਈ ਮਜ਼ਬੂਰ ਕਰ ਦਿੱਤਾ ਜੋ ਕਿ ਉਦਾਰੀਕਰਨ (Liberalisation) - ਨਿੱਜੀਕਰਨ (Privatisation) - ਵਿਸ਼ਵੀਕਰਨ (Globalisation) ਨੀਤੀ-1991 (L-P-G Policy 1991) ਦੇ ਨਾਲ਼ ਨਾਲ਼ ਜਾਣੀ ਜਾਂਦੀ ਹੈ। ਇਸ ਨੀਤੀ ਦੀ ਸ਼ੁਰੂਆਤ ਸਮੇਂ ਇਹ ਨਿਰਣਾ ਲਿਆ ਗਿਆ ਸੀ ਕਿ ਭਾਰਤੀ ਉਤਪਾਦਕਾਂ ਲਈ ਹੁਣ ਸਮਾਂ ਆ ਗਿਆ ਹੈ ਕਿ ਉਹ ਅੰਤਰਰਾਸ਼ਟਰੀ ਬਜ਼ਾਰ ਵਿੱਚ ਦੂਸਰੇ ਦੇਸ਼ਾਂ ਦੇ ਉਤਪਾਦਕਾਂ ਦਾ ਮੁਕਾਬਲਾ ਕਰਨ। ਇਹ ਵੀ ਸੋਚਿਆ ਗਿਆ ਸੀ ਕਿ ਇਹ ਮੁਕਾਬਲਾ ਦੇਸ਼ ਅੰਦਰ ਉਤਪਾਦਕਾਂ ਦੀ ਕਾਰਗੁਜ਼ਾਰੀ ਸੁਧਾਰਨ ਦੇ ਨਾਲ਼-ਨਾਲ਼ ਅੰਤਰਰਾਸ਼ਟਰੀ ਬਜ਼ਾਰ ਵਿੱਚ ਇਹਨਾਂ ਦੇ ਉਤਪਾਦਾਂ ਦੀ ਗੁਣਵੱਤਾ ਵਿੱਚ ਵੀ ਸੁਧਾਰ ਕਰੇਗਾ। ਇਸ ਲਈ ਇਸ ਨੀਤੀ ਤਹਿਤ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਉੱਪਰ ਲੱਗੀਆਂ ਰੋਕਾਂ ਨੂੰ ਵੱਡੇ ਪੱਧਰ ਤੇ ਹਟਾ ਦਿੱਤਾ ਗਿਆ। ਇਸ ਨੇ ਅਯਾਤਾਂ ਅਤੇ ਨਿਰਯਾਤਾਂ ਦੀ ਪ੍ਰਕਿਰਿਆ ਨੂੰ ਪਹਿਲਾਂ ਨਾਲੋਂ ਸੁਖਾਲਾ ਕਰ ਦਿੱਤਾ ਅਤੇ ਵਿਦੇਸ਼ੀ ਕੰਪਨੀਆਂ ਨੇ ਭਾਰਤ ਵਿੱਚ ਉਤਪਾਦਨ ਪੈਦਾ ਕਰਕੇ ਵੇਚਣ ਲਈ ਆਪਣੀਆਂ ਫੈਕਟਰੀਆਂ ਅਤੇ ਦਫ਼ਤਰ ਇੱਥੇ ਸਥਾਪਿਤ ਕਰ ਲਏ। ਸਰਕਾਰ ਦੁਆਰਾ ਅਜਿਹੀਆਂ ਰੋਕਾਂ ਜਾਂ ਪ੍ਰਤਿਬੰਧਾਂ ਨੂੰ ਹਟਾਉਣ ਨੂੰ ਹੀ ਉਦਾਰੀਕਰਨ ਕਿਹਾ ਜਾਂਦਾ ਹੈ। ਜਿਸ ਨਾਲ਼ ਹੁਣ ਸਰਕਾਰ ਅਜਿਹੀਆਂ ਚੀਜ਼ਾਂ ਨੂੰ ਲਾਗੂ ਕਰਨ ਲਈ ਹੋਰ ਵੀ ਉਦਾਰਵਾਦੀ ਹੋ ਗਈ। ਨਿੱਜੀਕਰਨ ਅਧੀਨ ਸਰਕਾਰ ਨਿੱਜੀ ਖੇਤਰ ਨੂੰ ਆਪਣੀਆਂ ਉਹਨਾਂ ਉਤਪਾਦਕ ਇਕਾਈਆਂ ਨੂੰ ਲਗਾਉਣ ਦੀ ਇਜ਼ਾਜ਼ਤ ਦੇ ਦਿੱਤੀ, ਜੋ ਪਹਿਲਾਂ ਸਿਰਫ਼ ਸਰਕਾਰੀ ਖੇਤਰ ਲਈ ਹੀ ਰਾਖਵੀਆਂ ਸਨ। ਸਰਕਾਰ ਦੁਆਰਾ ਅਪਣਾਏ ਗਏ ਇਹਨਾਂ ਦੋ ਉਪਾਵਾਂ ਨੇ ਭਾਰਤੀ ਅਰਥਵਿਵਸਥਾ ਨੂੰ ਸੰਸਾਰ ਦੇ ਦੂਸਰੇ ਦੇਸ਼ਾਂ ਨਾਲ਼ ਵੱਡੇ ਪੱਧਰ ਤੇ ਜੋੜ ਦਿੱਤਾ, ਜਿਸ ਨੂੰ ਵਿਸ਼ਵੀਕਰਨ ਕਿਹਾ ਜਾਂਦਾ ਹੈ।

## ਵਿਦੇਸ਼ੀ ਵਪਾਰ ਨੀਤੀ (Foreign Trade Policy)

ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਨੀਤੀ ਸਰਕਾਰ ਦਾ ਅਜਿਹਾ ਨਿਯਮ ਜਾਂ ਕਾਨੂੰਨ ਹੈ ਜੋ ਵਿਦੇਸ਼ੀ ਵਪਾਰ ਅਤੇ ਨਿਵੇਸ਼ ਨੂੰ ਘਰੇਲੂ ਅਰਥਵਿਵਸਥਾ ਵਿੱਚ ਉਤਸ਼ਾਹਿਤ ਜਾਂ ਨਿਰਉਤਸ਼ਾਹਿਤ ਕਰਦਾ ਹੈ। ਆਓ ਚੀਨ ਦੇਸ਼ ਤੋਂ ਅਯਾਤ ਕੀਤੇ ਜਾਂਦੇ ਖਿਡੌਣੇ, ਔਜ਼ਾਰ, ਰਸੋਈ ਅਤੇ ਇਲੈਕਟ੍ਰਾਨਿਕ ਸੰਬੰਧੀ ਵਸਤੂਆਂ ਦੀ ਉਦਾਹਰਣ ਲਈਏ- ਇਹ ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਚੀਨ ਦੇ ਇਹਨਾਂ ਉਤਪਾਦਾਂ ਦੀ ਕੀਮਤ ਭਾਰਤ ਦੇ ਉਤਪਾਦਾਂ ਦੇ ਮੁਕਾਬਲੇ ਘੱਟ ਹੁੰਦੀ ਹੈ। ਇਸ ਦਾ ਭਾਵ ਇਹ ਹੈ ਕਿ ਭਾਰਤ ਦੀ ਸਰਕਾਰ ਦੁਆਰਾ ਇਹਨਾਂ ਵਸਤੂਆਂ ਤੇ ਘੱਟ ਕਰ ਲਗਾਏ ਜਾਂਦੇ ਹਨ। ਮੰਨ ਲਓ ਕਿ ਭਾਰਤ ਸਰਕਾਰ ਇਹਨਾਂ ਵਸਤੂਆਂ ਤੇ ਜ਼ਿਆਦਾ ਕਰ ਲਗਾ ਦਿੰਦੀ ਹੈ, ਤਾਂ ਇਹਨਾਂ ਵਸਤੂਆਂ ਦੀ ਅਸਲ ਕੀਮਤ ਵੱਧ ਜਾਵੇਗੀ ਅਤੇ ਭਾਰਤੀ ਲੋਕ ਅਯਾਤ ਕੀਤੀਆਂ ਜਾਂਦੀਆਂ ਇਹਨਾਂ ਵਸਤੂਆਂ ਦੀ ਵਧੀ ਹੋਈ ਕੀਮਤ ਦੇਣ ਤੋਂ ਝਿਜਕਣਗੇ। ਇਸਦੇ ਫਲਸਰੂਪ ਇਹਨਾਂ ਚੀਨੀ ਵਸਤੂਆਂ ਦੀ ਮੰਗ ਘੱਟ ਜਾਵੇਗੀ ਅਤੇ ਚੀਨ ਤੋਂ ਹੋਣ ਵਾਲ਼ੇ ਅਯਾਤਾਂ ਵਿੱਚ ਆਪਣੇ ਆਪ ਕਮੀ ਆ ਜਾਵੇਗੀ ਅਤੇ ਚੀਨ ਦੁਆਰਾ ਭਾਰਤ ਵਿੱਚ ਕੀਤਾ ਜਾ ਰਿਹਾ ਵਿਦੇਸ਼ੀ ਨਿਵੇਸ਼ ਵੀ ਘੱਟ ਜਾਵੇਗਾ। ਇਸਦੇ ਉਲਟ ਜੇਕਰ ਭਾਰਤ ਸਰਕਾਰ ਇਹਨਾਂ ਵਸਤੂਆਂ ਨੂੰ ਭਾਰਤ ਦੇ ਬਜ਼ਾਰ ਵਿੱਚ ਜ਼ਿਆਦਾ ਉਪਲੱਬਧ ਕਰਾਉਣਾ ਚਾਹੁੰਦੀ ਹੈ, ਤਾਂ ਕਰਾਂ ਦੀ ਦਰ ਘਟਾ ਦਿੱਤੀ ਜਾਵੇਗੀ। ਜਿਸਦੇ ਨਤੀਜੇ ਵਜੋਂ ਇਹਨਾਂ ਵਸਤੂਆਂ ਦੀ ਕੀਮਤ ਘੱਟ ਜਾਵੇਗੀ ਅਤੇ ਚੀਨ ਦਾ ਵਿਦੇਸ਼ੀ ਵਪਾਰ ਤੇ ਨਿਵੇਸ਼ ਵੱਧ ਜਾਵੇਗਾ।



ਚਿੱਤਰ 5.3

ਭਾਰਤ ਸਰਕਾਰ ਦੁਆਰਾ ਕਿਸੇ ਵੀ ਦੇਸ਼ ਦੇ ਅਯਾਤਾਂ ਉੱਪਰ ਲਗਾਇਆ ਜਾਣ ਵਾਲਾ ਕਰ ਵਪਾਰ ਪ੍ਰਤਿਬੰਧ ਦੀ ਉਦਾਹਰਣ ਹੈ। ਸਰਕਾਰ ਵਪਾਰ ਪ੍ਰਤਿਬੰਧ ਦੀ ਵਰਤੋਂ ਵਿਦੇਸ਼ੀ ਵਪਾਰ ਦੇ ਅਕਾਰ ਨੂੰ ਘਟਾਉਣ ਜਾਂ ਵਧਾਉਣ ਲਈ ਕਰਦੀ ਹੈ। ਇਸ ਰਾਹੀਂ ਸਰਕਾਰ ਇਹ ਵੀ ਨਿਰਧਾਰਿਤ ਕਰਦੀ ਹੈ ਕਿ ਕਿਹੜੀਆਂ ਵਸਤੂਆਂ ਦਾ ਅਤੇ ਕਿੰਨੀ ਮਾਤਰਾ ਵਿੱਚ ਅਯਾਤ ਕੀਤਾ ਜਾਣਾ ਹੈ?

**ਆਓ ਇਸ ਤੇ ਵਿਚਾਰ ਕਰੀਏ-**

1. ਵਿਦੇਸ਼ੀ ਵਪਾਰ, ਵਿਦੇਸ਼ੀ ਨਿਵੇਸ਼ ਤੋਂ ਕਿਵੇਂ ਭਿੰਨ ਹੈ?
2. ਵਿਦੇਸ਼ੀ ਨੀਤੀਆਂ ਦੇ ਉਦਾਰੀਕਰਨ ਨੇ ਭਾਰਤ ਵਿੱਚ ਵਿਸ਼ਵੀਕਰਨ ਨੂੰ ਕਿਵੇਂ ਪੈਦਾ ਕੀਤਾ?
3. ਭਾਰਤ ਸਰਕਾਰ ਦੀ ਨਵੀਂ ਆਰਥਿਕ ਨੀਤੀ 1991 ਤੋਂ ਪਹਿਲਾਂ ਅਤੇ ਬਾਅਦ ਦੀ ਨੀਤੀ ਦੇ ਸੁਭਾਅ ਬਾਰੇ ਆਪਣੇ ਅਧਿਆਪਕ ਨਾਲ ਚਰਚਾ ਕਰੋ।

## 5.2.3 ਵਿਸ਼ਵ ਵਪਾਰ ਸੰਗਠਨ (World Trade Organisation)

ਸੰਸਾਰ ਦਾ ਆਰਥਿਕ ਇਤਿਹਾਸ ਇਹ ਗਵਾਹੀ ਭਰਦਾ ਹੈ ਕਿ ਭਾਰਤ ਵਿੱਚ ਵਿਦੇਸ਼ੀ ਵਪਾਰ ਅਤੇ ਨਿਵੇਸ਼ ਦੇ ਉਦਾਰਵਾਦ ਨੂੰ ਕੁਝ ਸ਼ਕਤੀਸ਼ਾਲੀ ਅੰਤਰਰਾਸ਼ਟਰੀ ਸੰਗਠਨਾਂ ਦੁਆਰਾ ਸਹਿਯੋਗ ਪ੍ਰਦਾਨ ਕੀਤਾ ਗਿਆ ਸੀ। ਇਹਨਾਂ ਸੰਗਠਨਾਂ ਦੇ ਅਨੁਸਾਰ ਵਿਦੇਸ਼ੀ ਵਪਾਰ ਅਤੇ ਨਿਵੇਸ਼ ਉੱਪਰ ਲਗਾਏ ਜਾਣ ਵਾਲੇ ਪ੍ਰਤਿਬੰਧ ਵਿਸ਼ਵ ਦੀ ਅਰਥਵਿਵਸਥਾ ਲਈ ਲਾਹੇਵੰਦ ਨਹੀਂ ਹਨ। ਇਸ ਕਰਕੇ ਇਹਨਾਂ ਦਾ ਵਿਚਾਰ ਹੈ ਕਿ ਦੇਸ਼ਾਂ ਵਿਚਕਾਰ ਵਪਾਰ ਤੇ ਕਿਸੇ ਤਰ੍ਹਾਂ ਦਾ ਕੋਈ ਪ੍ਰਤਿਬੰਧ ਨਹੀਂ ਹੋਣਾ ਚਾਹੀਦਾ। ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਆਪਣੀਆਂ ਵਿਦੇਸ਼ੀ ਨੀਤੀਆਂ ਨੂੰ ਪ੍ਰਤਿਬੰਧਾਂ ਤੋਂ ਮੁਕਤ ਕਰ ਦੇਣਾ ਚਾਹੀਦਾ ਹੈ।

ਵਿਸ਼ਵ ਵਪਾਰ ਸੰਗਠਨ ਇੱਕ ਪ੍ਰਮੁੱਖ ਅੰਤਰਰਾਸ਼ਟਰੀ ਸੰਗਠਨ ਹੈ। ਜਿਸਦਾ ਉਦੇਸ਼ ਅੰਤਰਰਾਸ਼ਟਰੀ ਪੱਧਰ ਤੇ ਕਰ ਅਤੇ ਗ਼ੈਰ ਕਰ ਪ੍ਰਤਿਬੰਧਾਂ ਨੂੰ ਘਟਾ ਕੇ ਵਸਤੂਆਂ ਅਤੇ ਸੇਵਾਵਾਂ ਦੇ ਮੁਕਤ ਵਪਾਰ ਨੂੰ ਉਤਸ਼ਾਹਿਤ ਕਰਨਾ ਹੈ। ਵਿਸ਼ਵ ਵਪਾਰ ਸੰਗਠਨ ਅੰਤਰਰਾਸ਼ਟਰੀ ਵਪਾਰ ਸੰਬੰਧੀ ਨਿਯਮ ਬਣਾਉਂਦਾ ਹੈ ਅਤੇ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਇਹਨਾਂ ਨਿਯਮਾਂ ਦੀ ਪਾਲਣਾ ਕੀਤੀ ਜਾਵੇ। ਜੁਲਾਈ 2016 ਵਿੱਚ ਵਿਸ਼ਵ ਦੇ 164 ਦੇਸ਼ ਵਿਸ਼ਵ ਵਪਾਰ ਸੰਗਠਨ ਦੇ ਮੈਂਬਰ ਸਨ। 29 ਜੁਲਾਈ, 2016 ਨੂੰ ਅਫਗਾਨਿਸਤਾਨ ਇਸਦਾ 164ਵਾਂ ਮੈਂਬਰ ਬਣਿਆ ਹੈ। ਭਾਰਤ ਵਿਸ਼ਵ ਵਪਾਰ ਸੰਗਠਨ ਦਾ 1 ਜਨਵਰੀ 1995 ਤੋਂ ਹੀ ਮੈਂਬਰ ਹੈ।

### 5.2.3.1 ਵਿਸ਼ਵ ਵਪਾਰ ਸੰਗਠਨ ਦੇ ਉਦੇਸ਼ (Objectives of World Trade Organisation)

ਵਿਸ਼ਵ ਵਪਾਰ ਸੰਗਠਨ ਦੇ ਮੁੱਖ ਛੇ ਉਦੇਸ਼ ਹਨ-

- ਅੰਤਰਰਾਸ਼ਟਰੀ ਵਪਾਰ ਦੇ ਨਿਯਮ ਬਣਾਉਣੇ ਅਤੇ ਲਾਗੂ ਕਰਵਾਉਣੇ।
- ਵਪਾਰ ਨੂੰ ਹੋਰ ਕਰ ਮੁਕਤ ਕਰਨ ਸੰਬੰਧੀ ਗੱਲਬਾਤ ਅਤੇ ਨਿਗਰਾਨੀ ਕਰਨ ਲਈ ਮੰਚ ਪ੍ਰਦਾਨ ਕਰਨਾ।
- ਵਪਾਰਕ ਝਗੜੇ ਹੱਲ ਕਰਨਾ
- ਨਿਰਣੇ ਕਰਨ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਲਿਆਉਣਾ।
- ਉਹਨਾਂ ਹੋਰ ਪ੍ਰਮੁੱਖ ਅੰਤਰਰਾਸ਼ਟਰੀ ਆਰਥਿਕ ਸੰਸਥਾਵਾਂ ਨਾਲ਼ ਸਹਿਯੋਗ ਕਰਨਾ ਜੋ ਵਿਸ਼ਵ ਆਰਥਿਕ ਪ੍ਰਬੰਧ ਨਾਲ਼ ਜੁੜੀਆਂ ਹੋਈਆਂ ਹਨ।
- ਵਿਕਾਸਸ਼ੀਲ ਦੇਸ਼ਾਂ ਨੂੰ ਵਿਸ਼ਵ ਵਪਾਰਕ ਪ੍ਰਨਾਲੀ ਤੋਂ ਪੂਰਾ ਲਾਭ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨੀ।

**ਆਓ ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲੱਭਣ ਲਈ ਇੰਟਰਨੈੱਟ ਦੀ ਵਰਤੋਂ ਕਰੀਏ-**

1. ਵਿਸ਼ਵ ਵਪਾਰ ਸੰਗਠਨ ਦੇ ਕੋਈ 10 ਮੈਂਬਰਾਂ ਦੀ ਸੂਚੀ ਬਣਾਓ।
2. ਆਪਣੇ ਅਧਿਆਪਕ ਦੀ ਸਹਾਇਤਾ ਨਾਲ਼ ਵਿਸ਼ਵ ਵਪਾਰ ਸੰਗਠਨ ਦੇ ਭਾਰਤੀ ਅਰਥਵਿਵਸਥਾ ਉੱਪਰ ਹੋ ਰਹੇ ਪ੍ਰਭਾਵਾਂ ਬਾਰੇ ਲਿਖੋ।

## 5.3 ਵਿਸ਼ਵੀਕਰਨ ਦਾ ਭਾਰਤ 'ਤੇ ਪ੍ਰਭਾਵ (IMPACT OF GLOBALISATION ON INDIA)

ਭਾਰਤ ਦੇ ਸੰਦਰਭ ਵਿੱਚ ਵਿਸ਼ਵੀਕਰਨ ਨੇ ਪਿਛਲੇ 20 ਜਾਂ ਇਸ ਤੋਂ ਵੱਧ ਸਾਲਾਂ ਦੌਰਾਨ ਉਪਭੋਗਤਾਵਾਂ ਅਤੇ ਉਤਪਾਦਕਾਂ ਤੇ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਜੋ ਖੇਤਰ ਇਸਦੇ ਪ੍ਰਭਾਵ ਹੇਠ ਆਏ ਹਨ, ਉਹਨਾਂ ਵਿੱਚੋਂ ਕੁਝ ਦੀ ਨਿਮਨਲਿਖਤ ਅਨੁਸਾਰ ਚਰਚਾ ਕੀਤੀ ਜਾ ਰਹੀ ਹੈ-

### 5.3.1 ਉਪਭੋਗਤਾਵਾਂ 'ਤੇ ਪ੍ਰਭਾਵ (Impact on Consumers)

ਵਿਸ਼ਵੀਕਰਨ ਨੇ ਅੰਤਰਰਾਸ਼ਟਰੀ ਵਪਾਰ ਵਿੱਚ ਅਥਾਹ ਵਾਧੇ ਨੂੰ ਅੰਜਾਮ ਦਿੱਤਾ ਹੈ। ਜਿਸਦੇ ਸਿੱਟੇ ਵਜੋਂ ਉਪਭੋਗਤਾਵਾਂ ਸਾਹਮਣੇ ਵਸਤੂਆਂ ਦੀ ਵਧੇਰੇ ਚੋਣ ਪੈਦਾ ਹੋ ਗਈ ਹੈ। ਇਸ ਨਾਲ਼ ਉਹ ਅੰਤਰਰਾਸ਼ਟਰੀ ਪੱਧਰ ਦੀਆਂ ਕਈ ਵਸਤੂਆਂ ਦਾ ਘੱਟ ਕੀਮਤ ਤੇ ਅਨੰਦ ਲੈ ਰਹੇ ਹਨ ਜਦੋਂ ਕਿ ਪਹਿਲਾਂ ਅਜਿਹਾ ਸੰਭਵ ਨਹੀਂ ਸੀ। ਪਰ ਇਹ ਵੀ ਸਿੱਧ ਹੋ ਚੁੱਕਿਆ ਹੈ ਕਿ ਮੁੱਖ ਰੂਪ ਨਾਲ਼ ਸਮਾਜ ਦੇ ਆਰਥਿਕ ਰੂਪ ਵਿੱਚ ਚੰਗੇ ਵਰਗਾਂ ਨੇ ਹੀ ਇਸਦਾ ਫ਼ਾਇਦਾ ਚੁੱਕਿਆ ਹੈ। ਇਹ ਲੋਕ ਪਹਿਲਾਂ ਨਾਲ਼ੋਂ ਜਿਊਣ ਦੇ ਤੁਲਨਾਤਮਕ ਰੂਪ ਨਾਲ ਉੱਚੇ ਪੱਧਰ ਦਾ ਅਨੰਦ ਲੈ ਰਹੇ ਹਨ। ਪਰ ਸਮਾਜ ਦੇ ਕਮਜ਼ੋਰ ਵਰਗਾਂ ਲਈ ਅਜਿਹਾ ਕੋਈ ਜ਼ਿਆਦਾ ਬਦਲਾਅ ਵੇਖਣ ਨੂੰ ਨਹੀਂ ਮਿਲਿਆ ਹੈ।



*ਚਿੱਤਰ 5.4 ਉਪਭੋਗਤਾਵਾਂ ਕੋਲ ਵਸਤੂਆਂ ਦੀ ਵਧੇਰੇ ਚੋਣ ਹੈ।*

### 5.3.2 ਨਿਵੇਸ਼ ਅਤੇ ਉਤਪਾਦਨ 'ਤੇ ਬਹੁ-ਰਾਸ਼ਟਰੀ ਨਿਗਮਾਂ ਦਾ ਪ੍ਰਭਾਵ (Impact of Multi National Corporations on Investment and Production):

ਵਿਸ਼ਵੀਕਰਨ ਅਧੀਨ ਵਿਦੇਸ਼ੀ ਨਿਵੇਸ਼ ਅਤੇ ਵਪਾਰ ਦੀ ਉਦਾਰਵਾਦੀ ਨੀਤੀ ਨੂੰ ਅਪਣਾਉਣ ਕਾਰਨ ਪਿਛਲੇ ਲਗਭਗ 20 ਸਾਲਾਂ ਦੌਰਾਨ ਬਹੁ-ਰਾਸ਼ਟਰੀ ਨਿਗਮਾਂ ਨੇ ਭਾਰਤ ਵਿੱਚ ਆਪਣਾ ਉਤਪਾਦਨ ਕਈ ਗੁਣਾ ਵਧਾਇਆ ਅਤੇ ਇਸ ਤੋਂ ਵੱਡੀ ਮਾਤਰਾ ਵਿੱਚ ਲਾਭ ਕਮਾਏ ਹਨ। ਇਹਨਾਂ ਬਹੁ-ਰਾਸ਼ਟਰੀ ਨਿਗਮਾਂ ਦੀ ਮੁੱਖ ਰੂਪ ਨਾਲ ਅਜਿਹੇ ਉਦਯੋਗਾਂ ਵਿੱਚ ਦਿਲਚਸਪੀ ਰਹੀ ਹੈ ਜਿਹਨਾਂ ਦਾ ਸੰਬੰਧ ਮੋਬਾਈਲ ਫ਼ੋਨ, ਆਟੋ ਮੋਬਾਈਲ, ਬਿਜਲੀ ਦਾ ਸਮਾਨ, ਸੌਫਟ ਡਰਿੰਕ, ਫਾਸਟ ਫੂਡ, ਦਵਾਈਆਂ, ਸ਼ਹਿਰੀ ਖੇਤਰ ਦੀਆਂ ਬੈਂਕਿੰਗ ਅਤੇ ਬੀਮਾ ਸੇਵਾਵਾਂ ਆਦਿ ਨਾਲ ਹੈ। ਭਾਰਤ ਇਹਨਾਂ ਉਤਪਾਦਾਂ ਲਈ ਇੱਕ ਵੱਡਾ ਬਜ਼ਾਰ ਹੈ। ਇਸ ਦੇ ਨਾਲ ਹੀ ਉਤਪਾਦਨ ਦੀਆਂ ਘਰੇਲੂ ਇਕਾਈਆਂ, ਜੋ ਇਹਨਾਂ ਬਹੁ-ਰਾਸ਼ਟਰੀ ਨਿਗਮਾਂ ਲਈ ਕੱਚਾ ਮਾਲ ਅਤੇ ਮੱਧਵਰਤੀ ਵਸਤੂਆਂ ਦੀ ਪੂਰਤੀ ਕਰਦੇ ਹਨ, ਉਹ ਵੀ ਖ਼ੁਸ਼ਹਾਲ ਹੋ ਗਏ ਹਨ।

### 5.3.3 ਸਿਖਰ ਦੀਆਂ ਭਾਰਤੀ ਕੰਪਨੀਆਂ 'ਤੇ ਪ੍ਰਭਾਵ (Impact on Top Indian Companies)

ਵਿਸ਼ਵੀਕਰਨ ਦੇ ਆਗਮਨ ਨੇ ਭਾਰਤ ਵਿੱਚ ਉਤਪਾਦਕਾਂ ਵਿਚਕਾਰ ਮੁਕਾਬਲਾ ਵਧਾ ਦਿੱਤਾ ਹੈ। ਭਾਰਤ ਦੀਆਂ ਸਿਖਰ ਦੀਆਂ ਕੰਪਨੀਆਂ ਨੇ ਵਿਦੇਸ਼ੀ ਕੰਪਨੀਆਂ ਨਾਲ ਤਿੱਖਾ ਮੁਕਾਬਲਾ ਹੋਣ ਕਰਕੇ ਬਜ਼ਾਰ ਵਿੱਚੋਂ ਬਾਹਰ ਹੋ ਜਾਣ ਦੇ ਡਰੋਂ ਮਜ਼ਬੂਰੀ ਵੱਸ ਆਪਣੇ ਆਪ ਨੂੰ ਪਹਿਲਾਂ ਨਾਲੋਂ ਵਧੀਆ ਕੀਤਾ ਹੈ। ਇਸ ਨਾਲ ਭਾਰਤੀ ਕੰਪਨੀਆਂ ਨੇ ਨਵੀਂ ਤਕਨੀਕ ਅਤੇ ਉਤਪਾਦਨ ਦੇ ਤਰੀਕਿਆਂ ਵਿੱਚ ਨਿਵੇਸ਼ ਕਰਕੇ ਉਤਪਾਦਨ ਦਾ ਮਿਆਰ ਵੀ ਵਧਾਇਆ ਹੈ। ਇਸ ਤੋਂ ਇਲਾਵਾ ਕੁਝ ਭਾਰਤੀ ਕੰਪਨੀਆਂ ਨੇ ਵਿਦੇਸ਼ੀ ਕੰਪਨੀਆਂ ਨਾਲ ਸਫਲਤਾਪੂਰਵਕ ਗੱਠਜੋੜ ਵੀ ਕੀਤੇ ਹਨ ਅਤੇ ਕੁਝ ਵੱਡੀਆਂ ਭਾਰਤੀ ਕੰਪਨੀਆਂ ਖ਼ੁਦ ਬਹੁ-ਰਾਸ਼ਟਰੀ ਨਿਗਮਾਂ ਵਜੋਂ ਵੀ ਉੱਭਰ ਕੇ ਸਾਹਮਣੇ ਆਈਆਂ ਹਨ। ਇਹਨਾਂ ਕੰਪਨੀਆਂ ਦੀਆਂ ਕੁਝ ਉਦਾਹਰਨਾਂ ਇਸ ਤਰ੍ਹਾਂ ਹਨ- ਏਸ਼ੀਅਨ ਪੇਂਟਸ ਲਿਮਿਟਡ (ਰੰਗ), ਰੈਣਬੈਕਸੀ ਲੈਬਾਰਟਰੀਜ਼ ਲਿਮਿਟਡ (ਦਵਾਈਆਂ), ਟਾਟਾ ਮੋਟਰਜ਼ ਲਿਮਿਟਡ (ਆਟੋਮੋਬਾਇਲਜ਼), ਇਨਫੋਸਿਸ (ਸੂਚਨਾ ਤਕਨੀਕ), ਸੁੰਦਰਮ ਫਾਸਟਨਰਜ਼ (ਨਟ ਅਤੇ ਬੋਲਟ), ਟਾਟਾ ਟੀ ਲਿਮਿਟਡ (ਚਾਹ) ਅਤੇ ਇੰਡੀਅਨ ਹੋਟਲ ਕੰਪਨੀ ਲਿਮਿਟਡ (ਹੋਟਲ) ਆਦਿ। ਇਹ ਕੰਪਨੀਆਂ ਆਪਣੇ ਕੰਮ-ਕਾਜ ਪੂਰੇ ਸੰਸਾਰ ਵਿੱਚ ਫੈਲਾ ਰਹੀਆਂ ਹਨ।

### 5.3.4 ਸੂਚਨਾ ਤਕਨੀਕ ਨਾਲ ਸੰਬੰਧਿਤ ਕੰਪਨੀਆਂ 'ਤੇ ਪ੍ਰਭਾਵ (Impact on Companies related to Information Technology):

ਪ੍ਰਤੱਖ ਵਿਦੇਸ਼ੀ ਨਿਵੇਸ਼ ਦੇ ਵੱਡੀ ਮਾਤਰਾ ਵਿੱਚ ਭਾਰਤ ਵਿੱਚ ਆਉਣ ਨਾਲ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ, ਮੁੱਖ ਰੂਪ ਨਾਲ ਉਹ ਕੰਪਨੀਆਂ ਜੋ ਸੂਚਨਾ ਤਕਨੀਕ ਨਾਲ ਸੰਬੰਧਿਤ ਸਨ, ਲਈ ਨਵੇਂ ਮੌਕੇ ਪੈਦਾ ਹੋਏ ਹਨ। ਇੱਕ ਭਾਰਤੀ ਕੰਪਨੀ ਜੋ ਲੰਦਨ ਦੀ ਕਿਸੇ ਕੰਪਨੀ ਲਈ ਮੈਗਜ਼ੀਨ ਦਾ ਪ੍ਰਕਾਸ਼ਨ ਕਰਦੀ ਹੈ ਅਤੇ ਕਾਲ ਸੈਂਟਰ ਆਦਿ ਕੁਝ ਅਜਿਹੀਆਂ ਉਦਾਹਰਣਾਂ ਪੇਸ਼ ਕਰਦੇ ਹਨ। ਇਸ ਤੋਂ ਬਿਨਾਂ ਹੋਰ ਸੇਵਾਵਾਂ ਜਿਵੇਂ ਅੰਕੜਿਆਂ ਦੇ ਇੰਦਰਾਜ ਕਰਨਾ, ਲੇਖਾ, ਪ੍ਰਸ਼ਾਸਨਿਕ ਕੰਮ, ਇੰਜੀਨੀਅਰਿੰਗ ਆਦਿ ਦੇ ਕੰਮ ਭਾਰਤ ਵਿੱਚ ਘੱਟ ਲਾਗਤ ਨਾਲ ਕੀਤੇ ਜਾਂਦੇ ਹਨ ਅਤੇ ਵਿਕਸਿਤ ਦੇਸ਼ਾਂ ਨੂੰ ਇਹਨਾਂ ਦਾ ਨਿਰਯਾਤ ਕੀਤਾ ਜਾਂਦਾ ਹੈ।

## ਪ੍ਰਤੱਖ ਵਿਦੇਸ਼ੀ ਨਿਵੇਸ਼ ਅਤੇ ਪੋਰਟਫੋਲਿਓ ਨਿਵੇਸ਼ ਵਿੱਚ ਅੰਤਰ (Difference between Foreign Direct Investment and Portfolio Investment

ਇਹਨਾਂ ਦੋਹਾਂ ਤਰ੍ਹਾਂ ਦੇ ਨਿਵੇਸ਼ ਵਿੱਚ, ਵਿਦੇਸ਼ੀ ਕੰਪਨੀਆਂ ਭਾਰਤ ਵਿੱਚ ਆਉਂਦੀਆਂ ਹਨ ਅਤੇ ਆਪਣਾ ਧਨ ਨਿਵੇਸ਼ ਕਰਦੀਆਂ ਹਨ। ਇਹਨਾਂ ਦੋਹਾਂ ਵਿਚਕਾਰ ਅੰਤਰ ਇਹ ਹੈ ਕਿ ਪ੍ਰਤੱਖ ਵਿਦੇਸ਼ੀ ਨਿਵੇਸ਼ ਅਧੀਨ ਵਿਦੇਸ਼ੀ ਕੰਪਨੀਆਂ ਆਪਣੀਆਂ ਕਾਰੋਬਾਰੀ ਇਕਾਈਆਂ ਦੇਸ਼ ਵਿੱਚ ਸਥਾਪਿਤ ਕਰਦੀਆਂ ਹਨ ਅਤੇ ਇਹਨਾਂ ਇਕਾਈਆਂ ਤੇ ਕੰਪਨੀਆਂ ਦਾ ਪੂਰਾ ਨਿਯੰਤਰਣ ਹੁੰਦਾ ਹੈ। ਜਿਵੇਂ ਕਿ ਭਾਰਤ ਵਿੱਚ ਵਾਲਮਾਰਟ (Wallmart) ਦੀ ਸਥਾਪਨਾ ਇੱਕ ਪ੍ਰਤੱਖ ਵਿਦੇਸ਼ੀ ਨਿਵੇਸ਼ ਹੈ। ਪਰ ਪੋਰਟਫੋਲਿਓ ਨਿਵੇਸ਼ ਅਧੀਨ ਵਿਦੇਸ਼ੀ ਕੰਪਨੀਆਂ ਆਪਣੀਆਂ ਕਾਰੋਬਾਰੀ ਇਕਾਈਆਂ ਸਥਾਪਿਤ ਨਹੀਂ ਕਰਦੀਆਂ ਬਲਕਿ ਘਰੇਲੂ ਕਾਰੋਬਾਰੀ ਇਕਾਈਆਂ ਵਿੱਚ ਸ਼ੇਅਰ ਖ਼ਰੀਦ ਕੇ ਨਿਵੇਸ਼ ਕਰਦੀਆਂ ਹਨ। ਜਿਵੇਂ ਕਿ ਕੋਈ ਵਿਦੇਸ਼ੀ ਕੰਪਨੀ ਭਾਰਤ ਵਿੱਚ ਆਉਂਦੀ ਹੈ ਅਤੇ ਟਾਟਾ (TATA) ਕੰਪਨੀ ਦੇ ਸ਼ੇਅਰ ਖ਼ਰੀਦ ਕੇ ਇਸ ਕੰਪਨੀ ਵਿੱਚ ਨਿਵੇਸ਼ ਕਰਦੀ ਹੈ, ਤਾਂ ਇਸਨੂੰ ਪੋਰਟਫੋਲਿਓ ਨਿਵੇਸ਼ ਕਿਹਾ ਜਾਂਦਾ ਹੈ। ਅਜਿਹੀ ਕਿਸਮ ਦੇ ਨਿਵੇਸ਼ ਵਿੱਚ ਕਾਰੋਬਾਰ ਦਾ ਨਿਯੰਤਰਣ ਘਰੇਲੂ ਉਤਪਾਦਕਾਂ ਕੋਲ ਰਹਿੰਦਾ ਹੈ। ਜਿਵੇਂ ਕਿ ਉਪਰੋਕਤ ਉਦਾਹਰਨ ਵਿੱਚ ਟਾਟਾ ਕੰਪਨੀ ਦਾ ਨਿਯੰਤਰਣ ਟਾਟਾ ਕੋਲ ਹੀ ਹੋਵੇਗਾ।

### 5.3.5 ਛੋਟੇ ਉਤਪਾਦਕਾਂ ਅਤੇ ਵਪਾਰੀਆਂ 'ਤੇ ਪ੍ਰਭਾਵ (Impact on Small Producers and Traders):

ਵਿਸ਼ਵੀਕਰਨ ਦੀ ਨੀਤੀ ਨੇ ਛੋਟੇ ਉਤਪਾਦਕਾਂ ਅਤੇ ਵਪਾਰੀਆਂ 'ਤੇ ਮਾੜਾ ਪ੍ਰਭਾਵ ਪਾਇਆ ਹੈ। ਅਜਿਹੇ ਕਈ ਘਰੇਲੂ ਉਤਪਾਦਕ ਜਿਹਨਾਂ ਦੇ ਉਤਪਾਦ ਅਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਵਰਗੇ ਹੀ ਸਨ, ਉਹ ਉਤਪਾਦਕ ਆਪਣੇ ਉਤਪਾਦਨ ਦੀ ਗੁਣਵੱਤਾ ਵਿੱਚ ਅਯਾਤ ਕੀਤੀਆਂ ਜਾਂਦੀਆਂ ਵਸਤੂਆਂ ਦਾ ਮੁਕਾਬਲਾ ਨਹੀਂ ਕਰ ਸਕੇ ਅਤੇ ਨਤੀਜੇ ਵਜੋਂ ਇਹਨਾਂ ਨੂੰ ਆਪਣੇ ਕਾਰੋਬਾਰ ਤੋਂ ਹੱਥ ਧੋਣੇ ਪਏ।

## ਵੱਧਦਾ ਮੁਕਾਬਲਾ (Increasing Competition)

ਹਰਜੀਤ ਸਿੰਘ (ਕਾਲਪਨਿਕ ਨਾਮ) ਨੇ ਇੱਕ ਬੈਂਕ ਵਿੱਚੋਂ ਕਰਜ਼ਾ ਲੈ ਕੇ ਪੰਜਾਬ ਦੇ ਬਰਨਾਲਾ ਸ਼ਹਿਰ ਦੇ ਨਜ਼ਦੀਕ ਇੱਕ ਪਿੰਡ ਵਿੱਚ ਲੱਕੜ ਦੇ ਖਿਡੌਣਿਆਂ ਦੇ ਉਤਪਾਦਨ ਦੀ ਇੱਕ ਇਕਾਈ ਸਥਾਪਿਤ ਕੀਤੀ। ਉਹ ਲੱਕੜ ਦੇ ਕਈ ਕਿਸਮ ਦੇ ਖਿਡੌਣੇ ਜਿਵੇਂ ਬੱਸਾਂ, ਟਰੈਕਟਰ, ਟਰਾਲੀਆਂ, ਟਰੱਕ, ਮੋਟਰਸਾਈਕਲ, ਬੈਲ ਗੱਡੀਆਂ ਆਦਿ ਬਣਾਉਂਦਾ ਅਤੇ ਉਹਨਾਂ ਨੂੰ ਵੇਚ ਕੇ ਲਾਭ ਪ੍ਰਾਪਤ ਕਰਦਾ ਸੀ। ਸ਼ੁਰੂ ਦੇ ਚਾਰ-ਪੰਜ ਸਾਲਾਂ ਵਿੱਚ ਹੀ ਉਹ ਆਪਣੇ ਉਤਪਾਦਨ ਨੂੰ ਵਧਾਉਣ ਵਿੱਚ ਕਾਮਯਾਬ ਹੋ ਗਿਆ ਅਤੇ ਉਸਨੇ ਆਪਣੀ ਉਤਪਾਦਨ ਇਕਾਈ ਵਿੱਚ ਕੰਮ ਕਰਨ ਲਈ ਦਸ ਹੋਰ ਕਾਮੇ ਰੱਖ ਲਏ। ਹਰਜੀਤ ਸਿੰਘ ਨੇ ਸੋਚਿਆ ਵੀ ਨਹੀਂ ਸੀ ਕਿ ਉਸਨੂੰ ਇੱਕ ਛੋਟੇ ਉਤਪਾਦਕ ਹੋਣ ਦੇ ਨਾਤੇ ਆਪਣੀ ਕੰਮਕਾਜੀ ਜ਼ਿੰਦਗੀ ਦੇ ਵਿੱਚ ਜਲਦੀ ਹੀ ਸੰਕਟ ਵੇਖਣਾ ਪਵੇਗਾ। ਉਸਨੂੰ ਆਪਣੀ ਉਤਪਾਦਨ ਇਕਾਈ ਨੂੰ ਚਲਾਉਣ ਸੰਬੰਧੀ ਸਮੱਸਿਆ ਉਸ ਸਮੇਂ ਆਈ, ਜਦੋਂ ਭਾਰਤੀ ਸਰਕਾਰ ਨੇ ਵਿਸ਼ਵ ਵਪਾਰ ਸੰਗਠਨ ਤਹਿਤ ਸਮਝੌਤੇ ਅਧੀਨ ਅਯਾਤ ਕੀਤੀਆਂ ਜਾਣ ਵਾਲ਼ੀਆਂ ਵਸਤੂਆਂ ਤੋਂ ਪ੍ਰਤਿਬੰਧ ਹਟਾ ਲਏ। ਇਸ ਪ੍ਰਕਿਰਿਆ ਅਧੀਨ ਸਾਡੇ ਗੁਆਂਢੀ ਦੇਸ਼ ਚੀਨ ਤੋਂ ਬਹੁਤ ਸਾਰੇ ਖਿਡੌਣੇ ਸਸਤੇ ਰੇਟਾਂ ਤੇ ਭਾਰਤ ਵਿੱਚ ਆਉਣੇ ਸ਼ੁਰੂ ਹੋ ਗਏ। ਬੱਚਿਆਂ ਦੇ ਖਿਡੌਣੇ ਜਿਵੇਂ ਬਿਜਲਈ ਖਿਡੌਣੇ, ਰਿਮੋਟ ਕੰਟਰੋਲ ਖਿਡੌਣੇ, ਐਕਸ਼ਨ ਖੇਡਾਂ, ਵਿੱਦਿਅਕ ਖੇਡਾਂ, ਗੁੱਡੀਆਂ, ਚੱਲਣ ਵਾਲ਼ੇ ਖਿਡੌਣੇ, ਸੰਗੀਤ ਵਾਲ਼ੇ ਖਿਡੌਣੇ ਆਦਿ ਕੁਝ ਉਦਾਹਰਣਾਂ ਹਨ, ਜਿਹਨਾਂ ਨੇ ਹਰਜੀਤ ਸਿੰਘ ਦੇ ਉਤਪਾਦਾਂ ਦੀ ਵਿਕਰੀ ਨੂੰ ਬੁਰੀ ਤਰ੍ਹਾਂ ਸੱਟ ਮਾਰੀ। ਇਸ ਤੋਂ ਬਿਨਾਂ ਇਹ ਖਿਡੌਣੇ ਜਲਦ ਹੀ ਵਿਕਰੀ ਲਈ ਦੂਰ ਦੇ ਇਲਾਕਿਆਂ/ ਪੇਂਡੂ ਖੇਤਰਾਂ ਵਿੱਚ ਮੇਲਿਆਂ ਵਿੱਚ ਵੀ ਵਿਕਰੀ ਲਈ ਉਪਲਬੱਧ ਹੋ ਗਏ ਅਤੇ ਆਮ ਤੌਰ ਤੇ ਇਹਨਾਂ ਨੂੰ ਚਲਦੇ ਫਿਰਦੇ ਵਿਕਰੇਤਾਵਾਂ ਦੁਆਰਾ ਵੀ ਵੇਚਿਆ ਜਾਣ ਲੱਗਾ। ਇਸ ਤੋਂ ਇਲਾਵਾ ਇਸ ਪ੍ਰਕਿਰਿਆ ਕਰਕੇ ਘਰੇਲੂ ਖ਼ਰੀਦਦਾਰਾਂ ਕੋਲ਼ ਘੱਟ ਕੀਮਤ ਤੇ ਖਿਡੌਣਿਆਂ ਸੰਬੰਧੀ ਜ਼ਿਆਦਾ ਚੋਣ ਪੈਦਾ ਹੋ ਗਈ ਅਤੇ ਉਹਨਾਂ ਨੇ ਚੀਨੀ ਖਿਡੌਣਿਆਂ ਨੂੰ ਖ਼ਰੀਦਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਨਾਲ਼ ਖਿਡੌਣਿਆਂ ਦੇ ਅਯਾਤ ਨੇ ਉਹ ਕਾਰੋਬਾਰ ਵੀ ਪ੍ਰਭਾਵਿਤ ਕਰ ਦਿੱਤੇ, ਜੋ ਦੂਰ ਦੁਰਾਡੇ ਦੇ ਪਿੰਡਾਂ ਵਿੱਚ ਚਲਦੇ ਸਨ। ਆਪਣੇ ਗਾਹਕ ਘਟਣ ਜਾਂ ਆਪਣੇ ਖਿਡੌਣਿਆਂ ਦੀ ਮੰਗ ਘੱਟ ਜਾਣ ਕਾਰਨ ਹੁਣ ਹਰਜੀਤ ਸਿੰਘ ਨੇ ਗਿਣਤੀ ਵਿੱਚ ਪਹਿਲਾਂ ਨਾਲ਼ੋਂ ਲਗਭਗ ਅੱਧੇ ਖਿਡੌਣੇ ਬਣਾਉਣੇ ਸ਼ੁਰੂ ਕਰ ਦਿੱਤੇ। ਹੁਣ ਉਸ ਕੋਲ਼ ਸਿਰਫ਼ ਚਾਰ ਕਾਮੇ ਹੀ ਕੰਮ ਕਰਦੇ ਹਨ। ਉਸਦੀ ਸ਼੍ਰੇਣੀ ਦੇ ਕਈ ਛੋਟੇ ਉਤਪਾਦਕਾਂ ਨੇ ਅਜਿਹੇ ਉਤਪਾਦਨ ਦੀਆਂ ਇਕਾਈਆਂ ਸਧਾਰਨ ਲਾਭ ਵੀ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਬੰਦ ਕਰ ਦਿੱਤੀਆਂ।



ਭਾਰਤ ਵਿੱਚ ਵਿਕਣ ਲਈ ਅਯਾਤ ਕੀਤੇ ਖਿਡੌਣੇ



ਪੰਜਾਬ ਦੇ ਇੱਕ ਪਿੰਡ ਵਿਖੇ ਲੱਕੜ ਦੇ ਖਿਡੌਣਿਆਂ ਦੇ ਉਤਪਾਦਨ ਦੀ ਇੱਕ ਇਕਾਈ

ਚਿੱਤਰ 5.5

ਖਿਡੌਣੇ, ਟਾਇਰ, ਬੈਟਰੀਆਂ, ਸਿਲਾਈ ਮਸ਼ੀਨਾਂ ਦੇ ਹਿੱਸੇ, ਆਟੋ ਦੇ ਹਿੱਸੇ, ਸੈਨੇਟਰੀ ਉਤਪਾਦ ਆਦਿ ਇਹਨਾਂ ਉਦਯੋਗਾਂ ਦੀਆਂ ਕੁਝ ਉਦਾਹਰਨਾਂ ਹਨ, ਜਿੱਥੇ ਛੋਟੇ ਉਤਪਾਦਕ ਮੁਕਾਬਲੇ ਦੀ ਵਜ੍ਹਾ ਕਾਰਨ ਬੁਰੀ ਤਰ੍ਹਾਂ ਨਾਲ਼ ਪ੍ਰਭਾਵਿਤ ਹੋਏ ਹਨ। ਇਸ ਤੋਂ ਇਲਾਵਾ ਵਿਸ਼ਵੀਕਰਨ ਨੇ ਨਾਕਾਫ਼ੀ ਕੰਮਕਾਜੀ ਪੂੰਜੀ, ਮਹਿੰਗੇ ਬੈਂਕ ਕਰਜੇ, ਸਰੰਚਨਾਤਮਕ ਢਾਂਚੇ ਦੀ ਕਮੀ, ਨਾਕਾਫੀ ਬਜ਼ਾਰੀ ਸੁਵਿਧਾਵਾਂ ਸਬੰਧੀ ਨੀਤੀਆਂ ਅਤੇ ਘਰੇਲੂ ਉਤਪਾਦਕਾਂ ਦੀ ਕਮਜ਼ੋਰ ਸੌਦੇਬਾਜ਼ੀ ਨੇ ਜਾਂ ਤਾਂ ਘਰੇਲੂ ਉਤਪਾਦਕਾਂ ਨੂੰ ਆਪਣੇ ਉਤਪਾਦਨ ਦੀ ਇਕਾਈ ਨੂੰ ਬੰਦ ਕਰਨ ਲਈ ਮਜ਼ਬੂਰ ਕਰ ਦਿੱਤਾ ਜਾਂ ਉਹਨਾਂ ਨੂੰ ਆਪਣੇ ਕਾਰੋਬਾਰ ਨੂੰ ਘਟਾਉਣਾ ਪਿਆ। ਇਸ ਵਰਤਾਰੇ ਨੇ ਬਹੁਤ ਸਾਰੇ ਕਾਮਿਆਂ ਨੂੰ ਬੇਰੁਜ਼ਗਾਰ ਕਰ ਦਿੱਤਾ।

**ਆਓ ਇਸ ਤੇ ਵਿਚਾਰ ਕਰੀਏ-**

1. ਇੱਕ ਵਿਕਸਿਤ ਦੇਸ਼ ਦੇ ਅਯਾਤ ਇੱਕ ਵਿਕਾਸਸ਼ੀਲ ਦੇਸ਼ ਦੇ ਉਤਪਾਦਕਾਂ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ ?
2. ਸਰਕਾਰ ਘਰੇਲੂ ਉਤਪਾਦਕਾਂ ਨੂੰ ਘੱਟ ਕੀਮਤ ਦੇ ਅਯਾਤਾਂ ਤੋਂ ਕਿਵੇਂ ਬਚਾਅ ਸਕਦੀ ਹੈ ?

## 5.4 ਨਿਰਪੱਖ ਵਿਸ਼ਵੀਕਰਨ ਦੀ ਲੋੜ (NEED OF FAIR GLOBALISATION)

ਹੁਣ ਇਹ ਪ੍ਰਸ਼ਨ ਉੱਠਦਾ ਹੈ ਕਿ ਕੀ ਵਿਸ਼ਵੀਕਰਨ ਇੱਕ ਅਰਥਵਿਵਸਥਾ ਲਈ ਚੰਗਾ ਹੈ ਜਾਂ ਮਾੜਾ ? ਕਿਉਂਕਿ ਹਮੇਸ਼ਾਂ ਇਹ ਦੋਸ਼ ਲੱਗਦਾ ਹੈ ਕਿ ਇਹ ਨੀਤੀ ਵਿਕਸਿਤ ਦੇਸ਼ਾਂ ਲਈ ਲਾਹੇਵੰਦ ਰਹੀ ਹੈ ਅਤੇ ਵਿਕਾਸਸ਼ੀਲ ਅਤੇ ਘੱਟ ਵਿਕਸਿਤ ਦੇਸ਼ ਇਸ ਤੋਂ ਦੁਖੀ ਰਹੇ ਹਨ। ਇਸ ਦੇ ਸੰਬੰਧ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ ਲਈ ਨਿਰਪੱਖ ਨੀਤੀ ਹਰ ਦੇਸ਼ ਲਈ ਲਾਹੇਵੰਦ ਹੋ ਸਕਦੀ ਹੈ।

ਨਿਰਪੱਖ ਵਿਸ਼ਵੀਕਰਨ ਦਾ ਭਾਵ ਹੈ ਕਿ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਵਿਸ਼ਵੀਕਰਨ ਦੇ ਬਰਾਬਰ ਲਾਭ ਪ੍ਰਾਪਤ ਹੋਣ। ਪਰ ਸਬੂਤ ਚਾਨਣਾ ਪਾਉਂਦੇ ਹਨ ਕਿ ਹਰ ਇੱਕ ਦੇਸ਼ ਨੂੰ ਇਸ ਤੋਂ ਬਰਾਬਰ ਲਾਭ ਪ੍ਰਾਪਤ ਨਹੀਂ ਹੋਏ ਹਨ। ਸਿਰਫ਼ ਉਹ ਦੇਸ਼ ਜਿਹਨਾਂ ਕੋਲ਼ ਮੁਕਾਬਲਤਨ ਜ਼ਿਆਦਾ ਮੁਹਾਰਤ ਅਤੇ ਪੈਸਾ ਸੀ, ਉਹਨਾਂ ਨੇ ਹੀ ਵਿਸ਼ਵੀਕਰਨ ਦੀ ਪ੍ਰਕਿਰਿਆ ਤੋਂ ਨਵੇ ਮੌਕੇ ਪ੍ਰਾਪਤ ਕੀਤੇ ਅਤੇ ਉਹਨਾਂ ਦਾ ਪੂਰਨ ਪ੍ਰਯੋਗ ਕੀਤਾ, ਪਰ ਹੋਰ ਬਹੁਤ ਸਾਰੇ ਦੇਸ਼ਾਂ ਨੂੰ ਵਿਸ਼ਵੀਕਰਨ ਦੇ ਅਜਿਹੇ ਲਾਭ ਪ੍ਰਾਪਤ ਨਹੀਂ ਹੋਏ। ਅੱਜ ਨਿਰਪੱਖ ਵਿਸ਼ਵੀਕਰਨ ਦੀ ਵੱਡੀ ਲੋੜ ਹੈ ਜਿਸ ਵਿੱਚ ਮੁੱਖ ਰੂਪ ਨਾਲ਼ ਸਭ ਲਈ ਰੁਜ਼ਗਾਰ ਸੰਬੰਧੀ ਮੌਕੇ ਪੈਦਾ ਹੋਣ ਅਤੇ ਲਾਭ ਵੀ ਬਿਹਤਰ ਢੰਗ ਨਾਲ ਵੰਡੇ ਜਾਣ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਵਿਸ਼ਵੀਕਰਨ ਦੀ ਨੀਤੀ ਤੇ ਸਰਕਾਰ ਦਾ ਪੂਰਾ ਨਿਯੰਤਰਣ ਹੋਣਾ ਚਾਹੀਦਾ ਹੈ, ਤਾਂ ਕਿ ਦੇਸ਼ ਵਿੱਚ ਮੌਜੂਦ ਵੱਖ-ਵੱਖ ਵਰਗਾਂ ਦੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ। ਵਿਸ਼ਵੀਕਰਨ ਦੀ ਨਿਰਪੱਖ ਨੀਤੀ ਵਿੱਚ ਹੇਠ ਲਿਖੀਆਂ ਗੱਲਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ :

- ਇਸ ਨਾਲ਼ ਗਰੀਬ ਦੇਸ਼ਾਂ ਦੇ ਹਿੱਤਾਂ ਨੂੰ ਨੁਕਸਾਨ ਨਹੀਂ ਹੋਣਾ ਚਾਹੀਦਾ।
- ਇਹ ਸਾਰੇ ਦੇਸ਼ਾਂ ਵਿੱਚ ਮੌਜੂਦ ਸਾਧਨਾਂ ਦੀ ਸਹੀ ਵਰਤੋਂ ਨੂੰ ਨਿਸ਼ਚਿਤ ਕਰਨ ਵਾਲ਼ੀ ਹੋਣੀ ਚਾਹੀਦੀ ਹੈ।
- ਇਹ ਸ਼ੋਸ਼ਣ ਤੇ ਆਧਾਰਿਤ ਨਹੀਂ ਹੋਣੀ ਚਾਹੀਦੀ ਹੈ।
- ਇਹ ਭੇਦ-ਭਾਵ ਤੇ ਆਧਾਰਿਤ ਨਹੀਂ ਹੋਣੀ ਚਾਹੀਦੀ ਹੈ।
- ਇਹ ਵੱਖ-ਵੱਖ ਦੇਸ਼ਾਂ ਵਿੱਚ ਆਪਸੀ ਸਮਝ ਅਤੇ ਸਹਿਯੋਗ ਤੇ ਆਧਾਰਿਤ ਹੋਣੀ ਚਾਹੀਦੀ ਹੈ।
- ਇਸ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੇ ਦੇਸ਼ਾਂ ਵਿੱਚ ਵਸਤੂਆਂ ਅਤੇ ਸੇਵਾਵਾਂ ਦੀ ਸਹੀ ਉਪਲਬਧਤਾ ਹੋਵੇਗੀ।
- ਇਸ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੇ ਦੇਸ਼ਾਂ ਦੇ ਸਾਰੇ ਲੋਕਾਂ ਨੂੰ ਰੁਜ਼ਗਾਰ ਦੇ ਬਰਾਬਰ ਮੌਕੇ ਪ੍ਰਾਪਤ ਹੋਣਗੇ।
- ਵਿਸ਼ਵ ਵਪਾਰ ਸੰਗਠਨ ਵਿੱਚ ਵਿਕਸਿਤ ਦੇਸ਼ਾਂ ਦੇ ਵੱਧ ਰਹੇ ਪ੍ਰਭਾਵ ਨੂੰ ਘਟਾਉਣ ਲਈ ਇੱਕੋ ਜਿਹੀਆਂ ਆਰਥਿਕ ਹਾਲਤਾਂ ਵਾਲ਼ੇ ਅਲਪ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੇ ਸਮੂਹ ਬਣਾਉਣੇ ਚਾਹੀਦੇ ਹਨ, ਤਾਂ ਕਿ ਆਪਣੇ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ।

## ਸਾਰ

- ਵਿਸ਼ਵੀਕਰਨ ਦਾ ਭਾਵ ਘਰੇਲੂ ਅਰਥਵਿਵਸਥਾ ਨੂੰ ਬਹੁ-ਰਾਸ਼ਟਰੀ ਕੰਪਨੀਆਂ ਦੇ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਰਾਹੀਂ ਬਾਕੀ ਸੰਸਾਰ ਲਈ ਖੋਲ੍ਹਣਾ ਹੈ।
- ਬਹੁ-ਰਾਸ਼ਟਰੀ ਨਿਗਮ ਇੱਕ ਅਜਿਹੀ ਕਾਰੋਬਾਰੀ ਕੰਪਨੀ ਹੈ, ਜੋ ਇੱਕੋ ਸਮੇਂ ਆਪਣੀਆਂ ਕਾਰੋਬਾਰੀ ਕਿਰਿਆਵਾਂ ਬਹੁਤੇ ਦੇਸ਼ਾਂ ਵਿੱਚ ਚਲਾਉਂਦੀ ਹੈ ਜਾਂ ਇਹ ਇੱਕ ਕੰਪਨੀ ਹੈ ਜਿਸ ਦੀਆਂ ਕਾਰੋਬਾਰੀ ਕਿਰਿਆਵਾਂ ਇੱਕ ਤੋਂ ਵਧੇਰੇ ਦੇਸ਼ਾਂ ਵਿੱਚ ਹੁੰਦੀਆਂ ਹਨ।
- ਤਕਨੀਕੀ ਵਿਕਾਸ, ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਦਾ ਉਦਾਰਵਾਦ ਹੋਣਾ, ਕੁਝ ਅਜਿਹੇ ਮੁੱਖ ਕਾਰਕ ਹਨ ਜਿਹਨਾਂ ਨੇ ਵਿਸ਼ਵੀਕਰਨ ਨੂੰ ਪੈਦਾ ਕੀਤਾ ਹੈ।
- ਉਦਾਰਵਾਦ ਤੋਂ ਭਾਵ ਸਰਕਾਰ ਦੁਆਰਾ ਵਪਾਰ ਉੱਪਰ ਲਗਾਏ ਗਏ ਹਰ ਤਰ੍ਹਾਂ ਦੇ ਪ੍ਰਤਿਬੰਧਾਂ ਨੂੰ ਹਟਾਉਣਾ ਹੈ।
- ਵਿਸ਼ਵ ਵਪਾਰ ਸੰਗਠਨ 1995 ਵਿੱਚ ਹੋਂਦ ਵਿੱਚ ਆਇਆ। ਜੁਲਾਈ 2016 ਵਿੱਚ ਵਿਸ਼ਵ ਦੇ 164 ਦੇਸ਼ ਵਿਸ਼ਵ ਵਪਾਰ ਸੰਗਠਨ ਦੇ ਮੈਂਬਰ ਸਨ।
- ਅੰਤਰਰਾਸ਼ਟਰੀ ਵਪਾਰ ਤੇ ਕਰ ਅਤੇ ਗ਼ੈਰ ਕਰ ਪ੍ਰਤਿਬੰਧਾਂ ਨੂੰ ਘਟਾਉਣਾ ਵਿਸ਼ਵ ਵਪਾਰ ਸੰਗਠਨ ਦਾ ਉਦੇਸ਼ ਹੈ।

## ਅਭਿਆਸ

### ੳ. ਵਸਤੂਨਿਸ਼ਠ ਪ੍ਰਸ਼ਨ

1. ਖ਼ਾਲੀ ਥਾਵਾਂ ਭਰੋ।

(i) ਭਾਰਤ ਨੇ ਨਵੀਂ ਆਰਥਿਕ ਨੀਤੀ ਨੂੰ .................... ਸਾਲ ਵਿੱਚ ਅਪਣਾਇਆ।

(ii) MNC ਦਾ ਪੂਰਾ ਨਾਂ .................... ਹੈ।

(iii) ਵਿਸ਼ਵੀਕਰਨ ਅਧੀਨ ਉਪਭੋਗਤਾਵਾਂ ਕੋਲ਼ ਵਸਤੂਆਂ ਦੀ .................... ਚੋਣ ਹੁੰਦੀ ਹੈ।

(iv) ਸਰਕਾਰ ਦੁਆਰਾ ਵਪਾਰ 'ਤੇ ਲਗਾਏ ਗਏ ਹਰ ਤਰ੍ਹਾਂ ਦੇ ਪ੍ਰਤਿਬੰਧ ਹਟਾਉਣ ਨੂੰ .................... ਕਹਿੰਦੇ ਹਨ।

(v) ਨਿਰਪੱਖ ਵਿਸ਼ਵੀਕਰਨ .................... ਨੂੰ ਮੌਕੇ ਪ੍ਰਦਾਨ ਕਰੇਗਾ।

2. ਬਹੁ-ਵਿਕਲਪਿਕ ਚੋਣ—

(i) ਉਹ ਵਪਾਰ ਜੋ ਦੇਸ਼ਾਂ ਵਿਚਕਾਰ ਹੁੰਦਾ ਹੈ, ਨੂੰ ਕਹਿੰਦੇ ਹਨ-

(ੳ) ਵਿਦੇਸ਼ੀ ਵਪਾਰ (ਅ) ਖੇਤਰੀ ਵਪਾਰ
(ੲ) ੳ ਅਤੇ ਅ ਦੋਵੇਂ (ਸ) ਇਹਨਾਂ ਵਿੱਚੋਂ ਕੋਈ ਨਹੀਂ

(ii) ਨਵੀਂ ਆਰਥਿਕ ਨੀਤੀ ਨੂੰ ਅਪਨਾਉਣ ਦੇ ਪਿੱਛੇ ਮੁੱਖ ਕਾਰਨ ਕੀ ਸਨ ?

(ੳ) ਭੁਗਤਾਨ ਸੰਤੁਲਨ ਵਿੱਚ ਘਾਟਾ (ਅ) ਮੁੱਦਰਾ ਸਫੀਤੀ ਦੀ ਦਰ ਵਿੱਚ ਵਾਧਾ
(ੲ) ਵਿਦੇਸ਼ੀ ਮੁਦਰਾ ਭੰਡਾਰ ਵਿੱਚ ਘਾਟਾ (ਸ) ਉਪਰੋਕਤ ਸਾਰੇ

(iii) ਭਾਰਤ ਵਿਸ਼ਵ ਵਪਾਰ ਸੰਗਠਨ ਦਾ ਮੈਂਬਰ ਕਦੋਂ ਬਣਿਆ ?

(ੳ) 1 ਜਨਵਰੀ 1994 (ਅ) 1 ਜਨਵਰੀ 1995
(ੲ) 1 ਜਨਵਰੀ 1996 (ਸ) 1 ਜਨਵਰੀ 1997

(iv) ਨਿਰਪੱਖ ਵਿਸ਼ਵੀਕਰਨ ਕੀ ਹੈ ?

(ੳ) ਸਾਰਿਆਂ ਲਈ ਬਰਾਬਰ ਲਾਭ (ਅ) ਮੁਹਾਰਤ ਅਤੇ ਗ਼ੈਰ ਮੁਹਾਰਤ ਕਿਰਤ ਲਈ ਬਰਾਬਰ ਮੌਕੇ
(ੲ) ੳ ਅਤੇ ਅ ਦੋਵੇਂ (ਸ) ਇਹਨਾਂ ਵਿੱਚੋਂ ਕੋਈ ਨਹੀਂ

3. ਸਹੀ/ਗ਼ਲਤ:-

(i) ਇੱਕ ਬਹੁ-ਰਾਸ਼ਟਰੀ ਨਿਗਮ ਸਿਰਫ਼ ਇੱਕ ਦੇਸ਼ ਵਿੱਚ ਆਪਣਾ ਕਾਰੋਬਾਰ ਸਥਾਪਿਤ ਕਰਦਾ ਹੈ। (ਸਹੀ/ਗ਼ਲਤ)

(ii) ਤਕਨੀਕ ਇੱਕ ਮੁੱਖ ਤਾਕਤ ਬਣ ਕੇ ਉੱਭਰੀ ਜਿਸ ਨੇ ਵਿਸ਼ਵੀਕਰਨ ਦੀ ਅਗਵਾਈ ਕੀਤੀ। (ਸਹੀ/ਗ਼ਲਤ)

(iii) ਪੰਜਾਬ ਅਤੇ ਹਰਿਆਣੇ ਵਿਚਕਾਰ ਹੋਣ ਵਾਲਾ ਵਪਾਰ ਵਿਦੇਸ਼ੀ ਵਪਾਰ ਦੀ ਉਦਾਹਰਣ ਹੈ।(ਸਹੀ/ਗ਼ਲਤ)

(iv) ਭਾਰਤ ਨੇ ਨਵੀਂ ਆਰਥਿਕ ਨੀਤੀ ਨੂੰ 1995 ਵਿੱਚ ਅਪਣਾਇਆ। (ਸਹੀ/ਗ਼ਲਤ)

(v) ਭਾਰਤ ਵਰਗੇ ਦੇਸ਼ ਵਿੱਚ ਨਿਰਪੱਖ ਵਿਸ਼ਵੀਕਰਨ ਦੀ ਬਹੁਤ ਜ਼ਿਆਦਾ ਲੋੜ ਹੈ। (ਸਹੀ/ਗ਼ਲਤ)

4. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ।

**ਇਹਨਾਂ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਲਿਖੋ।**

(i) ਵਿਸ਼ਵੀਕਰਨ ਤੋਂ ਤੁਸੀਂ ਕੀ ਸਮਝਦੇ ਹੋ ?

(ii) ਬਹੁ-ਰਾਸ਼ਟਰੀ ਨਿਗਮ ਤੋਂ ਤੁਹਾਡਾ ਕੀ ਭਾਵ ਹੈ ?

(iii) ਉਦਾਰਵਾਦ ਦਾ ਕੀ ਅਰਥ ਹੈ ?

(iv) ਵਿਦੇਸ਼ੀ ਵਪਾਰ ਤੋਂ ਕੀ ਭਾਵ ਹੈ ?

(v) ਵਿਦੇਸ਼ੀ ਨਿਵੇਸ਼ ਨੀਤੀ ਤੋਂ ਕੀ ਭਾਵ ਹੈ ?

## ਅ. ਛੋਟੇ ਉੱਤਰ ਵਾਲੇ ਪ੍ਰਸ਼ਨ

ਇਹਨਾਂ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ-

1. ਭਾਰਤ ਸਰਕਾਰ ਨੇ ਪਹਿਲੀ ਪੰਜ ਸਾਲਾ ਯੋਜਨਾ ਅਧੀਨ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ 'ਤੇ ਪ੍ਰਤਿਬੰਧ ਕਿਉਂ ਲਗਾਏ ?
2. ਭਾਰਤ ਸਰਕਾਰ ਨੇ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਤੇ ਪ੍ਰਤਿਬੰਧਾਂ ਨੂੰ ਕਦੋਂ ਹਟਾਇਆ ਅਤੇ ਕਿਉਂ ? ਵਿਆਖਿਆ ਕਰੋ।
3. ਭਾਰਤ ਨੇ 1991 ਵਿੱਚ ਨਵੀਂ ਆਰਥਿਕ ਨੀਤੀ ਕਿਉਂ ਅਪਣਾਈ ? ਕਾਰਨ ਲਿਖੋ।
4. ਵਿਸ਼ਵੀਕਰਨ ਦਾ ਦੇਸ਼ ਵਿੱਚ ਛੋਟੇ ਉਤਪਾਦਕਾਂ 'ਤੇ ਕੀ ਪ੍ਰਭਾਵ ਪਿਆ ?
5. ਵਿਸ਼ਵੀਕਰਨ ਦਾ ਪ੍ਰਭਾਵ ਸਭ 'ਤੇ ਇਕਸਾਰ ਨਹੀਂ ਪਿਆ। ਵਿਆਖਿਆ ਕਰੋ।
6. ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਨੀਤੀ ਦੇ ਉਦਾਰੀਕਰਨ ਨੇ ਵਿਸ਼ਵੀਕਰਨ ਦੀ ਪ੍ਰਕਿਰਿਆ ਵਿੱਚ ਕਿਵੇਂ ਸਹਾਇਤਾ ਕੀਤੀ ?
7. ਭਾਰਤ ਨੂੰ ਵਿਸ਼ਵੀਕਰਨ ਵੱਲ ਲੈ ਕੇ ਜਾਣ ਵਾਲੇ ਕਾਰਕਾਂ ਦੀ ਸੰਖੇਪ ਵਿੱਚ ਵਿਆਖਿਆ ਕਰੋ।

**ਕਿਰਿਆ**

ਆਪਣੇ ਦੋਸਤਾਂ ਨਾਲ ਕੁਝ ਅਜਿਹੀਆਂ ਵਸਤੂਆਂ (ਟੂੱਥ ਪੇਸਟ, ਸਾਬਣ, ਸ਼ੈਂਪੂ, ਬਿਜਲਈ ਵਸਤੂਆਂ ਆਦਿ) ਬਾਰੇ ਵਿਚਾਰ ਕਰੋ ਜੋ ਤੁਸੀਂ ਰੋਜ਼ਾਨਾ ਵਰਤਦੇ ਹੋ। ਚੈੱਕ ਕਰੋ ਕਿ ਇਹਨਾਂ ਵਿੱਚੋਂ ਕਿਹੜੀਆਂ ਵਸਤੂਆਂ ਕਿਸੇ ਬਹੁ-ਰਾਸ਼ਟਰੀ ਨਿਗਮ ਦੁਆਰਾ ਬਣਾਈਆਂ ਗਈਆਂ ਹਨ ?



# 6

# ਉਪਭੋਗਤਾ ਸੋਸ਼ਣ ਅਤੇ ਸਰੰਖਣ
# (CONSUMER EXPLOITATION AND PROTECTION)



## 6.1 ਜਾਣ ਪਛਾਣ (INTRODUCTION)

ਉਪਭੋਗਤਾ ਹਮੇਸ਼ਾਂ ਬਜ਼ਾਰ ਵਿੱਚ ਸਰਵਉੱਚ ਸਥਾਨ ਰੱਖਦਾ ਹੈ ਕਿਉਂਕਿ ਬਜ਼ਾਰ ਉਪਭੋਗਤਾ ਦੀਆਂ ਮੰਗਾਂ ਅਨੁਸਾਰ ਚਲਦਾ ਹੈ। ਇਹ ਸਚਾਈ ਹੈ ਕਿ ਬਜ਼ਾਰ ਵਿੱਚ ਸਾਰੀਆਂ ਵਸਤੂਆਂ ਅਤੇ ਸੇਵਾਵਾਂ ਇਸ ਲਈ ਉਪਲੱਬਧ ਹੁੰਦੀਆਂ ਹਨ ਕਿਉਂਕਿ ਉਪਭੋਗਤਾ ਇਨ੍ਹਾਂ ਦੀ ਮੰਗ ਕਰਦਾ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਪਭੋਗਤਾ ਬਜ਼ਾਰ ਵਿੱਚ ਹੋਣ ਵਾਲ਼ੇ ਭਾਂਤ-ਭਾਂਤ ਦੇ ਗਲ਼ਤ ਢੰਗਾਂ ਅਤੇ ਤਰੀਕਿਆਂ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖ ਸਕੇ ਤਾਂ ਜੋ ਉਸ ਨੂੰ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਹੋਵੇ। ਇਸ ਲਈ ਇਹ ਅਤਿ ਜ਼ਰੂਰੀ ਹੋ ਜਾਂਦਾ ਹੈ ਕਿ ਉਪਭੋਗਤਾ ਨੂੰ ਬਜ਼ਾਰ ਵਿੱਚ ਉਸਦੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਜਾਵੇ। ਇਸ ਅਧਿਆਇ ਵਿੱਚ ਉਪਭੋਗਤਾ ਦੀ ਜਾਗਰੂਕਤਾ ਨਾਲ਼ ਜੁੜੀਆਂ ਵੱਖ-ਵੱਖ ਧਾਰਨਾਵਾਂ ਦੀ ਵਿਆਖਿਆ ਕੀਤੀ ਜਾਵੇਗੀ। ਅਸੀਂ ਉਪਭੋਗਤਾ ਦੇ ਸ਼ੋਸ਼ਣ ਦੇ ਵੱਖ-ਵੱਖ ਰੂਪਾਂ, ਇਸ ਦੀਆਂ ਕਿਸਮਾਂ ਅਤੇ ਇਸ ਲਈ ਜ਼ੁੰਮੇਵਾਰ ਕਾਰਕਾਂ ਬਾਰੇ ਵੀ ਵਿਚਾਰ ਕਰਾਂਗੇ। ਇਸ ਤੋਂ ਇਲਾਵਾ ਅਸੀਂ ਉਪਭੋਗਤਾ ਜਾਗਰੂਕਤਾ ਅਤੇ ਉਹਨਾਂ ਉਪਾਵਾਂ ਦਾ ਵੀ ਅਧਿਐਨ ਕਰਾਂਗੇ ਜੋ ਇੱਕ ਉਪਭੋਗਤਾ ਨੂੰ ਆਪਣੇ ਆਪ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਯਾਦ ਰੱਖਣੇ ਜ਼ਰੂਰੀ ਹਨ। ਅੰਤ ਵਿੱਚ, ਉਪਭੋਗਤਾ ਦੇ ਹੱਕਾਂ ਅਤੇ ਕਰਤੱਵਾਂ ਦੇ ਨਾਲ਼-ਨਾਲ਼ ਸਰਕਾਰ ਵੱਲੋਂ ਬਣਾਏ ਗਏ ਉਪਭੋਗਤਾ ਜਾਗਰੂਕਤਾ ਨਾਲ਼ ਸੰਬੰਧਿਤ ਕਾਨੂੰਨਾਂ ਅਤੇ ਸੰਸਥਾਵਾਂ ਬਾਰੇ ਵੀ ਵਿਚਾਰ ਕਰਾਂਗੇ। ਹੁਣ ਅਸੀਂ ਉਪਭੋਗਤਾ ਸੋਸ਼ਣ ਨਾਲ਼ ਸੰਬੰਧਿਤ ਇੱਕ ਅਜਿਹੀ ਘਟਨਾ ਦਾ ਵਰਣਨ ਕਰਾਂਗੇ ਜੋ ਸ਼ਾਇਦ ਤੁਹਾਡੇ ਨਾਲ਼ ਵੀ ਵਾਪਰੀ ਹੋਵੇ।




*ਚਿੱਤਰ 6.1* ਉਪਭੋਗਤਾ ਸੋਸ਼ਣ

ਗੌਰੀ ਇੱਕ ਗ੍ਰਹਿਣੀ ਹੈ ਅਤੇ ਉਹ ਇੱਕ ਪਿੰਡ ਵਿੱਚ

ਰਹਿੰਦੀ ਹੈ। ਹਰ ਰੋਜ਼ ਖਾਣਾ ਪਕਾਉਂਦੇ ਸਮੇਂ ਉਸ ਨੂੰ ਮਿਕਸਰ ਗ੍ਰਾਈਂਡਰ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਅਤੇ ਉਹ ਇਸ ਨੂੰ ਖ਼ਰੀਦਣ ਲਈ ਸ਼ਹਿਰ ਜਾਣ ਦਾ ਵਿਚਾਰ ਬਣਾਉਂਦੀ ਹੈ, ਜੋ 5 ਕਿਲੋਮੀਟਰ ਦੀ ਦੂਰੀ 'ਤੇ ਹੈ। ਤਿਉਹਾਰਾਂ ਦੇ ਮੌਸਮ ਕਾਰਨ ਛੋਟ ਵਾਲ਼ੀਆਂ ਦਰਾਂ ਤੇ ਮਿਕਸਰ ਗ੍ਰਾਈਂਡਰ ਖ਼ਰੀਦ ਕੇ ਉਹ ਬਹੁਤ ਖ਼ੁਸ਼ ਹੈ। ਪਰ ਜਦੋਂ ਉਹ ਘਰ ਪਹੁੰਚੀ, ਤਾਂ ਉਸ ਨੇ ਦੇਖਿਆ ਕਿ ਮਿਕਸਰ ਗ੍ਰਾਈਂਡਰ ਦੇ ਪ੍ਰੈੱਸ-ਬਟਨ ਟੁੱਟੇ ਹੋਏ ਹਨ ਅਤੇ ਬਲੇਡ ਵੀ ਮੁੜਿਆ ਹੋਇਆ ਹੈ। ਅਗਲੇ ਦਿਨ, ਉਹ ਦੁਬਾਰਾ ਦੁਕਾਨ ਤੇ ਗਈ ਅਤੇ ਦੁਕਾਨਦਾਰ ਨੂੰ ਇਸ ਸਮੱਸਿਆ ਬਾਰੇ ਸ਼ਿਕਾਇਤ ਕੀਤੀ। ਗੌਰੀ ਨੇ ਇਸਨੂੰ ਬਦਲਣ ਦੀ ਬੇਨਤੀ ਵੀ ਦੁਕਾਨਦਾਰ ਨੂੰ ਕੀਤੀ, ਪਰ ਦੁਕਾਨਦਾਰ ਨੇ ਉਸਦੀ ਬਦਲਣ ਦੀ ਬੇਨਤੀ ਨੂੰ ਸਵੀਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ। ਗੌਰੀ ਨਿਰਾਸ਼ ਹੋ ਗਈ। ਅੰਤ ਵਿੱਚ, ਗੌਰੀ ਘਰ ਵਾਪਿਸ ਆ ਜਾਂਦੀ ਹੈ ਅਤੇ ਆਪਣੇ ਗੁਆਂਢੀਆਂ ਤੋਂ ਇਸ ਸੰਬੰਧੀ ਸਲਾਹ ਮੰਗਦੀ ਹੈ।



## ਕਿਰਿਆ

1. ਇੱਕ ਹਮਦਰਦ ਗੁਆਂਢੀ ਹੋਣ ਦੇ ਨਾਤੇ ਤੁਹਾਡੇ ਵਿਚਾਰ ਅਨੁਸਾਰ ਗੌਰੀ ਨੂੰ ਕੀ ਕਰਨਾ ਚਾਹੀਦਾ ਹੈ?
2. ਤੁਸੀਂ ਗੌਰੀ ਨੂੰ ਕੀ ਸਲਾਹ ਦੇਵੋਗੇ?

ਉਪਰੋਕਤ ਕੇਸ ਅਧਿਐਨ ਵਿੱਚ ਗੌਰੀ ਇੱਕ ਉਪਭੋਗਤਾ ਹੈ, ਪਰ ਇੱਕ ਉਪਭੋਗਤਾ ਤੋਂ ਤੁਸੀਂ ਕੀ ਸਮਝਦੇ ਹੋ? ਕੀ ਤੁਸੀਂ ਉਪਭੋਗਤਾ ਹੋ ਜਾਂ ਤੁਹਾਡੇ ਮਾਪੇ ਉਪਭੋਗਤਾ ਹਨ? ਉਦਾਹਰਣ ਦੇ ਲਈ, ਤੁਸੀਂ ਕਿਤਾਬਾਂ ਦੀ ਦੁਕਾਨ ਤੋਂ ਕਿਤਾਬਾਂ ਦੀ ਖ਼ਰੀਦ ਕਰਦੇ ਹੋ ਜਾਂ ਫਿਲਮ ਦੀਆਂ ਟਿਕਟਾਂ ਖ਼ਰੀਦਦੇ ਹੋ। ਇਹਨ੍ਹਾਂ ਦੋਹਾਂ ਸਥਿਤੀਆਂ ਵਿੱਚ ਤੁਸੀਂ ਇੱਕ ਉਪਭੋਗਤਾ ਹੋ। ਤੁਹਾਡੇ ਮਾਤਾ-ਪਿਤਾ ਬਜ਼ਾਰ ਤੋਂ ਸਬਜ਼ੀਆਂ ਖ਼ਰੀਦਦੇ ਹਨ ਅਤੇ ਉਹ ਵੀ ਉਪਭੋਗਤਾ ਹਨ। ਇਹਨਾਂ ਉਦਾਹਰਣਾਂ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ **ਜਿਹੜਾ ਵਿਅਕਤੀ ਕਈ ਤਰ੍ਹਾਂ ਦੀਆਂ ਵਸਤੂਆਂ ਅਤੇ ਸੇਵਾਵਾਂ ਦਾ ਉਪਭੋਗ ਆਪਣੀਆਂ ਲੋੜਾਂ ਦੀ ਸਿੱਧੀ ਸੰਤੁਸ਼ਟੀ ਲਈ ਕਰਦਾ ਹੈ, ਉਸਨੂੰ ਉਪਭੋਗਤਾ ਕਿਹਾ ਜਾਂਦਾ ਹੈ।** ਉਪਭੋਗ ਦਾ ਮਤਲਬ ਕੁਝ ਖਾਣਾ ਨਹੀਂ ਹੈ, ਸਗੋਂ ਇਸਦਾ ਅਰਥ ਵਸਤੂਆਂ ਅਤੇ ਸੇਵਾਵਾਂ ਦੀ ਵਰਤੋਂ ਕਰਨਾ ਹੈ। ਜੇਕਰ ਕੋਈ ਵਿਅਕਤੀ ਆਪਣੀ ਸੰਤੁਸ਼ਟੀ ਲਈ ਕੁਝ ਵਰਤ ਰਿਹਾ ਹੈ, ਤਾਂ ਉਹ ਉਸ ਵਸਤੂ ਦਾ ਉਪਭੋਗ ਕਰ ਰਿਹਾ ਹੈ। ਇਸ ਲਈ ਉਹ ਉਪਭੋਗਤਾ ਅਖਵਾਉਂਦਾ ਹੈ।

ਸਰਕਾਰ ਸਾਨੂੰ ਕਈ ਜ਼ਰੂਰੀ ਸੇਵਾਵਾਂ ਮੁਹੱਈਆ ਕਰਵਾਉਂਦੀ ਹੈ, ਜਿਹਨਾਂ ਦਾ ਉਪਭੋਗ ਅਸੀਂ ਆਪਣੀ ਨਿੱਜੀ ਵਰਤੋਂ ਲਈ ਕਰਦੇ ਹਾਂ ਜਿਵੇਂ ਪਾਣੀ, ਬਿਜਲੀ, ਸੀਵਰੇਜ਼ ਸਿਸਟਮ ਆਦਿ।



## ਕਿਰਿਆ

1. ਕੁਝ ਮਿੰਟ ਆਪਣੇ ਆਲ਼ੇ ਦੁਆਲ਼ੇ ਵੇਖੋ ਅਤੇ ਨੋਟ ਕਰੋ ਕਿ ਤੁਸੀਂ ਇਸ ਸਮੇਂ ਕਿਹੜੀਆਂ ਵਸਤੂਆਂ ਦਾ ਉਪਭੋਗ ਕਰ ਰਹੇ ਹੋ?
2. ਇਥੋਂ ਤੱਕ ਕਿ ਜਦੋਂ ਅਸੀਂ ਟੀ.ਵੀ ਦੇਖਦੇ ਹਾਂ, ਅਸੀਂ ਇੱਕ ਉਪਭੋਗਤਾ ਹਾਂ। ਪਰ ਇਸ ਸਥਿਤੀ ਵਿੱਚ ਅਸੀਂ ਕੀ ਉਪਭੋਗ ਕਰ ਰਹੇ ਹਾਂ? ਜਮਾਤ ਵਿੱਚ ਚਰਚਾ ਕਰੋ।

### ਦਿਮਾਗੀ ਕਸਰਤ (Brain Exercise)

ਆਓ ਅਸੀਂ ਇਸ ਧਾਰਨਾ ਦੀ ਵਿਸਥਾਰ ਨਾਲ਼ ਜਾਂਚ ਕਰੀਏ ਅਤੇ ਉਪਰੋਕਤ ਪਰਿਭਾਸ਼ਾ ਨਾਲ਼ ਸੰਬੰਧਿਤ ਕੁਝ ਭੁਲੇਖਿਆਂ ਦਾ ਅਧਿਐਨ ਕਰੀਏ। ਮੰਨ ਲਓ ਕਿ ਤੁਸੀਂ ਚੀਜ਼ਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਉਣ ਲਈ ਇੱਕ ਮਿੰਨੀ-ਵੈਨ ਖ਼ਰੀਦਦੇ ਹੋ। ਕੀ ਤੁਸੀਂ ਉਪਭੋਗਤਾ ਹੋ? ਖੈਰ ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੀ ਮਿੰਨੀ-ਵੈਨ ਦੀ ਵਰਤੋਂ ਕਿਵੇਂ ਕਰਦੇ ਹੋ? ਜੇਕਰ ਤੁਸੀਂ ਉਸ ਨੂੰ ਆਪਣੇ ਲਈ ਵਰਤ ਰਹੇ ਹੋ, ਤਾਂ ਤੁਸੀਂ ਉਪਭੋਗਤਾ ਹੋ। ਪਰ ਜੇਕਰ ਤੁਸੀਂ ਇਸ ਦੀ ਵਰਤੋਂ ਲਾਭ ਕਮਾਉਣ ਦੇ ਉਦੇਸ਼ ਨਾਲ਼ ਵੱਡੇ ਵਪਾਰਕ ਪੱਧਰ ਤੇ ਕਰ ਰਹੇ ਹੋ, ਤਾਂ ਤੁਸੀਂ ਉਪਭੋਗਤਾ ਨਹੀਂ, ਬਲਕਿ ਤੁਸੀਂ ਉਤਪਾਦਕ ਹੋ। ਕਿਉਂਕਿ ਇਸ ਸਥਿਤੀ ਵਿੱਚ ਤੁਸੀਂ ਮਿੰਨੀ-ਵੈਨ ਦੀ ਵਰਤੋਂ ਆਪਣੀ ਸੰਤੁਸ਼ਟੀ ਲਈ ਨਹੀਂ, ਬਲਕਿ ਲਾਭ ਕਮਾਉਣ ਲਈ ਕਰ ਰਹੇ ਹੋ। ਉਹ ਸਾਰੇ ਲੋਕ ਜੋ ਕਿਸੇ ਵੀ ਕੰਮ ਨੂੰ ਲਾਭ ਕਮਾਉਣ ਦੇ ਉਦੇਸ਼ ਨਾਲ਼ ਕਰਦੇ ਹਨ, ਉਹਨਾਂ ਨੂੰ ਉਤਪਾਦਕ ਕਿਹਾ ਜਾਂਦਾ ਹੈ।


## 6.2 ਉਪਭੋਗਤਾ ਸੋਸ਼ਣ (CONSUMER EXPLOITATION)

ਗੌਰੀ ਦੀ ਘਟਨਾ ਤੋਂ ਬਾਅਦ ਤੁਸੀਂ ਵੀ ਸ਼ਾਇਦ ਗੌਰ ਕੀਤਾ ਹੋਵੇਗਾ ਕਿ ਕੋਈ ਖ਼ਾਸ ਵਸਤੂ ਜਿਹੜੀ ਤੁਸੀਂ ਖ਼ਰੀਦੀ ਸੀ, ਉਹ ਖ਼ਰਾਬ ਨਿਕਲੀ ਅਤੇ ਤੁਸੀਂ ਇਸ ਨੂੰ ਵਾਪਸ ਕਰਨਾ ਚਾਹੁੰਦੇ ਸੀ ਜਾਂ ਕੋਈ ਵਸਤੂ ਉਹਨਾਂ ਮਾਪਦੰਡਾਂ ਤੇ ਪੂਰੀ ਨਹੀਂ ਉੱਤਰੀ, ਜੋ ਉਸ ਦੀ ਪੈਕਿੰਗ ਉੱਪਰ ਲਿਖੇ ਹੋਏ ਸਨ ਅਤੇ ਜਦੋਂ ਇਸ ਨੂੰ ਵਾਪਸ ਕਰਨ ਗਏ ਤਾਂ ਦੁਕਾਨਦਾਰ ਨੇ ਇਸ ਨੂੰ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ। ਅਜਿਹੀ ਘਟਨਾ ਉਪਭੋਗਤਾ ਦੇ ਸ਼ੋਸ਼ਣ ਨੂੰ ਦਰਸਾਉਂਦੀ ਹੈ ਕਿਉਂਕਿ ਉਪਭੋਗਤਾ ਵੱਲੋਂ ਦਿੱਤੇ ਗਏ ਪੈਸਿਆਂ ਦੇ ਬਦਲੇ ਉਸਨੂੰ ਉਹ ਵਸਤੂਆਂ ਜਾਂ ਸੇਵਾਵਾਂ ਨਹੀਂ ਮਿਲੀਆਂ, ਜਿਸਦਾ ਦੁਕਾਨਦਾਰ ਵੱਲੋਂ ਵਾਅਦਾ ਕੀਤਾ ਗਿਆ ਸੀ।

ਇੱਕ ਉਪਭੋਗਤਾ ਹੋਣ ਦੇ ਨਾਤੇ ਸਾਨੂੰ ਅਜਿਹੇ ਸਾਰੇ ਗ਼ਲਤ ਢੰਗਾਂ ਤੋਂ ਸੁਰੱਖਿਆ ਦੀ ਜ਼ਰੂਰਤ ਹੈ। ਪਰ ਅਸੀਂ ਆਪਣਾ ਬਚਾਅ ਤਾਂ ਹੀ ਕਰ ਸਕਦੇ ਹਾਂ, ਜੇਕਰ ਸਾਨੂੰ ਪਤਾ ਹੋਵੇ ਕਿ ਸਾਡਾ ਸ਼ੋਸ਼ਣ ਕਿਸ ਤਰ੍ਹਾਂ ਕੀਤਾ ਜਾਂਦਾ ਹੈ?

### 6.2.1 ਉਪਭੋਗਤਾ ਸ਼ੋਸ਼ਣ ਦੀਆਂ ਕਿਸਮਾਂ (Types of Consumer Exploitation)

ਅਜਿਹੀਆਂ ਕਈ ਕਿਸਮਾਂ ਹਨ ਜਿਹਨਾਂ ਰਾਹੀਂ ਉਪਭੋਗਤਾ ਦਾ ਸ਼ੋਸ਼ਣ ਕੀਤਾ ਜਾ ਸਕਦਾ ਹੈ। ਉਨ੍ਹਾਂ ਵਿੱਚੋਂ ਕੁਝ ਕਿਸਮਾਂ ਹੇਠ ਲਿਖੇ ਅਨੁਸਾਰ ਹਨ:




ਚਿੱਤਰ 6.2

(ੳ) **ਗ਼ਲਤ ਇਸ਼ਤਿਹਾਰਬਾਜ਼ੀ (False Advertising):-** ਕਈ ਕੰਪਨੀਆਂ ਅਜਿਹੀਆਂ ਹੋ ਸਕਦੀਆਂ ਹਨ ਜੋ ਇਸ਼ਤਿਹਾਰ ਦਿੰਦੀਆਂ ਹਨ ਕਿ ਉਨ੍ਹਾਂ ਦਾ ਉਤਪਾਦ ਬੱਚਿਆਂ ਦੇ ਖਾਣ ਲਈ ਸਿਹਤਮੰਦ ਹੈ, ਪਰ ਅਸਲ ਵਿੱਚ ਉਹ ਗ਼ੈਰ-ਸਿਹਤਮੰਦ ਤੱਤਾਂ ਦੀ ਵਰਤੋਂ ਕਰਦੇ ਹਨ ਜਾਂ ਕਈ ਵਾਰ ਇੱਕ ਮੋਬਾਈਲ ਨੈੱਟਵਰਕ ਕੰਪਨੀ ਸਭ ਤੋਂ ਤੇਜ਼ ਨੈੱਟਵਰਕ ਦੀ ਮਸ਼ਹੂਰੀ ਕਰਦੀ ਹੈ, ਪਰ ਵਰਤਣ ਤੇ ਅਜਿਹਾ ਨਹੀ ਹੁੰਦਾ। ਦੋਹਾਂ ਹਾਲਤਾਂ ਵਿੱਚ ਕੰਪਨੀਆਂ ਆਪਣਾ ਬਚਾਅ ਇਹ ਕਹਿ ਕੇ ਕਰਦੀਆਂ ਹਨ ਕਿ ਉਹਨਾਂ ਦੇ ਦਾਅਵੇ ਕੁਝ ਸ਼ਰਤਾਂ ਅਧੀਨ ਹੀ ਲਾਗੂ ਹੁੰਦੇ ਹਨ। ਅਜਿਹੀਆਂ ਉਦਾਹਰਨਾਂ ਗ਼ਲਤ ਇਸ਼ਤਿਹਾਰਬਾਜ਼ੀ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ। ਉਪਭੋਗਤਾ ਨੂੰ ਗੁੰਮਰਾਹ ਕਰਕੇ ਇਹ ਵਿਸ਼ਵਾਸ ਦਿਵਾਇਆ ਜਾਂਦਾ ਹੈ ਕਿ ਉਹਨਾਂ ਦੇ ਉਤਪਾਦ ਵਿੱਚ ਕੁਝ ਖ਼ਾਸ ਗੁਣ ਹਨ, ਜੋ ਕਿ ਅਸਲ ਵਿੱਚ ਨਹੀਂ ਹੁੰਦੇ। ਕੰਪਨੀਆਂ ਉਪਭੋਗਤਾ ਨੂੰ ਆਕਰਸ਼ਤ ਕਰਨ ਲਈ ਪ੍ਰਸਿੱਧ ਸ਼ਖ਼ਸੀਅਤਾਂ ਦਾ ਸਮਰਥਨ ਪ੍ਰਦਰਸ਼ਿਤ ਕਰਕੇ ਆਪਣੇ ਉਤਪਾਦ ਦੀ ਮਸ਼ਹੂਰੀ ਵੀ ਕਰਦੀਆਂ ਹਨ।




*ਚਿੱਤਰ 6.3 ਕੰਪਨੀਆਂ ਆਪਣੇ ਦਰਸ਼ਕਾਂ ਨੂੰ ਲੁਭਾਉਣ ਲਈ ਆਪਣੇ ਉਤਪਾਦ ਦੀ ਸਿਫਾਰਸ਼ ਕਰਨ ਲਈ ਪ੍ਰਸਿੱਧ ਸਖਸ਼ੀਅਤਾਂ ਦੀ ਵਰਤੋਂ ਕਰਦੀਆਂ ਹੈ।*

(ਅ) **ਏਕਾਧਿਕਾਰ ਸ਼ਕਤੀ (Monopoly Power):-** ਬਜ਼ਾਰ ਦਾ ਏਕਾਧਿਕਾਰ ਰੂਪ ਉਪਭੋਗਤਾ ਦੇ ਸ਼ੋਸ਼ਣ ਦਾ ਇੱਕ ਹੋਰ ਕਾਰਨ ਹੈ। ਜੇਕਰ ਬਜ਼ਾਰ ਵਿੱਚ ਕਿਸੇ ਉਤਪਾਦ ਦਾ ਇੱਕੋ-ਇੱਕ ਵਿਕਰੇਤਾ ਹੈ, ਤਾਂ ਉਹ ਉਪਭੋਗਤਾਵਾਂ ਕੋਲੋਂ ਆਪਣੀ ਵਸਤੂ ਦੀ ਵਧੇਰੇ ਕੀਮਤ ਲੈ ਕੇ ਸ਼ੋਸ਼ਣ ਕਰ ਸਕਦਾ ਹੈ। ਉਦਾਹਰਨ ਵਜੋਂ ਓਪੈੱਕ (OPEC) ਨੇ ਆਪਣੇ ਆਪ ਨੂੰ ਇੱਕ ਕਾਰਟੈੱਲ ਵਿੱਚ ਬਦਲ ਲਿਆ ਹੈ, ਜਿਸ ਰਾਹੀਂ ਉਹਨਾਂ ਦਾ ਸੰਸਾਰ ਭਰ ਵਿੱਚ ਪੈਟਰੋਲੀਅਮ ਉਤਪਾਦਾਂ ਦੀ ਪੂਰਤੀ ਤੇ ਏਕਾਧਿਕਾਰ ਹੋ ਗਿਆ ਹੈ। ਇਸ ਲਈ ਹੁਣ ਜੋ ਵੀ ਕੀਮਤ ਉਹ ਚਾਹੁੰਦੇ ਹਨ, ਉਹੀ ਵਸੂਲਦੇ ਹਨ ਅਤੇ ਉਪਭੋਗਤਾਵਾਂ ਦਾ ਸ਼ੋਸ਼ਣ ਕਰਦੇ ਹਨ।

## ਵਪਾਰਿਕ ਸੰਘ (Cartel)

ਵਪਾਰਿਕ ਸੰਘ ਵਪਾਰੀਆਂ ਦਾ ਇੱਕ ਸਮੂਹ ਹੁੰਦਾ ਹੈ ਜਿਸ ਵਿੱਚ ਬਹੁਤ ਸਾਰੇ ਵਪਾਰੀ ਇੱਕ ਜੁੱਟ ਹੋ ਜਾਂਦੇ ਹਨ ਤਾਂ ਜੋ ਉਹਨਾਂ ਵਿੱਚ ਆਪਸੀ ਮੁਕਾਬਲਾ ਨਾ ਹੋਵੇ ਅਤੇ ਆਪਸੀ ਸਹਿਮਤੀ ਨਾਲ ਉੱਚ ਕੀਮਤ ਤੈਅ ਕੀਤੀ ਜਾਂਦੀ ਹੈ। ਇਸ ਨੀਤੀ ਤਹਿਤ ਉਪਭੋਗਤਾਵਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਉਦਾਹਰਨ ਵਜੋਂ, ਜੇ ਤੁਹਾਡੇ ਸ਼ਹਿਰ ਵਿੱਚ ਫੋਟੋਗ੍ਰਾਫ਼ਰ ਜਾਂ ਦਵਾਈ ਵਿਕਰੇਤਾ ਸੰਘ ਬਣਾ ਲੈਣ ਅਤੇ ਆਪਸੀ ਮੁਕਾਬਲੇ ਤੋਂ ਬਚਣ ਲਈ ਇੱਕ ਹੀ ਮੁੱਲ ਨਿਰਧਾਰਿਤ ਕਰ ਲੈਣ, ਤਾਂ ਇਹ ਵਪਾਰਿਕ ਸੰਘ ਦੀ ਇੱਕ ਉਦਾਹਰਨ ਹੈ।

ਖੇਤੀਬਾੜੀ ਵਿੱਚ ਵੀ ਜਮ੍ਹਾਂਖੋਰੀ ਅਤੇ ਕਾਲਾ ਬਜ਼ਾਰੀ ਦੀ ਪ੍ਰਥਾ ਹੈ। ਵਪਾਰੀ ਇੱਕ ਜੁੱਟ ਹੋ ਕੇ ਇੱਕ ਇਕਾਈ ਦੇ ਰੂਪ ਵਿੱਚ ਕੰਮ ਕਰਦੇ ਹਨ, ਤਾਂ ਜੋ ਉਹ ਉਪਭੋਗਤਾਵਾਂ ਦਾ ਸ਼ੋਸ਼ਣ ਕਰ ਸਕਣ। ਉਹ ਜ਼ਰੂਰੀ ਵਸਤੂਆਂ ਦਾ ਭੰਡਾਰ ਕਰਕੇ ਬਜ਼ਾਰ ਵਿੱਚ ਨਕਲੀ ਕਮੀ ਪੈਦਾ ਕਰਦੇ ਹਨ, ਤਾਂ ਜੋ ਉਹ ਆਪਣੀਆਂ ਚੀਜ਼ਾਂ ਨੂੰ ਉੱਚੀਆਂ ਕੀਮਤਾਂ 'ਤੇ ਵੇਚ ਸਕਣ। ਗ਼ੈਰ-ਰਸਮੀ ਖੇਤਰਾਂ, ਖ਼ਾਸ ਕਰਕੇ ਪੇਂਡੂ ਖੇਤਰਾਂ ਵਿੱਚ ਸ਼ਾਹੂਕਾਰ (ਪੈਸੇ ਦੇਣ ਵਾਲ਼ੇ), ਬਿਨ੍ਹਾਂ ਕਿਸੇ ਨਿਯਮਾਂ ਦੀ ਪਾਲਣਾ ਕੀਤੇ, ਕਰਜ਼ੇ ਤੇ ਬਹੁਤ ਜ਼ਿਆਦਾ ਵਿਆਜ ਵਸੂਲ ਕਰ ਕੇ ਕਿਸਾਨਾਂ ਅਤੇ ਮਜ਼ਦੂਰਾਂ ਦਾ ਸ਼ੋਸ਼ਣ ਕਰਦੇ ਹਨ।


(ੲ) **ਉਪ-ਮਾਨਕ ਵਸਤੂਆਂ ਅਤੇ ਸੇਵਾਵਾਂ (Sub-standard Goods and Services):** ਅਸ਼ੁੱਧ ਅਤੇ ਮਿਲਾਵਟੀ ਖਾਣ ਪੀਣ ਵਾਲ਼ੀਆਂ ਚੀਜ਼ਾਂ, ਘੱਟ ਮਾਪ-ਤੋਲ ਕੁਝ ਅਜਿਹੇ ਤਰੀਕੇ ਹਨ, ਜਿਨ੍ਹਾਂ ਰਾਹੀਂ ਇੱਕ ਵਿਕਰੇਤਾ ਉਪਭੋਗਤਾ ਦਾ ਸ਼ੋਸ਼ਣ ਕਰਦਾ ਹੈ। ਉਦਾਹਰਨ ਲਈ, ਅਸੀਂ ਸਬਜ਼ੀਆਂ ਖ਼ਰੀਦਦੇ ਹਾਂ, ਤਾਂ ਵਿਕਰੇਤਾ ਸਬਜ਼ੀਆਂ ਨੂੰ ਮਾਪਣ ਲਈ ਗ਼ਲਤ ਵੱਟਿਆਂ ਦੀ ਵਰਤੋਂ ਕਰਦਾ ਹੈ। ਇਸ ਤਰ੍ਹਾਂ ਅਸੀਂ ਵਧੇਰੇ ਮੁੱਲ ਵਿੱਚ ਘੱਟ ਸਬਜ਼ੀਆਂ ਖ਼ਰੀਦ ਪਾਉਂਦੇ ਹਾਂ। ਅਜਿਹੇ ਸ਼ੋਸ਼ਣ ਦਾ ਇੱਕ ਹੋਰ ਪਹਿਲੂ ਹੈ ਜਾਂ ਤਾਂ ਸੁਰੱਖਿਆ ਉਪਕਰਨਾਂ ਦੀ ਘਾਟ ਹੋਣ ਜਾਂ ਉਨ੍ਹਾਂ ਦਾ ਸਹੀ ਤੌਰ ਤੇ ਮਾਨਕ ਨਾ ਹੋਣਾ। ਉਦਾਹਰਨ ਲਈ ਇੱਕ ਕੁੱਕਰ ਵਿੱਚ ਸੇਫਟੀ ਵਾਲਵ ਬਰਤਨ ਦਾ ਸਭ ਤੋਂ ਅਹਿਮ ਹਿੱਸਾ ਹੈ। ਪਰ ਜੇ ਕੋਈ ਦੁਕਾਨਦਾਰ ਸਾਨੂੰ ਖ਼ਰਾਬ ਸੇਫਟੀ ਵਾਲਵ ਵਾਲਾ ਕੁੱਕਰ ਵੇਚ ਦਿੰਦਾ ਹੈ ਅਤੇ ਜਦੋਂ ਅਸਲ ਵਿੱਚ ਅਸੀਂ ਉਸ ਦੀ ਵਰਤੋਂ ਕਰਾਂਗੇ ਤਾਂ ਇਹ ਸਾਨੂੰ ਨੁਕਸਾਨ ਪਹੁੰਚਾ ਸਕਦਾ ਹੈ।




*ਚਿੱਤਰ 6.4*

(ਸ) **ਅਧੂਰੀ ਜਾਣਕਾਰੀ (Incomplete Information):-** ਤੁਸੀਂ ਸ਼ਾਇਦ ਅਖ਼ਬਾਰਾਂ ਵਿੱਚ ਪੜ੍ਹਿਆ ਹੋਵੇਗਾ ਕਿ ਕੁਝ ਰੈਸਟੋਰੈਂਟ ਆਪਣੇ ਉਪਭੋਗਤਾਵਾਂ ਤੋਂ ਸੇਵਾ ਕਰ ਲੈਂਦੇ ਸਨ। ਉਸ ਸਮੇਂ ਬਹੁਤ ਸਾਰੇ ਉਪਭੋਗਤਾਵਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਇਹ ਇੱਕ ਵਿਕਲਪਿਕ ਚਾਰਜ ਹੈ। ਇਹ ਧੋਖੇਬਾਜ਼ੀ ਵਾਲ਼ੇ ਬਿੱਲ ਦੀ ਇੱਕ ਉਦਾਹਰਨ ਹੈ। ਕਈ ਵਾਰ ਬਿੱਲ ਵਿੱਚ ਲਗਾਈ ਗਈ ਕੀਮਤ ਐੱਮ.ਆਰ.ਪੀ (ਅਧਿਕਤਮ ਪਰਚੂਨ ਮੁੱਲ) ਨਾਲ਼ੋਂ ਜ਼ਿਆਦਾ ਹੁੰਦੀ ਹੈ। ਕਈ ਵਾਰ ਗੁਣਵੱਤਾ, ਮਿਆਦ ਪੁੱਗਣ ਦੀ ਤਾਰੀਖ਼, ਭਰੋਸੇਯੋਗਤਾ, ਜੀਵਨ ਚੱਕਰ, ਹੰਢਣਸਾਰਤਾ ਅਤੇ ਕੁਝ ਜਾਣਕਾਰੀ ਛੋਟੇ ਅੱਖਰਾਂ ਵਿੱਚ ਲਿਖੀ ਹੁੰਦੀ ਹੈ, ਜਿਸ ਕਾਰਨ ਉਪਭੋਗਤਾ ਇਹਨਾਂ ਉਤਪਾਦਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਨਹੀਂ ਕਰ ਪਾਉਂਦੇ। ਇੱਕ ਹੋਰ ਉਦਾਹਰਨ ਇਹ ਹੈ ਕਿ ਬਹੁਤ ਘੱਟ ਉਪਭੋਗਤਾ ਇਸ ਗੱਲ ਨੂੰ ਜਾਣਦੇ ਹਨ ਕਿ ਵੱਡੇ ਸ਼ਾਪਿੰਗ ਮਾਲ ਅਤੇ ਦੁਕਾਨਾਂ ਵਾਲ਼ੇ ਉਹਨਾਂ ਵੱਲੋਂ ਦਿੱਤੇ ਗਏ ਕੈਰੀ ਬੈਗ ਲਈ ਕੋਈ ਕੀਮਤ ਨਹੀਂ ਲੈ ਸਕਦੇ। ਗਿਆਨ ਦੀ ਘਾਟ ਕਾਰਨ, ਗਾਹਕ ਆਮ ਤੌਰ ਤੇ ਦੁਕਾਨਦਾਰਾਂ ਵੱਲੋਂ ਮੰਗੀ ਗਈ ਕੀਮਤ ਅਦਾ ਕਰਦੇ ਹਨ ਅਤੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ।

(ਹ) **ਵਾਤਾਵਰਨੀ ਖ਼ਤਰੇ (Environmental Hazards):-** ਉਦਯੋਗੀਕਰਨ ਵਿੱਚ ਵਾਧਾ, ਵਾਤਾਵਰਨ ਦੇ ਵਿਗਾੜ ਦਾ ਕਾਰਨ ਬਣਿਆ ਹੈ। ਇੱਕ ਉਤਪਾਦਕ ਆਪਣੀਆਂ ਵਸਤੂਆਂ ਦੇ ਉਤਪਾਦਨ ਦੇ ਦੌਰਾਨ ਹਵਾ, ਸ਼ੋਰ ਅਤੇ ਪਾਣੀ ਪ੍ਰਦੂਸ਼ਣ ਦੇ ਕਾਰਨ ਵਾਤਾਵਰਨ ਵਿੱਚ ਵਿਗਾੜ ਪੈਦਾ ਕਰ ਸਕਦਾ ਹੈ। ਅਜਿਹੀਆਂ ਕਾਰਵਾਈਆਂ ਵਾਤਾਵਰਨ ਨੂੰ ਖ਼ਤਰੇ ਵਿੱਚ ਪਾਉਂਦੀਆਂ ਹਨ, ਜਿਸ ਨਾਲ਼ ਉਪਭੋਗਤਾ ਦਾ ਅਸਿੱਧੇ ਤੌਰ ਤੇ ਸ਼ੋਸ਼ਣ ਹੁੰਦਾ ਹੈ।




*ਚਿੱਤਰ 6.5*

(ਕ) **ਵਿਕਰੀ ਉਪਰੰਤ ਅਸੰਤੋਸ਼ਜਨਕ ਸੇਵਾਵਾਂ (Unsatistfactory after-sale service):-** ਵਿਕਰੀ ਉਪਰੰਤ ਸੇਵਾਵਾਂ ਤੋਂ ਭਾਵ ਉਹਨਾਂ ਸੇਵਾਵਾਂ ਤੋਂ ਹੈ ਜਿਹੜੀਆਂ ਇੱਕ ਵਿਕਰੇਤਾ ਵੱਲੋਂ ਕਿਸੇ ਉਪਭੋਗਤਾ ਨੂੰ ਕੋਈ ਉਤਪਾਦ ਵੇਚਣ ਉਪਰੰਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਵੇਂ ਕਿ ਵਰੰਟੀ, ਗਰੰਟੀ, ਕੁਝ ਸਮੇਂ ਬਾਅਦ ਉਤਪਾਦ ਦਾ ਰੱਖ ਰਖਾਵ ਆਦਿ। ਜ਼ਿਆਦਾਤਰ ਮਹਿੰਗੀਆਂ ਚੀਜ਼ਾਂ ਜਿਵੇਂ ਕਿ ਕਾਰਾਂ, ਏਅਰ ਕੰਡੀਸ਼ਨਰ, ਟੈਲੀਵਿਜ਼ਨ ਆਦਿ ਨੂੰ ਵੇਚਣ ਉਪਰੰਤ ਨਿਰੰਤਰ ਅਤੇ ਨਿਯਮਤ ਸੇਵਾਵਾਂ ਦੀ ਜ਼ਰੂਰਤ ਹੁੰਦੀ ਹੈ। ਕਈ ਵਾਰ ਉਪਭੋਗਤਾ ਨੂੰ ਇਹ ਸੇਵਾਵਾਂ ਉਪਲੱਬਧ ਨਹੀਂ ਕਰਵਾਈਆਂ ਜਾਂਦੀਆਂ, ਜਿਹਨਾਂ ਦਾ ਵਿਕਰੀ ਸਮੇਂ ਵਾਅਦਾ ਕੀਤਾ ਗਿਆ ਸੀ। ਉਪਭੋਗਤਾ ਇਸ ਬਾਰੇ ਕੁਝ ਨਹੀਂ ਕਰ ਸਕਦਾ ਕਿਉਂਕਿ ਉਸ ਨੇ ਉਤਪਾਦ ਖ਼ਰੀਦਦੇ ਹੋਏ ਉਸ ਦੀ ਪੂਰੀ ਅਦਾਇਗੀ ਵੀ ਕਰ ਦਿੱਤੀ ਸੀ।



*ਚਿੱਤਰ 6.6*

(ਖ) **ਡੁਪਲੀਕੇਟ (ਨਕਲੀ) ਉਤਪਾਦ (Duplicate Products):-** ਬਹੁਤ ਸਾਰੇ ਉਤਪਾਦਕ ਅਤੇ ਵਿਕਰੇਤਾ ਅਸਲ ਚੀਜ਼ਾਂ ਦੇ ਨਾਮ ਤੇ ਨਕਲੀ ਅਤੇ ਜ਼ਾਅਲੀ ਚੀਜ਼ਾਂ ਵੇਚਦੇ ਹਨ। ਛੋਟੇ ਕਸਬਿਆਂ ਅਤੇ ਪੇਂਡੂ ਖੇਤਰਾਂ ਵਿੱਚ ਅਜਿਹੀਆਂ ਵਸਤੂਆਂ ਜ਼ਿਆਦਾਤਰ ਵੇਚੀਆਂ ਜਾਂਦੀਆਂ ਹਨ, ਜਿੱਥੇ ਲੋਕ ਮੁਕਾਬਲਤਨ ਘੱਟ ਪੜ੍ਹੇ-ਲਿਖੇ ਹੁੰਦੇ ਹਨ ਅਤੇ ਉਹ ਉਤਪਾਦਾਂ ਦੀ ਗੁਣਵੱਤਾ ਬਾਰੇ ਇੰਨ੍ਹੇ ਜ਼ਿਆਦਾ ਜਾਗਰੂਕ ਨਹੀਂ ਹੰਦੇ।

## 6.2.2 ਉਪਭੋਗਤਾ ਦੇ ਸ਼ੋਸ਼ਣ ਲਈ ਜ਼ਿੰਮੇਵਾਰ ਕਾਰਕ (Factors Responsible for Consumer Exploitation)

ਉਪਰੋਕਤ ਵਿੱਚ ਅਸੀਂ ਉਪਭੋਗਤਾ ਦੇ ਸੋਸ਼ਣ ਦੀਆਂ ਵੱਖ-ਵੱਖ ਕਿਸਮਾਂ ਬਾਰੇ ਜਾਣਿਆ ਹੈ। ਪਰ ਸਵਾਲ ਇਹ ਉੱਠਦਾ ਹੈ ਕਿ ਉਪਭੋਗਤਾ ਨਾਲ਼ ਅਜਿਹਾ ਸੋਸ਼ਣ ਹੁੰਦਾ ਹੀ ਕਿਉਂ ਹੈ ? ਉਪਭੋਗਤਾਵਾਂ ਦੇ ਸੋਸ਼ਣ ਲਈ ਜ਼ਿੰਮੇਵਾਰ ਕੁਝ ਕਾਰਕ ਇਸ ਪ੍ਰਕਾਰ ਹਨ :-

(ੳ) **ਅਨੈਤਿਕ ਕਾਰੋਬਾਰੀ ਚਾਲਾਂ (Unethical Business Conduct):-** ਮੁਨਾਫ਼ੇ ਦੀ ਦਰ ਵਧਾਉਣ ਅਤੇ ਕਾਰੋਬਾਰ ਵਿਰੋਧੀਆਂ ਨੂੰ ਪਛਾੜਨ ਦੀ ਦੌੜ ਵਿੱਚ ਵਪਾਰੀ, ਜਮ੍ਹਾਂਖੋਰੀ, ਘਟੀਆ ਗੁਣਵੱਤਾ ਵਾਲ਼ੀਆਂ ਵਸਤੂਆਂ ਨੂੰ ਵੇਚਣਾ, ਝੂਠੇ ਇਸ਼ਤਿਹਾਰਾਂ ਆਦਿ ਚਾਲਾਂ ਦੀ ਵਰਤੋਂ ਕਰਕੇ ਉਪਭੋਗਤਾਵਾਂ ਦਾ ਸ਼ੋਸ਼ਣ ਕਰਦੇ ਹਨ।

(ਅ) **ਉਪਭੋਗਤਾ ਦੀ ਅਗਿਆਨਤਾ (Consumer Unawareness):-** ਅਕਸਰ ਅਸੀਂ ਜਦੋਂ ਕਿਸੇ ਬਜ਼ਾਰ ਵਿੱਚ ਜਾਂਦੇ ਹਾਂ ਤਾਂ ਅਸੀਂ ਵਸਤੂ ਦੀਆਂ ਵਿਸ਼ੇਸ਼ਤਾਵਾਂ ਤੋਂ ਅਨਜਾਣ ਹੁੰਦੇ ਹਾਂ ਅਤੇ ਵਿਕਰੇਤਾ ਦੀਆਂ ਗੱਲਾਂ ਤੇ ਯਕੀਨ ਕਰਕੇ ਵਸਤੂ ਖ਼ਰੀਦ ਲੈਂਦੇ ਹਾਂ। ਅਸੀਂ ਉਹਨਾਂ ਤਰੀਕਿਆਂ ਤੋਂ ਅਨਜਾਣ ਹੁੰਦੇ ਹਾਂ, ਜਿਹਨਾਂ ਰਾਹੀਂ

ਸਾਨੂੰ ਧੋਖਾ ਦਿੱਤਾ ਜਾਂਦਾ ਹੈ। ਉਪਭੋਗਤਾ ਵਜੋਂ ਸਾਨੂੰ ਸਾਡੇ ਹੱਕਾਂ ਬਾਰੇ ਵੀ ਗਿਆਨ ਨਹੀਂ ਹੁੰਦਾ। ਉਪਭੋਗਤਾ ਦੀ ਅਗਿਆਨਤਾ ਕਾਰਨ ਵਿਕਰੇਤਾ ਨਿਡਰ ਹੋ ਕੇ ਉਸ ਦਾ ਸ਼ੋਸ਼ਣ ਕਰਦਾ ਹੈ ਅਤੇ ਉਹ ਇਸ ਦੇ ਮਾੜੇ ਨਤੀਜਿਆ ਤੋਂ ਨਹੀਂ ਡਰਦਾ।

(ੲ) **ਉਪਭੋਗਤਾ ਸਰੰਖਣ ਵਾਲੇ ਕਾਨੂੰਨਾਂ ਦੀ ਘਾਟ ਜਾਂ ਗੈਰਹਾਜ਼ਰੀ (Lack or Absence of Laws Protecting Consumers):-** ਕਾਫ਼ੀ ਹੱਦ ਤੱਕ ਕਾਨੂੰਨ ਉਪਭੋਗਤਾ ਨੂੰ ਭ੍ਰਿਸ਼ਟ ਵਿਕਰੇਤਾ ਵਿਰੁੱਧ ਲੜਨ ਵਿੱਚ ਸਹਾਇਤਾ ਕਰ ਸਕਦੇ ਹਨ। ਹਾਲਾਂਕਿ ਕਾਨੂੰਨ ਨੂੰ ਉਸ ਰਫ਼ਤਾਰ ਨਾਲ ਅਪਡੇਟ ਨਹੀਂ ਕੀਤਾ ਜਾਂਦਾ, ਜਿੰਨੀ ਰਫ਼ਤਾਰ ਨਾਲ਼ ਨਵੇਂ ਉਤਪਾਦ ਬਜ਼ਾਰ ਵਿੱਚ ਪ੍ਰਵੇਸ਼ ਕਰਦੇ ਹਨ। ਅਕਸਰ ਵਿਕਰੇਤਾ ਜਾਣਦਾ ਹੈ ਕਿ ਉਪਭੋਗਤਾ ਦਾ ਸ਼ੋਸ਼ਣ ਕਰਨ ਲਈ ਕਾਨੂੰਨ ਵਿੱਚ ਕਮੀਆਂ ਕਿਵੇਂ ਲੱਭੀਆਂ ਜਾ ਸਕਦੀਆਂ ਹਨ।

(ਸ) **ਉਪਭੋਗਤਾ, ਸਰਕਾਰ ਅਤੇ ਵਿਕਰੇਤਾ ਵਿੱਚ ਆਪਸੀ ਤਾਲਮੇਲ ਦੀ ਘਾਟ (Lack of Coordination among Consumer, Government and Seller):-** ਜਿੱਥੋਂ ਤੱਕ ਉਪਭੋਗਤਾ ਦੀ ਸੁਰੱਖਿਆ ਦੀ ਗੱਲ ਹੈ, ਉਪਭੋਗਤਾਵਾਂ, ਵਿਕ੍ਰੇਤਾ ਅਤੇ ਸਰਕਾਰ ਵਿੱਚ ਆਪਸੀ ਤਾਲਮੇਲ ਦੀ ਘਾਟ ਹੈ। ਇਸ ਕਾਰਨ ਕੁਝ ਵਿਕ੍ਰੇਤਾ, ਅਣਉੱਚਿਤ ਫ਼ਾਇਦਾ ਚੁੱਕਦੇ ਹੋਏ ਉਪਭੋਗਤਾ ਦਾ ਸ਼ੋਸ਼ਣ ਕਰਨ ਵਿੱਚ ਸਫਲ ਹੋ ਜਾਂਦੇ ਹਨ।

## ਕਿਰਿਆ

1. ਕੀ ਤੁਸੀਂ ਉਪਰੋਕਤ ਵਿੱਚੋਂ ਕਿਸੇ ਇੱਕ ਜਾਂ ਉਸ ਤੋਂ ਵੱਧ ਕਿਸਮਾਂ ਦੇ ਸ਼ੋਸ਼ਣਾਂ ਦੀ ਗਵਾਹੀ ਭਰਦੇ ਹੋ? ਵਿਚਾਰ ਵਟਾਂਦਰਾ ਕਰੋ।
2. ਉਪਭੋਗਤਾ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਤੁਸੀਂ ਕੁਝ ਸੁਝਾਅ ਦਿਉ?

## 6.3 ਉਪਭੋਗਤਾ ਸਰੰਖਣ (CONSUMER PROTECTION)

ਜਿਵੇਂ ਕਿ ਪਹਿਲਾਂ ਹੀ ਦੱਸਿਆ ਗਿਆ ਹੈ ਕਿ ਉਪਭੋਗਤਾ ਦਾ ਕਈ ਢੰਗਾਂ ਨਾਲ ਸ਼ੋਸ਼ਣ ਕੀਤਾ ਜਾਂਦਾ ਹੈ ਪਰ ਬਜ਼ਾਰ ਦੀਆਂ ਤਾਕਤਾਂ ਉਪਭੋਗਤਾ ਨੂੰ ਇਸ ਸ਼ੋਸ਼ਣ ਤੋਂ ਬਚਾਉਣ ਵਿੱਚ ਮਦਦ ਕਿਉਂ ਨਹੀਂ ਕਰਦੀਆਂ? ਵਿਕਰੇਤਾ ਇੱਕ ਦਿਨ ਵਿੱਚ ਬਹੁਤ ਸਾਰੇ ਉਪਭੋਗਤਾਵਾਂ/ਗਾਹਕਾਂ ਨੂੰ ਮਿਲਦਾ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਦੁਬਾਰਾ ਉਸ ਨੂੰ ਪੂਰਾ ਸਾਲ ਨਾ ਮਿਲੇ। ਉਹ ਆਪਣੇ ਉਤਪਾਦ ਨੂੰ ਆਪਣੇ ਨਿਯਮਾਂ ਅਤੇ ਸ਼ਰਤਾਂ 'ਤੇ ਵੇਚਦਾ ਹੈ। ਉਪਭੋਗਤਾ ਨੂੰ ਵਸਤੂ ਦੀ ਜ਼ਰੂਰਤ ਹੁੰਦੀ ਹੈ ਅਤੇ ਉਹ ਵਿਕਰੇਤਾ ਦੁਆਰਾ ਨਿਰਧਾਰਿਤ ਨਿਯਮਾਂ ਅਤੇ ਸ਼ਰਤਾਂ ਤੇ ਇਸ ਨੂੰ ਖ਼ਰੀਦ ਲੈਂਦਾ ਹੈ। ਇਸ ਅਸਮਾਨਤਾ ਦੀ ਜਾਂਚ ਕਰਨ ਲਈ ਅਜਿਹੇ ਨਿਯਮ ਹੋਣੇ ਚਾਹੀਦੇ ਹਨ, ਜੋ ਇਹ ਸੁਨਿਸ਼ਚਿਤ ਕਰਨ ਕਿ ਉਪਭੋਗਤਾ ਕੋਲ਼ ਉਹ ਸ਼ਕਤੀਆਂ ਹਨ ਜਿਹਨਾਂ ਰਾਹੀਂ ਉਹ ਵਿਕਰੇਤਾ ਨੂੰ ਆਪਣੀ ਨਿਗਰਾਨੀ ਹੇਠਾਂ ਰੱਖ ਸਕਦਾ ਹੈ। ਅਜਿਹੇ ਨਿਯਮ ਉਪਭੋਗਤਾ ਸਰੰਖਣ ਵਿੱਚ ਮਦਦ ਕਰਦੇ ਹਨ। **ਇਸ ਤਰ੍ਹਾਂ ਉਪਭੋਗਤਾ ਸਰੰਖਣ ਉਹ ਪ੍ਰਕਿਰਿਆ ਹੈ ਜਿਸ ਰਾਹੀਂ ਉਪਭੋਗਤਾ ਦੇ ਹਿੱਤਾ ਨੂੰ ਵਪਾਰੀਆਂ ਵੱਲੋਂ ਕੀਤੇ ਜਾ ਰਹੇ ਸ਼ੋਸ਼ਣ ਤੋਂ ਬਚਾਇਆ ਜਾ ਸਕੇ।**



*ਚਿੱਤਰ 6.7*

**ਉਪਭੋਗਤਾ ਜਾਗਰੂਕਤਾ (Consumer Awareness):-** ਉਪਭੋਗਤਾ ਜਾਗਰੂਕਤਾ ਤੋਂ ਭਾਵ ਉਪਭੋਗਤਾ ਨੂੰ ਉਸਦੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਪ੍ਰਤਿ ਜਾਗਰੂਕ ਕਰਾਉਣ ਤੋਂ ਹੈ। ਉਸ ਨੂੰ ਵਸਤੂ ਦੀ ਚੋਣ ਧਿਆਨ ਨਾਲ਼ ਕਰਨ ਲਈ ਆਪਣੀ ਸਮਝਦਾਰੀ ਦੀ ਵਰਤੋਂ ਕਰਨੀ ਚਾਹੀਦੀ ਹੈ। ਹਰ ਕਿਸੇ ਨੂੰ ਕਿਸੇ ਵੀ ਕਿਸਮ ਦੇ ਸ਼ੋਸ਼ਣ ਖਿਲਾਫ਼ ਲੋੜੀਂਦੀ ਅਪੀਲ, ਸ਼ਿਕਾਇਤ ਸੰਸਥਾ ਨੂੰ ਕਰਨੀ ਚਾਹੀਦੀ ਹੈ ਤਾਂ ਜੋ ਮਾੜੇ ਕੰਮ ਦੀ ਜਾਂਚ ਕੀਤੀ ਜਾ ਸਕੇ। ਕਿਸੇ ਕਾਨੂੰਨੀ ਪ੍ਰਨਾਲ਼ੀ ਜੋ ਉਪਭੋਗਤਾ ਨੂੰ ਸ਼ੋਸਣ ਤੋਂ ਬਚਾ ਸਕੇ, ਦੀ ਅਣਹੋਂਦ ਕਾਰਨ, ਉਪਭੋਗਤਾਵਾਂ ਨੂੰ ਖ਼ੁਦ ਮਿਲਾਵਟੀ ਦੁਕਾਨਾਂ ਤੋਂ ਖ਼ਰੀਦਦਾਰੀ ਕਰਨ ਤੋਂ ਪਰਹੇਜ਼ ਕਰਨਾ

ਚਾਹੀਦਾ ਹੈ ਅਤੇ ਆਪਣੇ ਆਪ ਨੂੰ ਉਹਨਾਂ ਉਤਪਾਦਾਂ ਤੋਂ ਦੂਰ ਰੱਖਣਾ ਚਾਹੀਦਾ ਹੈ ਜਿਸ ਨਾਲ਼ ਉਹਨਾਂ ਨੂੰ ਸੰਤੁਸ਼ਟੀ ਨਹੀਂ ਮਿਲਦੀ ਸੀ। ਭਾਰਤ ਵਿੱਚ ਵੱਖ-ਵੱਖ ਸੰਸਥਾਵਾਂ ਨੂੰ ਉਪਭੋਗਤਾਵਾਂ ਵਿੱਚ ਜਾਗਰੂਕਤਾ ਪੈਦਾ ਕਰਨ ਵਿੱਚ ਕਈ ਸਾਲ ਲੱਗ ਗਏ। ਵਿਕਰੇਤਾ ਵੱਲੋਂ ਖਾਣ-ਪੀਣ ਦੀਆਂ ਵਸਤੂਆਂ ਦੀ ਨਕਲੀ ਕਮੀ ਪੈਦਾ ਕਰਨਾ, ਖਾਧ ਪਦਾਰਥਾਂ ਅਤੇ ਤੇਲਾਂ ਵਿੱਚ ਮਿਲਾਵਟ ਵਰਗੀਆਂ ਅਣਉਚਿੱਤ ਕਿਰਿਆਵਾਂ ਕਾਰਨ ਉਪਭੋਗਤਾਵਾਂ ਵਿੱਚ ਅਸੰਤੋਸ਼ ਨੇ ਭਾਰਤ ਵਿੱਚ 1960 ਦੇ ਦਹਾਕੇ ਵਿੱਚ ਇੱਕ ਸੰਗਠਿਤ ਰੂਪ ਵਿੱਚ **ਉਪਭੋਗਤਾ ਲਹਿਰ** ਨੂੰ ਜਨਮ ਦਿੱਤਾ। ਹਾਲ ਵਿੱਚ ਹੀ, ਭਾਰਤ ਵਿੱਚ ਉਪਭੋਗ ਵਸਤੂਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਇਹੀ ਕਾਰਨ ਹੈ ਕਿ ਅੱਜਕੱਲ੍ਹ ਉਪਭੋਗਤਾਵਾਂ ਨੂੰ ਗ਼ਲਤ ਢੰਗਾਂ ਤੋਂ ਬਚਾਉਣ ਦੀ ਪਹਿਲਾਂ ਨਾਲ਼ੋਂ ਜ਼ਿਆਦਾ ਲੋੜ ਹੈ।

ਉਪਭੋਗਤਾ ਸਰੰਖਣ ਐਕਟ, ਜੋ ਕਿ ਕੋਪਰਾ (COPRA) ਵਜੋਂ ਜਾਣਿਆ ਜਾਂਦਾ ਹੈ, ਨੂੰ 1986 ਵਿੱਚ ਭਾਰਤ ਸਰਕਾਰ ਦੁਆਰਾ ਲਾਗੂ ਕੀਤਾ ਗਿਆ।

**ਯਾਦ ਰੱਖੋ**

1985 ਵਿੱਚ, ਸੰਯੁਕਤ ਰਾਸ਼ਟਰ ਸੰਘ ਨੇ ਉਪਭੋਗਤਾ ਸਰੰਖਣ ਸੰਬੰਧੀ ਸੰਯੁਕਤ ਰਾਸ਼ਟਰ ਦੇ ਦਿਸ਼ਾ-ਨਿਰਦੇਸ਼ਾਂ ਨੂੰ ਅਪਣਾਇਆ।

ਸਾਨੂੰ ਉਪਭੋਗਤਾ ਸਰੰਖਣ ਦੀ ਜ਼ਰੂਰਤ ਇਹ ਸੁਨਿਸ਼ਚਤ ਕਰਦੀ ਹੈ ਕਿ ਸਾਡੇ ਅਧਿਕਾਰ ਸੁਰੱਖਿਅਤ ਹੋਣ, ਤਾਂ ਜੋ ਅਸੀਂ ਧੋਖਾਧੜੀ ਦਾ ਸ਼ਿਕਾਰ ਨਾ ਹੋ ਜਾਈਏ। ਆਓ ਹੁਣ ਉਪਭੋਗਤਾ ਦੇ ਅਧਿਕਾਰਾਂ ਅਤੇ ਫ਼ਰਜ਼ਾਂ ਬਾਰੇ ਜਾਣੀਏ।

### 6.3.1 ਉਪਭੋਗਤਾ ਅਧਿਕਾਰ (Consumer Rights)

(ੳ) **ਸੁਰੱਖਿਆ ਦਾ ਅਧਿਕਾਰ (Right to Safety)**:- ਜੇਕਰ ਉਤਪਾਦ ਤੈਅ ਕੀਤੇ ਗਏ ਸੁਰੱਖਿਆ ਉਪਾਵਾਂ ਦਾ ਪਾਲਣ ਨਹੀਂ ਕਰਦੇ ਤਾਂ ਅਜਿਹੀਆਂ ਕਈ ਵਸਤੂਆਂ ਅਤੇ ਸੇਵਾਵਾਂ ਹਨ ਜਿਹੜੀਆਂ ਉਪਭੋਗਤਾਵਾਂ ਦੀ ਸਿਹਤ ਲਈ ਹਾਨੀਕਾਰਕ ਸਿੱਧ ਹੋ ਸਕਦੀਆਂ ਹਨ। ਉਦਾਹਰਨ ਵਜੋਂ ਪ੍ਰੈਸ਼ਰ ਕੁੱਕਰ, ਗੀਜਰ, ਗੈਸ ਚੁੱਲ੍ਹਾ ਆਦਿ। ਇਸ ਲਈ ਉਪਭੋਗਤਾ ਨੂੰ ਇਹ ਅਧਿਕਾਰ ਹੈ ਕਿ ਅਜਿਹੀਆਂ ਵਸਤੂਆਂ ਦੀ ਵਰਤੋਂ ਕਰਦੇ ਸਮੇਂ ਉਹ ਸੁਰੱਖਿਅਤ ਰਹੇ। ਉਦਾਹਰਨ ਲਈ, ਸੁਰਿੰਦਰ ਕੌਰ ਨੂੰ ਲੰਬੀ ਬਿਮਾਰੀ ਦੇ ਇਲਾਜ ਲਈ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਉਸਦਾ ਇਲਾਜ ਹਸਪਤਾਲ ਦੇ ਸਭ ਤੋਂ ਵਧੀਆ ਡਾਕਟਰ ਨੇ ਕੀਤਾ। ਦੋ ਦਿਨ ਬਾਅਦ ਉਸਦੀ ਹਾਲਤ ਸਥਿਰ ਹੋਣ ਉਪਰੰਤ ਉਸ ਨੂੰ ਹਸਪਤਾਲ ਤੋਂ ਛੁੱਟੀ ਕਰ ਦਿੱਤੀ ਗਈ। ਪਰ ਉਸ ਤੋਂ ਬਾਅਦ ਸੁਰਿੰਦਰ ਕੌਰ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ਼ ਜੂਝਣਾ ਪਿਆ ਅਤੇ ਦੁਬਾਰਾ ਹਸਪਤਾਲ ਵਿੱਚ ਦਾਖ਼ਲ ਕਰਨਾ ਪਿਆ। ਕੁਝ ਟੈਸਟ ਕਰਾਉਣ ਤੋਂ ਬਾਅਦ ਪਤਾ ਲੱਗਿਆ ਕਿ ਉਹ ਪੀਲੀਏ ਤੋਂ ਪੀੜਤ ਸੀ। ਇਹ ਵੀ ਪਤਾ ਲੱਗਿਆ ਕਿ ਆਪਰੇਸ਼ਨ ਕਰਨ ਵਾਲ਼ੇ ਡਾਕਟਰ ਨੇ ਸਹੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਅਤੇ ਆਪਰੇਸ਼ਨ ਤੋਂ ਪਹਿਲਾਂ ਲੋੜੀਂਦੇ ਟੈਸਟ ਵੀ ਨਹੀਂ ਕਰਵਾਏ। ਟੈਸਟਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹ ਪਹਿਲਾਂ ਤੋਂ ਹੀ ਪੀਲੀਏ ਨਾਲ ਪੀੜਤ ਸੀ। ਇੱਕ ਮਹੀਨੇ ਬਾਅਦ ਸੁਰਿੰਦਰ ਕੌਰ ਦੀ ਕਈ ਅੰਦਰੂਨੀ ਅੰਗਾਂ ਦੇ ਕੰਮ ਨਾ ਕਰਨ ਕਾਰਨ ਮੌਤ ਹੋ ਗਈ। ਉਸ ਦੀ ਮੌਤ ਤੋਂ ਬਾਅਦ ਉਸਦੇ ਪਤੀ ਨੇ ਰਾਜ ਉਪਭੋਗਤਾ ਵਿਵਾਦ ਨਿਵਾਰਣ ਕਮਿਸ਼ਨ ਵਿੱਚ ਸ਼ਿਕਾਇਤ ਦਰਜ਼ ਕਰਵਾਈ, ਜਿਸ ਨੇ ਸੁਰਿੰਦਰ ਕੌਰ ਦੀ ਮੌਤ ਲਈ ਡਾਕਟਰ ਅਤੇ ਹਸਪਤਾਲ ਦੀ ਮੈਡੀਕਲ ਲਾਪਰਵਾਹੀ ਨੂੰ ਜ਼ੁੰਮੇਵਾਰ ਠਹਿਰਾਇਆ। ਉਸ ਨੇ ਡਾਕਟਰ ਨੂੰ ₹10,00,000 ਅਤੇ ਹਸਪਤਾਲ ਨੂੰ ₹6,00,000 ਮੁਆਵਜ਼ੇ ਵਜੋਂ ਦੇਣ ਦੀ ਹਦਾਇਤ ਕੀਤੀ।



ਚਿੱਤਰ 6.8

ਇਸ ਲਈ ਬਹੁਤ ਸਾਰੀਆਂ ਵਸਤੂਆਂ ਅਤੇ ਸੇਵਾਵਾਂ ਦੀ ਵਰਤੋਂ ਕਰਦੇ ਸਮੇਂ, ਸਾਨੂੰ ਉਪਭੋਗਤਾ ਦੇ ਤੌਰ ਤੇ ਇਹ ਅਧਿਕਾਰ ਪ੍ਰਾਪਤ ਹੈ ਕਿ ਅਜਿਹੀਆਂ ਵਸਤੂਆਂ ਦੀ ਵਿਕਰੀ ਅਤੇ ਸੇਵਾਵਾਂ ਮੁਹੱਈਆ ਕਰਨ ਤੋਂ ਬਚਾਇਆ ਜਾਵੇ ਜਿਹੜੀਆਂ ਸਾਡੀ ਜ਼ਿੰਦਗੀ ਅਤੇ ਜਾਇਦਾਦ ਲਈ ਅਸੁਰੱਖਿਅਤ ਹਨ।

(ਅ) **ਚੋਣ ਕਰਨ ਦਾ ਅਧਿਕਾਰ (Right to Choose):-** ਕਈ ਵਾਰ ਗੈਸ ਸਪਲਾਈ ਕਰਨ ਵਾਲਾ ਡੀਲਰ ਤੁਹਾਨੂੰ ਨਵੇਂ ਗੈਸ ਕੁਨੈਕਸ਼ਨ ਦੇ ਨਾਲ ਗੈਸ ਵਾਲਾ ਚੁੱਲ੍ਹਾ ਵੀ ਖ਼ਰੀਦਣ ਲਈ ਕਹਿੰਦੇ ਹਨ। ਭਾਵੇਂ ਉਪਭੋਗਤਾ ਨੂੰ ਉਸ ਦਾ ਕੋਈ ਲਾਭ ਨਹੀਂ ਹੈ, ਪਰ ਉਸ ਦਾ ਗੈਸ ਚੁੱਲ੍ਹਾ ਖ਼ਰੀਦੇ ਬਿਨ੍ਹਾ ਕੋਈ ਚਾਰਾ ਨਹੀਂ। ਇਸ ਤਰ੍ਹਾਂ ਕਈ ਵਾਰ ਸਾਨੂੰ ਅਜਿਹੀਆਂ ਚੀਜ਼ਾਂ ਖ਼ਰੀਦਣ ਲਈ ਮਜ਼ਬੂਰ ਕੀਤਾ ਜਾਂਦਾ ਹੈ ਜਿਸ ਵਿੱਚ ਵਿਕਲਪ ਨਹੀਂ ਹੁੰਦਾ। ਅਸਲ ਵਿੱਚ ਉਪਭੋਗਤਾ ਨੂੰ ਚੋਣ ਕਰਨ ਦਾ ਅਧਿਕਾਰ ਹੈ ਕਿ ਉਹ ਵਿਕਰੇਤਾ ਦੁਆਰਾ ਪੇਸ਼ ਕੀਤੀਆਂ ਚੀਜ਼ਾਂ ਖ਼ਰੀਦਣ ਜਾਂ ਨਾ ਖ਼ਰੀਦਣ।

(ੲ) **ਸੂਚਨਾ ਦਾ ਅਧਿਕਾਰ (Right to Information):-** ਉਪਭੋਗਤਾ ਨੂੰ ਲਾਜ਼ਮੀ ਤੌਰ ਤੇ ਉਸ ਉਤਪਾਦ ਦੀ ਸਮੱਗਰੀ ਬਾਰੇ ਪਤਾ ਹੋਣਾ ਚਾਹੀਦਾ ਹੈ ਜਿਹੜੀ ਉਹ ਉਪਭੋਗ ਕਰ ਰਿਹਾ ਹੈ। ਉਦਾਹਰਨ ਵਜੋਂ ਜਦੋਂ ਉਪਭੋਗਤਾ ਡੱਬਾਬੰਦ ਜੂਸ, ਕੋਲਡ ਡਰਿੰਕ ਆਦਿ ਪੀ ਰਿਹਾ ਹੈ ਤਾਂ ਉਸ ਨੂੰ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਿੰਨੀ ਕੈਲੋਰੀ, ਵਿਟਾਮਿਨ ਅਤੇ ਖਣਿਜਾਂ ਦੀ ਮਾਤਰਾ ਪੀ ਰਿਹਾ ਹੈ। ਖਾਣ ਦੀਆਂ ਚੀਜ਼ਾਂ ਤੇ ਲਾਲ ਜਾਂ ਹਰੇ ਰੰਗ ਦੀ ਬਿੰਦੀ ਤੁਹਾਨੂੰ ਸੂਚਿਤ ਕਰਦੀ ਹੈ ਕਿ ਇਹ ਚੀਜ਼ ਮਾਸਾਹਾਰੀ ਜਾਂ ਸ਼ਾਕਾਹਾਰੀ ਹੈ। ਇਸ ਤੋਂ ਇਲਾਵਾ ਤੁਸੀਂ ਖਾਧ ਪਦਾਰਥਾ ਤੇ ਕੀਮਤ, ਬੈਚ ਨੰ., ਉਤਪਾਦਨ ਦੀ ਮਿਤੀ ਅਤੇ ਉਤਪਾਦਕ ਦਾ ਪਤਾ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।



*ਚਿੱਤਰ 6.9*

ਭਾਰਤ ਸਰਕਾਰ ਨੇ ਇੱਕ ਕਾਨੂੰਨ ਲਾਗੂ ਕੀਤਾ ਹੈ, ਜਿਹੜਾ ਕਿ ਸੂਚਨਾਂ ਦਾ ਅਧਿਕਾਰ (ਆਰ.ਟੀ.ਆਈ) ਵਜੋਂ ਜਾਣਿਆ ਜਾਂਦਾ ਹੈ। ਆਰ.ਟੀ.ਆਈ ਦੇ ਤਹਿਤ, ਸਾਰੇ ਨਾਗਰਿਕਾਂ ਨੂੰ ਵੱਖ-ਵੱਖ ਸਰਕਾਰੀ ਮਹਿਕਮਿਆਂ ਦੇ ਕੰਮ ਕਾਰਜਾਂ ਬਾਰੇ ਜਾਣਨ ਦਾ ਅਧਿਕਾਰ ਹੈ। ਨਾਗਰਿਕ ਸਰਕਾਰੀ ਵਿਭਾਗ ਕੋਲੋਂ ਆਪਣੇ ਕੇਸਾਂ ਦੀ ਪ੍ਰਗਤੀ ਬਾਰੇ ਜਾਣ ਸਕਦੇ ਹਨ।

(ਸ) **ਉਪਭੋਗਤਾ ਦੀ ਸਿੱਖਿਆ ਦਾ ਅਧਿਕਾਰ (Right to Consumer Education):-** ਉਪਭੋਗਤਾ ਦੀ ਸਿੱਖਿਆ ਦਾ ਅਧਿਕਾਰ ਕਹਿੰਦਾ ਹੈ ਕਿ ਉਪਭੋਗਤਾ ਨੂੰ ਲੋੜੀਂਦਾ ਗਿਆਨ ਅਤੇ ਹੁਨਰ ਹਾਸਿਲ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਜਿਸ ਰਾਹੀਂ ਉਹ ਸੂਚਨਾ ਪ੍ਰਾਪਤ ਕਰ ਸਕੇ, ਵਸਤੂਆਂ ਅਤੇ ਸੇਵਾਵਾਂ ਦੀ ਆਤਮ ਵਿਸ਼ਵਾਸ ਨਾਲ ਚੋਣ ਕਰ ਸਕੇ ਅਤੇ ਇਸ ਸਭ ਦੇ ਨਾਲ-ਨਾਲ ਉਹ ਉਪਭੋਗਤਾ ਦੀਆਂ ਜ਼ੁੰਮੇਵਾਰੀਆਂ, ਮੁਢਲੇ ਅਧਿਕਾਰਾਂ ਅਤੇ ਉਹਨਾਂ ਤੇ ਅਮਲ ਕਰਨ ਬਾਰੇ ਵੀ ਜਾਣਦਾ ਹੋਵੇ।

(ਹ) **ਸੁਣੇ ਜਾਣ ਦਾ ਅਧਿਕਾਰ (Right to be Heard):-** ਉਪਭੋਗਤਾ ਨੂੰ ਵਸਤੂਆਂ ਅਤੇ ਸੇਵਾਵਾਂ ਦੀ ਗੁਣਵੱਤਾ ਅਤੇ ਕੀਮਤ ਬਾਰੇ ਆਪਣੀ ਰਾਇ ਦੇਣ ਦਾ ਇਹ ਅਧਿਕਾਰ ਹੈ। ਉਪਭੋਗਤਾ ਦੁਆਰਾ ਦਿੱਤੀ ਗਈ ਰਾਇ ਵਿਕਰੇਤਾ ਅਤੇ ਉਤਪਾਦਕ ਦੁਆਰਾ ਪੂਰੀ ਤਰ੍ਹਾਂ ਵਿਚਾਰੇ ਜਾਣ ਦਾ ਹੱਕ ਰੱਖਦੀ ਹੈ। ਬਹੁਤ ਸਾਰੇ ਵਪਾਰੀਆਂ ਨੇ ਉਪਭੋਗਤਾਵਾਂ ਤੋਂ ਮਿਲਣ ਵਾਲੇ ਸੁਝਾਵਾਂ ਉਪਰੰਤ ਉਤਪਾਦ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਉਪਭੋਗਤਾ ਸ਼ਿਕਾਇਤ ਵਿਭਾਗ ਸਥਾਪਿਤ ਕੀਤੇ ਹਨ।



*ਚਿੱਤਰ 6.10*

(ਕ) **ਨਿਪਟਾਰੇ ਦਾ ਅਧਿਕਾਰ (Right to Seek Redressal):-** ਜੇ ਉਪਭੋਗਤਾ ਨੂੰ ਅਣਉਚਿੱਤ ਵਪਾਰਕ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਉਸਨੂੰ ਖ਼ਰਾਬ ਹੋਇਆ ਉਤਪਾਦ ਮਿਲਦਾ ਹੈ ਤਾਂ ਉਸਨੂੰ ਹੇਠ

ਲਿਖੇ ਤਰੀਕਿਆਂ ਨਾਲ਼ ਰਾਹਤ ਮਿਲਣ ਦਾ ਅਧਿਕਾਰ ਹੈ।




- ਵਸਤੂ ਦੀ ਮੁਰੰਮਤ ਮੁਫ਼ਤ ਕੀਤੀ ਜਾ ਸਕਦੀ ਹੈ।
- ਵਸਤੂ ਨੂੰ ਬਦਲਿਆ ਜਾ ਸਕਦਾ ਹੈ।
- ਭੁਗਤਾਨ ਕੀਤੀ ਕੀਮਤ ਪੂਰੀ ਵਾਪਿਸ ਕੀਤੀ ਜਾ ਸਕਦੀ ਹੈ।
- ਨੁਕਸਾਨ ਦੇ ਬਰਾਬਰ ਦਾ ਮੁਆਵਜ਼ਾ ਦਿੱਤਾ ਜਾ ਸਕਦਾ ਹੈ।

### 6.3.2 ਉਪਭੋਗਤਾ ਜ਼ਿੰਮੇਵਾਰੀਆਂ (Consumer Responsibilities)

ਜਿੱਥੇ ਉਪਭੋਗਤਾ ਦੇ ਅਧਿਕਾਰਾਂ ਬਾਰੇ ਅਸੀਂ ਜਾਣਿਆ ਹੈ, ਉੱਥੇ ਉਪਭੋਗਤਾ ਦੀਆਂ ਕਈ ਜ਼ੁੰਮੇਵਾਰੀਆਂ ਵੀ ਬਣਦੀਆਂ ਹਨ। ਉਤਪਾਦਕ ਦੁਆਰਾ ਕੀਤੇ ਗਏ ਸ਼ੋਸਣ ਤੋਂ ਬਚਣ ਲਈ ਉਪਭੋਗਤਾ ਦੇ ਹੇਠ ਲਿਖੇ ਫਰਜ਼ ਵੀ ਹੋਣੇ ਚਾਹੀਦੇ ਹਨ।

(ੳ) ਆਪਣੇ ਆਪ ਨੂੰ ਪੁੱਛੋ। (ਅ) ਆਲੋਚਨਾਤਮਕ ਤੌਰ ਤੇ ਸੁਚੇਤ ਰਹੋ।


(ੲ) ਸ਼ਾਮਲ ਰਹੋ। (ਸ) ਸੰਗਠਿਤ ਰਹੋ।

(ਹ) ਟਿਕਾਊ ਖਪਤ ਦਾ ਅਭਿਆਸ ਕਰੋ। (ਕ) ਵਾਤਾਵਰਨ ਪ੍ਰਤਿ ਜ਼ੁੰਮੇਵਾਰ ਬਣੋ।

ਉਪਭੋਗਤਾ ਸਰੰਖਣ ਨਾ ਕੇਵਲ ਉਪਭੋਗਤਾਵਾਂ ਲਈ ਬਲਕਿ ਵਪਾਰੀਆਂ ਲਈ ਵੀ ਚੰਗਾ ਹੈ। ਕਿਉਂਕਿ ਇਹ ਨਿਰਪੱਖ ਵਪਾਰ ਨੂੰ ਯਕੀਨੀ ਬਣਾਉਂਦਾ ਹੈ। ਇਸ ਲਈ ਇਹ ਨਾ ਕੇਵਲ ਉਪਭੋਗਤਾ ਅਤੇ ਵਪਾਰੀਆਂ ਵਿਚਾਲੇ, ਬਲਕਿ ਵੱਖ-ਵੱਖ ਕਾਰੋਬਾਰੀ ਪ੍ਰਤੀਯੋਗੀਆਂ ਵਿਚਾਲੇ ਇੱਕ ਸਮਾਨ ਪੱਧਰ ਬਣਾਉਂਦਾ ਹੈ। ਬਹੁਤ ਸਾਰੇ ਤਰੀਕੇ ਹਨ ਜਿਹਨਾਂ ਨਾਲ਼ ਸਰਕਾਰ ਇਹ ਸੁਨਿਸ਼ਚਿਤ ਕਰਦੀ ਹੈ ਕਿ ਬਜ਼ਾਰ ਵਿੱਚ ਸੁਚੱਜੇ ਪੱਧਰ ਦੀ ਮੁਕਾਬਲੇਬਾਜ਼ੀ ਬਣੀ ਰਹੇ ਅਤੇ ਅਰਥਵਿਵਸਥਾ ਦੇ ਅਨੁਕੂਲ ਕਾਰਜ ਚਲਦਾ ਰਹੇ।

## 6.4 ਸਰਕਾਰ ਦੁਆਰਾ ਨਿਯਮਿਤ ਕਾਨੂੰਨ ਅਤੇ ਅਦਾਰੇ (LAWS AND BODIES ENACTED BY THE GOVERNMENT)

ਤੁਸੀਂ ਜ਼ਿਲ੍ਹਾ ਅਦਾਲਤਾਂ, ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਬਾਰੇ ਸੁਣਿਆ ਹੋਵੇਗਾ, ਪਰ ਕੀ ਤੁਸੀਂ ਉਪਭੋਗ ਅਦਾਲਤਾਂ ਬਾਰੇ ਸੁਣਿਆ ਹੈ। ਇਸ ਪਾਠ ਦੇ ਅਰੰਭ ਵਿਚ ਪੜ੍ਹੇ ਕੇਸ ਅਧਿਐਨ ਵਿੱਚ ਗੌਰੀ ਇੱਕ ਉਪਭੋਗਤਾ ਸੀ। ਆਓ ਵੇਖੀਏ ਕਿ ਉਪਭੋਗਤਾ ਅਦਾਲਤ ਗੌਰੀ ਦੀ ਕਿਵੇਂ ਮਦਦ ਕਰ ਸਕਦੀ ਹੈ।




ਚਿੱਤਰ 6.11

(ੳ) **ਉਪਭੋਗਤਾ ਸਰੰਖਣ ਐਕਟ (ਕੋਪਰਾ, 1986) (Consumer Protection Act (COPRA, 1986):-** ਉਪਭੋਗਤਾਵਾਂ ਨੂੰ ਉਤਪਾਦਕਾਂ ਅਤੇ ਵਿਕਰੇਤਾਵਾਂ ਦੇ ਸ਼ੋਸ਼ਣ ਤੋਂ ਬਚਾਉਣ ਲਈ ਭਾਰਤੀ ਸੰਸਦ ਨੇਂ 24 ਦਸੰਬਰ 1986 ਨੂੰ **ਉਪਭੋਗਤਾ ਸਰੰਖਣ ਐਕਟ** ਲਾਗੂ ਕੀਤਾ। ਇਸ ਨੂੰ ਭਾਰਤ ਵਿੱਚ **ਉਪਭੋਗਤਾ ਸਰੰਖਣ** ਲਈ **ਮੈਗਨਾ ਕਾਰਟਾ** ਕਿਹਾ ਜਾਂਦਾ ਹੈ ਕਿਉਂਕਿ ਇਹ ਪੂਰੇ ਭਾਰਤ ਵਿੱਚ ਉਪਭੋਗਤਾਵਾਂ ਨੂੰ ਅਦਾਲਤਾਂ ਅਤੇ ਮੰਚ ਪ੍ਰਦਾਨ ਕਰਦਾ ਹੈ। ਇਹ ਨਿੱਜੀ, ਜਨਤਕ ਅਤੇ ਸਹਿਕਾਰੀ ਸਾਰੇ ਖੇਤਰਾਂ ਨਾਲ਼ ਸਬੰਧ ਰੱਖਦਾ ਹੈ। ਇਹ 6 ਉਪਭੋਗਤਾ ਦੇ ਅਧਿਕਾਰ ਅਤੇ 6 ਉਪਭੋਗਤਾ ਦੀਆਂ ਜਿੰਮੇਵਾਰੀਆਂ ਪ੍ਰਦਾਨ ਕਰਦਾ ਹੈ। ਇਹ ਉਪਭੋਗਤਾ ਦੀ ਸ਼ਿਕਾਇਤ ਦੀ ਜਾਂਚ ਕਰਨ ਲਈ ਇੱਕ ਉਪਭੋਗਤਾ ਸੁਰੱਖਿਆ ਅਥਾਰਟੀ ਸਥਾਪਿਤ ਕਰਦਾ ਹੈ। ਕੋਪਰਾ ਨੇ ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰ ਤੇ ਤਿੰਨ-ਪੱਧਰੀ ਅਰਧ ਨਿਆਇਕ ਉਪਭੋਗਤਾ

ਅਦਾਲਤਾਂ ਦੀ ਸਥਾਪਨਾ ਕੀਤੀ। ₹ 20 ਲੱਖ ਤੱਕ ਦੇ ਕੇਸ ਜ਼ਿਲ੍ਹਾ ਪੱਧਰ ਦੀਆਂ ਅਦਾਲਤਾਂ ਵਿੱਚ, ₹20 ਲੱਖ ਤੋਂ ₹1 ਕਰੋੜ ਤੱਕ ਦੇ ਰਾਜ ਪੱਧਰੀ ਅਦਾਲਤਾਂ ਦੁਆਰਾ ਨਿਪਟਾਏ ਜਾਂਦੇ ਹਨ ਅਤੇ ₹1 ਕਰੋੜ ਤੋਂ ਵੱਧ ਦੇ ਦਾਅਵਿਆਂ ਨੂੰ ਰਾਸ਼ਟਰੀ ਪੱਧਰ ਦੀ ਅਦਾਲਤ ਦੁਆਰਾ ਨਜਿੱਠਿਆ ਜਾਂਦਾ ਹੈ।

## ਕਿਰਿਆ

1. ਮਿਕਸਰ ਗ੍ਰਾਇੰਡਰ ਖ਼ਰੀਦਣ ਵੇਲੇ ਗੌਰੀ ਦਾ ਕਿਵੇਂ ਸ਼ੋਸ਼ਣ ਕੀਤਾ ਗਿਆ ? ਉਸਨੂੰ ਨਿਪਟਾਰੇ ਲਈ ਕਿੱਥੇ ਜਾਣਾ ਚਾਹੀਦਾ ਹੈ ? ਕਲਾਸ ਵਿੱਚ ਵਿਚਾਰ ਕਰੋ।

(ਅ) **ਉਤਪਾਦਾਂ ਦਾ ਮਾਨਕੀਕਰਨ (Standardization of Products):-** ਇਹ ਸੁਨਿਸ਼ਚਿਤ ਕਰਨ ਲਈ ਕਿ ਕੋਈ ਉਤਪਾਦ ਸਰਕਾਰ ਦੁਆਰਾ ਨਿਰਧਾਰਿਤ ਕੁਆਲਟੀ ਦੇ ਮਿਆਰਾਂ ਨੂੰ ਪੂਰਾ ਕਰਦਾ ਹੈ, ਕਈ ਸਰਕਾਰੀ ਸੰਸਥਾਵਾਂ ਇਸ ਦੀ ਜਾਂਚ ਕਰਦੀਆਂ ਹਨ ਅਤੇ ਪ੍ਰਮਾਣੀਕਰਨ ਚਿੰਨ੍ਹ ਜਾਰੀ ਕਰਦੀਆਂ ਹਨ। ਅਜਿਹੇ ਲੋਗੋ ਜਾਂ ਨਿਸ਼ਾਨ ਚਿੰਨ੍ਹ ਉਪਭੋਗਤਾ ਨੂੰ ਗੁਣਵੱਤਾ ਦੇ ਭਰੋਸੇ ਨਾਲ ਉਤਪਾਦ ਖ਼ਰੀਦਣ ਵਿੱਚ ਸਹਾਇਤਾ ਕਰਦੇ ਹਨ। **ਆਈ ਐਸ ਆਈ (ISI)** ਭਾਰਤ ਵਿੱਚ ਉਦਯੋਗਿਕ ਉਤਪਾਦਾਂ ਲਈ ਇੱਕ ਪ੍ਰਮਾਣੀਕਰਨ ਨਿਸ਼ਾਨ ਹੈ। ਇਹ ਨਿਸ਼ਾਨ ਕਿਸੇ ਵੀ ਉਤਪਾਦ ਦੇ ਦਿੱਤੇ ਗਏ ਮਿਆਰਾਂ ਦੇ ਯੋਗ ਬਣਨ ਉਪਰੰਤ ਇਸਨੂੰ ਰਾਸ਼ਟਰੀ ਮਾਪਦੰਡਾਂ ਵਾਲੀ ਸੰਸਥਾ, **ਬਿਊਰੋ ਆਫ ਇੰਡੀਅਨ ਸਟੈਂਡਰਡ** ਦੁਆਰਾ ਪ੍ਰਮਾਣਿਤ ਕੀਤਾ ਜਾਂਦਾ ਹੈ। **ਐਗਮਾਰਕ ਪ੍ਰਮਾਣੀਕਰਨ** ਖੇਤੀਬਾੜੀ ਉਤਪਾਦਾਂ ਤੇ ਲਾਗੂ ਹੁੰਦਾ ਹੈ, ਜਦੋਂ ਕਿ **ਹਾਲਮਾਰਕ** ਸੋਨੇ ਦੇ ਗਹਿਣਿਆਂ ਦੇ ਉਤਪਾਦਾਂ ਦੇ ਮਾਨਕੀਕਰਣ ਦਾ ਭਰੋਸਾ ਦਿੰਦਾ ਹੈ।

ISI | ਭਾਰਤ ਸਰਕਾਰ AGMARK GOVERNMENT OF INDIA | BIS - 916 100% Hallmarked

*ਚਿੱਤਰ 6.11*

ਆਈ ਐਸ ਆਈ (ISI) ਨਾਮ ਭਾਰਤੀ ਸਟੈਂਡਰਡ ਇੰਸਟੀਚਿਊਟ ਦਾ ਸੰਖੇਪ ਹੈ ਜੋ ਕਿ ਬਿਊਰੋ ਆਫ ਇੰਡੀਅਨ ਸਟੈਂਡਰਡ ਦਾ ਪੁਰਾਣਾ ਨਾਮ ਹੈ।

(ੲ) **ਹੋਰ ਅਦਾਰੇ ਅਤੇ ਅੰਦੋਲਨ (Other Bodies and Movements):**

(ੳ) **ਅੰਤਰਰਾਸ਼ਟਰੀ ਉਪਭੋਗਤਾ ਕਾਨੂੰਨ (Consumer International):-** ਇਹ ਇੱਕ ਅਜਿਹੀ ਦੁਨੀਆਂ ਵਿੱਚ ਵਿਸ਼ਵਾਸ ਰੱਖਦਾ ਹੈ, ਜਿੱਥੇ ਹਰ ਕਿਸੇ ਨੂੰ ਸੁਰੱਖਿਅਤ ਅਤੇ ਟਿਕਾਊ ਵਸਤੂਆਂ ਅਤੇ ਸੇਵਾਵਾਂ ਉਪਲੱਬਧ ਹੋਣ। ਇਹ 100 ਤੋਂ ਵੀ ਵੱਧ ਦੇਸ਼ਾਂ ਵਿੱਚ ਹਰ ਥਾਂ ਤੇ ਉਪਭੋਗਤਾ ਦੇ ਅਧਿਕਾਰਾਂ ਨੂੰ ਸ਼ਕਤੀਸ਼ਾਲੀ ਕਰਨ ਲਈ ਕੰਮ ਕਰਦਾ ਹੈ। ਇਹ ਭਾਰਤ ਵਿੱਚ ਉਪਭੋਗਤਾ ਤਾਲਮੇਲ ਪਰਿਸ਼ਦ (ਸੀ. ਸੀ. ਸੀ.) ਨਾਮ ਦੀ ਇੱਕ ਸੰਸਥਾ ਦੇ ਤਹਿਤ ਕੰਮ ਕਰਦਾ ਹੈ।

WORLD CONSUMER RIGHTS DAY 15 March

*ਚਿੱਤਰ 6.12*

(ਅ) **ਵਿਸ਼ਵ ਉਪਭੋਗਤਾ ਅਧਿਕਾਰ ਦਿਵਸ (World Consumer Rights Day):-** ਵਿਸ਼ਵ ਉਪਭੋਗਤਾ ਅਧਿਕਾਰ ਦਿਵਸ ਹਰ ਸਾਲ 15 ਮਾਰਚ ਨੂੰ ਮਨਾਇਆ ਜਾਂਦਾ ਹੈ। ਭਾਰਤ 24 ਦਸੰਬਰ ਨੂੰ ਰਾਸ਼ਟਰੀ ਉਪਭੋਗਤਾ ਦਿਵਸ ਵਜੋਂ ਮਨਾਉਂਦਾ ਹੈ। ਇਸ ਦਿਨ ਭਾਰਤੀ ਸੰਸਦ ਨੇ 1986 ਵਿੱਚ ਉਪਭੋਗਤਾ ਸੁਰੱਖਿਆ ਕਾਨੂੰਨ




*ਚਿੱਤਰ 6.13*

ਲਾਗੂ ਕੀਤਾ ਸੀ। ਇਸ ਦਿਨ ਨੂੰ ਮਨਾਉਣ ਪਿੱਛੇ ਮੁੱਖ ਉਦੇਸ਼ ਉਪਭੋਗਤਾ ਨੂੰ ਉਹਨਾਂ ਦੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਪ੍ਰਤਿ ਜਾਗਰੂਕ ਕਰਨਾ ਹੈ। ਇਸ ਮੰਤਵ ਲਈ ਸਰਕਾਰ ਦੁਆਰਾ ਕਈ ਤਰ੍ਹਾਂ ਦੇ ਸਲੋਗਨ ਜਿਵੇਂ 'ਜਾਗੋ ਗ੍ਰਾਹਕ ਜਾਗੋ' ਅਤੇ ਟੀ.ਵੀ. ਲਈ ਇਸ਼ਤਿਹਾਰ ਤਿਆਰ ਕੀਤੇ ਜਾਂਦੇ ਹਨ ਅਤੇ ਇਹਨਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ।



## ਸਾਰ

- ਉਪਭੋਗਤਾ ਉਹ ਵਿਅਕਤੀ ਹੈ ਜੋ ਆਪਣੀਆਂ ਇੱਛਾਵਾਂ ਨੂੰ ਸਿੱਧੇ ਤੌਰ ਤੇ ਸੰਤੁਸ਼ਟ ਕਰਨ ਲਈ ਕਈ ਕਿਸਮ ਦੀਆਂ ਵਸਤੂਆਂ ਅਤੇ ਸੇਵਾਵਾਂ ਦੀ ਵਰਤੋਂ ਜਾਂ ਉਪਭੋਗ ਕਰਦਾ ਹੈ।
- ਉਪਭੋਗਤਾ ਦੇ ਸ਼ੋਸ਼ਣ ਦਾ ਅਰਥ ਹੈ ਕਿ ਉਪਭੋਗਤਾ ਨੂੰ ਉਤਪਾਦਕ ਜਾਂ ਵਿਕਰੇਤਾ ਵਲੋਂ ਗ਼ਲਤ ਕਿਸਮ ਦੇ ਉਤਪਾਦ ਦਿੱਤੇ ਜਾਂਦੇ ਹਨ ਜਾਂ ਵਾਅਦਾ ਕੀਤੇ ਅਨੁਸਾਰ ਨਹੀਂ ਦਿੱਤੇ ਜਾਂਦੇ।
- ਉਪਭੋਗਤਾ ਨੂੰ ਉਤਪਾਦ ਦੀ ਗ਼ਲਤ ਇਸ਼ਤਿਹਾਰਬਾਜ਼ੀ, ਉਤਪਾਦਕ ਦੀ ਏਕਾਧਿਕਾਰ ਦੀ ਸ਼ਕਤੀ, ਘਟੀਆ ਉਤਪਾਦਾਂ, ਉਤਪਾਦ ਬਾਰੇ ਅਧੂਰੀ ਜਾਣਕਾਰੀ, ਵਿਕਰੀ ਉਪਰੰਤ ਤਸੱਲੀਬਖਸ਼ ਸੇਵਾਵਾਂ ਨਾ ਦੇਣ ਆਦਿ ਕਈ ਤਰੀਕਿਆਂ ਨਾਲ਼ ਸ਼ੋਸ਼ਣ ਕੀਤਾ ਜਾ ਸਕਦਾ ਹੈ।
- ਉਪਭੋਗਤਾ ਸਰੰਖਣ ਵਪਾਰੀਆਂ ਦੁਆਰਾ ਕੀਤੇ ਜਾ ਰਹੇ ਸ਼ੋਸ਼ਣ ਵਿਰੁੱਧ ਉਪਭੋਗਤਾ ਦੇ ਹਿੱਤਾਂ ਨੂੰ ਬਚਾਉਣ ਦੀ ਪ੍ਰਕਿਰਿਆ ਹੈ।
- ਉਪਭੋਗਤਾ ਜਾਗੂਰਕਤਾ ਉਪਭੋਗਤਾ ਨੂੰ ਉਸਦੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਨੂੰ ਜਾਣੂ ਕਰਵਾਉਂਦਾ ਹੈ।
- ਉਪਭੋਗਤਾ ਦੇ 6 ਅਧਿਕਾਰ ਹਨ।
- ਉਪਭੋਗਤਾ ਦੇ 6 ਕਰਤੱਵ ਹਨ।
- ਉਪਭੋਗਤਾ ਸੁਰੱਖਿਆ ਐਕਟ (ਕੋਪਰਾ), 1986 ਨੂੰ ਭਾਰਤ ਵਿੱਚ ਲਾਗੂ ਕੀਤਾ ਗਿਆ ਸੀ। ਇਸ ਨੂੰ ਉਪਭੋਗਤਾ ਦੀ ਸੁਰੱਖਿਆ ਲਈ ਮੈਗਨਾ ਕਾਰਟਾ ਮੰਨਿਆ ਜਾਂਦਾ ਹੈ। ਕਿਉਂਕਿ ਇਹ ਪੂਰੇ ਭਾਰਤ ਵਿੱਚ ਉਪਭੋਗਤਾਵਾਂ ਨੂੰ ਅਦਾਲਤਾਂ ਅਤੇ ਮੰਚ ਪ੍ਰਦਾਨ ਕਰਦਾ ਹੈ।
- ₹20 ਲੱਖ ਤੱਕ ਦੇ ਉਪਭੋਗਤਾ ਦੇ ਸ਼ੋਸ਼ਣ ਦੇ ਮਾਮਲਿਆਂ ਨੂੰ ਜ਼ਿਲ੍ਹਾ ਪੱਧਰੀ ਉਪਭੋਗਤਾ ਅਦਾਲਤਾਂ ਦੁਆਰਾ ਨਜਿੱਠਿਆ ਜਾਂਦਾ ਹੈ। ₹20 ਲੱਖ ਤੋਂ ₹1 ਕਰੋੜ ਤੱਕ ਰਾਜ ਪੱਧਰੀ ਉਪਭੋਗਤਾ ਅਦਾਲਤਾਂ ਦੁਆਰਾ ਅਤੇ ₹1 ਕਰੋੜ ਤੋਂ ਵੱਧ ਦੇ ਦਾਅਵਿਆਂ ਨੂੰ ਰਾਸ਼ਟਰੀ ਪੱਧਰ ਦੀ ਉਪਭੋਗਤਾ ਅਦਾਲਤ ਦੁਆਰਾ ਨਜਿੱਠਿਆ ਜਾਂਦਾ ਹੈ।
- ਵਿਸ਼ਵ ਉਪਭੋਗਤਾ ਅਧਿਕਾਰ ਦਿਵਸ ਹਰ ਸਾਲ 15 ਮਾਰਚ ਨੂੰ ਮਨਾਇਆ ਜਾਂਦਾ ਹੈ। ਭਾਰਤ 24 ਦਸੰਬਰ ਨੂੰ ਰਾਸ਼ਟਰੀ ਉਪਭੋਗਤਾ ਦਿਵਸ ਵੱਜੋਂ ਮਨਾਉਂਦਾ ਹੈ।



## ਅਭਿਆਸ

### ੳ. ਵਸਤੂਨਿਸ਼ਠ ਪ੍ਰਸ਼ਨ

**1. ਖ਼ਾਲੀ ਥਾਵਾਂ ਭਰੋ—**

(i) ਉਪਭੋਗਤਾ ਨੂੰ ਆਪਣੇ ਆਪ ਨੂੰ ਸ਼ੋਸ਼ਣ ਤੋਂ ਬਚਾਉਣ ਲਈ ................ ਦੀ ਲੋੜ ਹੁੰਦੀ ਹੈ।

(ii) ਕਈ ਵਾਰ ਉਪਭੋਗਤਾ ਨੂੰ ................ ਕਾਰਨ ਐਮ.ਆਰ.ਪੀ. ਤੋਂ ਵੱਧ ਮੁੱਲ ਅਦਾ ਕਰਨਾ ਪੈਂਦਾ ਹੈ।

(iii) ................ ਉਪਭੋਗਤਾ ਦੇ ਹਿੱਤਾਂ ਨੂੰ ਬਚਾਉਣ ਦੀ ਪ੍ਰਕਿਰਿਆ ਹੈ।

(iv) ................ ਇੱਕ ਅਜਿਹਾ ਅਧਿਕਾਰ ਹੈ ਜਿਸ ਵਿੱਚ ਉਪਭੋਗਤਾ ਨੂੰ ਵਸਤੂਆਂ ਅਤੇ ਸੇਵਾਵਾਂ ਦੀ ਗੁਣਵੱਤਾ ਅਤੇ ਕੀਮਤ ਬਾਰੇ ਰਾਏ ਮਿਲਦੀ ਹੈ।

(v) ਇੱਕ ਉਪਭੋਗਤਾ ਦੇ ................ ਅਧਿਕਾਰ ਹਨ।

(vi) ਇੱਕ ਉਪਭੋਗਤਾ ਦੇ ................ ਕਰਤੱਵ ਹਨ।

(vii) ਸੇਵਾ ਦੇ ਅਧਿਕਾਰ ਵਿੱਚ ................ ਸੇਵਾਵਾਂ ਸ਼ਾਮਲ ਹਨ।

(viii) ਵਿਸ਼ਵ ਉਪਭੋਗਤਾ ਦਿਵਸ ............... ਨੂੰ ਮਨਾਇਆ ਜਾਂਦਾ ਹੈ।

2. **ਬਹੁ-ਵਿਕਲਪਿਕ ਚੋਣ—**

(i) ਭਾਰਤ ਵਿੱਚ ਹਰ ਸਾਲ 'ਰਾਸ਼ਟਰੀ ਉਪਭੋਗਤਾ ਦਿਵਸ' ਕਦੋਂ ਮਨਾਇਆ ਜਾਂਦਾ ਹੈ?

| | |
|---|---|
| (ੳ) 15 ਅਗਸਤ | (ਅ) 26 ਜਨਵਰੀ |
| (ੲ) 24 ਦਸੰਬਰ | (ਸ) 15 ਮਾਰਚ |

(ii) 'ਐਗਮਾਰਕ ਲੋਗੋ' ਹੇਠ ਲਿਖਿਆਂ ਵਿੱਚੋਂ ਕਿਸ ਲਈ ਵਰਤਿਆ ਜਾਂਦਾ ਹੈ?

| | |
|---|---|
| (ੳ) ਸੁਰੱਖਿਆ ਉਤਪਾਦਾਂ ਲਈ | (ਅ) ਗਹਿਣਿਆਂ ਲਈ |
| (ੲ) ਖੇਤੀ ਉਤਪਾਦਾਂ ਲਈ | (ਸ) ਡੱਬਾ ਬੰਦ ਭੋਜਨ ਲਈ |

(iii) ਕੋਪਰਾ .................. ਸਾਲ ਵਿੱਚ ਲਾਗੂ ਕੀਤਾ ਗਿਆ ਸੀ।

| | |
|---|---|
| (ੳ) 1986 | (ਅ) 1960 |
| (ੲ) 1947 | (ਸ) 1990 |

(iv) ਰਾਸ਼ਟਰੀ ਪੱਧਰ ਦੀਆਂ ਉਪਭੋਗਤਾ ਅਦਾਲਤਾਂ ਹੇਠ ਲਿਖਿਆਂ ਵਿੱਚੋਂ ਕਿਸ ਰਕਮ ਤੋਂ ਵੱਧ ਦੇ ਦਾਅਵਿਆਂ ਨਾਲ ਨਜਿੱਠਦੀਆਂ ਹਨ?

| | |
|---|---|
| (ੳ) 25 ਲੱਖ | (ਅ) 1 ਕਰੋੜ |
| (ੲ) 50 ਲੱਖ | (ਸ) 5 ਲੱਖ |

3. **ਸਹੀ/ਗਲਤ —**

(i) ਉਪਭੋਗਤਾ ਨੂੰ ਮੁਆਵਜੇ ਲਈ ਅਦਾਲਤ ਵਿੱਚ ਨਹੀਂ ਜਾਣਾ ਚਾਹੀਦਾ ਕਿਉਂਕਿ ਅਦਾਲਤੀ ਪ੍ਰਕਿਰਿਆ ਬਹੁਤ ਔਖੀ ਹੈ। (ਸਹੀ/ਗ਼ਲਤ)

(ii) ਹਾਲਮਾਰਕ ਗਹਿਣਿਆਂ ਦੀ ਮਾਨਕੀਕਰਨ ਦਾ ਸਰਟੀਫਿਕੇਟ ਹੈ। (ਸਹੀ/ਗ਼ਲਤ)

(iii) BIS ਦਾ ਅਰਥ ਬੇਸਿਕ ਇੰਡੀਅਨ ਸਿਸਟਮ ਹੈ। (ਸਹੀ/ਗ਼ਲਤ)

(iv) ਉਪਭੋਗਤਾ ਨੂੰ ਚੋਣ ਕਰਨ ਦਾ ਅਧਿਕਾਰ ਹੈ। (ਸਹੀ/ਗ਼ਲਤ)

4. **ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ।**

**ਇਹਨਾਂ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿੱਤਾ ਜਾਵੇ—**

(i) ਕੋਪਰਾ (COPRA) ਦਾ ਪੂਰਾ ਨਾਂ ਲਿਖੋ?

(ii) ਉਪਭੋਗਤਾ ਤੋਂ ਕੀ ਭਾਵ ਹੈ?

(iii) ਕੀ ਇੱਕ ਉਤਪਾਦਕ ਇੱਕ ਉਪਭੋਗਤਾ ਵੀ ਹੋ ਸਕਦਾ ਹੈ? ਸਮਝਾਉ।

(iv) ਉਪਭੋਗਤਾ ਸੁਰੱਖਿਆ ਐਕਟ ਕਦੋਂ ਬਣਾਇਆ ਗਿਆ ਸੀ?

(v) ਜੇ ਕੁਝ ਜਾਣਕਾਰੀ ਦੀ ਭਾਲ ਲਈ ਤੁਸੀਂ ਕੰਪਿਊਟਰ ਦੀ ਵਰਤੋਂ ਕਰ ਰਹੇ ਹੋਂ, ਤਾਂ ਤੁਸੀਂ ਕਿਸਦਾ ਉਪਭੋਗ ਕਰ ਰਹੇ ਹੋ?

## ਅ. ਛੋਟੇ ਉੱਤਰ ਵਾਲੇ ਪ੍ਰਸ਼ਨ

**ਇਹਨਾਂ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਦਿੱਤਾ ਜਾਵੇ—**

1. ਕੋਪਰਾ (COPRA) ਤੋਂ ਕੀ ਭਾਵ ਹੈ? ਵਿਆਖਿਆ ਕਰੋ।
2. ਕੀ ਸਾਰੇ ਇਸ਼ਤਿਹਾਰ ਭਰੋਸੇਯੋਗ ਹੁੰਦੇ ਹਨ? ਉਦਾਹਰਨ ਸਹਿਤ ਵਿਆਖਿਆ ਕਰੋ।
3. ਉਤਪਾਦ ਦੇ ਉੱਪਰ ਤੁਸੀਂ ਉਤਪਾਦ ਸੰਬੰਧੀ ਕਿਸ ਕਿਸਮ ਦੀ ਸੂਚਨਾ ਦੇਖਣਾ ਚਾਹੁੰਦੇ ਹੋ?
4. ਭਾਰਤ ਵਿੱਚ ਉਪਭੋਗਤਾ ਅਦਾਲਤਾਂ ਦੇ ਤਿੰਨ ਪੱਧਰੀ ਪ੍ਰਬੰਧ ਦੀ ਵਿਆਖਿਆ ਕਰੋ।
5. ਵੱਖ-ਵੱਖ ਉਤਪਾਦਾਂ ਦੇ ਮਾਨਕੀਕਰਣ ਲਈ ਮਹੱਤਵਪੂਰਨ ਲੋਗੋ ਕਿਹੜੇ-ਕਿਹੜੇ ਹਨ?
6. ਉਪਭੋਗਤਾਵਾਂ ਦੇ ਅਧਿਕਾਰਾਂ ਤੇ ਇੱਕ ਨੋਟ ਲਿਖੋ।
7. ਉਪਭੋਗਤਾਵਾਂ ਦੇ ਕਰਤੱਵਾਂ ਤੇ ਇੱਕ ਨੋਟ ਲਿਖੋ।

# 7

# ਵਿੱਤੀ ਜਾਗਰੂਕਤਾ
# (FINANCIAL AWARENESS)



## 7.1 ਭੂਮਿਕਾ (INTRODUCTION)

ਵਰਤਮਾਨ ਸਮੇਂ ਵਿੱਚ ਹਰੇਕ ਵਿਅਕਤੀ ਆਪਣੇ ਕੋਲ਼ ਮੌਜੂਦ ਧਨ ਦੀ ਮਾਤਰਾ ਵਿੱਚ ਵਾਧਾ ਕਰਨਾ ਚਾਹੁੰਦਾ ਹੈ, ਤਾਂ ਕਿ ਉਹ ਇੱਕ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰ ਸਕੇ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਉਹ ਆਪਣੇ ਧਨ ਦਾ ਸਹੀ ਥਾਂ ਤੇ ਅਤੇ ਸਹੀ ਮਾਤਰਾ ਵਿੱਚ ਨਿਵੇਸ਼ ਕਰੇ, ਤਾਂ ਕਿ ਵਰਤਮਾਨ ਸਮੇਂ ਵਿੱਚ ਕੀਤੇ ਗਏ ਇਹ ਨਿਵੇਸ਼ ਭਵਿੱਖ ਵਿੱਚ ਉਸਨੂੰ ਕਈ ਗੁਣਾ ਵੱਧ ਆਮਦਨ ਪ੍ਰਦਾਨ ਕਰਵਾ ਸਕਣ। ਇਸ ਲਈ ਉਸ ਨੂੰ ਵਿੱਤੀ ਜਾਗਰੂਕਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਪਾਠ ਵਿੱਚ ਵਿੱਤੀ ਜਾਗਰੂਕਤਾ ਅਤੇ ਉਸ ਨਾਲ ਸੰਬੰਧਿਤ ਵੱਖ-ਵੱਖ ਧਾਰਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਵਾਈ ਗਈ ਹੈ।

## 7.2 ਵਿੱਤੀ ਜਾਗਰੂਕਤਾ ਦਾ ਅਰਥ (MEANING OF FINANCIAL AWARENESS)

ਵਿੱਤੀ ਜਾਗਰੂਕਤਾ ਤੋਂ ਭਾਵ ਆਪਣੇ ਵਿੱਤੀ ਸਾਧਨਾਂ ਭਾਵ ਧਨ ਦਾ ਸਹੀ ਪ੍ਰਬੰਧ ਕਰਨ ਲਈ ਆਪਣੇ ਗਿਆਨ ਅਤੇ ਕੌਸ਼ਲ ਦੀ ਸਹੀ ਵਰਤੋਂ ਕਰਨਾ ਹੈ। ਵਿੱਤੀ ਜਾਗਰੂਕਤਾ ਇੱਕ ਵਿਅਕਤੀ ਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਇਹ ਫੈਸਲਾ ਲੈ ਸਕੇ ਕਿ ਉਸ ਦੁਆਰਾ ਕਿੰਨਾਂ ਉਪਭੋਗ ਕੀਤਾ ਜਾਵੇਗਾ, ਕਿੰਨੀਂ ਬਚਤ ਕੀਤੀ ਜਾਵੇਗੀ, ਬੱਚਤ ਕੀਤੀ ਗਈ ਰਕਮ ਦਾ ਨਿਵੇਸ਼ ਕਿੱਥੇ ਅਤੇ ਕਿੰਨੀਂ ਮਾਤਰਾ ਵਿੱਚ ਕੀਤਾ ਜਾਵੇਗਾ ਆਦਿ। ਵਿੱਤੀ ਜਾਗਰੂਕਤਾ ਇੱਕ ਵਿਅਕਤੀ ਨੂੰ ਵਿੱਤ ਸੰਬੰਧੀ ਮਾਮਲਿਆਂ ਵਿੱਚ ਆਤਮ-ਨਿਰਭਰ ਬਣਾਉਂਦੀ ਹੈ ਅਤੇ ਉਸ ਨੂੰ ਉਸ ਦੇ ਧਨ ਦੀ ਸਹੀ ਵਰਤੋਂ ਕਰਨਾ ਸਿਖਾਉਂਦੀ ਹੈ।

## 7.3 ਵਿੱਤੀ ਜਾਗਰੂਕਤਾ ਨਾਲ ਸੰਬੰਧਿਤ ਧਾਰਨਾਵਾਂ (CONCEPTS RELATED TO FINANCIAL AWARENESS)

ਵਿੱਤੀ ਜਾਗਰੂਕਤਾ ਵਿੱਚ ਵਿੱਤ ਨਾਲ ਸੰਬੰਧਿਤ ਧਾਰਨਾਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਹਨਾਂ ਵਿੱਚੋਂ ਮੁੱਖ ਧਾਰਨਾਵਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ।

### 7.3.1 ਬੀਮਾ (Insurance)

ਬੀਮੇ ਤੋਂ ਭਾਵ ਉਸ ਸਮਝੌਤੇ ਤੋਂ ਹੈ, ਜਿਸ ਅਨੁਸਾਰ ਬੀਮਾ ਕੰਪਨੀ ਉਸ ਵਿਅਕਤੀ, ਫਰਮ ਜਾਂ ਕੰਪਨੀ ਜਿਸ ਨੇ ਆਪਣਾ ਬੀਮਾ ਕਰਵਾਇਆ ਹੁੰਦਾ ਹੈ, ਨੂੰ ਕਿਸੇ ਤਰ੍ਹਾਂ ਦੇ ਨੁਕਸਾਨ, ਬੀਮਾਰੀ ਜਾਂ ਮੌਤ ਹੋ ਜਾਣ ਤੇ ਇੱਕ ਨਿਸ਼ਚਿਤ ਰਕਮ ਦਾ ਭੁਗਤਾਨ ਕਰਨ ਦਾ ਯਕੀਨ ਪ੍ਰਦਾਨ ਕਰਵਾਉਂਦੀ ਹੈ ਤਾਂ ਕਿ ਉਸ ਵਿਅਕਤੀ, ਫਰਮ ਜਾਂ ਸੰਸਥਾ ਨੂੰ ਇੱਕ ਵਿੱਤੀ ਸੁਰੱਖਿਆ ਪ੍ਰਦਾਨ ਕਰਵਾਈ ਜਾ ਸਕੇ। ਇਸ ਵਿੱਚ ਬੀਮਾਰੀ ਸੰਬੰਧੀ ਬੀਮਾ, ਦੁਰਘਟਨਾ ਸੰਬੰਧੀ ਬੀਮਾ, ਅੱਗ ਲੱਗਣ ਸੰਬੰਧੀ ਬੀਮਾ ਜਾਂ ਚੋਰੀ ਹੋਣ ਸੰਬੰਧੀ ਬੀਮਾ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

#### 7.3.1.1 ਬੀਮੇ ਦੇ ਲਾਭ (Benefits of Insurance)

ਆਮਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਸਾਨੂੰ ਸਾਰਿਆਂ ਨੂੰ ਆਪਣਾ ਬੀਮਾ ਜ਼ਰੂਰ ਕਰਵਾਉਣਾ ਚਾਹੀਦਾ ਹੈ। ਇਸ ਦੇ ਪਿੱਛੇ ਬੀਮੇ ਦੇ ਲਾਭ ਹਨ, ਜਿਹਨਾਂ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ :

1. **ਵਿਅਕਤੀ ਨੂੰ ਲਾਭ (Benefits to an Individual):-** ਬੀਮੇ ਦਾ ਮੁੱਖ ਲਾਭ ਇਹ ਹੈ ਕਿ ਇਹ ਸਾਡੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਅਨਿਸ਼ਚਿਤਤਾਵਾਂ ਨੂੰ ਘੱਟ ਕਰਦਾ ਹੈ। ਮਨੁੱਖੀ ਜੀਵਨ ਦਾ ਕੋਈ ਭਰੋਸਾ ਨਹੀਂ ਹੈ। ਸਾਨੂੰ ਕਦੇ ਵੀ ਕੁਝ ਵੀ ਹੋ ਸਕਦਾ ਹੈ ਭਾਵ ਸਾਨੂੰ ਕਦੇ ਵੀ ਕਿਸੇ ਵੀ ਬੀਮਾਰੀ, ਹਾਦਸੇ ਆਦਿ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਾਂ ਸਾਡੀ ਮੌਤ ਵੀ ਹੋ ਸਕਦੀ ਹੈ। ਇਸ ਹਾਲਤ ਵਿੱਚ ਪਰਿਵਾਰ ਦਾ ਖ਼ਰਚਾ ਬਹੁਤ ਵੱਧ ਜਾਂਦਾ ਹੈ ਅਤੇ ਆਮਦਨ ਦੇ ਸਾਧਨ ਘੱਟ ਜਾਂਦੇ ਹਨ ਜਾਂ ਕਦੇ-ਕਦੇ ਸਾਨੂੰ ਸਾਡੇ ਕੰਮ-ਧੰਦੇ ਵਿੱਚ ਅੱਗ ਲੱਗਣ, ਟੁੱਟ-ਭੱਜ ਹੋਣ ਜਾਂ ਚੋਰੀ ਹੋਣ ਆਦਿ ਕਰਕੇ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਬੀਮਾ ਸਾਡੀ ਇਹਨਾਂ ਸਾਰੀਆਂ ਅਣਸੁਖਾਵੀਆਂ ਹਲਾਤਾਂ ਵਿੱਚ ਮਦਦ ਕਰਦਾ ਹੈ ਅਤੇ ਸਾਨੂੰ ਵਿੱਤੀ ਸੁਰੱਖਿਆ ਪ੍ਰਦਾਨ ਕਰਵਾਉਂਦਾ ਹੈ।
2. **ਸਮਾਜ ਨੂੰ ਲਾਭ (Benefits to Society):-** ਜਦੋਂ ਸਾਨੂੰ ਅਣਸੁਖਾਵੀਆਂ ਹਲਾਤਾਂ ਵਿੱਚ ਬੀਮੇ ਤੋਂ ਮਦਦ ਪ੍ਰਾਪਤ ਹੋ ਜਾਂਦੀ ਹੈ, ਤਾਂ ਇਸ ਨਾਲ਼ ਵਿਅਕਤੀ ਦੀ ਆਮਦਨ ਵਿੱਚ ਕਮੀ ਨਹੀਂ ਆਉਂਦੀ। ਜਿਸ ਨਾਲ਼ ਉਸ ਦੀ ਉਤਪਾਦਕਤਾ ਅਤੇ ਜੀਵਨ ਪੱਧਰ ਵਿੱਚ ਵਾਧਾ ਹੁੰਦਾ ਹੈ ਅਤੇ ਉਹ ਸਮਾਜ ਦੇ ਵਿਕਾਸ ਲਈ ਬਿਹਤਰ ਤਰੀਕੇ ਨਾਲ ਕੰਮ ਕਰ ਸਕਦਾ ਹੈ।
3. **ਅਰਥਵਿਵਸਥਾ ਨੂੰ ਲਾਭ (Benefits to Economy):-** ਸਰਕਾਰ ਨੂੰ ਦੇਸ਼ ਦਾ ਆਰਥਿਕ ਵਿਕਾਸ ਕਰਨ ਲਈ ਧਨ ਦੀ ਲੋੜ ਹੁੰਦੀ ਹੈ। ਇਸ ਲਈ ਜੋ ਵੀ ਲੋਕ ਇਹਨਾਂ ਬੀਮਾ ਕੰਪਨੀਆਂ ਤੋਂ ਆਪਣਾ ਬੀਮਾ ਕਰਵਾਉਂਦੇ ਹਨ, ਉਹਨਾਂ ਨੂੰ ਉਸ ਬੀਮਾ ਕੰਪਨੀ ਨੂੰ ਆਪਣੀ ਬੀਮੇ ਦੀ ਕਿਸ਼ਤ ਭਰਨੀ ਪੈਂਦੀ ਹੈ, ਜਿਸ ਨਾਲ਼ ਇਹਨਾਂ ਕੰਪਨੀਆਂ ਨੂੰ ਆਮਦਨ ਹੁੰਦੀ ਹੈ। ਸਰਕਾਰ ਇਹਨਾਂ ਕੰਪਨੀਆਂ ਤੋਂ ਇਹ ਧਨ ਦੇਸ਼ ਦੇ ਵਿਕਾਸ ਦੇ ਕੰਮਾਂ ਜਿਵੇਂ ਕਿ ਸੜਕ ਨਿਰਮਾਣ, ਪੁੱਲ ਨਿਰਮਾਣ, ਸਕੂਲ ਅਤੇ ਕਾਲਜਾਂ ਦਾ ਨਿਰਮਾਣ, ਸਿਹਤ ਸੁਵਿਧਾਵਾਂ ਪ੍ਰਦਾਨ ਕਰਨ ਆਦਿ ਲਈ ਪ੍ਰਾਪਤ ਕਰਦੀ ਹੈ ਅਤੇ ਇਸ ਧਨ ਦਾ ਨਿਵੇਸ਼ ਕਰਕੇ ਦੇਸ਼ ਦਾ ਤੇਜ਼ੀ ਨਾਲ਼ ਵਿਕਾਸ ਕਰਦੀ ਹੈ।

### 7.3.2 ਸਟਾਕ ਐਕਸਚੇਂਜ ਬਜ਼ਾਰ (Stock Exchange Market)

ਵਰਤਮਾਨ ਸਮੇਂ ਵਿੱਚ ਉਦਯੋਗਾਂ ਅਤੇ ਸੇਵਾ ਖੇਤਰ ਵਿੱਚ ਕੀਤੇ ਜਾਣ ਵਾਲ਼ੇ ਨਿਵੇਸ਼ ਦੀ ਮਾਤਰਾ ਵਿੱਚ ਬਹੁਤ ਵਾਧਾ ਹੋ ਗਿਆ ਹੈ ਅਤੇ ਹੁਣ ਇੱਕ ਵਿਅਕਤੀ ਦੇ ਲਈ ਇਹ ਸੰਭਵ ਨਹੀਂ ਹੈ ਕਿ ਉਹ ਇੰਨੀਂ ਭਾਰੀ ਮਾਤਰਾ ਵਿੱਚ ਨਿਵੇਸ਼ ਕਰ ਸਕੇ। ਇਸ ਦੇ ਨਾਲ਼-ਨਾਲ਼ ਬਜ਼ਾਰ ਵਿੱਚ ਮੁਕਾਬਲੇ ਦੀ ਮਾਤਰਾ ਵਿੱਚ ਵਾਧਾ ਹੋਣ ਕਰਕੇ ਜੋਖਮ ਦੀ ਮਾਤਰਾ ਵਿੱਚ ਵੀ ਵਾਧਾ ਹੋਇਆ ਹੈ। ਇਸ ਲਈ ਕੋਈ ਵੀ ਉੱਦਮੀ ਇੱਕ ਕੰਪਨੀ ਖੋਲ੍ਹਦੇ ਸਮੇਂ ਸਾਰਾ ਜੋਖਮ ਖ਼ੁਦ ਚੁੱਕਣ ਨੂੰ ਤਿਆਰ ਨਹੀਂ ਹੁੰਦਾ। ਇਸ ਲਈ ਉਹ ਆਪਣੀ ਕੰਪਨੀ ਲਈ ਧਨ ਦਾ ਪ੍ਰਬੰਧ ਕਰਨ ਲਈ ਅਤੇ ਆਪਣੇ ਜੋਖਮ ਦੀ ਮਾਤਰਾ ਨੂੰ ਘੱਟ ਕਰਨ ਲਈ, ਆਪਣੀ ਕੰਪਨੀ ਦੇ ਸ਼ੇਅਰ ਭਾਵ ਹਿੱਸੇਦਾਰੀਆਂ ਵੇਚਦਾ ਹੈ ਅਤੇ ਜੋ ਲੋਕ ਉਸ ਕੰਪਨੀ ਦੇ ਸ਼ੇਅਰਾਂ ਦੀ ਖ਼ਰੀਦ ਕਰਦੇ ਹਨ, ਉਹ ਉਸ ਕੰਪਨੀ ਵਿੱਚ ਹਿੱਸੇਦਾਰ ਬਣ ਜਾਂਦੇ ਹਨ ਅਤੇ ਇਸ ਤਰ੍ਹਾਂ ਉੱਦਮੀ ਲਈ ਧਨ ਦਾ ਪ੍ਰਬੰਧ ਹੋ ਜਾਂਦਾ ਹੈ ਅਤੇ ਜੋਖਮ ਦੀ ਮਾਤਰਾ ਇਹਨਾਂ ਸਾਰੇ ਹਿੱਸੇਦਾਰਾਂ ਵਿੱਚ ਵੰਡੀ ਜਾਂਦੀ ਹੈ। ਉਦਾਹਰਨ ਦੇ ਤੌਰ ਤੇ ਜੇਕਰ ਅਮਿਤ ਕੋਲ਼ ਕਿਸੇ ਕੰਪਨੀ ਦੇ 5 ਲੱਖ ਰੁਪਏ ਦੇ ਸ਼ੇਅਰ ਹਨ, ਤਾਂ ਇਸ ਦਾ ਅਰਥ ਹੈ ਕਿ ਅਮਿਤ ਉਸ ਕੰਪਨੀ ਵਿੱਚ 5

ਲੱਖ ਰੁਪਏ ਦਾ ਹਿੱਸੇਦਾਰ ਹੈ। ਜੇਕਰ ਉਹ ਕੰਪਨੀ ਮੁਨਾਫਾ ਕਮਾਉਂਦੀ ਹੈ, ਤਾਂ ਅਮਿਤ ਨੂੰ ਵੀ ਉਸ ਦੇ ਕੰਪਨੀ ਵਿੱਚ ਹਿੱਸੇ ਦੇ ਮੁਤਾਬਿਕ ਮੁਨਾਫ਼ੇ ਦਾ ਇੱਕ ਹਿੱਸਾ ਪ੍ਰਾਪਤ ਹੋ ਜਾਵੇਗਾ ਅਤੇ ਜੇਕਰ ਉਹ ਕੰਪਨੀ ਨੁਕਸਾਨ ਵਿੱਚ ਜਾਂਦੀ ਹੈ, ਤਾਂ ਅਮਿਤ ਨੂੰ ਵੀ ਉਸ ਦੇ ਨੁਕਸਾਨ ਦਾ ਭਾਗੀਦਾਰ ਬਣਨਾ ਹੋਵੇਗਾ।

## ਸਟਾਕ ਐਕਸਚੇਂਜ ਬਜ਼ਾਰ ਦਾ ਅਰਥ (Meaning of Stock Exchange Market)

ਸਟਾਕ ਐਕਸਚੇਂਜ ਬਜ਼ਾਰ ਤੋਂ ਭਾਵ ਇੱਕ ਅਜਿਹੇ ਬਜ਼ਾਰ ਤੋਂ ਹੈ, ਜਿੱਥੇ ਉਹ ਸਾਰੀਆਂ ਕੰਪਨੀਆਂ ਜੋ ਆਪਣੇ ਆਪ ਨੂੰ ਇਸ ਬਜ਼ਾਰ ਵਿੱਚ ਰਜਿਸਟਰਡ ਕਰਵਾ ਲੈਂਦੀਆਂ ਹਨ, ਆਪਣੇ ਸ਼ੇਅਰਾਂ ਨੂੰ ਵੇਚਦੀਆਂ ਹਨ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਇਹ ਉਹ ਬਜਾਰ ਹੈ, ਜਿੱਥੇ ਸ਼ੇਅਰਾਂ ਨੂੰ ਖ਼ਰੀਦਣ ਅਤੇ ਵੇਚਣ ਵਾਲੇ ਆਪਸ ਵਿੱਚ ਮਿਲ਼ਦੇ ਹਨ ਅਤੇ ਸ਼ੇਅਰਾਂ ਦੀ ਖ਼ਰੀਦ-ਵੇਚ ਕਰਦੇ ਹਨ।

### 7.3.2.1 ਸਟਾਕ ਐਕਸਚੇਂਜ ਬਜ਼ਾਰ ਦੀਆਂ ਕਿਸਮਾਂ (Types of Stock Exchange Market)

ਭਾਰਤ ਵਿੱਚ ਕਈ ਤਰ੍ਹਾਂ ਦੇ ਸਟਾਕ ਐਕਸਚੇਂਜ ਬਜ਼ਾਰ ਹਨ। ਪਰ ਇਹਨਾਂ ਸਾਰਿਆਂ ਵਿੱਚੋਂ ਦੋ ਸਟਾਕ ਐਕਸਚੇਂਜ ਬਜ਼ਾਰ ਸਭ ਤੋਂ ਵੱਧ ਮਹੱਤਵਪੂਰਨ ਹਨ। ਇਹਨਾਂ ਦਾ ਵਰਣਨ ਇਸ ਤਰ੍ਹਾਂ ਨਾਲ ਕੀਤਾ ਗਿਆ ਹੈ :

1. **ਬੰਬੇ ਸਟਾਕ ਐਕਸਚੇਂਜ (Bombay Stock Exchange):-** ਇਸ ਦੀ ਸਥਾਪਨਾ ਸਾਲ 1875 ਵਿੱਚ ਮੁੰਬਈ ਵਿੱਚ ਦਲਾਲ ਸਟ੍ਰੀਟ ਵਿਖੇ ਕੀਤੀ ਗਈ ਸੀ। ਇਹ ਦੁਨੀਆਂ ਦੀਆਂ ਸਭ ਤੋਂ ਪੁਰਾਣੀਆਂ ਸਟਾਕ ਐਕਸਚੇਂਜ ਵਿੱਚੋਂ ਇੱਕ ਹੈ ਅਤੇ ਵਰਤਮਾਨ ਵਿੱਚ ਇਹ ਦੁਨੀਆਂ ਦੀ 10ਵੀਂ ਸਭ ਤੋਂ ਵੱਡੀ ਸਟਾਕ ਐਕਸਚੇਂਜ ਹੈ। ਇਸ ਦੇ ਪ੍ਰਦਰਸ਼ਨ ਨੂੰ **SENSEX** ਦੁਆਰਾ ਮਾਪਿਆ ਜਾਂਦਾ ਹੈ।

## SENSEX

Sensex ਦਾ ਪੂਰਾ ਨਾਂ 'Stock Exchange Sensitive Index' ਹੈ। ਇਸ ਦੀ ਵਰਤੋਂ ਬੰਬੇ ਸਟਾਕ ਐਕਸਚੇਂਜ ਵਿੱਚ ਆਉਣ ਵਾਲ਼ੇ ਉਤਾਰ-ਚੜ੍ਹਾਅ ਦਾ ਪਤਾ ਕਰਨ ਲਈ ਕੀਤੀ ਜਾਂਦੀ ਹੈ। ਤੁਸੀਂ ਆਮਤੌਰ ਤੇ ਸੁਣਿਆ ਹੋਵੇਗਾ ਕਿ ਅੱਜ ਬੰਬੇ ਸਟਾਕ ਐਕਸਚੇਂਜ ਬਜ਼ਾਰ ਉੱਪਰ ਗਿਆ ਹੈ ਜਾਂ ਹੇਠਾਂ ਆ ਗਿਆ ਹੈ। ਇਸ ਦਾ ਪਤਾ Sensex ਦੇ ਮੁੱਲ ਦੁਆਰਾ ਲਗਾਇਆ ਜਾਂਦਾ ਹੈ। ਜੇਕਰ ਇਸ ਦਾ ਮੁੱਲ ਵੱਧਦਾ ਹੈ, ਤਾਂ ਬੰਬੇ ਸਟਾਕ ਐਕਸਚੇਂਜ ਬਜ਼ਾਰ ਉੱਪਰ ਜਾਂਦਾ ਹੈ ਅਤੇ ਜੇਕਰ ਇਸ ਦਾ ਮੁੱਲ ਘੱਟਦਾ ਹੈ, ਤਾਂ ਬੰਬੇ ਸਟਾਕ ਐਕਸਚੇਂਜ ਬਜ਼ਾਰ ਹੇਠਾਂ ਆਉਂਦਾ ਹੈ। ਇਸ ਦੇ ਮੁੱਲ ਦਾ ਵੱਧਣਾ, ਸ਼ੇਅਰਾਂ ਦੀ ਕੀਮਤ ਵਿੱਚ ਹੋਣ ਵਾਲ਼ੇ ਵਾਧੇ ਨੂੰ ਦਰਸਾਉਂਦਾ ਹੈ, ਜੋ ਕਿ ਸ਼ੇਅਰਾਂ ਨੂੰ ਖ਼ਰੀਦ ਕਰਨ ਵਾਲੇ ਲੋਕਾਂ ਨੂੰ ਲਾਭ ਪ੍ਰਦਾਨ ਕਰਵਾਉਂਦਾ ਹੈ ਅਤੇ ਇਸ ਦੇ ਮੁੱਲ ਦਾ ਘੱਟ ਹੋਣਾ, ਸ਼ੇਅਰਾਂ ਦੀ ਕੀਮਤ ਵਿੱਚ ਵਾਧਾ ਹੋਣ ਵਾਲ਼ੀ ਕਮੀ ਨੂੰ ਦਰਸਾਉਂਦਾ ਹੈ, ਜਿਸ ਨਾਲ ਸ਼ੇਅਰ ਖ਼ਰੀਦ ਕਰਨ ਵਾਲ਼ੇ ਲੋਕਾਂ ਨੂੰ ਨੁਕਸਾਨ ਹੁੰਦਾ ਹੈ।

2. **ਰਾਸ਼ਟਰੀ ਸਟਾਕ ਐਕਸਚੇਂਜ (National Stock Exchange):** ਇਸ ਦੀ ਸਥਾਪਨਾ 1992 ਵਿੱਚ ਮੁੰਬਈ ਵਿੱਚ ਕੀਤੀ ਗਈ ਸੀ। ਇਸ ਸਮੇਂ ਇਹ ਦੁਨੀਆਂ ਦੀ 12ਵੀਂ ਸਭ ਤੋਂ ਵੱਜੀ ਸਟਾਕ ਐਕਸਚੇਂਜ ਹੈ। ਇਸ ਦੇ ਪ੍ਰਦਰਸ਼ਨ ਨੂੰ **NIFTI** ਦੁਆਰਾ ਮਾਪਿਆ ਜਾਂਦਾ ਹੈ।

## NIFTI

NIFTI ਦਾ ਪੂਰਾ ਨਾਂ 'National Stock Exchange Fifty' ਹੈ। ਇਸ ਦੀ ਵਰਤੋਂ ਰਾਸ਼ਟਰੀ ਸਟਾਕ ਐਕਸਚੇਂਜ ਵਿੱਚ ਆਉਣ ਵਾਲ਼ੇ ਉਤਾਰ-ਚੜ੍ਹਾਅ ਦਾ ਪਤਾ ਕਰਨ ਲਈ ਕੀਤੀ ਜਾਂਦੀ ਹੈ। ਜੇਕਰ ਇਸ ਦਾ ਮੁੱਲ ਵੱਧਦਾ ਹੈ, ਤਾਂ ਰਾਸ਼ਟਰੀ ਸਟਾਕ ਐਕਸਚੇਂਜ ਬਜ਼ਾਰ ਉੱਪਰ ਜਾਂਦਾ ਹੈ ਅਤੇ ਜੇਕਰ ਇਸ ਦਾ ਮੁੱਲ ਘੱਟਦਾ ਹੈ, ਤਾਂ ਰਾਸ਼ਟਰੀ ਸਟਾਕ ਐਕਸਚੇਂਜ ਬਜ਼ਾਰ ਹੇਠਾਂ ਆਉਂਦਾ ਹੈ।

### 7.3.2.2 ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼ ਕਰਨ ਤੋਂ ਪਹਿਲਾਂ ਜਾਣਨ ਯੋਗ ਗੱਲਾਂ

ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼ ਕਰਦੇ ਸਮੇਂ ਜੋਖਮ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਅਤੇ ਕਈ ਵਾਰ ਇਸ ਵਿੱਚ ਨੁਕਸਾਨ ਵੀ ਹੋ ਜਾਂਦਾ ਹੈ। ਇਸ ਲਈ ਜੇਕਰ ਕੋਈ ਨਿਵੇਸ਼ਕਰਤਾ ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼

ਕਰਨਾ ਚਾਹੁੰਦਾ ਹੈ, ਤਾਂ ਉਸ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਣਾ ਜ਼ਰੂਰੀ ਹੈ :

1. ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼, ਵੱਖ-ਵੱਖ ਤਰ੍ਹਾਂ ਦੇ ਨਿਵੇਸ਼ ਵਿੱਚੋਂ ਇੱਕ ਤਰ੍ਹਾਂ ਦਾ ਨਿਵੇਸ਼ ਹੈ। ਇਹ ਕੋਈ ਇਕਲੌਤਾ ਸਾਧਨ ਨਹੀਂ ਹੈ, ਜਿਸ ਵਿੱਚ ਤੁਸੀਂ ਆਪਣਾ ਧਨ ਲਗਾ ਸਕਦੇ ਹੋ। ਇਸ ਤੋਂ ਇਲਾਵਾ ਅਸੀਂ ਆਪਣੇ ਧਨ ਦਾ ਨਿਵੇਸ਼ ਬੈਂਕ ਜਮਾਂ, ਜ਼ਮੀਨ-ਜਾਇਦਾਦ ਖ਼ਰੀਦਣ, ਸੋਨਾ ਖ਼ਰੀਦਣ ਆਦਿ ਵਿੱਚ ਵੀ ਕਰ ਸਕਦੇ ਹਾਂ।
2. ਜਦੋਂ ਅਸੀਂ ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼ ਕਰਦੇ ਹਾਂ, ਤਾਂ ਸਾਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਕਦੇ ਵੀ ਸਾਡੇ ਦੁਆਰਾ ਕੀਤੀ ਗਈ ਸ਼ੇਅਰਾਂ ਦੀ ਖ਼ਰੀਦ ਜੋਖਮ ਤੋਂ ਬਿਨਾਂ ਨਹੀਂ ਹੋਵੇਗੀ। ਇਸ ਬਜ਼ਾਰ ਵਿੱਚ ਜਿੱਥੇ ਸ਼ੇਅਰਾਂ ਦੀਆਂ ਕੀਮਤਾਂ ਉੱਪਰ ਜਾਣ ਨਾਲ਼ ਲਾਭ ਹੁੰਦਾ ਹੈ, ਉੱਥੇ ਸ਼ੇਅਰਾਂ ਦੀਆਂ ਕੀਮਤਾਂ ਘੱਟ ਹੋਣ ਨਾਲ਼ ਨੁਕਸਾਨ ਦਾ ਅੰਦੇਸ਼ਾ ਵੀ ਬਣਿਆ ਰਹਿੰਦਾ ਹੈ।
3. ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼ ਕਰਨ ਤੋਂ ਪਹਿਲਾਂ ਤੁਹਾਨੂੰ ਇੱਕ ਵਿਚੋਲਾ ਫ਼ਰਮ ਦੁਆਰਾ ਆਪਣਾ ਇੱਕ ਖਾਤਾ ਖੁਲ੍ਹਵਾਉਣ ਦੀ ਲੋੜ ਹੁੰਦੀ ਹੈ। ਵਿਚੋਲਾ ਫ਼ਰਮ ਉਹ ਫ਼ਰਮ ਹੁੰਦੀ ਹੈ, ਜੋ ਤੁਹਾਡੇ ਤੋਂ ਨਿਰਦੇਸ਼ ਪ੍ਰਾਪਤ ਕਰਕੇ ਸਟਾਕ ਐਕਸਚੇਂਜ ਬਜ਼ਾਰ ਵਿੱਚ ਤੁਹਾਡੇ ਲਈ ਸ਼ੇਅਰਾਂ ਦੀ ਖ਼ਰੀਦ-ਵੇਚ ਕਰਦੀ ਹੈ। ਇਸ ਫ਼ਰਮ ਵਿੱਚ ਤੁਹਾਨੂੰ ਕੁੱਝ ਧਨ ਜਮਾਂ ਕਰਵਾਉਣਾ ਪੈਂਦਾ ਹੈ ਅਤੇ ਇਸ ਧਨ ਨਾਲ਼ ਉਹ ਤੁਹਾਡੇ ਲਈ ਸ਼ੇਅਰਾਂ ਦੀ ਖ਼ਰੀਦ-ਵੇਚ ਕਰਦੀ ਹੈ ਅਤੇ ਇਸ ਦੇ ਬਦਲੇ ਵਿੱਚ ਤੁਹਾਨੂੰ ਉਸ ਫ਼ਰਮ ਨੂੰ ਉਸ ਦੀ ਫ਼ੀਸ ਭਾਵ ਕਮੀਸ਼ਨ (ਦਲਾਲੀ) ਦਾ ਭੁਗਤਾਨ ਕਰਨਾ ਪੈਂਦਾ ਹੈ।
4. ਕਦੇ ਵੀ ਕਿਸੇ ਵੀ ਇੱਕ ਕੰਪਨੀ ਦੇ ਸ਼ੇਅਰਾਂ ਵਿੱਚ ਨਿਵੇਸ਼ ਨਹੀਂ ਕਰਨਾ ਚਾਹੀਦਾ ਕਿਉਂਕਿ ਜੇਕਰ ਉਹ ਕੰਪਨੀ ਘਾਟੇ ਵਿੱਚ ਚਲੀ ਗਈ ਤਾਂ ਤੁਹਾਡੇ ਸਾਰੇ ਪੈਸੇ ਡੁੱਬ ਜਾਣਗੇ। ਇਸ ਲਈ ਕਈ ਕੰਪਨੀਆਂ ਦੇ ਸ਼ੇਅਰਾਂ ਵਿੱਚ ਥੋੜ੍ਹਾ-ਥੋੜ੍ਹਾ ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ, ਤਾਂ ਕਿ ਜੇਕਰ ਇੱਕ ਕੰਪਨੀ ਤੋਂ ਨੁਕਸਾਨ ਹੋਵੇ, ਤਾਂ ਦੂਜੀ ਕੰਪਨੀ ਤੋਂ ਮੁਨਾਫ਼ਾ ਪ੍ਰਾਪਤ ਕੀਤਾ ਜਾ ਸਕੇ ਕਿਉਂਕਿ ਕਦੇ ਵੀ ਸਾਰੀਆਂ ਕੰਪਨੀਆਂ ਦੇ ਸ਼ੇਅਰ ਨਾ ਤਾਂ ਇਕੱਠੇ ਨੁਕਸਾਨ ਵਿੱਚ ਜਾਂਦੇ ਹਨ ਅਤੇ ਨਾ ਹੀ ਇਕੱਠੇ ਲਾਭ ਵਿੱਚ।

### 7.3.2.3 ਸਟਾਕ ਐਕਸਚੇਂਜ ਬਜ਼ਾਰ ਦੀ ਮਹੱਤਤਾ

ਵਰਤਮਾਨ ਸਮੇਂ ਵਿੱਚ ਸਟਾਕ ਐਕਸਚੇਂਜ ਬਜ਼ਾਰ ਦਾ ਮਹੱਤਵ ਬਹੁਤ ਜ਼ਿਆਦਾ ਵੱਧ ਗਿਆ ਹੈ। ਇਸ ਦੇ ਮਹੱਤਵ ਦਾ ਵਰਣਨ ਇਸ ਤਰ੍ਹਾਂ ਨਾਲ਼ ਕੀਤਾ ਗਿਆ ਹੈ :

1. ਇਹ ਵੱਖ-ਵੱਖ ਕੰਪਨੀਆਂ ਨੂੰ ਆਪਣੀ ਉਤਪਾਦਨ ਸ਼ਕਤੀ ਦਾ ਵਿਸਥਾਰ ਕਰਨ ਲਈ ਧਨ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਇਸ ਬਜ਼ਾਰ ਵਿੱਚ ਕੰਪਨੀਆਂ ਆਪਣੇ ਸ਼ੇਅਰ ਜਾਰੀ ਕਰਦੀਆਂ ਹਨ ਅਤੇ ਵੱਖ-ਵੱਖ ਨਿਵੇਸ਼ਕਰਤਾ, ਜੋ ਇਹਨਾਂ ਕੰਪਨੀਆਂ ਦੇ ਸ਼ੇਅਰਾਂ ਵਿੱਚ ਰੁਚੀ ਰੱਖਦੇ ਹਨ, ਇਹਨਾਂ ਸ਼ੇਅਰਾਂ ਦੀ ਖ਼ਰੀਦ ਕਰਦੇ ਹਨ ਅਤੇ ਇਸ ਨਾਲ ਕੰਪਨੀ ਨੂੰ ਧਨ ਦੀ ਪ੍ਰਾਪਤੀ ਹੁੰਦੀ ਹੈ, ਜਿਸ ਦੀ ਵਰਤੋਂ ਨਵੀਆਂ ਫੈਕਟਰੀਆਂ ਖੋਲ੍ਹਣ, ਨਵੀਆਂ ਮਸ਼ੀਨਾਂ ਲਗਾਉਣ, ਨਵੇਂ ਮਜ਼ਦੂਰਾਂ ਨੂੰ ਕੰਮ ਤੇ ਰੱਖਣ ਆਦਿ ਲਈ ਕੀਤੀ ਜਾ ਸਕਦੀ ਹੈ।
2. ਇਹ ਬਜ਼ਾਰ ਇੱਕ ਆਮ ਆਦਮੀ ਨੂੰ ਵੀ, ਜਿਸ ਕੋਲ਼ ਵੱਧ ਮਾਤਰਾ ਵਿੱਚ ਧਨ ਮੌਜੂਦ ਨਹੀਂ ਹੈ, ਆਪਣੇ ਧਨ ਦਾ ਨਿਵੇਸ਼ ਕਰਨ ਦੀ ਸੁਵਿਧਾ ਪ੍ਰਦਾਨ ਕਰਵਾਉਂਦਾ ਹੈ। ਇਸ ਬਜ਼ਾਰ ਵਿੱਚ ਛੋਟੇ ਨਿਵੇਸ਼ਕਰਤਾ ਆਪਣੇ ਕੋਲ਼ ਮੌਜੂਦ ਧਨ ਦੇ ਮੁਤਾਬਕ ਆਪਣੇ ਪਸੰਦ ਦੀਆਂ ਕੰਪਨੀਆਂ ਦੇ ਸ਼ੇਅਰਾਂ ਦੀ ਖ਼ਰੀਦ ਕਰ ਸਕਦੇ ਹਨ ਅਤੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ। ਇਸ ਨਾਲ਼ ਨਿਵੇਸ਼ ਕਰਨ ਵਾਲ਼ੇ ਲੋਕਾਂ ਦੀ ਗਿਣਤੀ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਅਰਥਵਿਵਸਥਾ ਦੇ ਤੇਜ਼ ਵਿਕਾਸ ਵਿੱਚ ਮਦਦ ਪ੍ਰਾਪਤ ਹੁੰਦੀ ਹੈ।
3. ਸਟਾਕ ਐਕਸਚੇਂਜ ਬਜ਼ਾਰ ਲੋਕਾਂ ਕੋਲ਼ ਮੌਜੂਦ ਬੱਚਤ ਨੂੰ ਨਿਵੇਸ਼ ਵਿੱਚ ਬਦਲਣ ਵਿੱਚ ਮਦਦ ਕਰਦਾ ਹੈ। ਇਸ ਨਾਲ਼ ਪੂੰਜੀ ਦੀ ਗਤੀਸ਼ੀਲਤਾ ਵਿੱਚ ਵਾਧਾ ਹੁੰਦਾ ਹੈ ਕਿਉਂਕਿ ਜੋ ਪੂੰਜੀ ਲੋਕਾਂ ਕੋਲ਼ ਘਰ ਵਿੱਚ ਬੇਕਾਰ ਪਈ ਹੁੰਦੀ ਹੈ, ਉਸ ਦਾ ਨਿਵੇਸ਼ ਹੋਣ ਨਾਲ਼ ਉਹ ਦੇਸ਼ ਦੇ ਵਿਕਾਸ ਦੇ ਕੰਮ ਆਉਣਾ ਸ਼ੁਰੂ ਹੋ ਜਾਂਦੀ ਹੈ।

4. ਸਟਾਕ ਐਕਸਚੇਂਜ ਬਜ਼ਾਰ ਕਿਸੇ ਅਰਥਵਿਵਸਥਾ ਦੇ ਆਰਥਿਕ ਵਿਕਾਸ ਦੇ ਸੂਚਕ ਦੇ ਤੌਰ ਤੇ ਕੰਮ ਕਰਦਾ ਹੈ। ਜੇਕਰ ਇਹ ਬਜ਼ਾਰ ਉੱਪਰ ਵੱਲ ਜਾ ਰਿਹਾ ਹੈ, ਤਾਂ ਇਸਨੂੰ ਉਸ ਦੇਸ਼ ਦੇ ਆਰਥਿਕ ਵਿਕਾਸ ਦੀ ਤੇਜ਼ ਦਰ ਦੇ ਰੂਪ ਵਿੱਚ ਵੇਖਿਆ ਜਾਂਦਾ ਹੈ ਅਤੇ ਜੇਕਰ ਇਹ ਬਜ਼ਾਰ ਹੇਠਾਂ ਜਾ ਰਿਹਾ ਹੈ, ਤਾਂ ਇਸ ਨਾਲ਼ ਉਸ ਦੇਸ਼ ਦੇ ਆਰਥਿਕ ਵਿਕਾਸ ਦੀ ਦਰ ਘੱਟ ਹੋ ਜਾਂਦੀ ਹੈ।

## ਸਾਰ

- ਵਿੱਤੀ ਜਾਗਰੂਕਤਾ ਤੋਂ ਭਾਵ ਆਪਣੇ ਵਿੱਤੀ ਸਾਧਨਾਂ ਭਾਵ ਧਨ ਦਾ ਸਹੀ ਪ੍ਰਬੰਧ ਕਰਨ ਲਈ ਆਪਣੇ ਗਿਆਨ ਅਤੇ ਕੋਸ਼ਲ ਦੀ ਸਹੀ ਵਰਤੋਂ ਕਰਨਾ ਹੈ।
- ਬੀਮੇ ਤੋਂ ਭਾਵ ਉਸ ਸਮਝੌਤੇ ਤੋਂ ਹੈ ਜੋ ਕਿ ਬੀਮਾ ਕੰਪਨੀ ਅਤੇ ਬੀਮਾ ਲੈਣ ਵਾਲ਼ੇ ਵਿਅਕਤੀ ਵਿਚਾਲੇ ਹੁੰਦਾ ਹੈ, ਜਿਸ ਵਿੱਚ ਬੀਮਾ ਕੰਪਨੀ ਵਿਅਕਤੀ ਨੂੰ ਹੋਣ ਵਾਲ਼ੇ ਵੱਖ-ਵੱਖ ਤਰ੍ਹਾਂ ਦੇ ਨੁਕਸਾਨ ਦੀ ਭਰਪਾਈ ਕਰਨ ਦਾ ਭਰੋਸਾ ਦਿੰਦੀ ਹੈ।
- ਸਟਾਕ ਐਕਸਚੇਂਜ ਬਜ਼ਾਰ ਤੋਂ ਭਾਵ ਉਸ ਬਜ਼ਾਰ ਤੋਂ ਹੈ, ਜਿਸ ਵਿੱਚ ਸ਼ੇਅਰਾਂ ਦੀ ਖ਼ਰੀਦ-ਵੇਚ ਕੀਤੀ ਜਾਂਦੀ ਹੈ। ਭਾਰਤ ਦੇ ਮੁੱਖ ਸਟਾਕ ਐਕਸਚੇਂਜ ਬਜ਼ਾਰ, ਬੰਬੇ ਸਟਾਕ ਐਕਸਚੇਂਜ ਬਜ਼ਾਰ ਅਤੇ ਰਾਸ਼ਟਰੀ ਸਟਾਕ ਐਕਸਚੇਂਜ ਬਜ਼ਾਰ ਹਨ।
- ਬੰਬੇ ਸਟਾਕ ਐਕਸਚੇਂਜ ਬਜ਼ਾਰ ਦੇ ਉਤਾਰ-ਚੜ੍ਹਾਅ ਨੂੰ SENSEX ਅਤੇ ਰਾਸ਼ਟਰੀ ਸਟਾਕ ਐਕਸਚੇਂਜ ਬਜ਼ਾਰ ਦੇ ਉਤਾਰ-ਚੜ੍ਹਾਅ ਨੂੰ NIFTI ਦੁਆਰਾ ਮਾਪਿਆ ਜਾਂਦਾ ਹੈ।

## ਅਭਿਆਸ

### ੳ. ਵਸਤੂਨਿਸ਼ਠ ਪ੍ਰਸ਼ਨ

1. ਖ਼ਾਲੀ ਥਾਵਾਂ ਭਰੋ—

(i) ਬੀਮੇ ਤੋਂ ਭਾਵ ਇੱਕ ................ ਤੋਂ ਹੈ।

(ii) ਰਾਸ਼ਟਰੀ ਸਟਾਕ ਐਕਸਚੈਂਜ ਬਜ਼ਾਰ ................ ਸ਼ਹਿਰ ਵਿੱਚ ਸਥਿਤ ਹੈ।

(iii) ਬੰਬੇ ਸਟਾਕ ਐਕਸਚੈਂਜ ਬਜ਼ਾਰ ਦੇ ਉਤਾਰ-ਚੜ੍ਹਾਅ ਦਾ ਮਾਪ ............... ਦੁਆਰਾ ਕੀਤਾ ਜਾਂਦਾ ਹੈ।

2. ਬਹੁ-ਵਿਕਲਪਿਕ ਚੋਣ—

(i) ਹੇਠਾਂ ਵਿੱਚੋਂ ਕਿਹੜਾ ਬੀਮੇ ਦਾ ਇੱਕ ਲਾਭ ਹੈ?

(ੳ) ਇਹ ਜੋਖਮ ਦੇ ਸਮੇਂ ਸੁਰੱਖਿਆ ਪ੍ਰਦਾਨ ਕਰਦਾ ਹੈ

(ਅ) ਇਹ ਸ਼ੇਅਰਾਂ ਦੀ ਖ਼ਰੀਦ-ਵੇਚ ਵਿੱਚ ਮਦਦ ਕਰਦਾ ਹੈ।

(ੲ) ਇਸ ਤੋਂ ਵਿਅਕਤੀ ਜਦੋਂ ਚਾਹੇ ਧਨ ਪ੍ਰਾਪਤ ਕਰ ਸਕਦਾ ਹੈ

(ਸ) ਇਸ ਨਾਲ਼ ਵਿਅਕਤੀ ਕੋਲ਼ ਧਨ ਦੀ ਕਮੀ ਨਹੀਂ ਰਹਿੰਦੀ।

(ii) ਹੇਠਾਂ ਵਿੱਚੋਂ ਕਿਹੜਾ ਸਟਾਕ ਐਕਸਚੈਂਜ ਬਜ਼ਾਰ ਦੇ ਮਹੱਤਵ ਨੂੰ ਦਰਸਾਉਂਦਾ ਹੈ?

(ੳ) ਇਸ ਨਾਲ਼ ਕੰਪਨੀਆਂ ਨੂੰ ਵਿਕਾਸ ਕਰਨ ਲਈ ਧਨ ਪ੍ਰਾਪਤ ਹੁੰਦਾ ਹੈ

(ਅ) ਇਸ ਨਾਲ਼ ਆਰਥਿਕ ਕਿਰਿਆਵਾਂ ਦੇ ਪੱਧਰ ਵਿੱਚ ਵਾਧਾ ਹੁੰਦਾ ਹੈ

(ੲ) ਇਸ ਨਾਲ਼ ਦੇਸ਼ ਦੀ ਉਤਪਾਦਨ ਸ਼ਕਤੀ ਦਾ ਵਿਕਾਸ ਹੁੰਦਾ ਹੈ

(ਸ) ਉਪਰੋਕਤ ਸਾਰੇ

(iii) ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼ ਕਰਨ ਤੋਂ ਪਹਿਲਾਂ ਹੇਠਾਂ ਵਿੱਚੋਂ ਕਿਹੜੀ ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ?

(ੳ) ਸਾਰਾ ਧਨ ਇੱਕ ਹੀ ਕੰਪਨੀ ਵਿੱਚ ਨਾ ਲਗਾਇਆ ਜਾਵੇ

(ਅ) ਵਿਚੋਲਾ ਕੰਪਨੀ ਦੀ ਮਦਦ ਪ੍ਰਾਪਤ ਕੀਤੀ ਜਾਵੇ

(ੲ) ਜੋਖਮ ਦੀ ਦਰ ਦਾ ਅਨੁਮਾਨ ਪਹਿਲਾਂ ਹੀ ਲਗਾ ਲਿਆ ਜਾਵੇ

(ਸ) ਉਪਰੋਕਤ ਸਾਰੇ

3. ਸਹੀ/ਗਲਤ —

(i) ਬੰਬੇ ਸਟਾਕ ਐਕਸਚੇਂਜ ਦੀ ਸਥਾਪਨਾ ਨਾਲ 1975 ਵਿੱਚ ਹੋਈ ਸੀ। (ਸਹੀ/ਗ਼ਲਤ)

(ii) ਰਾਸ਼ਟਰੀ ਸਟਾਕ ਐਕਸਚੇਂਜ ਦੁਨੀਆ ਦੀ 12ਵੀਂ ਸਭ ਤੋਂ ਵੱਡੀ ਸਟਾਕ ਐਕਸਚੇਂਜ ਹੈ। (ਸਹੀ/ਗ਼ਲਤ)

(iii) ਸਟਾਕ ਐਕਸਚੇਂਜ ਬਜ਼ਾਰ ਵਿੱਚ ਸਿਰਫ਼ ਵੱਡੇ ਨਿਵੇਸ਼ਕਰਤਾ ਹੀ ਨਿਵੇਸ਼ ਕਰ ਸਕਦੇ ਹਨ। (ਸਹੀ/ਗ਼ਲਤ)

4. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ।

**ਇਹਨਾਂ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿੱਤਾ ਜਾਵੇ—**

(i) ਵਿੱਤੀ ਜਾਗਰੂਕਤਾ ਤੋਂ ਕੀ ਭਾਵ ਹੈ ?

(ii) ਬੀਮੇ ਤੋਂ ਕੀ ਭਾਵ ਹੈ ?

(iii) ਸਟਾਕ ਐਕਸਚੇਂਜ ਬਜ਼ਾਰ ਤੋਂ ਕੀ ਭਾਵ ਹੈ ?

(iv) ਭਾਰਤ ਦੇ ਦੋ ਮੁੱਖ ਸਟਾਕ ਐਕਸਚੇਂਜ ਬਜ਼ਾਰਾਂ ਦੇ ਨਾਂ ਲਿਖੋ।

(v) SENSEX ਦਾ ਪੂਰਾ ਨਾਂ ਲਿਖੋ।

(vi) NIFTI ਦਾ ਪੂਰਾ ਨਾਂ ਲਿਖੋ।

## ਅ. ਛੋਟੇ ਉੱਤਰ ਵਾਲੇ ਪ੍ਰਸ਼ਨ

ਇਹਨਾਂ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਦਿੱਤਾ ਜਾਵੇ—

1. ਬੀਮੇ ਦੇ ਲਾਭ ਦਾ ਵਰਣਨ ਆਪਣੇ ਸ਼ਬਦਾਂ ਵਿੱਚ ਕਰੋ।
2. ਭਾਰਤ ਵਿੱਚ ਸਟਾਕ ਐਕਸਚੇਂਜ ਬਜ਼ਾਰ ਦੀਆਂ ਦੋ ਮੁੱਖ ਕਿਸਮਾਂ ਦੀ ਵਿਆਖਿਆ ਕਰੋ।
3. ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼ ਕਰਨ ਲਈ ਕਿਹੜੀਆਂ ਗੱਲਾਂ ਨੂੰ ਜਾਣਨਾ ਜ਼ਰੂਰੀ ਹੈ ?
4. ਸਟਾਕ ਐਕਸਚੇਂਜ ਬਜ਼ਾਰ ਦੇ ਮਹੱਤਵ ਦਾ ਵਰਣਨ ਕਰੋ।

